੧ ਓ ਸਤਿਗੁਰ ਪ੍ਰਸਾਦਿ ॥

# ਬੰਦੀ-ਛੋੜ

## [ਜੀਵਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ]

ਪ੍ਰਿੰਸੀਪਲ ਗੰਗਾ ਸਿੰਘ,
ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

ਲਾਹੌਰ
**ਸਿਖ ਪਬਲਿਸ਼ਿੰਗ ਹਾਊਸ**
੫੪, ਮੈਕਲੋਡ ਰੋਡ

# ਤ···ਤ···ਕ···ਰ···ਾ


| | |
|---|---|
| ਸਾਧ ਬਚਨ | ੯ |
| ਪ੍ਰਕਾਸ਼ | ੧੭ |
| ਨਿਰਾਰਥ ਵੈਰ | ੨੧ |
| ਵਿਆਹ | ੩੭ |
| ਸ੍ਰੀ ਅਕਾਲ ਤਖ਼ਤ ਸਾਹਿਬ | ੫੩ |
| ਹੋਰ ਤਿਆਰੀ | ੫੬ |
| ਦਿੱਲੀ ਗਮਨ | ੬੨ |
| ਦਿੱਲੀ ਤੇ ਮੋਹਰਾਂ | ੬੪ |
| ਜਹਾਂਗੀਰ ਨਾਲ ਮੁਲਾਕਾਤ | ੬੭ |
| ਘਾਈ ਦਾ ਨਿਆਂ | ੭੧ |
| ਬੰਦੀ-ਛੋੜ ਕੈਦੀ | ੭੯ |
| ਦਿੱਲੀ ਵਾਪਸ | ੯੦ |
| ਫਿਰ ਅੰਮ੍ਰਿਤਸਰ | ੯੪ |
| ਬੀਤੀ ਦਾ ਫਲ | ੧੦੦ |
| ਕੌਲਸਰ | ੧੦੩ |
| ਪ੍ਰੇਮ ਖਿੱਚਾਂ | ੧੧੦ |
| ਤਾਂਘ ਦੀ ਤਾਰ | ੧੧੮ |
| ਸੇਵਕ ਨੂੰ ਮਾਨ | ੧੨੨ |
| ਲਾਲ ਦੀ ਪਰਖ | ੧੩੨ |
| ਬਕਾਲੇ | ੧੩੫ |
| ਗੁਰੂ ਤੇਗ਼ ਬਹਾਦਰ ਪ੍ਰਕਾਸ਼ | ੧੩੭ |
| ਧਰਮ ਯੁਧ | ੧੪੧ |
| ਸ਼ਹੀਦਾਂ ਦਾ ਸਸਕਾਰ | ੧੫੯ |
| ਮਾਣਕ ਚੌਕ ਝਬਾਲ | ੧੬੧ |
| ਗੋਇੰਦਵਾਲ ਗਮਨ | ੧੬੨ |
| ਕਰਤਾਰਪੁਰ ਵਾਸ | ੧੬੪ |

| | |
|---|---|
| ਦੂਸਰਾ ਯੁੱਧ | ੧੬੮ |
| ਜਪੁਜੀ ਪਾਠ | ੧੮੩ |
| ਜਾਨੀ ਨੂੰ ਜਾਨੀ | ੧੮੫ |
| ਰਮਦਾਸ ਗਮਨ | ੧੮੮ |
| ਸ੍ਰੀ ਅੰਮ੍ਰਿਤਸਰ ਨਿਵਾਸ | ੧੯੦ |
| ਬਾਬਾ ਅਟੱਲ ਰਾਇ | ੧੯੨ |
| ਸਿਦਕ ਦੀ ਪਰਖ | ੧੯੬ |
| ਮਾਝਾ ਤਾਰਨ | ੨੦੦ |
| ਮਾਲਵਾ ਤਾਰਨ | ੨੦੪ |
| ਅਨੋਖੀ ਉਡੀਕ | ੨੦੬ |
| ਮਾਲਵੇ ਤੇ ਹੋਰ ਮੋਹਜ | ੨੧੨ |
| ਕਰਮ ਯੋਗ | ੨੧੬ |
| ਜੋਤਸ਼ੀ | ੨੨੪ |
| ਤੀਸਰੀ ਲੜਾਈ | ੨੨੮ |
| ਕੀਰਤਪੁਰ ਗਮਨ | ੨੪੧ |
| ਬੁਢਣ ਸ਼ਾਹ ਮਿਲਾਪ | ੨੪੫ |
| ਬੁਤਾਂ ਦਾ ਪਾਜ | ੨੫੦ |
| ਸਿਦਕ ਮੁਨਾਰੇ | ੨੫੩ |
| ਬਦੀ ਦਾ ਓੜਕ ਤੇ ਨੇਕੀ ਦੀ ਅਹੁਦੀ | ੨੫੭ |
| ਧੀਰ ਮਲ ਦਾ ਧ੍ਰੋਹ | ੨੭੯ |
| ਕੀਰਤਪੁਰ ਨਿਵਾਸ | ੨੮੫ |
| ਲਹਿਣੇ ਦੇ ਦੇਣੇ | ੨੮੭ |
| ਗੱਦੀ ਦੀ ਚਰਚਾ | ੨੮੯ |
| ਪਿਆਰਿਆਂ ਦੇ ਵਿਯੋਗ | ੨੯੫ |
| ਸ੍ਰੀ ਗੁਰੂ ਹਰ ਰਾਇ ਜੀ ਨੂੰ ਗੱਦੀ | ੨੯੫ |
| ਜੋਤੀ ਜੋਤ ਸਮਾਉਣਾ | ੨੯੮ |
| ਪ੍ਰੇਮ ਪ੍ਰਵਾਨੇ | ੩੦੧ |
| ਦੇਵ ਦਰਸ਼ਨ | ੩੦੫ |

# ਸਾਧ ਬਚਨ

ਇਹ ਇਕ ਜਗਤ ਪ੍ਰਸਿਧ ਸਚਾਈ ਹੈ ਕਿ ਕਿਰਤਮ ਜਗਤ ਕਾਲ-ਚਕਰ ਦੇ ਅਧੀਨ ਚੱਲ ਰਿਹਾ ਹੈ, ਜਿਸ ਕਰਕੇ ਇਸਦਾ ਹਰ ਕੰਮ ਰੂਪ ਵਾਂਗ ਚਲਾਏਵਾਨ ਰਹਿੰਦਾ ਹੈ। ਜੋ ਖਿੜਦਾ ਹੈ ਮੁਰਝਾਂਦਾ ਹੈ, ਜੋ ਚੜ੍ਹਦਾ ਹੈ ਉਤਰਦਾ ਹੈ ਹੈ ਜੋ ਫਲਦਾ ਹੈ ਸੁਕੜਦਾ ਹੈ। ਕਾਲ ਚਕਰ ਦੀ ਇਹ ਵਰਤੋਂ ਕੀੜੀ ਤੋਂ ਹਸਤੀ ਤੇ ਜ਼ਰੇ ਤੋਂ ਪਹਾੜ ਤਕ ਤੇ ਇਕੋ ਜਹੀ ਵਾਪਰ ਰਹੀ ਹੈ। ਭਾਵੇਂ ਆਮ ਤੌਰ ਤੇ ਹਿਮਾਲਿਆ ਨੂੰ ਅਟੱਲ ਕਿਹਾ ਜਾਂਦਾ ਹੈ ਪਰ ਵਗਿਆਨਕ ਇਸ ਨਤੀਜੇ ਉਤੇ ਪੁਜ ਚੁਕੇ ਹਨ ਕਿ ਪਰਬਤ ਭੀ ਅਹਿਲ ਨਹੀਂ; ਉਹ ਖੁਰ ਖੁਰ ਕੇ ਸਮੁੰਦਰ ਵਲ ਜਾ ਰਹੇ ਹਨ। ਇਸ ਗੱਲ ਦੇ ਸਬੂਤ ਮਿਲ ਚੁਕੇ ਹਨ ਕਿ ਜਿਥੇ ਹੁਣ ਪ੍ਰਬਤ ਹਨ ਕਦੇ ਇਥੇ ਸਮੁੰਦਰ ਸਨ, ਤੇ ਜਿਥੇ ਹੁਣ ਸਮੁੰਦਰ ਹੈ ਕਦੀ ਪਰਬਤ ਸਨ। ਪਰ ਕਾਲ ਚੱਕਰ ਦੇ ਗੇੜ ਨੇ ਦੋਹਾਂ ਨੂੰ ਆਪਣੀ ਥਾਂ ਤੋਂ ਚਲਾ ਦਿਤਾ। ਅਹਿਲ ਪਰਬਤ ਆਪਣੀ ਥਾਂ ਤੋਂ ਟਲ ਗਏ। ਪਰ ਇਸ ਸਾਰੀ ਕਾਲ ਕ੍ਰਿਆ ਵਿਚ ਇਕ ਚੀਜ਼ ਅਟੱਲ ਭੀ ਹੈ ਤੇ ਉਹ ਹੈ ਸਾਧ ਬਚਨ। ਜਿਸ ਤਰ੍ਹਾਂ ਵਿਗਿਆਨੀ ਪ੍ਰਕ੍ਰਿਤੀ ਦੀ ਖੋਜ ਕਰਦਾ ਹੈ ਉਸਦੀ ਖੋਜ ਦੇ ਨਤੀਜੇ ਹੀ ਪ੍ਰਕ੍ਰਿ-ਤਕ ਜਗਤ ਵਿਚ ਪ੍ਰਮਾਣ ਹੁੰਦੇ ਹਨ ਉਸੇ ਤਰ੍ਹਾਂ ਹੀ ਅਧਿਆਤਮ

ਵਿਦਿਆ ਦੇ ਮਾਹਰਾਂ ਨੇ ਮਨ ਤੇ ਆਤਮਾ ਦੀ ਖੋਜ ਕੀਤੀ ਹੈ ਅਤੇ ਡੂੰਘੀ ਤੇ ਵਡੇਰੀ ਖੋਜ ਮਗਰੋਂ ਉਨ੍ਹਾਂ ਨੇ ਇਹ ਨਤੀਜਾ ਕਢਿਆ ਹੈ ਕਿ ਭਾਵੇਂ ਪ੍ਰਿਥਵੀ ਤੇ ਅਕਾਸ਼ ਮੰਡਲ ਵਿਚ ਫਿਰ ਰਹੇ ਸੂਰਜ ਚੰਦ੍ਰਮਾਂ ਆਦਿ ਬੇਅੰਤ ਸਤਾਰੇ ਤੇ ਸਿਆਰੇ ਆਪਣੀ ਥਾਂ ਤੋਂ ਟਲ ਜਾਣ ਪਰ ਸਾਧ-ਬਚਨ ਅਟੱਲ ਰਹੇਗਾ। ਇਹ ਅਧਿਆਤਮਕ ਮਨੁੱਖਾਂ ਦੀ ਖੋਜ ਦਾ ਬਣਾਇਆ ਹੋਇਆ ਅਸੂਲ ਆਪਣੇ ਪ੍ਰਮਾਣਾਂ ਨਾਲ ਜਗਤ ਪ੍ਰਸਿਧ ਹੈ। ਸੰਸਾਰ ਦੇ ਇਤਿਹਾਸ ਵਿਚ ਅਜੇਹੀਆਂ ਬੇਅੰਤ ਘਟਨਾਵਾਂ ਹੋ ਚੁਕੀਆਂ ਹਨ ਕਿ ਜਦੋਂ ਵੀ ਕਿਸੇ ਪੂਰਨ ਪੁਰਖ ਨੇ ਮੌਜ ਵਿਚ ਆਣ ਕੇ ਕੋਈ ਬਚਨ ਕਿਹਾ ਉਹ ਪੂਰਾ ਹੋ ਕੇ ਰਿਹਾ। ਜਿਸ ਮਹਾਨ ਜੀਵਨ ਦੀ ਕਥਾ ਇਥੇ ਲਿਖੀ ਜਾ ਰਹੀ ਹੈ ਉਸ ਦਾ ਅਰੰਭ ਭੀ ਸਾਧ ਬਚਨ ਤੋਂ ਹੀ ਹੋਇਆ ਸੀ।

ਬਹੁਤ ਵਾਰੀ ਵੱਡੀਆਂ ਵੱਡੀਆਂ ਗੱਲਾਂ ਦੇ ਕਾਰਨ ਛੋਟੀਆਂ ਛੋਟੀਆਂ ਕਰਤੂਤਾਂ ਹੋ ਜਾਂਦੀਆਂ ਹਨ। ਕੋਈ ਇਕ ਨੀਵਾਂ ਜਿਹਾ ਜਜ਼ਬਾ, ਜੋ ਕਿਸੇ ਛੋਟੇ ਮਨੁਖ ਦੇ ਤੰਗ-ਦਿਲ ਵਿਚ ਮੈਲ ਵਾਂਗ ਉਗਲ ਆਉਂਦਾ ਹੈ ਉਹ ਵੱਡੀਆਂ ੨ ਨੇਕੀਆਂ ਦਾ ਕਾਰਨ ਰੂਪ ਹੋ ਵਾਪਰਦਾ ਹੈ। ਰਾਮਾਇਣ ਦੀ ਜਗਤ ਪ੍ਰਸਿਧ ਕਥਾ ਹੁੰਦੀ ਹੀ ਨਾ, ਮਹਾਰਾਜਾ ਰਾਮਚੰਦਰ ਦੀ ਕੀਰਤੀ ਤੇ ਰਾਵਣ ਦਾ ਅਪਜੱਸ ਸਦੀਆਂ ਤੋਂ ਹਿੰਦੁਸਤਾਨ ਦਿਆਂ ਗਲੀ ਕੂਚਿਆਂ ਵਿਚ ਗਾਂਵਿਆ ਹੀ ਨਾ ਜਾਂਦਾ ਜੇ ਰਾਣੀ ਕਕੱਈ ਦੀ ਦਾਸੀ ਦੇ ਦਿਲ ਵਿਚ ਇਹ ਨੀਵਾਂ ਖ਼ਿਆਲ ਨਾ ਫੁਰਦਾ ਕਿ ਰਾਮ ਚੰਦਰ ਕਕੱਈ ਦੀ ਸੌਕਣ ਦਾ ਪੁਤ੍ਰ ਹੈ ਤੇ ਉਸ ਨੂੰ ਰਾਜ-ਤਿਲਕ ਮਿਲਣ ਕਰ ਕੇ ਕਕੱਈ ਦਾ ਮਾਣ

ਆਦਰ ਪਿਛਾਂਹ ਪੈ ਜਾਇਗਾ। ਇਸ ਖ਼ਿਆਲ ਨੇ ਹੀ ਕਕੱਈ ਨੂੰ ਪ੍ਰੇਰ ਕੇ ਰਾਮ ਨੂੰ ਬਨਬਾਸ ਦਿਵਾਇਆ ਤੇ ਰਮਾਇਨ ਦੀ ਘਟਨਾ ਵਾਪਰੀ। ਬਿਲਕੁਲ ਇਹੋ ਜਿਹਾ ਇਕ ਨੀਵਾਂ ਖ਼ਿਆਲ ਹੀ ਇਸ ਭਾਰੇ ਜਗਤ ਕਲਿਆਨ ਦੇ ਸਾਧਨ ਰੂਪ ਵਾਕਿਆ ਦਾ ਕਾਰਨ ਬਣਿਆ ਹੈ। ਉਹ ਇਸ ਤਰ੍ਹਾਂ *ਪ੍ਰਿਥੀ ਚੰਦ ਜੀ ਦੀ ਇਸਤ੍ਰੀ ਨੇ ਇਕ ਦਿਨ †ਸ੍ਰੀ ਮਾਤ ਗੰਗਾ ਜੀ ਦੇ ਸਿਖ ਸੰਗਤਾਂ ਵਲੋਂ ਆਦਰ ਸਨਮਾਨ ਨਾਲ ਈਰਖਾ ਕਰਦਿਆਂ ਆਪਣੇ ਪਤੀ ਨੂੰ ਕਿਹਾ "ਜੇ ਤੁਸੀਂ ਪਿਤਾ ਗੁਰਦੇਵ ਜੀ ਦੀ ਆਗਿਆ ਪਾਲਣ ਕਰਦੇ ਤੇ ਤੁਹਾਨੂੰ ਗੁਰਗੱਦੀ ਮਿਲਦੀ ਤਾਂ ਮੈਂ ਅੱਜ ਸਿਖ ਸੰਗਤਾਂ ਵਿਚ ਜਗਤ ਮਾਤ ਕਰਕੇ ਸਤਿਕਾਰੀ ਜਾਂਦੀ, ਉਹ ਮਾਣ ਤੇ ਵਡਿਆਈ ਜੋ ਅਜ ਮੇਰੀ ਦਰਾਣੀ ਨੂੰ ਪ੍ਰਾਪਤ ਹੈ। ਮੈਨੂੰ ਮਿਲਦਾ।" ਪ੍ਰਿਥੀ ਚੰਦ ਜੀ ਨੇ ਅਗੋਂ ਕਿਹਾ "ਤੂੰ ਕੁਝ ਚਿੰਤਾ ਨਾ ਕਰ, ਜੋ ਹੋਣਾ ਸੀ ਸੋ ਹੋ ਗਿਆ ਪਰ ਇਹ ਨਿਸਚਾ ਕਰ ਕਿ ਗੁਰੂ ਅਰਜਨ ਦੇਵ ਦੇ ਘਰ ਸੰਤਾਨ ਨਹੀਂ ਹੋਣੀ। ਗੰਗਾ ਨੇ ਗੋਦ ਪੁਤ੍ਰ ਨਹੀਂ ਖਿਡਾਣਾ, ਇਸ ਲਈ ਜੋ ਕੁਝ ਮਾਲ ਧਨ ਤੇ ਐਸ਼ਵਰਜ ਉਨ੍ਹਾਂ ਦਾ ਹੈ ਉਹ ਤੇਰੇ ਪੁਤ੍ਰ ਮੇਹਰ-ਬਾਨ ਦਾ ਵਿਰਸਾ ਹੈ।" ਦੇਵਨੇਤ ਨਾਲ ਇਹ ਗਲ ਬਾਤ ਪ੍ਰਿਥੀ ਚੰਦ ਦੀ ਦਾਸੀ ਨੇ ਜੋ ਕਿ ਸ੍ਰੀ ਮਾਤ ਗੰਗਾ ਜੀ ਦੇ ਉਦਾਰਤਾ

---

*ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ ਜਿਨ੍ਹਾਂ ਨੂੰ ਆਗਿਆਕਾਰੀ ਨਾ ਹੋਣ ਕਰ ਕੇ ਪਿਤਾ ਗੁਰੂ ਰਾਮਦਾਸ ਜੀ ਨੇ ਗੁਰੂ-ਗੱਦੀ ਦੇਣ ਦੇ ਯੋਗ ਨਾ ਸਮਝਿਆ।

†ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧਰਮ ਪਤਨੀ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਮਾਤਾ।

ਭਰੇ ਸੁਭਾ ਕਰਕੇ ਹਮੇਸ਼ਾਂ ਵਰੋਸਾਈ ਦੀ ਰਹਿੰਦੀ ਸੀ ਸੁਣ ਕੇ ਸ੍ਰੀ ਮਾਤ ਗੰਗਾ ਜੀ ਨੂੰ ਆ ਦੱਸੀ। ਮਾਤਾ ਜੀ ਇਨ੍ਹਾਂ ਰੋਭ ਭਰੇ ਬਚਨਾਂ ਨੂੰ ਸੁਣਕੇ, ਜੋ ਸੰਤਾਨ-ਹੀਣ ਇਸਤ੍ਰੀ ਕਿਸੇ ਸੂਰਤ ਵਿਚ ਭੀ ਬਰਦਾਸ਼ਤ ਨਹੀਂ ਕਰ ਸਕਦੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਅਧੀਨਗੀ ਸਹਿਤ ਪੁਤ੍ਰ ਕਾਮਨਾ ਕਰਨ ਲਗੇ। ਸਤਿਗੁਰਾਂ ਨੇ ਪਹਿਲਾਂ ਤੇ ਉਨ੍ਹਾਂ ਨੂੰ ਧੀਰਜ ਰੱਖਣ ਤੇ ਜਿਠਾਣੀ ਦੀਆਂ ਗਲਾਂ ਨੂੰ ਅਣਸੁਣੀਆਂ ਕਰਨ ਲਈ ਪ੍ਰੇਰਨਾ ਕੀਤੀ ਪਰ ਜਦੋਂ ਉਨ੍ਹਾਂ ਨੇ ਸ਼ਾਂਤ ਚਿਤ ਹੋ ਕੇ ਵੀ ਪੁਤ੍ਰ-ਇਛਾ ਪਰਬਲ ਤੌਰ ਤੇ ਪ੍ਰਗਟ ਕੀਤੀ ਤਾਂ ਸਤਿਗੁਰਾਂ ਫੁਰਮਾਇਆ ਕਿ ਸਚੇ ਸੰਤਾਂ ਦੀ ਸੇਵਾ ਕਰੋ। ਜਗਤ ਵਿਚ ਨਿਰਾਸ਼ ਪ੍ਰਾਣੀਆਂ ਦੀ ਆਸ਼ਾ ਤੇ ਅਫਲ ਬ੍ਰਿਖਾਂ ਨੂੰ ਫਲ "ਸਾਧ ਬਚਨ" ਤੋਂ ਹੀ ਮਿਲ ਸਕਦੇ ਹਨ। ਸ੍ਰੀ ਗੰਗਾ ਜੀ ਨੇ ਅਜਿਹੇ ਕਿਸੇ ਸੰਤ ਦਾ ਪਤਾ ਪੁਛਿਆ ਤਾਂ ਸਤਿਗੁਰਾਂ ਨੇ ਭਾਈ *ਬੁਢੇ ਸਾਹਿਬ ਜੀ ਦਾ ਨਾਮ ਲਿਆ। ਇਹ ਸੁਣਦਿਆਂ ਹੀ ਮਾਤਾ ਜੀ ਦਾ ਹਿਰਦਾ ਖ਼ੁਸ਼ੀ ਨਾਲ ਭਰਪੂਰ ਹੋ ਗਿਆ ਤੇ ਉਨ੍ਹਾਂ ਨੇ ਸੰਤ ਸ੍ਰੀ ਬਾਬਾ ਬੁਢਾ ਜੀ ਦੀ ਖੁਸ਼ੀ ਪ੍ਰਾਪਤ ਕਰ ਵਰ ਲੈਣ ਲਈ ਤਿਆਰੀ ਕਰ ਲਈ। ਅਗਲੇ ਦਿਨ ਹੀ ਸ੍ਰੀ ਮਾਤ

---

*੭ ਸਾਲ ਦੀ ਅੰਞਾਣੀ ਉਮਰ ਦੇ ਸਤਿਸੰਗੀ ਸੁਭਾ ਦੇ ਬੱਚੇ ਬੂੜੇ ਦੇ ਭਾਗ ਜਾਗੇ। ਗੁਰੂ ਨਾਨਕ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਈ। ਸਤਿਗੁਰਾਂ ਨੇ ਬੁਢੇ ਦਾ ਲਕਬ ਦਿੱਤਾ। ਜਿਸ ਸਮੇਂ ਉਨ੍ਹਾਂ ਦੀ ਉਮਰ ੭੫ ਸਾਲ ਦੀ ਸੀ ਜਦੋਂ ਮਾਤਾ ਜੀ ਆਪ ਦੇ ਦਰਸ਼ਨ ਕਰਨ ਆਏ। ਆਪ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤਕ ਗੁਰ-ਗੱਦੀ ਦਾ ਤਿਲਕ ਦੇਂਦੇ ਰਹੇ।

ਚੀਂਗਾ ਜੀ ਕਈ ਕਿਸਮ ਦੇ ਭੋਜਨ ਲੈ ਰਥ ਤੇ ਸਵਾਰ ਹੋ ਦਾਸ ਦਾਸੀਆਂ ਸਮੇਤ ਗੁਰੂ ਕੀ ਬੀੜ ਵਲ ਜੋ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸੱਤ ਮੀਲ ਤੇ ਹੈ, ਤੁਰ ਪਏ। ਜਦੋਂ ਇਹ ਭੀੜ ਤੇ ਰਥ ਬਹਿਲੀਆਂ ਬੀੜ ਦੇ ਨਜ਼ਦੀਕ ਪੁਜੀਆਂ ਤਾਂ ਰਸਤੇ ਕਚੇ ਕਰਕੇ ਭਾਰੀ ਗਰਦ ਉਡੀ। ਬਾਬਾ ਬੁਢਾ ਜੀ ਜੋ ਗੁਰੂ ਕੀ ਬੀੜ ਵਿਚ ਆਪਣੇ ਹਥੀਂ ਕਿਰਸਾਨੀ ਕਰਦੇ ਸਨ, ਗਰਦ ਉਡਦੀ ਤੱਕ ਇਕ ਸਾਥੀ ਨੂੰ ਪੁਛਣ ਲਗੇ "ਆਹ ਧੂੜ ਕੇਹੀ ਉੜੀ ਹੈ?" ਤਾਂ ਉਸ ਪਾਸਿਓਂ ਆ ਰਹੇ ਇਕ ਰਾਹੀ ਨੇ ਕਿਹਾ "ਗੁਰੂ ਕੇ ਮਹਿਲ ਆ ਰਹੇ ਹਨ।" ਸ੍ਰੀ ਬੁਢਾ ਜੀ ਬੋਲੇ "ਗੁਰੂ ਕਿਆਂ ਨੂੰ *ਭਾਜੜ ਕਹੀ ਪੈ ਗਈ ਹੈ।" ਇਤਨੇ ਵਿਚ ਵਹੀਰ

---

*ਕਈ ਲੋਕ ਇਸ ਬਚਨ ਨੂੰ ਸਰਾਪ ਕਹਿੰਦੇ ਹਨ; ਇਹ ਉਨ੍ਹਾਂ ਦੀ ਭੁਲ ਹੈ। ਸਰਾਪ ਕਰੋਧ-ਆਤੁਰ ਹਿਰਦਿਆਂ ਵਿਚੋਂ ਉਠਦਾ ਤੇ ਫਿਕਿਆਂ ਮੂੰਹਾਂ ਵਿਚੋਂ ਬੋਲਿਆ ਜਾਂਦਾ ਹੈ। ਸ੍ਰੀ ਬਾਬਾ ਬੁਢਾ ਜੀ ਦੇ ਗੁਰੂ ਭਗਤੀ ਨਾਲ ਭਰਪੂਰ ਹਿਰਦੇ ਵਿਚੋਂ ਨ ਸਰਾਪ ਉਠ ਸਕਦਾ ਸੀ ਤੇ ਨ ਮਿਠ ਬੋਲੜੇ ਸੰਤ ਦੀ ਜੀਭਾ ਤੋਂ ਉਚਾਰਿਆ ਹੀ ਜਾ ਸਕਦਾ ਸੀ। ਸੱਚ ਪੁਛੋ ਤਾਂ ਗੁਰੂ ਕਿਆਂ ਨੂੰ ਭਾਜੜ ਪੈਣੀ ਹੀ ਜਗਤ ਦੀ ਆਬਾਦੀ ਦਾ ਕਾਰਨ ਬਣਨਾ ਸੀ। ਦੁਖੀ ਦੇਸ ਭਾਰਤ ਵਿਚ ਜੋ ਰੋਜ਼ ਰੋਜ਼ ਦੀਆਂ ਭਾਜੜਾਂ ਪੈ ਰਹੀਆਂ ਸਨ ਉਹਨਾਂ ਨੂੰ ਹਟਾਣ ਦਾ ਕਾਰਨ ਬਣਨਾ ਹੀ ਇਸ ਗੁਰੂ ਕਿਆਂ ਦੀ ਭਾਜੜ ਨੇ ਸੀ। ਕਿਉਂਕਿ ਜਦ ਤਕ ਭੀ ਕੋਈ ਦੁਖ, ਕਲੇਸ਼ ਆਪਣੀ ਅਖ਼ੀਰਲੀ ਮੰਨਜ਼ਲ ਤਕ ਨਾ ਪੁਜ ਜਾਵੇ ਉਹ ਸਮਾਪਤ ਨਹੀਂ ਹੁੰਦਾ। ਉੱਤਰ, ਪੱਛਮ ਤੋਂ ਆਏ ਹੋਏ ਜਰਵਾਣੇ, ਦੇਸ਼ ਦੀ ਜਨਤਾ ਨੂੰ ਦਿਨ ਰਾਤ ਭਾਜੜਾਂ ਪਾਈ ਰਖਦੇ ਸਨ ਤੇ ਉਹਨਾਂ ਦੇ ਇਸ ਧੱਕੇ ਤੇ ਜਬਰ ਦੀ ਇੰਤਹਾ ਹੋਣੀ ਹੀ ਉਦੋਂ ਸੀ ਜਦੋਂ ਉਹ ਜਬਰ ਤੇ ਸਿਤਮ ਸਾਧਾਰਨ ਗੁਨਾਹਗਾਰ ਦੁਨੀਆਦਾਰਾਂ

[ਬਾਕੀ ਦੇਖੋ ਫੁਟ ਨੋਟ ਸਫਾ ੧੪]

ਭੀ ਆ ਪੁਜਾ। ਸ੍ਰੀ ਮਾਤਾ ਜੀ ਤੇ ਦਾਸੀਆਂ ਨੇ ਬਾਬਾ ਬੁਢਾ ਜੀ ਦੇ ਸਾਹਮਣੇ ਭੋਜਨ ਰਖ ।ਨਮਸਕਾਰ ਆਣ ਕੀਤੀ ਪਰ ਭਾਜੜ ਦੀ ਗਲ ਬੀੜ ਦੇ ਕਾਰਿੰਦਿਆਂ ਵਿਚੋਂ ਕਿਸੇ ਕੋਲੋਂ ਸੁਣ ਸਾਰੇ ਹੀ ਅਜਿਹੇ ਭੈ-ਭੀਤ ਹੋ ਗਏ ਕਿ ਮਾਨੋ-ਕਾਮਨਾ ਪ੍ਰਗਟ ਕਰਨ ਦਾ ਹੌਸਲਾ ਹੀ ਕਿਸੇ ਨੂੰ ਨ ਪਿਆ ਤੇ ਵਾਪਸ

---

[ਸਫ ੧੩ ਦੇ ਫੁਟ ਨੋਟ ਦੀ ਬਾਕੀ]

ਤੋਂ ਟੱਪ ਕੇ ਨਿਸ਼ਪਾਪ ਪਵਿਤ੍ਰ ਮਹਾਂ ਪੁਰਸ਼ਾਂ ਤਕ ਜਾ ਵਾਪਰਦਾ। ਇਹ ਠੀਕ ਹੈ ਕਿ ਗੁਰੂ ਕਿਆਂ ਨੂੰ ਸਾਧ ਬਾਬਾ ਬੁਢਾ ਜੀ ਦੇ ਬਚਨ ਕਰ ਕੇ ਭਾਜੜ ਪਈ ਪਰ ਇਸ ਭਾਜੜ ਨੇ ਹੀ ਸ਼ਾਂਤ ਰੂਪ ਸਤਿਗੁਰਾਂ ਨੂੰ ਸ਼ਸਤ੍ਰਧਾਰੀ ਬਣਾ ਜ਼ੁਲਮ ਨਾਸ਼ ਹਿਤ ਪ੍ਰੇਰਿਆ। ਇਹ ਸਰਾਪ ਨਹੀਂ ਵਾਸਤਵ ਵਿਚ ਵਰ ਸੀ। ਜੋ ਅਗਲੇ ਵਰਾਂ ਦਾ ਮੂਲ ਸੀ। ਇਹ ਤੇ ਇਸ ਤੋਂ ਪੈਦਾ ਹੋਈਆਂ ਹੋਰ ਘਟਨਾਵਾਂ ਨੇ ਹੀ ਅਜਿਹੇ ਹਾਲਾਤ ਪੈਦਾ ਕਰ ਦਿਤੇ ਜਿਨ੍ਹਾਂ ਨੇ ਭਾਈ ਗੁਰਦਾਸ ਜੀ ਕੋਲੋਂ ਇਹ ਤੁਕਾਂ ਲਿਖਵਾਈਆਂ—

"ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆਂ ਪਲਟ ਕੇ ਮੂਰਤ ਹਰਗੋਬਿੰਦ ਸਵਾਰੀ।
ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।"

ਗੁਰੂ ਅਰਜਨ ਦੇਵ ਜੀ ਦੀ ਸਵਰੀ ਹੋਈ ਮੂਰਤ ਹਰਗੋਬਿੰਦ ਭਾਰੀ ਗੁਰੂ ਕਿਵੇਂ ਬਣਿਆ? ਦਲ ਭੰਜਨ ਹੋਣ ਕਰ ਕੇ, ਦਲ ਕਿਹੜੇ ਭੰਨਣੇ ਪਏ? ਜਿਹੜੇ ਭਾਜੜਾਂ ਪਾਉਂਦੇ ਸਨ। ਜੇ ਜਨਤਾ ਨੂੰ ਭਾਜੜਾਂ ਨਾ ਪੈਂਦੀਆਂ ਤਾਂ ਗੁਰੂ ਕਿਆਂ ਨੂੰ ਭੀ ਭਾਜੜਾਂ ਪੈਣ ਦੀ ਕੋਈ ਲੋੜ ਨਹੀਂ ਸੀ ਪਰ ਦੇਸ ਦੀ ਜਨਤਾ ਨੂੰ ਕਮ ਵੱਸ ਭਾਜੜਾਂ ਪੈ ਰਹੀਆਂ ਸਨ। ਦੁਖੀ ਦੀਨ ਦੇਸ਼ ਨੂੰ ਇਹਨਾਂ ਦਿਨ ਰਾਤ ਦੀਆਂ ਭਾਜੜਾਂ ਤੋਂ ਖਲਾਸੀ ਦੁਵਾਨ ਲਈ ਹੀ ਜਰਵਾਣਿਆਂ ਦੇ ਦਲ ਨਾਸ ਕਰਨੇ ਪਏ। ਸੋ ਇਸ ਸਾਰੀ ਵਿਚਾਰ ਦਾ ਫਲ ਇਹ ਨਿਕਲਦਾ ਹੈ ਕਿ ਸ੍ਰੀ ਬਾਬੇ ਬੁਢਾ ਜੀ ਦਾ ਪਹਿਲਾ ਬਚਨ ਭੀ ਵਰ ਰੂਪ ਹੀ ਸੀ।

ਅੰਮ੍ਰਿਤਸਰ ਮੁੜ ਆਏ । ਮਾਤਾ ਜੀ ਨੇ ਸਾਰੀ ਵਾਰਤਾ ਸਤਿਗੁਰਾਂ ਨੂੰ ਕਹਿ ਸੁਣਾਈ। ਸਾਹਿਬਾਂ ਫੁਰਮਾਇਆ, "ਸੰਤ ਬਚਨ ਵਿਚ ਭੇਦ ਹੁੰਦਾ ਹੈ, ਪਰ ਉਹ ਹੁੰਦਾ ਮਿਸ਼ਰੀ ਵਾਂਗ ਹਰ ਪਾਸਿਓਂ ਮਿਠਾ ਹੀ ਹੈ। ਤੁਸੀ ਫਿਰ ਜਾਓ ਪਰ ਜਾਓ ਉਸੀ ਸਾਦਗੀ ਵਿਚ, ਜਿਸ ਤਰ੍ਹਾਂ ਕਿ ਸਾਹਿਬ ਬੁਢਾ ਜੀ ਸਾਦਗੀ ਤੇ ਨਿਮਰਤਾ ਵਿਚ ਜੀਵਨ ਬਤੀਤ ਕਰਦੇ ਹਨ। ਉਹਨਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸਾਧਨ ਠਾਠ ਬਾਠ ਭਲੇ ਵਹੀਰ, ਰੱਥ ਬਹਿਲੀਆਂ ਦੀ ਸਵਾਰੀ ਤੇ ਰੋਚਕ ਭੋਜਨ ਨਹੀਂ ਹੋ ਸਕਦੇ। ਉਹ ਸਰਲ ਤੇ ਸਾਦਾ ਜੀਵਨ ਬਸਰ ਕਰਦੇ ਹਨ। ਸਾਦਗੀ ਉਹਨਾਂ ਨੂੰ ਪਸੰਦ ਹੈ।

"ਜਾਟ ਸਿਖ ਪੁਨ ਇੰਦ੍ਰ ਜਿਤ ਹੈ, ਤੈ ਸੇਵੋ ਅਪਨੇ ਕਰ ਨਾਲ।
ਧਰੋ ਪ੍ਰੇਮ ਆਪਾ ਨਾ ਜਨਾਵੋਕਰੋ ਕਾਰ ਉਠ ਭੋਰ ਬਿਸਾਲ।"
(ਸੂ: ਪ੍ਰ)

ਉਹ ਇੰਦ੍ਰੇ ਜਿਤ ਸਿਖ ਹਨ ਉਹਨਾਂ ਦੀ ਸੇਵਾ ਆਪਣੇ ਹੱਥੀਂ ਕਰੋ। ਪ੍ਰੇਮ ਭਗਤੀ ਦੇ ਮਾਰਗ ਵਿਚ ਆਪਣੀ ਸ਼ਾਨ ਨਾ ਜਤਾਂਦਿਆਂ ਹੋਇਆਂ ਵੱਡੇ ਤੜਕੇ ਤੋਂ ਉਠ, ਅਸ਼ਨਾਨ ਨਿਤਨੇਮ ਕਰ, ਆਪਣੇ ਹਥੀਂ ਅੰਨ ਪੀਹ, ਮਿਸੀਆਂ ਰੋਟੀਆਂ ਪਕਾਓ, ਸੰਘਣੀ ਲੱਸੀ, ਮੱਖਣ ਤੇ ਗੰਢੇ ਨਾਲ ਰੱਖੋ ਤੇ ਨੰਗੇ ਪੈਰੀਂ ਚੱਲ ਉਹਨਾਂ ਦੇ ਚਰਨਾਂ ਵਿਚ ਪੁਜ ਬੇਨਤੀ ਕਰੋ।" ਸ੍ਰੀ ਗੰਗਾ ਜੀ ਨੇ 'ਸੱਤ ਬਚਨ' ਕਹਿ ਅਗਲੀ ਸਵੇਰੇ ਭੋਜਨ ਤਿਆਰ ਕਰ ਬੀੜ ਵਲ ਚਾਲੇ ਪਾ ਦਿਤੇ।

ਅੱਸੂ ਦਾ ਪਿਛਲਾ ਪੱਖ ਸੀ, ਠੰਡੀ ਠੰਡੀ ਪੌਣ ਦੇ ਬੁਲੇ ਚਲ ਰਹੇ ਸਨ, ਮਾਝੇ ਦੀਆਂ ਬੀੜਾਂ ਵਿਚ ਫੁਲੇ ਹੋਏ ਕੇਸੂ ਫੁਲ

ਆਪਣੀ ਸੋਭਾ ਦੱਸ ਰਹੇ ਸਨ। ਸਾਵਣੀ ਦੇ ਲੈਹਲਹਾਂਦੇ ਖੇਤ, ਕਮਾਦਾਂ ਤੇ ਕਪਾਹਾਂ ਦੇ ਛੋਟੇ ਛੋਟੇ ਬੂਟੇ ਹਵਾ ਨਾਲ ਲੈਹਰਾ ਲੈਹਰਾ ਅਜਬ ਬਹਾਰ ਦਿਖਾ ਰਹੇ ਸਨ। ਕੁਦਰਤ ਭਰ ਜੋਬਨ ਤੇ ਸੀ। ਕਾਦਰ ਦੀ ਯਾਦ ਵਿਚ ਹਰ ਵਕਤ ਸਮਾਏ ਰਹਿਨ ਵਾਲੇ ਸ੍ਰੀ ਬਾਬਾ ਬੁਢਾ ਜੀ ਹਥ ਵਿਚ ਰੰਬਾ ਫੜੀ ਇਕ ਖੇਤ ਦੀ ਵੱਟ ਤੇ ਬੈਠੇ ਸ੍ਰੀ ਰਾਮਦਾਸ ਪੁਰ ਤੋਂ ਔਣ ਵਾਲ ਰਾਹ ਵੱਲ ਤਕ ਰਹੇ ਸਨ। ਜਾਂ ਦੂਰ ਪਰੇ ਖੇਤਾਂ ਦੀਆਂ ਵੱਟਾਂ ਵਿਚੋਂ ਸ੍ਰੀ ਮਾਤ ਗੰਗਾ ਜੀ ਸਿਰ ਤੇ ਲੱਸੀ ਦੀ ਮਟਕੀ ਧਰੀ ਤੁਰੇ ਆਉਂਦੇ ਨਜ਼ਰੀ ਪਏ ਤਾਂ ਬਾਬਾ ਜੀ ਉਬੜਵਾਹੇ ਬੋਲ ਉਠੇ "ਧੰਨ ਮਾਤਾ! ਪਿਆਰ ਭਰੀ ਮਾਂ! ਬੱਚੇ ਦੀ ਭੁਖ ਜਾਨਣ ਵਾਲੀ ਕ੍ਰਿਪਾਲੂ ਅੰਮੀ! ਕਹੇ ਸੋਹਣੇ ਵੇਲੇ ਆਈ ਹੈ। ਮੈਨੂੰ ਭੁਖ ਲਗ ਰਹੀ ਸੀ, ਆਂਦਰਾਂ ਕਲਪ ਰਹੀਆਂ ਸਨ, ਮਾਂ ਨ ਮੇਰੀ ਭੁਖ ਨੂੰ ਪਛਾਣਿਆ ਹੈ, ਹੋਰ ਪਛਾਣੇ ਭੀ ਕੌਣ, ਮੈਂ ਉਸਦਾ ਇਕ ਦੂਰ ਪਿਆ ਭੋਲਾ ਕਿਸਾਨ ਬੱਚਾ ਹਾਂ, ਮੇਰੀ ਸਾਰ ਲੈਣ ਆਈ ਹੈ।" ਏਦਾਂ ਦੇ ਪਿਆਰ ਭਰੇ। ਬਲਾਸ ਉਚੀ ਉਚੀ ਬੋਲਦੇ ਹੋਏ ਬਾਬਾ ਜੀ ਕਾਹਲੀ ਕਾਹਲੀ ਤੁਰ ਮਾਤਾ ਜੀ ਨੂੰ ਅਗੋਂ ਆਨ ਮਿਲੇ ਤੇ ਨਿਮਸ਼ਕਾਰ ਕਰ ਹਥ ਵਧਾ ਸਿਰ ਤੋਂ ਚਾਟੀ ਤੇ ਪ੍ਰਸ਼ਾਦੇ ਲਾਹ ਲਏ, ਤੇ ਖੁਦਿਆ-ਆਤਰ ਮਨੁਖ ਵਾਂਗ ਉਥੇ ਬੈਠ, ਖੋਹਲਕੇ ਛਕਣ ਲਗ ਪਏ। ਸ੍ਰੀ ਮਾਤ ਗੰਗਾ ਜੀ ਨੇ ਬਾਬਾ ਜੀ ਦੀ ਪਿਆਰ ਭਰੀ ਅਵਸਥਾ ਤੱਕ ਸਨਿਮਰ ਬਿਨੈ ਕੀਤੀ "ਸੰਤੋ, ਪਹੁੰਚਾਂ ਵਾਲਿਓ! ਮੇਰੇ ਤੇ ਕ੍ਰਿਪਾ ਕਰੋ, ਮੇਰੀ ਗੋਦ ਹਰੀ ਹੋਵੇ।" ਸ੍ਰੀ ਬਾਬਾ ਬੁਢਾ ਜੀ ਜੋ ਮਾਤ ਪ੍ਰੇਮ ਦੇ ਰੰਗ ਤੇ ਉਤਸ਼ਾਹ-ਚਿਤ ਬੈਠੇ ਸਨ, ਬੋਲ

ਉਠੇ "ਅਜੇਹਾ ਹੀ ਹੋਵੇਗਾ। ਮਾਤਾ ਦੀ ਗੋਦ ਵਿਚ ਬੱਚਾ ਖੇਲੇਗਾ। ਉਹ ਤੁਹਾਡਾ ਪੁਤਰ ਹੋਵੇਗਾ ਪਰ ਜਗਤ ਦਾ ਪਿਤਾ। ਉਹ ਲਹਿ ਲਹਾਂਦੇ ਖੇਤਾਂ ਵਾਂਗ ਜੋਬਨ ਵੰਦ ਤੇ ਬੀੜ ਦਿਆਂ ਉਚਿਆਂ ਰੁਖਾਂ ਵਾਂਗ ਸਰੂ ਕਦ ਹੋਵੇਗਾ। ਉਹ ਅਸੂ ਦੀ ਸੀਤਲ ਪੌਣ ਵਾਂਗ ਤਪਤ ਹਿਰਦਿਆਂ ਨੂੰ ਠੰਡ ਪੌਣ ਵਾਲਾ ਤੇ ਪੌਣ ਵੇਗ ਵਾਂਗ ਤਿਖਾ 'ਸ਼ਾਹ ਸਵਾਰ' ਹੋਵੇਗਾ।" ਬਾਬਾ ਜੀ ਗੰਢੇ ਤੇ ਮੁਕੀ ਮਾਰ ਭੰਨਦੇ ਹੋਏ ਬੋਲੇ, "ਜਿਸ ਤਰ੍ਹਾਂ ਮੈਂ ਗੰਢਾ ਭੰਨ ਰਿਹਾ ਹਾਂ ਉਹ ਇਸੇ ਤਰ੍ਹਾਂ ਹੀ ਦੁਸ਼ਟ ਜਰਵਾਣਿਆਂ ਦੇ ਸਿਰ ਤੋੜੇਗਾ।" ਇਹ ਦਿਨ ਅੱਸੂ ਦੀ ਇਕੀ ਸੰਮਤ ੧੬੫੧ ਦਾ ਸੀ ਜਦ ਮਾਤ ਗੰਗਾ ਜੀ "ਸਾਧ ਬਚਨ" ਤੋਂ ਵਰਦਾਨ ਲੈ ਕੇ ਖੁਸ਼ੀਆਂ ਭਰੇ ਹਿਰਦੇ ਨਾਲ ਅੰਮ੍ਰਿਤਸਰ ਆਪਣੇ ਘਰ ਪੁਜੇ।

## ਪ੍ਰਕਾਸ਼

ਮੀਂਹ ਨੂੰ ਭਾਵੇਂ ਹਰ ਥਾਂ ਹੀ ਲੋਕ ਉਡੀਕਦੇ ਹਨ ਕਿਉਂਕਿ ਦੁਨੀਆ ਦੀ ਆਬਾਦੀ ਲਈ ਖੇਤੀ ਦਾ ਹੋਣਾ ਤੇ ਖੇਤੀ ਦੇ ਫੁਲਣ ਫਲਣ ਲਈ ਵਰਖਾ ਹੀ ਸਭ ਤੋਂ ਵਡੀ ਰਹਿਮਤ ਹੈ। ਦੁਨੀਆ ਭਰ ਦੇ ਕਿਸਾਨ ਲੋੜ ਸਮੇਂ ਅਸਮਾਨ ਵਲ ਤੱਕ ੨ ਤਾਂਘ ਭਰੀਆਂ ਅੱਖਾਂ ਨਾਲ ਬਰਖਾ ਦੀ ਉਡੀਕ ਕਰਦੇ ਹਨ ਪਰ ਜੋ ਇੰਤਜ਼ਾਰ ਬਾਰਸ਼ ਦੀ ਮਾਰਵਾੜ ਦੇ ਮਾਰੂ ਥਲਾਂ ਵਿਚ ਕੀਤੀ ਜਾਂਦੀ ਹੈ ਓਹ ਆਪਣੇ ਵਰਗੀ ਆਪ ਹੀ ਹੁੰਦੀ ਹੈ। ਮਾਰੂ ਥਲਾਂ ਦਾ ਭਖਣਾ ਤੇ ਪਿਆਸੇ

ਮੁਸਾਫਰਾਂ ਦਾ ਵਿਲੂੰ ਵਿਲੂੰ ਕਰਨਾ ਬਰਖਾ ਦੀ ਉਡੀਕ ਵਿਚ ਕਿਸੇ ਤਰ੍ਹਾਂ ਭੀ ਮਨੁਖ ਨੂੰ ਪਪੀਹੇ ਨਾਲੋਂ ਘਟ ਨਹੀਂ ਰਹਿਣ ਦੇਂਦਾ। ਜਿਸ ਤਰ੍ਹਾਂ ਸੁਆਂਤੀ ਬੂੰਦ ਲਈ ਚਾਤ੍ਰਿਕ ਤੜਪ ੨ ਕੇ 'ਮਾਂਹ ਆ ਮੀਂਹ ਆ' ਪੁਕਾਰਦਾ ਹੈ ਉਸੇ ਤਰ੍ਹਾਂ ਮਾਰਵਾੜੀ ਭੀ ਬਰਖਾ ਦੀਆਂ ਬੂੰਦਾਂ ਲਈ ਸਾਰੇ ਹੀ ਸਾਧਨ ਉਡੀਕਵਾਨ ਹਿਰਦਿਆਂ ਵਾਲੇ ਕਰਦਾ ਹੈ। ਭਲਾ ਜਦੋਂ ਮੇਘਲਾ ਤ੍ਰੁਨ ਬਰਸੇ, ਕਿਣ ਮਿਣ ਹੀ ਨ ਕਰੇ ਸਗੋਂ ਰੋਹੜ ਵਹਾ ਦੇਵੇ ਤੇ ਥਲਾਂ ਵਿਚ ਮਾਰੂ ਥਲਾਂ ਦੀ ਮ੍ਰਿਗ ਤ੍ਰਿਸ਼ਨਾਂ ਦੀ ਥਾਂ ਸੱਚੀਂ ਮੁਚੀਂ ਦਾ ਪਾਣੀ ਹੀ ਪਾਣੀ ਹੋ ਜਾਵੇ ਤਦ ਮਾਰਵਾੜ ਦੇ ਵਸਨੀਕਾਂ ਨੂੰ ਕਿਤਨੀ ਖੁਸ਼ੀ ਹੋਵੇਗੀ। ਬਿਲਕੁਲ ਉਹੋ ਜਿਹੀ ਖੁਸ਼ੀ ਦੇ ਦਿਨ ਦੀ ਉਡੀਕ ਬਾਬੇ ਬੁਢੇ ਜੀ ਦੇ ਵਰ ਦੀ ਗਲ ਸੁਣਕੇ ਗੁਰ ਪ੍ਰਵਾਰ ਤੇ ਸੰਗਤਾਂ ਕਰ ਰਹੀਆਂ ਸਨ। ਬਾਬੇ ਜੀ ਨੇ ਕਿਹਾ ਸ੍ਰੀ ਗੁਰੂ ਪੁੱਤ੍ਰ ਪ੍ਰਗਟ ਹੋਵੇਗਾ ਤੇ ਹੋਵੇਗਾ ਭੀ ਬਲੀ ਸੂਰਮਾਂ ਤੇ ਪਰਉਪਕਾਰੀ ਜੋਧਾ। ਇਸ ਭਾਰਤ ਭੂਮ ਵਿਚ ਬੀਰਤਾ ਦੀ ਵਰਖਾ ਹੋਈ ਨੂੰ ਕਈ ਸਦੀਆਂ ਬੀਤ ਚੁਕੀਆਂ ਹਨ। ਮਹਾਂ ਭਾਰਤ ਦੀ ਰਣਛੇੜ੍ਹ ਵਿਚ ਭਾਰਤ ਦੇ ਸੂਰਮੇਂ ਅਜਿਹੇ ਸੁਤੇ ਕਿ ਫਿਰ ਨ ਜਾਗੇ। ਭਾਰਤੀ ਹਿਰਦਿਆਂ ਦੀਆਂ ਖੇਤੀਆਂ ਨੂੰ ਕਾਇਰਤਾ ਦੀ ਔੜ ਨੇ ਸੁਕਾ ੨ ਮਾਰੂ ਥਲ ਬਣਾ ਛਡਿਆ ਸੀ। ਕਦੀ ਕਿਧਰੇ ੨ ਮਾੜੀਆਂ ਮੋਟੀਆਂ ਕਣੀਆਂ ਬੀਰਤਾ ਦੀਆਂ ਪੈਂਦੀਆਂ ਸਨ, ਪਰ ਉਹ ਭੀ ਇਸ ਸਦੀਆਂ ਦੇ ਸੁਕੇ ਹੋਏ ਕੌਮੀਂ ਜੀਵਨ ਦੇ ਥਲ ਤੇ ਗਿਰ ਕੇ ਤੜੱਕ ਹੀ ਸੁਕ ਜਾਂਦੀਆਂ ਸਨ। ਬੀਰਤਾ ਦਾ ਸਾਵਨ ਕਦੀ ਗਜ ਵਜ ਕੇ ਨਹੀਂ ਸੀ ਵਸਿਆ। ਉਪਕਾਰ

ਦੀਆਂ ਕਾਂਗਾਂ ਨਹੀਂ ਸਨ ਆਈਆਂ ਤੇ ਜਵਾਂਮਰਦੀ ਦੇ ਹੜ੍ਹ ਨਹੀਂ ਮਨ ਵਗੇ। ਕਦੀ ਕਦੀ ਔੜ ਸਮੇਂ ਦੀ ਨਿਕੀ ਨਿਕੀ ਬਦਲੀ ਵਾਂਗ ਕੋਈ ਰਾਜਪੂਤ ਜੋਧਾ ਆਪਣੀ ਬੀਰ ਕਿਰਿਆ ਦੀਆਂ ਚਾਰ ਛਿਟਾਂ ਮੈਦਾਨ ਵਿਚ ਤ੍ਰੌਂਕਦਾ ਸੀ ਪਰ ਇਨਾ ਕੁਝ ਇਸ ਔੜ ਮਾਰੇ ਦੇਸ ਲਈ ਕਾਫੀ ਨਹੀਂ ਸੀ। ਇਥੇ ਲੋੜ ਸੀ ਉਸ ਬਲ ਦੀ ਜੋ ਬੀਰਤਾ ਦੀ ਬਰਖਾ ਸੌਣ ਭਾਦੋਂ ਦੀਆਂ ਝੜੀਆਂ ਵਾਂਗ ਕਰਦਾ, ਜੋ ਸ਼ਕਤੀ ਦੇ ਤੇਜ ਦੇ ਹੜ੍ਹ ਵਗਾ ਦੇਂਦਾ ਤੇ ਇਸ ਕਾਇਰ ਦੇਸ ਦੀਆਂ ਜਨਮ ਜਨਮਾਤ੍ਰਰਾਂ ਦੀਆਂ ਤ੍ਰਿਖਾਂ ਬੁਝਾਂਦਾ। ਸਿਦਕਵਾਨਾਂ ਨੂੰ ਸ੍ਰੀ ਬਾਬੇ ਬੁਢਾ ਜੀ ਤੇ ਪੂਰਨ ਵਿਸ਼ਵਾਸ ਸੀ, ਉਨ੍ਹਾਂ ਨੂੰ ਜਿਸ ਦਿਨ ਤੋਂ ਬੀੜ ਵਾਲੀ ਬਖਸ਼ਸ਼ ਦਾ ਪਤਾ ਲਗਾ ਸੀ ਉਹ ਉਸ ਸ਼ੁਭ ਘੜੀ ਦੀ ਉਡੀਕ ਕਰ ਰਹੇ ਸਨ ਕਿ ਕਦੋਂ ਉਸ ਮਹਾਂ ਬਲੀ ਦਾ ਪ੍ਰਕਾਸ਼ ਜਗਤ ਉਤੇ ਹੋਵੇ। ਓੜਕ ਸਿਕਾਂ ਸਿਕਦਿਆਂ ਤੇ ਤਾਂਘਾਂ ਤਾਂਘਦਿਆਂ ਉਹ ਸ਼ੁਭ ਦਿਨ ਆ ਹੀ ਗਿਆ। ੨੧ ਹਾੜ ਸੰਮਤ ੧੬੫੨ ਨੂੰ ਅਧੀ ਰਾਤ ਬੀਤੇ ਐਤਵਾਰ ਵਾਲੇ ਦਿਨ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਜਨਮ ਸਮੇਂ ਤੋਂ ਹੀ ਦੇਖਣ ਵਾਲਿਆਂ ਨੇ ਸ੍ਰੀ ਬੁਢਾ ਜੀ ਦੇ ਬਚਨਾਂ ਦੀ ਸਚਾਈ ਨੂੰ ਪ੍ਰਤੱਖ ਦੇਖ ਲਿਆ। ਗੁਰੂ ਬਾਲਕ ਦੀ ਦੇਹ ਅਤੀ ਸੋਹਣੀ, ਰਿਸ਼ਟ ਪੁਸ਼ਟ ਤੇ ਦਿਭ ਰੂਪ ਸੀ। ਦਰਸ਼ਨ ਕਰਦਿਆਂ ਹੀ ਦਾਈ ਦੇ ਮੂੰਹੋਂ ਅਵੱਸ਼ ਨਿਕਲਿਆ:—

"ਦੀਪਕ ਮੰਦ ਬਲੰਦ ਪ੍ਰਕਾਸ਼ ਤੇ,
ਧਾਇ ਪਈ ਬਿਸਮੈਂ ਹਰਖਾਵਤ।
ਬਾਲ ਅਨੇਕ ਭਏ ਮਮ ਹਾਥ,

ਨਹੀਂ ਇਸ ਕੇ ਸਮਕੋਹ ਦੁਤ ਆਵਤ ।
ਸੁੰਦਰ ਸੂਰਤ ਸ਼ੋਭ ਤੇ ਪੂਰਤ,
ਸ੍ਰੀ ਮੁਖ ਮੰਦ ਮਨੋ ਮੁਸਕਾਵਤ।
ਆਪ ਕੋ ਪੀਰ ਨਾ ਮਾਤ ਕੋ ਪੀਰ,
ਸ਼ਧੀਰ ਪ੍ਰਸੰਨਤਾ ਭੂਰ ਅਪਾਵਤ ।

( ਸੂ: ਪ੍ਰ: )

ਜਿਸ ਪ੍ਰਕਾਸ਼ ਦੀ ਉਚਾਈ ਨੂੰ ਦੇਖ ਕੇ ਦੀਪਕ ਵੀ ਲਜਾਂਦਾ ਸੀ, ਦਾਈ ਅਸਚਰਜ ਪ੍ਰਸੰਨਤਾ ਵਿਚ ਸਮਾ ਕੇ ਕਹਿਣ ਲਗੀ—"ਮੇਰੇ ਹਥਾਂ ਵਿਚ ਕਈ ਬਾਲਕ ਹੋਏ ਹਨ ਪਰੰਤੂ ਇਸ ਦੇ ਬਰਾਬਰ ਦੂਸਰਾ ਕੋਈ ਨਹੀਂ ਪਾਇਆ। ਇਸ ਦੀ ਸੁੰਦਰ ਸੂਰਤ ਸ਼ੋਭਾ ਦੀ ਭਰੀ ਹੋਈ ਸ੍ਰੀ ਮੁਖ ਤੋਂ ਮੁਸਕਰਾ ਰਹੀ ਹੈ, ਨ ਇਸ ਨੂੰ ਆਪ ਕੋਈ ਕਲੇਸ਼ ਹੈ ਨ ਹੀ ਸੁਭਾਗ ਮਾਤਾ ਨੂੰ, ਸਗੋਂ ਇਹ ਅਤਯੰਤ ਖੁਸ਼ੀ ਉਪਜਾਉਣ ਵਾਲੇ ਹਨ।" ਸਾਹਿਬਜ਼ਾਦੇ ਦੇ ਪ੍ਰਕਾਸ਼ ਦੀ ਖੁਸ਼ੀ ਦੀ ਖ਼ਬਰ ਜਦੋਂ ਦੇਸ਼ ਦੇਸ਼ਾਂਤ੍ਰਰਾਂ ਵਿਚ ਪਹੁੰਚੀ ਤਾਂ ਸੰਗਤਾਂ ਨੇ ਥਾਂ ਥਾਂ ਤੇ ਜੈ ਜੈਕਾਰ ਕੀਤੀ। ਇਸ ਬਖ਼ਸ਼ਸ਼ ਦੇ ਸੋਮੇਂ ਦੇ ਪ੍ਰਕਾਸ਼ ਉਤਸ਼ਵ ਦੀ ਖੁਸ਼ੀ ਵਿਚ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਡਾਲੀ ਪਿੰਡ ਦੀ ਜੂਹ ਵਿਚ ਜਿਥੇ ਕਿ ਉਹ ਇਸ ਸਮੇਂ ਪ੍ਰਿਥਵੀ ਚੰਦ ਜੀ ਦੇ ਵਾਦ ਬਿਵਾਦ ਤੋਂ ਉਪ੍ਰਾਮ ਹੋ ਜਾ ਵਸੇ ਸਨ ਇਕ ਭਾਰਾ ਖੂਹ ਪੁਟਵਾਇਆ ਜਿਸ ਦੇ ਵਿਚ ਤੇ ਛੇ ਹਰਟ ਚਲਦੇ ਸਨ। ਸਤਿਗੁਰੂ ਜੀ ਨੇ ਇਸ ਖਿਆਲ ਨਾਲ ਕਿ ਜਿਥੇ ਵਡਾਲੀ ਦੀਆਂ ਸਿਖ ਸੰਗਤਾਂ ਦੇ ਹਿਰਦੇ ਗੁਰੂ ਆਗਮਨ ਕਰ ਕੇ ਸਤਿਸੰਗ ਦੇ ਅੰਮ੍ਰਿਤ ਜਲ ਨਾਲ ਸੈਰਾਬ ਹੋ ਰਹੇ ਸਨ, ਉਥੇ

ਉਨ੍ਹਾਂ ਲੋਕਾਂ ਦੇ ਖੇਤ ਭੀ ਸਿੰਜੀਦੇ ਰਹਿਣ। ਇਹ ਖੂਹ ਅੱਜ ਤਕ ਛੇਹਰਟਾ ਸਾਹਿਬ ਨਾਮ ਕਰਕੇ ਪ੍ਰਸਿਧ ਹੈ।

## ਨਿਰਾਰਥ ਵੈਰ

ਭਾਵੇਂ ਸਾਹਿਬਜ਼ਾਦੇ ਦੇ ਆਗਮਨ ਨੇ ਸਿਖ ਸੰਗਤਾਂ ਨੂੰ ਖੁਸ਼ੀਆਂ ਨਾਲ ਗਦ ਗਦ ਕਰ ਦਿਤਾ ਸੀ ਪਰ ਇਸ ਸੁਖ ਸਮਾਜ ਵਿਚ ਦੋ ਜੀ ਦੁਖੀ ਵੀ ਹੋ ਰਹੇ ਸਨ ਉਹ ਸਨ ਪ੍ਰਿਥਵੀ ਚੰਦ ਤੇ ਓਹਨਾਂ ਦੀ ਇਸਤ੍ਰੀ ਕਰਮੋ। ਜੋ ਕਰਮ ਵਸ ਅਨੰਦ ਦੇ ਅੰਮ੍ਰਿਤ ਸਰੋਵਰ ਤੇ ਬੈਠਕੇ ਭੀ ਈਰਖਾ ਦੀ ਬਿਖ ਖਾ ਜੀਵਨ ਤਲਖ਼ ਕਰ ਰਹੇ ਸਨ। ਕਰਮੋ ਨੇ ਦੁਖੀ ਹੋਕੇ ਆਪਣੇ ਪਤੀ ਨੂੰ ਕਿਹਾ—ਤੁਸੀਂ ਕਹਿੰਦੇ ਸਾਓ ਗੰਗਾ ਦੀ ਗੋਦ ਸੰਤਾਨ ਨਹੀਂ ਖੇਲਨੀ ਤੇ ਸਾਰਾ ਮਾਲ ਧਨ ਓੜਕ ਮੇਰੇ ਪੁਤ੍ਰ ਮੇਹਰਬਾਨ ਨੂੰ ਹੀ ਮਿਲੇਗਾ, ਪਰ ਇਹ ਕੀ ਬਣਿਆ। ਅੱਜ ਗੰਗਾ ਪੁੱਤ ਖਿਡਾ ਰਹੀ ਹੈ।

ਪ੍ਰਿ:—ਮੈਂ ਕੁਝ ਗਲਤ ਨਹੀਂ ਸੀ ਕਿਹਾ। ਉਹਨਾਂ ਨੇ ਰਹਿਣਾ ਤੇ ਔਤਰੇ ਹੀ ਸੀ ਪਰ ਕੀ ਕੀਤਾ ਜਾਏ, ਸੱਤ ਨੇ ਰੇਖ ਵਿਚ ਮੇਖ ਮਾਰ ਦਿਤੀ।

ਕਰਮੋ—ਫਿਰ ਹੁਣ ਕੀ ਬਣੇ ?

ਪ੍ਰਿ:—ਕਈ ਘਬਰਾਨ ਦੀ ਗਲ ਨਹੀਂ, ਮੈਂ ਪ੍ਰਬੰਧ ਕਰਦਾ ਹਾਂ ਤੇ ਇਸ ਦੋਖ ਦੇ ਬੂਟੇ ਦੀ ਅੰਗੂਰੀ ਹੀ ਖਤਮ ਕਰਦਾ ਹਾਂ। ਮੈਂ ਇਕ ਦਾਈ ਨੂੰ ਮਨਾ ਲਿਆ ਹੈ। ਭਾਂਵੇਂ ਰੁਪੈ ਤੇ ਕਾਫ਼ੀ ਦੇਣੇ ਪੈਣਗੇ ਉਹ ਵਡਾਲੀ ਜਾਵੇਗੀ ਤੇ ਬੱਚੇ

ਦੀ ਖਡਾਵੀ ਲੱਗ ਜ਼ਹਿਰ ਭਰੇ ਥਣਾਂ ਤੋਂ ਦੁੱਧ ਚੁੰਘਾ
ਉਸ ਨੂੰ ਖਤਮ ਕਰ ਦੇਵੇਗੀ।

ਕ:—ਹੱਛਾ ਜਿਸ ਤਰ੍ਹਾਂ ਵੀ ਬਣ ਪਵੇ ਕੋਈ ਉਪਾ ਕਰੋ। ਮੇਰੇ ਕਲੇਜੇ ਤਾਂ ਉਦੋਂ ਹੀ ਠੰਡ ਪਵੇਗੀ ਜਦੋਂ ਮੇਹਰਬਾਨ ਦਾ ਸ਼ਰੀਕ ਸਦਾ ਦੀ ਨੀਂਦੇ ਸੌਂ ਜਾਏਗਾ।

ਈਰਖਾ ਭਰੇ ਪ੍ਰਿਥੀ ਚੰਦ ਨੇ ਦੁਸ਼ਟ ਮਨਸੂਬਾ ਕਰਨ ਦੇ ਬਾਹਦ ਦਾਈ ਨੂੰ ਤੜਕੇ ਹੀ ਵਡਾਲੀ ਵੱਲ ਤੋਰ ਦਿਤਾ। ਜਿਸ ਨੇ ਜਾ ਸ੍ਰੀ ਮਾਤ ਗੰਗਾ ਜੀ ਦੇ ਚਰਨਾਂ ਵਿਚ ਨਿਮਸਕਾਰ ਕੀਤੀ ਤੇ ਕਿਹਾ, ਮੈਂ ਤੁਹਾਡੇ ਘਰ ਦੀ ਪੁਰਾਣੀ ਲਾਗਨ ਹਾਂ। ਭਾਂਵੇਂ ਤੁਸੀਂ ਅੰਮ੍ਰਿਤਸਰ ਛੱਡ ਆਏ ਹੋ ਪਰ ਅਸਾਂ ਗਰੀਬਾਂ ਤੋਂ ਤਾਂ ਤੁਹਾਡੇ ਘਰਾਂ ਦੀ ਝਾਕ ਨਹੀਂ ਛੁੱਟ ਸਕਦੀ। ਮੈਂ ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ਖ਼ਬਰੀ ਸੁਣਦੀ ਹੀ ਭੱਜੀ ਚਲੀ ਆਈ ਹਾਂ। ਭਲਾ ਹੋਇਆ ਰੱਬ ਨੇ ਭਾਗ ਲਾਇਆ। ਅੱਗੇ ਕਰਮੋ ਦੇ ਬੱਚੇ ਨੂੰ ਭੀ ਮੈਂ ਹੀ ਦੁੱਧ ਚੁੰਘਾਂਉਂਦੀ ਰਹੀ ਹਾਂ ਤੇ ਹੁਣ ਸਾਹਿਬਜ਼ਾਦੇ ਦੇ ਦੁੱਧ ਚੁੰਘਾਉਨ ਦੀ ਸੇਵਾ ਭੀ ਮੈਨੂੰ ਹੀ ਮਿਲਨੀ ਚਾਹੀਦੀ ਹੈ। ਦਯਾ ਮੂਰਤੀ ਸ੍ਰੀ ਮਾਤ ਗੰਗਾ ਜੀ ਨੇ ਉਸ ਦੀ ਨਿਮ੍ਰਤਾ ਭਰੀ ਬੇਨਤੀ ਪ੍ਰਵਾਨ ਕਰ ਲਈ ਤੇ ਸਾਹਿਬਜ਼ਾਦਾ ਉਸ ਦੀ ਗੋਦ ਵਿਚ ਦੇ ਦਿਤਾ ਪਰ ਜਦੋਂ ਉਹ ਆਪਣਾ ਥਣ ਬਾਲਕ ਦੇ ਮੂੰਹ ਵਿਚ ਦੇਣ ਲੱਗੀ ਤਾਂ ਬਾਲਕ ਨੇ ਰੋਣਾ ਚੀਖਣਾ ਸ਼ੁਰੂ ਕਰ ਦਿਤਾ ਤੇ ਥਣ ਨੂੰ ਮੂੰਹ ਤੱਕ ਨਾ ਲਾਇਆ। ਜਿਉਂ ਜਿਉਂ ਉਹ ਮੰਦ ਮਤੀ ਜ਼ੋਰ ਨਾਲ ਬਾਲਕ ਨੂੰ ਨੱਪ ਘੁੱਟਕੇ ਥਣ ਨੂੰ ਮੂੰਹ ਵਿਚ ਪਾਉਣ ਤੇ ਮਜਬੂਰ ਕਰੇ ਤਿਉਂ ਤਿਉਂ ਬਾਲਕ ਜ਼ਿਆਦਾ ਚੀਖੇ। ਅਜੇ ਇਹ ਦੁਸ਼ਟ

ਦਾਈ ਆਪਣੇ ਪਾਪ ਵਿਚ ਕਾਮਯਾਬ ਨਹੀਂ ਹੋਈ ਸੀ ਕਿ ਸਖ਼ਤ ਜ਼ਹਿਰ ਨੇ ਜੋ ਉਸ ਨੇ ਥਣਾਂ ਦੇ ਸਿਰੇ ਤੇ ਲਗਾ ਰੱਖਿਆ ਸੀ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਉਹ ਦੇਖਦਿਆਂ ੨ ਹੀ ਬੇਹੋਸ਼ ਹੋਕੇ ਜਾ ਪਈ । ਉਸ ਦੇ ਮੂੰਹ ਵਿਚ ਪਾਣੀ ਪਾਇਆ ਗਿਆ ਤੇ ਉਸ ਨੇ ਆਖਰੀ ਸੁਆਸ ਤੋੜਦਿਆਂ ਹੋਇਆਂ ਪ੍ਰਿਥੀ ਚੰਦ ਦੇ ਮਨਸੂਬੇ ਦਾ ਸਾਰਾ ਭੇਦ ਖੋਲ੍ਹ ਸੁਣਾਇਆ ਤੇ ਕਹਿਣ ਲੱਗੀ "ਮੈਂ ਇਕ ਸੌ ਰੁਪੈ ਬਦਲੇ ਆਪਣੀ ਦੀਨ ਦੁਨੀਆ ਗੁਆ ਬੈਠੀ ਹਾਂ।" ਇਹ ਗਲ ਕਹਿੰਦੀ ਕਹਿੰਦੀ ਹੀ ਉਹ ਪ੍ਰਾਨ ਤਿਆਗ ਗਈ। ਪ੍ਰਿਥੀ ਚੰਦ ਦੀ ਇਸ ਕਾਲੀ ਕਰਤੂਤ ਤੇ ਸਭ ਤਰਫ ਤੋਂ ਤ੍ਰਿਸਕਾਰਾਂ ਪਈਆਂ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਸੁਣਿਆ ਤਾਂ ਆਪਣੇ ਵਰੋਧੀਆਂ ਦਾ ਨਖੇਦ ਕਰਨ ਦੀ ਥਾਂ ਈਸ਼ਵਰ ਦੀ ਉਸਤਤ ਵਿਚ ਸ਼ੁਕਰਾਨੇ ਦਾ ਇਹ ਤੇ ਇਹੋ ਜਿਹੇ ਕਈ ਹੋਰ ਸ਼ਬਦ ਉਚਾਰੇ :–

ਆਸਾ ਮਹੱਲਾ ੫

ਗੁਰ ਪੂਰੇ ਰਾਖਿਆ ਦੇ ਹਾਥਿ ।
ਪ੍ਰਗਟ ਭਇਆ ਜਨ ਕਾ ਪ੍ਰਤਾਪ ।
ਹਰ ਗੁਰ ਜਪੀ ਗੁਰੂ ਗੁਰ ਧਿਆਈਂ।
ਜੀਆ ਕੀ ਅਰਦਾਸਿ ਗੁਰੂ ਪਹਿਪਾਈ।
ਰਹਾਉ। ਸਰਨ ਪਰੈ ਸਾਚੇ ਗੁਰ ਦੇਵ।
ਪੂਰਨ ਹੋਈ ਸਵਕ ਸੇਵ।
ਜੀਓ ਪਿੰਡ ਜੋਬਨ ਰਾਖਿ ਪ੍ਰਾਨ।
ਕਹੁ ਨਾਨਕ ਗੁਰੁ ਕਉ ਕੁਰਬਾਨ।

ਪ੍ਰਿਥੀ ਚੰਦ ਅਤੇ ਕਰਮੋ ਦਾ ਇਹ ਵਾਰ ਖਾਲੀ ਹੀ ਗਿਆ। ਸਾਹਿਬਜ਼ਾਦੇ ਨੂੰ ਤਾਂ ਤੱਤੀ ਵਾ ਭੀ ਨਾ ਲੱਗੀ ਤੇ ਉਹਨਾਂ ਦੀ ਬਦਨਾਮੀ ਚਾਰ ਕੂੰਟ ਵਿਚ ਹੋ ਗਈ। ਪਰ ਈਰਖਾ ਭਰੇ ਹਿਰਦਿਆਂ ਵਿਚੋਂ ਪਾਪ ਫਿਰ ਭੀ ਨਾ ਗਿਆ। ਅਜੇ ਬੱਚਾ ਦੋ ਬਰਸ ਦਾ ਹੀ ਹੋਇਆ ਸੀ ਕਿ ਓਹਨਾਂ ਨੇ ਇਕ ਹੀਲਾ ਹੋਰ ਕੀਤਾ। ਉਹ ਇਸ ਤਰ੍ਹਾਂ ਕਿ ਇਕ ਸਪਾਧੇ ਨੂੰ ਕੁਝ ਪੈਸੇ ਦੇ ਇਕ ਜ਼ਹਿਰੀ ਨਾਗ ਉਸ ਮਕਾਨ ਦੇ ਵਿਹੜੇ ਵਿਚ ਜਿਥੇ ਕਿ ਬਾਲਕ ਹਰਿ ਗੋਬਿੰਦ ਖੇਲ ਰਿਹਾ ਸੀ ਛੁਡਵਾ ਦਿਤਾ। ਪ੍ਰਿਥੀ ਚੰਦ ਤੇ ਸਪਾਧੇ ਦਾ ਖਿਆਲ ਸੀ ਕਿ ਨਾਗ ਬੱਚੇ ਨੂੰ ਕੱਟ ਖਾਏਗਾ। ਪਰ ਸਿਦਕ ਹੀਨ ਨਹੀਂ ਸੀ ਜਾਣਦੇ ਕਿ ਜਿਸ ਤੇ ਉਹ ਨਾਗ ਛੁਡਵਾ ਰਹੇ ਹਨ ਉਹ ਮਾਮੂਲੀ ਬੱਚਾ ਨਹੀਂ ਸਗੋਂ ਦੁਸ਼ਟ-ਦਮਨ, ਦਲ-ਭੰਜਨ, ਉਪਕਾਰੀ ਦਾ ਬਾਲਕ ਰੂਪ ਹੈ। ਸਾਧ ਬਚਨ ਅਟੱਲ ਸੀ, ਹੋਕੇ ਰਿਹਾ, ਹੋਨਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ" ਕਿਸੇ ਨੇ ਸੱਚ ਕਿਹਾ ਹੈ। ਸਾਹਿਬਜ਼ਾਦੇ ਨੇ ਰਿੜ੍ਹ ਕੇ ਸੱਪ ਨੂੰ ਸਿਰੀਉਂ ਜਾ ਫੜਿਆ ਤੇ ਉਸ ਦੀ ਸਿਰੀ ਇਤਨੇ ਜ਼ੋਰ ਨਾਲ ਧਰਤੀ ਤੇ ਮਲੀ ਕਿ ਉਹ ਤੱਤ ਛਿਨ ਮਰ ਗਿਆ। ਇਸ ਘਟਨਾ ਨੂੰ ਦੇਖ ਪਹਿਲਾਂ ਪ੍ਰਵਾਰ ਵਿਚ ਤੇ ਫਿਰ ਸੰਗਤਾਂ ਵਿਚ ਜੈ ਜੈਕਾਰ ਹੋਣ ਲੱਗੀ ਤੇ ਸਾਦਕਾਂ ਨੂੰ ਨਿਸਚਾ ਹੋ ਗਿਆ ਕਿ ਇਹ ਦੁਸ਼ਟ ਦਮਨ ਦਾ ਪਹਿਲਾ ਕੌਤਕ ਹੈ। ਜਿਸ ਤਰ੍ਹਾਂ ਬਾਲਕ ਰੂਪ ਵਿਚ ਹੀ ਜ਼ਹਿਰੀ ਨਾਗ ਦਾ ਸਿਰ ਕੁਚਲ ਦਿਤਾ ਨੇ ਏਸੇ ਤਰ੍ਹਾਂ ਹੀ ਆਯੂ ਭਰ ਦੁਸ਼ਟ ਦਲਾਂ ਦਾ ਖਾਤਮਾ ਕੀਤਾ ਕਰਨਗੇ।

ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਦੇ ਵਸਨੀਕਾਂ ਦੀ ਇਕ ਪੰਚਾਇਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਵਡਾਲੀ ਪੁੱਜੀ ਤੇ ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਾਪਸ ਆਉਣ ਲਈ ਬੇਨਤੀ ਕੀਤੀ। ਅੰਮ੍ਰਿਤਸਰੀ ਸਿਖਾਂ ਦੀ ਸ਼ਰਧਾ ਨੂੰ ਤੱਕ ਵਡਾਲੀ ਦੀ ਸੰਗਤ ਪਾਸੋਂ ਵਿਦਿਆ ਲੈ ਸਤਿਗੁਰੂ ਸ੍ਰੀ ਅੰਮ੍ਰਿਤਸਰ ਆਣ ਵੱਸੇ। ਸਾਹਿਬਜ਼ਾਦੇ ਸਮੇਤ ਸਤਿਗੁਰਾਂ ਦੇ ਅੰਮ੍ਰਿਤਸਰ ਆਗਮਨ ਤੇ ਸੰਗਤਾਂ ਨੂੰ ਬੜੀ ਭਾਰੀ ਖੁਸ਼ੀ ਹੋਈ ਤੇ ਘਰ ਘਰ ਵਿਚ ਦੀਪਮਾਲਾ ਕੀਤੀ ਗਈ। ਭਾਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਪੁਜਦਿਆਂ ਹੀ ਪ੍ਰਿਥੀ ਚੰਦ ਜੀ ਨੂੰ ਵੱਡਾ ਭਾਈ ਸਮਝ ਜਾ ਨਿਮਸਕਾਰਿਆ ਤੇ ਸਾਹਿਬਜ਼ਾਦੇ ਨੂੰ ਭੀ ਜਾ ਕੇ ਉਸ ਦੇ ਚਰਨਾਂ ਤੇ ਪਾਇਆ, ਉਸਨੇ ਵਖਾਵੇ ਹਿਤ ਬਚੇ ਨੂੰ ਚੁਕਿਆ ਭੀ, ਪਿਆਰ ਭੀ ਕੀਤਾ ਤੇ ਅਸੀਸ ਭੀ ਦਿਤੀ, ਪਰ ਦਿਲੋਂ ਵਾਦ ਨਾ ਗੁਆਇਆ। ਪ੍ਰਿਥੀ ਚੰਦ ਦੀ ਛਾਤੀ ਵਿਚ ਧੁਖ ਰਹੀ ਈਰਖਾ ਦੀ ਅਗਨੀ ਨੂੰ ਉਸ ਦੀ ਇਸਤ੍ਰੀ ਕਰਮੋਂ ਹਮੇਸ਼ਾਂ ਤਾਨਿਆਂ ਦੀ ਹਵਾ ਦੇ ਦੇ ਭੜਕਾਂਦੀ ਰਹਿੰਦੀ ਸੀ। ਉਹ ਆਮ ਤੌਰ ਤੇ ਕਿਹਾ ਕਰਦੀ ਸੀ, "ਹੁਣ ਗੱਦੀ ਦਾ ਮਾਲਕ ਜੰਮ ਪਿਆ ਹੈ, ਮੋਹਰਬਾਨ ਨੂੰ ਕਿਸ ਨੇ ਪੁਛਣਾ ਹੈ।" ਉਹ ਦੋਵੇਂ ਜੀ ਹੌਕੇ ਲੈ ਲੈ ਦਿਨ ਗੁਜ਼ਾਰਦੇ ਸਨ। ਜਾਂ ਇਕ ਦਿਨ ਉਹਨਾਂ ਨੂੰ ਇਹ ਸੋ ਸੁਣ ਕੇ ਧਰਵਾਸ ਹੋਇਆ ਕਿ ਸਾਹਿਬਜ਼ਾਦੇ ਨੂੰ ਚੀਚਕ ਨਿਕਲ ਆਈ ਹੈ। ਚੀਚਕ ਵੀ ਬੜੇ ਜ਼ੋਰ ਦੀ ਨਿਕਲੀ ਸੀ, ਬੁਖ਼ਾਰ ਤੇ ਬੇਹੋਸ਼ੀ ਦਾ ਬੜਾ ਜ਼ੋਰ ਸੀ, ਤਨ ਸਾਰਾ ਚੀਚਕ ਨਾਲ ਭਰ ਰਿਹਾ ਸੀ, ਅੱਖਾਂ ਵਿਚੋ ਲਾਟਾਂ ਨਿਕਲ ਰਹੀਆਂ ਸਨ ਤੇ ਘੂਕੀ ਬਹੁਤ ਹੋ ਰਹੀ ਸੀ।

ਸ੍ਰੀ ਮਾਤ ਗੰਗਾ ਜੀ ਦੀ ਅਵਸਥਾ ਸਾਹਿਬਜ਼ਾਦੇ ਵੱਲ ਤੱਕ ਤੱਕ ਕੇ ਉਹੋ ਹੀ ਹੋ ਰਹੀ ਸੀ ਜਿਹੜੀ ਕਿ ਇਕ ਬੱਚੇ ਦੀ ਮਾਂ ਦੀ ਅਜੇਹੀ ਹਾਲਤ ਵਿਚ ਹੋਣੀ ਚਾਹੀਦੀ ਹੈ, ਜਿਸ ਨੂੰ ਕਿ ਬੱਚਾ ਭੀ ਬੜਿਆਂ ਤਰਲਿਆਂ ਤੇ ਜੋਦੜੀਆਂ ਨਾਲ ਲੱਭਾ ਹੋਵੇ। ਸ੍ਰੀ ਗੁਰੂ ਅਰਜਨ ਦੇਵ ਜੀ ਉਹਨਾਂ ਦੀ ਇਸ ਅਵਸਥਾ ਨੂੰ ਦੇਖ ਕੇ ਧੀਰਜ ਦੇਂਦੇ ਸਨ:—

"ਸੁਣ ਦੇਤ ਧੀਰ ਨਹਿ ਕਰੋ ਤ੍ਰਾਸ,
ਇਕ ਪਾਰ ਬ੍ਰਹਮ ਕੀ ਧਰੋ ਆਸ॥
ਗੁਰੂ ਨਾਨਕ ਇਨ ਕੇ ਨਿਤ ਸਹਾਏ,
ਜਿਨ ਨਾਮ ਜਪੇ ਸਭ ਕਸ਼ਟ ਜਾਏ॥"

ਭਾਵੇਂ ਬਾਲਕ ਦੀ ਇਸ ਅਵਸਥਾ ਨੂੰ ਤੱਕ ਗਲੀ ਗੁਆਂਢ ਦੀਆਂ ਇਸਤ੍ਰੀਆਂ ਨੇ ਸ੍ਰੀ ਮਾਤ ਗੰਗਾ ਜੀ ਨੂੰ ਪ੍ਰੇਰਿਆ ਕਿ ਉਹ ਪੁਰਾਨਕ ਹਿੰਦੂਆਂ ਦੀ ਰੀਤੀ ਅਨੁਸਾਰ ਸੀਤਲਾ ਦੀ *ਪੂਜਾ ਕਰਨ ਪਰ ਸ੍ਰੀ ਗੁਰੂ ਜੀ ਨੇ ਏਹੋ ਜਹੇ ਮਸ਼ਵਰੇ ਹੁੰਦੇ

---

*ਸਿਖ ਇਤਿਹਾਸ ਦਾ ਉਹ ਭਾਗ ਜੋ ਸਿੰਘ ਰਾਜ ਦੇ ਆਖਰੀ ਦਿਨਾਂ ਵਿਚ ਜੋ ਕੁਝ ਚਿਰ ਪਿਛੋਂ ਲਿਖਿਆ ਗਿਆ ਹੈ, ਉਸ ਤੇ ਬ੍ਰਾਹਮਨਕ ਮੱਤ ਦਾ ਪ੍ਰਛਾਵਾਂ ਵਧੇਰੇ ਹੈ। ਭਾਵੇਂ ਸਾਡੇ ਤਕ ਉਸ ਸਮੇਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਭੀ ਅਸਲ ਰੂਪ ਵਿਚ ਨਹੀਂ ਪੁੱਜੀਆਂ ਤੇ ਉਹਨਾਂ ਵਿਚੋਂ ਬਹੁਤ ਸਾਰੀ ਮਿਲਾਵਟ ਹੋਈ ਹੋਈ ਖੋਜੀਆਂ ਨੇ ਦੱਸੀ ਹੈ। ਪਰ ਇਸ ਗੱਲ ਤੋਂ ਭੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੰਘ ਰਾਜ ਦੇ ਸਮੇਂ ਡੋਗਰਾ ਪਾਰਟੀ ਦਾ ਜ਼ੋਰ ਹੋਣ ਕਰ ਕੇ ਜੋ ਪ੍ਰਵਿਰਤੀ ਬ੍ਰਾਹਮਨਕ ਮੱਤ ਦੀ ਸਿਖ ਘਰਾਣਿਆਂ ਵਿਚ ਆ ਗਈ ਸੀ, ਉਸ ਦਾ ਪ੍ਰਭਾਵ ਦੇਰ ਤਕ ਰਿਹਾ। ਸੱਚ ਪੁਛੋ ਤਾਂ ਉਸ ਪ੍ਰਛਾਵੇਂ ਨੂੰ ਸਿੰਘ ਸਭਾ ਦੇ ਸੂਰਜ ਨੇ ਹੀ ਉਡਾਇਆ। ਇਹੀ

[ਬਾਕੀ ਦੇਖੋ ਫੁਟ ਨੋਟ ਸਫਾ ੨੭]

ਸੁਣ ਸਭ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਸ਼ਬਦ ਉਚਾਰਿਆ:-

ਸਦਾ ਸਦਾ ਹਰਿ ਜਾਪੇ,
ਪ੍ਰਭਿ ਬਾਲਕ ਰਾਖੇ ਆਪੇ ॥
ਸੀਤਲਾ ਠਾਕ ਰਹਾਈ,
ਬਿਘਨ ਗਏ ਹਰਿ ਨਾਈ ॥

---

[ਸਫਾ ੨੬ ਦੇ ਫੁਟ ਨੋਟ ਦੀ ਬਾਕੀ]

ਸਮੇਂ ਤੇ ਸ੍ਰੀ ਮਾਤ ਗੰਗਾ ਜੀ ਦਾ ਆਪਣੀਆਂ ਸੰਗ ਸਹੇਲੀਆਂ ਸਹਿਤ ਦਰਗਿਆਨੇ ਮੰਦਰ ਜਾ ਸੀਤਲਾ ਦੀ ਪੂਜਾ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਪਰ ਇਤਿਹਾਸ ਦੇ ਖੋਜੀ ਨੂੰ ਇਹ ਲਿਖਤ ਭਾਵੇਂ ਗ੍ਰੰਥ ਕਰਤਾ ਦੀ ਲਿਖੀ ਹੋਈ ਹੈ ਤੇ ਭਾਵੇਂ ਕਿਸੇ ਹੋਰ ਦੀ। ਜੇਹਾ ਭਾਈ ਸਾਹਿਬ ਵੀਰ ਸਿੰਘ ਜੀ ਦਾ ਖਿਆਲ ਹੈ ਕਿ ਪਿਛੋਂ ਮਿਲਾਵਟ ਕੀਤੀ ਹੈ, ਟਪਲਾ ਨਹੀਂ ਦੇ ਸਕਦੀ।

ਸੂਰਜ ਪ੍ਰਕਾਸ਼ ਨੂੰ ਹੀ ਲੈ ਲਓ। ਪਹਿਲਾਂ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ੍ਰੀ ਮੁਖਵਾਕ ਬਾਣੀ ਦੇ ਹੁੰਦਿਆ ਹੋਇਆਂ ਇਕ ਸਿਖ ਲਿਖਾਰੀ ਕੋਈ ਹੋਰ ਲਿਖਤ ਪ੍ਰਵਾਨ ਹੀ ਨਹੀਂ ਕਰ ਸਕਦਾ। ਜਦ ਸਤਿਗੁਰਾਂ ਨੇ ਸ੍ਰੀ ਮਾਤ ਗੰਗਾ ਜੀ ਦੇ ਸਾਹਿਬਜ਼ਾਦੇ ਦੀ ਬੀਮਾਰੀ ਤਕ ਘਾਬਰਨ ਸਮੇਂ ਭੀ ਇਹੀ ਕਿਹਾ ਕਿ ਤੁਸੀਂ ਇਸ ਪਾਰਬ੍ਰਹਮ ਦੀ ਆਸ ਹੀ ਧਰੋ ਤੇ ਗੁਰੂ ਨਾਨਕ ਦੇਵ ਦੀ ਸਹਾਇਤਾ ਮੰਗੋ ਤੇ ਫਿਰ ਭਰਮੀਆਂ ਨੂੰ ਭੀ ਫਰਮਾਇਆ-

"ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥
ਭਰਮ ਗਏ ਪੂਰਨ ਭਈ ਸੇਵ ॥ ੧ ਰਹਾਉ ॥
ਸੀਤਲਾ ਤੇ ਰਾਖਿਆ ਬਿਹਾਰੀ ॥
ਪਾਰਬ੍ਰਹਮ ਪ੍ਰਭਿ ਕਿਰਪਾ ਧਾਰੀ ॥

(ਬਾਕੀ ਦੇਖੋ ਫੁਟ ਨੋਟ ਸਫਾ ੨੮)

ਮੇਰਾ ਪ੍ਰਭਿ ਹੋਇਆ ਸਦਾ ਦਿਆਲਾ,
ਅਰਦਾਸ ਸੁਨੀ ਭਗਤ ਆਪਨੇ ਕੀ
ਸਭ ਜੀ ਭਇਆ ਕਿਰਪਾਲਾ ॥ ਰਹਾਉ ॥
ਪ੍ਰਭਿ ਕਰਨ ਕਾਰਨ ਸਮਰਥਾ,
ਹਰਿ ਸਿਮਿਰਤ ਸਭ ਦੁਖ ਲਾਥਾ ॥
ਆਪਨੇ ਦਾਸ ਕੀ ਸੁਨੀ ਬੇਨਤੀ,
ਸਭ ਨਾਨਕ ਸੁਖ ਸਵੰਤੀ ॥

---

(ਸਫ਼ਾ ੨੭ ਦੇ ਫੁਟ ਨੋਟ ਦੀ ਬਾਕੀ)

ਨਾਨਕ ਨਾਮ ਜਪੇ ਸੋ ਜੀਵੇ ॥
ਸਾਧ ਸੰਗਤ ਹਰਿ ਅੰਮ੍ਰਿਤ ਪੀਵੇ ॥

ਤਾਂ ਫਿਰ ਸਮਝ ਨਹੀਂ ਆਉਂਦੀ ਕਿ ਗੁਰੂ ਚਰਨਾਂ ਦੇ ਅਨਿਨ ਭਗਤ ਸ੍ਰੀ ਕਵਿ ਸ਼੍ਰੋਮਣ ਭਾਈ ਸੰਤੋਖ ਸਿੰਘ ਜੀ ਇਹ ਕਿਸ ਤਰ੍ਹਾਂ ਮੰਨ ਸਕਦੇ ਸਨ ਕਿ ਸਤਿਗੁਰੂ ਦੇ ਇਨ੍ਹਾਂ ਬਚਨਾਂ ਦੇ ਬਾਅਦ ਭੀ ਪਤੀਬ੍ਰਤਿ ਸ੍ਰੀ ਮਾਤ ਗੰਗਾ ਜੀ ਨੇ ਲੋਕਾਂ ਦੇ ਆਖੇ ਅਖਾਏ ਪਤੀ ਆਗਿਆ ਦਾ ਉਲੰਘਣ ਕਰ ਸੀਤਲਾ ਪੂਜਾ ਦੀ ਮਨਮਤਿ ਕੀਤੀ ਹੋਵੇਗੀ ਤੇ ਵਾਧਾ ਇਹ ਹੈ ਕਿ ਇਸੇ ਹੀ ਲਿਖਾਰੀ ਨੇ ਆਪਣੀਆਂ ਪਹਿਲੀਆਂ ਲਿਖਤਾਂ ਵਿਚ ਕਈ ਵੇਰ ਇਹ ਲਿਖਿਆ ਹੈ ਕਿ ਦੇਵੀ ਗੁਰੂ ਘਰ ਦੀ ਦਾਸੀ ਹੈ । ਸ੍ਰੀ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਸਮੇਂ ਦੇਵੀ ਦੀ ਪੁਰਾਣੀ ਭਗਤੀ ਨੂੰ ਤਿਆਗ ਦਿਤਾ ਤੇ ਹੋਰ ਕਈ ਗੁਰ ਸਿੱਖਾਂ ਨੇ ਇਥੋਂ ਤਕ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਪਣੇ ਸਿੱਖ ਭਾਈ ਭੈਰੋਂ ਨੇ (ਦਬਿਸਤਾਨੇ-ਮਜ਼ਾਹਿਬ ਵਿਚ) ਲਿਖਿਆ ਹੈ ਕਿ ਦੇਵੀ ਜੀ ਦੀ ਮੂਰਤੀ ਦਾ ਨੱਕ ਤੋੜ ਦਿਤਾ ਤੇ ਦੇਵੀ ਉਪਾਸ਼ਕਾਂ ਦੇ ਸਤਿਗੁਰਾਂ ਕੋਲ ਗਿਲਾ ਕਰਨ ਤੇ ਕਿਹਾ ਕਿ ਜੇ ਮੈਂ ਇਹ ਦੋਸ਼ ਕੀਤਾ ਹੈ ਤਾਂ ਦੇਵੀ ਨੂੰ ਹੀ ਪੁਛ ਲਵੋ । ਬੁਤ ਪ੍ਰੱਸਤ ਇਹ ਗੱਲ ਸੁਣ ਕੇ ਹੈਰਾਨ ਹੋ ਗਏ । ਫਿਰ ਇਹ ਸੀਤਲਾ ਪੂਜਣ ਦੀ ਕਥਾ

(ਬਾਕੀ ਦੇਖੋ ਫੁਟ ਨੋਟ ਸਫ਼ਾ ੨੯)

ਸੱਚੇ ਪਾਤਸ਼ਾਹ ਜੀ ਦੇ ਵਾਕ ਸਤ ਹੋਏ ਤੇ ਬਿਮਾਰੀ ਆਪਣਾ ਚੱਕਰ ਪੂਰਾ ਕਰ ਮਾਤ ਪੈ ਗਈ ਅਤੇ ਸਾਰੇ ਪ੍ਰਵਾਰ ਵਿਚ ਭਾਰੀ ਪ੍ਰਸੰਨਤਾ ਹੋਈ ਤੇ ਇਸ ਖੁਸ਼ੀ ਵਿਚ ਨਗਰ ਨਿਵਾਸੀਆਂ ਨੇ ਫਿਰ ਦੀਪ ਮਾਲਾ ਕੀਤੀ।

ਕਰਮੋਂ ਤੇ ਪ੍ਰਿਥਵੀ ਨੇ ਅਜੇ ਭੀ ਆਪਣੀ ਦੁਸ਼ਟ ਚਾਲ ਨਾ ਛੱਡੀ ਤੇ ਕੁਝ ਦਿਨਾਂ ਬਾਅਦ ਇਕ ਬ੍ਰਾਹਮਣ ਨੂੰ ਭਾਰੀ ਲੋਭ ਦੇ ਕੇ ਪ੍ਰੇਰਿਆ ਕਿ ਉਹ ਸਾਹਿਬਜ਼ਾਦੇ ਦਾ ਘਾਤ ਕਰੇ। ਪੰਜ ਸੌ ਰੁਪਿਆ ਪੇਸ਼ਗੀ ਲੈ ਕੇ ਬ੍ਰਾਹਮਣ ਨੇ ਇਸ ਪਾਪ ਮਨਸੂਬੇ ਦੀ ਪੂਰਤੀ ਹਿਤ ਤਿਆਰੀ ਕਰ ਲਈ। ਉਸ ਨੇ ਤੇਜ਼ ਜ਼ਹਿਰ ਪੀਹ

---

(ਸਫ਼ਾ ੨੮ ਦੇ ਫੁਟ ਨੋਟ ਦੀ ਬਾਕੀ)

ਕਿਸ ਤਰ੍ਹਾਂ ਕਵੀ ਸੰਤੋਖ ਸਿੰਘ ਜੀ ਨੇ ਆਪਣੀ ਪੁਸਤਕ ਵਿਚ ਲਿਖੀ ਹੋਵੇਗੀ। ਇਹ ਨਿਸਚਾ ਪਿਛੋਂ ਦੀ ਮਿਲਾਵਟ ਹੈ ਤੇ ਏਹੋ ਹੀ ਨਿਸਚਾ ਸਾਨੂੰ ਗੁਰ ਬਿਲਾਸ ਤੇ ਦੂਸਰੀਆਂ ਅਜੇਹੀਆਂ ਲਿਖਤਾਂ ਦੇ ਮੁਤਅਲਕ ਭੀ ਕਰਨਾ ਪਵੇਗਾ। ਇਕ ਵਾਕੇ ਦੀ ਗੱਲ ਹੋਰ ਹੈ ਕਿ ਦੁਰਗਿਆਣੇ ਮੰਦਰ ਦਾ ਉਸ ਸਮੇਂ ਬਣਿਆ ਹੋਇਆ ਹੋਣਾ ਭੀ ਸਿਧ ਨਹੀਂ ਹੋ ਸਕਦਾ; ਜਿਹਾ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁ: ਪ੍ਰ: ਸੂ: ਗ੍ਰੰ: ਦੇ ਸਫ਼ਾ ੧੯੫੩ ਦੀ ਹੇਠਲੀ ਟੂਕ ਵਿਚ ਲਿਖਿਆ ਹੈ—

"ਫਿਰ ਗੁਰ ਰਾਮਦਾਸ ਚੱਕ, ਤਦੋਂ ਨਵਾਂ ਬੱਝਾ ਸੀ, ਲਗ ਪਗ ਗਿਆਰਾਂ ਕੁ ਵਰ੍ਹੇ ਹੋਏ ਸਨ ਤੇ ਹਰਮੰਦਰ ਤਾਂ ਹੁਣੇ ਹੀ ਬਣਿਆ ਸੀ, ਨਵੀਂ ਵਸੋਂ ਅਤਿ ਥੋੜ੍ਹੀ ਸੀ। ਉਦੋਂ ਵਸੋਂ ਤੋਂ ਦੋ ਮੀਲ ਪਰੇ ਉਜਾੜ ਵਿਚ ਦੁਰਗਾ ਮੰਦਰ ਬਨਣਾ ਕਦੋਂ ਸੰਭਵ ਸੀ? ਕਿਲ੍ਹੇ ਸ਼ਹਿਰਾਂ ਦੀ ਰੱਛਾ ਵਾਸਤੇ ਸ਼ਹਿਰਾਂ ਤੋਂ ਵਿੱਥ ਤੇ ਵਸਾਏ ਜਾਂਦੇ ਹਨ। ਗੁਰੂ ਹਰਗੋਬਿੰਦ ਜੀ ਨੇ ਲੋਹਗੜ੍ਹ ਦਾ ਕਿਲ੍ਹਾ ਬਣਾਇਆ। ਇਹ ਮੰਦਰ ਇਸ ਕਿਲ੍ਹੇ ਤੋਂ ਭੀ ਪਰੇ ਹੈ। ਕਦੇ ਹੋ ਸਕਦਾ ਹੈ ਕਿ ਏਡੀ ਦੂਰ, ਏਡੀ ਉਜਾੜ ਵਿਚ, ਏਨੀ ਥੋੜ੍ਹੀ ਤੇ ਨਵੀਂ

(ਬਾਕੀ ਦੇਖੋ ਫੁਟ ਨੋਟ ਸਫ਼ਾ ੩੦)

ਕੇ ਪੁੜੀ ਆਪਣੇ ਬੋਝੇ ਵਿਚ ਪਾ ਲਈ। ਉਹ ਦਿਨ ਭਰ ਗੁਰੂ ਕੇ ਮਹਿਲਾਂ ਦੇ ਦਵਾਲੇ ਚੱਕਰ ਕੱਢਦਾ ਰਿਹਾ ਤੇ ਜਦੋਂ ਮਾਤਾ ਜੀ ਨੇ ਬਾਹਰ ਖੇਡ ਰਹੇ ਬਾਲਕ ਲਈ ਇਕ ਸੇਵਕ ਦੇ ਹੱਥੋਂ ਦੁਧ ਪਿਲਾਉਣ ਲਈ ਭੇਜਿਆ ਤਾਂ ਨੀਚ ਬ੍ਰਾਹਮਣ ਨੇ ਸੇਵਕ ਨੂੰ ਗੱਲੀਂ ਪਾ ਚਲਾਕੀ ਨਾਲ ਉਹ ਪੁੜੀ ਦੁਧ ਵਿਚ ਝਾੜ ਦਿਤੀ

---

(ਸਫਾ ੨੯ ਦੇ ਫੁਟ ਨੋਟ ਦੀ ਬਾਕੀ)

ਵੱਸੋਂ ਵਾਲਿਆਂ ਦਾ ਜੋ ਸਾਰੇ ਬੁਤ ਪ੍ਰਸਤੀ ਦੇ ਵਿਰੋਧੀ ਤੇ ਹਰਮੰਦਰ ਦੇ ਉਪਾਸ਼ਕ ਹੋਣ, ਕਿਸੇ ਹੋਰ ਦਿਉਤੇ ਦਾ ਮੰਦਰ ਏਡੀ ਛੇਤੀ ਬਣ ਜਾਵੇ ?" ਅਗੇ ਚੱਲ ਕੇ ਆਪ ਲਿਖਦੇ ਹਨ, ਦੁਰਗਿਆਣੇ ਦੀ ਪੜਤਾਲ ਕਰੀਏ ਤਾਂ ਇਹ ਤਾਲਾਬ ਹੈ ਜਿਸ ਦੀ ਸ਼ਹਿਰ ਦੀ ਦਿਸ਼ਾ ਦੀ ਬਾਹੀ ਵੱਲੋ ਦੋ ਥੰਮਾਂ ਦੇ ਵਿਚਕਾਰ ਇਕ ਦਿਵਾਰ ਉਤੇ ਇਹ ਖੁਤਬਾ ਲਿਖਿਆ ਹੈ—

ਬਾਨੀਏ ਤਾਲਾਬ ਦੁਰਗਿਆਨਾ ਲਾਲਾ ਬਾਂਸੀ ਰਾਮ<br>
ਵਲਦ ਸ਼ਿਵਰਾਮ ਦਾਸ ਬਿਨਮਾਲੀ ਮੱਲ, ਬਿਨਮਲੀ ਰਾਮ<br>
ਉਰਫ ਭਸੀਨ ਖੱਤਰੀ ਸਾਕਨ ਲਾਹੌਰ, ਗੁਜਰ ਤਾਲਵਾੜਾ<br>
ਮਿਨ ਇਬਤਦਾਏ ਅੱਵਲ ਮਾਘ ਸੰਮਤ ੧੯੦੫ ਬਿ:<br>
ਹਿਜਰੀ ੧੨੬੫ ਬਿਨਾ ਕਰਦਾ ਸ਼ੁਦ।

ਉਪਰ ਦਿੱਤੀ ਲਿਖਤ ਤੋਂ ਇਹ ਸਪੱਸ਼ਟ ਪਤਾ ਲਗਦਾ ਹੈ ਕਿ ਦੁਰਗਿਆਣੇ ਦਾ ਤਾਲਾਬ ੧੯੦੫ ਬਿ: ਵਿਚ ਬਣਿਆ। ਮੰਦਰ ਦੀ ਇਮਾਰਤ ਭੀ ਬਹੁਤ ਪੁਰਾਣੀ ਨਹੀਂ ਜਾਪਦੀ। ਗੱਲ ਕੀ ਜਿਥੇ ਗੁਰੂ ਕੇ ਬਚਨਾਂ ਤੋਂ, ਜੋ ਸਭ ਤੋਂ ਵਧ ਪ੍ਰਮਾਣ ਹਨ, ਇਹ ਸਿਧ ਹੁੰਦਾ ਹੈ ਕਿ ਸਾਹਿਬਜ਼ਾਦੇ ਨੂੰ ਚੀਚਕ ਨਿਕਲਣ ਸਮੇਂ ਗੁਰੂ ਘਰ ਵਿਚ ਕੇਵਲ ਪ੍ਰਮੇਸ਼ਰ ਦਾ ਹੀ ਆਸਰਾ ਤੱਕਿਆ ਗਿਆ ਤੇ ਬਾਲਕ ਦੇ ਅਰੋਗ ਹੋਣ ਸਮੇਂ ਪਾਰਬ੍ਰਹਮ ਦਾ ਹੀ ਧੰਨਵਾਦ ਕੀਤਾ ਗਿਆ, ਉਥੇ ਇਤਿਹਾਸਕ ਪੜਚੋਲ ਦੁਆਰਾ ਉਸ ਸਮੇਂ ਦੁਰਗਿਆਣੇ ਦੇ ਮੰਦਰ ਦਾ ਹੀ ਨਾ ਹੋਣਾ ਇਸ ਸਾਰੀ ਮਨਮਤ ਦੀ ਕਥਾ ਦਾ ਖ਼ਾਤਮਾ ਕਰ ਦਿੰਦਾ ਹੈ।

ਪਰ ਜਦੋਂ ਅਡੋਲ ਸੇਵਕ ਸੁਜਾਨ ਬਾਲਕ ਨੂੰ ਵਿਹੋ ਭਰਿਆ ਦੁਧ ਪਿਲਾਉਣ ਲੱਗਾ ਤਾਂ ਉਸ ਨੇ ਇਨਕਾਰ ਕਰ ਦਿਤਾ। ਕਰਾਏ ਦੇ ਕਾਤਲ ਬ੍ਰਾਹਮਣ ਦੁਨੀ ਚੰਦ ਨੇ ਬੱਚੇ ਨੂੰ ਬਹੁਤ ਪ੍ਰੇਰਨਾ ਕੀਤੀ ਤੇ ਜਦ ਕੁਛੜ ਲੈ ਕੇ ਪਿਲਾਣ ਲੱਗਾ ਤਾਂ ਸਾਹਿਬਜ਼ਾਦੇ ਨੇ ਚੀਕ ਮਾਰੀ। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਜੋ ਕਿਤੇ ਲਾਗੇ ਹੀ ਸਨ, ਸਿਰ ਤੇ ਆ ਪੁੱਜੇ ਤੇ ਬੱਚੇ ਨੂੰ ਬ੍ਰਾਹਮਣ ਦੇ ਕੁਛੜੋਂ ਲੈ ਲਿਆ। ਸਤਿਗੁਰਾਂ ਨੇ ਅਜਨਬੀ ਬ੍ਰਾਹਮਣ ਤੇ ਸ਼ੱਕ ਕਰਦਿਆਂ ਹੋਇਆਂ ਉਹ ਦੁਧ ਇਕ ਕੁੱਤੇ ਨੂੰ ਪਾਇਆ ਤਾਂ ਉਹ ਕੁੱਤਾ ਫੜੱਕ ਫੁੜਕ ਪਿਆ। ਇਸ ਤਰ੍ਹਾਂ ਭਾਵੇਂ ਪ੍ਰਿਥੀ ਚੰਦ ਦੇ ਨਿਰਾਰਥ ਵੈਰ ਦਾ ਆਖ਼ਰੀ ਭਾਂਡਾ ਭੀ ਫੁਟ ਗਿਆ ਪਰ ਸ੍ਰੀ ਸਤਿਗੁਰਾਂ ਨੇ ਆਪਣੇ ਸ਼ਾਂਤ ਸੁਭਾਵ ਅਨੁਸਾਰ ਉਹਨਾਂ ਨੂੰ ਕੋਈ ਰੁੱਖਾ ਬਚਨ ਨਾ ਕਿਹਾ। ਪਾਪੀ ਬ੍ਰਾਹਮਣ ਭੀ ਆਪਣੇ ਕਰਮ ਦਾ ਫਲ ਭੋਗਦਾ ਹੋਇਆ ਪੇਟ ਦੇ ਸੂਲ ਨਾਲ ਨਰਕ-ਗਾਮੀ ਹੋ ਗਿਆ। ਸਤਿਗੁਰਾਂ ਨੇ ਇਸ ਸਾਰੀ ਘਟਨਾ ਤੇ ਇਹ ਸ਼ਬਦ ਉਚਾਰਿਆ:-

ਭੈਰੋਂ ਮਹਲਾ ੫

ਲਿਪ ਨਾ ਲਾਗੇ ਤਿਲ ਕਾ ਮੂਲ।
ਦੁਸ਼ਟ ਬ੍ਰਾਹਮਨ ਮੂਆ ਹੋ ਕੇ ਸੂਲ॥
ਹਰਜਨ ਰਾਖੇ ਪਾਰ ਬ੍ਰਹਮ ਆਪ।
ਪਾਪੀ ਮੂਆ ਗੁਰ ਪ੍ਰਤਾਪ ॥ ੧ ॥ ਰਹਾਉ ॥
ਆਪਨਾ ਖਸਮ ਜਨਿ ਆਪਿ ਧਿਆਇਆ।
ਅਞਾਨਾ ਪਾਪੀ ਉਹ ਆਪ ਪੁਚਾਇਆ ॥ ੧ ॥
ਪ੍ਰਭਿ ਮਾਤ ਪਿਤਾ ਆਪਨੇ ਦਾਸ ਕਾ ਰਖਵਾਲਾ।

ਨਿੰਦਕ ਕਾ ਮਾਥਾ ਈਆਂ ਊਆਂ ਕਾਲਾ ॥ ੩ ॥
ਜਨ ਨਾਨਕ ਕੀ ਪ੍ਰਮੇਸ਼ਰ ਸੁਨੀ ਅਰਦਾਸਿ ।
ਮਲੇਛ ਪਾਪੀ ਪਚਿਆ ਭਇਆ ਨਿਰਾਸ ॥ ·

# ਵਿਦਿਆ

ਪ੍ਰਿਥੀਏ ਦੀਆਂ ਚਾਲਾਂ ਰਾਹੀਂ ਕੀਤੇ ਹੋਏ ਹੱਲਿਆਂ, ਚੀਚਕ ਦੀ ਬੀਮਾਰੀ ਅਤੇ ਤਾਪ ਦੇ ਸੰਤਾਪ ਤੋਂ ਪ੍ਰਮੇਸ਼੍ਵਰ ਅੰਤਰਯਾਮੀ ਨੇ ਹਮੇਸ਼ਾਂ ਆਪਣੀ ਕ੍ਰਿਪਾ ਦਾ ਹੱਥ ਦੇ ਕੇ ਰਖਿਆ ਕੀਤੀ। ਹੁਣ ਯੋਗ ਅਵਸਥਾ ਹੋ ਜਾਣ ਕਰ ਕੇ ਸਾਹਿਬਜ਼ਾਦੇ ਨੂੰ ਪੜ੍ਹਾਉਣ ਦਾ ਤਰੱਦਦ ਹੋਣ ਲਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸੰਬੰਧ ਵਿਚ ਪਹਿਲੇ ਆਪਣੇ ਬੜੇ ਭਾਈ ਸ੍ਰੀ ਮਹਾਂਦੇਵ ਜੀ ਨਾਲ ਮਸ਼ਵਰਾ ਕੀਤਾ ਤੇ ਫਿਰ ਸੰਗਤ ਦੀ ਰਾਏ ਪੁਛੀ। ਸਾਰਿਆਂ ਦੀ ਮਿਲਵੀਂ ਸਲਾਹ ਇਹੋ ਬਣੀ ਕਿ ਸਾਹਿਬਜ਼ਾਦੇ ਨੂੰ ਪੜ੍ਹਾਉਣ ਦਾ ਕੰਮ ਬਾਬਾ ਬੁੱਢਾ ਜੀ ਦੇ ਸਪੁਰਦ ਕੀਤਾ ਜਾਵੇ, ਕਿਉਂਕਿ ਜੋ ਸੁੱਚਾ ਰਤਨ ਸੰਸਾਰ ਸ੍ਰੀ ਬੁਢਾ ਜੀ ਦੇ ਵਰ ਦੁਆਰਾ ਪ੍ਰਾਪਤ ਹੋਇਆ ਹੈ ਉਸ ਨੂੰ ਵਿਦਿਆ ਦੇਕੇ ਮਨੁੱਖ ਜਾਤੀ ਦੇ ਤਾਜ ਵਿਚ ਚਮਕਣ ਦੇ ਯੋਗ ਭੀ ਬਾਬਾ ਜੀ ਹੀ ਬਣਾਉਣ। ਚੁਨਾਂਚਿ ਸ੍ਰੀ ਗੁਰੂ ਜੀ ਨੇ ਬਾਬਾ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਦਰਸ਼ਨ ਦੇ ਜਾਣ। ਬਾਬਾ ਜੀ ਅਗਲੇ ਦਿਨ ਹੀ ਬੀੜ ਤੋਂ ਤੁਰ ਸ੍ਰੀ ਅੰਮ੍ਰਿਤਸਰ ਆਏ ਤੇ ਸਤਿਗੁਰਾਂ ਦੇ ਦਰਸ਼ਨ ਆਣ ਕੀਤੇ। ਜਦ ਸਾਹਿਬਾਂ ਨੇ ਸਭ ਸੰਗਤ ਦੀ ਮਨਸ਼ਾ ਕਿ ਉਹ ਸਾਹਿਬਜ਼ਾਦੇ ਨੂੰ ਪੜ੍ਹਾਉਣ, ਬਾਬਾ ਜੀ ਤੇ ਪ੍ਰਗਟ ਕੀਤੀ ਤਾਂ ਸ੍ਰੀ ਬੁੱਢਾ ਜੀ ਨੇ ਗੁਰ ਸਿਖ ਸੁਭਾ

ਅਨੁਸਾਰ ਨਿਮ੍ਰਤਾ ਪ੍ਰਗਟ ਕਰਦਿਆਂ ਹੋਇਆਂ ਕਿਹਾ, "ਮੈਂ ਇਕ ਤੁਹਾਡਾ ਸਾਧਾਰਨ ਕਿਸਾਨ ਸਿੱਖ ਹਾਂ। ਇਹ ਕੰਮ ਕਿਸੇ ਚਤ੍ਰ ਪ੍ਰਬੀਨ ਪੰਡਤਿ ਦੇ ਸਪੁਰਦ ਕਰਨਾ ਚਾਹੀਦਾ ਹੈ। ਮੈਂ ਕੇਹੜੀ ਉਚ ਵਿਦਿਆ ਪੜ੍ਹਿਆ ਹੋਇਆ ਹਾਂ, ਜੋ ਮੈਂ ਸਾਹਿਬਜ਼ਾਦੇ ਨੂੰ ਪੜ੍ਹਾਵਾਂ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦੇ ਇਹ ਨਿਮ੍ਰਤਾ ਭਰੇ ਬਚਨ ਸੁਣ ਕੇ ਫਰਮਾਇਆ, "ਤੁਸੀਂ ਸਾਹਿਬਜ਼ਾਦੇ ਨੂੰ ਉਹੋ ਹੀ ਵਿਦਿਆ ਪੜ੍ਹਾਓ ਜਿਸ ਦੇ ਬਲ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਹਾਨੂੰ ਬੁੱਢੇ*, ਦਾ ਖ਼ਿਤਾਬ ਦਿਤਾ ਸੀ। ਦੁਨੀਆਂ ਦੀਆਂ

---

*ਇਤਿਹਾਸ ਵਿਚ ਆਇਆ ਹੈ ਕਿ ਬਾਬਾ ਬੁੱਢਾ ਜੀ ਦਾ ਅਸਲੀ ਨਾਮ ਬੂੜਾ ਸੀ, ਪਰ ਜਦੋਂ ਉਹ ਬਚਪਨ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਸਤਿਗੁਰਾਂ ਨੇ ਉਨ੍ਹਾਂ ਦੀ ਅਨੁਭਵੀ ਬੁਧੀ ਨੂੰ ਦੇਖ ਕੇ ਪ੍ਰਸੰਨ ਹੋ ਫਰਮਾਇਆ, "ਭਾਈ ਤੂੰ ਤਾਂ ਕੋਈ ਬੁੱਢਾ ਹੈਂ, ਤੇਰੀਆਂ ਗੱਲਾਂ ਤੇ ਬੜਿਆਂ ਸਿਆਣਿਆਂ ਵਾਲੀਆਂ ਹਨ।" ਚੁਨਾਂਚਿ ਉਸ ਦਿਨ ਤੋਂ ਹੀ ਸਿਖ ਸੰਗਤਾਂ ਵਿਚ ਉਹ ਆਪਣੇ ਅਸਲੀ ਨਾਮ ਦੀ ਥਾਂ ਸਤਿਗੁਰਾਂ ਦੇ ਦਿਤੇ ਹੋਏ ਖਿਤਾਬ ਬਾਬਾ ਬੁੱਢਾ ਕਰਕੇ ਸਦੇ ਜਾਣ ਲਗ ਪਏ। ਚੁਨਾਂਚਿ ਪਿਛੇ ਦੇ ਸਾਰੇ ਸਿਖ ਇਤਿਹਾਸ ਵਿਚ ਹੀ ਉਹ ਬਾਬਾ ਬੁੱਢਾ ਜੀ ਕਰਕੇ ਹੀ ਲਿਖੇ ਗਏ ਹਨ। ਵਿਚਾਰ ਤੋਂ ਪਤਾ ਲਗਦਾ ਹੈ ਕਿ ਵਿਦਿਆ ਅਸਲ ਵਿਚ ਉਸ ਰੋਸ਼ਨੀ ਦਾ ਨਾਮ ਹੈ ਜਿਸ ਦੇ ਚਾਨਣ ਵਿਚ ਮਨੁੱਖ ਨੂੰ ਆਪਣਾ ਤੇ ਪਰਾਇਆ ਸਹੀ ਰੂਪ ਦਿਸ ਆਵੇ। ਆਮ ਲੋਕ ਕਈ ਵਾਰੀ ਵਿਦਿਆ ਤੋਂ ਮੁਰਾਦ ਨਿਰੇ ਅੱਖਰ ਪੜ੍ਹ ਜਾਣਾ ਜਾਂ ਕੋਈ ਬੋਲੀ ਸਿਖ ਲੈਣਾ ਹੀ ਸਮਝਦੇ ਹਨ, ਪਰ ਵਾਸਤਵ ਵਿਚ ਇਨ੍ਹਾਂ ਕੁਛ ਹੀ ਵਿਦਿਆ ਨਹੀਂ। ਇਹ ਤਾਂ ਵਿਦਿਆ ਦੇ ਮਹੱਲ ਤਕ ਪੁਜਣ ਲਈ ਪੌੜੀਆਂ ਹਨ। ਜਿਸ ਦੇਸ ਵਿਚ ਕਿਸੇ ਖਾਸ

(ਬਾਕੀ ਦੇਖੋ ਫੁਟ ਨੋਟ ਸਫਾ ੩੪)

ਪੰਡਤਾਈਆਂ ਤੇ ਚਤੁਰਾਈਆਂ ਜੋ ਮਨੁੱਖ ਦਿਮਾਗ਼ ਨੂੰ ਚੱਟਦੀਆਂ ਤੇ ਕਮਜ਼ੋਰ ਕਰ ਚੰਚਲ ਬਣਾਂਦੀਆਂ ਹਨ, ਸ਼ਾਹਿਬਜ਼ਾਦੇ ਨੂੰ ਪੜ੍ਹਾਣ ਦੀ ਲੋੜ ਨਹੀਂ। ਤੁਸੀਂ ਉਹ ਗਿਆਨ ਉਹ ਨੂੰ ਦਿਓ ਜੋ ਤੁਹਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੋਲ ਬਹਿਣ ਕਰ ਕੇ ਪ੍ਰਾਪਤ ਹੋਇਆ ਹੈ।" ਬਾਬਾ ਬੁੱਢਾ ਜੀ ਨੇ ਆਗਿਆ ਪ੍ਰਵਾਨ ਕਰ ਲਈ ਤੇ ਮਰਯਾਦਾ ਅਨੁਸਾਰ ਉਹਨਾਂ

---

(ਸਫਾ ੩੩ ਦੇ ਫੁਟ ਨੋਟ ਦੀ ਬਾਕੀ)

ਵਿਦਿਆ ਦਾ ਪ੍ਰਚਾਰ ਹੋਵੇ, ਉਸ ਦੇਸ ਦੀ ਬੋਲੀ ਨੂੰ ਉਸ ਵਿਦਿਆ ਦੀ ਪ੍ਰਾਪਤੀ ਹਿਤ ਸਿਖਣਾ ਜ਼ਰੂਰੀ ਹੈ ਤੇ ਬੋਲੀ ਦੇ ਜਾਣੂ ਹੋਣ ਲਈ ਅੱਖਰ ਬੋਧ ਕਰਨਾ ਭੀ ਲਾਜ਼ਮੀ ਹੈ, ਪਰ ਕੇਵਲ ਅੱਖਰ ਤੇ ਬੋਲੀ ਸਿਖ ਜਾਣ ਨਾਲ ਹੀ ਉਹ ਵਿਦਿਆ ਨਹੀਂ ਆ ਜਾਂਦੀ ਜਿਹੜੀ ਕਿ ਉਸ ਜ਼ਬਾਨ ਵਿਚ ਹੋਵੇ। ਉਹ ਫਿਰ ਭੀ ਸਿਖਣ ਗੋਚਰੀ ਹੀ ਰਹਿੰਦੀ ਹੈ ਤੇ ਨਾਲ ਹੀ ਇਹ ਗਲ਼ ਭੀ ਮੰਨਣੀ ਪੈਂਦੀ ਹੈ ਕਿ ਜਿਤਨਾ ਉਚੇਰਾ ਕੰਮ ਕਿਸੇ ਨੇ ਜਗਤ ਵਿਚ ਕਰਨਾ ਹੁੰਦਾ ਹੈ ਉਤਨੀ ਹੀ ਉਚੇਰੀ ਵਿਦਿਆ ਉਸ ਨੂੰ ਪ੍ਰਾਪਤ ਕਰਨੀ ਪੈਂਦੀ ਹੈ ਤੇ ਜਗਤ ਉਧਾਰ ਦਾ ਕੰਮ ਜੋ ਸਭ ਕੰਮਾਂ ਤੋਂ ਉਚੇਰਾ ਹੈ, ਕਰਨ ਲਈ ਤਾਂ ਉਚ ਵਿਦਿਆ ਦੀ ਹੀ ਜ਼ਰੂਰਤ ਹੈ ਜੋ ਦਿਲ ਦਿਮਾਗ਼ ਨੂੰ ਪੂਰੇ ਤੌਰ ਤੇ ਰੋਸ਼ਨ ਕਰ ਸਕੇ। ਕਿਉਂ ਜੋ ਰੌਸ਼ਨ ਦਿਲ ਬਗ਼ੈਰ ਸੁਲਝੇ ਹੋਏ ਦਿਮਾਗ਼ ਭੀ ਬਹੁਤ ਵੇਰ ਜਗਤ ਨੂੰ ਸੁਖ ਦੀ ਥਾਂ ਹਾਨੀ ਪੁਚਾਣ ਦਾ ਕੰਮ ਕਰਦੇ ਹਨ। ਜਿਹਾ ਕਿ ਅੱਜ ਪੱਛਮ ਦੇ ਵਿਦਵਾਨ ਆਪਣੀ ਵਿਦਿਆ ਦਾ ਸਾਰਾ ਤਾਣ ਜਗਤ ਵਿਚ ਤਬਾਹੀ ਤੇ ਮੌਤ ਲਿਆਉਣ ਲਈ ਲਾ ਰਹੇ ਹਨ। ਅੱਜ ਜਰਮਨ, ਫਰੈਂਚ, ਅਮਰੀਕਾ, ਰੂਸੀ ਤੇ ਅੰਗ੍ਰੇਜ਼ ਕੌਮਾਂ ਵਿਚ ਵਿਦਵਾਨਾਂ ਦੀ ਬਹੁ-ਗਿਣਤੀ ਹੋਣ ਤੋਂ ਕਿਸ ਨੂੰ ਇਨਕਾਰ ਹੈ। ਪਰ ਇਹਨਾਂ ਦੀ ਸਾਰੀ ਵਿਦਿਆ ਮਨੁਖ ਮੌਤ ਦੇ ਸਾਮਾਨ ਪੈਦਾ ਕਰਨ ਤੇ ਲੱਗ ਰਹੀ ਹੈ। ਜਿਸ ਦਾ ਫਲ ਰੂਪ

(ਬਾਕੀ ਦੇਖੋ ਫੁਟ ਨੋਟ ਸਫਾ ੩੫)

ਅਗੇ ਪ੍ਰਸ਼ਾਦ ਰੱਖ ਸਾਹਿਬਜ਼ਾਦੇ ਨੂੰ ਪੜ੍ਹਨੇ ਪਾ ਦਿਤਾ ਗਿਆ। ਚੁਨਾਂਚਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:—

"ਗੁਰੂ ਤਬੈ ਪ੍ਰਸਾਦਿ ਮੰਗਾਇਓ ॥
ਮਨ ਪੰਚ ਤੋਲ ਕਰ ਲਿਆਇਓ ॥
ਰਖ ਬੁਢੇ ਪ੍ਰਾਤ ਅਗੇਰੇ ॥
ਸ਼ੁਭ ਵਾਕ ਭਨੇ ਤਿਸ ਬੇਰੇ ॥

---

(ਸਫਾ ੨੪ ਦੇ ਫੁਟ ਨੋਟ ਦੀ ਬਾਕੀ)

ਪ੍ਰਮਾਣੂ ਬੰਬ ਹੈ। ਇਹ ਕੇਵਲ ਅੱਜ ਨਹੀਂ ਹੋ ਰਿਹਾ। ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੁੱਚੇ ਦਿਲਾਂ ਤੋਂ ਬਿਨਾਂ ਉੱਚੇ ਦਿਮਾਗ਼ ਸਦਾ ਹੀ ਬੇਚੈਨ ਰਹਿੰਦੇ ਤੇ ਦੂਜਿਆਂ ਨੂੰ ਰੱਖਦੇ ਰਹੇ। ਜਗਤ-ਉਪਕਾਰ ਦਾ ਕੰਮ ਹਮੇਸ਼ਾ ਹੀ ਉਹਨਾਂ ਨੇ ਕੀਤਾ ਜਿਨ੍ਹਾਂ ਨੇ ਅਧਿਆਤਮ ਵਿਦਿਆ ਦੀ ਪ੍ਰਾਪਤੀ ਕਰ ਕੇ ਅਨੁਭਵ ਪ੍ਰਕਾਸ਼ ਪ੍ਰਾਪਤ ਹੁੰਦੇ ਰਹੇ। ਭਾਵੇਂ ਉਨ੍ਹਾਂ ਨੂੰ ਉਨ੍ਹਾਂ ਨੇ ਜਗਤ ਦੀ ਅਖੌਤੀ ਵਿਦਿਆ ਦੀ ਵਸ਼ੇਸ਼ ਪ੍ਰਾਪਤੀ ਨਾ ਭੀ ਕੀਤੀ ਹੋਵੇ ਤਾਂ ਭੀ ਉਹ ਆਪਣੀ ਰੌਸ਼ਨ-ਜ਼ਮੀਰੀ ਕਰ ਕੇ ਉਹ ਉਚੇ ਕਾਰਨਾਮੇ ਕਰ ਗਏ ਕਿ ਜਿਨ੍ਹਾਂ ਨੂੰ ਦੇਖ ਕੇ ਜਗਤ ਹੈਰਾਨ ਰਹਿ ਗਿਆ। ਕੌਣ ਨਹੀਂ ਜਾਣਦਾ ਕਿ ਈਸਾ ਮਸੀਹ ਨੇ ਕਿਸੇ ਯੂਨੀਵਰਸਟੀ ਵਿਚੋਂ ਕੋਈ ਡਿਗਰੀ ਪ੍ਰਾਪਤ ਨਹੀਂ ਸੀ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੇ ਦੁਨਿਆਵੀ ਵਿਦਿਆ ਕੋਈ ਵਸ਼ੇਸ਼ ਨਹੀਂ ਸੀ ਪੜ੍ਹੀ। ਭਾਵੇਂ ਰਾਜ ਪੁੱਤ੍ਰ ਹੋਣ ਕਰ ਕੇ ਸਾਕੀ ਮੁਨੀ ਗੌਤਮ ਬੁਧ ਨੂੰ ਸੰਸਾਰੀ ਵਿਦਿਆ ਪੜ੍ਹਾਈ ਗਈ ਹੋਵੇਗੀ, ਪਰ ਜਗਤ-ਉਧਾਰ ਦਾ ਕੰਮ ਉਹ ਓਦੋਂ ਹੀ ਕਰ ਸਕੇ ਜਦੋਂ ਕਿ ਉਨ੍ਹਾਂ ਨੂੰ ਕਰੜੀ ਘਾਲ ਦੇ ਬਾਅਦ ਅਨੁਭਵ ਪ੍ਰਕਾਸ਼ ਹੋਇਆ। ਇਸੇ ਤਰ੍ਹਾਂ ਹੀ ਜਗਤ ਇਤਿਹਾਸ ਵਿਚੋਂ ਹੋਰ ਸੈਂਕੜੇ ਪ੍ਰਮਾਣ ਦਿਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਜਾਤੀ ਦੇ ਵਡੇ ਸੇਵਕ ਅਕਸਰ ਵਿਦਿਆ ਦੇ ਪੰਡਤ ਨਹੀਂ ਹੋਏ, ਸਗੋਂ ਅਨੁਭਵੀ ਗਿਆਨੀ ਹੀ ਹੋਏ ਹਨ। ਅੱਜ ਵੀ

(ਬਾਕੀ ਦੇਖੋ ਫੁਟ ਨੋਟ ਸਫਾ ੨੬)

ਇਹ ਸਕਲ ਪ੍ਰਸਾਦਿ ਵਰਤਾਓ ॥
ਹਰਿਗੋਬਿੰਦ ਆਪ ਪੜਾਓ ॥

ਚੁਨਾਂਚਿ ਸ੍ਰੀ ਬਾਬਾ ਬੁੱਢਾ ਜੀ ਨੇ ਪੰਜ ਮਨ ਪ੍ਰਸ਼ਾਦ ਵਰਤਵਾ ਕੇ ਸਾਹਿਜ਼ਾਦੇ ਨੂੰ ਪੱਟੀ ਲਿਖ ਦਿਤੀ। ਪਹਿਲੇ ਪੈਂਤੀ ਅੱਖਰ ਸਿਖਾਏ ਗਏ ਤੇ ਫਿਰ ਸਹਿਜੇ ਸਹਿਜੇ ਬਾਕਾਇਦਾ

---

(ਸਫਾ ੩੫ ਦੇ ਫੁਟ ਨੋਟ ਦੀ ਬਕੀ)
ਸੰਸਾਰ ਵਿਚ ਮਨੁੱਖ ਨੂੰ ਉਚੇ ਆਦਰਸ਼ ਦਿਰਸਾਨ ਵਾਲੇ ਲਿਖਾਰੀ ਆਮ ਤੌਰ ਤੇ ਯੂਨੀਵਰਸਟੀਆਂ ਦੇ ਡਿਗਰੀ ਯਾਫ਼ਤਾ ਨਹੀਂ ਹਨ। ਜਗਤ ਪ੍ਰਸਿੱਧ ਕਵੀ ਰਾਵਿੰਦ੍ਰਾ ਨਾਥ ਟੈਗੋਰ, ਬਰਨਾਡ ਸ਼ਾਹ ਤੇ ਭਾਈ ਵੀਰ ਸਿੰਘ ਜੀ ਯੂਨੀਵਰਸਟੀਆਂ ਨੇ ਪੈਦਾ ਨਹੀਂ ਕੀਤੇ। ਸਾਡੇ ਖ਼ਿਆਲ ਵਿਚ ਸਾਹਿਬਜ਼ਾਦੇ ਦੀ ਪੜ੍ਹਾਈ ਲਈ ਉਸਤਾਦ ਦੀ ਚੋਣ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉੱਚ ਅਨੁਭਵਤਾ ਦਾ ਇਕ ਜ਼ਾਹਿਰਾ ਸਬੂਤ ਹੈ। ਕਿਉਂਕਿ ਜਿਸ ਸ਼ਾਗਿਰਦ ਦੇ ਸਪੁਰਦ ਜਗਤ ਉਧਾਰ ਦਾ ਕੰਮ ਕੀਤਾ ਜਾਣਾ ਸੀ, ਉਸ ਦੇ ਦਿਲ ਦਿਮਾਗ਼ ਨੂੰ ਰੌਸ਼ਨ ਕਰਨ ਦੀ ਯੋਗਤਾ ਭੀ ਬਾਬਾ ਬੁੱਢਾ ਸਾਹਿਬ ਜਹੇ ਬਜ਼ੁਰਗ ਵਿਚ ਹੀ ਹੋ ਸਕਦੀ ਸੀ, ਜਿਨ੍ਹਾਂ ਦਾ ਸਾਰਾ ਜੀਵਨ ਉਚ ਖ਼ਿਆਲ ਤੇ ਪਵਿਤ੍ਰ ਆਮਾਲ ਦਾ ਨਮੂਨਾ ਸੀ। ਬਾਬਾ ਬੁੱਢਾ ਜੀ ਦੀ ਚਤਰਤਾ ਨੇ ਉਹਨਾਂ ਦੀ ਉਮਰ ਦੇ ਹਰ ਸਮੇਂ ਵਿਚ ਸਿਖ ਪੰਥ ਦੀ ਯੋਗ ਅਗਵਾਈ ਕੀਤੀ। ਛੇਆਂ ਮਹਿਲਾਂ ਤੱਕ ਗੱਦੀ ਦਾ ਤਿਲਕ ਦੇਣ ਦਾ ਸੁਭਾਗ ਉਹਨਾਂ ਨੂੰ ਪ੍ਰਾਪਤ ਰਿਹਾ ਤੇ ਇਤਨੀ ਬੜੀ ਪ੍ਰਭਤਾ ਪਾ ਕੇ ਭੀ ਸਾਰੀ ਉਮਰ ਹੱਥੀਂ ਸੇਵ ਕਮਾਂਦੇ ਰਹੇ। ਸਿੱਖੀ ਜੀਵਨ ਦੀ ਸਹੀ ਤਸਵੀਰ ਜਿਸ ਵਿਚ ਹਿਰਦੇ ਗਿਆਨ, ਮੁਖ ਭਗਤੀ ਤੇ ਹੱਥੀਂ ਸੇਵਾ ਹੀ ਕਲਿਆਨ ਦਾ ਸਾਧਨ ਬਿਆਨ ਕੀਤੀ ਗਈ ਹੈ, ਆਪ ਨੇ ਇਕ ਰਸ ਬਤੀਤ ਕੀਤਾ। ਚੁਨਾਂਚਿ ਆਪ ਨੇ ਸਾਹਿਬਜ਼ਾਦੇ ਦੇ ਵਿਦਆਦਾਤਾ ਹੋਣ ਦੀ ਹੈਸੀਅਤ ਵਿਚ ਜੋ ਕਮਾਲ ਦਿਖਾਏ ਉਹਨਾਂ ਦੀ ਫਲ ਰੂਪ ਸੁਗੰਧ ਦੀ ਜ਼ਿੰਦਗੀ ਵਿਚ ਇਤਨਾ ਉਚਾ ਹੋ ਪ੍ਰਗਟਿਆ ਕਿ ਇਤਿਹਾਸਕਾਰਾਂ ਉਹਨਾਂ ਨੂੰ ਭਾਰੀ ਗੁਰੂ ਕਹਿ ਕੇ ਵਡਿਆਇਆ।

ਅੱਖਰ ਵਿਦਿਆ ਪੜ੍ਹਾਈ ਗਈ। ਲੋਕਾਂ ਨੂੰ ਇਹ ਦੇਖ ਕੇ ਵਡੀ ਹੈਰਾਨੀ ਤੇ ਸੰਗਤ ਨੂੰ ਭਾਰੀ ਖੁਸ਼ੀ ਹੋਈ ਕਿ ਸਾਹਿਬਜ਼ਾਦਾ ਜੋ ਸੰਥਾ ਮਿਲਦੀ ਸੀ ਬਹੁਤ ਛੇਤੀ ਪਕਾ ਲੈਂਦਾ ਤੇ ਏਦਾਂ ਮਹੀਨਿਆਂ ਦਾ ਕੰਮ ਦਿਨਾਂ ਤੇ ਸਾਲਾਂ ਦਾ ਕੰਮ ਮਹੀਨਿਆਂ ਵਿਚ ਖ਼ਤਮ ਹੁੰਦਾ ਗਿਆ। ਗੁਰਮੁਖੀ, ਗੁਰਬਾਣੀ ਤੇ ਹੋਰ ਕਈ ਤਰ੍ਹਾਂ ਦੀ ਅਖ਼ਸ਼ਰ ਵਿਦਿਆ ਸਿਖਾਣ ਦੇ ਬਾਅਦ ਉਨ੍ਹਾਂ ਨੂੰ ਹਿਕਮਤ, ਜੋਤਸ਼, ਸ਼ਾਸਤਰ, ਖੇਤੀ ਬਾੜੀ ਤੇ ਨੀਤੀ ਵੀ ਪੜ੍ਹਾਈ ਗਈ। ਇਸ ਤੋਂ ਬਿਨਾਂ ਘੋੜੇ ਦੀ ਸਵਾਰੀ, ਨੇਜ਼ਾ ਬਾਜ਼ੀ, ਤੀਰ ਅੰਦਾਜ਼ੀ, ਤਲਵਾਰ ਤੇ ਬਰਛੇ ਦੀ ਪਲੱਥੇਬਾਜ਼ੀ ਤੇ ਬੰਦੂਕ ਆਦਿ ਸ਼ਸਤਰਾਂ ਦੇ ਚਲੌਣ ਵਿਚ ਭੀ ਨਿਪੁੰਨ ਕੀਤਾ ਗਿਆ।

## ਵਿਵਾਹ

ਸਾਹਿਬਜ਼ਾਦੇ ਦੀ ਉਮਰ ਭਾਵੇਂ ਅਜੇ ਛੋਟੀ ਹੀ ਸੀ, ਪਰ ਅਤਿ ਸੁੰਦਰ ਹੋਣ ਕਰ ਕੇ ਮੰਗਣੀ ਲਈ ਪੁਛ ਗਿਛ ਬਹੁਤ ਸ਼ੁਰੂ ਹੋ ਗਈ। ਭਾਵੇਂ ਗੁਰੂ ਘਰ ਦੀ ਅਜ਼ਮਤ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਤੇ ਸ਼ੋਹਰਤ ਭੀ ਲਾਗੀਆਂ ਨੂੰ ਚੌਹਾਂ ਪਾਸਿਆਂ ਤੋਂ ਖਿਚ ਪਾਂਦੀ ਸੀ, ਪਰ ਸਾਹਿਬਜ਼ਾਦੇ ਦੀ ਸੁੰਦਰਤਾ ਦੀ ਧਾਂਕ ਇਸ ਸੰਬੰਧ ਵਿਚ ਸਭ ਤੋਂ ਵਧੇਰੇ ਕੰਮ ਕਰ ਰਹੀ ਸੀ। ਉਸ ਸੁੰਦਰਤਾ ਨੂੰ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ:–

"ਕੋਕ ਨਦ ਪਦ ਮਿਰਦੁ ਰਕਤ ਸ਼ਬੀਲੇ ਅਤਿ,
ਹੀਰਨ ਕੀ ਪੰਗਤ ਜਿਉ ਨਾਮ ਅਨੰਦ ਕਰਿ ॥

ਚਿਕਨ ਅੰਕਾਰ ਏਕ ਸਾਰ ਜੁਗ ਜੰਘ ਨੀਕੇ,
ਗੁਲਫ ਸੁ ਜਾਨੂੰ ਗਾਂਠ ਨਿਰਰ ਬਿਲੰਦ ਕਰਿ ॥
ਤ੍ਰਿਵਲੀ ਉਦਰ ਪਰ ਨਾਭਿਕਾ ॥
ਗੰਭੀਰ ਸ਼ੁਭ, ਆਯੁਤ ਸੁ ਸ਼ਾਂਤੀ ਦ੍ਵੈ ਉਤੰਗ ਹੈ ਸਿਕੰਦ ਕਰਿ ॥
ਕਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ,
ਕੁੰਜਰ ਕੀ ਸੁੰਡ ਜਿਮ ਸ੍ਰੀ ਹਰਿਗੋਬਿੰਦ ਕਰਿ ॥
ਹਾਥ ਦ੍ਵੈ ਪਾਬੋਜ ਸਮ ਪੱਲਵ ਸੇ ਪਲ ਵਿਨ
ਤਾਂ ਪੈਂ ਨਗ ਸੂਚੇ ਖਚਿ ਨਖਨਿ ਹੀ ਪੰਗਤੀ ॥
ਚੰਦ੍ਰਮਾਂ ਬਦਨ ਸਭ ਸੁਖਮਾ ਸਦਨ,
ਜਾਮੈਂ ਉਜਲ ਰਦਮ ਉਠ ਸੁੰਦਰ ਸੁਰੰਗਤੀ ॥
ਪੰਕਜ ਕੀ ਪਾਂਖੁਰੀ ਸੁਰੀਖੀ ਆਂਖ ਤੀਖੀ ਤੀਖੀ,
ਪਿਖਨ ਤਰੀਸ਼ੇ ਤੇ ਨਿਹਾਲ ਕਰੈਂ ਸੰਗਤੀ ॥
ਚੁਬੁਕ ਅਮੋਲ ਗੋਲ ਮਿਰਦੁਲ ਕਪੋਲ ਜੁਗ,
ਕੁੰਡਲ ਕੀ ਛੌਲ ਪੈ ਅਤੋਲ ਸ੍ਰੀ ਉਮੰਗਤੀ ॥''

ਉਹਨਾਂ ਦੇ ਪੈਰ ਕੰਵਲ ਵਰਗੇ ਸੁਰਖ਼ ਅਤਿ ਸ਼ਬੀਲੇ ਤੇ ਨਾਖ਼ੁਨ ਹੀਰਿਆਂ ਦੀ ਕਤਾਰ ਵਾਂਗ ਅਨੰਦ ਕਰ ਦੇਣ ਵਾਲੇ ਹਨ। ਦੋਵੇਂ ਲੱਤਾਂ ਸੁਪਾਰੀ ਦੇ ਬੂਟੇ ਵਾਂਗ ਇਕ ਸਾਥ ਸੋਹਣੀਆਂ ਅਤੇ ਗਿਟਿਆਂ ਅਤੇ ਗੋਡਿਆਂ ਦੀਆਂ ਗੰਢਾਂ ਪੀਡੀਆਂ ਤੇ ਵਡੀਆਂ ਹਨ। ਉਨ੍ਹਾਂ ਦੇ ਤਿੰਨਾਂ ਵਲਾਂ ਵਾਲੇ ਪੇਟ ਤੇ ਡੂੰਘੀ ਧੁੰਨੀ, ਚੌੜੀ ਛਾਤੀ ਤੇ ਉਚੇ ਮੋਢੇ ਹਨ। ਉਨ੍ਹਾਂ ਦੀਆਂ ਭੁਜਾਂ ਕਰੜੀਆਂ, ਬਲਵਾਨ ਤੇ ਹਾਥੀ ਦੇ ਸੁੰਡ ਵਾਂਗ ਲਚਕਦਾਰ ਹਨ। ਉਨ੍ਹਾਂ ਦੇ ਦੋਵੇਂ ਹਥ ਕੰਵਲ ਵਰਗੇ, ਉਂਗਲੀਆਂ ਨਵੀਆਂ ਖਿਲੀਆਂ ਪੰਗਤੀਆਂ ਵਾਂਗ ਤੇ ਨੌਂਹ ਸੁੱਚੇ ਨਗਾਂ

ਵਰਗੇ ਦਿਸ ਆਉਂਦੇ ਹਨ। ਉਨ੍ਹਾਂ ਦਾ ਚੰਦ੍ਰਮਾਂ ਜੈਸਾ ਮੁਖੜਾ ਹੈ। ਚਿੱਟੇ ਦੰਦ ਤੇ ਸੋਹਣੇ ਰੰਗ ਦੇ ਬੁਲ੍ਹ ਹਨ। ਕੰਵਲ ਦੀਆਂ ਪੰਖੜੀਆਂ ਵਰਗੀਆਂ ਤ੍ਰਿਖੀਆਂ ਤ੍ਰਿਖੀਆ ਅੱਖਾਂ ਹਨ। ਜਿਹੜੀਆਂ ਇਕ ਨਿਗਾਹ ਨਾਲ ਸੰਗਤਾਂ ਨੂੰ ਨਿਹਾਲ ਕਰ ਦੇਂਦੀਆਂ ਹਨ। ਉਹਨਾਂ ਦੀ ਠੋਡੀ ਤੇ ਦੋਵੇਂ ਗਲ੍ਹਾਂ ਕੋਮਲ ਤੇ ਗੋਲ ਹਨ, ਜਿਨ੍ਹਾਂ ਉਤੇ ਲਟਕ ਰਹੇ ਕੁੰਡਲਾਂ ਤੇ ਬੇਅੰਤ ਸੋਭਾ ਬਰਸ ਰਹੀ ਹੈ।

ਇਹਨਾਂ ਦਿਨਾਂ ਵਿਚ ਹੀ ਲਾਹੌਰ ਨਿਵਾਸੀ ਚੰਦੂ ਲਾਲ ਨਾਮੀ ਖੱਤ੍ਰੀ ਨੇ ਜੋ ਜਹਾਂਗੀਰ ਦੇ ਦਰਬਾਰ ਵਿਚ ਅਹਿਲਕਾਰ ਹੋਣ ਕਰ ਕੇ ਦਿੱਲੀ ਰਹਿੰਦਾ ਸੀ, ਆਪਣੀ ਲੜਕੀ ਲਈ ਵਰ ਲੱਭਣ ਹਿਤ ਆਪਣੇ ਪ੍ਰੋਹਤ ਨੂੰ ਪੰਜਾਬ ਘੱਲਿਆ। ਜਿਸ ਨੇ ਸ੍ਰੀ ਅੰਮ੍ਰਿਤਸਰ ਪੁਜ ਸਾਹਿਬਜ਼ਾਦੇ ਨੂੰ ਤਕ ਸਾਕ ਕਰਨ ਦਾ ਨਿਸਚਾ ਕਰ ਲਿਆ, ਪਰ ਜਦੋਂ ਮਨਜ਼ੂਰੀ ਲਈ ਵਾਪਸ ਦਿੱਲੀ ਗਿਆ ਤਾਂ ਉਸ ਤੋਂ ਸਭ ਗੱਲ ਬਾਤ ਸੁਣ ਚੰਦੂ ਲਾਲ ਨੇ ਭਾਵੇਂ ਸਾਕ ਤਾਂ ਏਥੇ ਹੀ ਦੇਣਾ ਪ੍ਰਵਾਨ ਕਰ ਲਿਆ, ਪਰ ਬ੍ਰਾਹਮਣ ਨੂੰ ਕਹਿਣ ਲੱਗਾ, "ਤੁਸਾਂ ਚੋਣ ਚੰਗੀ ਨਹੀਂ ਕੀਤੀ। ਮੈਂ ਸ਼ਹਿਨਸ਼ਾਹ ਦਾ ਅਹਿਲਕਾਰ ਅਮੀਰ ਹਾਂ, ਤੇ ਮੁੰਡੇ ਦਾ ਪਿਉ ਇਕ ਫ਼ਕੀਰ ਹੈ। ਕੁਲੀਨ ਖੱਤਰੀ ਅਮੀਰ ਦੀ ਲੜਕੀ ਨੀਵੇਂ ਖੱਤਰੀ ਫ਼ਕੀਰ ਦੇ ਪੁੱਤ੍ਰ ਨੂੰ ਵਿਆਹੁਣੀ ਚੁਬਾਰੇ ਦੀ ਇਟ ਮੋਰੀ ਵਿਚ ਲਾਉਣ ਦੇ ਬਰਾਬਰ ਹੈ। ਪਰ ਹੱਛਾ ਜੋ ਹੋ ਗਿਆ ਸੋ ਹੋ ਗਿਆ। ਵਾਹਵਾ ਜਾਓ ਸ਼ਗਨ ਪਾ ਦਿਓ।"

ਜਿਸ ਵਕਤ ਚੰਦੂ ਲਾਲ ਆਪਣੇ ਪ੍ਰੋਹਤ ਨਾਲ ਮਾਨ ਮੱਤਾ ਹੰਕਾਰ ਭਰੀਆਂ ਗੱਲਾਂ ਕਰ ਰਿਹਾ ਸੀ, ਉਸ ਵਕਤ ਇਕ

ਦਿੱਲੀ ਨਿਵਾਸੀ ਸਿਖ ਭੀ ਇਸ ਗੱਲ ਨੂੰ ਸੁਣ ਰਿਹਾ ਸੀ। ਉਹ ਗੁਰੂ ਘਰ ਦੇ ਨਿਰਾਦਰ ਨੂੰ ਨਾ ਸਹਾਰ ਸਕਿਆ ਤੇ ਉਸ ਨੇ ਸਾਰੀ ਗੱਲ ਦਿੱਲੀ ਦੀ ਸੰਗਤ ਵਿਚ ਆਣ ਸੁਣਾਈ। ਚੁਨਾਂਚਿ ਸੰਗਤ ਨੇ ਸਲਾਹ ਕਰ ਕੇ ਸਰਬ ਸੰਮਤੀ ਨਾਲ ਇਕ ਪੱਤ੍ਰਕਾ ਤੇਜ਼ ਰਫ਼ਤਾਰ ਕਾਸਦ ਦੇ ਹੱਥ ਸ੍ਰੀ ਅੰਮ੍ਰਿਤਸਰ ਭੇਜ ਦਿਤੀ, ਜਿਸ ਵਿਚ ਸਾਰੀ ਗੱਲ ਲਿਖ ਕੇ ਸਤਿਗੁਰਾਂ ਨੂੰ ਇਹ ਬੇਨਤੀ ਕੀਤੀ ਗਈ ਕਿ ਦਿੱਲੀ ਦੀ ਸੰਗਤ ਨੇ ਇਹ ਫ਼ੈਸਲਾ ਕੀਤਾ ਹੈ ਕਿ ਅਭਿਮਾਨੀ ਗੁਰ-ਨਿੰਦਕ ਚੰਦੂ ਲਾਲ ਦੀਵਾਨ ਦੀ ਲੜਕੀ ਦਾ ਨਾਤਾ ਕਬੂਲ ਨਹੀਂ ਕਰਨਾ। ਚੁਨਾਂਚਿ ਸਤਿਗੁਰਾਂ ਨੇ ਚੰਦੂ ਲਾਲ ਦੇ ਪ੍ਰੋਹਤ ਨੂੰ ਇਹ ਕਹਿ ਕੇ ਜਵਾਬ ਦੇ ਦਿਤਾ ਕਿ ਤੇਰਾ ਜਜਮਾਨ ਬਾਦਸ਼ਾਹ ਦਾ ਅਹਿਲਕਾਰ ਹੋਣ ਕਰ ਕੇ ਅਮੀਰ ਹੈ ਤੇ ਮੈਂ ਸੱਚੇ ਪਾਤਸ਼ਾਹ ਪ੍ਰਮੇਸ਼ਰ ਦਾ ਕਰਿੰਦਾ ਹੋਣ ਕਰ ਕੇ ਫ਼ਕੀਰ ਹਾਂ। ਉਹ ਆਪਣੇ ਆਪ ਨੂੰ ਚੁਬਾਰਾ ਤੇ ਸਾਨੂੰ ਹਕੀਰ ਮੋਰੀ ਸਮਝਦਾ ਹੈ। ਅਸੀਂ ਗ਼ਰੀਬ ਕਿਸੇ ਗ਼ਰੀਬ ਨਾਲ ਹੀ ਰਿਸ਼ਤਾ ਕਰ ਲਵਾਂਗੇ। ਉਹ ਕੋਈ ਆਪਣੇ ਬਰਾਬਰ ਦਾ ਸਾਕ ਤਲਾਸ਼ ਕਰ ਲਵੇ। ਪ੍ਰੋਹਤ ਮੁੜ ਗਿਆ। ਭਾਵੇਂ ਚੰਦੂ ਨੇ ਫਿਰ ਕਈ ਵਾਰ ਆਪਣੀ ਗੱਲ ਤੇ ਪ੍ਰਾਸਚਿਤ ਕਰਨ ਦੀ ਕੋਸ਼ਸ਼ ਕੀਤੀ, ਪਰ ਸਤਿਗੁਰਾਂ ਨੇ ਸੰਗਤ ਦੇ ਲਿਖੇ ਨੂੰ ਮੋੜਨਾ ਵਾਜਬ ਨਾ ਸਮਝਿਆ।

ਜਿਸ ਵਕਤ ਚੰਦੂ ਦਾ ਭੇਜਿਆ ਪ੍ਰੋਹਤ ਵਾਪਸ ਕਰ ਦਿਤਾ ਗਿਆ ਤੇ ਸਤਿਗੁਰਾਂ ਨੇ ਕਿਹਾ ਕਿ ਅਸੀਂ ਗ਼ਰੀਬ ਕਿਸੇ ਗ਼ਰੀਬ ਨਾਲ ਹੀ ਸਾਕ ਕਰਾਂਗੇ, ਤਦ ਉਸੇ ਵੇਲੇ ਦਿਵਾਨ ਵਿਚੋਂ ਭਾਈ ਪਾਰੋ ਦੇ ਪੋਤਰੇ ਨਰਾਇਣ ਦਾਸ ਭੱਲਾ ਨਿਵਾਸੀ ਨੇ ਗਲ

ਪੱਲਾ ਪਾ ਉਠ ਬੇਨਤੀ ਕੀਤੀ। ਗ਼ਰੀਬ-ਨਿਵਾਜ਼ ਮੈਂ ਤੇ ਮੇਰੀ ਧਰਮ-ਪੱਤਨੀ ਨੇ ਆਪਣੀ ਪੁਤ੍ਰੀ ਦਾ ਨਾਤਾ ਸਾਹਿਬਜ਼ਾਦੇ ਨੂੰ ਕਰਨ ਦਾ ਸੰਕਲਪ ਕੀਤਾ ਹੈ। ਭਾਵੇਂ ਅਸੀਂ ਨਾਚੀਜ਼ ਤੇ ਗ਼ਰੀਬ ਸਿਖ ਹਾਂ, ਪਰ ਜੇ ਆਪ ਆਪਣਾ ਬਿਰਦ ਪਾਲੋ, ਗ਼ਰੀਬ-ਨਿਵਾਜ਼ੀ ਕਰੋ ਤੇ ਸਾਕ ਮੰਨ ਜਾਵੋ ਤਾਂ ਸਾਡੀ ਭਾਰੀ ਖ਼ੁਸ਼ਕਿਸਮਤੀ ਹੋਵੇਗੀ। ਸਤਿਗੁਰਾਂ ਫੁਰਮਾਇਆ, "ਧੰਨ ਸਿਖੀ!" ਸਾਨੂੰ ਸਿਖ ਦੀ ਪੁਤ੍ਰੀ ਤੋਂ ਉਚੇਰਾ ਹੋਰਕਿਸ ਦਾ ਸਾਕ ਪ੍ਰਵਾਨ ਹੋ ਸਕਦਾ ਹੈ। ਕਰਤਾਰ ਦੀ ਐਸੀ ਆਗਿਆ ਹੈ ਤਾਂ ਸਾਨੂੰ ਮਨਜ਼ੂਰ ਹੈ। ਚੁਨਾਂਚਿ ਭਾਈ ਨਰੈਣ ਦਾਸ ਨੇ ਉਸੇ ਵਕਤ ਹੀ ਆਪਣੀ ਬੇਟੀ ਦਮੋਦਰੀ ਦਾ ਨਾਤਾ ਜਿਸ ਦੀ ਉਮਰ ਉਸ ਵਕਤ ਸਤ ਸਾਲ ਦੀ ਸੀ, ਸਾਹਿਬਜ਼ਾਦੇ ਨੂੰ ਕਰ ਦਿਤਾ ਤੇ ਸ਼ਗਨ ਵੀ ਉਸੇ ਵੇਲੇ ਹੋ ਗਿਆ। ਇਸ ਸਮੇਂ ਹੀ ਹਰੀ ਚੰਦ ਨਾਮੀ ਇਕ ਹੋਰ ਸਿਖ ਨੇ ਭੀ ਕਿਹਾ ਕਿ ਮੈਂ ਆਪਣੀ ਪੁਤ੍ਰੀ ਦਾ ਸੰਕਲਪ ਭੀ ਸਾਹਿਬਜ਼ਾਦੇ ਲਈ ਕਰ ਚੁਕਾ ਹਾਂ, ਇਸ ਲਈ ਉਸ ਨੂੰ ਹੋਰ ਕੋਈ ਤਾਂ ਵਿਆਹ ਸਕਦਾ ਹੀ ਨਹੀਂ। ਸਤਿਗੁਰਾਂ ਨੇ ਸਮੇਂ ਦੀ ਪਰਵਿਰਤ ਚਾਲ ਨੂੰ ਮੁਖ ਰਖਦਿਆਂ ਹੋਇਆਂ ਉਸ ਸਿਖ ਦੀ ਬੇਨਤੀ ਭੀ ਪ੍ਰਵਾਨ ਕਰ ਲਈ।*

---

*ਸਤ ਬਰਸ ਦੀ ਕੰਨਿਆ ਤੇ ਨੌਂ ਬਰਸ ਦੇ ਬੱਚੇ ਦਾ ਵਿਆਹ ਭਾਵੇਂ ਸਮਾਜਕ ਨੁਕਤਾ-ਨਿਗਾਹ ਨਾਲ ਬੜਾ ਕੋਝਾ ਪ੍ਰਤੀਤ ਹੁੰਦਾ ਹੈ ਤੇ ਖਾਸ ਤੌਰ ਤੇ ਜਦੋਂ ਲੜਕਾ ਸਤਿਗੁਰਾਂ ਦਾ ਸਾਹਿਬਜ਼ਾਦਾ ਹੋਵੇ ਤੇ ਕੰਨਿਆ ਭੀ ਉਹਨਾਂ ਦੇ ਅਨਿਨ ਭਗਤ ਸਿੱਖ ਦੀ ਹੋਵੇ ਤਾਂ ਸਮਝਣ ਵਾਲੇ ਨੂੰ ਹੋਰ ਭੀ ਭੁਲੇਖਾ ਪੈ ਜਾਂਦਾ ਹੈ, ਪਰ ਸਮਾਜਕ ਰਸਮਾਂ ਦੇ ਗੁਣ ਔਗੁਣ ਦੀ ਵਿਚਾਰ ਕਰਦਿਆਂ

(ਬਾਕੀ ਦੇਖੋ ਫੁਟ ਨੋਟ ਸਫਾ ੪੨)

ਚੁਨਾਂਚਿ ਮਾਘ ਸੁਦੀ ਦਸਵੀਂ ਸੰਮਤ ੧੬੬੧ ਨੂੰ ਸਾਹਿਬਜ਼ਾਦੇ ਦਾ ਸ਼ੁਭ ਵਿਆਹ ਭਾਈ ਨਰੈਣ ਦਾਸ ਦੀ ਸਪੁੱਤ੍ਰੀ ਬੀਬੀ ਦਮੋਦਰੀ ਨਾਲ ਹੋ ਗਿਆ। ਇਸ ਸਮੇਂ ਬਰਾਤ ਡੱਲੇ ਪਿੰਡ ਮਾਲਵੇ ਵਿਚ ਜਾਣ ਕਰਕੇ ਰਸਤੇ ਵਿਚ ਸ੍ਰੀ ਖਡੂਰ ਸਾਹਿਬ,

---

(ਸਫਾ ੪੧ ਦੇ ਫੁਟ ਨੋਟ ਦੀ ਬਾਕੀ)

ਹੋਇਆਂ ਸਮੇਂ ਦੀਆਂ ਮਜਬੂਰੀਆਂ ਨੂੰ ਸਾਹਮਣੇ ਰਖਣਾ ਪੈਂਦਾ ਹੈ। ਭਾਵੇਂ ਇਹ ਇਕ ਮੰਨੀ ਪ੍ਰਮੰਨੀ ਸਚਾਈ ਹੈ ਕਿ ਨਾ-ਬਾਲਗ਼ ਬੱਚੇ ਬੱਚੀਆਂ ਦਾ ਵਿਆਹ ਕਰਨਾ ਹਾਨੀਕਾਰਕ ਗਲ ਹੈ, ਪਰ ਜੇ ਕਿਸੇ ਵਧੇਰੀ ਹਾਨੀ ਦੇ ਭੈ ਕਰ ਕੇ ਇਹ ਹਾਨੀਕਾਰਕ ਗਲ ਕੀਤੀ ਜਾਵੇ ਤਾਂ ਕਰਨ ਵਾਲੇ ਤੇ ਕੋਈ ਤਰਕ ਨਹੀਂ ਕੀਤੀ ਜਾ ਸਕਦੀ ਤੇ ਇਹ ਇਕ ਮੰਨੀ ਹੋਈ ਗਲ ਹੈ ਕਿ ਕਿਸੇ ਦੇਸ ਵਿਚ ਵੀ ਚੰਗੇ ਰਾਜ ਪ੍ਰਬੰਧ ਤੋਂ ਬਿਨਾਂ ਉਚੇ ਸਮਾਜਕ ਨਿਯਮ ਨਹੀਂ ਨਿਭ ਸਕਦੇ ਤੇ ਜਿਸ ਸਮੇਂ ਦਾ ਇਹ ਵਾਕਿਆ ਹੈ ਉਦੋਂ ਦਾ ਰਾਜ ਪ੍ਰਬੰਧ ਤਾਂ ਹੈ ਸੀ ਹੀ ਜਬਰ ਤੇ ਧੱਕੇ ਦੇ ਤਾਣ ਤੇ। ਉੱਤਰ ਪੱਛਮ ਦੀ ਤਰਫੋਂ ਆਈਆਂ ਹੋਈਆਂ ਧੱਕੇਬਾਜ਼ ਕੌਮਾਂ ਨੇ ਭਾਰਤ ਤੇ ਜੋ ਰਾਜ ਕਾਇਮ ਕੀਤਾ ਸੀ, ਉਸ ਦੀ ਕਾਇਮੀ ਹੀ ਉਹ ਇਸ ਮੁਲਕ ਦੇ ਲੋਕਾਂ ਨੂੰ ਜ਼ਲੀਲ, ਬੇ-ਅਣਖ ਤੇ ਬੇ-ਇੱਜ਼ਤ ਕਰਨ ਤੇ ਆਪਣਾ ਰੋਅਬ ਜਮਾਣ ਵਿਚ ਹੀ ਸਮਝਦੇ ਸਨ। ਆਮ ਹਿੰਦੀਆਂ ਦੀ ਤਾਂ ਗਲ ਹੀ ਕੀ ਸੀ, ਬੜੇ ਬੜੇ ਰਾਜੇ ਮਹਾਰਾਜਿਆਂ ਦੀਆਂ ਰੂਪਵਾਨ ਕੰਨਿਆਵਾਂ ਭੀ ਜਾਬਰ ਹਾਕਮਾਂ ਦੀ ਵਧੀ ਹੋਈ ਹਿਰਸ ਤੋਂ ਨਹੀਂ ਸਨ ਬਚ ਸਕਦੀਆਂ। ਜਿਸ ਨੀਤੀ ਦਾ ਤੱਤ ਹੀ 'ਸਾਅਦੀ' ਦੇ ਅੱਖਰਾਂ ਵਿਚ ਇਹ ਹੋਵੇ, "ਜੇ ਬਾਦਸ਼ਾਹ ਦਿਨ ਨੂੰ ਕਹੇ ਰਾਤ ਹੈ ਤਾਂ ਤੂੰ ਕਹਿ ਦੇ ਕਿ ਅਹੁ ਤਾਰੇ ਤੇ ਖਿੱਤੀਆਂ ਨਿਕਲੀਆਂ ਹੋਈਆਂ ਹਨ," ਉਸ ਸਮੇਂ ਇਨਸਾਫ਼ ਤੇ ਦਲੀਲ ਦੀ ਗਲ ਤਾਂ ਚਲ ਹੀ ਕੀ ਸਕਣੀ ਹੋਈ। ਇਸੇ ਜਾਬਰਾਨਾ ਹਕੂਮਤ ਦੀ ਧੱਕੇਸ਼ਾਹੀ ਤੋਂ ਡਰਦਿਆਂ ਹੋਇਆਂ ਜਿਥੇ ਰਾਜਪੂਤਾਂ ਦੇ ਉਚ ਘਰਾਣੇ ਦੀਆਂ ਦੇਵੀਆਂ ਨੇ "ਜੌਹਰ" ਅਰਥਾਤ ਦੁਸ਼ਮਨ ਦੇ ਕਾਬੂ ਆਉਣ

(ਬਾਕੀ ਦੇਖੋ ਫੁਟ ਨੋਟ ਸਫਾ ੪੩)

ਗੋਇੰਦਵਾਲ ਅਤੇ ਸੁਲਤਾਨਪੁਰ ਸਾਹਿਬ ਗੁਰਦਵਾਰਿਆਂ ਵਿਚ ਮੱਥਾ ਟੇਕ ਪੂਜਾ ਕਰਦੀ ਹੋਈ ਗਈ।

## ਗੁਰ ਗੱਦੀ

ਸਾਹਿਬਜ਼ਾਦੇ ਦਾ ਵਿਆਹ ਤਾਂ ਚਾਈਂ ਚਾਈਂ ਉਤਸ਼ਾਹ ਨਾਲ ਹੋ ਗਿਆ, ਪਰ ਗੁਰੂ ਘਰ ਦੇ ਵਿਰੋਧ ਲਈਂ ਪ੍ਰਿਥੀ ਚੰਦ

---

[ਸਫ਼ਾ ੪੨ ਦੇ ਫੁਟ ਨੋਟ ਦੀ ਬਾਕੀ]

ਤੋਂ ਬਚਣ ਲਈ ਜਿਊਂਦਿਆਂ ਸੜ ਮਰਨ ਦੀ ਰਸਮ ਜਾਰੀ ਕੀਤੀ ਸੀ, ਉਥੇ ਆਮ ਜਨਤਾ ਵੱਟੀਆਂ ਛੋਟੀਆਂ ਲੜਕੀਆਂ ਨੂੰ ਹੀ ਵਿਆਹੁਣ ਤੇ ਮਜਬੂਰ ਹੋ ਗਈ ਸੀ ਤੇ ਇਸ ਵਿਆਹ ਦੇ ਖ਼ਾਸ ਸਮੇਂ ਤਾਂ ਦਿੱਲੀ ਤਖ਼ਤ ਤੇ ਹੀ ਉਹ ਸ਼ਖਸ ਬੈਠਾ ਸੀ ਜਿਸ ਨੇ ਚੜ੍ਹਦੀ ਜਵਾਨੀ ਵਿਚ ਹੀ ਇਕ ਮੁਸਲਮਾਨ ਅਮੀਰ ਦੀ ਕੁਆਰੀ ਕੰਨਿਆਂ ਨੂੰ ਦੇਖ, ਉਸ ਦੇ ਰੂਪ ਤੇ ਮੋਹਤ ਹੋ, ਉਸ ਨੂੰ ਵਿਆਹੁਣ ਦਾ ਸੰਕਲਪ ਕੀਤਾ। ਪਰ ਜਦ ਉਸ ਦੇ ਮਾਂ ਬਾਪ ਨਾ ਮੰਨੇ ਤੇ ਉਹਨਾਂ ਨੇ ਇਕ ਹੋਰ ਸ਼ਖ਼ਸ ਨਾਲ ਆਪਣੀ ਲੜਕੀ ਨਿਕਾਹ ਦਿਤੀ ਤਾਂ ਇਸ ਨੇ ਇਤਨੀ ਜ਼ਿਦ ਕੀਤੀ ਕਿ ਤਖ਼ਤ ਤੇ ਬਹਿੰਦਿਆਂ ਹੀ ਉਸ ਨੂੰ ਮਹੱਲ ਵਿਚ ਲਿਆਉਣ ਦੇ ਯਤਨ ਅਰੰਭ ਦਿਤੇ ਤੇ ਓੜਕ ਕੂਟਲ-ਨੀਤੀ ਨਾਲ ਉਸ ਦੇ ਬਹਾਦਰ ਪਤੀ ਨੂੰ, ਜਿਸ ਨੂੰ ਦਲੇਰ ਹੋਣ ਕਰ ਕੇ ਸ਼ੇਰ ਅਫ਼ਗਾਨ ਕਰ ਕੇ ਸਦਿਆ ਜਾਂਦਾ ਸੀ, ਕਤਲ ਕਰਾ ਆਪਣੇ ਰਣਵਾਸ ਵਿਚ ਲਿਆ ਕੇ ਹੀ ਛਡਿਆ। ਭਲਾ ਜਦੋਂ ਸ਼ਹਿਨਸ਼ਾਹ ਦੀ ਹੀ ਇਹ ਹਾਲਤ ਹੋਵੇ, ਉਸ ਸਮੇਂ ਵਿਚ ਅਹਿਲਕਾਰਾਂ, ਸੂਬੇਦਾਰਾਂ ਤੇ ਛੋਟੇ ਹਾਕਮਾਂ ਦਾ ਕੀ ਅਵਸਥਾ ਹੋਵੇਗੀ। ਚੁਨਾਂਚਿ ਇਹਨਾਂ ਜਰਵਾਣਿਆਂ ਦੇ ਡਰ ਕਰ ਕੇ ਹੀ ਲੋਕ ਆਪਣੀਆਂ ਛੋਟੀਆਂ ਛੋਟੀਆਂ ਕੰਨਿਆਵਾਂ ਵਿਆਹ ਦੇਂਦੇ ਸਨ। ਗੁਰੂ ਘਰ ਵਿਚ ਇਸ ਗਲ ਨੂੰ ਭਾਵੇਂ ਅੱਛਾ ਨਹੀਂ ਸੀ ਸਮਝਿਆ ਜਾਂਦਾ, ਪਰ ਜਰਵਾਣਿਆਂ ਦੇ ਜ਼ੋਰ ਤੋੜਨ ਦਾ ਸਮਾਂ ਆਉਣ ਤਕ ਇਸ ਤੇ ਕਦੀ ਕਦਾਈਂ ਵਰਤੋਂ ਕਰਨੀ ਹੀ

[ਬਾਕੀ ਦੇਖੋ ਫੁਟ ਨੋਟ ਸਫ਼ਾ ੪੪]

ਦੇ ਨਾਲ ਚੰਦੂ ਲਾਲ ਦੀਵਾਨ ਭੀ ਰਲ ਬੈਠਾ। ਇਹ ਸਰਕਾਰੀ ਅਹਿਲਕਾਰ ਹੋਣ ਕਰਕੇ, ਸ਼ਾਹੀ ਦਰਬਾਰ ਵਿਚ ਵਧੇਰੇ ਪਹੁੰਚ

---

(ਸਫਾ ੪੩ ਦੇ ਫੁਟ ਨੋਟ ਦਾ ਬਾਕੀ)

ਪਈ ਹੈ। ਚੁਨਾਂਚਿ ਅਸੀਂ ਦੇਖਦੇ ਹਾਂ ਕਿ ਜਦ ਪੰਥ ਖਾਲਸਾ ਸਜ ਗਿਆ ਤੇ ਜਰਵਾਣਿਆਂ ਨੂੰ ਸੋਧਣ ਦਾ ਕੰਮ ਸ਼ੁਰੂ ਹੋ ਗਿਆ ਤਾਂ ਸਤਿਗੁਰਾਂ ਨੇ ਇਸ ਰਸਮ ਨੂੰ ਆਪਣੇ ਘਰ ਵਿਚੋਂ ਦੂਰ ਕਰ ਦਿਤਾ। ਚੁਨਾਂਚਿ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਵਾਂ ਸਾਹਿਬਜ਼ਾਦਿਆਂ ਵਿਚੋਂ ਕਿਸੇ ਇਕ ਦੀ ਮੰਗਣੀ ਤੀਕਰ ਵੀ ਨਹੀਂ ਸੀ ਹੋਈ, ਹਾਲਾਂਕਿ ਵਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ ਇਤਨੀ ਉਮਰ ਦੇ ਸਨ ਕਿ ਉਹ ਸੁਤੰਤਰ ਫ਼ੌਜਾਂ ਦੀ ਕਮਾਨ ਕਰਦੇ ਰਹੇ।

ਗੁਰੂ ਘਰ ਦਾ ਪ੍ਰਚਾਰ ਕਰਨ ਵਾਲੇ ਉੱਚੇ ਤੇ ਸੁੱਚੇ ਪ੍ਰਚਾਰਕਾਂ ਨੇ ਜਿਥੇ ਜਨਤਾ ਵਿਚ ਰੂਹਾਨੀ ਗਿਆਨ, ਨੇਕੀ ਤੇ ਸਚਾਈ ਦਾ ਪ੍ਰਚਾਰ ਕੀਤਾ ਸੀ, ਉਥੇ ਚੰਨ ਵਿਚ ਆਏ ਦਾਗ਼ ਵਾਂਗ ਕਈ ਇਕ ਮਸੰਦਾਂ ਨੇ ਅੰਧ ਵਿਸ਼ਵਾਸ ਤੇ ਮਜ਼ਹਬੀ ਦੁਕਾਨਦਾਰਾਂ ਦੀ ਨਕਲ ਵੀ ਕਿਸੇ ਹਦ ਤਕ ਪ੍ਰਚਾਰ ਦਿਤੀ ਸੀ, ਜਿਸ ਦੇ ਜ਼ੇਰੇ ਅਸਰ ਕਈ ਲੋਕ ਦੇਵੀ ਦੇਵਤਿਆਂ ਅਗੇ ਕੁੜੀਆਂ ਚੜ੍ਹਾ ਦੇਣ ਵਾਂਗ ਆਪਣੀਆਂ ਲੜਕੀਆਂ ਗੁਰੂ ਅਰਪਣ ਕਰਨ ਦਾ ਸੰਕਲਪ ਕਰ ਲੈਂਦੇ ਸਨ ਤੇ ਮੁਸ਼ਕਲ ਇਹ ਆ ਪੈਂਦੀ ਸੀ ਕਿ ਉਹਨਾਂ ਦੇ ਇਸ ਇਰਾਦੇ ਨੂੰ ਪ੍ਰਗਟ ਕਰਨ ਦੇ ਬਾਦ ਕੋਈ ਸਿੱਖ ਉਹਨਾਂ ਲੜਕੀਆਂ ਵਿਚੋਂ ਕਿਸੇ ਨਾਲ ਵਿਆਹ ਕਰਨਾ ਯੋਗ ਨਹੀਂ ਸੀ ਸਮਝਦਾ। ਚੁਨਾਂਚਿ ਜਦ ਇਹ ਰਸਮ ਸਤਿਗੁਰਾਂ ਦੇ ਸਾਹਮਣੇ ਮੁਸ਼ਕਲ ਰੂਪ ਹੋ ਪ੍ਰਗਟੀ, ਤਾਂ ਉਹਨਾਂ ਨੇ ਸਹਿਜੇ ਸਹਿਜੇ ਇਸ ਦੇ ਹਟਾਣ ਦਾ ਯਤਨ ਕੀਤਾ ਤੇ ਓੜਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸਾਹਮਣੇ ਆਪਣੇ ਵਡੇ ਸਪੁੱਤ੍ਰ ਬਾਬੇ ਗੁਰਦਿਤੇ ਦੀ ਵਿਧਵਾ ਭਾਈ ਨਾਗੋ ਰਾਏ ਕਲਾਨੌਰੀਏ ਦੀ ਲੜਕੀ ਦਾ ਵਿਆਹ ਆਪਣੇ ਹੁਕਮ ਨਾਲ ਦੂਜੀ ਜਗ੍ਹਾ ਤੇ ਕਰਾ ਇਸ ਰਸਮ ਨੂੰ ਅਮਲੀ ਤੌਰ ਤੇ ਖ਼ਤਮ ਕਰ ਦਿੱਤਾ।

ਰਖਦਾ ਸੀ। ਚੁਨਾਂਚਿ ਇਸ ਨੇ ਪ੍ਰਿਥੀ ਚੰਦ ਤੇ ਹੋਰ ਮੁਤਅਸਿਬ ਗੁਰੂ ਵਿਰੋਧੀਆਂ ਨੂੰ ਆਪਣੇ ਨਾਲ ਮਿਲਾ ਸਤਿਗੁਰਾਂ ਦੇ ਬਰਖਿਲਾਫ ਬਾਦਸ਼ਾਹ ਪਾਸ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਚੁਨਾਂਚਿ ਬਾਦਸ਼ਾਹ ਜਹਾਂਗੀਰ ਨੇ ਜੋਹੜਾ ਕਿ ਪਹਿਲਾਂ ਹੀ ਗੁਰੂ ਘਰ ਨਾਲ ਦਿਲੋਂ* ਵਿਰੋਧ ਰਖਦਾ

---

*ਤੁਜ਼ਕੇ-ਜਹਾਂਗੀਰੀ ਵਿਚ ਬਾਦਸ਼ਾਹ ਜਹਾਂਗੀਰ ਆਪਣੇ ਹਥੀਂ ਲਿਖਦਾ ਹੈ:

"ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਿਆਏ ਬਿਆਹ ਵਾਕਿਆ ਅਸਤ, ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ ਓ ਸ਼ੈਖੀ। ਚੁਚਾਂਚਿ ਬਸਿਆਰੇ ਅਜ਼ ਸਾਦਾ-ਲੌਹਾਨੇ ਹਨੂਦ ਬਲਕਿ ਨਾਦਾਨ ਓ ਸਫ਼ੀਹਾਨੇ ਇਸਲਾਮ ਰਾ ਮੁਕੀਦੇ ਅਤਵਾਰ ਓ ਔਜ਼ਾਏ ਖ਼ੁਦ ਸਾਖ਼ਤਾ ਕੋਸੇ ਪੀਰੀਓ ਵਲਾਇਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊਰਾ ਗੁਰੂ ਮੇ ਗੁਫਤੰਦ ਵ ਅਜ਼ ਅਤਰਾਫ਼ ਓ ਜਵਾਨਬ ਗੋਲਾਂ ਓ ਗੋਲ ਪ੍ਰਸਤਾਂ ਬਦੋ ਰਜੂ ਆਵੁਰਦਾ ਏਤਕਾਦੇ ਤਮਾਮ ਬਊ ਅਜ਼ਹਾਰ ਮੀ ਕਰਦੰਦ। ਅਜ਼ ਸੇ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੀਂ ਦਾਸ਼ਤੰਦ। ਮੁਦਤ ਹਾ ਬਖ਼ਾਤਰ ਮੀ ਗੁਜ਼ਸ਼ਤ ਕਿ ਈਂ ਦੁਕਾਨੇ ਬਾਤਲ ਰਾ ਬਰਤਰਫ਼ ਬਾਇਦ ਸਾਖ਼ਤ ਯਾ ਊਰਾ ਦਰ ਜਿਰਗ਼ਾਏ ਅਹਿਲੇ ਇਸਲਾਮ ਦਰ ਵਾਇਦ ਆਵੁਰਦ।"

"ਗੋਇੰਦਵਾਲ ਵਿਚ ਜੋ ਕਿ ਦਰਿਆਏ ਬਿਆਸ ਦੇ ਕੰਢੇ ਤੇ ਹੈ, ਅਰਜਨ ਨਾਮੀ ਇਕ ਗੁਰੂ ਹਿੰਦੂ ਪੀਰੀ ਅਤੇ ਸ਼ੇਖੀ ਦੇ ਲਿਬਾਸ ਵਿਚ ਰਹਿੰਦਾ ਹੈ ਚੁਨਾਂਕਿ ਬਹੁਤ ਸਾਰੇ ਸਿਧੇ ਸਾਦੇ ਹਿੰਦੂ ਬਲਕਿ ਮੂਰਖ ਅਤੇ ਕਮੀਨੇ ਮੁਸਲਮਾਨਾਂ ਨੂੰ ਭੀ ਆਪਣੇ ਤ੍ਰੀਕਿਆਂ ਦਾ ਪਾਬੰਦ ਬਣਾ ਕੇ ਆਪਣੀ ਉਲਿਆਈ ਅਤੇ ਪੀਰੀ ਦਾ ਢੋਲ ਉਚੀ ੨ ਵਜਾ ਰਿਹਾ ਸੀ, ਓਹਨੂੰ ਗੁਰੂ ਕਹਿੰਦੇ ਸਨ। ਹਰ ਪਾਸਿਓਂ ਝੂਠੇ ਤੇ ਝੂਠ ਦੇ ਪੁਜਾਰੀਆਂ ਦੇ ਟੋਲਿਆ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਤੇ ਪੂਰਨ ਵਿਸ਼ਵਾਸ ਕਰਦੇ ਸਨ।

(ਬਾਕੀ ਦੇਖੋ ਫੁਟ ਨੋਟ ਸਫਾ ੪੬)

ਸੀ, ਸਤਿਗੁਰਾਂ ਨੂੰ ਲਾਹੌਰ ਬੁਲਾ ਭੇਜਿਆ ਅਤੇ ਅਨੇਕ ਪ੍ਰਕਾਰ ਦੇ ਕਸ਼ਟ ਦੇ ਸ਼ਹੀਦ ਕਰ ਦਿਤਾ।

ਜਾਣੀ ਜਾਣ ਸ਼ਹੀਦ ਸਤਿਗੁਰਾਂ ਨੇ ਲਾਹੌਰ ਤੁਰਨ ਤੋਂ ਪਹਿਲਾਂ ਹੀ ਸਾਰੇ ਮਾਮਲੇ ਨੂੰ ਅਨਭਵ ਕਰ ਲਿਆ ਸੀ, ਇਸ ਲਈ ਸਾਰੀ ਸੰਗਤ ਨੂੰ ਇਕੱਠਿਆਂ ਕਰ ਗੁਰ-ਗੱਦੀ ਸਾਹਿਬਜ਼ਾਦੇ ਨੂੰ ਆਪਣੀ ਹੱਥੀਂ ਹੀ ਸਪੁਰਦ ਕਰ ਦਿਤੀ ਸੀ ਪਰ ਫਿਰ ਭੀ ਸਤਿਗੁਰਾਂ ਦੀ ਸ਼ਹਾਦਤ ਦੀ ਖਬਰ ਆਉਣ ਤੇ

---

(ਸਫਾ ੪੫ ਦੇ ਫੁਟ ਨੋਟ ਦੀ ਬਾਕੀ)

ਵਿਹ ਦੁਕਾਨ ਤਿਨ ਚਾਰ ਪੁਸ਼ਤਾਂ ਤੋ ਗਰਮ ਹੈ। ਕਈ ਚਿਰਾਂ ਤੋਂ ਮੇਰੇ ਮਨ ਵਿਚ ਆਉਂਦਾ ਸੀ, ਕਿ ਇਸ ਝੂਠੀ ਦੁਕਾਨ ਨੂੰ ਬੰਦ ਕਰ ਦਿਆਂ ਯਾ ਉਸ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੀਨ ਇਸਲਾਮ ਵਿਚ ਲੈ ਆਵਾਂ।"

ਅਗੇ ਜਾ ਕੇ ਬਾਦਸ਼ਾਹ ਇਉਂ ਲਿਖਦਾ ਹੈ, "ਅਸਬਾਬ ਓ ਅਮਵਾਲੇ ਊਰਾ ਬਕੌਦ ਜ਼ਬਤ ਦਰ ਆਵੁਰਦਾ ਫਰਮੂਦਮ ਕਿ ਊਰਾ ਬਸਿਆਸਤ ਓ ਬਿਯਾਸਾ ਰਸਾਨੰਦਾ।"

"ਉਸ ਦੇ ਮਾਲ ਅਸਬਾਬ ਨੂੰ ਜ਼ਬਤ ਕਰਕੇ ਮੈਂ ਹੁਕਮ ਦਿਤਾ ਕਿ ਉਸਨੂੰ ਤਸੀਹੇ ਦੇਕੇ ਕਤਲ ਕਰ ਦਿਤਾ ਜਾਵੇ।

ਜਿਸ ਤਰ੍ਹਾਂ ਇਕ ਬੂਟਾ ਬੀਜ ਤੋਂ ਸ਼ੁਰੂ ਹੋ, ਉਕਰ ਮੁਢ, ਡਾਲ ਟਹਿਣੀਆਂ ਤੇ ਪਤੇ ਹੋ ਫੁਲਦਾ ਤੇ ਓੜਕ ਫਲਦਾ ਹੈ, ਇਹੋ ਹਾਲਤ ਕੌਮਾਂ ਦੀ ਹੈ। ਕੌਮੀ ਜੀਵਨ ਦੀ ਉਸਾਰੀ ਵੀ ਸਨੇ ਸਨੇ ਹੁੰਦੀ ਹੈ, ਖਾਸ ਤੌਰ ਤੇ ਸਿਖ ਕੌਮ ਜਿਸ ਵਿਚ ਕਿ ਮਨੁਖ ਚਲਨ ਨੂੰ ਪੂਰਨ ਰੂਪ ਦੇਣ ਦਾ ਪਰੋਗ੍ਰਾਮ ਸੀ, ਤਿਆਰ ਕਰਨ ਵਿਚ ਤਾਂ ਕਈ ਇਕ ਮਰਹਲੇ ਆਉਣੇ ਸਨ। ਸਤਿਗੁਰ ਦੀ ਨਿਗਾਹ ਵਿਚ ਪੂਰਨ ਪੁਰਖ ਉਹ ਹੈ ਜੋ ਸੰਸਾਰ ਵਿਚ ਰਹੇ, ਨਾ ਭੈ ਦੇਂਦਾ ਹੈ ਤੇ ਨਾ ਭੈ ਮੰਨਦਾ ਹੈ। ਉਹਨਾਂ ਨੇ ਪੂਰਨ ਪੁਰਖ ਦਾ ਅਜੇਹਾ ਨਮੂਨਾ ਤਿਆਰ ਕਰਨਾ ਸੀ। ਇਹ ਕੁਦਰਤੀ ਹੀ ਗਲ ਸੀ ਕਿ ਤਜਰਬਾ

(ਬਾਕੀ ਵੇਖੋ ਫੁਟ ਨੋਟ ਸਫਾ ੪੭)

ਜਦ ਗੁਰੂ ਹਰਿ ਗੋਬਿੰਦ ਸਾਹਿਬ ਜੀ ਸਾਰਿਆਂ ਨੂੰ ਧਰਵਾਸ ਦੇ ਬਾਬਾ ਬੁੱਢਾ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਜੀ ਦਾ ਪਾਠ ਰਖਵਾ, ਦਸਾਂ ਦਿਨਾਂ ਪਿਛੋਂ ਭੋਗ ਪਵਾ ਚੁਕੇ ਅਤੇ ਕੀਰਤਨ ਹੋ ਭੋਗ ਦਾ ਅਰਦਾਸਾ ਸੋਧਿਆ ਜਾ ਚੁਕਿਆ, ਤਾਂ ਭਾਈ ਗੁਰਦਾਸ ਤੇ ਭਾਈ ਬੁੱਢਾ ਆਦਿ ਮੁਖੀ ਗੁਰਸਿਖਾਂ ਨੇ ਦਸਤਾਰ-ਬੰਦੀ ਦੀ ਰਸਮ ਅਦਾ ਕਰਵਾ ਸਤਿਗੁਰਾਂ ਦੀ ਗੱਦੀ-ਨਸ਼ੀਨੀ ਨੂੰ ਆਮ

---

(ਸਫ਼ਾ ੪੬ ਦੇ ਫੁਟ ਨੋਟ ਦਾ ਬਾਕੀ)

ਆਪਣੇ ਦੇਸ ਵਿਚ ਹੀ ਕੀਤਾ ਜਾਂਦਾ। ਪਰ ਦੇਸ ਵਿਚ ਤਾਂ ਅਜੀਬ ਹਾਲਤ ਹੋ ਰਹੀ ਸੀ। ਸ਼ਮਾਲ ਮਗ਼ਰਬ ਤੋਂ ਵਾਰੀ ਵਾਰੀ ਹਮਲੇ ਕਰ ਕੇ ਕੌਮਾਂ ਨੇ ਇਸ ਦੇਸ ਦੇ ਮਨੁਖ ਨੂੰ ਰਾਣ ਸੁਟਿਆ ਸੀ। ਉਸ ਦੇ ਵਿਚੋਂ ਬੀਰਤਾ, ਅਣਖ ਤੇ ਸ੍ਵੈ ਸਤਿਕਾਰ ਨੂੰ ਕੱਢ ਜਰਵਾਣਿਆਂ ਦੇ ਦਿਨ ਰਾਤ ਦੇ ਹਮਲਿਆਂ ਨੇ ਇਸ ਦੇਸ ਨੂੰ ਭੇਡਾਂ ਦਾ ਇੱਜੜ ਸਮਝ ਆਪਣੀ ਹਵਸ ਦਾ ਸ਼ਿਕਾਰ ਬਣਾ ਛਡਿਆ ਸੀ। ਇਸ ਅਵਸਥਾ ਨੂੰ ਤੱਕ, ਦਰਦ ਵਿਚ ਭਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਕਿਹਾ ਸੀ:—

ਜੇ ਸਕਤਾ ਸਕਤੇ ਕੋ ਮਾਰੇ, ਤਾ ਮਨ ਰੋਸ ਨਾ ਹੋਈ॥
ਸਕਤਾ ਸੀਹ ਮਾਰੇ ਪੈ ਵੱਗੇ, ਖਸਮੈ ਸਾ ਪੁਰਸਾਈ॥

ਜੇ ਜ਼ੋਰਾਵਰ ਜ਼ੋਰਾਵਾਰ ਨੂੰ ਮਾਰਦਾ ਤਾਂ ਮੈਨੂੰ ਕੁਝ ਰੋਸ ਨਾ ਹੁੰਦਾ, ਪਰ ਏਥੇ ਤਾਂ ਸਕਤਾ ਸ਼ੇਰ ਗਊਆਂ ਦੇ ਵਗ ਤੇ ਪੈ ਰਿਹਾ ਹੈ, ਇਸ ਲਈ ਵਾਗੀ ਕੋਲੋਂ ਪੁਛ ਹੋ ਸਕਦੀ ਹੈ। ਪਰ ਨਾ ਵਾਗੀ ਬ੍ਰਾਹਮਣ ਸੀ, ਪਰ ਉਹ ਵੱਗ ਦੀ ਸੰਭਾਲ ਨਾ ਕਰ ਸਕਿਆ। ਉਸ ਦੀ ਢਠੀ ਹੋਈ ਕੌਮੀ ਅਗਵਾਈ ਦਾ ਨਕਸ਼ਾ ਕਬੀਰ ਸਾਹਿਬ ਨੇ ਇਹਨਾਂ ਲਫ਼ਜ਼ਾਂ ਵਿਚ ਖਿਚਿਆ ਸੀ:—

ਹਮ ਗੋਰੂ ਤੁਮ ਗੁਆਰ ਗੁਸਾਈਂ, ਜਨਮ ਜਨਮ ਰਖਵਾਰੇ।
ਕਬਹੂ ਨਾ ਪਾਰ ਉਤਾਰ ਚਰਾਇਓ, ਕੈਸੇ ਖਸਮ ਹਮਾਰੇ।

(ਬਾਕੀ ਦੇਖੋ ਫੁਟ ਨੋਟ ਸਫ਼ਾ ੪੮)

ਪ੍ਰਗਟ ਕਰਨ ਲਈ ਸੰਗਤ ਵਿਚ ਐਲਾਨ ਕੀਤਾ। ਉਸ ਵਕਤ ਸਾਰੇ ਸ਼ਹਿਰ ਦੇ ਪਤਵੰਤੇ ਤੇ ਦੇਸ ਦਸਾਂਤਰਾਂ ਤੋਂ ਮਸੰਦ ਇਕਤ੍ਰ ਹੋਏ ਹੋਏ ਸਨ। ਜਦ ਮਸੰਦਾਂ ਦੀ ਬਿਨੈ ਕਰਨ ਤੇ ਸ੍ਰੀ ਬਾਬਾ ਬੁੱਢਾ ਜੀ ਨੇ ਮੰਜੀ ਸਾਹਿਬ ਅਤੇ ਸੇਹਲੀ ਤੇ ਮਾਲਾ ਲਿਆ ਕੇ

---

(ਸਫਾ ੪੭ ਦੇ ਫੁਟ ਨੋਟ ਦੀ ਬਾਕੀ)

ਅਸੀਂ ਗਊਆਂ ਹਾਂ। ਬ੍ਰਾਹਮਣ ਤੂੰ ਸਾਡਾ ਗੁਸਾਈਂ ਗੁਆਲਾ ਹੈ ਪਰ ਜਨਮ ਜਨਮਾਤਰਾਂ ਦੀ ਰਖਵਾਲੀ ਲੈਣ ਦੇ ਬਾਵਜੂਦ ਭੀ ਤੂੰ ਸਾਨੂੰ ਕਦੀ ਪਾਰ ਲੰਘਾ ਕੇ ਨਹੀਂ ਚਾਰਿਆ, ਕਿਹੋ ਜਿਹਾ ਖਸਮ ਹੋਇਓਂ। ਬ੍ਰਾਹਮਣ ਨੇ ਆਪਣੀਆਂ ਹੱਦਾਂ ਤੋਂ ਪਾਰ ਤਾਂ ਕੌਮ ਨੂੰ ਲਜਾ ਕੇ ਕੀ ਪ੍ਰਗਟ ਕਰਨਾ ਸੀ। ਉਹ ਤਾਂ ਸਗੋਂ ਉਸ ਨੂੰ ਅਜੇਹੀ ਨਕਾਰੀ ਕਰ ਚੁਕਾ ਸੀ ਕਿ ਘਰ ਵਿਚ ਭੀ ਉਸ ਨੂੰ ਕਦਮ ਕਦਮ ਤੇ ਰਾਹਿਆਂ ਜਾ ਰਿਹਾ ਸੀ। ਇਹਨਾਂ ਜਰਵਾਣੇ ਬਘਿਆੜਾਂ ਤੋਂ ਬਚਾ ਦਾ ਇਕ ਤਰੀਕਾ ਤਾ ਉਹੀ ਪੁਰਾਣਾ ਸੀ, ਜੋ ਆਮ ਫਰੁਸ਼ੀ ਲੋਕ ਕਰਦੇ ਸਨ ਕਿ ਇਥੋਂ ਦੇ ਲੋਕਾਂ ਨੂੰ ਭੀ ਅਜੋਂ ਬਘਿਆੜ ਹੀ ਬਣਾ ਦਿਤਾ ਜਾਂਦਾ, ਜਿਸ ਕਰ ਕੇ ਖੂਨ ਨੂੰ ਖੂਨ ਹੀ ਧੋਂਦਾ, ਪਰ ਅਰਸ਼ੀ ਬਾਬੇ ਨਾਨਕ ਨੇ ਇਸ ਕੋਝੇ ਢੰਗ ਨੂੰ ਅਪ੍ਰਵਾਨ ਕੀਤਾ ਤੇ ਆਪਣੇ ਦੈਵੀ ਮਤੇ ਅਨੁਸਾਰ ਪਸ਼ੂਆਂ ਤੋਂ ਮਨੁਖ ਤੇ ਮਨੁਖਾਂ ਤੋਂ ਦੇਵਤੇ ਬਨਾਣ ਦਾ ਰਿਵਾਜ ਪ੍ਰਚਾਰਿਆ। ਦੇਵ ਜੀਵਨ ਵਿਚ ਮਨੁਖ ਦੇ ਅੰਦਰ ਧਰਮ, ਪ੍ਰੇਮ, ਭਗਤੀ, ਵੈਰਾਗ, ਨਿਮ੍ਰਤਾ, ਤਿਆਗ, ਬੀਰਤਾ, ਅਣਖ, ਸ੍ਵੈਸਤਿਕਾਰ ਅਤੇ ਨਿਰਭੈਤਾ ਹਣੀ ਲਾਜ਼ਮੀ ਹੈ। ਚੁਨ ਚਿ ਸਤਿਗੁਰਾਂ ਨੇ ਇਸ ਜੀਵਨ ਉਸਾਰੀ ਨੂੰ ਅਰੰਭ ਕਰ ਦਿਤਾ। ਰੱਬੀ ਰਜ਼ਾ ਅਨੁਸਾਰ ਇਹ ਕੰਮ ਦਸਾਂ ਜਾਮਿਆਂ ਵਿਚ ਸਿਰੇ ਚੜ੍ਹਨਾ ਸੀ। ਚੁਨਾਂਚਿ ਪਹਿਲੇ ਜਾਮਿਆਂ ਵਿਚ ਗੁਰਦਵਾਰਿਆਂ ਦੀ ਰੀਤ ਚਲਾ ਸੰਗਤਾਂ ਬਣਾ ਤੇ ਲੰਗਰ ਜਾਰੀ ਕਰ, ਨਾਮ ਸਿਮਰਨ, ਹਰੀ ਕੀਰਤਨ, ਸ੍ਵੈ-ਅਰਪਨ ਤੇ ਸੇਵਾ ਦੀ ਪ੍ਰਾਪਤੀ ਮਨੁੱਖ ਸਮਾਜ ਵਿਚ ਪਾਈ ਗਈ। ਜਿਉਂ ਜਿਉਂ ਗੁਰੂ ਮਾਜਿਆ, ਮਨੁੱਖ ਇਹਨਾ ਗੁਣਾਂ ਵਿਚ ਨਿਪੁੰਨ ਹੁੰਦਾ ਗਿਆ ਤੇ

(ਬਾਕੀ ਦੇਖ ਫੁਟ ਨੋਟ ਸਫਾ ੪੯)

ਸਤਿਗੁਰਾਂ ਦੇ ਅਗੇ ਰਖੀ ਅਤੇ ਉਹਨਾਂ ਨੂੰ ਮੰਜੀ ਤੇ ਬੈਠ ਸਹਲੀ, ਮਾਲਾ ਪੈਹਨਾਣ ਲਈ ਕਿਹਾ, ਤਾਂ ਸਤਿਗੁਰੂ ਨੇ ਬਾਬੇ

---

(ਸਫਾ ੪੮ ਦੇ ਫੁਟ ਨੋਟ ਦੀ ਬਾਕੀ)

ਇਸ ਧਰਮ ਬੀਰਾਂ ਦੀ ਜਮਾਇਤ ਦੀ ਸ਼ੋਹਰਤ ਹੁੰਦੀ ਗਈ, ਤਿਉਂ ਤਿਉਂ ਜਾਬਰ ਜਰਵਾਣਿਆ ਨੂੰ ਫਿਕਰ ਪੈਣ ਲਗਾ। ਉਹਨਾਂ ਨੇ ਆਪਣੇ ਸੁਭਾ ਅਨੁਸਾਰ ਧੱਕੇ ਦੇ ਜ਼ੋਰ ਨਾਲ ਰੋਅਬ ਪਾਣਾ ਚਾਹਿਆ। ਪਰ ਅਗੋਂ ਸਹਿਨ-ਸੀਲਤਾ ਤੇ ਸ਼ਾਂਤੀ ਨਾਲ ਜਬਰ ਬ੍ਰਦਾਸ਼ਤ ਕਰਨ ਵਾਲੇ ਸੁਭਾ ਦਾ ਮੁਜ਼ਾਹਿਰਾ ਕੀਤਾ ਗਿਆ। ਸਤਿਗੁਰਾਂ ਦਾ ਮਤਲਬ ਇਹ ਸੀ ਕਿ ਜਰਵਾਣਿਆਂ ਦੇ ਜਬਰ ਤੇ ਸਿੱਖਾਂ ਦੇ ਸਬਰ ਦੀ ਇੰਤਹਾ ਦਿਖਾਈ ਜਾਵੇ। ਚੁਨਾਂਚਿ ਅਜੇਹਾ ਹੀ ਹੋਇਆ। ਪਰ ਜਦ ਸਾਬਰਾਂ ਦਾ ਸਬਰ, ਸਹਿਨਤਾ ਤੇ ਸ਼ਾਂਤੀ ਉਹਨਾਂ ਦੇ ਦਿਲਾਂ ਵਿਚ ਪਲਟਾ ਨਾ ਲਿਆ ਸਕੀ ਤਾਂ ਫਿਰ ਹੋਰ ਚਾਰਾ ਹੀ ਕੀ ਹੋ ਸਕਦਾ ਸੀ। ਜਿਸ ਰਾਜ ਪ੍ਰਬੰਧ ਵਿਚ ਜਹਾਂਗੀਰ ਵਰਗੇ ਬਾਦਸ਼ਾਹ ਨੂੰ ਆਦਰਸ਼ਕ ਨਿਆਈਂ ਸਮਝਿਆ ਜਾਵੇ, ਜਿਹੜਾ ਕਿ ਇਕ ਇਸਤ੍ਰੀ ਦੀ ਸੁੰਦਰਤਾ ਬਦਲੇ ਇਕ ਨਿਰਦੋਸ਼ ਬੀਰ ਪੁਰਸ਼ ਨੂੰ ਸਾਜ਼ਸ਼ ਕਰ ਕਤਲ ਕਰਾ ਦੇਵੇ, ਜਿਹੜਾ ਅਬੁਅਲ ਫ਼ਜ਼ਲ ਵਰਗੇ ਵਿਦਿਵਾਨ ਨੂੰ ਖਤਮ ਕਰਵਾ ਸਕਦਾ ਹੋਵੇ, ਆਪਣੀਆਂ ਅੱਖਾਂ ਦੇ ਸਾਹਮਣੇ ਜਿਊਂਦਿਆਂ ਮਨੁਖਾਂ ਦੀਆਂ ਖੱਲਾਂ ਖਿਚਵਾ ਸੁਟੇ, ਜਿਹੜਾ ਸਿਰਫ ਇਸ ਦੋਸ਼ ਤੇ ਇਕ ਮਨੁਖ ਦੀ ਮਾਂ ਸਜ਼ਾ ਕਢਵਾ ਸੁਟੇ ਕਿ ਉਹ ਬੇਮੌਕਿਆਂ ਉਸ ਦੇ ਅਗੋਂ ਲੰਘਿਆ ਸੀ, ਉਸ ਰਾਜ ਵਿਚ ਧਰਮ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਸੀ। ਇਸ ਲਈ ਇਹ ਜ਼ਰੂਰੀ ਸੀ ਕਿ ਅਜੇਹੇ ਰਾਜ ਪ੍ਰਬੰਧ ਨੂੰ ਮੁਕਾ ਦਿਤਾ ਜਾਂਦਾ। ਪਰ ਸਤਿਗੁਰਾਂ ਦਾ ਮਕਸਦ ਸਿਆਸੀ ਨਹੀਂ ਸੀ। ਉਹ ਆਪਣੇ ਰਾਜ ਕਾਇਮ ਕਰਨ ਦੇ ਲੋਭ ਜਾਂ ਕਿਸੇ ਹੋਰ ਦੁਨਿਆਵੀ ਖੁਦਗਰਜ਼ੀ ਕਰਕੇ ਉਸ ਰਾਜ ਨੂੰ ਮੁਕਾਣਾ ਨਹੀਂ ਸਨ ਚਾਹੁੰਦੇ, ਸਗੋਂ ਉਹ ਤਾਂ ਜ਼ਾਲਮਾਨਾ ਨੀਤੀ ਦਾ ਅੰਤ ਕਰਨਾ ਚਾਹੁੰਦੇ ਸਨ। ਉਹ ਨਹੱਕ ਅਗੇ

(ਬਾਕੀ ਦੇਖੋ ਫੁਟ ਨੋਟ ਸਫਾ ੫੦)

ਜੀ ਵਲ ਵੇਖਦਿਆਂ ਹੋਇਆਂ ਮੁਸਕਰਾ ਕੇ ਕਿਹਾ, "ਆਪ ਇਹ ਕੀ ਲੈ ਆਏ ਹੋ ? ਕੀ ਆਪ ਨੂੰ ਪਤਾ ਨਹੀਂ ਕਿ ਇਨ੍ਹਾਂ ਚੀਜ਼ਾਂ ਦੇ ਪਹਿਨਣ ਦਾ ਵਕਤ ਲੰਘ ਚੁਕਾ ਹੈ ? ਹੁਣ ਸ਼ਸਤਰਾਂ ਬਿਨਾਂ ਕੰਮ ਨਹੀਂ ਚਲਣਾ। ਜੇ ਤਲਵਾਰ ਨਾ ਪਕੜੀ ਗਈ; ਮੰਤ ਵਿਰੋਧੀਆਂ ਦਾ ਨਾਸ ਕਿਸ ਤਰਾਂ ਹੋਵੇਗਾ।

ਬਾਬਾ ਬੁੱਢਾ ਜੀ ਬੋਲੇ, "ਜੋ ਆਗਿਆ ਹਜ਼ੂਰ ਦੀ। ਪਰ ਪਿਛਲੇ ਪੰਜਾਂ ਸਤਿਗੁਰਾਂ ਦੇ ਵਕਤ ਇਹ ਮਰਯਾਦਾ ਤੁਰੀ ਆਈ ਹੈ, ਇਸ ਲਈ ਮਸੰਦਾਂ ਨੇ ਇਹ ਚੀਜ਼ਾਂ ਆਪ ਦੇ ਧਾਰਨ ਕਰਨ ਲਈ ਲਿਆਂਦੀਆਂ ਸਨ। ਅੱਗੇ ਜਿਸ ਤਰ੍ਹਾਂ ਆਪ ਹੁਕਮ ਕਰੋ।"

---

(ਸਫਾ ੪੯ ਦੇ ਫੁਟ ਨੋਟ ਦੀ ਬਾਕੀ)

ਝੁਕ ਨਹੀਂ ਸਨ ਸਕਦੇ। ਕਿਉਂਕਿ ਉਹ ਨਿਰਭਉ ਦੇ ਪੁਜਾਰੀ ਸਨ ਤੇ ਨਿਰਭਉ ਮਨੁਖ ਹੀ ਪੈਦਾ ਕਰਨੇ ਚਾਹੁੰਦੇ ਸਨ। ਉਹ ਨਿਰਵੈਰ ਸਨ। ਇਸ ਲਈ ਓਹਨਾਂ ਵੈਰ ਭਾਵ ਤੋਂ ਰਹਿਤ ਹੋ ਆਪਣੇ ਆਪ ਨੂੰ ਜਾਬਰਾਂ ਦੇ ਪੇਸ਼ ਕਰ ਦਿਤਾ ਤੇ ਓਹਨਾਂ ਦੇ ਦਿਲਾਂ ਵਿਚ ਤਬਦੀਲੀ ਕਰਨ ਹਿਤ ਆਪਣੇ ਪਵਿਤਰ ਤਨ ਤੇ ਤਸੀਹੇ ਸਹਾਰੇ। ਪਰ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਵਰਗੀ ਪਿਆਰ ਸ਼ਾਂਤ ਤੇ ਕੋਮਲਤਾ ਦੀ ਮੂਰਤੀ ਦਾ ਤੱਤੀਆਂ ਤਵੀਆਂ ਤੇ ਬੈਠਣਾ, ਗਰਮ ਰੇਤੇ ਨਾਲ ਤਨ ਸੜਵਾ ਲੈਣਾ ਤੇ ਠੰਡੇ ਪਾਣੀ ਵਿਚ ਗੋਤੇ ਖਾ ਖਾ ਆਪਣੇ ਆਪ ਨੂੰ ਖ਼ਤਮ ਕਰ ਲੈਣਾ ਭੀ ਜਰਵਾਣਿਆਂ ਦੇ ਦਿਲਾਂ ਨੂੰ ਅਪਣੀ ਥਾਂ ਤੋਂ ਨਾ ਹਿਲਾ ਸਕਿਆ ਅਤੇ ਦੇਸ ਦੇ ਚੁਪ ਕੀਤਿਆਂ ਇਸ ਸਾਕੇ ਨੂੰ ਦੇਖੀ ਜਾਣਾ ਤੇ ਇਕ ਹਾ ਦਾ ਨਾਹਰਾ ਭੀ ਨਾ ਮਾਰਨਾ ਇਹ ਸਾਬਤ ਕਰ ਗਿਆ ਕਿ ਇਸ ਦੇਸ ਦੇ ਲੋਕਾਂ ਵਿਚ ਇਤਨੀ ਭੀ ਦਲੇਰੀ ਅਤੇ ਬੀਰਤਾ ਨਹੀਂ ਰਹੀ ਕਿ ਉਹ ਭਾਰੇ ਤੋਂ ਭਾਰੇ ਜ਼ੁਲਮ ਦੇ ਬਰਖ਼ਿਲਾਫ਼ ਆਵਾਜ਼ ਤੱਕ

(ਬਾਕੀ ਦੇਖੋ ਫੁਟ ਨੋਟ ਸਫਾ ੫੧)

ਸਤਿਗੁਰਾਂ ਨੇ ਮੰਜੀ, ਸੇਹਲੀ ਅਤੇ ਮਾਲਾ ਨੂੰ ਹੱਥ ਜੋੜ ਬੰਦਨਾ ਕੀਤੀ ਅਤੇ ਫਰਮਾਇਆ "ਇਨ੍ਹਾਂ ਨੂੰ ਤੋਸ਼ੇ-ਖ਼ਾਨੇ ਵਿਚ ਜਮ੍ਹਾਂ ਕਰ ਦਿਉ, ਅਤੇ ਸਾਨੂੰ ਖੜਗ ਪੈਹਨਾਓ।" ਚੁਨਾਂਚਿ ਬਾਬਾ ਬੁੱਢਾ ਜੀ ਨੇ ਸਾਹਿਬਾਂ ਨੂੰ ਸ਼ਸਤਰ ਪੈਹਨਾਏ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਦੋਹੀਂ ਪਾਸੀਂ ਸਜਾ ਦਿਤੀਆਂ।

ਇਸ ਦਿਨ ਹਾੜ ਵਦੀ ਸੱਤਮੀ ਸੰ: ੧੬੬੩ ਬਿ: ਸੀ। ਸੰਗਤਾਂ ਵਲੋਂ ਸਤਿਗੁਰਾਂ ਦੀ ਇਸ ਨਵੀਂ ਚਲਾਈ ਰਹੁਰੀਤ ਉਤੇ ਭਾਵੇਂ ਬਹੁਤ ਪ੍ਰਸੰਨਤਾ ਪ੍ਰਗਟ ਕੀਤੀ ਗਈ, ਪਰ ਫਿਰ ਭੀ ਕੁਝ ਮਸੰਦਾਂ ਨੇ ਸ੍ਰੀ ਮਾਤ ਗੰਗਾ ਜੀ ਪਾਸ ਜਾ ਰੋਸ ਪ੍ਰਗਟ ਕੀਤਾ ਅਤੇ ਕਿਹਾ, "ਇਹ ਰੀਤ ਬੜੀ ਦੁਖਦਾਈ ਹੋਵਗੀ,

---

(ਸਫਾ ੫੦ ਦੇ ਫੁਟ ਨੋਟ ਦੀ ਬਾਕੀ)

ਭੀ ਉਠਾ ਸੱਕਣ, ਤਾਂ ਸਤਿਗੁਰਾ ਨੇ ਸਮਝ ਲਿਆ ਕਿ ਹੁਣ ਅਜੇਹੀ ਅਵਸਥਾ ਆ ਗਈ ਹੈ ਜਦ ਕਿ ਧਰਮੀ ਮਨੁੱਖ ਆਪਣੀ ਸ਼ਾਂਤਮਈ ਕੁਰਬਾਨੀ ਦੀ ਇੰਤਹਾ ਕਰ ਚੁਕਾ ਹੈ ਤਾਂ ਹੁਣ ਜ਼ਰੂਰੀ ਹੈ ਕਿ ਉਹ ਸ਼ਸਤਰ ਸੰਭਾਲੇ। ਚੁਨਾਂਚਿ ਸਤਿਗੁਰਾਂ ਨੇ ਕਾਇਰਾਂ ਕੋਲੋਂ ਭਜਨ ਤੇ ਜਾਬਰਾਂ ਕੋਲੋਂ ਸ਼ਸਤਰ ਖੋਹ ਆਦਰਸ਼ਕ ਮਨੁੱਖ ਦੇ ਹੱਥ ਇਹ ਦੋਵੇਂ ਚੀਜ਼ਾਂ ਦੇਣ ਦਾ ਫੈਸਲਾ ਕੀਤਾ। ਭਜਨ ਸਿਮਰਨ ਤੇ ਰੂਹਾਨੀਅਤ ਤਾਂ ਪਿਛਲੇ ਪੰਜਾਂ ਜਾਮਿਆਂ ਤੋਂ ਸਿੱਖਾਂ ਨੂੰ ਸਿਖਾਈ ਹੀ ਜਾ ਰਹੀ ਸੀ, ਹੁਣ ਬਾਕੀ ਦੇ ਵਕਤ ਵਿਚ ਬੀਰ ਰਸ ਸਿਖਾਣਾ ਸੀ। ਸੁ ਉਸ ਦਾ ਆਰੰਭ ਕੀਤਾ ਗਿਆ। ਹੁਣ ਮਾਲਾ ਹੀ ਤਲਵਾਰ ਬਣ ਗਈ; ਕਿਉਂਕਿ ਇਸ ਤਲਵਾਰ ਦਾ ਕਰਤਵ ਹੀ ਮਾਲਾ ਸੀ। ਮਾਲਾ ਕਰਤਾ ਦੀ ਯਾਦ ਕਰਾ ਉਸ ਦੀ ਖ਼ਲਕਤ ਨੂੰ ਜਾਬਰਾਂ ਦੇ ਜੂਲੇ ਹੇਠੋਂ ਕੱਢਣ ਦਾ ਕੰਮ ਤਲਵਾਰ ਨੇ ਅਰੰਭਿਆ ਤੇ ਓੜਕ ਮਨੁੱਖ ਦੀ ਮੁਕੰਮਲ ਤਸਵੀਰ ਤਿਆਰ ਹੋਈ, ਜਿਸ ਦੇ ਹਿਰਦੇ ਵਿਚ ਪੂਰਨ ਸ਼ਾਂਤੀ ਤੇ ਬਾਹਾਂ ਵਿਚ ਪੂਰਨ ਬੀਰਤਾ ਸੀ।

ਕਿਉਂ ਜੋ ਇਕ ਤਾਂ ਦੀਵਾਨ ਚੰਦੂ ਲਾਲ ਨੇ ਅਗੇ ਹੀ ਸਤਿਗੁਰਾਂ ਨੂੰ ਸ਼ਹੀਦ ਕਰਾ ਦਿਤਾ ਹੈ ਤੇ ਦੂਜੇ ਜੇ ਹੁਣ ਇਸ ਕਾਰਵਾਈ ਦੀ ਰੀਪੋਰਟ ਸ਼ਾਹੀ ਦਰਬਾਰ ਤਕ ਪੁੱਜੀ ਤਾਂ ਕੀ ਬਣੇਗਾ ? ਸਾਡੇ ਕੋਲ ਨਾ ਤਾਂ ਕੋਈ ਖ਼ਜ਼ਾਨਾ ਹੈ ਕਿ ਫ਼ੌਜ ਰਖ ਸਕੀਏ ਤੇ ਨਾ ਹੀ ਕੋਈ ਅੱਗੇ ਫ਼ੌਜ ਹੈ ਕਿ ਲੜ ਸਕੀਏ ਤੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਹੋ ਸਕੇ।" ਸ੍ਰੀ ਮਾਤ ਗੰਗਾ ਜੀ ਨੇ ਇਹ ਗੱਲ ਬਾਤ ਸੁਣ ਕੇ ਉਹਨਾਂ ਨੂੰ ਕਿਹਾ, "ਮੈਂ ਉਹਨਾਂ ਨੂੰ ਹੁਣ ਕੀ ਸਿਖਿਆ ਦੇ ਸਕਦੀ ਹਾਂ, ਕਿਉਂਕਿ ਉਹ ਪੂਰਨ ਕਲਾਧਾਰੀ ਹੋਣ ਕਰ ਕੇ ਹੀ ਗੁਰ-ਗੱਦੀ ਦੇ ਮਾਲਕ ਹੋਏ ਹਨ, ਪਰ ਮੈਂ ਫਿਰ ਭੀ ਇਹ ਗਲ ਉਹਨਾਂ ਨਾਲ ਕਰਾਂਗੀ।" ਸੋ ਜਿਸ ਵਕਤ ਸਤਿਗੁਰੂ ਮਾਤਾ ਜੀ ਨੂੰ ਮੱਥਾ ਟੇਕਣ ਘਰ ਆਏ, ਤਾਂ ਉਹਨਾਂ ਨੇ ਮਸੰਦਾਂ ਵਾਲੀ ਸਾਰੀ ਗਲ ਬਾਤ ਉਹਨਾਂ ਨਾਲ ਕੀਤੀ। ਸਤਿਗੁਰਾਂ ਕਿਹਾ, "ਮਾਤਾ ਜੀ, ਮੈਂ ਇਹਨਾਂ ਸਭ ਗੱਲਾਂ ਤੋਂ ਵਾਕਫ਼ ਹਾਂ। ਸਾਡੀ ਸਭ ਮਰਯਾਦਾ ਅਕਾਲ ਪੁਰਖ ਦੀ ਆਗਿਆ ਵਿਚ ਹੀ ਚਲਦੀ ਹੈ। ਸੋ ਜਿਸ ਦੇ ਹੁਕਮ ਅਨੁਸਾਰ ਅਸੀਂ ਇਹ ਧਰਮ ਯੁਧ ਕਰਨ ਦੀ ਮਰਯਾਦਾ ਪ੍ਰਚਲਤ ਕਰਨ ਲੱਗੇ ਹਾਂ, ਉਹ ਸਾਡੀ ਰਖਿਆ ਆਪ ਹੀ ਕਰੇਗਾ।" ਮਾਤਾ ਜੀ ਨੇ ਅਸ਼ੀਰਵਾਦ ਦਿੰਦਿਆਂ ਹੋਇਆਂ ਕਿਹਾ, "ਗੁਰੂ ਨਾਨਕ ਤੁਹਾਡਾ ਸਹਾਈ ਹੋਵੇ !"

ਅਗਲੇ ਦਿਨ ਹੀ ਮਸੰਦਾਂ ਰਾਹੀਂ ਸੰਗਤਾਂ ਨੂੰ ਹੁਕਮ-ਨਾਮੇ ਭੇਜ ਦਿਤੇ ਗਏ, ਜਿਨ੍ਹਾਂ ਵਿਚ ਦਸਿਆ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਪਾ ਗਏ ਹਨ ਤੇ ਉਹਨਾਂ ਦੀ ਜਗ੍ਹਾ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਛੇਵੇਂ ਗੁਰੂ ਹੋ ਪ੍ਰਗਟ

ਹਨ। ਸੋ ਉਹਨਾਂ ਦਾ ਹੁਕਮ ਹੈ, "ਜੋ ਸਿਖ ਅਗਾਂਹ ਲਈ ਗੁਰੂ ਕੇ ਖ਼ਜ਼ਾਨੇ ਭੇਟਾ ਲਿਆਵੇ, ਉਹ ਇਹ ਜਾਣ ਲਵੇ ਕਿ ਸ਼ਸਤਰ ਅਤੇ ਘੋੜਿਆਂ ਦੀ ਗੁਰੂ ਘਰ ਵਿਚ ਜ਼ਿਆਦਾ ਲੋੜ ਹੈ। ਜੋ ਵੀ ਪ੍ਰੇਮੀ ਵਧੀਆ ਸ਼ਸਤਰ ਤੇ ਚੰਗਾ ਘੋੜਾ ਲਿਆਏਗਾ, ਉਸ ਤੇ ਗੁਰੂ ਕੀਆਂ ਖੁਸ਼ੀਆਂ ਹੋਣਗੀਆਂ। "ਇਹ ਹੁਕਮਨਾਮੇ ਦੇਸ ਦੇਸਾਂਤਰਾਂ ਵਿਚ ਚਲੇ ਗਏ। ਕਿਉਂਕਿ ਸਿੱਖੀ ਦਾ ਪ੍ਰਚਾਰ ਉਹਨਾਂ ਦਿਨਾਂ ਵਿਚ ਕਰੀਬਨ ਭਾਰਤ-ਵਰਸ਼ ਦੇ ਹਰ ਕੋਨੇ ਤੱਕ ਹੋਇਆ ਹੋਇਆ ਸੀ, ਇਸ ਲਈ ਪੂਰਬ ਵਿਚ ਦਿਲੀ ਅਤੇ ਆਗਰੇ ਵਿਚ ਤੇ ਅਗਾਂਹ ਫਰਖ਼ਾਬਾਦ, ਮਕਸੂਦਾਬਾਦ, ਕਾਂਸ਼ੀ, ਸਸਰਾਮ ਅਤੇ ਪਟਨੇ ਆਦਿਕ ਸ਼ਹਿਰਾਂ ਵਿਚ ਤੇ ਇਸੇ ਤਰ੍ਹਾਂ ਦੱਖਣ ਤੇ ਪੱਛਮ ਦਿਸ਼ਾ ਦੇ ਵੱਡੇ ਵੱਡੇ ਨਗਰਾਂ ਵਿਚ ਪਸ਼ੌਰ, ਕੰਧਾਰ, ਕਾਬਲ ਤੇ ਕਸ਼ਮੀਰ ਤੱਕ ਹੁਕਮ ਚਲੇ ਗਏ, ਜਿਸ ਕਰਕੇ ਥੋੜ੍ਹੇ ਦਿਨਾਂ ਵਿਚ ਹੀ ਫ਼ੌਜੀ ਸਾਜ਼ੋ-ਸਾਮਾਨ ਇਕੱਠਾ ਹੋਣਾ ਸ਼ੁਰੂ ਹੋ ਗਿਆ।

## ਸ੍ਰੀ ਅਕਾਲ ਤਖ਼ਤ ਸਾਹਿਬ

ਸਤਿਗੁਰਾਂ ਨੇ ਗੁਰਗੱਦੀ ਦੀ ਸੰਭਾਲ ਕਰਨ ਵਾਲੇ ਦਿਨ ਹੀ ਸ਼ਸਤ੍ਰ ਵਸਤ੍ਰ ਪਹਿਣ, ਸ੍ਰੀ ਹਰਿਮੰਦਰ ਸਾਹਿਬ ਪਰਕ੍ਰਮਾਂ ਕਰ ਤੇ ਮੱਥਾ ਟੇਕ ਬਾਹਰ ਆ ਦਰਸ਼ਨੀ ਡਿਓਢੀ ਦੇ ਸਾਹਮਣੇ ਜਿਸ ਜਗ੍ਹਾ ਤੇ ਬੀਰ ਆਸਣ ਜਮਾ ਬੈਠੇ ਮਸੰਦਾਂ ਤੇ ਹੋਰ ਸ਼ਰਧਾਲੂਆਂ ਪਾਸੋਂ ਨਜ਼ਰ ਭੇਟਾ ਲਈ ਸੀ, ਉਸ ਥਾਂ

ਦਾ ਨਾਮ ਆਪ ਨੇ *ਅਕਾਲ ਤਖ਼ਤ ਕਰਾਰ ਦਿਤਾ ਸੀ। ਚੁਨਾਂਚਿ ਹਾੜ ਵਦੀ ਪੰਜਵੀਂ ਸੰ: ੧੬੬੬ ਬਿਕ੍ਰਮੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੀ ਤਯਾਰੀ ਦਾ ਬੁਨਿਆਦੀ ਪੱਥਰ ਆਪਣੇ ਪਵਿੱਤ੍ਰ ਕਰ ਕਮਲਾਂ ਨਾਲ

*ਹੁਣ ਤਕ ਧਰਮ ਮਰਯਾਦਾ, ਧਰਮ ਅਸਥਾਨਾਂ ਵਿਚ ਨਿਬਾਹੀ ਜਾਂਦੀ ਸੀ ਤੇ ਰਾਜਨੀਤਕ ਵਿਹਾਰ ਨੂੰ ਚਲਾਣ ਹਿਤ ਤਖ਼ਤ ਹੁੰਦੇ ਸਨ। ਤਖ਼ਤ ਉਤੇ ਕਬਜ਼ਾ ਤਲਵਾਰ ਦਾ ਰਹਿੰਦਾ ਸੀ, ਇਸ ਲਈ ਦੁਨਿਆਵੀ ਤਖ਼ਤਾਂ ਤੋਂ ਨਿਆਂ ਦੀ ਜਗ੍ਹਾ ਤਖ਼ਤ-ਨਸ਼ੀਨ ਦੀ ਮਰਜ਼ੀ ਮਨਵਾਈ ਜਾਂਦੀ ਸੀ। ਦੁਨਿਆਵੀ ਐਸ਼ਵਰਜ ਤੇ ਗ਼ਰੀਬ ਜਨਤਾ ਦੀ ਲੁਟ ਤੋਂ ਪੈਦਾ ਕੀਤੇ ਗਏ ਮਾਲ ਦੇ ਭਿਆਲਾਂ ਦੀਆਂ ਫੌਜਾਂ ਦਾ ਬਲ ਨਾਲ ਹੋਣ ਕਰ ਕੇ ਇਹ ਤਖ਼ਤ ਨਸ਼ੀਨ ਆਮ ਤੌਰ ਤੇ ਅਯਾਸ਼, ਅਨਿਆਈ ਤੇ ਵਢੀ-ਖ਼ੋਰ ਹੁੰਦੇ ਸਨ। ਦੇਸ ਵਿਚ ਇਕ ਆਮ ਕਹਾਵਤ ਹੋ ਗਈ ਸੀ, "ਤਪੋਂ ਤਖ਼ਤ ਤੇ ਤਖ਼ਤੋਂ ਨਰਕ" ਜਿਸ ਦਾ ਭਾਵ ਇਹ ਸੀ ਕਿ ਪਿਛਲੇ ਜਨਮ ਦੇ ਤਪ ਕਰਨ ਕਰ ਕੇ ਤਾਂ ਤਖ਼ਤ ਦਾ ਫਲ ਮਿਲਦਾ ਹੈ, ਪਰ ਚੂੰਕਿ ਤਖ਼ਤ-ਨਸ਼ੀਨ ਆਮ ਤੌਰ ਤੇ ਭੋਗੀ, ਅਨਿਆਈ ਤੇ ਜ਼ਾਲਮ ਹੋ ਜਾਂਦੇ ਹਨ, ਇਸ ਕਰ ਕੇ ਤਖ਼ਤ ਤੋਂ ਨਰਕ ਮਿਲਦਾ ਹੈ। ਸਤਿਗੁਰਾਂ ਨੇ ਜਿਥੇ ਜੀਵਨ ਦਿਆਂ ਹੋਰ ਤਮਾਮ ਆਸ਼੍ਰਮਾਂ ਨੂੰ ਉੱਚਾ ਕੀਤਾ, ਉਥੇ ਹਕੂਮਤ ਦੇ ਤਖ਼ਤ ਵਲ ਭੀ ਮੇਹਰ ਦੀ ਨਿਗਾਹ ਕੀਤੀ ਤੇ ਇਕ ਅਜੇਹਾ ਤਖ਼ਤ ਕਾਇਮ ਕੀਤਾ, ਜਿਸ ਉਤੇ ਵਿਕਾਰੀ ਭੋਗੀਆਂ ਦੀ ਥਾਂ ਸੰਤੋਖੀ ਸਾਬਰ ਬੈਠਣ ਤੇ ਜਿਥੇ ਮਨੁੱਖਾਂ ਦੇ ਮਾਨ ਮੱਤੇ ਮਨਾਂ ਦਾ ਹੁਕਮ ਚਲਣ ਦੀ ਥਾਂ ਅਕਾਲ ਪੁਰਖ ਦਾ ਚਲੇ। ਰਾਣਾ ਰੰਕ ਨਾਲ ਇਕੋ ਜਿਹਾ ਵਰਤਾਵ ਕੀਤਾ ਜਾਏ। ਹਰ ਦੀਨ ਦੁਖੀ ਦੀ ਫਰਿਆਦ ਸੁਣੀ ਜਾਏ ਤੇ ਉਸ ਦੀ ਸਹਾਇਤਾ ਕੀਤੀ ਜਾ ਸਕੇ। ਚੁਨਾਂਚਿ ਅਜ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਤਿਗੁਰਾਂ ਦੀ ਚਲਾਈ ਹੋਈ ਅਕਾਲੀ ਮਰਯਦਾ ਚਲੀ ਆਉਂਦੀ ਹੈ। ਇਥੇ ਤਿਆਰ ਬਰ ਤਿਆਰ ਅਕਾਲੀਆਂ ਦਾ ਪਹਿਰਾ ਰਹਿੰਦਾ ਹੈ ਅਤੇ ਸ੍ਰੀ ਗੁਰੂ ਜੀ ਦੇ ਸ਼ਸਤਰਾਂ ਦੇ ਦਰਸ਼ਨ ਕਰਾਏ ਜਾਂਦੇ ਹਨ।

ਰਖ ਦਿਤਾ। ਹੁਣ ਸਤਿਗੁਰੂ ਜੀ ਰੋਜ਼ਾਨਾ ਇਸ ਥਾਂ ਤੇ ਬਹਿ ਕੇ ਗੁਰਿਆਈ ਦੀ ਮਰਯਾਦਾ ਨਿਭਾਹੁਣ ਲਗੇ। ਗੁਰੂ ਕੇ ਹੁਕਮ-ਨਾਮੇ ਜਾਣ ਕਰਕੇ ਜਿਥੇ ਹਰ ਪਾਸੇ ਤੋਂ ਕਿਸਮ ੨ ਦੇ ਸ਼ਸਤਰ ਅਤੇ ਸੁੰਦਰ ਘੋੜੇ ਗੁਰੂ ਮਹਾਰਾਜ ਦੀ ਸੇਵਾ ਵਿਚ ਪੁਜਣ ਲਗੇ, ਉਥੇ ਬਹੁਤ ਸਾਰੇ ਬੀਰ ਸਿਪਾਹੀ ਅਤੇ ਪਹਿਲਵਾਨ ਭੀ ਗੁਰੂ ਸਾਹਿਬ ਦੀ ਯੁਧ ਮਰਯਾਦਾ ਚਲਾਉਣ ਅਤੇ ਸਖ਼ਾਵਤ ਦੀ ਧਾਂਕ ਸੁਣ ਮਹਾਰਾਜ ਪਾਸ ਆਉਣ ਲਗੇ। ਸਤਿਗੁਰਾਂ ਨੇ ਪਹਿਲਾਂ ਬਵੰਜਾ ਚੋਣਵੇਂ ਸੂਰਮੇ ਆਪਣੇ ਖਾਸ ਮੁਸਾਹਿਬ (Body guard) ਚੁਣ ਲਏ ਤੇ ਇਸ ਤਰ੍ਹਾਂ ਉਨ੍ਹਾਂ ਨੇ ਸਿਖਾਂ ਦੇ ਫੌਜੀ ਬਲ ਦੀ ਬੁਨਿਆਦ ਰਖ ਦਿਤੀ। ਥੋੜੇ ਦਿਨਾਂ ਵਿਚ ਹੀ ਮਾਝੇ, ਦੁਆਬੇ ਅਤੇ ਮਾਲਵੇ ਵਿਚੋਂ ਪੰਜ ਸੌ ਸੂਰਬੀਰ ਸਤਿਗੁਰਾਂ ਦੇ ਚਰਨਾਂ ਵਿਚ ਧਰਮ ਉਪਦੇਸ਼ ਲੈਣ ਲਈ ਹਾਜ਼ਰ ਹੋਏ। ਉਨ੍ਹਾਂ ਨੇ ਬੇਨਤੀ ਕੀਤੀ ਕਿ ਸਾਡੇ ਕੋਲ ਭੇਟ ਧਰਨ ਲਈ ਹੋਰ ਤਾਂ ਕੁਝ ਨਹੀਂ ਹੈ, ਅਸੀਂ ਆਪਣੇ ਸਿਰ ਗੁਰੂ ਅਰਪਣ ਕਰਦੇ ਹਾਂ। ਸਤਿਗੁਰਾਂ ਨੇ "ਧੰਨ ਸਿੱਖੀ!" ਆਖ ਉਨ੍ਹਾਂ ਨੂੰ ਪ੍ਰਵਾਨ ਕੀਤਾ। ਹਰ ਇਕ ਨੂੰ ਸ਼ਸਤ੍ਰ ਅਤੇ ਘੋੜਾ ਦਿਤਾ ਗਿਆ ਅਤੇ ਭਾਈ ਬਿਧੀ ਚੰਦ, ਪਿਰਾਣਾ, ਜੇਠਾ, ਪਿਆਰਾ ਅਤੇ ਲੰਗਾਹ ਨੂੰ ਸੌ ਸੌ ਸਵਾਰ ਦਾ ਜੱਥੇਦਾਰ ਥਾਪ ਦਿਤਾ। ਹੁਣ ਸਤਿਗੁਰਾਂ ਨੇ ਨਿਤ ਪ੍ਰਤਿ ਦੇ ਕੀਰਤਨ ਅਤੇ ਕਥਾ ਦੇ ਨਾਲ ਫੌਜੀ ਪਰੋਗ੍ਰਾਮ ਭੀ ਵਧਾ ਦਿਤਾ। ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਦੇ ਅਤੇ ਭੋਗ ਪੈਣ ਦੇ ਬਾਦ ਮੱਥਾ ਟੇਕ ਪ੍ਰਕਰਮਾਂ ਕਰ ਸ੍ਰੀ ਅਕਾਲ ਤਖ਼ਤ ਸਾਹਿਬ ਆਣ ਸਜਦੇ ਅਤੇ

ਸਿਖ ਸੰਗਤਾਂ ਨੂੰ ਗੁਰਮਤ ਉਪਦੇਸ਼ ਦੇ ਨਵੇਂ ਪ੍ਰੋਗ੍ਰਾਮ ਅਨੁਸਾਰ ਧਰਮ ਯੁਧ ਹਿਤ ਗੁਰਬਾਣੀਆਂ ਕਰਨ ਲਈ ਪ੍ਰੇਰਨਾ ਕਰਦੇ। ਲੋੜ੍ਹੇ ਵੇਲੇ ਆਪਣਿਆਂ ਸੂਰਮਿਆਂ ਦੀ ਪ੍ਰੈਡ ਕਰਾਂਦ, ਘੋੜਦੌੜ, ਨੇਜ਼ੇ-ਬਾਜ਼ੀਆਂ ਹੁੰਦੀਆਂ, ਸ਼ਕਾਰ ਖੇਡੇ ਜਾਂਦੇ ਤੇ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੂਰਮਿਆਂ ਦੀਆਂ ਵਾਰਾਂ ਗਾਵੀਆਂ ਜਾਂਦੀਆਂ। ਸਤਿਗੁਰਾਂ ਨੇ ਇਕ ਦਰਬਾਰੀ ਢਾਡੀ ਅਬਦੁੱਲਾ ਨਾਮ ਭੀ ਰਖ ਲਿਆ, ਜਿਸ ਨੇ ਕਿ ਗੁਰੂ ਸਾਹਿਬ ਦੀ ਸੂਰਮਤਾਈ ਤੇ ਵਾਰਾਂ ਲਿਖੀਆਂ।

## ਹੋਰ ਤਿਆਰੀ

ਸਤਿਗੁਰ ਸੱਚੇ ਪਾਤਸ਼ਾਹ ਆਪਣੇ ਨਵੇਂ ਪ੍ਰੋਗਰਾਮ ਦੀਆਂ ਤਿਆਰੀਆਂ ਵਿਚ ਪੂਰੀ ਤਵੱਜੋ ਨਾਲ ਜੁਟ ਪਏ ਅਤੇ ੧੬੭੨ ਬਿਕਰਮੀ ਨੂੰ ਲੋਹਗੜ੍ਹ ਦੇ ਕਿਲ੍ਹੇ ਦੀ ਨੀਂਹ ਰਖੀ। ਇਹ ਸ਼ਹਿਰੋਂ ਬਾਹਰ ਵਾਰ ਜਿਥੇ ਅੱਜ ਕਲ ਲੋਹਗੜ੍ਹ ਦਰਵੱਜ਼ਾ ਹੈ, ਬਣਾਇਆ ਗਿਆ। ਇਸ ਵਿਚ ਤਮਾਮ ਜੰਗੀ ਸਾਮਾਨ ਇਕੱਠਾ ਕੀਤਾ ਗਿਆ। ਫੌਜ ਦੇ ਨਿਵਾਸ ਲਈ ਅਸਥਾਨ ਤੇ ਘੋੜਿਆਂ ਦੇ ਲਈ ਤਬੇਲੇ ਤਿਆਰ ਹੋਏ। ਨੇਜ਼ੇ-ਬਾਜ਼ੀਆਂ ਤੇ ਸਵਾਰੀਆਂ ਦੇ ਕਰਤਵ ਜ਼ੋਰਾਂ ਨਾਲ ਸਿਖਾਏ ਜਾਣ ਲੱਗ ਪਏ ਤੇ ਬਘਿਆੜ, ਸੂਰ, ਚਿੱਤਰੇ ਤੇ ਸ਼ੇਰ ਆਦਿ ਜੰਗਲੀ ਜਾਨਵਰਾਂ ਦਾ †ਸ਼ਿਕਾਰ ਭੀ ਸਿਪਾਹੀਆਂ ਦੀ ਪ੍ਰੈਡ ਦਾ ਇਕ ਹਿਸਾ

†ਉਸ ਸਮੇਂ ਦੇਸ ਬਹੁਤ ਸਾਰਾ ਜੰਗਲ ਸੀ। ਥਾਂ ਥਾਂ ਤੇ ਰੱਖਾਂ ਸਨ। ਸ੍ਰੀ ਅੰਮ੍ਰਿਤਸਰ ਦੇ ਕੋਲ ਭੀ ਘੋਰ ਬਣ ਸਨ। ਇਸ ਲਈ ਸ਼ੇਰ, ਚਿਤਰੇ ਤੇ ਬਘਿਆੜ ਆਦਿ ਜਾਨਵਰ ਬਹੁਤ ਪਾਏ ਜਾਂਦੇ ਸਨ।

ਮੁਕੱਰਰ ਕੀਤਾ ਗਿਆ। ਸਤਿਗੁਰਾਂ ਨੇ ਇਸ ਜੰਗੀ ਤਿਆਰੀ ਦੇ ਨਾਲ ਨਾਲ ਗੁਰਮਤ ਪ੍ਰਚਾਰ ਦੇ ਕੰਮ ਨੂੰ ਭੀ ਪੂਰੇ ਜ਼ੋਰ ਨਾਲ ਜਾਰੀ ਰਖਿਆ ਹੋਇਆ ਸੀ। ਚੁਨਾਂਚਿ ਇਸ ਸਾਲ ਵਿਚ ਹੀ ਸਤਿਗੁਰਾਂ ਨੇ ਸੱਤ ਮਹੀਨੇ ਤਕ ਪ੍ਰਚਾਰ ਦਾ ਦੌਰਾ ਕੀਤਾ ਅਤੇ ਕਰਤਾਰਪੁਰ ਸਾਹਿਬ (ਜ਼ਿਲਾ ਜਾਲੰਧਰ) ਡੇਰਾ ਰੱਖ ਕੇ ਦੁਆਬੇ ਵਿਚ ਚੱਕਰ ਲਾਏ। ਲੋਕਾਂ ਨੂੰ ਨਾਮ ਦਾਨ ਬਖ਼ਸ਼ ਕੇ ਗੁਰਮਤ ਅਨੁਸਾਰ ਜੀਵਨ ਜੁਗਤੀ ਸਿਖਾਈ। ਕਰਤਾਰ ਪੁਰ ਸਾਹਿਬ ਗੁਰਦਵਾਰਿਆਂ ਦੀ ਸੇਵਾ ਕੀਤੀ, ਬਾਗ਼ ਲਵਾਏ ਤੇ ਵਸਾਖੀ ਦਾ ਮੇਲਾ ਕਾਇਮ ਕੀਤਾ। ਇਸ ਦੌਰੇ ਤੋਂ ਵਾਪਸੀ ਤੇ ਸਤਿਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਤਾਂ ਆਪ ਨੂੰ ਇਹ ਦੇਖ ਕੇ ਬੜੀ ਪ੍ਰਸੰਨਤਾ ਹੋਈ ਕਿ ਫ਼ੌਜ ਵਿਚ ਭਾਰੀ ਤਰੱਕੀ ਹੋ ਚੁਕੀ ਹੈ। ਸੂਰਬੀਰਾਂ ਦੀ ਗਿਣਤੀ ਭੀ ਵਧ ਗਈ ਹੈ ਤੇ ਸੰਗਤਾਂ ਵਲੋਂ ਸੇਵਾ ਹਿਤ ਆਈ ਮਾਇਆ ਨਾਲ ਖ਼ਜ਼ਾਨੇ ਭੀ ਭਰਪੂਰ ਹਨ। ਸਾਹਿਬਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਸੱਜ, ਗੁਰ-ਗੱਦੀ ਦੀ ਰੋਜ਼ਾਨਾ ਰਹਰੀਤ ਅਤੇ ਸ਼ਹਿਰ-ਵਾਸੀਆਂ ਦੀ ਭਲਾਈ ਹਿਤ ਕਈ ਤਰ੍ਹਾਂ ਦੇ ਕੰਮ ਕਾਰ ਅਰੰਭ ਕਰਾ ਦਿਤੇ। ਦੇਵ ਸ਼ਕਤੀ ਦੇ ਨਿਸ਼ਾਨ ਦਾ ਫਰੇਰਾ ਲਹਿਰਾਇਆ। ਸਤਿਗੁਰੂ ਸ਼ਹਿਰ-ਵਾਸੀਆਂ ਦੇ ਝਗੜੇ ਭੀ ਆਪ ਹੀ ਸੁਣ ਕੇ ਨਬੇੜਿਆ ਕਰਦੇ ਸਨ ਤੇ ਚੂੰਕਿ ਹਰ ਇਕ ਨੂੰ ਇਨਸਾਫ ਮਿਲਦਾ ਸੀ, ਇਸ ਲਈ ਜਿਉਂ ਜਿਉਂ ਸੱਚੀ ਅਦਾਲਤ ਦੀ ਸ਼ੁਹਰਤ ਫੈਲਦੀ ਗਈ, ਲੋਕਾਂ ਦੀ ਰੁਚੀ ਦੁਨਿਆਵੀ ਝੂਠੇ ਹਾਕਮਾਂ ਵਲੋਂ ਹਟ ਕੇ ਸੱਚੇ ਪਾਤਸ਼ਾਹ ਜੀ ਦੀ ਸੱਚੀ ਅਦਾਲਤ ਵਲ ਵਧਦੀ ਗਈ।

# ਈਰਖਾ

ਕਿਸੇ ਨੇ ਸਚ ਕਿਹਾ ਹੈ ਕਿ ਦੁਨੀਆ ਵਿਚ ਹਰ ਮਨੁਖ ਦਾ ਦਿਲ ਦੁਖਾਉਣ ਨੂੰ ਕਿਸੇ ਦੂਸਰੇ ਮਨੁਖ ਦੀ ਲੋੜ ਪੈਂਦੀ ਹੈ, ਪਰ ਈਰਖਾ-ਵਾਦੀ ਆਪਣੇ ਆਪ ਵਿਚ ਹੀ ਦੁਖੀ ਰਹਿੰਦਾ ਹੈ। ਕਿਸੇ ਦੂਸਰੇ ਨੂੰ ਉਸ ਦੇ ਔਖਿਆਂ ਕਰਨ ਦੀ ਕੋਈ ਲੋੜ ਨਹੀਂ ਪੈਂਦੀ। ਉਹ ਬਿਗਾਨਾ ਤੇਜ ਪ੍ਰਤਾਪ ਦੇਖ ਕੇ ਆਪਣੇ ਆਪ ਵਿਚ ਹੀ ਕੁੜ੍ਹਦਾ ਰਹਿੰਦਾ ਹੈ। ਸੋ ਇਹੋ ਹਾਲਤ ਗੁਰੂ ਘਰ ਨਾਲ ਈਰਖਾ ਰੱਖਣ ਵਾਲੇ ਪ੍ਰਿਥੀ ਚੰਦ ਦੇ ਪੁਤ੍ਰ ਮੇਹਰਬਾਨ ਸੋਢੀ ਦੀ ਹੋ ਰਹੀ ਸੀ। ਭਾਵੇਂ ਪ੍ਰਿਥੀ ਚੰਦ ਜੀ ਤਾਂ ਉਮਰ ਭਰ ਗੁਰੂ ਘਰ ਨਾਲ ਨਿਰਾਰਥ ਵਿਰੋਧ ਕਮਾ ਕੇ ਗੁਜ਼ਰ ਗਏ, ਪਰ ਈਰਖਾ ਦੀ ਪੂੰਜੀ ਆਪਣੇ ਪੁਤ੍ਰ ਮੇਹਰਬਾਨ ਨੂੰ ਦੇ ਗਏ। ਜਦ ਗੁਰੂ ਹਰਿਗੋਬਿੰਦ ਸਾਹਿਬ ਤਖਤ ਉਤੇ ਬੈਠੇ ਤੇ ਉਨ੍ਹਾਂ ਨੇ ਧਰਮ-ਯੁਧ ਦੀ ਰੀਤ ਆਪਣੀ ਸੰਗਤ ਵਿਚ ਪ੍ਰਗਟ ਕੀਤੀ ਤੇ ਇਸ ਸ਼ੁਭ ਮਨੋਰਥ ਨੂੰ ਸਿਰੇ ਚੜ੍ਹਾਣ ਹਿਤ ਰਾਜਸੀ ਠਾਠ ਕਾਇਮ ਕੀਤਾ, ਤਾਂ ਉਨ੍ਹਾਂ ਦੇ ਤੇਜ ਪ੍ਰਤਾਪ ਦਾ ਸੂਰਜ ਸ਼ੁਹਰਤ ਦੇ ਅਕਾਸ਼ ਵਿਚ ਚਮਕਣ ਲਗਾ। ਜਿਥੇ ਸਿਖ ਸੰਗਤਾਂ, ਦੀਨ, ਗਰੀਬਾਂ ਤੇ ਨੇਕੀ ਨਿਆਂ ਦੇ ਪਿਆਰਿਆਂ ਨੂੰ ਧਰਮ ਦੀ ਇਹ ਚੜ੍ਹਦੀ ਕਲਾ ਦੇਖ ਕੇ ਪ੍ਰਸੰਨਤਾ ਹੋ ਰਹੀ ਸੀ, ਉਥੇ ਮੇਹਰਬਾਨ ਨੂੰ ਈਰਖਾ ਨੇ ਬੜਾ ਹੈਰਾਨ ਕੀਤਾ ਹੋਇਆ ਸੀ। ਓੜਕ ਉਸ ਨੇ ਦਿੱਲੀ ਅਪੜ ਚੰਦੂ ਲਾਲ ਦੀਵਾਨ ਨੂੰ ਸਾਰੀ ਗਲ ਦਸ, ਜਾ ਚੁਕਿਆ। ਚੰਦੂ ਲਾਲ ਦੀ ਕੰਨਯਾ ਅਜੇ ਕੁਆਰੀ ਬੈਠੀ ਸੀ। ਜਦ ਮੇਹਰਬਾਨ

ਨੇ ਸਤਿਗੁਰਾਂ ਦੇ ਤੇਜ ਪ੍ਰਤਾਪ ਦੀ ਗਲ ਸੁਣਾਈ ਤਾਂ ਚੰਦੂ ਲਾਲ ਦਿਲੋਂ ਦੁਖਿਆ ਤਾਂ ਬਹੁਤ, ਪਰ ਨੀਤੀਵਾਨ ਹੋਣ ਕਰਕੇ ਉਸ ਨੇ ਮੇਹਰਬਾਨ ਨੂੰ ਤਾਂ ਦਿਲਾਸਾ ਦੇ ਕੇ ਤੋਰ ਦਿਤਾ ਪਰ ਮਗਰੋਂ ਆਪਣੀ ਘਰ ਵਾਲੀ ਨਾਲ ਸਲਾਹ ਕਰਨ ਲਗਾ ਕਿ ਇਕ ਵੇਰ ਫਿਰ ਲੜਕੀ ਦੇ ਸਾਕ ਦੀ ਗੱਲ ਸਤਿਗੁਰਾਂ ਨਾਲ ਛੇੜੀ ਜਾਏ। ਸੁਆਣੀ ਦੀ ਤਾਈਦ ਕਰਨ ਉਤੇ ਉਸ ਨੇ ਫਿਰ ਆਪਣਾ ਦੂਤ ਗੁਰੂ ਸਾਹਿਬ ਕੋਲ ਘਲਿਆ ਅਤੇ ਮਿਨੰਤ ਕਰ ਕੇ ਕਹਿ ਭੇਜਿਆ ਕਿ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਲਓ। ਪਰ ਭਾਗਹੀਨ ਅਭਿਮਾਨੀ ਨੇ ਜਿਥੇ ਖੁਸ਼ਾਮਦ ਕੀਤੀ, ਉਥੇ ਨਾਲ ਧਮਕੀ ਭੀ ਦਿਤੀ ਤੇ ਕਿਹਾ, "ਸਭ ਜਾਣਦੇ ਹਨ, ਮੇਰਾ ਸ਼ਾਹੀ ਦਰਬਾਰ ਵਿਚ ਕਿਤਨਾ ਰਸੂਖ ਹੈ। ਜੇ ਮੇਰੀ ਗਲ ਐਤਕੀਂ ਭੀ ਮੋੜੀ ਗਈ ਤਾਂ ਮੇਰੇ ਕ੍ਰੋਧ ਨੂੰ ਕੋਈ ਠੰਡਾ ਨਹੀਂ ਕਰ ਸਕੇਗਾ, ਅਤੇ ਤੁਹਾਨੂੰ ਭੀ ਆਪਣੇ ਪਿਤਾ ਵਾਂਗ ਮੰਦੇ ਦਿਨ ਦੇਖਣੇ ਪੈਣਗੇ।" ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਦੂਤ ਨੂੰ ਵਾਪਸ ਕਰਦਿਆਂ ਹੋਇਆਂ ਕਿਹਾ, "ਉਸ ਹੰਕਾਰੀ ਦੀਵਾਨ ਨੂੰ ਕਹਿ ਦਿਉ, ਉਸ ਦਾ ਰਿਸ਼ਤਾ ਲੈਣਾ ਤੇ ਕਿਤੇ ਰਿਹਾ, ਉਸ ਨੀਚ ਸੰਤ ਧ੍ਰੋਹੀ, ਦੁਰ ਆਤਮਾ ਨੂੰ ਉਸ ਦੇ ਕੀਤੇ ਦਾ ਫਲ ਭੋਗਾਇਆ ਜਾਏਗਾ।" ਚੁਨਾਂਚਿ ਚੰਦੂ ਲਾਲ ਇਹ ਪੈਗ਼ਾਮ ਸੁਣ ਕੇ ਸੜ ਬਲ ਗਿਆ ਅਤੇ ਉਸ ਨੇ ਸ਼ਾਹੀ ਉਮਰਾ ਵਿਚੋਂ ਬਾਦਸ਼ਾਹ ਦੇ ਨਿਕਟ-ਵਰਤੀਆਂ ਨੂੰ ਰਿਸ਼ਵਤ ਦੇ, ਇਸ ਕਿਸਮ ਦੀ ਰਪੋਰਟ ਕਰਵਾ ਦਿਤੀ, "ਜਹਾਂ ਪਨਾਹ ਦੇ ਗੁੱਸੇ ਅਤੇ ਨਰਾਜ਼ਗੀ ਕਰਕੇ ਭਾਵੇਂ ਬਾਗ਼ੀ ਗੁਰੂ ਅਰਜਨ ਦੇਵ ਨੂੰ ਤਾਂ ਖਤਮ ਕਰ ਦਿਤਾ ਗਿਆ ਹੈ ਪਰ ਉਸ ਦੇ ਬਾਅਦ ਓਹਨਾਂ

ਦਾ ਪੁੱਤ੍ਰ (ਸ੍ਰੀ ਗੁਰੂ) ਹਰਗੋਬਿੰਦ (ਸਾਹਿਬ) ਗੱਦੀ ਤੇ ਬੈਠਾ ਹੈ ਤੇ ਉਸ ਨੇ ਪੀਰਾਂ ਫ਼ਕੀਰਾਂ ਵਾਲਾ ਸਾਰਾ ਤਰੀਕਾ ਛੱਡ ਕੇ ਸ਼ਾਹੀ ਠਾਠ ਬਣਾ ਲਿਆ ਹੈ ਅਤੇ ਹਥਿਆਰ ਸਜਾ ਕੇ ਰਖਦਾ ਹੈ। ਉਸ ਦੇ ਕੋਲ ਮਸ਼ਹੂਰ ਚੋਰ ਧਾੜਵੀ ਅਤੇ ਮਫਰੂਰ ਸ਼ਾਹੀ ਬਾਗ਼ੀ ਜਾ ਇਕਠੇ ਹੋਏ ਹਨ। ਉਸ ਨੇ ਇਕ ਚਬੂਤਰੇ ਦਾ ਨਾਮ ਅਕਾਲ ਤਖਤ ਰਖ ਲਿਆ ਹੈ ਤੇ ਉਸ ਤੇ ਬਹਿ ਕੇ ਉਹ ਸ਼ਾਹੀ ਤਰੀਕੇ ਨਾਲ ਅਦਾਲਤ ਕਰਦਾ ਹੈ। ਜੇ ਇਸ ਫਿਤਨੇ ਨੂੰ ਹੁਣੇ ਨਾ ਰੋਕਿਆ ਗਿਆ ਤਾਂ ਕਿਸੇ ਦਿਨ ਬੜੀ ਮੁਸੀਬਤ ਦਾ ਟਾਕਰਾ ਕਰਨਾ ਪਵੇਗਾ।" ਬਾਦਸ਼ਾਹ ਜਹਾਂਗੀਰ ਨੂੰ ਇਹਨਾਂ ਗੱਲਾਂ ਤੇ ਬੜਾ ਗੁੱਸਾ ਆਇਆ। ਚਿੜਚਿੜੀ ਤਬੀਅਤ ਤੇ ਉਸ ਦੀ ਅੱਗੇ ਹੀ ਸੀ। ਚੁਨਾਂਚਿ ਉਸ ਨੇ ਸਤਿਗੁਰਾਂ ਨੂੰ ਦਿਲੀ ਵਿਚ ਹਾਜ਼ਰ ਹੋਣ ਦਾ *ਹੁਕਮ ਦੇ ਦਿਤਾ। ਵਜ਼ੀਰ ਖਾਂ ਲੁਹਾਰੀ

---

*ਕਈ ਇਕ ਸਿੱਖ ਇਤਿਹਾਸਕਾਰਾਂ ਨੇ ਤੇ ਉਹਨਾਂ ਦੀ ਨਕਲੇ ਦੂਜਿਆਂ ਨੇ ਵੀ ਇਹ ਲਿਖਿਆ ਹੈ ਕਿ ਚੰਦੂ ਨੇ ਜੋਤਸ਼ੀਆਂ ਨੂੰ ਵੱਢੀ ਦੇ ਕੇ ਬਾਦਸ਼ਾਹ ਨੂੰ ਇਹ ਅਖਵਾਇਆ, "ਉਸ ਤੇ ਸਾੜ੍ਹ-ਸਤੀ ਆਈ ਹੋਈ ਹੈ ਤੇ ਉਹ ਨਹੀਂ ਟਲ ਸਕਦੀ, ਜਿੰਨਾ ਚਿਰ ਕੋਈ ਮਹਾਂ ਪੁਰਸ਼ ਇਕੱਲਾ ਬੈਠ ਕੇ ਉਸ ਦੇ ਲਈ ਇਕ ਚਿਲ਼ੀਆ ਤਪ ਨਾ ਕਰੇ।" ਮਲੂਮ ਹੁੰਦਾ ਹੈ ਕਿ ਬਾਦਸ਼ਾਹ ਜਹਾਂਗੀਰ ਦੇ ਵਹਿਮੀਂ ਜਹੇ ਸੁਭਾ ਕਰ ਕੇ ਇਹ ਗੱਲ ਜੋੜ ਲੈਣ ਦਾ ਖ਼ਿਆਲ ਇਤਿਹਾਸਕਾਰਾਂ ਵਿਚ ਆਇਆ ਹੈ, ਪਰ ਉਸ ਵੇਲੇ ਦਾ ਗਵਾਹ ਮੋਹਸਨ ਫ਼ਾਨੀ ਜਿਸ ਦੀ, ਹਕੂਮਤ ਅਤੇ ਸਤਿਗੁਰਾਂ ਦੇ ਘਰ, ਦੋਹਾਂ ਵਿਚ ਪਹੁੰਚ ਸੀ, ਇਸ ਦੇ ਮੁਤੱਅਲਕ ਇਉਂ ਲਿਖਦਾ ਹੈ, "ਊਰਾ ਦੁਸ਼ਵਾਰੀ-ਹਾ ਪੇਸ਼ ਆਮਦ। ਯਕੇ ਅਜ਼ਾਂ ਆਨ ਅਸਤ ਕਿ ਵਜ਼ਾਇਹ ਸਪਾਹੀਆਂ ਪੇਸ਼

(ਬਾਕੀ ਦੇਖੋ ਫੁਟ ਨੋਟ ਸਫ਼ਾ ੬੧)

ਅਤੇ ਗੀਚਾ ਬੇਗ ਖ਼ਾਂ ਨੂੰ ਹੁਕਮ ਦਿਤਾ ਗਿਆ ਕਿ ਉਹ ਸਤਿਗੁਰਾਂ ਨੂੰ ਦਿਲੀ ਦਰਬਾਰ ਵਿਚ ਪੇਸ਼ ਕਰਨ। ਇਸ ਹੁਕਮ ਮਿਲਣ ਉਤੇ ਭੀ ਵਜ਼ੀਰ ਖ਼ਾਂ ਨੇ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਤੋਂ ਲਾਭ ਉਠਾ, ਤਨ ਮਨ ਦਾ ਸੁਖ ਪ੍ਰਾਪਤ ਕਰ ਚੁਕਾ ਸੀ ਤੇ ਗੁਰੂ ਘਰ ਦਾ ਸ਼ਰਧਾਲੂ ਸੀ, ਜਦ ਇਹ ਸ਼ਾਹੀ ਫ਼ੁਰਮਾਨ ਸੁਣਿਆ ਤਾਂ ਉਸ ਨੇ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਹੋ ਕੇ ਕਿਹਾ, "ਜਹਾਂ ਪਨਾਹ, ਦੋਖੀਆਂ ਦੀਆਂ ਗੱਲਾਂ ਤੇ ਨਾ ਜਾਣਾ। ਗੁਰੂ ਕਾ ਇਕ ਫਕੀਰੀ ਟਿਕਾਣਾ ਹੈ, ਜਿਥੇ ਅੱਲ੍ਹਾ ਦੀ ਤੌਹੀਦ ਦਾ ਪ੍ਰਚਾਰ ਹੁੰਦਾ ਹੈ। ਸਤਿਗੁਰਾਂ ਦੀ ਸ਼ੁਹਰਤ ਦੇਸ ਦੇਸਾਂਤਰਾ ਵਿਚ ਫੈਲੀ ਹੋਈ ਹੈ। ਉਥੇ ਗ਼ਰੀਬਾਂ ਦੀ ਪਾਲਣਾ ਹੁੰਦੀ ਹੈ ਤੇ ਲੰਗਰ ਚਲਦ ਹਨ। ਉਸ ਘਰ ਵਿਚ ਗ਼ਰੀਬ, ਅਮੀਰ ਵਿਚ ਵਿਤਕਰਾ ਨਹੀਂ ਕੀਤਾ ਜਾਂਦਾ। ਉਸ ਘਰ ਤੇ ਸ਼ਾਹੀ ਅਤਾਬ (ਗੁੱਸਾ) ਨਹੀਂ ਹੋਣਾ ਚਾਹੀਦਾ"। ਬਾਦਸ਼ਾਹ ਨੇ ਵਜ਼ੀਰ ਖਾਂ ਦੀਆਂ ਗੱਲਾਂ ਸੁਣ ਆਪਣਾ ਇਰਾਦਾ ਤੇ ਨਾ ਬਦਲਿਆ, ਪਰ ਉਸ ਨੂੰ ਇਹ ਕਹਿ ਕੇ ਟਾਲ ਦਿਤਾ "ਗੁਰੂ ਅਜਿਹ ਉੱਚੇ ਅਰ ਸੁੱਚੇ ਫਕੀਰ ਹਨ ਤਾਂ ਉਹਨਾਂ ਦਾ ਦੀਦਾਰ

---

(ਸਫ਼ਾ ੬੦ ਦੇ ਫੁਟ ਨੋਟ ਦੀ ਬਾਕੀ)

ਗ੍ਰਿਫ਼ਤ ਵ ਬਰਖ਼ਿਲਾਫ਼ੇ ਪਿਦਰ ਸ਼ਮਸ਼ੀਰ ਬਸਤ ਵ ਨੌਕਰਾਂ ਨਿਗਾਹ ਦਾਸ਼ਤ ਵ ਸ਼ਿਕਾਰ ਕਰਦਨ ਗ੍ਰਿਫ਼ਤ।" ਉਸ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਪੇਸ਼ ਆਈਆਂ। ਉਹਨਾਂ ਦਾ ਕਾਰਨ ਇਕ ਇਹ ਸੀ ਕਿ ਉਸ ਨੇ ਸਿਪਾਹੀਆਂ ਵਾਲਾ ਠਾਠ ਬਾਠ ਬਣਾ ਲਿਆ ਤੇ ਆਪਣੇ ਪਿਤਾ ਦੀ ਮਰਯਾਦਾ ਦੇ ਉਲਟ ਤਲਵਾਰ ਧਾਰਨ ਕਰ ਲਈ, ਨੌਕਰ ਰੱਖ ਲਏ ਤੇ ਸ਼ਿਕਾਰ ਕਰਨ ਲਗ ਪਏ।"

ਕਰਨਾ ਭੀ ਸਵਾਬ ਦਾ ਕਾਰਨ ਹੋਵੇਗਾ। ਤੁਸੀਂ ਜਾਓ ਤੇ ਲੈ ਆਓ।"

# ਦਿੱਲੀ ਗਮਨ

ਵਜ਼ੀਰ ਖ਼ਾਂ ਅਤੇ ਗ਼ੁੰਚਾ ਖ਼ਾਂ ਸ਼ਾਹੀ ਹੁਕਮ ਤੋਂ ਮਜਬੂਰ ਹੋ ਸ੍ਰੀ ਅੰਮ੍ਰਿਤਸਰ ਪੁੱਜੇ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਿਮਸਕਾਰ ਕਰ, ਉਹਨਾਂ ਨੂੰ ਦਿਲੀ ਦੀ ਸਾਰੀ ਗਲ ਬਾਤ ਖੋਲ੍ਹ ਸੁਣਾਈ। ਸੁਜਾਨ ਸਤਿਗੁਰਾਂ ਨੇ ਸਾਰੀ ਗਲ ਸੁਣ ਕੇ ਕਿਹਾ, "ਬਾਦਸ਼ਾਹ ਦੀ ਭਗਤੀ ਤਾਂ ਉਦੋਂ ਹੀ ਪ੍ਰਗਟ ਹੋ ਗਈ ਸੀ, ਜਦੋਂ ਉਸ ਨੇ ਸ਼ਹੀਦ ਸਤਿਗੁਰਾਂ ਨੂੰ ਲਾਹੌਰ ਬੁਲਾ ਭੇਜਿਆ ਸੀ, ਪਰ ਹਛਾ ਜੋ ਅਕਾਲ ਪੁਰਖ ਦਾ ਭਾਣਾ ਹੈ, ਵਰਤ ਕੇ ਹੀ ਰਹੇਗਾ। ਸਾਨੂੰ ਸੰਗਤ ਨਾਲ ਸਲਾਹ ਕਰ ਲੈਣ ਦਿਓ।" ਚੁਨਾਂਚਿ ਉਸੇ ਰਾਤ ਨੂੰ ਹੀ ਸੰਗਤ ਇਕੱਤ੍ਰ ਹੋਈ। ਸ੍ਰੀ ਮਾਤ ਗੰਗਾ ਜੀ ਭੀ ਵਿਚ ਹੀ ਸਨ ਤੇ ਇਸ ਗਲ ਤੇ ਵਿਚਾਰ ਸ਼ੁਰੂ ਹੋਈ ਕਿ ਸਤਿਗੁਰੂ ਦਿਲੀ ਜਾਣ ਕਿ ਨਾ ਜਾਣ। ਓੜਕ ਭਾਈ ਬੁੱਢਾ, ਗੁਰਦਾਸ, ਜੇਠਾ ਤੇ ਸਾਲੋ ਆਦਿ ਸਿਆਣਿਆਂ ਸਿਆਣਿਆਂ ਸਿੱਖਾਂ ਦੇ ਕਹਿਣ ਤੇ ਇਹ ਫੈਸਲਾ ਹੋਇਆ ਕਿ ਸਤਿਗੁਰਾਂ ਨੂੰ ਦਿੱਲੀ ਚਲੇ ਜਾਣਾ ਚਾਹੀਦਾ ਹੈ ਅਤੇ ਭਰੇ ਦਰਬਾਰ ਵਿਚ ਬਾਦਸ਼ਾਹ ਨੂੰ ਸ਼ਹੀਦ ਸਤਿਗੁਰਾਂ ਦੇ ਮੁਤੱਅਲਕ ਕੀਤੀ ਗਈ ਸਾਜ਼ਸ਼ ਤੇ ਉਨ੍ਹਾਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰਨ ਦੇ ਮੁਤੱਅਲਕ ਖਰੀਆਂ ਖਰੀਆਂ ਮੂੰਹ ਤੇ ਸੁਣਾਣੀਆਂ ਚਾਹੀਦੀਆਂ ਹਨ, ਤਾਕਿ ਉਸ ਨੂੰ ਲੋਕਾਂ ਵਿਚ ਇਹ ਕਹਿਣ ਦਾ ਬਹਾਨਾ ਨ ਰਹੇ ਕਿ ਉਸ ਨੂੰ ਇਸ ਦੁਰਘਟਨਾ ਦੇ ਮੁਤੱਅਲਕ

ਸਹੀ ਸਹੀ ਪਤਾ ਨਹੀਂ ਲਗ ਸਕਿਆ।

ਸੰਗਤ ਦੇ ਫੈਸਲੇ ਅਨੁਸਾਰ ਸਤਿਗੁਰਾਂ ਨੇ ਵਜ਼ੀਰ ਖਾਂ ਤੇ ਉਸ ਦੇ ਸਾਥੀ ਨੂੰ ਇਤਲਾਹ ਦੇ ਦਿਤੀ ਕਿ ਉਹ ਦਿੱਲੀ ਨੂੰ ਜਾਣਗੇ ਅਤੇ ਪਿਛੇ ਦੇ ਪ੍ਰਬੰਧ ਲਈ ਸਤਿਗੁਰਾਂ ਨੇ ਭਾਈ ਬੁੱਢਾ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਦਿਤਾ ਅਤੇ ਭਾਈ ਗੁਰਦਾਸ ਸਾਹਿਬ ਨੂੰ ਗੁਰਮਤ ਪ੍ਰਚਾਰ ਦਾ ਕੰਮ ਸੌਂਪ ਦਿਤਾ। ਸਤਿਗੁਰਾਂ ਨੇ ਸ੍ਰੀ ਮਾਤ ਗੰਗਾ ਜੀ ਨੂੰ ਨਿਮਸ-ਕਾਰ ਕਰ ੨ ਮਾਘ ੧੬੬੯ ਬਿ: ਨੂੰ ਸੋਮਵਾਰ ਵਾਲੇ ਦਿਨ ਦਿੱਲੀ ਨੂੰ ਚਾਲੇ ਪਾ ਦਿਤੇ। ਬੇਅੰਤ ਸੰਗਤ ਨੂੰ, ਜੋ ਸਤਿਗੁਰਾਂ ਨੂੰ ਵਿਦਾ ਕਰਨ ਲਈ ਆਈ ਸੀ, ਪਿਛਾਂਹ ਮੋੜਦਿਆਂ ਹੋਇਆਂ ਸਤਿਗੁਰਾਂ ਫੁਰਮਾਇਆ, "ਅਸੀਂ ਅਕਾਲ ਆਗਿਆ ਤੇ ਸੰਗਤ ਦੀ ਪ੍ਰੇਰਨਾ ਅਨੁਸਾਰ ਦਿੱਲੀ ਜਾ ਰਹੇ ਹਾਂ। ਸਾਡੇ ਪਿਛੋਂ ਭਾਈ ਬੁੱਢਾ ਅਤੇ ਭਾਈ ਗੁਰਦਾਸ ਜੀ ਸਭ ਕੰਮ ਕਾਰ ਨੂੰ ਸੰਭਾਲਣਗੇ। ਸਾਰੀ ਸੰਗਤ ਨੇ ਇਨ੍ਹਾਂ ਦੀ ਜੱਥੇਦਾਰੀ ਹੇਠ ਚਲਣਾ। ਸਭ ਮਸੰਦ ਇਨ੍ਹਾਂ ਦੇ ਹੀ ਗੁਰੂ ਕੀ ਕਾਰ ਭੇਟ ਲਿਆ ਕੇ ਸਪੁਰਦ ਕਰਨ। ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦਾ ਪ੍ਰਵਾਹ ਚਲਦਾ ਰਹੇ। ਕਿਸੇ ਤਰ੍ਹਾਂ ਦੀ ਕੋਈ ਕੁਰੀਤੀ ਨਾ ਹੋਵੇ। ਆਇ ਗਇ ਸਿਖ, ਅਭਿਆਗਤ ਤੇ ਲੋੜਵੰਦ ਦੀ ਯੋਗ ਸੇਵਾ ਹੁੰਦੀ ਰਹੇ। ਸਭ ਸੰਗਤ ਹਰਿਨਾਮ ਜਪੇ ਤੇ ਗੁਰੂ ਕੀ ਆਗਿਆ ਵਿਚ ਚਲੇ।" ਇਸ ਤਰ੍ਹਾਂ ਅੰਮ੍ਰਿਤ-ਮਈ ਰਸਨਾ ਤੋਂ ਸੰਗਤਾਂ ਦੇ ਹਿਰਦੇ ਭਰਪੂਰ ਕਰਦੇ ਹੋਏ ਸਤਿਗੁਰੂ ਤ੍ਰਿਨ ਸੌ ਜੋਧਿਆਂ ਨੂੰ ਨਾਲ ਲੈ ਦਿੱਲੀ ਨੂੰ ਰਵਾਨਾ ਹੋ ਪਏ। ਰਸਤੇ ਵਿਚ ਸ੍ਰੀ ਤਰਨਤਾਰਨ, ਖਡੂਰ ਸਾਹਿਬ,

ਗੋਇੰਦਵਾਲ ਅਤੇ ਸੁਲਤਾਨਪੁਰ ਸਾਹਿਬ ਗੁਰਦੁਆਰਿਆਂ ਦੇ ਦਰਸ਼ਨ ਕਰਦੇ ਅਤੇ ਸੰਗਤਾਂ ਨੂੰ ਨਾਮ ਦਾਨ ਦੇਂਦੇ ਹੋਏ ਭੋਏ ਦੇ ਰਸਤੇ ਦਿੱਲੀ ਜਾ ਅਪੜੇ।

## ਦਿੱਲੀ ਤੇ ਮੇਹਰਾਂ

ਦੁਨੀਆ ਵਿਚ ਭਾਵੇਂ ਆਪਣੀ ੨ ਖੂਬੀ ਕਰਕੇ ਇਕ ਤੋਂ ਇਕ ਸ਼ਹਿਰ ਨਿਰਾਲਾ ਹੈ, ਪਰ ਉਮਰ ਦੀ ਲੰਬਾਈ ਤੇ ਇਤਹਾਸ ਦੀ ਬੜਾਈ ਵਿਚ ਜੋ ਦਰਜਾ ਦਿਲੀ ਦਾ ਹੈ, ਉਹ ਕਿਸੇ ਹੋਰ ਸ਼ਹਿਰ ਨੂੰ ਘਟ ਹੀ ਪ੍ਰਾਪਤ ਹੈ। ਦਿੱਲੀ ਦੀ ਛਾਤੀ ਇਤਿਹਾਸ ਦੇ ਸੰਦੂਕ ਨਾਲੋਂ ਭੀ ਪੁਰਾਣੀ ਹੈ। ਇਸ ਦਿਆਂ ਖੰਡਰਾਂ ਹੇਠਾਂ ਬੇਅੰਤ ਕੌਮਾਂ ਦੱਬੀਆਂ ਪਈਆਂ ਹਨ। ਸ਼ਾਇਦ ਬੀਕਾਨੇਰ ਦੇ ਮਾਰੂ ਥਲਾਂ ਵਿਚ ਰੇਤ ਹੇਠਾਂ ਦਬੇ ਹੋਏ ਇਤਨੇ ਹਦਵਾਣੇ ਨਾ ਮਿਲ ਸਕਣ, ਜਿਤਨੇ ਕਿ ਤਾਜਦਾਰ ਸ਼ਹਿਨਸ਼ਾਹਾਂ ਦੇ ਸਿਰਾਂ ਦੇ ਖੋਪਰ ਦਿੱਲੀ ਦੇ ਵੈਰਾਨੇ ਪੁਟਿਆਂ ਮਿਲ ਸਕਦੇ ਹਨ। ਇਸ ਦੇ ਆਲੇ ਦੁਆਲੇ ਨਿਗਾਹ ਮਾਰਿਆਂ ਬੇਅੰਤ ਸ਼ਾਨਾਂ ਮਿੱਟੀ ਵਿਚ ਰੁਲ ਰਹੀਆਂ ਤੇ ਆਨਾਂ ਕਹਾਣੀਆਂ ਬਣ ਚੁਕੀਆਂ ਦਿਸ ਆਉਂਦੀਆਂ ਹਨ। ਇਸ ਦੀਆਂ ਪੁਰਾਣੀਆਂ ਇਮਾਰਤਾਂ ਵਿਚ ਟੁੱਟੀਆਂ ਹੋਈਆਂ ਮੂਰਤੀਆਂ ਤੇ ਪਾਂਡਵਾਂ ਦੇ ਨਿਸ਼ਾਨਾਤ ਤੇ ਕਾਇਮ ਹੋਈਆਂ ੨ ਮਸਜਦਾਂ ਇਕ ਖੋਜੀ ਦਰਸ਼ਕ ਨੂੰ ਪੁਕਾਰ ਪੁਕਾਰ ਦਸਦੀਆਂ ਹਨ ਕਿ ਕਿਸ ਤਰ੍ਹਾਂ ਕੌਮਾਂ ਸਿਖਰਾਂ ਤੇ ਚੜ੍ਹ ੨ ਡਿਗਦੀਆਂ ਹਨ ਤੇ ਕਿਸ ਤਰ੍ਹਾਂ ਸ਼ੇਰਾਂ ਦੇ ਜੰਗਲ ਛਡ ਜਾਣ ਤੇ ਗਿੱਦੜ ਬਨਾਂ ਵਿਚ ਹਵਾਂਕਦੇ ਤੇ ਲੂੰਬੜੀਆਂ ਰਾਜ ਕਰਦੀਆਂ ਹਨ। ਇਹ ਗੱਲਾਂ ਦਿਸ ਵੀ

ਕਿਉਂ ਨ ਆਉਣ ! ਦਿੱਲੀ ਪੁਰਾਣੀ ਰਾਜਧਾਨੀ ਹੈ ਤੇ ਪੁਰਾਣੀ ਭੀ ਇਤਨੀ ਕਿ ਇਸ ਦੇ ਇਤਹਾਸ ਦਾ ਖੋਜੀ ਜੇ ਤੁਰੇ ਤਾਂ ਪਾਰ ਨਹੀਂ ਪਾ ਸਕਦਾ, ਸਗੋਂ ਪੁਰਾਣਾਂ ਦੇ ਗਹਿਰ ਬਣ ਵਿਚ ਜਾ ਕੇ ਰੁਲ ਜਾਂਦਾ ਹੈ । ਇਥੇ ਬੜੇ ੨ ਸਾਕੇ ਹੋਏ। ਵੱਡੇ ਵੱਡੇ ਤਾਜਦਾਰਾਂ ਨੇ ਦਿਨ ਬਿਤਾਏ; ਕੌਮਾਂ ਦੀਆਂ ਤਕਦੀਰਾਂ ਬਣੀਆਂ ਤੇ ਵਿਗੜੀਆਂ; ਤਲਵਾਰਾਂ ਚਲੀਆਂ ਤੇ ਟੁਟੀਆਂ । ਪਰ ਇਸ ਸਾਰੇ ਇਤਹਾਸ ਨੇ ਭੀ ਦਿੱਲੀ ਦੀ ਕਿਸਮਤ ਵਿਚ ਉਹ ਚਮਕ ਨਾ ਪੈਦਾ ਕੀਤੀ, ਜੋ ਹੁਣ ਆਣ ਹੋਈ। ਦਿੱਲੀ ਵਿਚ ਬੜੇ ੨ ਸ਼ਹਿਨਸ਼ਾਹ ਆਏ ਤੇ ਕਈ ਗਏ, ਪਰ ਜੋ ਆਇਆ ਉਹ ਕਹਿਰ ਭਰਿਆ ਤੇ ਜੋ ਗਿਆ ਉਹ ਮਾਯੂਸ ਤੇ ਟੁੱਟਿਆ ਹੋਇਆ। ਆਉਣ ਵਾਲੇ ਨੇ ਰੋਹਬ ਪਾਉਣ ਲਈ ਕਹਿਰ ਤੋੜੇ ਤੇ ਜਾਣ ਵਾਲੇ ਨੇ ਖਿਝ ਕੇ ਸਭ ਕੁਝ ਆਪਣਾ ਸਮਝ ਬਿਗਾਨੇ ਹਥ ਜਾਣ-ਤੋਂ ਜ਼ਾਇਆ ਕਰ ਦੇਣਾ ਚੰਗਾ ਸਮਝ ਉਜਾੜਾਂ ਪਾ ਦਿਤੀਆਂ। ਅਜਿਹਾ ਹੁੰਦਾ ਭੀ ਕਿਉਂ ਨਾ, ਕਹਿਰ ਵਰਤਦੇ ਭੀ ਕਿਉਂ ਨਾ, ਝੂਠੇ ਪਾਤਸ਼ਾਹਾਂ ਦਾ ਜੋ ਆਉਣ ਜਾਣ ਸੀ। ਆਉਣ ਵਾਲੇ ਭੀ ਝੂਠੇ, ਮੁਲਕਗੀਰੀ ਦੇ ਲਾਲਚੀ ਤੇ ਦੌਲਤ-ਮਈ ਸਨ । ਜਾਣ ਵਾਲੇ ਐਯਾਸ਼, ਡਿਗੇ ਹੋਏ ਤੇ ਗੁਮਰਾਹ ਸਨ। ਦੋਹਾਂ ਨੇ ਮਿਲ ਜੁਲ ਇਸ ਅਭਾਗੀ ਧਰਤੀ ਤੇ ਆਪਣੇ ਜ਼ੁਲਮਾਂ ਦੀ ਯਾਦ ਹੀ ਛੱਡੀ ਸੀ, ਪਰ ਅਜ ਇਸ ਦੇ ਭਾਗ ਜਾਗੇ। ਸੱਚੇ ਪਾਤਸ਼ਾਹ ਆਏ, ਜੋ ਕੁਝ ਲੈਣ ਨਹੀਂ, ਸਗੋਂ ਦੇਣ ਜਗਤ ਤ ਆਏ ਸਨ ; ਜਿਨ੍ਹਾਂ ਦਾ ਕਰਤਵ ਜਨਤਾ ਨੂੰ ਉਜਾੜ ਕੇ ਡਰਾਨਾ ਨਹੀਂ ਸੀ, ਸਗੋਂ ਵਸਾ ਕੇ ਸ ਤਕਾਰਨਾ ਸੀ; ਜੋ ਨਿਰਧਨ ਨੂੰ ਧਨ ਤੇ

ਮੁਰਦਿਆਂ ਨੂੰ ਪ੍ਰਾਣ ਬਖ਼ਸ਼ਦੇ ਸਨ—ਆਣ ਅਪੜੇ ਦਿਲੀ ਸ਼ਹਿਰ ਵਿਚ। ਡੇਰੇ ਆ ਲਗੇ ਜਮਨਾ ਦੇ ਕਿਨਾਰੇ ਤੇ, ਜਿਥੇ ਮਜਨੂੰ ਦਾ ਟਿੱਲਾ ਸੀ। ਉਸ ਮਜਨੂੰ ਦਾ ਨਹੀਂ, ਜੋ ਇਕ ਇਸਤ੍ਰੀ ਦੀ ਖ਼ਾਤਰ ਕੈਸ ਤੋਂ ਮਜਨੂੰ ਹੋਇਆ ਸੀ। ਇਹ ਤਾਂ ਉਸ ਮਜਨੂੰ ਦਾ ਟਿਲਾ ਸੀ, ਜਿਸ ਨੂੰ ਰੱਬ ਦਾ ਇਸ਼ਕ ਸੀ, ਜਿਸ ਨੇ ਜਮਨਾ ਦੇ ਕਿਨਾਰੇ ਤੇ ਬਾਬੇ ਦੇ ਰਬਾਬ ਦੀ ਅਵਾਜ਼ ਸੁਣੀ ਸੀ। ਬਾਬੇ ਦਾ ਉਹ ਰਬਾਬ, ਜਿਸ ਨੂੰ ਮਰਦਾਨਾ ਵਜਾਂਦਾ ਸੀ। ਬਾਬੇ ਨੇ ਆਪ ਸਖਾਇਆ ਸੀ।

"ਘਲਕੇ ਫਰਿੰਦੇ ਵਿਗ ਰਬਾਬ ਮੰਗਾਇਆ ਪਹਿਲੇ,
ਆਪ ਹੀ ਸਖਾਇਆ ਉਹਨੂੰ ਔਂਦਾ ਨ ਬਜਾਣਾ ਸੀ।
ਚਾਰ ਕੂੰਟ ਤਾਰ ਵਜੀ ਜੰਗਲੀਂ ਪਹਾੜੀਂ ਥਲੀ,
ਸੁਨੀ ਹੋਇਆ ਪਾਰ ਰਿਹਾ ਆਵਨ ਨ ਜਾਣਾ ਸੀ।
ਬਾਬੇ ਦਾ ਰਬਾਬੀ ਰੱਬ—ਆਬੀ ਭਿੰਨੀ ਤਾਰ ਜੀਦੀ,
ਨਾਮ ਮਰਦਾਨਾ ਜਗ ਤਾਰਨੇ ਬਹਾਨਾ ਸੀ।"

ਇਸ ਜਗ-ਤਾਰਨ ਬਹਾਨੇ ਮਰਦਾਨੇ ਦੀ ਰਬਾਬ ਵਿਚੋਂ ਨਿਕਲੀ ਹੋਈ ਤਾਰ ਨੂੰ ਸੁਣ, ਇਕ ਸਿਖ ਪ੍ਰਭੂ-ਪ੍ਰੇਮ ਵਿਚ ਇਤਨਾ ਮਗਨ ਹੋ ਗਿਆ ਕਿ ਲੋਕ ਇਸ ਨੂੰ ਮਜਨੂੰ ਕਹਿਣ ਲੱਗ ਪਏ। ਇਸ ਦੀ ਸਮਾਧ ਭੀ ਇਥੇ ਹੈ। ਇਸ ਮਜਨੂੰ ਟਿਲੇ ਤੇ, ਜਿਥੇ ਜਮਨਾਂ ਦੀਆਂ ਲਹਿਰਾਂ ਉਛਲ ਉਛਲ ਕੇ "ਨਰੰਕਾਰੀ ਬਾਬੇ" ਦੇ ਪਹਿਲੇ ਫੇਰੇ ਦੀ ਯਾਦ ਦਿਲਾ ਰਹੀਆਂ ਸਨ, ਅਜ ਦੂਜਾ ਫੇਰਾ ਪਿਆ। ਘਾਲ ਫਲ਼ ਲਿਆਈ ਹੋਈ ਸੀ। ਬੀਜਿਆ ਖੇਤ ਫਲਿਆ ਹੋਇਆ ਸੀ। ਨਿਰੰਕਾਰੀ ਪ੍ਰਵਾਰ ਵਧ ਚੁਕਾ ਸੀ। ਵਧੀਆਂ ਹੋਈਆਂ ਲੋੜਾਂ ਨੇ ਵੱਡਾ

ਸਾਰਾ ਡੇਰਾ ਲਗਵਾਇਆ। ਤੰਬੂ ਕਨਾਤਾਂ ਲਗ ਗਈਆਂ। ਸਤਿਗੁਰਾਂ ਨੇ ਇਕ ਅੰਤਲਿਸੀ ਖੇਮੇਂ ਹੇਠ, ਜਿਸ ਦੀਆਂ ਲਾਸਾਂ ਭੀ ਰੇਸ਼ਮੀ ਸਨ, ਸੰਗਤਾਂ ਦੇ ਤਾਰਨ ਹਿਤ ਦੀਵਾਨ ਸਜਾ ਦਿਤਾ। ਰਬਾਬੀਆਂ ਨੇ ਕੀਰਤਨ ਦੇ ਪ੍ਰਵਾਹ ਚਲਾਏ ਤੇ ਦਿਲੀ ਦੀਆਂ ਸੰਗਤਾਂ ਚੌਹਾਂ ਪਾਸਿਆਂ ਤੋਂ ਇਕੱਠੀਆਂ ਹੋਈਆਂ। ਭਾਗਾਂ ਵਾਲੇ ਆਏ, ਭੇਟਾਂ ਰਖੀਆਂ ਤੇ ਖੁਸ਼ੀਆਂ ਲਈਆਂ। ਦਰਸ਼ਨ ਕਰ ਤਨ ਮਨ ਮੌਲੇ। ਛੱਟਮ ਭਾਰੀ ਪੀਰ ਦਾ ਗਰਾਂਡੀਲ ਸਰੀਰ, ਸੁਦਰ ਨੂਰਾਨੀ ਚੇਹਰਾ, ਉੱਚਾ ਮਸਤਕ, ਚੌੜੀ ਛਾਤੀ ਤੇ ਸਨੱਦ-ਬੱਦ ਸ਼ਸਤਰ-ਧਾਰੀ ਰੂਪ ਨੂੰ ਦੇਖ, ਜਿਥੇ ਨੈਣਾਂ ਵਿਚ ਠੰਡ ਪੈਂਦੀ ਸੀ, ਉਥੇ ਅੰਮ੍ਰਿਤ ਬਚਨ ਸੁਣ ਹਿਰਦੇ ਸ਼ਾਂਤ ਹੁੰਦੇ ਸਨ। ਸੰਤਾਂ ਤੇ ਸੂਫੀ ਫਕੀਰਾਂ ਨੇ ਭੀ ਦਰਸ਼ਨ ਮੇਲੇ ਆ ਕੀਤੇ। ਗੋਸ਼ਟਾਂ ਹੋਈਆਂ, ਸਾਰਿਆਂ ਦੇ ਘਰ ਪੂਰੇ ਹੋਏ ਤੇ ਦਿਲੀ ਦੇ ਆਂਗਨ ਵਿਚ ਖੁਸ਼ੀਆਂ ਤੇ ਉਤਸ਼ਾਹਾਂ ਦੀ ਛਹਿਬਰ ਲੱਗ ਗਈ।

## ਜਹਾਂਗੀਰ ਨਾਲ ਮੁਲਾਕਾਤ

ਏਧਰ ਸਤਿਗੁਰ ਸੰਗਤਾਂ ਨੂੰ ਦਰਸ਼ਨ ਦੇ, ਤਾਰਨ ਹਿਤ ਮਜਨੂੰ ਟਿੱਲੇ ਜਾ ਠਹਿਰੇ, ਉਧਰ ਵਜ਼ੀਰ ਖਾਂ ਤੇ ਗੁੰਚਾ ਬੇਗ ਖਾਂ ਨੇ ਬਾਦਸ਼ਾਹ ਦੇ ਹਜ਼ੂਰ ਸਤਿਗੁਰਾਂ ਦੇ ਦਿੱਲੀ ਆਪ ਪੁੱਜਣ ਦੀ ਰਪੋਰਟ ਜਾ ਕੀਤੀ। ਬਾਦਸ਼ਾਹ ਸੁਣ ਕੇ ਹੈਰਾਨ ਹੋਇਆ ਕਿਉਂਕਿ ਉਸ ਨੂੰ ਦੋਖੀਆਂ ਨੇ ਸਿਖਾਇਆ ਹੋਇਆ ਸੀ ਕਿ ਗੁਰੂ ਬਗ਼ਾਵਤ ਤੇ ਤੁਲਿਆ ਹੋਇਆ ਹੈ ਤੇ ਉਹ ਕਿਸੇ ਭੀ ਯਤਨ ਕਰਕੇ ਦਿੱਲੀ ਨਹੀਂ ਆਵੇਗਾ। ਪਰ ਹੁਣ

ਜਦ ਵਜ਼ੀਰ ਖਾਂ ਤੇ ਗੁੰਚਾ ਬੇਗ ਖਾਂ ਨੇ ਸਤਿਗੁਰਾਂ ਨੂੰ ਦਿੱਲੀ ਲੈ ਆਂਦਾ ਅਤੇ ਬਾਦਸ਼ਾਹ ਕੋਲ ਗੁਰੂ-ਘਰ ਦੀ ਉਚ ਵਡਿਆਈ ਤੇ ਸਤਿਗੁਰਾਂ ਦੀਆਂ ਉੱਚੀਆਂ ਸ਼ਕਸੀ ਸਿਫਤਾਂ ਦਾ ਜ਼ਿਕਰ ਬੜੀ ਸ਼ਰਧਾ ਤੇ ਭਾਵਨਾ ਨਾਲ ਕੀਤਾ। ਅਤੇ ਗੁੰਚਾ ਬੇਗ ਨੇ ਇਹ ਭੀ ਦਸਿਆ ਕਿ ਕਿਸ ਤਰਾਂ ਅੰਮ੍ਰਿਤਸਰ ਤੋਂ ਲੈ ਕੇ ਦਿੱਲੀ ਤਕ ਹਰ ਇਕ ਪੜਾ ਤੇ ਸੰਗਤਾਂ ਗੁਰੂ ਕੇ ਆਗਮਨ ਦੀਆਂ ਸੋਆਂ ਸੁਣ ਸੁਣ ਇੰਤਜ਼ਾਰ ਵਿਚ ਇਕੱਠੀਆਂ ਹੁੰਦੀਆਂ ਰਹੀਆਂ ਤੇ ਕਿਸ ਤਰ੍ਹਾਂ ਹਰ ਇਕ ਪੜਾ ਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਮਾਇਆ, ਸ਼ਸਤਰ, ਬਸਤਰ ਅਤੇ ਘੋੜੇ ਭੇਟ ਚੜ੍ਹਦੇ ਰਹੇ ਤੇ ਕਿਸ ਤਰ੍ਹਾਂ ਲੋਕ ਆਪਣੇ ਆਪ ਨੂੰ ਤੇ ਆਪਣੀ ਉਲਾਦ ਨੂੰ ਗੁਰੂ ਚਰਨਾਂ ਤੇ ਨਿਛਾਵਰ ਕਰਨ ਦੇ ਖ਼ਿਆਲ ਪ੍ਰਗਟ ਕਰਦੇ ਰਹੇ। ਬਾਦਸ਼ਾਹ ਦਾ ਪਾਪੀ ਹਿਰਦਾ ਇਹਨਾਂ ਸਾਰਿਆਂ ਗੱਲਾਂ ਨੂੰ ਸੁਣ ਤੇ ਦੇਸ਼ ਵਿਚ ਭਾਰੀ ਬਗ਼ਾਵਤ ਹੋ ਜਾਣ ਦੇ ਭੈ ਤੋਂ ਕੰਬ, ਅੰਦਰੇ ਅੰਦਰ ਭੈ-ਭੀਤ ਹੋ ਰਿਹਾ ਸੀ। ਪਰ ਉਸ ਨੇ ਆਪਣੀ ਕੁਟਲ-ਨੀਤੀ ਨਾ ਛੱਡੀ। ਉਤੋਂ ਇਹਨਾਂ ਅਹਿਲਕਾਰਾਂ ਨੂੰ ਪਤਿਆਣ ਹਿਤ ਬੜੇ ਆਦਰ ਸਹਿਤ ਸਤਿਗੁਰਾਂ ਨੂੰ ਜਾ ਕੇ ਦਰਬਾਰ ਵਿਚ ਦਰਸ਼ਨ ਹਿਤ ਪ੍ਰੇਰਨਾ ਕਰਨ ਲਈ ਕਿਹਾ। ਚੁਨਾਂਚਿ ਇਹ ਦੋਵੇਂ ਸੱਜਣ ਸਤਿਗੁਰਾਂ ਪਾਸ ਆਏ ਤੇ ਦਰਬਾਰ ਵਿਚ ਦਰਸ਼ਨ ਦੇਣ ਹਿਤ ਬੇਨਤੀ ਕੀਤੀ। ਚੁਨਾਂਚਿ ਸਤਿਗੁਰਾਂ ਨੇ ਸ਼ਾਹੀ ਦਰਬਾਰ ਵਿਚ ਜਾ ਚਰਨ ਪਾਏ। ਬਾਦਸ਼ਾਹ ਜਹਾਂਗੀਰ ਸਤਿਗੁਰਾਂ ਦੀ ਡੀਲ ਡੌਲ ਤੇ ਛਬ ਨੂੰ ਦੇਖ ਬੜਾ ਮੁਤਅਸਰ ਹੋਇਆ ਅਤੇ ਬਹੁਤ ਚਿਰ ਮਜ਼ਹਬੀ ਗੱਲਾਂ ਬਾਤਾਂ ਭੀ ਕਰਦਾ ਰਿਹਾ ਤੇ ਓੜਕ ਉਸ

ਨੇ ਸਤਿਗੁਰਾਂ ਨੂੰ ਕੁਝ ਚਿਰ ਲਈ ਆਪਣੇ ਕੋਲ ਰਹਿਣ ਲਈ ਕਿਹਾ। ਸੁਜਾਨ ਸਤਿਗੁਰੂ ਜੀ ਨੇ ਸਾਰੀ ਗੱਲ ਨੂੰ ਤਾੜ ਲਿਆ ਪਰ ਆਪਣੇ ਵਿਚਾਰੇ ਹੋਏ ਪ੍ਰੋਗਰਾਮ ਅਨੁਸਾਰ ਬਾਦਸ਼ਾਹ ਦੀ ਗੱਲ ਮੰਨ ਕੁਝ ਚਿਰ ਉਸ ਦੇ ਨਾਲ †ਰਹਿਣਾ ਪ੍ਰਵਾਨ ਕਰ

---

†ਅਸਲੀਅਤ ਇਹ ਹੈ ਕਿ ਜਹਾਂਗੀਰ ਬਾਦਸ਼ਾਹ ਨੂੰ, ਸ਼ਹੀਦ ਸਤਿਗੁਰਾਂ ਨੂੰ ਤਸੀਹੇ ਦੇ ਕੇ ਖ਼ਤਮ ਕਰਾਣ ਦਾ ਪਾਪ, ਦਿਲੋਂ ਸਤਾ ਰਿਹਾ ਸੀ। ਜਦ ਉਸ ਦੀ ਪਾਪ ਦੀ ਆਤਮਾ ਮੇਹਰਬਾਨ ਸੋਢੀ ਦੇ ਦਸੇ ਹੋਏ ਹਾਲਾਤ ਦੀਵਾਨ ਚੰਦੂ ਲਾਲ ਤੇ ਉਸ ਦੇ ਨਾਲ ਮਿਲੇ ਹੋਏ ਸਾਜ਼ਸ਼ੀਆਂ ਦੀ ਜ਼ਬਾਨੀ ਮਾਲੂਮ ਹੋਏ ਤਾਂ ਉਹ ਡਰ ਉਠਿਆ। ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੀ ਕੂਟਨੀਤੀ ਕਰ ਕੇ ਹੀ ਦਿੱਲੀ ਬੁਲਵਾਇਆ ਸੀ, ਪਰ ਵਜ਼ੀਰ ਖ਼ਾਂ ਤੇ ਗੁੰਚਾ ਬੇਗ਼ ਖ਼ਾਂ ਤੇ ਸਿਖ ਸੰਗਤਾਂ ਦੇ ਗੁਰੂ ਘਰ ਨਾਲ ਪਿਆਰ ਤੇ ਸ਼ਹੀਦ ਸਤਿਗੁਰਾਂ ਦੀ ਵਿਥਿਆ ਤੇ ਰੋਸ, ਕੁਰਬਾਨੀ ਲਈ ਤਿਆਰੀ ਤੇ ਜੱਥੇਬੰਦੀ ਦਾ ਹਾਲ ਸੁਣ ਕੇ ਉਸ ਨੇ ਭਾਵੇਂ ਸਤਿਗੁਰਾਂ ਨਾਲ ਜ਼ਾਹਿਰਾ ਸਲੂਕ ਤਾਂ ਉਹਨਾਂ ਦੀ ਸ਼ਾਨ ਦੇ ਮੁਜਬ ਹੀ ਕੀਤਾ, ਪਰ ਦਿਲੋਂ ਉਹ ਖ਼ਤਰੇ ਤੋਂ ਬਚਣਾ ਚਾਹੁੰਦਾ ਸੀ। ਇਸ ਲਈ ਉਸ ਨੇ ਜੋ ਸਤਿਗੁਰਾਂ ਨੂੰ ਆਪਣੇ ਕੋਲ ਠਹਿਰਨ ਲਈ ਕਿਹਾ, ਉਹ ਅਸਲ ਵਿਚ ਕਿਸੇ ਸ਼ਰਧਾ ਦਾ ਸਦਕਾ ਨਹੀਂ ਸੀ। ਸਹੀ ਮਹਿਨਿਆਂ ਵਿਚ ਉਸ ਨੇ ਸਤਿਗੁਰਾਂ ਨੂੰ ਨਜ਼ਰਬੰਦ ਕਰ ਲਿਆ ਸੀ ਅਤੇ ਇਸੇ ਹਰਾਸਤ ਥੱਲੇ ਰੱਖ ਉਹਨਾਂ ਨੂੰ ਕੁਝ ਦਿਨਾਂ ਬਾਅਦ ਗੁਵਾਲੀਆਰ ਦੇ ਕਿਲ੍ਹੇ ਵਿਚ, ਜਿੱਥੇ ਕਿ ਉਸ ਸਮੇਂ ਦੇ ਸ਼ਾਹੀ ਰਾਜਸੀ ਕੈਦੀ ਕੈਦ ਕੀਤੇ ਜਾਂਦੇ ਸਨ, ਪਹੁੰਚਾ ਦਿਤਾ ਸੀ। ਇਸ ਖ਼ਿਆਲ ਦੀ ਤਾਈਦ ਉਸ ਸਮੇਂ ਦੇ ਲਿਖਾਰੀ "ਮੋਹਸਨ ਫਾਨੀ" ਦੀ ਲਿਖਤ ਤੋਂ ਵੀ ਹੁੰਦੀ ਹੈ। ਚੁਨਾਂਚਿ ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਤਅੱਲਕ ਲਿਖਦਾ ਹੈ, "..ਜ਼ ਰਕਾਬੇ ਜ਼ਫਰ ਇੰਤਸਾਬੇ ਜਹਾਂਗੀਰੀ ਜ਼ਦਾ ਨਬੂਦ ਊਰਾ ਦੁਸ਼ਵਾਰੀ ਹਾ ਪਸ਼

(ਬਾਕੀ ਦੇਖੋ ਫੁਟ ਨੋਟ ਸਫਾ ੭੦)

ਲਿਆ। ਕਈ ਦਿਨਾਂ ਤਕ ਬਾਦਸ਼ਾਹ ਅਤੇ ਸਤਿਗੁਰਾਂ ਦੀਆਂ ਮੇਲ ਮੁਲਾਕਾਤਾਂ ਹੁੰਦੀਆਂ ਰਹੀਆਂ । ਇਸ ਸਮੇਂ ਵਿਚ ਹੀ ਸ਼ਿਕਾਰ ਭੀ ਇਕੱਠੇ ਖੇਲੇ ਤੇ ਇਕ ਦਿਨ ਸਤਿਗੁਰਾਂ ਨੇ ਇਕ ਭਾਰੀ ਸ਼ੇਰ, ਜਿਸ ਦੀ ਲੰਬਾਈ ਅਤੇ ਭਿਆਨਕ ਸੂਰਤ ਨੂੰ ਦੇਖ

---

(ਸਫਾ ੬੯ ਦੇ ਫੁਟ ਨੋਟ ਦੀ ਬਾਕੀ)

ਆਮਦ ।" "ਉਹ ਕਦੀ ਭੀ ਜਹਾਂਗੀਰ ਦੀ ਫਤਹਵੰਦ ਰਕਾਬ ਤੋਂ ਦੂਰ ਨਹੀਂ ਰਿਹਾ, ਉਸ ਨੂੰ ਬਹੁਤ ਔਕੜਾਂ ਪੇਸ਼ ਆਈਆ ।" ਹੁਣ ਵਿਚਾਰਨ ਵਾਲੀ ਗੱਲ ਹੈ ਕਿ ਜੇ ਕਦੀ ਸਤਿਗੁਰਾਂ ਨੂੰ ਬਾਦਸ਼ਾਹ ਜਹਾਂਗੀਰ ਸ਼ਰਧਾ ਅਤੇ ਭਗਤੀ ਦੇ ਜਜ਼ਬੇ ਹੇਠ ਆਪਣੇ ਕੋਲ ਟਿਕਾਂਦਾ ਤਾਂ ਸਮੇਂ ਦੇ ਅੱਖੀਂ ਡਿਠੇ ਹਾਲਾਤ ਲਿਖਣ ਵਾਲਾ ਇਤਿਹਾਸਕਾਰ ਉਸ ਨੂੰ ਔਕੜ ਕਰ ਕੇ ਨਾ ਦਸਦਾ ਤੇ ਦੂਸਰੇ ਉਸ ਦੀ ਲਿਖਤ ਵਿਚ ਇਹ ਸ਼ਬਦ ਨਾ ਹੁੰਦੇ ਕਿ ਉਹ ਕਦੀ ਵੀ ਜਹਾਂਗੀਰ ਦੀ ਫਤਹਵੰਦ ਰਕਾਬ ਤੋਂ ਦੂਰ ਨਾ ਰਿਹਾ। ਮਤਲਬ ਕੀ ਕਿ ਹਮੇਸ਼ਾਂ ਹੀ ਬਾਦਸ਼ਾਹ ਦੀ ਨਿਗਰਾਨੀ ਵਿਚ ਰਿਹਾ। ਜੇ ਕਦੀ ਬਾਦਸ਼ਾਹ ਪ੍ਰੇਮ ਭਗਤੀ ਨਾਲ ਸਤਿਗੁਰਾਂ ਨੂੰ ਆਪਣੇ ਕੋਲ ਠਹਿਰਾਂਦਾ ਤਾਂ ਮੁਅੱਰਖ਼ ਯਕੀਨਨ ਇਸ ਤਰ੍ਹਾਂ ਲਿਖਦਾ ਕਿ ਉਹਨਾਂ ਨੇ ਹਮੇਸ਼ਾਂ ਹੀ ਆਪਣੇ ਫਜ਼ਲ ਤੇ ਕਰਮ ਦਾ ਹੱਥ ਬਾਦਸ਼ਾਹ ਦੇ ਸਿਰ ਤੇ ਰਖਿਆ ਤੇ ਉਸ ਦਿਆਂ ਨੈਣਾਂ ਨੂੰ ਹਮੇਸ਼ਾਂ ਹੀ ਦਿਦਾਰ ਦੀ ਬਖ਼ਸ਼ਸ਼ ਹੁੰਦੀ ਰਹੀ। ਪਰ ਇਹ ਇਬਾਰਤ ਇਸ ਦੇ ਬਾਅਦ ਦੇ ਵਾਕਿਆਤ ਮਿਲ ਕੇ ਜਹਾਂਗੀਰ ਦੀ ਕੁਟਲ-ਨੀਤੀ ਜ਼ਾਹਿਰਾ ਲਫ਼ਜ਼ਾਂ ਅਤੇ ਬਨਾਵਟੀ ਆਦਰ ਸਨਮਾਨ ਦੇ ਪਿਛੇ ਡੂੰਘਾ ਗੁਰੂ ਘਰ ਦਾ ਵਿਰੋਧ ਕੰਮ ਕਰ ਰਿਹਾ ਸੀ ਤੇ ਉਹ ਸਤਿਗੁਰਾਂ ਨੂੰ ਆਪਣੇ ਰਾਜ ਦਾ ਸ਼ਤਰੂ ਸਮਝ ਖ਼ਤਮ ਕਰਨਾ ਚਾਹੁੰਦਾ ਸੀ। ਪਰ ਭਾਰੀ ਬਗ਼ਾਵਤ ਦੇ ਡਰ ਤੋਂ ਭੈ-ਭੀਤ ਹੋ ਸਹਿਜੇ ਸਹਿਜੇ ਕਦਮ ਚੁਕਣਾ ਚਾਹੁੰਦਾ ਸੀ। ਚੁਨਾਂਚਿ ਪਹਿਲਾ ਕਦਮ ਉਸ ਨੇ ਇਹ ਚੁਕਿਆ ਕਿ ਸਤਿਗੁਰਾਂ ਨੂੰ ਆਪਣੇ ਕੋਲ ਦਰਸ਼ਨ ਦੇਣ ਦੇ ਪੱਜ ਨਜ਼ਰਬੰਦ ਕਰ ਲਿਆ।

ਸਭ ਸ਼ਿਕਾਰੀ ਕੰਬ ਉਠੇ ਸਨ, ਬੰਦੂਕ ਪਰੇ ਰਖ ਕੇਵਲ ਤਲਵਾਰ ਦੇ ਨਾਲ ਸ਼ਿਕਾਰ ਕੀਤਾ। ਬਾਦਸ਼ਾਹ ਦਾ ਦਿਲ ਸਤਿਗੁਰਾਂ ਦੀ ਸ਼ਾਹਸਵਾਰੀ, ਬੀਰਤਾ ਅਤੇ ਸ਼ਸਤਰ-ਵਿਦਿਆ ਦੇ ਕਮਾਲ ਨੂੰ ਦੇਖ ਅੰਦਰੋਂ ਅੰਦਰੀ ਹੋਰ ਭੀ ਬੈਠ ਰਿਹਾ ਸੀ।

## ਘਾਹੀ ਦਾ ਨਿਆਂ

ਕੁਝ ਦਿਨਾਂ ਬਾਅਦ ਹੀ ਬਾਦਸ਼ਾਹ ਨੇ ਆਗਰੇ ਨੂੰ ਕੂਚ ਕਰ ਦਿਤਾ। ਸਤਿਗੁਰਾਂ ਦਾ ਵਹੀਰ ਭੀ ਨਾਲ ਹੀ ਤੁਰ ਪਿਆ। ਆਗਰੇ ਜਾ ਡੇਰੇ ਹੋਏ ਸਤਿਗੁਰੂ ਜੀ ਮਾਈ ਥਾਨ ਮਹੱਲੇ ਵਿਚ ਉਸ ਪਵਿਤ੍ਰ ਅਸਥਾਨ ਤੇ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਆਗਰੇ ਦੀਆਂ ਸੰਗਤਾਂ ਨੂੰ ਨਿਰੰਕਾਰੀ ਸੰਦੇਸ਼ ਦਿਤਾ ਸੀ, ਜਾ ਟਿਕੇ। ਇਕ ਦਿਨ ਬਾਦਸ਼ਾਹ ਦੇ ਨਾਲ ਗੋਸ਼ਟ ਹੋ ਰਹੀ ਸੀ ਕਿ ਕਿਸੇ ਸਿਖ ਨੇ ਸਤਿਗੁਰਾਂ ਨੂੰ ਸੱਚੇ ਪਾਤਸ਼ਾਹ ਕਹਿ ਕੇ ਮੁਖ਼ਾਤਿਬ ਕੀਤਾ। ਬਾਦਸ਼ਾਹ, ਜਿਸ ਨੂੰ ਕਿ ਪਹਿਲਾਂ ਹੀ ਇਹ ਗਲ ਸਿਖਾਈ ਹੋਈ ਸੀ ਕਿ ਗੁਰੂ ਜੀ ਤੇਰੀ ਤੌਹੀਨ ਕਰਾਣ ਹਿਤ ਆਪਣੇ ਆਪ ਨੂੰ ਸੱਚੇ ਪਾਤਸ਼ਾਹ ਅਖਵਾਂਦੇ ਹਨ, ਸੁਣ ਕੇ ਸੜ ਬਲ ਗਿਆ ਤੇ ਸਾਹਿਬਾਂ ਨੂੰ ਕਹਿਣ ਲਗਾ, "ਫਕੀਰਾਂ ਲਈ ਸੱਚੇ ਪਾਤਸ਼ਾਹ ਕਹਿਲਵਾਣਾ ਵਾਜਿਬ ਨਹੀਂ। ਇਹ ਲਕਬ ਸਾਨੂੰ ਬਣ ਆਏ ਹਨ। ਤੁਹਾਨੂੰ ਗੁਰੂ ਹੀ ਕਹਿਲਵਾਣਾ ਚਾਹੀਦਾ ਹੈ।" ਸਤਿਗੁਰਾਂ ਸੁਣ ਕੇ ਫੁਰਮਾਇਆ, "ਗੁਰੂ ਨਾਨਕ ਦੀ ਗੱਦੀ ਤੇ ਬੈਠਣ ਵਾਲੇ ਸੇਵਕ ਹਮੇਸ਼ਾਂ ਹੀ ਆਪਣੇ ਆਪ ਨੂੰ ਸੰਗਤ ਦਾ ਦਾਸ ਸਮਝਦੇ ਹਨ। ਮੈਂ ਪ੍ਰਮੇਸ਼ਵਰ

ਦਾ ਇਕ ਆਜਜ਼ ਢਾਡੀ ਹਾਂ, ਜੋ ਉਸ ਦੇ ਨਾਮ ਦਾ ਢੰਡੋਰਾ ਦੇਂਦਾ ਹਾਂ। ਮੈਂ ਕਦੀ ਕਿਸੇ ਨੂੰ ਇਹ ਪ੍ਰੇਰਨਾ ਨਹੀਂ ਕੀਤਾ ਕਿ ਉਹ ਮੈਨੂੰ ਸੱਚਾ ਪਾਤਸ਼ਾਹ ਕਹੇ। ਇਹ ਲੋਕਾਂ ਦੀ ਆਪਣੀ ਸ਼ਰਧਾ ਭਾਵਨਾਂ ਹੈ ਕਿ ਉਹ ਲੋਕ ਮੇਟੇ ਨਾਮ ਨਾਲ ਇਹ ਪਦ ਵਰਤਦੇ ਹਨ।" ਬਾਦਸ਼ਾਹ ਨੇ ਮੱਥੇ ਤਿਊੜੀ ਪਾ ਕਿਹਾ, "ਪਤਾ ਨਹੀਂ ਤੁਹਾਡੇ ਮੁਰੀਦਾਂ ਨੂੰ ਅਜੇਹਾ ਭੁਲੇਖਾ ਕਿਉਂ ਲਗਦਾ ਹੈ ਕਿ ਉਹ ਫਕੀਰ ਨੂੰ ਪਾਤਸ਼ਾਹ ਕਹਿੰਦੇ ਹਨ।" ਸਾਹਿਬਾਂ ਫੁਰਮਾਇਆ, "ਕਦੀ ਦੇਖ ਲਓਗੇ।"

ਅਗਲੇ ਦਿਨ ਹੀ ਬਾਦਸ਼ਾਹ ਅਤੇ ਸਤਿਗੁਰੂ ਜੀ ਸ਼ਿਕਾਰ ਨੂੰ ਨਿਕਲੇ। ਉਹ ਆਬਾਦੀਓਂ ਦੂਰ ਜਮਨਾ ਦੇ ਝਲ ਵਿਚ ਸ਼ਿਕਾਰ ਦੀ ਤਲਾਸ਼ ਵਿਚ ਜਾ ਪਹੁੰਚੇ। ਦੁਪਹਿਰ ਤਕ ਸ਼ਿਕਾਰ ਕਰ, ਆਰਾਮ ਕਰਨ ਹਿਤ ਰੁਖਾਂ ਦੀ ਛਾਵੇਂ ਟਿਕ ਗਏ। ਸਬੱਬ ਨਾਲ ਹੀ ਬਾਦਸ਼ਾਹ ਨੇ ਜਿਸ ਦਰਖ਼ਤ ਦੇ ਹੇਠਾਂ ਡੇਰਾ ਲਗਾਇਆ, ਉਹ ਉਸ ਦਰਖ਼ਤ ਨਾਲੋਂ, ਜਿਸ ਹੇਠਾਂ ਸਤਿਗੁਰੂ ਟਿਕੇ ਸਨ, ਕੋਈ ਫਰਲਾਂਗ ਉਰਲੇ ਪਾਸੇ ਸੀ। ਹੁਣ ਅਜਬ ਲੀਲ੍ਹਾ ਹੋਈ।

ਸਤਿਗੁਰਾਂ ਤੇ ਬਾਦਸ਼ਾਹ ਦੇ ਆਗਰੇ ਪੁਜਣ ਦੀਆਂ ਖ਼ਬਰਾਂ ਖ਼ਲਕਤ ਤਕ ਪੁਜ ਗਈਆਂ ਸਨ। ਦੁਨੀਆ ਦੇ ਗਾਹਕ ਬਾਦਸ਼ਾਹ ਦੀ ਮੁਲਾਕਾਤ ਅਤੇ ਦੀਨ ਦੇ ਵਪਾਰੀ ਸਤਿਗੁਰਾਂ ਦੇ ਦਰਸ਼ਨ ਦਾ ਅਵਸਰ ਪ੍ਰਾਪਤ ਕਰਨ ਲਈ ਉਤਾਵਲੇ ਹੋ ਰਹੇ ਸਨ। ਇਸ ਪਿਛਲੀ ਸ਼੍ਰੇਣੀ ਵਿਚ ਇਕ ਘਸਿਆਰਾ ਭੀ ਸੀ, ਜਿਸ ਨੂੰ ਕਿਸੇ ਪ੍ਰਚਾਰਕ ਸਿਖ ਨੇ ਗੁਰਸਿਖੀ ਦੀ ਜਾਗ ਲਾਈ ਸੀ। ਹੁਣ ਇਸ ਦੇ ਹਥ ਕਾਰ ਵਲ ਤੇ ਦਿਲ



32399

ਯਾਰ ਵਲ ਰਹਿੰਦਾ ਸੀ। ਇਹ ਘਾਈ ਦੀ ਨਿਮਾਣੀ ਕਿਰਤ ਕਰਦਾ ਸੀ, ਪਰ ਇਸ ਨੂੰ ਹੌਸਲਾ ਸੀ ਕਿ ਨਾਨਕ ਨਿਮਾਣਿਆਂ ਦੇ ਨਾਲ ਹੈ। ਇਹ ਰੰਬੇ ਨਾਲ ਘਾਹ ਖੋਤਦਾ ਤੇ ਹਰਿ ਨਾਮ ਨਾਲ ਅੰਦਰੋਂ ਮੋਹ ਮਾਇਆ ਦੇ ਘਾਸ ਫੂਸ ਨੂੰ ਸਾਫ਼ ਕਰਦਾ ਸੀ। ਇਸ ਕੰਮ ਵਿਚ ਸਮਾਂ ਬੀਤ ਚੁਕਾ ਸੀ। ਮਨ ਤਿਆਰ ਹੋ ਗਿਆ ਸੀ ਤੇ ਸਤਿਗੁਰਾਂ ਦੀ ਉਡੀਕ ਵਿਚ ਸੀ ਕਿ ਉਹ ਉਸ ਤੇ ਆ ਆਸਣ ਜਮਾਣ। ਆਗਰੇ ਆਏ ਸਤਿਗੁਰਾਂ ਦੀ ਸੋਅ ਸੁਣੀ ਸੀ, ਪਰ ਕਿਰਤ ਵਧੇਰੇ ਰੁਝਾਈ ਰਖਦੀ ਸੀ। ਕੁਝ ਇਹ ਭੀ ਖ਼ਿਆਲ ਸੀ ਕਿ ਜੇ ਜ਼ਰਾ ਇਕਾਂਤ ਵਿਚ ਦਰਸ਼ਨ ਹੋਣ ਤਾਂ ਰੱਜ ਕੇ ਕਰ ਲਵਾਂ। ਅਜ ਸਮਾਂ ਆ ਬਣਿਆ। ਸਾਹਿਬ ਸ਼ਿਕਾਰ ਹਿਤ ਆਏ ਸੁਣੇ। ਗਦ ਗਦ ਹੋਏ ਮਨ ਨੇ ਦਰਸ਼ਨਾਂ ਹਿਤ ਤਿਆਰੀ ਕੀਤੀ। ਨੈਣਾਂ ਨੇ ਅਥਰੂਆਂ ਦੇ ਮੋਤੀ ਚਰਨ ਭੇਟ ਕਰਨ ਹਿਤ ਖ਼ਿੰਮਣੀਆਂ ਵਿਚ ਪ੍ਰੋ ਲਏ। ਹੱਥਾਂ ਨੇ ਅਰਦਾਸ ਹਿਤ ਕਦੇ ਦਾ ਪੱਲੇ ਬੰਨ੍ਹਿਆ ਹੋਇਆ ਟਕਾ ਖੋਲ੍ਹ ਕੇ ਪਕੜ ਲਿਆ। ਗੁਰੂ ਕੇ ਘੋੜੇ ਹਿਤ ਕੋਮਲ ਘਾਹ ਦੀ ਇਕ ਪੰਡ ਖੋਤ ਸਿਰ ਤੇ ਰੱਖ ਲਈ। ਅਜ ਘਾਹ ਖੋਤਣ ਵਿਚ ਭੀ ਨਿਰਾਲਾ ਢੰਗ ਸੀ: ਘਾਹ ਦੇ ਇਕ ਇਕ ਬੂਝੇ ਤੇ ਜਾ ਬਹਿੰਦਾ। ਉਸ ਨੂੰ ਜੜ੍ਹ ਤੋਂ ਕਰੂੰਬਲਾਂ ਤਕ ਦੇਖਦਾ। ਜੇ ਸਾਰਾ ਹਰਾ ਹੁੰਦਾ ਤੇ ਖੋਤ ਲੈਂਦਾ, ਪਰ ਜਿਸ ਵਿਚ ਭੀ ਸੁੱਕੀ ਪੱਤੀ ਹੁੰਦੀ, ਉਸ ਨੂੰ ਇਹ ਕਹਿ ਛਡ ਦੇਂਦਾ, "ਤੇਰੇ ਵਿਚ ਸੋਕਾ ਆ ਗਿਆ ਹੈ। ਤੈਨੂੰ ਕੱਲ ਖੋਤ ਕੇ ਦੁਨੀਆ ਦੇ ਬਾਜ਼ਾਰ ਵਿਚ ਵੇਚਾਂਗਾ। ਸਤਿਗੁਰਾਂ ਦੇ ਦਰਬਾਰ ਜੜ੍ਹੋਂ ਕਰੂੰਬਲਾਂ ਤਕ ਹਰੇ ਹੀ ਭੇਟ ਕੀਤੇ ਜਾ ਸਕਦੇ ਹਨ।" ਗਲ ਕੀ, ਪ੍ਰੇਮ ਦੇ ਨਸ਼ੇ ਵਿਚ ਗੁਟ

ਰਸ ਗੁੱਝਾ ਘਾਈ, ਗੁਰੂ ਦਰਸ਼ਨਾਂ ਹਿਤ ਸ਼ਿਕਾਰੀਆਂ ਦੇ ਡੇਰੇ ਵਲ ਵਧਿਆ। ਜਹਾਂਗੀਰ ਦਾ ਡੇਰਾ ਪਹਿਲਾਂ ਆਇਆ, ਅਰਦਲੀ ਦੂਰ ਤਕ ਖੜੋਤੇ ਸਨ। ਉਸ ਨੇ ਇਕ ਤੋਂ ਪੁਛਿਆ, "ਸੱਚੇ ਪਾਤਸ਼ਾਹ ਦਾ ਡੇਰਾ ਕਿਹੜਾ ਹੈ ?"

ਸਿਪਾਹੀ, ਜਿਸ ਦੇ ਖ਼ਿਆਲ ਵਿਚ ਜਹਾਂਗੀਰ ਹੀ ਸੱਚਾ ਪਾਤਸ਼ਾਹ ਸੀ, ਬੋਲਿਆ—"ਉਹ ਸਾਹਮਣੇ ਦਰਖ਼ਤ ਦੇ ਹੇਠ ਜਹਾਂ-ਪਨਾਹ ਪਲੰਘ ਤੇ ਤਸ਼ਰੀਫ਼ ਰੱਖਦੇ ਹਨ।"

ਘਾਈ ਅਗਾਂਹ ਨੂੰ ਵਧਿਆ ਤਾਂ ਸਿਪਾਹੀ ਨੇ ਟੋਕਦਿਆਂ ਹੋਇਆਂ ਕਿਹਾ, "ਬਸ਼ਊਰ, ਗੁਸਤਾਖ਼, ਅਗੇ ਨਾ ਵਧ। ਦੂਰ ਤੋਂ ਹੀ ਜ਼ਿਆਰਤ ਕਰ। ਬਾਦਸ਼ਾਹ ਦੀ ਨਜ਼ਦੀਕੀ ਤੇਰੇ ਜੈਸੇ ਹਕੀਰ ਘਸਿਆਰਿਆਂ ਲਈ ਨਹੀਂ ਹੁੰਦੀ।"

ਘਾਈ ਸਿਪਾਹੀ ਦੇ ਸ਼ਬਦ ਸੁਣ ਹੈਰਾਨ ਹੋਇਆ। ਉਸ ਨੇ ਸੁਣਿਆ ਹੋਇਆ ਸੀ ਕਿ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਰਾਣਾ ਰੰਕ ਨੂੰ ਬਰਾਬਰੀ ਹੈ। ਉਥੇ ਧਨੀ, ਕੰਗਾਲ ਅਤੇ ਨੀਚ, ਊਚ ਵਿਚ ਫਰਕ ਨਹੀਂ ਕੀਤਾ ਜਾਂਦਾ। ਫਿਰ ਇਹ ਪਹਿਰੇਦਾਰ ਮੈਨੂੰ ਕਿਉਂ ਰੋਕਦਾ ਹੈ ? ਹਾਂ, ਸ਼ਾਇਦ ਮੇਰਾ ਸਿਦਕ ਪਰਖਣਾ ਚਾਹੁੰਦਾ ਹੈ ; ਮੇਰੀ ਦਰਸ਼ਨ ਪਿਆਸ ਨੂੰ ਜਾਚਦਾ ਹੈ। ਇਹ ਖ਼ਿਆਲ ਆਉਂਦਿਆਂ ਹੀ ਉਸ ਨੇ ਸਿਪਾਹੀ ਨੂੰ ਬੜੀ ਸੰਜੀਦਗੀ ਨਾਲ ਕਿਹਾ, "ਮੈਂ ਦਰਸ਼ਨ ਹੀ ਨਹੀਂ ਕਰਨੇ, ਚਰਨ ਭੀ ਪ੍ਰਸਨੇ ਹਨ। ਮੈਨੂੰ ਕੋਈ ਨਹੀਂ ਰੋਕ ਸਕਦਾ।"

ਸਿਪਾਹੀ ਨੇ ਤਲਵਾਰ ਦੇ ਕਬਜ਼ੇ ਤੇ ਹੱਥ ਰੱਖਦਿਆਂ ਹੋਇਆਂ ਕਿਹਾ, "ਤੇਰੇ ਜੈਸੇ ਗਵਾਰ ਗੁਸਤਾਖ਼ਾਂ ਦੀ ਰੋਕ ਇਹ

ਹੈ।" ਘਾਈ ਬੋਲਿਆ, "ਇਹ ਰੋਕ ਨਹੀਂ, ਸਹਾਇਤਾ ਹੈ। ਤਨਾਂ ਦੀਆਂ ਕੈਦਾਂ ਹਟਾ, ਮਨਾਂ ਦੇ ਸੁਤੰਤ੍ਰ ਮੇਲ ਕਰਾਉਂਦੀ ਹੈ।"

ਸਿਪਾਹੀ ਨੂੰ ਕੁਝ ਸਮਝ ਨਾ ਆਈ ਤੇ ਉਹ ਅਗਾਂਹ ਵਧ ਕੇ ਘਸਿਆਰੇ ਨੂੰ ਧੱਕੇ ਮਾਰਨ ਲਗ ਪਿਆ। ਬਾਦਸ਼ਾਹ ਜਹਾਂਗੀਰ ਭੀ ਸਾਹਮਣੇ ਦਰਖ਼ਤ ਹੇਠਾਂ ਬੈਠਾ ਇਹ ਰੌਲਾ ਗੌਲਾ ਸੁਣ ਰਿਹਾ ਸੀ। ਚੁਨਾਂਚਿ ਉਸ ਨੇ ਨਫ਼ਰ ਰਾਹੀਂ ਪਹਿਰੇਦਾਰ ਨੂੰ ਕਹਿ ਭੇਜਿਆ ਕਿ ਸੁਆਲੀ ਨੂੰ ਆਉਣ ਦਿਓ। ਹੁਕਮ ਸੁਣਦਿਆਂ ਹੀ ਸਿਪਾਹੀ ਆਪਣੀ ਜਗ੍ਹਾ ਤੋਂ ਹਟ ਗਿਆ ਤੇ ਘਸਿਆਰਾ ਪਾਤਸ਼ਾਹ ਵਲ ਵਧਿਆ। ਲਿਬਾਸ ਸਤਿਗੁਰਾਂ ਦਾ ਭੀ ਸ਼ਾਹੀ ਸੁਣਿਆ ਹੋਇਆ ਸੀ। ਚੁਨਾਂਚਿ ਬਾਦਸ਼ਾਹ ਦੀ ਜਿਗਾ ਕਲਗ਼ੀ ਦੇਖ ਭਰਮ ਗਿਆ। ਬੁਤ-ਪ੍ਰਸਤੀ ਨੇ ਟਪਲਾ ਦਿਤਾ ਤੇ ਨੈਣਾਂ ਵਿਚੋਂ ਨੀਰ ਬਹਾਂਦੇ ਹੋਏ ਨੇ ਘਾਹ ਦੀ ਪੰਡ ਸਾਹਮਣੇ ਰਖ ਤੇ ਟਕਾ ਮੱਥਾ ਟੇਕ ਬਾਦਸ਼ਾਹ ਦੇ ਚਰਨ ਫੜ ਲਏ।

ਜਹਾਂਗੀਰ ਨੇ ਕਿਹਾ, "ਸਵਾਲੀ, ਤੂੰ ਕੀ ਚਾਹੁੰਦਾ ਹੈਂ ?"

ਘਸਿਆਰਾ—"ਮੈਨੂੰ ਬਚਾਓ, ਮੇਰੀ ਰਖਿਆ ਕਰੋ।"

ਬਾਦਸ਼ਾਹ—"ਕਿਸ ਤੋਂ ਬਚਾਵਾਂ ? ਤੈਨੂੰ ਕੌਣ ਤੰਗ ਕਰਦਾ ਹੈ ?"

ਘਸਿਆਰਾ—"ਮੌਤ ਤੋਂ, ਜਮਾਂ ਦੇ ਸੰਦੇਸ਼ ਤੋਂ, ਮਾਇਆ ਦੇ ਬੰਧਨਾਂ ਤੋਂ।"

ਬਾਦਸ਼ਾਹ ਇਹ ਸੁਣ ਕੇ ਹੈਰਾਨ ਹੋ ਗਿਆ ਤੇ

ਬੋਲਿਆ, "ਮੇਰੇ ਕੋਲ ਇਹਨਾਂ ਗੱਲਾਂ ਦਾ ਕੋਈ ਇਲਾਜ ਨਹੀਂ। ਧਨ ਮੰਗ, ਮਿਲੇਗਾ। ਜਾਗੀਰ ਤਲਬ ਕਰ, ਬਖ਼ਸ਼ੀ ਜਾਵੇਗੀ। ਕਿਸੇ ਮਨੁੱਖ ਦੇ ਜਬਰ ਦੀ ਸ਼ਿਕਾਇਤ ਕਰ, ਮਾਰ ਦਿਤਾ ਜਾਵੇਗਾ। ਜ਼ਾਲਮ ਦਾ ਪਤਾ ਦੇਹ, ਜ਼ੇਰ ਕਰ ਦਿਤਾ ਜਾਵੇਗਾ। ਪਰ ਮੌਤ ਦਾ ਮੇਰੇ ਕੋਲ ਕੋਈ ਇਲਾਜ ਨਹੀਂ। ਜਮ ਤਾਂ ਇਕ ਦਿਨ ਮੇਰੇ ਤੇ ਭੀ ਕੂਕੇਗਾ।"

ਘਸਿਆਰਾ ਤ੍ਰਬਕ ਕੇ ਉਠ ਖੜੋਤਾ ਤੇ ਹੈਰਾਨ ਹੋ ਕੇ ਕਹਿਣ ਲੱਗਾ, "ਕੀ ਤੁਸੀਂ ਸੱਚੇ ਪਾਤਸ਼ਾਹ ਨਹੀਂ ਹੋ ? ਕੀ ਮੈਂ ਭੁਲ ਗਿਆ ਹਾਂ ?" ਬਾਦਸ਼ਾਹ ਨੇ ਸਹਿਜ ਨਾਲ ਕਿਹਾ, "ਹਾਂ, ਤੂੰ ਭੁਲ ਗਿਆਂ ਹੈਂ। ਤੈਨੂੰ ਟਪਲਾ ਲਗਾ ਹੈ। ਜੇ ਮੌਤ ਤੋਂ ਬਚਾਉਣ ਵਾਲਾ ਹੀ ਸੱਚਾ ਪਾਤਸ਼ਾਹ ਹੁੰਦਾ ਹੈ ਤਾਂ ਮੈਂ ਓਹ ਨਹੀਂ ਹਾਂ।"

ਘਾਈ—"ਤਾਂ ਮੈਨੂੰ ਮੇਹਰ ਕਰ ਦਸੋ, ਮੇਰੇ ਦਾਤਾ ਕਿਥੇ ਹਨ ? ਸੱਚੇ ਪਾਤਸ਼ਾਹ ਦਾ ਡੇਰਾ ਕੇਹੜਾ ਹੈ ? ਜ਼ਰਾ ਛੇਤੀ ਕਰੋ। ਮੇਰਾ ਵਕਤ ਜਾ ਰਿਹਾ ਹੈ।"

ਜਹਾਂਗੀਰ—"ਕੀ ਪਤਾ ਤੂੰ ਸੱਚਾ ਪਾਤਸ਼ਾਹ ਕਿਸ ਨੂੰ ਕਹਿੰਦਾ ਹੈਂ।"

ਘਾਈ—"ਸਤਿਗੁਰਾਂ ਨੂੰ, ਗੁਰੂ ਹਰਿ ਗੋਬਿੰਦ ਸਾਹਿਬ ਨੂੰ, ਮੀਰੀ ਪੀਰੀ ਦੇ ਮਾਲਕ ਨੂੰ, ਗ਼ਰੀਬ-ਨਿਵਾਜ਼ ਨੂੰ, ਪਤਿਤ ਪਾਵਨ ਨੂੰ, ਜਿਨ੍ਹਾਂ ਦੀ ਇਕ ਨਿਗਾਹ ਕਾਲ ਦੇ ਜਾਲ ਤੋੜਦੀ ਹੈ; ਜਿਨ੍ਹਾਂ ਦੀ ਚਰਨ ਛੋਹ ਮੁਰਦਿਆਂ ਨੂੰ ਜੀਵਨ-ਦਾਨ ਦੇਂਦੀ ਹੈ।"

ਸਿਮਰਨ ਦੇ ਬਲ ਨੇ ਘਾਈ ਵਿਚ ਇਵ ਬੁਧੀ ਦਾ

ਪ੍ਰਕਾਸ਼ ਕੀਤਾ ਹੋਇਆ ਸੀ, ਜਿਸ ਕਰਕੇ ਉਸ ਦੇ ਸ਼ਬਦਾਂ ਵਿਚ ਬਲ ਸੀ। ਬਾਦਸ਼ਾਹ ਨੇ ਅਸਚਰਜ ਹੋ ਘਾਈ ਵਲ ਤਕਦਿਆਂ ਹੋਇਆਂ ਕਿਹਾ, "ਓਹ ਸਾਹਮਣੇ ਬਿਰਛ ਹੇਠ ਤੇਰੇ ਸਤਿਗੁਰਾਂ ਦਾ ਡੇਰਾ ਹੈ।"

ਘਾਈ ਨੇ ਕਿਹਾ, "ਬਹੁਤ ਹੱਛਾ। ਮੈਂ ਤੁਹਾਨੂੰ ਤਕਲੀਫ਼ ਦਿਤੀ ਹੈ। ਮੁਆਫ਼ ਕਰਨਾ, ਮੈਂ ਭੁਲ ਗਿਆ ਸਾਂ।"

ਇਤਨਾ ਆਖ ਉਸ ਨੇ ਆਪਣਾ ਟਕਾ ਚੁਕ ਲਿਆ ਤੇ ਘਾਹ ਦੀ ਪੰਡ ਸਿਰ ਤੇ ਧਰ ਲਈ। ਜਹਾਂਗੀਰ ਨੇ ਜ਼ਰਾ ਹਾਕਮਾਨਾ ਲਹਿਜੇ ਵਿਚ ਕਿਹਾ, "ਬਾਦਸ਼ਾਹਾਂ ਦੇ ਅਗੇ ਧਰੀ ਨਜ਼ਰ ਨਹੀਂ ਚੁਕੀ ਜਾਂਦੀ। ਇਹ ਘਾਹ ਤੇ ਟਕਾ ਪਿਆ ਰਹਿਣ ਦੇਹ।"

ਘਾਈ—"ਤਦੇ ਹੀ ਤੁਸੀਂ ਸੱਚੇ ਪਾਤਸ਼ਾਹ ਨਹੀਂ। ਜੇ ਹੁੰਦੇ ਤਾਂ ਪਛਾਣ ਲੈਂਦੇ ਕਿ ਮੈਂ ਨਜ਼ਰ ਰਖੀ ਹੈ ਕਿ ਭੁਲ ਕੀਤੀ ਹੈ। ਮੇਰਾ ਟਿਕਾਣਾ ਇਹ ਨਹੀਂ ਸੀ। ਮੈਂ ਇਹ ਟਕਾ ਤੇ ਘਾਹ ਸਤਿਗੁਰਾਂ ਦੀ ਭੇਟ ਕਰਨਾ ਹੈ। ਨਜ਼ਰ ਓਹੀ ਅਮੀਰ ਲੈਣ ਦਾ ਹੱਕਦਾਰ ਹੈ, ਜੋ ਹਕੀਰ ਦੀ ਮੁਰਾਦ ਪੂਰੀ ਕਰੇ। ਮੈਂ ਤਾਂ ਤੁਹਾਡੇ ਅਗੇ ਸੁਆਲ ਰਖ ਦਿਤਾ ਸੀ, ਕਰ ਦੇਂਦਿਓ ਪੂਰਾ ਤਾਂ ਲੈ ਲੈਂਦਿਓ ਨਜ਼ਰ। ਪਰ ਜੇ ਸੁਆਲ ਪੂਰਾ ਕਰਨ ਦੀ ਤੌਫ਼ੀਕ ਨਹੀਂ, ਤਾਂ ਫਿਰ ਨਜ਼ਰ ਕਾਹਦੀ ?"

ਬਾਦਸ਼ਾਹ—"ਤੂੰ ਠੀਕ ਕਹਿੰਦਾ ਹੈਂ, ਪਰ ਇਹ ਚੀਜ਼ ਸਾਡੀ ਹਜ਼ੂਰੀ ਵਿਚ ਰਖੀ ਜਾ ਚੁਕੀ ਹੈ। (ਜੇਬ ਵਿਚ ਹਥ ਪਾ ਮੋਹਰਾਂ ਦੀ ਮੁਠ ਕਢਦਿਆਂ ਹੋਇਆਂ) ਲੈ ਆਹ ਲੈ ਜਾ ਪਲ, ਗੁਰ ਦੀ ਨਜ਼ਰ ਰੱਖਣ ਲਈ। ਟਕੇ ਦੀ ਹਕੀਰ ਨਜ਼ਰ

ਕੀ ਰਖੇਂਗਾ।"

ਸਿਖ-"ਕੀ ਤੁਹਾਡੇ ਰਾਜ ਵਿਚ ਲੋਧੀਆਂ ਦਾ ਸਿੱਕਾ ਚਲ ਸਕਦਾ ਹੈ?"

ਬਾਦਸ਼ਾਹ-"ਨਹੀਂ?"

ਘਾ ਏ-"ਕਿਉਂ"

ਬਾਦਸ਼ਾਹ-"ਅੱਜ ਇਥੇ ਉਹਨਾਂ ਦਾ ਰਾਜ ਨਹੀਂ, ਸਾਡੀ ਹਕੂਮਤ ਹੈ। ਮੁਗ਼ਲ ਰਾਜ ਵਿਚ ਲੋਧੀਆਂ ਦਾ ਸਿੱਕਾ ਕਿਸ ਤਰ੍ਹਾਂ ਚੱਲੇ?"

ਘਾਈ-"ਬਸ, ਇਥੇ ਤਰ੍ਹਾਂ ਸੱਚ ਦੇ ਰਾਜ ਵਿਚ ਝੂਠੀ ਹਕੂਮਤ ਦਾ ਸਿੱਕਾ ਨਹੀਂ ਚਲ ਸਕਦਾ। ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਝੂਠੇ ਹੁਕਮਰਾਨ ਦੇ ਖ਼ਜ਼ਾਨੇ ਦੀਆਂ ਮੋਹਰਾਂ ਨਜ਼ਰ ਨਹੀਂ ਧਰੀਆਂ ਜਾ ਸਕਦੀਆਂ। ਉਥੇ ਗ਼ਰੀਬ ਸਿਖਾਂ ਦੀ ਦਸਾਂ ਨਵ੍ਹਾਂ ਦੀ ਕਿਰਤ ਦਾ ਟਕਾ ਪ੍ਰਵਾਨ ਹੈ।"

ਬਾਦਸ਼ਾਹ ਚੁਪ ਹੋ ਵਿਚਾਰਾਂ ਵਿਚ ਪੈ ਗਿਆ ਤੇ ਘਸਿਆਰਾ ਸਿਖ ਆਪਣਾ ਘਾਹ ਤੇ ਟੱਕਾ ਚੁਕ ਅਗਾਂਹ ਤੁਰ ਪਿਆ। ਅਜੇ ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ ਸਤਿਗੁਰ ਗ਼ਰੀਬ-ਨਿਵਾਜ਼ ਆਪਣੇ ਪਲੰਘ ਤੋਂ ਉਠ ਨੰਗੇ ਪੈਰੀਂ ਹੀ "ਧੰਨ ਸਿਖੀ! ਧੰਨ ਸਿਖੀ!!" ਕਹਿੰਦੇ ਉਠ ਦੌੜੇ। ਘਾਈ ਨੂੰ ਅਗਲਵਾਂਢੀ ਆ ਮਿਲੇ ਤੇ ਉਸ ਦੇ ਘਾਹ ਦੀ ਪੰਡ ਹੇਠਾਂ ਸਿਰ ਦੇ ਕੇ ਬੋਲੇ, "ਆ ਗੁਰਸਿਖ, ਮੈਂ ਤੈਨੂੰ ਗੁਰੂ ਕੇ ਦਰਬਾਰ ਵਿਚ ਲੈ ਚਲਦਾ ਹਾਂ। ਮੈਂ ਭੀ ਸਤਿਗੁਰਾਂ ਦਾ ਇਕ ਸੇਵਕ ਹਾਂ।"

ਘਾਈ ਨੇ ਪੰਡ ਨੂੰ ਮਜ਼ਬੂਤ ਹੱਥ ਪਾਂਦਿਆਂ ਹੋਇਆਂ ਕਿਹਾ, "ਮੈਨੂੰ ਸਤਿਗੁਰਾਂ ਦੇ ਕੋਲ ਲੈ ਚਲ। ਮੈਂ ਤੇਰਾ ਧੰਨਵਾਦੀ

ਹੋਵਾਂਗਾ। ਪਰ ਮੈਂ ਘਾਹ ਦੀ ਇਹ ਪੰਡ ਕਿਸੇ ਦੂਸਰੇ ਨੂੰ ਨਹੀਂ ਚੁਕਾ ਸਕਦਾ। ਇਹ ਭੇਟ ਹੈ ਤੇ ਮੈਂ ਹੱਥੀਂ ਗੁਰ ਚਰਨਾਂ ਵਿਚ ਰੱਖਣੀ ਹੈ।'

ਸਤਿਗੁਰੂ ਪੰਡ ਨੂੰ ਆਪਣੀ ਤਰਫ ਖਿਚ ਰਹੇ ਸਨ ਤੇ ਘਾਈ ਆਪਣੇ ਪਾਸੇ। ਇਹ ਅਰਸ਼ੀ ਪਿਆਰ ਦੀ ਲੀਲ੍ਹਾ, ਜੋ ਫਰਸ਼ਾਂ ਤੇ ਗੁਰੂ ਨਾਨਕ ਦੇਵ ਦੇ ਆਉਣ ਕਰ ਕੇ ਹੀ ਵਰਤੀ ਸੀ, ਜਹਾਂਗੀਰ ਭੀ ਦੂਰੋਂ ਬੈਠਾ ਦੇਖ ਰਿਹਾ ਸੀ। ਉਸ ਤੋਂ ਰਿਹਾ ਨਾ ਗਿਆ। ਉਹ ਛੇਤੀ ਤੁਰ ਉਥੇ ਪੁਜਾ ਤੇ ਘਾਈ ਨੂੰ ਕਹਿਣ ਲਗਾ, "ਇਹੋ ਹੀ ਤੇਰੇ ਸਤਿਗੁਰੂ ਹਨ।"

ਘਾਏ ਇਹ ਆਵਾਜ਼ ਸੁਣਦਿਆਂ ਹੀ ਪ੍ਰੇਮ ਰਸ ਵਿਚ ਲੀਨ ਹੋ ਗਿਆ। ਸਰੂਰ ਦੀਆਂ ਕਾਂਗਾਂ ਚੜ੍ਹੀਆਂ। ਬੇਸੁਧ ਸਰੀਰ ਤੋਂ ਪੰਡ ਡਿਗ ਪਈ ਤੇ ਉਹ ਗੁਰਚਰਨਾਂ ਤੇ ਢਹਿਣ ਹੀ ਲਗਾ ਸੀ, ਜੋ ਸਤਿਗੁਰੂ ਨੇ ਗਲਵਕੜੀ ਵਿਚ ਲੈ ਛਾਤੀ ਨਾਲ ਘੁਟ ਲਾਇਆ। ਸਿਖ ਦੀ ਮੁਰਾਦ ਪੂਰੀ ਹੋਈ ਤੇ ਬਾਦਸ਼ਾਹ ਜਹਾਂਗੀਰ ਨੂੰ ਭੀ ਪਤਾ ਲਗ ਗਿਆ ਕਿ ਇਹ ਸੱਚੇ ਪਾਤਸ਼ਾਹ ਕਿਉਂ ਆਖੇ ਜਾਂਦੇ ਹਨ।

## ਬੰਦੀ-ਛੋੜ ਕੈਦੀ

ਸੰਸਾਰ ਦਾ ਇਤਿਹਾਸ ਇਸ ਗਲ ਦੀ ਸ਼ਾਹਦੀ ਭਰਦਾ ਹੈ ਕਿ ਜ਼ੁਲਮ ਅਤੇ ਜਬਰ ਨੂੰ ਖ਼ਤਮ ਕਰਨ ਵਾਸਤੇ ਸਦਾ ਹੀ ਨੇਕ ਤੇ ਉਚੀਆਂ ਰੂਹਾਂ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕਰਦੀਆਂ ਹਨ। ਕਿਉਂ ਕਿ ਜਿਥੇ ਆਮ ਲੋਕਾਂ ਦਾ ਸਤਾਇਆ

ਜਾਣਾ ਕੋਈ ਨਾ ਕੋਈ ਬਹਾਨਾ ਉਸ ਦੇ ਲਈ ਪੇਸ਼ ਕੀਤਾ ਜਾ ਸਕਣ ਕਰ ਕੇ ਲੋਕਾਂ ਦੇ ਖ਼ਾਸ ਜੋਸ਼ ਤੇ ਜੁਰਅਤ ਪੈਦਾ ਨਹੀਂ ਕਰ ਸਕਦਾ, ਉਥੇ ਮਹਾਂ ਪੁਰਸ਼ਾਂ ਦਾ ਸਤਾਇਆ ਜਾਣਾ, ਜਿਨ੍ਹਾਂ ਦਾ ਕੋਈ ਸਹੀ ਦੋਸ਼ ਜਰਵਾਣੇ ਦੁਨੀਆ ਦੇ ਸਾਹਮਣੇ ਨਹੀਂ ਰਖ ਸਕਦੇ, ਜਗਤ ਵਿਚ ਤਰਥੱਲੀ ਮਚਾ ਦੇਂਦਾ ਹੈ, ਜਨਤਾ ਵਿਚ ਜੋਸ਼ ਪੈਦਾ ਕਰਦਾ ਤੇ ਇਨਕਲਾਬ ਲਿਆ ਦੇਂਦਾ ਹੈ। ਸੱਚ ਕਹਿੰਦੇ ਨੇ ਕਿ ਜੇ ਮਾਤ ਦੇਵਕੀ ਨੂੰ ਕੈਦ ਨਾ ਕੀਤਾ ਜਾਂਦਾ ਤੇ ਕ੍ਰਿਸ਼ਨ ਮਹਾਰਾਜ ਕੈਦਖਾਨੇ ਵਿਚ ਨਾ ਜੰਮਦੇ, ਤਾਂ ਕੰਸ ਦੀ ਤਾਕਤ ਕਿਸੇ ਨਹਾਂ ਸੀ ਤੋੜ ਸਕਣੀ। ਪਤਾ ਨਹੀਂ ਕਿ ਉਸ ਦੇ ਕੈਦਖਾਨੇ ਵਿਚ ਹੋਰ ਕਿਤਨੇ ਲੱਖਾਂ ਬੇਗੁਨਾਹ ਸਿਸਕ ਸਿਸਕ ਕੇ ਮਰਦੇ। ਜੇ ਸੀਤਾ ਜੀ ਰਾਵਣ ਦੇ ਅਸ਼ੋਕ ਬਾਟਕਾ ਵਿਚ ਕੈਦ ਨਾ ਰਹਿੰਦੀ ਤਾਂ ਮਾਸੂਮ ਜਗਤ ਦੀਆਂ ਕਿਤਨੀਆਂ ਸਤੀਆਂ ਦੇ ਸਤ ਭੰਗ ਹੁੰਦੇ। ਇਸੇ ਤਰ੍ਹਾਂ ਜੇ ਇਬਰਾਹੀਮ ਨਮਰੂਦ ਦੀ ਵਿਛਾਈ ਹੋਈ ਅੱਗ ਉਤੇ ਨਾ ਤੁਰਦੇ ਤਾਂ ਖਬਰੇ ਕਿਤਨੇ ਬੇਗੁਨਾਹਾਂ ਦੇ ਘਰ ਜਲਾਏ ਜਾਂਦੇ। ਗੱਲ ਕੀ, ਕਿਤਨੇ ਕੁ ਪ੍ਰਮਾਣ ਦਿਤੇ ਜਾਣ। ਇਹ ਜਗਤ ਪ੍ਰਸਿਧ ਸਚਾਈ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਮੁਗ਼ਲ ਰਾਜ ਦੇ ਸਮੇਂ ਵਿਚ ਜੋ ਅਨਿਆਂ ਅਤੇ ਜਬਰ ਦੀ ਹਕੂਮਤ ਹੋ ਰਹੀ ਸੀ, ਉਸ ਦੇ ਸ਼ਿਕਾਰ ਮਜ਼ਲੂਮਾਂ ਵਿਚੋਂ ਵੱਡੇ ਵੱਡੇ ਰਾਜਸੀ ਕੈਦੀਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਾਂਦਾ ਸੀ, ਇਥੋਂ ਦੇ ਬੰਦੀਵਾਨਾਂ ਤੇ ਜੋ ਜੋ ਅਤਿਆਚਾਰ ਤੇ ਜ਼ੁਲਮ ਢਾਏ ਜਾਂਦੇ ਸਨ, ਉਨ੍ਹਾਂ ਦਾ ਹਾਲ ਸੁਣ ਕੇ ਮਨੁੱਖ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਕਿਸੇ ਕੈਦੀ ਦੀਆਂ ਸੂਏ ਮਾਰ ਕੇ ਅੱਖਾਂ ਕਢ ਦੇਣੀਆਂ;

ਕਿਸੇ ਨੂੰ ਖ਼ਤਮ ਕਰਨ ਲਈ ਬਿਛੂਆਂ ਦੀ ਜ਼ਹਿਰ ਪਿਲਾ ਦੇਣੀ ਇਕ ਸਾਧਾਰਨ ਗੱਲ ਸਮਝੀ ਜਾਂਦੀ ਸੀ। ਇਨ੍ਹਾਂ ਜ਼ੁਲਮਾਂ ਦੇ ਖ਼ਾਤਮੇ ਲਈ ਭੀ ਇਹ ਜ਼ਰੂਰੀ ਸੀ ਕਿ ਕੋਈ ਮਹਾਂਪੁਰਖ ਬਹੁੜੇ ਜੋ ਆਪ ਕੈਦ ਹੋ ਕੇ ਇਨ੍ਹਾਂ ਕੈਦੀਆਂ ਨੂੰ ਛੁੜਾ ਜਾਵੇ। ਚੁਨਾਂਚਿ ਉਹ ਸਮਾਂ ਆ ਬਣਿਆ।

ਦਿੱਲੀ ਅਤੇ ਆਗਰੇ ਵਿਚ ਸਤਿਗੁਰਾਂ ਤੇ ਬਾਦਸ਼ਾਹ ਜਹਾਂਗੀਰ ਦਾ ਜੋ ਇਕੱਠਾ ਨਿਵਾਸ ਤੇ ਸਫ਼ਰ ਰਿਹਾ, ਉਸ ਵਿਚ ਸਤਿਗੁਰਾਂ ਦੇ ਰੂਹਾਨੀ ਬਲ, ਜਲਾਲ ਅਤੇ ਕਮਾਲ ਦੇ ਕਈ ਜਲਵੇ ਬਾਦਸ਼ਾਹ ਨੇ ਤੱਕੇ। ਪਰ ਨੇਕੀ, ਧਰਮ, ਬੀਰਤਾ ਜਿਥੇ ਨੇਕ ਹਿਰਦਿਆਂ ਨੂੰ ਸ਼ਾਂਤ ਕਰਦੀ ਤੇ ਸ਼ਰਧਾਵਾਨ ਬਣਾਂਦੀ ਹੈ, ਉਥੇ ਪਾਪੀ ਮਨਾਂ ਨੂੰ ਡਰਾਉਂਦੀ ਅਤੇ ਕੰਬਾਂਦੀ ਹੈ। ਜਹਾਂਗੀਰ ਦਾ ਗੁਨਾਹਗਾਰ ਮਨ, ਜਿਸ ਦੀ ਗਰਦਨ ਤੇ ਕਈ ਹੋਰ ਬੇਗੁਨਾਹਾਂ ਦੇ ਖ਼ੂਨ ਤੋਂ ਬਿਨਾਂ ਬ੍ਰਹਮ ਗਿਆਨੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਰਦੋਸ਼ ਖ਼ੂਨ ਭੀ ਸਵਾਰ ਹੋ ਰਿਹਾ ਸੀ, ਪਾਪ ਉਸ ਨੂੰ ਭੈ ਦੇ ਰਿਹਾ ਸੀ ਤੇ ਮੰਦੀ ਕਰਤੂਤ ਕੰਬਾ ਰਹੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਤੇਜ-ਮਈ ਡੀਲ ਡੌਲ, ਸ਼ਸਤ੍ਰ ਵਿਦਿਆ ਵਿਚ ਨਿਪੁੰਨਤਾ, ਸੰਗਤਾਂ ਦੀ ਉਨ੍ਹਾਂ ਤੇ ਸ਼ਰਧਾ ਤੇ ਠਾਠ ਬਾਠ ਨੂੰ ਵੇਖ ਉਹ ਹੋਰ ਭੀ ਘਬਰਾ ਉਠਿਆ। ਉਸ ਨੇ ਆਪਣੀ ਮੰਦ ਭਾਵਨਾ ਨੂੰ ਪੂਰਨ ਕਰਨ ਹਿਤ ਇਕ ਬਹਾਨਾ ਚੁਕ ਬਣਾਇਆ। ਉਹ ਇਹ ਕਿ ਉਸ ਨੇ ਸਤਿਗੁਰਾਂ ਕੋਲੋਂ ਇਹ ਮੰਗ ਕੀਤੀ ਕਿ ਉਹ ਉਸ ਰੁਪਏ ਦੀ ਖਕਾਇਆ ਰਕਮ ਸ਼ਾਹੀ ਖ਼ਜ਼ਾਨੇ ਵਿਚ ਦਾਖ਼ਲ ਕਰਨ, ਜਿਹੜਾ ਕਿ ਹਕੂਮਤ ਨੇ ਉਨ੍ਹਾਂ ਦੇ ਪਿਤਾ ਨੂੰ ਤਾਵਾਨ ਦੀ

ਸੂਰਤ ਵਿਚ ਪਾਇਆ ਸੀ ਤੇ ਜਿਸ ਦਾ ਬਕਾਇਆ ਬਾਵਜੂਦ ਉਨ੍ਹਾਂ ਦਾ ਸਾਮਾਨ ਜ਼ਬਤ, ਬਹਕ ਸਰਕਾਰ ਕਰ ਕੇ ਵਸੂਲਣ ਦੇ ਬਾਵਜੂਦ ਭੀ ਬਾਕੀ ਰਹਿ ਗਿਆ ਹੈ।* ਇਹ ਗੱਲ ਤਾਂ

---

*ਬਹੁਤ ਪੁਰਾਣੇ ਸਿੱਖ ਇਤਿਹਾਸਕਾਰ, ਜਿਹੜੇ ਕਿ ਆਪਣੀਆਂ ਲਿਖਤਾਂ ਵਿਚ ਆਮ ਤੌਰ ਤੇ ਜਹਾਂਗੀਰ ਬਾਦਸ਼ਾਹ ਨੂੰ ਇਸ ਜ਼ੁਲਮੀ ਡਰਾਮੇ ਦੀ ਜ਼ਿਮੇਂਵਾਰੀ ਤੋਂ ਲਾਂਭੇ ਰਖਦੇ ਚਲੇ ਜਾਂਦੇ ਹਨ ਤੇ ਜੋ ਮਾਲੂਮ ਹੁੰਦਾ ਹੈ ਕਿ ਹਕੂਮਤ ਦੇ ਪ੍ਰਾਪੇਗੰਡੇ ਤੇ ਚਲੀਆਂ ਹੋਈਆਂ ਰਵੈਤਾਂ ਨੂੰ ਸੁਣ ਸੁਣ ਕੇ ਵਾਕਿਆਤ ਲਿਖਦੇ ਹਨ, ਇਸ ਵਾਕੇ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ— "ਬਾਦਸ਼ਾਹ ਜਹਾਂਗੀਰ ਨੂੰ ਕੋਈ ਰੋਗ ਹੋ ਗਿਆ ਤੇ ਉਸ ਨੇ ਜੋਤਸ਼ੀਆਂ ਕੋਲੋਂ ਕਾਰਨ ਪੁਛਿਆ ਤੇ ਉਨ੍ਹਾਂ ਕਿਹਾ ਕਿ ਉਸ ਤੇ ਸਾੜ੍ਹ ਸਤੀ ਆਈ ਹੋਈ ਹੈ ਤੇ ਜੇ ਕੋਈ ਮਹਾਂ-ਪੁਰਸ਼ ਉਸ ਲਈ ਇਕਾਂਤ ਬੈਠ ਕੇ ਚਾਲ੍ਹੀ ਦਿਨ ਤਪ ਕਰੇ ਤਾਂ ਉਹ ਰਾਜ਼ੀ ਹੋ ਸਕਦਾ ਹੈ। ਬਾਦਸ਼ਾਹ ਨੇ ਜੋਤਸ਼ੀਆਂ ਦੇ ਇਸ ਮਸ਼ਵਰੇ ਨੂੰ ਮੰਨਦਿਆਂ ਹੋਇਆਂ ਸਤਿਗੁਰਾਂ ਅਗੇ ਬੇਨਤੀ ਕੀਤੀ ਤੇ ਉਹ ਗਵਾਲੀਅਰ ਦੇ ਕਿਲ੍ਹੇ ਵਿਚ ਚਲੇ ਗਏ।" ਇਹ ਲਿਖਤ ਵਾਕਿਆਤ ਦੇ ਅਧਾਰ ਤੇ ਬਿਲਕੁਲ ਨਿਰਮੂਲ ਪ੍ਰਤੀਤ ਹੁੰਦੀ ਹੈ, ਕਿਉਂਕਿ ਅੱਵਲ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਅਜਿਹੀ ਵਹਿਮ ਭਰੀ ਕਿਸੇ ਦੀ ਬੇਨਤੀ ਨੂੰ ਪ੍ਰਵਾਨ ਹੀ ਨਹੀਂ ਸਨ ਕਰਦੇ, ਕਿਉਂ ਜੇ ਅਜਿਹਾ ਨਾਟਕੀ ਸਾਧੂਆਂ ਵਾਂਗ ਭਾਣੇ ਦੇ ਵਿਰੁਧ ਤਪ ਕਰਨਾ ਤੇ ਸ਼ਕਤੀ ਪ੍ਰਗਟ ਕਰਨਾ ਗੁਰਮਤ ਦੇ ਵਿਰੁਧ ਹੈ ਤੇ ਸਤਿਗੁਰਾਂ ਨੇ ਤਾਂ ਆਪਣੇ ਸਪੁਤ੍ਰਾਂ ਤਕ ਨੂੰ ਵੀ ਕਲਾ-ਸ਼ਕਤੀ ਪ੍ਰਗਟ ਕਰਨ ਉਤੇ ਕਦੇ ਮੁਆਫ਼ ਨਹੀਂ ਸੀ ਕੀਤਾ। ਅਤੇ ਜੇ ਬਾਦਸ਼ਾਹ ਦਰ ਅਸਲ ਹੀ ਆਪਣੀ ਰੋਗ ਦੀ ਨਵਿਰਤੀ ਹਿਤ ਸਤਿਗੁਰਾ ਅਗੇ ਬੇਨਤੀ ਕਰਦਾ ਤਾਂ ਤਪ ਕਰਨ ਹਿਤ ਗਵਾਲੀਅਰ ਦਾ ਕਿਲ੍ਹਾ, ਜੇਹੜਾ ਕਿ ਉਸ ਵੇਲੇ ਪੁਲੀਟੀਕਲ ਕੈਦੀਆਂ ਲਈ ਜੇਲ੍ਹਖਾਨਾ ਸੀ, ਤਜਵੀਜ਼ ਨਾ ਕਰਦਾ। ਇਕਾਂਤ ਥਾਂ ਤੇ ਹਰ ਜਗ੍ਹਾ ਬਾਦਸ਼ਾਹ ਦੇ ਹੁਕਮ ਨਾਲ ਪ੍ਰਾਪਤ ਹੋ ਸਕਦੀ ਸੀ। ਦੂਜੇ, ਜੇ ਇਸ

(ਬਾਕੀ ਦੇਖੋ ਫੁਟ ਨੋਟ ਸਫਾ ੬੪)

ਦਸਣ ਦੀ ਲੋੜ ਹੀ ਨਹੀਂ ਕਿ ਧਰਮ ਧੀਰ ਸੁਜਾਨ ਸਤਿਗੁਰਾਂ ਨੇ ਬਾਦਸ਼ਾਹ ਦੇ ਇਸ ਅਨਿਆਂ ਭਰੇ ਜਾਬਰਾਨਾ ਹੁਕਮ ਨੂੰ ਠੁਕਰਾ ਦਿਤਾ, ਬਲਕਿ ਆਪਣੇ ਪਿਤਾ ਜੀ ਤੇ ਕੀਤੇ ਗਏ ਜ਼ੁਲਮਾਂ ਦਾ ਜ਼ਿਕਰ ਕਰਦਿਆਂ ਹੋਇਆਂ ਹਕੂਮਤ ਦੀ ਕਾਲੀ

---

(ਸਫਾ ੯੨ ਦੇ ਫੁਟ ਨੋਟ ਦੀ ਬਾਕੀ)

ਤਰ੍ਹਾਂ ਹੀ ਹੋਇਆ ਹੋਵੇ ਤੇ ਬਾਦਸ਼ਾਹ ਇਸ ਤਪ ਕਰ ਕੇ ਰੋਗ ਰਹਿਤ ਹੋ ਗਿਆ ਹੁੰਦਾ ਤਾਂ ਉਹ ਤੁਰਤ ਚਾਲ੍ਹੀਆਂ ਦਿਨਾਂ ਦੇ ਬਾਦ ਸਤਿਗੁਰਾਂ ਦੀ ਸੇਵਾ ਵਿਚ ਤੋਹਫੇ ਲੈ ਕੇ ਹਾਜ਼ਰ ਹੁੰਦਾ ਤੇ ਉਨ੍ਹਾਂ ਨੂੰ ਸ਼ਾਨ ਨਾਲ ਡੇਰੇ ਲਿਆਉਂਦਾ, ਕਿਉਂਕਿ ਜੋ ਲੋਗ ਅਜਿਹੇ ਭਰਮੀ ਹੁੰਦੇ ਹਨ, ਉਹ ਆਪਣੇ ਅਖੌਤੀ ਰੋਗਾਂ ਤੋਂ ਖਲਾਸੀ ਦਿਵਾਉਣ ਵਾਲਿਆਂ ਦੀ ਪੂਜਾ ਵੀ ਹਦੋਂ ਵਧ ਕਰਦੇ ਹਨ, ਤੇ ਜਹਾਂਗੀਰ ਤਾਂ ਖਾਸ ਤੌਰ ਤੇ ਬੜਾ ਵਹਿਮੀ ਸੀ। ਜਿਨ੍ਹਾਂ ਫ਼ਕੀਰਾਂ ਤੇ ਉਹ ਸ਼ਰਧਾ ਰਖਦਾ ਸੀ, ਉਹਨਾਂ ਦੀ ਸੇਵਾ ਭੀ ਬਹੁਤ ਕਰਦਾ ਸੀ। ਪਰ ਇਸ ਵਾਕੇ ਦੇ ਲਿਖਾਰੀ ਤਾਂ ਅਗਾਂਹ ਜਾ ਕੇ ਆਪ ਹੀ ਲਿਖਦੇ ਹਨ—"ਚਾਲ੍ਹੀ ਦਿਨ ਗੁਜ਼ਰ ਗਏ। ਪਰ ਸਤਿਗੁਰਾਂ ਨੂੰ ਕਿਲ੍ਹੇ ਵਿਚੋਂ ਨਾ ਬੁਲਾਇਆ ਗਿਆ, ਬਲਕਿ ਬਾਦਸ਼ਾਹ ਨੂੰ ਵਾਪਸ ਬੁਲਾਣਾ ਭੁਲ ਹੀ ਗਿਆ।" ਸਮਝ ਨਹੀਂ ਆਉਂਦੀ ਕਿ ਜੇ ਸਤਿਗੁਰ ਜੀ ਬਾਦਸ਼ਾਹ ਦੀ ਬੇਨਤੀ ਕਰਨ ਉਤੇ ਹੀ ਕਿਲ੍ਹੇ ਵਿਚ ਚਾਲ੍ਹੀ ਦਿਨ ਤਪ ਕਰਨ ਗਏ, ਤਾਂ ਫਿਰ ਵਾਪਸ ਬੁਲਾਉਣ ਦਾ ਮਤਲਬ ਹੀ ਕੀ। ਚਿਲੀਆ ਪੂਰਾ ਹੋਣ ਤੇ ਉਹ ਆਪ ਹੀ ਆ ਜਾਂਦੇ। ਪਰ ਸ਼ਾਹੀ ਹੁਕਮ ਨਾਲ ਆ ਸਕਣਾ, ਇਹ ਆਪਣੇ ਆਪ ਇਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਉਹਨ ਨੂੰ ਓਥੇ ਸ਼ਾਹੀ ਕੈਦੀ ਬਣਾ ਕੇ ਭੇਜਿਆ ਗਿਆ ਸੀ। ਤੇ ਨਾਲ ਹੀ ਦਬਿਸਤਾਨੇ ਮਜ਼ਾਹਿਬ ਦੀ ਗਵਾਹੀ ਜਿਸ ਦੇ ਲਿਖਾਰੀ ਨੇ ਇਹ ਸਭ ਹਾਲਾਤ ਅੱਖੀਂ ਵੇਖ ਸਾਡੀ ਹੀ ਗੱਲ ਦਾ ਸਬੂਤ ਦੇਂਦੀ ਹੈ। ਮੋਹਸਨ ਫ਼ਾਨੀ ਲਿਖਦਾ ਹੈ, "ਹਜ਼ਰਤ ਜੰਨਤ ਮਕਾਨੀ ਬਿਨਾ ਬਰ ਤਲਬ ਬਕੀਆਤੇ ਮਤਾਲਬਾ ਕਿ ਬਰਾਏ ਜਰੀਮਾਂ ਬਰ ਅਰਜਨ ਮੱਲ ਮੁਕੱਰਰ

[ਬਾਕੀ ਦੇਖੋ ਫੁਟਨੋਟ ਸਫਾ ੯੪]

ਕਰਤੂਤ ਦੇ ਪਰਦੇ ਖੋਲ੍ਹ ਕੇ ਰਖ ਦਿਤੇ। ਬਾਦਸ਼ਾਹ, ਜਿਹੜਾ ਕਿ ਬਹਾਨਾ ਹੀ ਲੋੜਦਾ ਸੀ, ਨੇ ਹੁਕਮ ਦੇ ਦਿਤਾ ਕਿ ਸਤਿਗੁਰਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿਤਾ ਜਾਵੇ।

ਭਾਣਾ ਵਰਤ ਗਿਆ ਤੇ ਸਤਿਗੁਰੂ ਸੱਚੇ ਪਾਤਸ਼ਾਹ ਪੰਜਾਂ ਿ ਖਾਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚ ਜਾ ਬੈਠੇ। ਇਹ ਦਿਨ ੧੧ ਵਸਾਖ ਸੰ: ੧੬੭੮ ਬਿ: ਦਾ ਸੀ।

ਹੁਣ ਇਸ ਰਾਜਸੀ ਜੇਲ੍ਹਖਾਨੇ ਦੇ ਭਾਗ ਭੀ ਜਾਗ ਉਠੇ ਤੇ ਲਗਾ ਦਿਨ ਰਾਤ ਨਾਮ, ਕੀਰਤਨ ਤੇ ਗੁਰਬਾਣੀ ਦਾ ਪ੍ਰਵਾਹ ਚਲਣ।

---

(ਸਫਾ ੮੩ ਦੇ ਫੁਟ ਨੋਟ ਦਾ ਬ ਕ)

ਫਰਮੂਦਾ ਬੂਦੰਦ ਹਰਗੋਬਿੰਦ ਰਾ ਦਰ ਗਵਾਲੀਅਰ ਫ੍ਰਿਸਤਾਦ ਵਾਉ ਦੁਆਜ਼ਦਾ ਸਾਲ ਦਰਾਂ ਮੁਕਾਮ ਮਾਂਦ ਵਾ ਨਮੀ ਗੁਜ਼ਾਸ਼ਤਮ ਕਿ ਤੁਆਮੇ ਨਮਕੀਨ ਖੁਰਦ।" "ਸੁਰਗਵਾਸੀ ਬਾਦਸ਼ਾਹ ਨੇ ਉਸ ਤਾਵਾਨ ਦੇ ਬਕਾਏ ਦੀ ਮੰਤਾ ਦੀ ਵਜ੍ਹਾ ਕਰ ਕੇ ਜੋ ਉਸ ਨੇ (ਸਤਿਗੁਰੂ) ਅਰਜਨ ਮੱਲ (ਦੇਵ ਜੀ) ਤੇ ਲਾਇਆ ਸੀ, (ਸ੍ਰੀ ਗੁਰੂ) ਹਰਗੋਬਿੰਦ ਜੀ ਨੂੰ ਗਵਾਲੀਅਰ ਘੱਲ ਦਿਤਾ ਤੇ ਉਹ ਬਾਰਾਂ ਸਾਲ ਉਸ ਥਾਂ ਤੇ ਰਿਹਾ। ਉਥੇ ਉਹਨਾਂ ਨੂੰ ਖਾਣ ਲਈ ਨਮਕੀਨ ਭੋਜਨ ਭੀ ਨਹੀਂ ਦਿਤਾ ਜਾਂਦਾ ਸੀ।" ਇਸ ਦੇ ਨਾਲ ਹੀ ਸੂਰਜ ਪ੍ਰਕਾਸ਼ ਵਿਚ ਰਾਸ ਪੰਜਵੀ ਤੇ ਅੰਸੂ ਚਾਰ ਵਿਚ ਸਤਿਗੁਰਾਂ ਦੇ ਗਵਾਲੀਅਰ ਦੇ ਕਿਲ੍ਹੇ ਤੋਂ ਬਾਹਰ ਆਉਣ ਸਮੇਂ ਅੰਮ੍ਰਿਤਸਰ ਖ਼ਬਰ ਪੁਜਣ ਤੇ ਸ੍ਰੀ ਮਾਤ ਗੰਗਾ ਜੀ ਦੇ ਜ਼ਬਾਨੀ ਇਹ ਅੱਖਰ ਲਿਖੇ ਹਨ, ਜੋ ਉਹਨਾਂ ਦੇ ਆਪਣੇ ਸਪੁਤ੍ਰ ਦੇ ਕਿਲ੍ਹਿਓਂ ਨਿਕਲਣ ਦੀ ਖ਼ੁਸ਼ਖਬਰੀ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦੂਸਰੇ ਗੁਰੂਆਂ ਦਾ ਧੰਨਵਾਦ ਕਰਦਿਆਂ ਹੋਇਆਂ ਕਹੇ—

"ਸ੍ਰੀ ਅੰਮ੍ਰਿਤਸਰ ਜਬ ਸੁਧਾਈ,<br>
ਸੁਣ ਗੰਗਾ ਨਿਜ ਅੰਗ ਨਾ ਮਾਈ।

(ਬਾਕੀ ਦੇਖੋ ਫੁਟ ਨੋਟ ਸਫਾ ੮੫)

## ਸਤਿਗੁਰਾਂ ਦੇ ਦੇਵ ਦਰਸ਼ਨ, ਅੰਮ੍ਰਿਤ ਬਚਨ ਤੇ ਆਹਿਲ ਬਿਰਤ ਨੇ ਦੂਸਰੇ ਕੈਦੀਆਂ ਦੀਆਂ ਸੁਰਤਾਂ ਨੂੰ ਹਲੂਣਾ

(ਸਫਾ ੭੪ ਦੇ ਫੁਟ ਨੋਟ ਦੀ ਬਾਕੀ)

ਬਾਰ ਬਾਰ ਸ੍ਰੀ ਨਾਨਕ ਧਿਆਨ,
ਰਿਦੇ ਧਾਰ ਜੋਰਤ ਜੁਗਮਾਨਾ ।
ਸਗਲ ਗੁਰਨ ਕੋ ਬੰਦਨ ਧਾਰੀ,
ਮਮ ਸੁਤ ਕੇ ਸਦ ਹੀ ਰਖਵਾਰੀ ।
ਦੁਰਗ ਕੈਦ ਤੇ ਤੋਹ ਨਿਕਸਾਏ,
ਗੁਰ ਦ੍ਰੋਹੀ ਗਹਿ ਜਸ ਕੋ ਪਾਏ ।"

"ਜਦੋਂ ਅੰਮ੍ਰਿਤਸਰ ਵਿਚ ਖਬਰ ਆਈ, ਗੰਗਾ ਸੁਣ ਕੇ ਅੰਗਾਂ ਵਿਚ ਸਮਾ ਨਾ ਸਕੀ। ਬਾਰ ਬਾਰ ਗੁਰੂ ਨਾਨਕ ਦਾ ਧਿਆਨ ਹਿਦੇ ਵਿਚ ਧਾਰ ਕੇ ਦੋਵੇਂ ਹੱਥ ਜੋੜ ਸਾਰੇ ਗੁਰੂਆਂ ਨੂੰ ਬੰਦਨਾ ਕਰਦੀ ਸੀ। ਤੁਸੀਂ ਮੇਰੇ ਪੁੱਤ੍ਰ ਦੇ ਸਦਾ ਰਖਵਾਰੇ ਹੋ । ਕਿਲ੍ਹੇ ਦੀ ਕੈਦ ਵਿਚੋਂ ਉਹਨੂੰ ਕੱਢਿਆ ਜੇ। ਅਤੇ ਉਸ ਨੇ ਗੁਰੂ ਧ੍ਰੋਹੀਆਂ ਨੂੰ ਪਕੜ ਕੇ ਜੱਸ ਪ੍ਰਾਪਤ ਕੀਤਾ ਹੈ।

ਸ੍ਰੀ ਮਾਤ ਜੀ ਦੇ ਮੁਖ ਤੇ ਇਸ ਗੱਲ ਦੀ ਲਿਖਤ ਕਿ ਗੁਰੂ ਨਾਨਕ ਦੀ ਕ੍ਰਿਪਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਕਿਲ੍ਹੇ ਦੀ ਕੈਦ ਤੋਂ ਨਿਕਲ ਕੇ ਆਏ। ਇਸ ਦੇ ਨਾਲ ਮੋਹਸਨਫਾਨੀ ਦੀ ਲਿਖਤ ਤੇ ਹੋਰ ਵਾਕਿਆਤ ਨੂੰ ਵਿਚਾਰਿਆਂ ਸਾਫ਼ ਪਤਾ ਲਗਦਾ ਹੈ ਕਿ ਸਤਿਗੁਰਾਂ ਨੂੰ ਅਸਲ ਵਿਚ ਬਾਦਸ਼ਾਹ ਨੇ ਕੂਟਨੀਤੀ ਨਾਲ ਗਵਾਲੀਅਰ ਦੇ ਕਿਲ੍ਹੇ ਵਿਚ ਸ਼ਾਹੀ ਕੈਦੀ ਹੀ ਬਣਾ ਕੇ ਘੱਲਿਆ ਸੀ।

ਦਬਿਸਤਾਨੇ ਮਜ਼ਾਹਿਬ ਦਾ ਕਰਤਾ ਇਉਂ ਲਿਖਦਾ ਹੈ: "ਦਰਾਂ ਹੰਗਾਮ ਮਸੰਦਾਂ ਵ ਸਿੱਖਾਂ ਮੇ ਰਫਤੰਦ ਵ ਦੀਵਾਰੇ ਕਿਲ੍ਹਾ ਰਾ ਸਜਦਾ ਮੀ ਕਰਦੰਦ ਆਖ਼ਰ ਹਜ਼ਰਤ ਜੰਨਤ ਮਕਾਨੀ ਅਜ਼ ਰਾਹੇ ਸ਼ਫਕਤ ਗੁਰੂ ਰਾ ਰਿਹਾਏ ਦਾਦਾ"। ਇਸ ਸਮੇਂ ਵਿਚ ਮਸੰਦ ਅਤੇ ਸਿੱਖ ਉਥੇ ਜਾਂਦੇ ਸਨ ਅਤੇ ਕਿਲ੍ਹੇ ਦੀ ਦੀਵਾਰ ਅਗੇ ਮੱਥਾ ਟੇਕਦੇ ਸਨ। ਆਖ਼ਰ ਸੁਰਗਵਾਸੀ ਬਾਦਸ਼ਾਹ ਨੇ ਮੇਹਰਬਾਨੀ ਕਰ ਕੇ ਗੁਰੂ ਜੀ ਨੂੰ ਰਿਹਾ ਕਰ ਦਿੱਤਾ।

ਦਿਤਾ ਤੇ ਉਹ ਭੀ ਭਾਣੇ ਤੇ ਸ਼ਾਕਰ ਹੋ, ਰਜ਼ਾ ਵਿਚ ਰਾਜ਼ੀ ਰਹਿਣ ਦੀ ਉੱਚੀ ਆਤਮ ਅਵਸਥਾ ਨੂੰ ਅਨੁਭਵ ਕਰਨ ਲਗੇ। ਫ਼ਰਿਆਦ ਦੀ ਥਾਂ ਸ਼ੁਕਰਾਨੇ, ਗਿਲੇ ਦੀ ਥਾਂ ਹਰਿਜਸ ਨੇ ਤੇ ਗ਼ਮ ਅਫ਼ਸੋਸ ਤੇ ਨਾ-ਉਮੀਦੀ ਦੀ ਜਗ੍ਹਾ ਖੁਸ਼ੀਆਂ ਖੇੜੇ ਤੇ ਉਤਸ਼ਾਹ ਨੇ ਆਣ ਰੰਗ ਜਮਾਏ। ਇਕ ਗੱਲ ਹੋਰ ਭੀ ਇਨ੍ਹਾਂ ਮੰਦ-ਭਾਗੇ ਕੈਦੀਆਂ ਲਈ ਸੁਖਦਾਈ ਹੋ ਗਈ। ਉਹ ਇਹ, ਕਿ ਭਾਵੇਂ ਹਕੂਮਤ ਦਾ ਤਾਂ ਰਵੱਈਆ ਸਤਿਗੁਰਾਂ ਦੇ ਵਿਰੁਧ ਹੀ ਸੀ, ਪਰ ਜੇਲ੍ਹ ਦਾ ਇਨਚਾਰਜ ਹਰੀ ਦਾਸ ਨਾਮੀ ਜੋ ਆਗਰਾ ਨਿਵਾਸੀ ਇਕ ਸਿਖ ਖਾਨਦਾਨ ਵਿਚੋਂ ਸੀ, ਸਤਿਗੁਰਾਂ ਤੇ ਅਨਨ ਸ਼ਰਧਾ ਰਖਦਾ ਸੀ। ਤੇ ਉਹ ਸੁਖ ਦੇ ਸਾਧਨ ਤੇ ਖਾਣ ਪਾਣ ਹਿਤ ਰਸਤ ਮਨ ਆਈ ਸਤਿਗੁਰਾਂ ਦੇ ਲੰਗਰ ਵਿਚ ਭੇਜ ਦੇਂਦਾ ਸੀ। ਸਤਿਗੁਰਾਂ ਨੇ ਤਾਂ ਉਸ ਸ਼ਾਹੀ ਅਹਿਲਕਾਰ ਦੇ ਰਾਹੀਂ ਆ ਰਹੀ ਰਸਤ ਵਿਚੋਂ ਅਨਜਲ ਗ੍ਰਹਿਣ ਨਾ ਕੀਤਾ ਤੇ ਆਪ ਦੇ ਪ੍ਰਸ਼ਾਦ ਹਿਤ ਆਪ ਦੇ ਸਾਥੀ ਸਿਖ, ਜਿਨ੍ਹਾਂ ਨੂੰ ਕਿ ਬਾਹਰ ਜਾਣ ਆਉਣ ਦੀ ਆਗਿਆ ਸੀ, ਸ਼ਹਿਰ ਵਿਚ ਦਸਾਂ ਨਵ੍ਹਾਂ ਦੀ ਧਰਮ ਕਿਰਤ ਕਰ ਮਜ਼ਦੂਰੀ ਦੇ ਪੈਸਿਆਂ ਦਾ ਅੰਨ ਪਾਣੀ ਲਿਆਉਂਦੇ ਸਨ। ਤੇ ਹਰੀ ਦਾਸ ਦੀਆਂ ਘਲੀਆਂ ਹੋਈਆਂ ਰਸਤਾਂ ਤੋਂ ਬਣੇ ਹੋਏ ਖਾਣੇ ਦਾਣੇ ਕੈਦੀਆਂ ਵਿਚ ਤਕਸੀਮ ਕਰ ਦਿਤੇ ਜਾਂਦੇ ਸਨ। ਜਿਸ ਕਰਕੇ ਉਹ ਗਰੀਬ ਨਾ ਕੇਵਲ ਸਤਿਗੁਰਾਂ ਦੇ ਮੁਖਾਰ-ਬਿੰਦ ਤੋਂ ਮਨ ਦੀ ਖੁਰਾਕ ਹੀ ਪ੍ਰਾਪਤ ਕਰਦੇ ਸਨ, ਸਗੋਂ ਹਜ਼ੂਰ ਦੇ ਭੰਡਾਰੇ ਤੋਂ ਤਨ ਦੀ ਰੋਜ਼ੀ ਲੈ ਤ੍ਰਿਪਤ ਹੋ ਜਾਂਦੇ ਸਨ। ਉਹਨਾਂ ਲਈ ਜੇਲ੍ਹਖਾਨਾ ਹੁਣ ਸਵਰਗ ਹੋ ਰਿਹਾ ਸੀ।

ਗਵਾਲੀਅਰ ਦੇ ਕਿਲੇ ਵਿਚ ਤਾਂ ਮੋਹਰਾਂ ਦੇ ਹੜ ਆਏ ਹੋਏ ਸਨ। ਭਾਗਹੀਨ ਦੁਖੀਏ, ਜਿਨ੍ਹਾਂ ਨੂੰ ਰਾਜ ਸਮਾਜ ਦੀ ਤੋਟ, ਕੈਦ ਦੀਆਂ ਸਖਤੀਆਂ ਤੇ ਮਾਨਸਕ ਕਮਜ਼ੋਰੀਆਂ ਮਿਲ ਕੇ ਨਰਕ ਦਾ ਜੀਵਨ ਭੋਗਾ ਰਹੀਆਂ ਸਨ, ਹੁਣ ਪਤਝੱੜ ਦੇ ਮਾਰੇ ਬ੍ਰਿਖਸ਼ਾਂ ਤੇ ਮੰਘਲਾ ਬਰਸਨ ਪਰ ਆਈ ਹੋਈ ਬਹਾਰ ਵਾਂਗ ਮੌਲ ਉਠੇ। ਕਿਲ੍ਹੇ ਤੋਂ ਬਾਹਰ ਸੰਗਤਾਂ ਵਿਚ ਹਾਹਾਕਾਰ ਮਚ ਰਹੀ ਸੀ। ਗਿਣਤੀ ਦੇ ਕੁਝ ਗੁਰ ਸਿੱਖਾਂ ਤੋਂ ਬਿਨਾਂ, ਜਿਹੜੇ ਕਿ ਸਤਿਗੁਰਾਂ ਦੇ ਹਰ ਇਕ ਚੋਜ ਵਿਚ ਕੋਈ ਨਾ ਕੋਈ ਸੰਸਾਰ ਦਾ ਭਲਾ ਹੀ ਤਕਦੇ ਸਨ, ਬਾਕੀ ਦੀਆਂ ਸੰਗਤਾਂ ਤੇ ਓਦਰੇਵਾਂ ਛਾ ਗਿਆ। ਦਰਸ਼ਨ ਪਿਆਸੇ ਨੈਣ ਭਰ ਭਰਕੇ ਉਛਲਣ ਲਗੇ ਤੇ ਓੜਕ ਇਹ ਰਵੱਈਆ ਚਲ ਪਿਆ ਕਿ ਦੇਸ਼ ਦੇ ਚੌਹਾਂ ਪਾਸਿਆਂ ਤੋਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਰੋਜ਼ਾਨਾ ਗਵਾਲੀਅਰ ਪੁਜਣ, ਕਿਲ੍ਹੇ ਦੀਆਂ ਪ੍ਰਕਰਮਾਂ ਕਰਨ ਤੇ ਮੱਥਾ ਟੇਕ ਪ੍ਰਸ਼ਾਦਿ ਤਕਸੀਮ ਕਰ ਮੁੜ ਜਾਣ। ਪ੍ਰੇਮੀਆਂ ਦੀ ਇਸ ਅਲੌਕਿਕ ਆਵਾ-ਜਾਈ, ਪ੍ਰੇਮ ਭਗਤੀ ਤੇ ਸ਼ਰਧਾ ਦੀ ਧਾਂਕ ਦੇਸ਼ ਭਰ ਵਿਚ ਬੈਠ ਗਈ ਤੇ ਰਾਜ ਦਰਬਾਰ ਵਿਚ ਵੀ ਚਰਚਾ ਚਲ ਪਈ। ਬਾਦਸ਼ਾਹ ਜਹਾਂਗੀਰ ਇਸ ਹਲਚਲ ਨੂੰ ਦੇਖ ਚਿੰਤਾਤਰ ਰਹਿਣ ਲਗਾ। ਕਿਉਂਕਿ ਗੁਰ-ਸਿੱਖਾਂ ਦਾ ਇਹ ਰਵੱਈਆ ਕਿਸੇ ਭਾਰੀ ਬਗ਼ਾ-ਵਤ ਦਾ ਪੇਸ਼-ਖੈਮਾ ਨਜ਼ਰ ਆ ਰਿਹਾ ਸੀ ਤੇ ਨੀਤੀਵਾਨ ਸਿਆਣੇ ਇਹ ਭੀ ਜਾਣਦੇ ਸਨ ਕਿ ਕਿਸੇ ਇਕ ਨਾਵਾਬ, ਗਵਰਨਰ ਯਾ ਰਾਜੇ ਮਹਾਰਾਜੇ ਨੂੰ ਸ਼ਿਕਸਤ ਦੇ ਕੇ ਦਬਾ ਲੈਣਾ ਬਾਦਸ਼ਾਹ ਲਈ ਇਕ ਸਾਧਾਰਨ ਗਲ ਹੈ। ਪਰ ਮਜ਼ਹਬੀ ਫਿਦਾਈਆਂ

ਦੀ ਤਹਿਰੀਕ ਨੂੰ ਦਬਾਣਾ ਬੜਾ ਮੁਸ਼ਕਲ ਹੈ, ਕਿਉਂਕਿ ਜੇ ਉਹ ਸਚਾਈ ਦੇ ਅਧਾਰ ਤੇ ਖੜੀ ਹੋਵੇ ਤਾਂ ਉਸ ਦੇ ਵਿਚ ਸ਼ਾਮਲ ਹੋਣ ਵਾਲਾ ਹਰ ਸਾਦਿਕ ਸਿਰ ਹਥੇਲੀ ਤੇ ਧਰ ਕੇ ਮਦਾਨ ਵਿਚ ਆਉਂਦਾ ਹੈ। ਬਾਦਸ਼ਾਹ ਭੀ ਇਹ ਜਾਣਦਾ ਸੀ ਕਿ ਜੇ ਦੀਨ ਦੇ ਨਾਮ ਉਤੇ ਜਹਾਦ ਖੜਾ ਹੋ ਜਾਏ ਤਾਂ ਉਸ ਨੂੰ ਦਬਾਣਾ ਕੀ ਮਾਅਨੇ ਰੱਖਦਾ ਹੈ। ਦੂਸਰੀ ਗਲ ਇਹ ਭੀ ਸੀ ਕਿ ਅਕਬਰ ਬਾਦਸ਼ਾਹ ਦੇ ਗੁਜ਼ਰਨ ਨਾਲ ਜਹਾਂਗੀਰ ਦੇ ਅਹਿਦ ਵਿਚ ਇਕ ਦਮ ਹੀ ਉਹ ਚੰਗਾ ਸਲੂਕ, ਜੋ ਅਕਬਰ ਹਿੰਦੂਆਂ ਨਾਲ ਕਰਦਾ ਸੀ, ਬਹੁਤ ਹਦ ਤਕ ਬੰਦ ਹੋ ਗਿਆ ਸੀ, ਜਿਸ ਕਰਕੇ ਦੇਸ ਵਿਚ ਬੇਚੈਨੀ ਫੈਲ ਰਹੀ ਸੀ। ਪਰ ਹਕੂਮਤ ਦੇ ਖ਼ਿਲਾਫ਼ ਅਗਵਾਈ ਕਰਨ ਦੀ ਕੋਈ ਜੁਰਅਤ ਨਹੀਂ ਸੀ ਕਰਦਾ ਤੇ ਜੇ ਸਿਖ ਬਗ਼ਾਵਤ ਦੀ ਅਗਵਾਈ ਕਰਦੇ ਤਾਂ ਲੋਕਾਂ ਦਾ ਉਨ੍ਹਾਂ ਦੀ "ਹਾਂ" ਮਿਲਾਣਾ ਕੋਈ ਬੜੀ ਗਲ ਨਹੀਂ ਸੀ, ਜਿਹਾ ਕਿ ਅਗੇ ਜਾ ਕੇ ਹੋਇਆ ਭੀ। ਚੁਨਾਂਚਿ ਬਾਦਸ਼ਾਹ ਸਿਖ੍ਹੋ ਦੇ ਹਾਲਾਤ ਦੀਆਂ ਰਪੋਰਟਾਂ ਸੁਣ ਸੁਣ ਦਿਨ ਰਾਤ ਇਸ ਔਕੜ ਨੂੰ ਹਲ ਕਰਨ ਦੀਆਂ ਤਜਵੀਜ਼ਾਂ ਸੋਚਦਾ ਰਹਿੰਦਾ ਸੀ। ਚੁਨਾਂਚਿ ਉਸ ਨੇ ਆਪਣੇ ਅਹਿਲਕਾਰਾਂ ਤੋਂ ਬਿਨਾਂ ਜਨਤਾ ਵਿਚ ਰਸੂਖ ਰਖਣ ਵਾਲੇ ਹੋਰ ਪਤਵੰਤਿਆਂ ਨਾਲ ਭੀ ਮਸ਼ਵਰੇ ਕੀਤੇ, ਜਿਨ੍ਹਾਂ ਵਿਚੋਂ ਫ਼ਕੀਰ ਜਲਾਲ-ਉਦ-ਦੀਨ ਅਤੇ ਸਾਈਂ ਮੀਆਂਮੀਰ ਸਾਹਿਬ ਖ਼ਾਸ ਵਿਅੱਕਤੀਆਂ ਸਨ। ਇਨ੍ਹਾਂ ਤੋਂ ਬਿਨਾਂ ਵਜ਼ੀਰ ਖਾਂ ਲਾਹੌਰੀਏ ਦੀ ਸਲਾਹ ਭੀ ਲਈ ਗਈ। ਮਲੂਮ ਹੁੰਦਾ ਹੈ ਕਿ ਇਨ੍ਹਾਂ ਸਾਰਿਆਂ ਨੇ ਜੋ ਮੁਗ਼ਲ ਹਕੂਮਤ ਦੇ ਸੱਚੇ ਖ਼ੈਰਖਾਹ

ਅਤੇ ਉਸ ਨੂੰ ਸਿਧੇ ਰਸਤੇ ਤੇ ਚਲਾਣ ਦੇ ਖਾਹਸ਼ਮੰਦ, ਨੇਕ ਬਜ਼ੁਰਗ ਸਨ, ਬਾਦਸ਼ਾਹ ਨੂੰ ਇਹ ਮਸ਼ਵਰਾ ਦਿਤਾ ਕਿ ਉਹ ਸਤਿਗੁਰਾਂ ਨੂੰ ਬਾਇਜ਼ਤ ਗਵਾਲੀਅਰ ਦੇ ਕਿਲੇ ਵਿਚੋਂ ਬੁਲਾ ਘਰ ਤੋਰ ਦੇਵੇ ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਕਤਲ ਦਾ ਜ਼ਿਮੇਵਾਰ ਚੰਦੂ ਨੂੰ ਠਹਿਰਾ ਕੇ ਸਿੱਖਾਂ ਦੇ ਹਵਾਲੇ ਕਰ ਦੇਵੇ ਤੇ ਇਸ ਨੀਤੀ ਨਾਲ ਹਿੰਦੁਸਤਾਨ ਦੇ ਹਰ ਕੋਨੇ ਵਿਚ ਫੈਲ ਰਹੀ ਸਿਖ ਵਿਰੋਧਤਾ ਦੀ ਜਵਾਲਾ ਤੇ ਸੁਲਹ ਦਾ ਜਲ ਤਰੌਂਕੇ। ਚੁਨਾਂਚਿ ਅਜਿਹਾ ਹੀ ਹੋਇਆ ਅਤੇ ਬਾਦਸ਼ਾਹ ਨੇ ਹੁਕਮ ਦੇ ਦਿਤਾ ਕਿ ਗੁਰੂ ਜੀ ਨੂੰ ਕਿਲੇ ਵਿਚੋਂ ਆਦਰ ਸਹਿਤ ਲੈ ਆਂਦਾ ਜਾਵੇ।

ਵਜ਼ੀਰ ਖਾਂ ਲਾਹੌਰੀ ਜਦ ਬਾਦਸ਼ਾਹ ਦੇ ਹੁਕਮ ਅਨੁਸਾਰ ਗਵਾਲੀਅਰ ਪੁਜਾ ਤੇ ਉਸ ਨੇ ਕਿਲੇਦਾਰ ਰਾਹੀਂ ਸਤਿਗੁਰਾਂ ਕੋਲ ਇਹ ਖਬਰ ਪੁਚਾਈ ਕਿ ਬਾਦਸ਼ਾਹ ਨੇ ਉਨ੍ਹਾਂ ਦੀ ਰਹਾਈ ਦਾ ਹੁਕਮ ਦੇ ਦਿਤਾ ਹੈ, ਤਾਂ ਗਰੀਬ-ਨਿਵਾਜ਼ ਨੇ ਕਿਲਿਓਂ ਬਾਹਰ ਆਉਣ ਤੋਂ ਇਨਕਾਰ ਕਰ ਦਿਤਾ ਅਤੇ ਫਰਮਾਇਆ, "ਅਸੀਂ ਉਨ੍ਹਾਂ ਚਿਰ ਤਕ ਬਾਹਰ ਨਹੀਂ ਜਾਵਾਂਗੇ, ਜਦ ਤਕ ਕਿ ਸਾਡੇ ਇਨ੍ਹਾਂ ਸਾਥੀਆਂ ਨੂੰ, ਜੋ ਇਥੇ ਨਰਕ ਦਾ ਜੀਵਨ ਬਸਰ ਕਰ ਰਹੇ ਹਨ, ਨਾਲ ਹੀ ਰਿਹਾ ਨਹੀਂ ਕਰ ਦਿਤਾ ਜਾਂਦਾ।" ਜਦ ਇਹ ਖਬਰ ਬਾਦਸ਼ਾਹ ਤਕ ਪਹੁੰਚੀ ਤਾਂ ਦਰਬਾਰ ਵਿਚ ਸਤਿਗੁਰਾਂ ਦੇ ਇਸ ਉਪਕਾਰ ਨੂੰ ਸਲਾਹਿਆ ਗਿਆ ਤੇ ਦਰਬਾਰੀਆਂ ਵਿਚੋਂ ਕਈ ਇਕ ਨੇ, ਜੋ ਇਨ੍ਹਾਂ ਮਜ਼ਲੂਮਾਂ ਵਿਚੋਂ ਕਿਸੇ ਨਾ ਕਿਸੇ ਦੇ ਸੰਬੰਧੀ ਜਾਂ ਹਮਦਰਦ ਸਨ, ਸਤਿਗੁਰਾਂ ਦੀ ਇਸ ਮੰਗ ਦੀ

ਤਾਈਦ ਕੀਤੀ। ਬਾਦਸ਼ਾਹ ਦਿਲੋਂ ਇਹ ਭੀ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਸ ਦੇ ਹਛੇ ਤਅੱਲਕਾਤ ਸਤਿਗੁਰਾਂ ਨਾਲ ਕਾਇਮ ਹੋਣ। ਸੋ ਉਸ ਨੇ ਇਹ ਮੰਗ ਭੀ ਮੰਨ ਲਈ ਤੇ ਆਖਰ ਇਹ ਰਾਜਸੀ ਕੈਦੀ ਭੀ, ਜਿਹੜੇ ਕਿਸੇ ਨਾ ਕਿਸੇ ਇਲਾਕੇ ਦੇ ਹੁਕਮਰਾਨ ਸਨ, ਸਤਿਗੁਰਾਂ ਦੇ ਨਾਲ ਹੀ ਇਸ ਕੈਦ ਤੋਂ ਰਿਹਾ ਕਰ ਦਿਤੇ।*

## ਦਿੱਲੀ ਵਾਪਸ

ਓੜਕ ਸਤਿਗੁਰੂ ਸੱਚੇ ਪਾਤਸ਼ਾਹ ਵਜ਼ੀਰ ਖਾਂ ਦੇ ਨਾਲ ਬਵੰਜਾ ਰਾਜਸੀ ਕੈਦੀ ਰਾਜਿਆਂ ਸਮੇਤ ਗਵਾਲੀਅਰ ਦੇ ਕਿਲੇ ਤੋਂ ਬਾਹਰ ਨਿਕਲੇ ਅਤੇ ਹਰੀ ਦਾਸ ਕਿਲੇਦਾਰ ਨੂੰ, ਜੋ

---

*ਲਿਖਿਆ ਹੈ ਕਿ ਬਾਦਸ਼ਾਹ ਨੇ ਹੁਕਮ ਦਿਤਾ ਕਿ ਜੋ ਕੈਦੀ ਗੁਰੂ ਦਾ ਪੱਲਾ ਪਕੜੇ, ਓਹੋ ਹੀ ਗੁਰੂ ਦੇ ਨਾਲ ਰਿਹਾ ਕਰ ਦਿਤਾ ਜਾਵੇ। ਤਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਬਾਦਸ਼ਾਹ ਦੀ ਇਹ ਗੱਲ ਸੁਣ ਇਕ ਭਾਰੀ ਚੋਗਾ, ਜਿਸ ਦੀਆਂ ਪੰਜਾਹ ਕਲੀਆਂ ਸਨ, ਪਹਿਣ ਲਿਆ। ਚੁਨਾਂਚਿ ਪੰਜਾਹ ਕੈਦੀਆਂ ਨੇ ਇਕ ਇਕ ਕਲੀ ਪਕੜੀ ਤੇ ਬਾਕੀ ਦੇ ਦੋਂਹ ਨੇ ਦੋ ਬੰਦ ਦੀਆਂ ਤਣੀਆਂ ਫੜ ਲਈਆਂ ਤੇ ਬਵੰਜਾ ਦੇ ਬਵੰਜਾ ਬਾਹਰ ਆ ਗਏ। ਉਸ ਦਿਨ ਤੋਂ ਸਤਿਗੁਰਾਂ ਦਾ ਨਾਮ "ਬੰਦੀ ਛੋੜ" ਸਤਿਗੁਰੂ ਦੇਸ਼ ਵਿਚ ਪ੍ਰਸਿੱਧ ਹੋ ਗਿਆ। ਚੁਨਾਂਚਿ ਅੱਜ ਤਕ ਗਵਾਲੀਅਰ ਦੇ ਕਿਲ੍ਹੇ ਵਿਚ ਉਸ ਜਗ੍ਹਾ ਨੂੰ ਜਿਥੇ ਸਤਿਗੁਰੂ ਬੈਠ ਕੇ ਸਾਥੀਆਂ ਨੂੰ ਨਾਮ ਦਾਨ ਦੇਂਦੇ ਸਨ, ਬੰਦੀਛੋੜ ਦੀ ਥਾਂ ਕਰ ਕੇ ਪੂਜਿਆ ਜਾਂਦਾ ਹੈ। ਸਿੱਖ, ਹਿੰਦੂ ਤੇ ਮੁਸਲਮਾਨ ਸਭ ਸ਼ਰਧਾ ਸਹਿਤ ਇਸ ਥਾਂ ਤੇ ਸੀਸ ਨਿਵਾਂਦੇ ਹਨ। ਇਹ ਜਗ੍ਹਾ ਗਵਾਲੀਅਰ ਕਿਲ੍ਹੇ ਵਿਚ ਤਾਲਾਬ ਦੇ ਪਾਸ ਵਾਕਿਆ ਹੈ। ਇਸ ਥਾਂ ਦਾ ਪੁਜਾਰੀ ਮੁਸਲਮਾਨ ਹੈ।

ਸਤਿਗੁਰਾਂ ਦੇ ਵਿਛੜਨ ਕਰਕੇ ਬਿਹਬਲ ਹੋ ਰਿਹਾ ਸੀ, ਨਾਮ ਦਾਨ ਦੇ, ਈਸ਼ਵਰ ਭਗਤੀ ਵਿਚ ਲਗਾ ਦਿੱਲੀ ਆ ਪੁੱਜੇ। ਸਤਿਗੁਰਾਂ ਦੇ ਆਉਣ ਦੀ ਖਬਰ ਸੁਣ ਸੰਗਤਾਂ ਵਿਚ ਭਾਰੀ ਉਤਸ਼ਾਹ ਪੈਦਾ ਹੋਇਆ। ਚੌਹਾਂ ਪਾਸਿਆਂ ਤੋਂ ਜੈ ਜੈ ਕਾਰ ਦੀ ਧੁਨੀ ਉਠੀ ਤੇ ਦਰਸ਼ਨ ਅਭਿਲਾਖੀਆਂ ਦੀਆਂ ਭਾਰੀ ਗਿਣਤੀਆਂ ਮਜਨੂੰ ਟਿੱਲੇ, ਜਿਥੇ ਸਤਿਗੁਰੂ ਆਣ ਟਿਕੇ ਸਨ, ਸਭ ਆ ਜੁੜੀਆਂ। ਹੁਣ ਬਾਦਸ਼ਾਹ ਨੇ ਭੀ ਪੈਂਤੜਾ ਬਦਲਿਆ ਹੋਇਆ ਸੀ ਤੇ ਉਹ ਹਰ ਸੂਰਤ ਸਤਿਗੁਰਾਂ ਨੂੰ ਖੁਸ਼ ਕਰਕੇ, ਆਪਣੇ ਪਾਪ ਨੂੰ ਛੁਪਾ, ਬਰੀ ਹੋਣ ਦੇ ਯਤਨ ਕਰ ਰਿਹਾ ਸੀ। ਚੁਨਾਂਚਿ ਜਦ ਸਤਿਗੁਰਾਂ ਨਾਲ ਗਲ ਕਥ ਹੁੰਦਿਆਂ ਹੋਇਆਂ ਸ਼ਹੀਦ ਸਤਿਗੁਰਾਂ ਦੀ ਵਾਰਤਾ ਚਲੀ ਤਾਂ ਬਾਦਸ਼ਾਹ ਨੇ ਸਾਰੀ ਜ਼ਿਮੇਵਾਰੀ ਚੰਦੂ ਦੇ ਸਿਰ ਲਗਾ ਦਿਤੀ ਅਤੇ ਕਿਹਾ, "ਮੈਂ ਆਪ ਨੂੰ ਇਸ ਕਰਕੇ ਬੁਲਾਇਆ ਸੀ, ਕਿਉਂ ਜੋ ਮੈਨੂੰ ਪਤਾ ਲਗਾ ਸੀ ਕਿ ਤੁਸਾਂ ਗੱਦੀ ਤੇ ਬਹਿਣ ਸਮੇਂ ਇਹ ਐਲਾਨ ਕੀਤਾ ਸੀ ਕਿ ਤੁਸੀਂ ਆਪਣੇ ਪਿਤਾ ਦਾ ਬਦਲਾ ਮੇਰੇ ਕੋਲੋਂ ਲਉਗੇ। ਇਸ ਲਈ ਹੀ ਮੈਂ ਵਜ਼ੀਰ ਖਾਂ ਨੂੰ ਤੁਹਾਡੇ ਕੋਲ ਭੇਜਿਆ। ਤੁਸੀਂ ਮੇਹਰਬਾਨੀ ਕਰਕੇ ਏਥੇ ਆ ਗਏ। ਮੈਂ ਤੁਹਾਡੇ ਪਿਤਾ ਦੇ ਅਸਲ ਕਾਤਲ ਨੂੰ ਤੁਹਾਡੇ ਹਵਾਲੇ ਕਰਦਾ ਹਾਂ।" ਚੁਨਾਂਚਿ ਗੁ: ਪ੍ਰ: ਸੂ: ਰਾ: ੫ ਅੰਕ: ੨ ਵਿਚ ਲਿਖਿਆ ਹੈ ਕਿ ਬਾਦਸ਼ਾਹ ਨੇ ਸਤਿਗੁਰਾਂ ਨੂੰ ਇਹ ਕਿਹਾ :

"ਬੈਠੇ ਤਖਤ ਵਾਕ ਉਚਰੇ ਹੈਂ।
ਗੁਰੂ ਪਿਤਾ ਕੋ ਬਦਲਾ ਲੈ ਹੈਂ।
ਇਹ ਸੁਨਕੇ ਭਰਮ ਉਪਜਿਓ ਮੇਰੇ।

ਪਠਿਓ ਵਜ਼ੀਰ ਖਾਨ ਤੁਮ ਡੇਰੇ।
ਕਿਰਪਾ ਧਾਰ ਦਰਸ਼ਨ ਕੋ ਦੀਨਾ।
ਨਹੀਂ ਬਿਕਾਰ ਆਪ ਸੇ ਚੀਨਾ।
ਮੁਝ ਤੇ ਬਦਲਾ ਕਿਮ ਤੁਮ ਚਾਹੋ।
ਮਨ ਭੀ ਨਹੀ ਪਾਪ ਕੇ ਮਾਹੋ।
ਜਿਨ੍ਹੇ ਕੀਨ ਤਿਨ ਤੇ ਅਬ ਲੀਜੈ।
ਮੈਂ ਨਿਸ਼ਪਾਪ ਕਿਰਪਾ ਨਿਜ ਕੀਜੈ।"

ਇਹਨਾਂ ਤੁਕਾਂ ਤੋਂ ਸ਼ਪੱਸ਼ਟ ਹੁੰਦਾ ਹੈ ਕਿ ਬਾਦਸ਼ਾਹ ਸਤਿਗੁਰਾਂ ਨੂੰ ਆਪਣੀ ਨਿਰਦੋਸ਼ਤਾ ਦਾ ਸਬੂਤ ਦੇਣ ਲਈ ਮਿੱਠਾ ਬਣ ਰਿਹਾ ਸੀ ਤੇ ਸਾਰੀ ਜ਼ਿਮੇਵਾਰੀ ਚੰਦੂ ਦੇ ਸਿਰ ਸੁਟ ਰਿਹਾ ਸੀ । ਪਰ ਸੁਜਾਨ ਸਤਿਗੁਰੂ ਬਾਦਸ਼ਾਹ ਦੀਆਂ ਇਨ੍ਹਾਂ ਚਾਲਾਂ ਨੂੰ ਬੁਝਦੇ ਸਨ । ਉਨ੍ਹਾਂ ਨੇ ਕਦੀ ਭੀ ਉਸ ਦੇ ਸ਼ਬਦਾਂ ਤੇ ਨਿਸਚਾ ਨਹੀਂ ਸੀ ਕੀਤਾ । ਹਾਂ ਸਮੇਂ ਦੀ ਉਡੀਕ ਕਰਦੇ ਸਨ । ਚੁਨਾਂਚਿ ਬਾਦਸ਼ਾਹ ਦੇ ਇਹ ਸ਼ਬਦ ਸੁਣ ਸਤਿਗੁਰਾਂ ਨੇ ਇਹ ਜੁਆਬ ਦਿਤਾ :

"ਸ੍ਰੀ ਗੁਰੂ ਹਰਗੋਬਿੰਦ ਗਿਰਹਾਂ ਉਚਾਰੀ।
ਛੋਰੋ ਕਰਾ ਜ਼ਿਕਰ ਅਸ ਭਾਰੀ।
ਇਹ ਲੇਖਾ ਦਰਗਾਹ ਖੁਦਾਏ।
ਤਬ ਲੇ ਹੈ ਜਬ ਕਰੇ ਨਿਆਇ।"

ਸਤਿਗੁਰਾਂ ਦੇ ਇਨ੍ਹਾਂ ਸ਼ਬਦਾਂ ਤੋਂ ਸਾਫ਼ ਪ੍ਰਤੀਤ ਹੋ ਰਿਹਾ ਹੈ ਕਿ ਉਨ੍ਹਾਂ ਨੂੰ ਬਾਦਸ਼ਾਹ ਦੀਆਂ ਗੱਲਾਂ ਤੇ ਕੋਈ ਯਕੀਨ ਨਹੀਂ ਆਇਆ, ਹਾਲਾਂਕਿ ਬਾਦਸ਼ਾਹ ਆਪਣੇ ਵਲੋਂ ਚੰਦੂ ਤੇ ਉਸ ਦੇ ਖਾਨਦਾਨ ਨੂੰ ਸਤਿਗੁਰਾਂ ਦੇ ਸਪੁਰਦ

ਕਰਕੇ ਇਹ ਤਸੱਲੀ ਪਾਣਾ ਚਾਹੁੰਦਾ ਸੀ ਕਿ ਉਨ੍ਹਾਂ ਦੀ ਦਾਦਰਸੀ ਹੋ ਗਈ ਹੈ। ਪਰ ਮਹਾਰਾਜ ਨੇ ਸਾਫ ਕਹਿ ਦਿਤਾ, "ਇਸ ਭਾਰੀ ਜ਼ਿਕਰ ਨੂੰ ਕਿਉਂ ਛੋੜਦੇ ਹੋ। ਇਸ ਦਾ ਲੇਖਾ ਦਰਗਾਹ ਵਿਚ ਖੁਦਾ* ਨਿਆਂ ਦੇ ਦਿਨ ਲਵੇਗਾ। ਆਖਰ ਬਾਦਸ਼ਾਹ ਨੇ ਚੰਦੂ ਤੇ ਉਸ ਦੇ ਪ੍ਰਵਾਰ ਨੂੰ ਸਤਿਗੁਰਾਂ ਦੇ ਹਵਾਲੇ ਕਰ ਦਿਤਾ। ਸੱਚੇ ਪਾਤਸ਼ਾਹ ਜੀ ਨੇ ਉਸ ਦੀ ਇਸਤ੍ਰੀ ਅਤੇ ਬੱਚਿਆਂ ਨੂੰ ਤਾਂ ਬਿਨਾਂ ਕੁਝ ਕਹੇ ਰਿਹਾ ਕਰ ਦਿਤਾ ਅਤੇ ਚੰਦੂ ਨੂੰ ਭਾਈ ਬਿਧੀ ਚੰਦ ਤੇ ਭਾਈ ਜੇਠੇ ਦੇ ਹਵਾਲੇ

---

*ਸਤਿਗੁਰਾਂ ਦਾ ਇਹ ਫਰਮਾਨ ਕਿ, "ਪ੍ਰਮੇਸ਼੍ਵਰ ਜਦ ਨਿਆਇ ਕਰੇਗਾ। ਉਸ ਵੇਲੇ ਸ਼ਹੀਦ ਸਤਿਗੁਰੂ ਜੀ ਤੇ ਕੀਤੇ ਗਏ ਜ਼ੁਲਮਾਂ ਦਾ ਲੇਖਾ ਲਿਆ ਜਾਏਗਾ।" ਇਸ ਗੱਲ ਦੀ ਸਾਫ਼ ਸ਼ਹਾਦਤ ਹੈ ਕਿ ਸਤਿਗੁਰੂ ਬਾਦਸ਼ਾਹ ਨੂੰ ਹੀ ਉਸ ਭਾਰੀ ਪਾਪ ਦਾ ਜ਼ਿਮੇਂਵਾਰ ਸਮਝਦੇ ਸਨ, ਕਿਉਂਕਿ ਨਿਆਂ ਵਾਲੇ ਦਿਨ ਤੇ ਹੀ ਸਭ ਪ੍ਰਾਣੀਆਂ ਦਾ ਇਨਸਾਫ਼ ਹੋਣਾ ਇਸਲ਼ਾਮੀ ਅਕੀਦਾ ਹੈ। ਕੁਰਾਨ ਦੀ ਰੂਹ ਨਾਲ ਸਭ ਮਨੁੱਖਾਂ ਦੇ ਚੰਗੇ ਮਾੜੇ ਦੀ ਸਜ਼ਾ ਰੋਜ਼ੇ ਕਿਆਮਤ ਨੂੰ ਦਿੱਤੀ ਜਾਵੇਗੀ। ਜੇ ਸਤਿਗੁਰਾਂ ਦੀ ਤਸੱਲੀ ਹੋ ਜਾਂਦੀ ਕਿ ਕੇਵਲ ਚੰਦੂ ਹੀ ਇਸ ਪਾਪ ਦਾ ਜ਼ਿਮੇਂਵਾਰ ਸੀ, ਤਾਂ ਚੰਦੂ ਤਾਂ ਸਤਿਗੁਰਾਂ ਦੇ ਹਵਾਲੇ ਕੀਤਾ ਹੀ ਜਾ ਰਿਹਾ ਸੀ। ਉਸ ਨੇ ਆਪਣਾ ਕਰਮ ਫਲ ਤੇ ਭੋਗਣਾ ਹੀ ਸੀ, ਬਲਕਿ ਸਤਿਗੁਰਾਂ ਨੇ ਤਾਂ ਚੰਦੂ ਤੇ ਭਾਰੀ ਮਾਰ ਲੋਗਾਂ ਵਲੋਂ ਪੈਂਦੀ ਵੇਖ ਉਸ ਤੇ ਦਯਾ ਕੀਤੀ, ਉਹਦੀਆਂ ਬੰਨ੍ਹੀਆਂ ਮੁਸ਼ਕਾਂ ਖੁਲ੍ਹਵਾ ਦਿੱਤੀਆਂ। ਭਾਵੇਂ ਲੋਕਾਂ ਦੇ ਵਧੇ ਹੋਏ ਗੁੱਸੇ ਨੇ ਚੰਦੂ ਨੂੰ ਖਤਮ ਕਰਕੇ ਹੀ ਦਮ ਲਿਆ, ਪਰ ਸਤਿਗੁਰਾਂ ਨੇ ਉਸ ਤੇ ਦਯਾ ਕੀਤੀ ਅਤੇ ਉਸ ਦੇ ਟੱਬਰ ਨੂੰ ਭੀ ਬਿਨਾਂ ਕੁਝ ਕਹੇ ਰਿਹਾ ਕਰ ਦਿੱਤਾ। ਇਹ ਸਾਰੀ ਗੱਲ ਦੱਸਦੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਪਾਪ ਦਾ ਵੱਡਾ ਭਾਗੀ ਬਾਦਸ਼ਾਹ ਨੂੰ ਸਮਝਦੇ ਸਨ।

ਕੀਤਾ, ਤਾਂਕਿ ਉਸ ਨੂੰ ਲਾਹੌਰ ਲੈ ਚਲਣ। ਪਰ ਜਿਸ ਵਕਤ ਸਿਖ ਚੰਦੂ ਨੂੰ ਲੈ ਕੇ ਕਿਲੇ ਦੇ ਬਜ਼ਾਰਾਂ ਵਿਚੋਂ ਨਿਕਲੇ ਤੇ ਦਿੱਲੀ ਦੇ ਬਾਜ਼ਾਰਾਂ ਵਿਚੋਂ ਲੰਘੇ, ਤਾਂ ਲੋਕਾਂ ਦਾ ਗੁੱਸਾ ਠੱਲ੍ਹਿਆ ਨਾ ਜਾ ਸਕਿਆ। ਪੁਰ-ਜੋਸ਼ ਹਜੂਮ ਨੇ ਉਸ ਨੂੰ ਬੇਤਹਾਸ਼ਾ ਮਾਰਨਾ ਸ਼ੁਰੂ ਕਰ ਦਿਤਾ। ਭਾਵੇਂ ਸਤਿਗੁਰਾਂ ਨੇ ਇਹ ਸੁਣ ਕੇ ਉਸ ਤੇ ਦਯਾ ਕੀਤੀ; ਉਸ ਦੀਆਂ ਮੁਸ਼ਕਾਂ ਖੁਲ੍ਹਵਾ ਦਿਤੀਆਂ ਅਤੇ ਉਸ ਨੂੰ ਪਹਿਰੇਦਾਰਾਂ ਦੀ ਹਿਫ਼ਾਜ਼ਤ ਵਿਚ ਕਰ ਦਿਤਾ।

## ਫਿਰ ਅੰਮ੍ਰਿਤਸਰ

ਸਤਿਗੁਰਾਂ ਦੇ ਕਿਲੇ ਵਿਚੋਂ ਆਦਰ ਸਹਿਤ ਬਾਹਰ ਆ ਜਾਣ ਦੀਆਂ ਖਬਰਾਂ ਸ੍ਰੀ ਅੰਮ੍ਰਿਤਸਰ ਪੁਜ ਗਈਆਂ ਸਨ। ਜਿੱਥੇ ਪੰਜਾਬ ਦੀਆਂ ਸੰਗਤਾਂ ਆਮ ਤੌਰ ਤੇ ਅੰਮ੍ਰਿਤਸਰ ਨਿਵਾਸੀ ਖਾਸ ਤੌਰ ਤੇ ਗੁਰੂ ਦਰਸ਼ਨਾਂ ਹਿਤ ਬਿਹਬਲ ਹੋ ਰਹੇ ਸਨ, ਉਥੇ ਸਤਿਗੁਰੂ ਸੱਚੇ ਪਾਤਸ਼ਾਹ ਭੀ ਅੰਮ੍ਰਿਤਸਰ ਪੁਜਣ ਤੇ ਸੰਗਤਾਂ ਨੂੰ ਮਿਲਣ ਲਈ ਉਤਾਵਲੇ ਸਨ। ਚੁਨਾਂਚਿ ਮਹਾਰਾਜ ਨੇ ਜਾਂ ਪਿਛਾਂਹ ਮੁੜਨ ਦਾ ਵਿਚਾਰ ਪ੍ਰਗਟ ਕੀਤਾ ਤਾਂ ਬਾਦਸ਼ਾਹ ਨੇ ਕਿਹਾ, "ਮੈਂ ਭੀ ਕਸ਼ਮੀਰ ਜਾ ਰਿਹਾ ਹਾਂ, ਇਕੱਠੇ ਹੀ ਚਲਾਂਗੇ। ਰਸਤੇ ਵਿਚ ਆਪ ਦੀ ਸੰਗਤ ਦਾ ਸੁਭਾਗ ਪ੍ਰਾਪਤ ਰਹੇਗਾ।" ਸ਼ਾਹੀ ਲਸ਼ਕਰ ਤੇ ਸਤਿਗੁਰਾਂ ਦਾ ਵਹੀਰ ਇਕੱਠੇ ਹੀ ਦਿਲੀਓਂ ਰਵਾਨਾ ਹੋ ਪਏ। ਜਗ੍ਹਾ ਜਗ੍ਹਾ ਤੇ ਸੰਗਤਾਂ ਗੁਰੂ ਹਿਤ ਆਉਂਦੀਆਂ ਰਹੀਆਂ ਅਤੇ ਨਾਮ ਬਾਣੀ ਦੇ ਪ੍ਰਵਾਹ ਚਲਦੇ ਰਹੇ। ਸਤਿਗੁਰਾਂ ਦੇ ਇਸ ਭਾਰੀ ਪ੍ਰਤਾਪ ਨੂੰ ਤੱਕ, ਜਿਥੇ ਸ਼ਾਹੀ ਲਸ਼ਕਰ ਅਤੇ ਬਾਦਸ਼ਾਹ

ਤੇ ਸਤਿਗੁਰਾਂ ਦੇ ਦੈਵੀ ਤੇਜ ਦਾ ਪ੍ਰਭਾਵ ਪੈ ਰਿਹਾ ਸੀ, ਉਥੇ ਬੇਗਮਾਤ ਭੀ ਇਸ ਸਤਿਸੰਗ ਪ੍ਰਵਾਹ ਨੂੰ ਤੱਕ, ਗੁਰ ਚਰਨਾਂ ਤੇ ਸ਼ਰਧਾ ਲਿਆ ਰਹੀਆਂ ਸਨ। ਓੜਕ ਉਹਨਾਂ ਇਕ ਦਿਨ, ਜਦ ਕਿ ਡੇਰੇ ਦਰਿਆ ਬਿਆਸ ਦੇ ਕਿਨਾਰੇ ਤੇ ਸਨ, ਬਾਦਸ਼ਾਹ ਕੋਲੋਂ ਆਗਿਆ ਲੈ ਗੁਰੂ ਦਰਸ਼ਨਾਂ ਹਿਤ ਆਉਣ ਦਾ ਸੁਭਾਗ ਪ੍ਰਾਪਤ ਕਰ ਹੀ ਲਿਆ। ਮਹਾਰਾਣੀ ਨੂਰਜਹਾਨ, ਹੋਰ ਰਾਣੀਆਂ, ਉਹਨਾਂ ਦੇ ਮੁਸਾਹਿਬਾਂ ਅਤੇ ਦਾਸੀਆਂ ਦਾ ਸੰਗ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ ਅਤੇ ਨਿਮਸ਼ਕਾਰ ਕਰ ਬੈਠ ਗਿਆ। ਸਤਿਗੁਰਾਂ ਨੇ ਆਪਣੀ ਅੰਮ੍ਰਿਤ ਬਾਣੀ ਦੁਆਰਾ ਉਹਨਾਂ ਨੂੰ ਨਿਹਾਲ ਕੀਤਾ। ਮਹਾਰਾਜ ਨੇ ਖਾਸ ਤੌਰ ਤੇ ਮਹਾਰਾਣੀ ਨੂੰ ਫਰਮਾਇਆ, "ਜਿਸ ਪ੍ਰਭੂ ਨੇ ਤੈਨੂੰ ਸੁੰਦਰਤਾ ਦਿਤੀ ਹੈ ਅਤੇ ਹੋਰ ਗੁਣ ਬਖਸ਼ੇ ਹਨ, ਉਸ ਨੂੰ ਸਦਾ ਚੇਤੇ ਰੱਖ। ਯਾਦ ਇਲਾਹੀ ਵਿਚ ਲਗੇ ਰਹਿਣਾ ਅਤੇ ਖਾਵੰਦ ਦੀ ਵਫਾਦਾਰ ਇਸਤ੍ਰੀ ਹੋਣਾ ਹੀ ਜੰਨਤ ਦਾ ਅਧਕਾਰੀ ਬਣਾਉਂਦਾ ਹੈ। ਪ੍ਰਮੇਸ਼ਵਰ ਦਾ ਭੈ ਦਿਲ ਵਿਚ ਰਖੋ ਤੇ ਗੁਨਾਹਾਂ ਤੋਂ ਬੱਚੋ।" ਬੇਗਮਾਂ ਤੇ ਉਹਨਾਂ ਦੀਆਂ ਸਾਥਣਾਂ ਇਹ ਜੀਵਨ ਦਾਤਾ ਉਪਦੇਸ਼ ਸੁਣ, ਪ੍ਰੇਮ ਅਨੰਦ ਹੋ, ਵਾਪਸ ਆਈਆਂ ਅਤੇ ਨੂਰ ਜਹਾਨ ਨੇ ਸਾਰੀ ਗੱਲ ਬਾਤ ਬਾਦਸ਼ਾਹ ਕੋਲ ਕੀਤੀ।

ਹੁਣ ਸਤਿਗੁਰੂ ਬਿਆਸੋਂ ਪਾਰ ਹੋ ਗਏ ਤੇ ਬਾਦਸ਼ਾਹ ਨੇ ਭੀ ਉਹਨਾਂ ਦੇ ਨਾਲ ਹੀ ਸ੍ਰੀ ਗੋਇੰਦਵਾਲ ਸਾਹਿਬ ਦੇ ਦਰਸ਼ਨ ਕੀਤੇ; ਸ੍ਰੀ ਗੋਇੰਦਵਾਲ ਸਾਹਿਬ ਅਸ਼ਨਾਨ ਕੀਤੇ ਅਤੇ ਖਡੂਰ ਸਾਹਿਬ ਤੇ ਸ੍ਰੀ ਤਰਨ ਤਾਰਨ ਤੋਂ ਹੋ ਸ੍ਰੀ

ਅੰਮ੍ਰਿਤਸਰ ਸਾਹਿਬ ਆਣ ਪੁਜੇ। ਬਾਦਸ਼ਾਹੀ ਕੈਂਪ *ਗੁਮਟਾਲੇ ਦੇ ਕੋਲ ਮੈਦਾਨ ਵਿਚ ਲਗ ਗਿਆ।

ਕੁਝ ਦਿਨ ਬਾਦਸ਼ਾਹ ਭੀ ਅੰਮ੍ਰਿਤਸਰ ਰਿਹਾ। ਅਜ ਕਲ ਸਤਿਗੁਰਾਂ ਦੇ ਵਾਪਸ ਆਉਣ ਉਤੇ ਇਥੋਂ ਦੀ ਰੌਣਕ ਬਹੁਤ ਵਧੀ ਹੋਈ ਸੀ। ਚੌਤਰਫਿਉਂ ਸੰਗਤਾਂ ਆ ਰਹੀਆਂ ਸਨ; ਭਾਂਤ ਭਾਂਤ ਦੇ ਜ਼ਰੀ ਜ਼ੇਵਰ ਤੇ ਬਸਤਰ ਸ਼ਸਤਰ ਭੇਟ ਚੜ੍ਹ ਰਹੇ ਸਨ; ਦੀਪ ਮਾਲਾ ਹੋ ਰਹੀਆਂ ਸਨ। ਬਾਦਸ਼ਾਹ ਨੇ ਸ੍ਰੀ ਮਾਤ ਗੰਗਾ ਜੀ ਦੇ ਦਰਸ਼ਨ ਮੇਲੇ ਵੀ ਕੀਤੇ।

ਇਸ ਨਿਵਾਸ ਦੇ ਦੌਰਾਨ ਵਿਚ ਹੀ, ਜਦ ਨੂਰਜਹਾਨ ਨੇ ਬਾਦਸ਼ਾਹ ਦੇ ਪਾਸ ਸਤਿਗੁਰਾਂ ਦੇ ਸੁੰਦਰ ਸ਼ਕੀਲ ਤਨ ਅਤੇ ਪਵਿਤ੍ਰ ਮਨ ਦੀ ਵਡਿਆਈ ਕੀਤੀ, ਤਾਂ ਬਾਦਸ਼ਾਹ ਨੇ ਇਕ ਦਿਨ ਸਤਿਗੁਰਾਂ ਨੂੰ ਪੁਛਿਆ, "ਤੁਸੀਂ ਇਕ ਖ਼ੂਬਸੂਰਤ ਜਵਾਨ ਆਦਮੀ ਹੋ । ਬੇਅੰਤ ਸੁੰਦਰੀਆਂ ਰੋਜ਼ ਤੁਹਾਡੇ ਕੋਲ ਆਉਂਦੀਆਂ ਹਨ, ਫਿਰ ਤੁਸੀਂ ਆਪਣੇ ਮਨ ਉਤੇ ਕਿਸ ਤਰ੍ਹਾਂ ਕਾਬੂ ਪਾਉਂਦੇ ਹੋ ?" ਸਤਿਗੁਰਾਂ ਨੇ ਉਤ੍ਰ ਵਿਚ ਫਰਮਾਇਆ, "ਤੇਰੇ ਵਰਗਾ ਹੀ ਸਵਾਲ ਕਿਸੇ ਸਮੇਂ ਇਕ ਬਾਦਸ਼ਾਹ ਨੇ ਕਿਸੇ ਫ਼ਕੀਰ ਕੋਲ ਕੀਤਾ ਸੀ ਤੇ ਨਾਲ ਇਹ ਭੀ ਕਿਹਾ ਸੀ ਕਿ ਅਸੀਂ ਜਦ ਰੂਪ ਨੂੰ ਤਕ ਉਸ ਦੇ ਅਸਰ ਤੋਂ ਨਹੀਂ ਬਚ ਸਕਦੇ, ਤਾਂ ਫ਼ਕੀਰ ਕਿਸ ਤਰ੍ਹਾਂ ਬਚ ਸਕਦੇ ਹਨ ? ਸਾਧੂ ਬੋਲਿਆ, 'ਮੈਂ ਤੁਹਾਨੂੰ ਇਸ ਗੱਲ ਦਾ ਜੁਆਬ ਤਾਂ ਦੇ

*ਇਹ ਪਿੰਡ ਅੰਮ੍ਰਿਤਸਰ ਦੇ ਕੋਲ ਵਾਕਿਆ ਹੈ ਤੇ ਜਿਸ ਮੈਦਾਨ ਵਿਚ ਸ਼ਾਹੀ ਕੈਂਪ ਲੱਗਾ ਸੀ, ਉਥੇ ਅੱਜ ਕਲ ਕਚਹਿਰੀਆਂ ਹਨ।

ਦੇਂਦਾ, ਪਰ ਕੀ ਕਰਾਂ, ਤੁਹ ਤੇ ਦਿਨ ਹੀ ਅਠ ਬਾਕੀ ਰਹਿ ਗਏ ਹਨ ਤੇ ਇਹ ਗਲ ਲੰਬੇਰੀ ਹੈ।' ਫ਼ਕੀਰ ਦੀ ਗਲ ਸੁਣਦਿਆਂ ਹੀ ਬਾਦਸ਼ਾਹ ਨੂੰ ਭੈ ਪੈਦਾ ਹੋ ਗਿਆ ਤੇ ਉਸ ਨੇ ਸਭ ਭੋਗ ਰਸ ਤਿਆਗ, ਪ੍ਰਭੂ ਨਾਮ ਰਸ ਸਿਮਰਨ ਸ਼ੁਰੂ ਕਰ ਦਿਤਾ। ਫ਼ਕੀਰ ਅਠਵੇਂ ਦਿਨ ਬਾਦਸ਼ਾਹ ਦੇ ਡੇਰੇ ਆਇਆ ਅਤੇ ਬਾਦਸ਼ਾਹ ਨੂੰ ਕਹਿਣ ਲਗਾ, 'ਤੇਰੇ ਸਿਰ ਆਈ ਮੌਤ ਭਜਨ ਨੇ ਟਾਲ ਦਿਤੀ ਹੈ। ਪਰ ਤੂੰ ਇਹ ਦਸ ਇਹਨਾਂ ਦਿਨਾਂ ਵਿਚ ਤੂੰ ਭੋਗਾਂ ਤੋਂ ਕਿਸ ਤਰ੍ਹਾਂ ਬਚਿਆ ਰਿਹਾ ਹੈਂ ?' ਬਾਦਸ਼ਾਹ ਨੇ ਕਿਹਾ, 'ਜਦ ਮੇਰੇ ਦਿਨ ਹੀ ਅੱਠ ਬਾਕੀ ਰਹਿ ਗਏ ਸਨ ਤੇ ਮੌਤ ਮੇਰੇ ਸਿਰ ਤੇ ਕੂਕ ਰਹੀ ਸੀ, ਤਾਂ ਮੈਂ ਬਦੀਆਂ ਕਿਸ ਤਰ੍ਹਾਂ ਕਰਦਾ'।" ਸਤਿਗੁਰਾਂ ਫੁਰਮਾਇਆ, "ਇਹੋ ਹੀ ਹਾਲਤ ਸਾਡੀ ਹੈ। ਉਸ ਬਾਦਸ਼ਾਹ ਨੂੰ ਤਾਂ ਅੱਠਾਂ ਦਿਨਾਂ ਦੀ ਮਿਆਦ ਦਾ ਨਿਸਚਾ ਸੀ। ਅਸੀਂ ਜਿਸ ਦੇ ਸਿਖ ਹਾਂ, ਉਸ ਨੇ ਕਿਹਾ ਹੈ :—

"ਹਮ ਆਦਮੀ ਹੈ ਇਕ ਦਮੀ।
ਮੋਹਲਤ ਮੋਹਤ ਨਾ ਜਾਨਾਂ।"

ਜਦ ਅਸੀਂ ਇਕ ਦਮ ਦਾ ਹੀ ਵਸਾਹ ਕਰਨ ਵਾਲੇ ਹਾਂ ਅਤੇ ਅਗਲੇ ਦਮ ਦਾ ਕੋਈ ਨਿਸਚਾ ਨਹੀਂ ਰਖਦੇ, ਤਾਂ ਫਿਰ ਬਦੀਆਂ ਕਿਸ ਤਰ੍ਹਾਂ ਚਿੱਤ ਆ ਸਕਣ।" ਬਾਦਸ਼ਾਹ ਨੂੰ ਇਹ ਅੰਮ੍ਰਿਤ ਬਚਨ ਸੁਣ ਕੇ ਬੜੀ ਪ੍ਰਸੰਨਤਾ ਹੋਈ ਅਤੇ ਉਹ ਕੁਝ ਦਿਨ ਅੰਮ੍ਰਿਤਸਰ ਵਿਚ ਠਹਿਰ, ਲਾਹੌਰ ਨੂੰ ਚਲਾ ਗਿਆ।

# ਲਾਹੌਰ ਗਮਨ

ਅਜੇ ਬਾਦਸ਼ਾਹ ਨੂੰ ਲਾਹੌਰ ਪੁਜਿਆਂ ਕੁਝ ਦਿਨ ਹੀ ਹੋਏ ਸਨ ਕਿ ਉਸ ਨੇ ਫੇਰ ਵਜ਼ੀਰ ਖਾਂ ਤੇ ਗੁੰਚਾ ਬੇਗ ਖਾਂ ਨੂੰ ਹੁਕਮ ਦਿਤਾ ਕਿ ਉਹ ਸਤਿਗੁਰਾਂ ਨੂੰ ਲਾਹੌਰ ਪ੍ਰੇਰ ਕੇ ਲੈ ਆਉਣ । ਪ੍ਰਤੀਤ ਇਹ ਹੁੰਦਾ ਹੈ ਕਿ ਬਾਦਸ਼ਾਹ ਭਾਵੇਂ ਜ਼ਾਹਿਰਾ ਬੜੀ ਪੋਚਾ-ਪਾਚੀ ਕਰ ਰਿਹਾ ਸੀ, ਪਰ ਦਿਲੋਂ ਉਸ ਨੇ ਵਾਦ ਨਹੀਂ ਸੀ ਗਵਾਇਆ । ਜਿਸ ਕਰਕੇ ਉਹ ਸਤਿਗੁਰਾਂ ਨੂੰ ਆਪਣੀ ਨਿਗਾਹ ਤੋਂ ਪਰੇ ਨਹੀਂ ਸੀ ਹੋਣ ਦੇਣਾ ਚਾਹੁੰਦਾ। ਇਸ ਗਲ ਦਾ ਸਬੂਤ ਇਤਹਾਸ ਦੇ ਇਸ ਪ੍ਰਮਾਣ ਤੋਂ ਮਿਲਦਾ ਹੈ ਕਿ ਜਦੋਂ ਵਜ਼ੀਰ ਖਾਂ ਤੇ ਗੁੰਚਾ ਬੇਗ ਖਾਂ ਸਤਿਗੁਰਾਂ ਨੂੰ ਲੈਣ ਗਏ, ਇਕ ਤਾਂ ਬਾਦਸ਼ਾਹ ਨੇ ਉਹਨਾਂ ਨੂੰ ਇਹ ਲਫ਼ਜ਼ ਕਹੇ ਸਨ:–

"ਜਿਉ ਕਿਉ ਕਰ ਲਵ ਪੁਰ ਲੈ ਆਵੋ ।
ਰਹੋ ਨਿਕਟ ਗੁਰ ਅਬੈ ਸਧਾਵੋ ।
ਸੈਨਾਂ ਸੰਗ ਆਪਨੇ ਰਾਖੋ ।
ਬਿਨਾ ਬਿਲਮ ਆਵਨਿ ਅਭਿਲਾਖੋ ।"

"ਜਿਸ ਤਰ੍ਹਾਂ ਹੋ ਸਕੇ ਸਤਿਗੁਰਾਂ ਨੂੰ ਲਾਹੌਰ ਲੈ ਆਉ । ਤੜੱਕ ਜਾਓ ਗੁਰੂ ਦੇ ਕੋਲ ਰਹੋ ।" ਅਤੇ ਜਦੋਂ ਉਹ ਸਤਿਗੁਰਾਂ ਪਾਸ ਗਏ, ਤਾਂ ਉਨ੍ਹਾਂ ਦੇ ਦਿਲ ਵਿਚ ਸ਼ੱਕ ਸੀ ਕਿ ਸ਼ਾਇਦ ਹਜ਼ੂਰ ਲਾਹੌਰ ਆਉਣ ਤੋਂ ਇਨਕਾਰ ਕਰ ਦੇਣ । ਲਿਖਿਆ ਹੈ ਕਿ ਸਤਿਗੁਰੂ ਨੇ ਉਹਨਾਂ ਦੀ ਬੇਨਤੀ ਸੁਣ ਕੇ ਉਹਨਾਂ ਨੂੰ ਧੀਰਜ ਦਿਤਾ ਤੇ ਲਾਹੌਰ ਨੂੰ ਬਿਨਾਂ ਦੇਰ

ਤੋਂ ਚਲ ਪਏ :

"ਸੁਨ ਹਜ਼ੂਰ ਨੇ ਧੀਰਜ ਦੀਨਾ।
ਲਵਪੁਰ ਚਲੇ ਬਲੰਬ ਬਹੀਨਾ।"

(ਸ੍ਰੀ: ਗੁ: ਪ੍ਰ: ਸੂ: ਰ: ਪ੍ਰ: ਅੰ. ੧੦)

ਸਤਿਗੁਰੂ ਇਹਨਾਂ ਅਹਿਲਕਾਰਾਂ ਦੇ ਨਾਲ ਹੀ ਵਹੀਰ ਸਮੇਤ ਲਾਹੌਰ ਆ ਪੁਜੇ ਤੇ ਮੁਜ਼ੰਗੀਂ ਆਣ ਡੇਰਾ ਲਾਇਆ। ਲਾਹੌਰ ਹੋਰ ਗਿਰਦੋ-ਨਿਵਾਹ ਦੀਆਂ ਸੰਗਤਾਂ ਦਰਸ਼ਨਾਂ ਹਿਤ ਆ ਜੁੜੀਆਂ। ਇਸ ਸਮੇਂ ਭਾਵੇਂ ਬੇਅੰਤ ਸੰਗਤਾਂ ਨੇ ਦਰਸ਼ਨ ਕੀਤੇ, ਨਾਮਦਾਨ ਪਾਇ ਤੇ ਜਨਮ ਸਫ਼ਲਾ ਕੀਤਾ, ਪਰ ਬਾਬਾ ਜਵੰਦਾ ਹੁਰਮਚੀ ਮਹੱਲੇ ਵਾਲਾ, ਭਾਈ ਬਾਂਕਾ ਸ਼ਾਹਆਲਮੀ ਦਰਵਾਜ਼ੇ ਦਾ, ਸਾਹਿਬ ਸੁਆਮੀ ਜੱਗਾ ਗੁਮਟੀ ਮਹੱਲੇ ਦਾ, ਦੀਵਾਨ ਦਿਲਾ ਰਾਮ, ਭਾਈ ਭੂਪਾ ਤੇ ਨਥੂ ਮਲ ਮੋਰੀ ਦਰਵਾਜ਼ੇ ਦਾ, ਕਾਹਨਾ ਭਗਤ, ਬਾਬਾ ਮਲੇਰਾ ਸੂਤਰ ਮੰਡੀ ਦਾ, ਛੱਜੂ ਭਗਤ, ਸ਼ਾਹ ਅਨਾਇਤ ਕਾਦਰੀ, ਸ਼ਾਹ ਮੁਹੰਮਦ ਗੌਸ, ਸ਼ੇਖ ਅਬਦੁੱਲਾ, ਸ਼ਾਹ ਹੁਸੈਨ, ਸਾਈਂ ਦਾਮ ਵੈਰਾਗੀ, ਭੈਰੋ ਨਾਥ ਜੋਗੀ ਅਤੇ ਮਾਈ ਰਾਜੋ ਤੇ ਧਰਮੋ ਆਦਿਕ ਖਾਸ ਤੌਰ ਤੇ ਵਰੋਸਾਏ ਗਏ।

ਇਹਨਾਂ ਦਿਨਾਂ ਵਿਚ ਹੀ ਸਤਿਗੁਰਾਂ ਨੇ ਸੰਗਤਾਂ ਨੂੰ ਪ੍ਰੇਰ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਅਤੇ ਬਾਉਲੀ ਸਾਹਿਬ ਦੀ ਸੇਵਾ ਕਰਾਈ। ਸ਼ਹੀਦ ਸਤਿਗੁਰੂ ਜੀ ਦੇ ਸ਼ਹੀਦੀ ਅਸਥਾਨ ਉਤੇ ਦਿਉਹਰਾ ਕਾਇਮ ਕੀਤਾ ਅਤੇ ਬਬਾਲ ਵਾਲੇ ਚੌਧਰੀ ਭਾਈ ਨਗਾਹ ਨੂੰ ਦਿਉਹਰੇ ਦੀ ਸੇਵਾ ਸੌਂਪੀ ਅਤੇ ਹੁਕਮ ਦਿਤਾ ਕਿ ਇਥੇ ਹਰ ਵੇਰ ਜੇਠ ਸ਼ੁਦੀ

ਚੌਥ ਨੂੰ ਮੇਲਾ ਭਰਿਆ ਕਰੇ।

ਇਸ ਸਮੇਂ ਵਿਚ ਹੀ ਜਦ ਕਿ ਸਤਿਗੁਰ ਲਾਹੌਰ ਵਿਚ ਹੀ ਗੁਰਮਤ ਪ੍ਰਚਾਰ ਕਰ ਰਹੇ ਸਨ, ਚੰਦੂ ਨੂੰ ਭੀ ਭਾਈ ਬਿਧੀ ਚੰਦ ਅਤੇ ਜੇਠਾ, ਜਿਨ੍ਹਾਂ ਦੇ ਪਹਿਰੇ ਵਿਚ ਉਹਨੂੰ ਰਖਿਆ ਸੀ, ਲਾਹੌਰ ਦੇ ਬਜ਼ਾਰਾਂ ਵਿਚ ਦੀ ਲੈ ਲੰਘੇ, ਤਾਂ ਲਾਹੌਰ ਦੀ ਜਨਤਾ ਜਿਸ ਨੇ ਕਿ ਸ਼ਹੀਦ ਸਤਿਗੁਰੂ ਤੇ ਹੋਏ ਅਤਿਆਚਾਰ ਦੇਖੇ ਸਨ, ਜੋਸ਼ ਵਿਚ ਭੜਕ ਉਠੀ ਅਤੇ ਮੁਖਤਲਿਫ਼ ਲੋਕਾਂ ਨੇ ਉਸ ਨੂੰ ਮਾਰਨਾ ਸ਼ੁਰੂ ਕਰ ਦਿਤਾ ਤੇ ਓੜਕ ਗੁਰਦਿਤੇ ਨਾਮੀ ਭੜਭੂੰਜੇ ਨੇ ਉਸ ਦੇ ਸਿਰ ਵਿਚ ਕਰੋਧ ਆਤਰ ਹੋ ਅਜੇਹਾ ਕੜਛਾ ਮਾਰਿਆ ਕਿ ਉਸ ਦੇ ਪ੍ਰਾਣ ਨਿਕਲ ਗਏ। ਜਦ ਸਤਿਗੁਰਾਂ ਨੂੰ ਚੰਦੂ ਦੀ ਇਸ ਮੌਤ ਦੀ ਖਬਰ ਪਹੁੰਚੀ ਤਾਂ ਹਜ਼ੂਰ ਨੇ ਫਰਮਾਇਆ, "ਉਸ ਨੇ ਪਾਪਾਂ ਦਾ ਫਲ ਇਥੇ ਹੀ ਭੋਗ ਲਿਆ ਹੈ। ਈਸ਼ਵਰ ਉਸ ਨੂੰ ਆਪਣੀ ਦਰਗਾਹ ਵਿਚ ਬਖਸ਼ ਲਵੇ!"

ਇਹਨਾਂ ਦਿਨਾਂ ਵਿਚ ਹੀ ਪ੍ਰਿਥਵੀਏ ਦਾ ਪੁਤ੍ਰ ਮੇਹਰ-ਬਾਨ ਸੋਢੀ ਲਾਹੌਰ ਵਿਚ ਆਇਆ ਹੋਇਆ ਸੀ। ਸਤਿਗੁਰਾਂ ਨੇ ਉਸ ਨੂੰ ਸਮਝਾਣ ਅਤੇ ਗੁਰੂ ਘਰ ਨਾਲ ਆ ਮਿਲਣ ਦੀ ਪ੍ਰੇਰਨਾ ਕਰਨ ਹਿਤ ਪਹਿਲਾਂ ਭਾਈ ਪੈੜੇ ਅਤੇ ਪ੍ਰਾਨੇ ਨੂੰ ਘਲਿਆ ਤੇ ਜਦੋਂ, ਉਹ ਸਿੱਖਾਂ ਦੇ ਕਹਿਣ ਉਤੇ ਨਾ ਮੰਨਿਆ, ਤਾਂ ਸਤਿਗੁਰੂ ਖੁਦ ਚਲ ਕੇ ਉਸ ਦੇ ਕੋਲ ਗਏ ਅਤੇ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਉਸ ਨੂੰ ਵੈਰ ਵਿਰੋਧ ਹਟਾ ਮਿਲਾਪ ਹਿਤ ਪ੍ਰੇਰਨਾ ਕੀਤੀ। ਪਰ ਉਸ ਨੇ ਇਕ ਨਾ ਮੰਨੀ ਤੇ ਓੜਕ ਸਤਿਗੁਰੂ ਵਾਪਸ ਚਲੇ ਆਏ। ਇਹਨਾਂ ਦਿਨਾਂ ਵਿਚ ਹੀ ਰਾਏ ਸੱਤਾ ਅਤੇ

ਬਲਵੰਡਾ ਰਬਾਬੀ, ਜੋ ਸਤਿਗੁਰਾਂ ਪਾਸ ਕੀਰਤਨ ਕਰਿਆ ਕਰਦੇ ਸਨ, ਲਾਹੌਰ ਵਿਚ ਹੀ ਪ੍ਰਲੋਕ ਗਮਨ ਕਰ ਗਏ ਤੇ ਉਹਨਾਂ ਦੇ ਬਾਅਦ ਸਤਿਗੁਰਾਂ ਦੀ ਹਜ਼ੂਰੀ ਵਿਚ ਕੀਰਤਨ ਦੀ ਸੇਵਾ ਭਾਈ ਬਾਬਕ ਦੇ ਸਪੁਰਦ ਕੀਤੀ ਗਈ।

## ਕੀਤੀ ਦਾ ਫਲ

ਇਹਨਾਂ ਦਿਨਾਂ ਵਿਚ ਹੀ ਜਦ ਸਤਿਗੁਰੂ ਜਗਤ-ਉਧਾਰ ਹਿਤ ਸੰਗਤਾਂ ਨੂੰ ਨਾਮ ਦ੍ਰਿੜਾ ਰਹੇ ਸਨ, ਇਕ ਵਚਿੱਤ੍ਰ ਸਾਕਾ ਹੋਇਆ। ਸਤਿਗੁਰਾਂ ਦਾ ਇਕ ਕਾਬਲ ਨਿਵਾਸੀ ਸਿਖ, ਜਿਸ ਦਾ ਕਿ ਨਾਮ*ਸਾਧਾ ਸੀ, ਸਤਿਗੁਰਾਂ ਦੇ ਦਰਸ਼ਨਾਂ ਹਿਤ ਆਉਣ

---

*ਕਈ ਇਕ ਇਤਿਹਾਸਕਾਰਾਂ ਨੇ ਇਸ ਸਿੰਘ ਦਾ ਨਾਮ ਸੁਜਾਨ ਲਿਖਿਆ ਹੈ। ਪਰ ਉਹਨਾਂ ਨੂੰ ਇਹ ਟਪਲਾ ਸ੍ਰੀ ਗੁ: ਪ੍ਰ: ਸ: ਰਾਂ ਪ ਅੰਕ: ੧੪ ਵਿਚ ਆਈ ਇਸ ਤੁਕ ਤੋਂ ਪਤਾ ਲਗਾ ਹੈ: "ਕਾਬਲ ਮੇਂ ਇਕ ਸਿਖ ਸੁਜਾਨਾ ਧਨ ਰਨੇ ਦੇ ਬਿਵਹਾਰ ਮਹਾਨਾਂ।" ਇਥੇ ਸੁਜਾਨਾ, ਸਿਖ ਦਾ ਵਿਸ਼ੇਸ਼ਣ ਹੈ, ਨਾਮ ਨਹੀਂ। ਪਰ ਦਬਿਸਤਾਨੇ-ਮਜ਼ਾਹਿਬ ਦੇ ਲਿਖਾਰੀ ਨੇ, ਜਿਸ ਨੇ ਕਿ ਇਸ ਸਿਖ ਨਾਲ ਸਫਰ ਕੀਤਾ ਹੈ, ਲਿਖਿਆ ਹੈ, "ਨੌਬਤ ਨਾਮਾ-ਨਿਗਾਰ ਅਜ਼ ਕਾਬਲ ਤਾ ਪੰਜਾਬ ਬਊ ਰਫੀਕ ਬੂਦ।" ਇਕ ਵਾਰੀ ਇਹ ਲਿਖਾਰੀ ਕਾਬਲ ਤੋਂ ਪੰਜਾਬ ਤੱਕ ਉਸ ਦਾ ਸਾਥੀ ਸੀ। ਉਸ ਨੇ ਉਸ ਦਾ ਨਾਮ ਸਾਧਾ ਲਿਖਿਆ ਹੈ।

ਚੁਨਾਂਚਿ ਮੋਹਸਨ ਫਾਨੀ ਲਿਖਦਾ ਹੈ, "ਬਰੂ ਆਂ ਮੁਬਾਰਕ ਨਿਆਮਤ ਦਰ ਹਮਾਂ ਸਾਲ ਪਿਸਰਸ਼ ਕਿ ਬਾਇਸੇ ਆਂ ਬੂਦ ਮੁਰਦ। ਵਾ ਖੁਦ ਸੁਬਨੋ ਬੇਇਜ਼ਤ ਗਰਦੀਦ।" ਉਸ ਨੂੰ ਉਹ ਮੁਬਾਰਕ ਨਾਂ ਬੈਠਾ। ਉਸੇ ਸਾਲ ਉਸ ਦਾ ਪੁਤਰ ਜੋ ਇਸ ਦਾ ਕਾਰਨ ਸੀ ਮਰ ਗਿਆ ਅਤੇ ਉਹ ਆਪ ਬਦਨਾਮ ਬੇ-ਇਜ਼ਤ ਹੋਇਆ।"

ਲੱਗਾ ਤੇ ਉਸ ਨੇ ਸਤਿਗੁਰਾਂ ਦੀ ਭੇਟ ਕਰਨ ਹਿਤ ਇਕ ਸੁੰਦਰ ਘੋੜਾ ਦੂਰ ਦੂਰ ਤਕ ਖੋਜ ਕਰ ਕੇ ਇਰਾਕ ਵਿਚੋਂ ਖ਼ਰੀਦ ਕੇ ਲਿਆਂਦਾ। ਇਹ ਘੋੜਾ ਬੜਾ ਕੀਮਤੀ ਅਤੇ ਆਹਲਾ ਨਸਲ ਦਾ ਸੀ। ਭਾਈ ਸਾਧਾ ਜੀ ਨੇ ਇਸ ਖ਼ਿਆਲ ਨਾਲ ਕਿ ਉਸ ਅਨਆਈ ਮੁਗ਼ਲ ਰਾਜ ਵਿਚ ਘੋੜਾ ਕਿਸੇ ਦੀ ਨਿਗਾਹੇ ਨਾ ਚੜ੍ਹ ਜਾਏ, ਉਸ ਨੂੰ ਹੋਰ ਘੋੜਿਆਂ ਵਿਚ ਰਲਾ ਤੇ ਮੈਲਾ ਜਿਹਾ ਤਾਰੂ ਪਾ, ਪੰਜਾਬ ਵਲ ਲਿਆਉਣ ਦਾ ਪ੍ਰਬੰਧ ਕੀਤਾ। ਭਾਈ ਸਾਧਾ ਅਫ਼ਗਾਨਿਸਤਾਨ ਤੇ ਸਰਹੱਦ ਤਾਂ ਲੰਘ ਆਇਆ, ਪਰ ਅਟਕੋਂ ਪਾਰ ਲੰਘਦਿਆਂ ਹੀ ਖ਼ਲੀਲ ਬੇਗ ਮੁਗ਼ਲ ਦੀ ਨਿਗਾਹ ਉਸ ਘੋੜੇ ਤੇ ਜਾ ਪਈ, ਤਾਂ ਉਸ ਜ਼ਾਲਮ ਨੇ ਪਹਿਲਾਂ ਤੇ ਸਿਖ ਨੂੰ ਬਹੁਤ ਪ੍ਰੇਰਿਆ ਕਿ ਮੂੰਹ ਮੰਗੀ ਕੀਮਤ ਤੇ ਉਹ ਘੋੜਾ ਉਸ ਅਮੀਰ ਨੂੰ ਦੇ ਦੇਵੇ, ਤਾਂਕਿ ਉਹ ਸ਼ਹਿਨਸ਼ਾਹ ਦੇ ਪੇਸ਼ ਕਰ ਸਕੇ। ਪਰ ਜਦ ਭਾਈ ਸਾਧਾ ਨੇ ਇਹ ਕਹਿ ਕੇ ਘੋੜਾ ਵੇਚਣ ਤੋਂ ਇਨਕਾਰ ਕਰ ਦਿਤਾ, "ਮੈਂ ਇਸ ਨੂੰ ਸੱਚੇ ਪਾਤਸ਼ਾਹ ਦੇ ਪੇਸ਼ ਕਰਨ ਲਈ ਲਿਜਾ ਰਿਹਾ ਹਾਂ," ਤਾਂ ਜ਼ਾਲਮ ਖ਼ਲੀਲ ਬੇਗ ਨੇ ਘੋੜਾ ਭਾਈ ਸਾਹਿਬ ਤੋਂ ਜਬਰਨ ਖੋਹ ਲਿਆ। ਗੁਰਸਿਖ ਤਾਂ ਇਸ ਜਬਰ ਤੇ ਸਬਰ ਕਰ ਗਿਆ, ਪਰ ਪ੍ਰਮੇਸ਼ਵਰ ਨੂੰ ਇਹ ਧੱਕਾ ਪਸੰਦ ਨਾ ਆਇਆ। ਚੁਨਾਂਚਿ ਉਸ ਘੋੜੇ ਦਾ ਖ਼ਲੀਲ ਖ਼ਾਂ ਦੇ ਘਰ ਜਾਣਾ ਅਜੇਹਾ ਨਾ-ਮੁਬਾਰਕ ਬੈਠਾ ਕਿ ਇਕ ਤਾਂ ਉਸੇ ਸਾਲ ਹੀ ਉਸ ਦਾ ਪੁਤਰ, ਜਿਸ ਨੇ ਕਿ ਬਾਪ ਨੂੰ ਪ੍ਰੇਰ ਕੇ ਇਹ ਜ਼ੁਲਮ ਕਰਾਇਆ ਸੀ, ਜਹੱਨਮ ਰਸੀਦ ਹੋਇਆ ਅਤੇ ਦੂਸਰੇ ਖ਼ਲੀਲ ਬੇਗ ਭੀ ਕਿਸੇ ਸ਼ਾਹੀ ਗੁੱਸੇ ਦੇ ਕਾਰਨ ਬੇ-ਇੱਜ਼ਤ ਅਤੇ ਖ਼ੁਆਰ ਹੋਇਆ।

# ਕੌਲਸਰ

ਜੇਠ ੧੬੭੬ ਬਿ: ਨੂੰ ਜਹਾਂਗੀਰ ਕਸ਼ਮੀਰ ਵਲ ਤੁਰ ਗਿਆ ਤੇ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ। ਸਤਿਗੁਰਾਂ ਨੇ ਸ੍ਰੀ ਅਕਾਲ ਬੁੰਗੇ ਵਿਚ ਇਸੇ ਸਾਲ ਇਕ ਖੂਹ ਅਤੇ ਦੱਖਣ ਵਲ ਇਕ ਬਾਗ਼ ਲਗਵਾਇਆ। ਸ਼ਹਿਰ ਦੇ ਇਰਦ ਗਿਰਦ ਕੱਚੀ ਫ਼ਸੀਲ ਬਣਵਾਈ ਤੇ ਦੀਵਾਲੀ ਦਾ ਮੇਲਾ ਕਰ, ਪ੍ਰਚਾਰ ਹਿਤ ਦੁਆਬੇ ਦੇ ਦੌਰੇ ਚੜ੍ਹੇ ਅਤੇ ਕਰਤਾਰ-ਪੁਰ ਜਾ ਟਿਕੇ, ਜਿਥੇ ਕਿ ਬੜੇ ਪੀਰ ਪਿੰਡ ਦੇ ਪਠਾਣ ਇਸਮਾਈਲ ਖ਼ਾਂ ਦੀ ਅਗਵਾਈ ਹੇਠ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਸਤਿਗੁਰਾਂ ਨੇ ਉਹਨਾਂ ਵਿਚੋਂ ਛੱਬੀ ਚੋਣਵੇਂ ਜਵਾਨ ਆਪਣੀ ਫ਼ੌਜ ਵਿਚ ਨੌਕਰ ਰਖ ਲਏ। ਇਕ ਗਲਜ਼ਈ ਨੌਜਵਾਨ ਮੁੰਡਾ ਪੈਂਦੇ ਖ਼ਾਂ ਨਾਮੀ, ਜੋ ਬੜਾ ਖ਼ੂਬਸੂਰਤ ਜਵਾਨ ਸੀ, ਸਤਿਗੁਰਾਂ ਨੂੰ ਬਹੁਤ ਪਸੰਦ ਆਇਆ ਅਤੇ ਸਾਹਿਬਾਂ ਨੇ ਯਤੀਮ ਹੋਣ ਕਰ ਕੇ ਉਸ ਨੂੰ ਆਪਣੇ ਕੋਲ ਹੀ ਟਿਕਾ ਲਿਆ ਤੇ ਉਸ ਦੀ ਪਰਵਰਿਸ਼ ਦਾ ਖ਼ਾਸ ਤੌਰ ਤੇ ਪ੍ਰਬੰਧ ਕਰ ਦਿਤਾ। ਮਹਾਰਾਜ ਸਤ ਮਹੀਨੇ ਕਰਤਾਰ ਪੁਰ ਰਹੇ ਅਤੇ ਫਿਰ ਮੁਕੇਰੀਆਂ ਪਾਸੋਂ ਦਰਿਆ ਬਿਆਸਾ ਲੰਘ ੧੭ ਅੱਸੂ ਸੰਨ ੧੬੭੭ ਬਿ: ਨੂੰ ਦਰਿਆ ਦੇ ਮਾਝੇ ਵਾਲੇ ਕੰਢੇ ਤੇ ਸ੍ਰੀ ਹਰਿਗੋਬਿੰਦਪੁਰ ਦੀ ਨੀਂਹ ਰੱਖੀ। ਉਥੇ ਬਹੁਤ ਲੋਕਾਂ ਨੂੰ ਵਸਾਇਆ ਅਤੇ ਜਨਤਾ ਦੇ ਸੁਖ ਹਿਤ ਇਕ ਗੁਰਦਵਾਰਾ, ਇਕ ਸਰਾਂ ਅਤੇ ਇਕ ਮਸੀਤ ਬਣਵਾਈ ਅਤੇ ਕੁਝ ਚਿਰ

ਉਥੇ ਠਹਿਰ ਭਾਈ ਅਮੀਉ, ਬੂਲੇ, ਜੇਠੇ, ਲਾਲੇ ਅਤੇ ਕਲਿਆਣੇ ਸਿਖਾਂ ਨੂੰ ਨਗਰ ਦੀ ਹੋਰ ਵਸੋਂ ਵਸਾਉਣ ਦਾ ਪ੍ਰਬੰਧ ਸੌਂਪ, ਆਪ ਉਥੋਂ ਤੁਰ ਵਟਾਲੇ ਦੇ ਰਸਤੇ ਸ੍ਰੀ ਅੰਮ੍ਰਿਤਸਰ ਆ ਗਏ।

ਜਦ ਸਤਿਗੁਰੂ ਅੰਮ੍ਰਿਤਸਰ ਪੁਜੇ, ਤਾਂ ਥੋਹੜੇ ਦਿਨਾਂ ਬਾਅਦ ਹੀ ਸਾਈਂ *ਮੀਆਂ ਮੀਰ ਦਾ ਚੇਲਾ ਅਬਦੁੱਲਾ ਸ਼ਾਹ ਨਾਮੀ ਸਤਿਗੁਰਾਂ ਦੇ ਦਰਬਾਰ ਵਿਚ ਲਾਹੌਰ ਦੇ ਕਿਸੇ ਕਾਜ਼ੀ ਰੁਸਤਮ ਖਾਂ ਦੀ ਬੇਟੀ ਕਵਾਰੀ ਲੜਕੀ †ਕੌਲਾਂ ਨਾਲ ਲੈ ਆਣ ਹਾਜ਼ਰ ਹੋਇਆ ਅਤੇ ਸੰਗਤ ਦੇ ਪੁਛਣ ਤੇ ਉਸ ਨੇ ਦਸਿਆ ਕਿ ਇਹ ਬੀਬੀ ਸਾਈਂ ਮੀਆਂ ਮੀਰ ਜੀ ਦੀ ਸਤਿਸੰਗਣ ਹੋਣ ਕਰਕੇ ਸੂਫ਼ੀ ਖ਼ਿਆਲਾਂ ਦੀ ਹੈ ਅਤੇ ਸੰਤਾਂ ਦੀ ਬਾਣੀ ਦਿਲ

---

*ਇਸ ਮੀਆਂ ਮੀਰ ਦਾ ਅਸਲੀ ਨਾਂ "ਮੁਹੰਮਦ ਮੀਰ ਮੀਸਤਾਨੀ" ਸੀ। ਇਹ ਸੀਸਤਾਨ ਵਿਚ ਸੰ: ੧੫੫੦ ਈਸਵੀ ਵਿਚ ਪੈਦਾ ਹੋਏ ਸਨ ਅਤੇ ਉਸ ਸਮੇਂ ਦੇ ਨਾਮੀ ਮੁਸਲਮਾਨੀ ਫ਼ਕੀਰਾਂ ਦੇ ਰਿਵਾਜ ਅਨੁਸਾਰ ਈਰਾਨ ਵਿਚੋਂ ਪੰਜਾਬ ਚਲੇ ਆਏ ਸਨ। ਲਾਹੌਰ ਤੋਂ ਪੰਜ ਮੀਲ ਬਾਹਰ ਤਕੀਆ ਬਣਾ ਬੈਠੇ। ਬਾਦਸ਼ਾਹ ਜਹਾਂਗੀਰ ਇਨ੍ਹਾਂ ਦੀ ਬਹੁਤ ਇਜ਼ਤ ਕਰਦਾ ਸੀ। ਸਤਿਗੁਰੂ ਮੱਚੇ ਪਾਤਸ਼ਾਹ ਲਾਹੌਰ ਨਿਵਾਸ ਸਮੇਂ ਇਨ੍ਹਾਂ ਨੂੰ ਮਿਲੇ ਸਨ, ਜਿਸ ਕਰ ਕੇ ਉਹ ਸਤਿਗੁਰਾਂ ਦੇ ਦੀਨ ਰੱਖਜਕ ਤੇ ਸਰਬ-ਪਾਲਕ ਸੁਭਾ ਦੇ ਜਾਣੂੰ ਸਨ।

†ਇਸ ਬੀਬੀ ਦਾ ਇਸਲਾਮੀ ਨਾਮ ਤਾਂ ਇਤਿਹਾਸਾਂ ਵਿਚ ਨਹੀਂ ਆਇਆ, ਪਰ ਕੌਲਾਂ ਨਾਮ ਪ੍ਰਤੀਤ ਹੁੰਦਾ ਹੈ ਕਿ ਕੌਲ ਦੀ ਪੱਕੀ ਹੋਣ ਕਰ ਕੇ ਪੈ ਗਿਆ ਸੀ। ਚੂੰਕਿ ਉਹ ਸਿਰ ਹਥੇਲੀ ਤੇ ਰੱਖ ਕੇ ਭਗਤੀ-ਮਾਰਗ ਵਿਚ ਦਾਖ਼ਲ ਹੋਈ ਅਤੇ ਕਿਸੇ ਡਰਾਵੇ ਤੋਂ ਡਰ ਕੇ ਵੀ ਆਪਣੇ ਵਲੋਂ ਨਾ ਟਲੀ।

ਲਗਾ ਕੇ ਪੜ੍ਹਦੀ ਹੈ। ਇਸ ਨੂੰ ਹਾਫ਼ਿਜ਼ ਸ਼ਮਸ ਤਬਰੇਜ਼ ਤੇ ਸਰਮਦ ਆਦਿ ਸੂਫ਼ੀਆਂ ਦੇ ਕਲਾਮ ਤੋਂ ਬਿਨਾਂ ਕੁਝ ਗੁਰ-ਬਾਣੀ ਭੀ ਕੰਠ ਹੈ । ਇਹ ਇਨ੍ਹਾਂ ਖਿਆਲਾਂ ਕਰਕੇ ਆਪਣੇ ਕਰੋਧੀ, ਸ਼ਰਈ ਪਿਤਾ ਦੀ ਸਖਤੀ ਦਾ ਪਾਤਰ ਬਣੀ ਹੋਈ ਸੀ, ਜੋਕਿ ਧਮਕੀਆਂ, ਡਰਾਵਿਆਂ ਤੇ ਬਦ-ਜ਼ਬਾਨੀਆਂ ਤੋਂ ਬਾਅਦ ਇਸ ਮਾਸੂਮ ਨੂੰ ਹੰਟਰ ਅਤੇ ਚਾਬਕ ਮਾਰਨ ਉਤੇ ਉਤਰ ਆਇਆ ਸੀ । ਰੋਜ਼ ਰੋਜ਼ ਦੇ ਤਸੀਹੇ ਅਤੇ ਝਗੜਿਆਂ ਤੋਂ ਤੰਗ ਆ, ਇਹ ਬੀਬੀ ਸਾਈਂ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ। ਜਦ ਸਾਈਂ ਜੀ ਨੇ ਇਸ ਦੀ ਵਿਦਿਆ ਸੁਣੀ ਤਾਂ ਉਨ੍ਹਾਂ ਨੇ ਕਿਹਾ, "ਬੇਟਾ, ਇਸ ਘਰ ਵਿਚ ਤੇਰਾ ਅੰਤ ਭੀ *ਮਨਸੂਰ ਵਾਂਗ ਹੀ ਹੋਵੇਗਾ"। ਸੰਤਾਂ ਦਾ ਇਹ ਬਚਨ ਸੁਣ

---

*ਹੁਸੈਨ ਦਾ ਪੁਤ੍ਰ ਮਨਸੂਰ ਭੀ ਬਗਦਾਦ ਵਿਚ ਕੇਵਲ ਏਸੇ ਕਰਕੇ ਹੀ ਕਤਲ ਕਰ ਦਿਤਾ ਗਿਆ ਸੀ ਕਿ ਉਹ ਸੂਫ਼ੀ ਵੇਦਾਂਤੀਆਂ ਦੀ ਸੰਗਤ ਕਰਕੇ "ਅਨਲਹੱਕ" ਅਰਥਾਤ "ਮੈਂ ਹਕ ਹਾਂ" ਦਾ ਜਾਪ ਕਰਦਾ ਸੀ। ਉਸ ਤੇ ਕਾਜ਼ੀਆਂ ਨੇ ਕੁਫ਼ਰ ਦਾ ਫ਼ਤਵਾ ਦਿਤਾ ਅਤੇ ਉਸ ਦੀਆਂ ਬਾਹਵਾਂ ਲੱਤਾਂ ਵਢ ਕੇ ਓੜਕ ਉਸ ਨੂੰ ਸੂਲੀ ਤੇ ਟੰਗ ਦਿਤਾ ਗਿਆ ਸੀ । ਇਹ ਵਾਕਿਆ ੯੨੩ ਈਸਵੀ ਦਾ ਹੈ। ਗੁਃ ਪ੍ਰਃ ਸੂਃ ਗ੍ਰੰਃ ੨—ਅਤੇ ਉਸ ਦੇ ਪਿਛੇ ਲਗ ਕਈ ਇਕ ਇਤਿਹਾਸਕਾਰਾਂ ਨੇ ਖਲੀਲ ਬੇਗ ਦੇ ਭਾਈ ਸਾਧਾ ਕੋਲੋਂ ਘੋੜੇ ਖੋਹਣ ਦੇ ਪ੍ਰਸੰਗ ਨੂੰ ਬੀਬੀ ਕੌਲਾਂ ਦੇ ਵਾਕੇ ਨਾਲ ਮਿਲਾ ਜੁਲਾ ਇਓਂ ਲਿਖਿਆ ਹੈ—"ਸਿੱਖ ਕੋਲੋਂ ਖੋਹਿਆ ਹੋਇਆ ਘੋੜਾ ਬਾਦਸ਼ਾਹ ਦੀ ਨਜ਼ਰ ਕੀਤਾ ਗਿਆ। ਉਹ ਸ਼ਾਹੀ ਤਬੇਲੇ ਵਿਚ ਬੀਮਾਰ ਹੋ ਗਿਆ ਤੇ ਆਖਰ ਬਾਦਸ਼ਾਹ ਨੇ ਰੁਸਤਮ ਖਾਂ ਕਾਜ਼ੀ ਨੂੰ ਦੇ ਦਿਤਾ, ਜਿਸ ਨੇ ਬੀਮਾਰ ਘੋੜਾ ਸਤਿਗੁਰਾਂ ਪਾਸ ਦਸ ਹਜ਼ਾਰ ਰੁਪਏ ਤੋਂ ਵੇਚ ਲਿਆ। ਸਤਿਗੁਰ,

(ਬਾਕੀ ਦੇਖੋ ਫੁਟ ਨੋਟ ਸਫ਼ਾ ੧੦੬)

ਇਹ ਕੰਬ ਉਠੀ ਤੇ ਬੇਨਤੀ ਕਰਨ ਲਗੀ, "ਮੈਨੂੰ ਕਿਸੇ ਤਰ੍ਹਾਂ ਬਚਾਓ ਤੇ ਕੋਈ ਅਜਿਹਾ ਸ਼ਰਨ-ਪਾਲਕ ਆਸਰਾ ਦਸੋ ਕਿ ਜਿਥੇ ਟਿਕ, ਮੈਂ ਯਾਦ ਇਲਾਹੀ ਵਿਚ ਜੀਵਨ ਬਤੀਤ ਕਰ ਸਕਾਂ।" ਪੀਰ ਜੀ ਨੇ ਇਸ ਨੂੰ ਮੇਰੇ ਨਾਲ ਤੁਹਾਡੀ ਸੇਵਾ ਵਿਚ ਭੇਜਿਆ ਹੈ ਤੁਸੀਂ ਇਸ ਨੂੰ ਆਪਣੀ ਪਨਾਹ ਵਿਚ ਲਵੋ ਤੇ ਇਸ ਦੇ ਦਿਨ ਕਟਾਓ।" ਸਤਿਗੁਰਾਂ ਨੇ ਸੰਗਤ ਦੇ ਮਸ਼ਵਰੇ

---

(ਸਫਾ ੧੦੫ ਦੇ ਫੁਟ ਨੋਟ ਦੀ ਬਾਕੀ)

ਨੇ ਇਹ ਰਕਮ ਕਾਜ਼ੀ ਨੂੰ ਦੀਵਾਲੀ ਦੇ ਮੇਲੇ ਤੇ ਦੇਣੀ ਕੀਤੀ। ਘੋੜਾ ਸਤਿਗੁਰਾਂ ਦੇ ਤਬੇਲੇ ਵਿਚ ਆ ਕੇ ਰਾਜ਼ੀ ਹੋ ਗਿਆ ਤੇ ਕਾਜ਼ੀ ਸਤਿਗੁਰਾਂ ਦੀ ਸਵਾਰੀ ਹੇਠ ਰਾਜ਼ੀ ਬਾਜ਼ੀ ਘੋੜੇ ਨੂੰ ਦੇਖ ਲਾਲਚ ਵਿਚ ਆ, ਆਪਣੀ ਲਿਖਤ ਤੋਂ ਫਿਰ ਗਿਆ ਤੇ ਦੀਵਾਲੀਉਂ ਪਹਿਲਾਂ ਹੀ ਮੁੱਲ ਤੋਂ ਸਵਾਈ ਰਕਮ ਦਾ ਤਕਾਜ਼ਾ ਕਰਨ ਲਗਾ। ਇਕ ਦਿਨ ਜਦ ਸਤਿਗੁਰੂ ਆਰਾਮ ਫਰਮਾ ਰਹੇ ਸਨ, ਤਾਂ ਉਸ ਨੇ ਬਾਬਾ ਬੁੱਢਾ ਜੀ ਨਾਲ ਸਤਿਗੁਰਾਂ ਦੇ ਆਰਾਮ ਵਿਚ ਵਿਘਨ ਪਾਉਣ ਤੋਂ ਰੋਕਣ ਕਰ ਕੇ ਝਗੜਾ ਚੁਕ ਕੀਤਾ ਤੇ ਸਤਿਗੁਰਾਂ ਦੀ ਸ਼ਾਨ ਵਿਚ ਕਬੋਲ ਕਹੇ, ਜਿਸ ਤੇ ਬਾਬਾ ਬੁੱਢਾ ਜੀ ਨੇ ਕਿਹਾ, "ਸਤਿਗੁਰੂ ਤੇਰੇ ਜਵਾਈ ਹੋਣਗੇ!" ਇਹ ਲਿਖਤ ਵਿਚਾਰ ਦੀ ਕਸਵੱਟੀ ਤੇ ਪਰਖੀ ਹੋਈ ਬਿਲਕੁਲ ਬਨਾਵਟੀ ਪ੍ਰਤੀਤ ਹੁੰਦੀ ਹੈ, ਕਿਉਂਕਿ ਘੋੜਿਆਂ ਵਾਲੀ ਗਲ ਤੇ ਮੋਹਸਨ ਫਾਨੀ ਦੀ ਲਿਖਤ ਇਤਿਹਾਸਕ ਨੁਕਤਾ ਨਿਗਾਹ ਨਾਲ ਜ਼ਿਆਦਾ ਮੋਹਤਬਰ ਹੈ, ਕਿਉਂਕਿ ਉਸ ਨੇ ਸਾਰਾ ਵਾਕਿਆ ਆਪ ਡਿੱਠਾ ਸੀ। ਪਰ ਜੇ ਕਿਸੇ ਹੋਰ ਘੋੜੇ ਦੀ ਗੱਲ ਬਾਤ ਇਸ ਲਿਖਤ ਅਨੁਸਾਰ ਹੋਈ ਭੀ ਹੋਵੇ, ਤਾਂ ਵੀ ਕਹਾਣੀ ਠੀਕ ਨਹੀਂ ਕਹੀ ਜਾ ਸਕਦੀ, ਕਿਉਂਕਿ ਅੱਵਲ ਤਾਂ ਸ੍ਰੀ ਬਾਬਾ ਬੁੱਢਾ ਸਾਹਿਬ ਜਹੇ ਬ੍ਰਹਮ ਗਿਆਨੀ ਤੇ ਸ਼ਾਂਤੀ ਦੇ ਪੁੰਜ, ਕਿ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼ਹੀਦ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ ਹੋਵੇ, ਦੇ ਮੂੰਹੋਂ ਅਜਿਹਾ

(ਬਾਕੀ ਦੇਖੋ ਫੁਟ ਨੋਟ ਸਫਾ ੧੦੭)

ਨਾਲ ਇਸ ਸ਼ਰਨ ਆਈ ਦੇਵੀ ਨੂੰ ਗੁਰੂ ਘਰ ਦੀ ਮਰਯਾਦਾ ਅਨੁਸਾਰ ਆਪਣੇ ਕੋਲ ਟਿਕਣ ਹਿਤ ਪ੍ਰਵਾਨਗੀ ਦੇ ਦਿਤੀ ਅਤੇ ਉਸ ਦੇ ਰਹਿਣ ਲਈ ਸ੍ਰੀ ਦਰਬਾਰ ਸਾਹਿਬ ਦੇ ਪਾਸ ਹੀ ਇਕ ਕੋਠਾ ਪਵਾ ਦਿਤਾ।ਕੁਝ ਦਿਨਾਂ ਬਾਅਦ ਉਸ ਦਾ ਪਿਤਾ ਕਾਜ਼ੀ ਰੁਸਤਮ ਖਾਂ ਭੀ ਉਸ ਦੀ ਢੂੰਡ ਵਿਚ ਅੰਮ੍ਰਿਤਸਰ ਪੁਜਾ। ਸਤਿਗੁਰਾਂ ਨੇ ਕੌਲਾਂ ਨੂੰ ਸੁਨੇਹਾ ਭੇਜ ਕੇ ਹੁਕਮ ਦਿਤਾ

---

(ਸਫ਼ਾ ੧੦੬ ਦੇ ਫੁਟ ਨੋਟ ਦੀ ਬਾਕੀ)

ਕੁਬੋਲ ਨਿਕਲ ਹੀ ਨਹੀਂ ਸਕਦਾ ਤੇ ਜੇ ਕਦੀ ਅਜਿਹੀ ਕਮਜ਼ੋਰੀ ਹੋ ਵੀ ਗਈ ਹੁੰਦੀ, ਤਾਂ ਇਹ ਕਿਸ ਤਰ੍ਹਾਂ ਮੁਮਕਿਨ ਸੀ ਕਿ ਤੁਰਕ ਰਾਜ ਦੇ ਸਮੇਂ ਵਿਚ ਲਾਹੌਰ ਦੇ ਕਾਜ਼ੀ ਦੀ ਲੜਕੀ ਇਸ ਤਰ੍ਹਾਂ ਅਗਵਾ ਕੀਤੀ ਜਾਏ ਤੇ ਹਕੂਮਤ ਚੁਪ ਰਹੇ ਤੇ ਆਮ ਮੁਸਲਿਮ ਜਨਤਾ ਵਿਚ ਕੋਈ ਜੋਸ਼ ਨਾ ਫੈਲੇ ਤੇ ਕਾਜ਼ੀ ਦੇ ਸ਼ਿਕਾਇਤ ਕਰਨ ਤੇ ਸਾਈਂ ਮੀਆਂ ਮੀਰ ਸਾਹਿਬ, ਵਜ਼ੀਰ ਖ਼ਾਂ ਅਤੇ ਹੋਰ ਬੜੇ ਬੜੇ ਨੇਕ ਅਹਿਲਕਾਰ ਉਸ ਨੂੰ ਬਾਦਸ਼ਾਹ ਦੇ ਸਾਹਮਣੇ ਝੂਠਿਆਂ ਕਰਨ। ਅਸਲ ਗੱਲ ਇਉਂ ਪ੍ਰਤੀਤ ਹੁੰਦੀ ਹੈ ਕਿ ਇਹ ਲਿੱਖਤ ਉਸ ਸਮੇਂ ਦੀ ਹੈ, ਜਦੋਂ ਕਿ ਸਿਖ ਪੰਥ ਤੁਰਕਾਂ ਦੇ ਅਸਹਿ ਜ਼ੁਲਮਾਂ ਦਾ ਮੁਕਾਬਲਾ ਕਰ ਕੇ ਉਹਨਾਂ ਤੇ ਪ੍ਰਬਲ ਆ ਚੁਕਾ ਸੀ ਤੇ ਅੱਕੇ ਹੋਏ ਇਤਿਹਾਸ ਲੇਖਕਾਂ ਨੇ ਤੁਰਕਾਂ ਦੀ ਹੈਂਕੜ ਨੂੰ ਨੀਵਿਆਂ ਕਰਨ ਹਿਤ ਲਿਖਤ ਦਾ ਇਹ ਢੰਗ ਵਰਤਿਆ ਸੀ। ਵਾਸਤਵ ਵਿਚ ਅਜੇਹਾ ਨਹੀਂ ਹੋਇਆ ਅਤੇ ਨਾ ਹੀ ਸਤਿਗੁਰੂ ਸੱਚੇ ਪਾਤਸ਼ਾਹ, ਜਿਨ੍ਹਾਂ ਦੇ ਜ਼ਿੰਮੇ ਕੁਦਰਤ ਨੇ ਜਗਤ ਦੇ ਪ੍ਰਾਣੀ ਮਾਤਰ ਦੇ ਮਨ ਦਾ ਉਧਾਰ ਕਰਨ ਲਗਾਇਆ ਸੀ ਤੇ ਜਿਨ੍ਹਾਂ ਦੇ ਉੱਚੇ ਮਨ ਦੀ ਸ਼ਾਹਦੀ ਬੇਗਮ ਨੂਰਜਹਾਂ, ਤੇ ਉਸ ਦੀਆਂ ਸਾਥਣ ਸੁੰਦਰੀਆਂ ਤੱਕ ਭਰ ਚੁਕੀਆਂ ਸਨ, ਇਸ ਕਿਸਮ ਦੀਆਂ ਕਥਾਵਾਂ ਦੇ ਪਾਤਰ ਹੋ ਸਕਦੇ ਹਨ। ਇਸ ਤੋਂ ਬਿਨਾਂ ਇਤਿਹਾਸਕ ਲਿਖਤਾਂ ਦੀ ਬਹੁ-ਗਿਣਤੀ ਭੀ ਇਸ ਕਿੱਸੇ ਦੀ

[ਬਾਕੀ ਦੇਖੋ ਫੁਟਨੋਟ ਸਫ਼ਾ ੧੦੮]

ਕਿ ਆਪਣੇ ਪਿਤਾ ਲਈ ਪ੍ਰਸ਼ਾਦ ਤਯਾਰ ਕਰੇ ਅਤੇ ਉਸ ਨੂੰ ਆਦਰ ਮਾਨ ਨਾਲ ਪੇਸ਼ ਆਵੇ। ਭਾਵੇਂ ਸਤਿਗੁਰਾਂ ਨੇ ਖੁਦ ਭੀ ਰੁਸਤਮ ਖਾਂ ਦਾ ਆਦਰ ਸਨਮਾਨ ਕੀਤਾ ਅਤੇ ਉਸ ਨੂੰ ਉਸ ਲੜਕੀ ਕੋਲ ਟਿਕਾਇਆ, ਤਾਂ ਜੋ ਪਿਤਾ ਪੁਤ੍ਰੀ ਦਾ ਆਪਸ ਵਿਚ ਮਿਲਾਪ ਹੋ ਜਾਵੇ, ਪਰ ਰੁਸਤਮ ਖਾਂ ਦਾ ਕਰਮ ਕਾਂਡੀ, ਕ੍ਰੋਧ ਆਤੁਰ ਮਨ ਨਾ ਪਸੀਜਿਆ ਤੇ ਉਸ ਨੇ ਪਹਿਲਾਂ

---

(ਸਫਾ ੧੦੭ ਦੇ ਫੁਟ ਨੋਟ ਦੀ ਬਾਕੀ)

ਤਾਈਦ ਨਹੀਂ ਕਰਦੀ। ਅੱਵਲ ਤਾਂ ਮੋਹਸਨ ਫਾਨੀ ਨੇ, ਜੋ ਉਸ ਵਕਤ ਜੀਉਂਦਾ ਸੀ ਤੇ ਜਿਸ ਨੇ ਅੱਖੀਂ ਵੇਖੇ ਵਾਕਿਆਤ ਲਿਖੇ ਹਨ, ਇਸ ਕਹਾਣੀ ਦਾ ਕੋਈ ਜ਼ਿਕਰ ਆਪਣੀ ਲਿਖਤ ਵਿਚ ਨਹੀਂ ਕੀਤਾ, ਹਾਲਾਂ ਕਿ ਉਸ ਨੇ ਸਤਿਗੁਰਾਂ ਦੇ ਸੁਭਾ, ਚਲਨ ਅਤੇ ਗੁਰਸਿੱਖਾਂ ਦੀ ਸ਼ਰਧਾ ਤੇ ਵਿਹਾਰ ਤੇ ਕਈ ਇੱਕ ਸਾਖੀਆਂ ਆਪਣੀ ਪੁਸਤਕ ਵਿਚ ਲਿਖੀਆਂ ਹਨ। ਸਤਿਗੁਰਾਂ ਦੀ ਜ਼ਾਤ ਦੇ ਮੁਤਅੱਲਕ ਉਹ ਇਥੋਂ ਤਕ ਛਾਨ ਬੀਨ ਕਰਦਾ ਹੈ ਕਿ ਉਸ ਨੇ ਉਹਨਾਂ ਦੇ ਤਲਵਾਰ ਚਲਾਉਣ ਉਤੇ ਭੀ ਇਕ ਤਹਿਕੀਕਾਤੀ ਨਿਗਾਹ ਮਾਰੀ ਹੈ ਕਿ ਆਇਆ ਉਹ ਕ੍ਰੋਧ ਆਤੁਰ ਹੋ ਕੇ ਤਲਵਾਰ ਚਲਾਉਂਦੇ ਹਨ ਜਾਂ ਕਿ ਕ੍ਰੋਧ ਰਹਿਤ। ਉਹ ਲਿਖਦਾ ਹੈ, "ਬਖ਼ਾਤਰ ਮੇ ਰਸਦ ਕਿ ਤੇਗ਼ ਅੰਦਾਖਤਨੇ ਗੁਰੂ ਹਮ ਅਜ਼ ਰਾਹੇ ਆਮੋਜ਼ਾਨੀਦਨ ਬਵਦ ਚੇ ਗੁਰੂ ਆਮੋਜ਼ਗਾਰ ਰਾ ਗੋਇੰਦ ਵ ਨਾਖਸ਼ਮ।" "ਮੇਰੇ ਦਿਲ ਵਿਚ ਆਉਂਦਾ ਹੈ ਕਿ ਗੁਰੂ ਤਲਵਾਰ ਭੀ (ਤਲਵਾਰ ਚਲਾਉਣ) ਸਿਖਾਉਣ ਲਈ ਹੀ ਵਾਹੁੰਦਾ ਹੈ, ਕਿਉਂ ਕਿ ਗੁਰੂ ਸਿਖਾਉਣ ਵਾਲੇ ਨੂੰ ਹੀ ਕਹਿੰਦੇ ਹਨ, ਨਾ ਕਿ ਗੁੱਸੇ ਨਾਲ।" ਹੁਣ ਖ਼ਿਆਲ ਕਰਨ ਵਾਲੀ ਗੱਲ ਹੈ ਕਿ ਜੇਹੜਾ ਸ਼ਖਸ ਸਤਿਗੁਰਾਂ ਦੇ ਚੱਲਨ ਤੇ ਇਤਨੀ ਬਾਰੀਕ ਨਿਗਾਹ ਰਖਦਾ ਹੋਵੇ, ਤੇ ਹੋਵੇ ਭੀ ਮੁਸਲਮਾਨ, ਉਹ ਕਿਸ ਤਰ੍ਹਾਂ ਇਤਨੀ ਅਹਿਮ ਗਲ ਨੂੰ ਨਜ਼ਰ-ਅੰਦਾਜ਼ ਕਰ ਸਕਦਾ ਸੀ। ਇਸ ਦੇ ਬਾਅਦ ਸਿਖ ਲੇਖਕਾਂ ਵਿਚ ਸਭ ਤੋਂ ਪਹਿਲਾ ਲਿਖਾਰੀ ਮਹਿਮਾ

(ਬਾਕੀ ਦੇਖੋ ਫੁਟ ਨੋਟ ਸਫਾ ੧੦੯)

ਵਾਂਗ ਹੀ ਆਪਣੀ ਧੀ ਨੂੰ ਕੁਬੋਲ ਬੋਲੇ ਅਤੇ ਮੌਤ ਦੀਆਂ ਧਮਕੀਆਂ ਦਿਤੀਆਂ, ਜਿਸ ਕਰਕੇ ਬੀਬੀ ਕੌਲਾਂ ਨੇ ਉਸ ਦੇ ਨਾਲ ਜਾਣੋਂ ਨਾਂਹ ਕਰ ਦਿਤੀ । ਰੁਸਤਮ ਖਾਂ ਭਰਿਆ ਪੀਤਾ ਲਾਹੌਰ ਚਲਿਆ ਗਿਆ ਅਤੇ ਉਸ ਨੇ ਬਾਦਸ਼ਾਹ ਪਾਸ ਸ਼ਕਾਇਤ ਜਾ ਕੀਤੀ, ਪਰ ਵਜ਼ੀਰ ਖਾਂ ਅਤੇ ਹੋਰ ਦੂਸਰੇ ਨੇਕ ਅਹਿਲਕਾਰਾਂ ਦੇ ਸਾਰੀ ਵਿਥਿਆ ਸੁਣਾਣ ਕਰਕੇ ਬਾਦਸ਼ਾਹ

---

(ਸਫਾ ੧੦੮ ਦੇ ਫੁਟ ਨੋਟ ਦੀ ਬਾਕੀ)

ਪ੍ਰਕਾਸ਼ ਦਾ ਕਰਤਾ ਹੈ । ਚੁਨਾਂਚਿ ਭਾਈ ਵੀਰ ਸਿੰਘ ਸਾਹਿਬ, ਗੁਃ ਪ੍ਰਃ ਸੂਃ ਗਃ ਦੀ ਰਃ ੬ ਅੰਕ ੨੫ ਦੀ ਹੇਠਲੀ ਟੂਕ ਵਿਚ ਲਿਖਦੇ ਹਨ—"ਸਾਡੇ ਪਾਸ ਜੋ ਪੋਥੀ ਹੈ ਸੋ ੧੮੫੭ ਬਿਃ ਸੰਮਤ ਦੀ ਲਿਖੀ ਹੋਈ ਹੈ ਅਰਥਾਤ ਸੂਃ ਪ੍ਰਃ ਆਰੰਭ ਹੋਣ ਤੋਂ ਤਰਤਾਲੀ ਵਰ੍ਹੇ ਪਹਿਲੋਂ । ਇਸ ਵਿਚ ਕੌਲਾਂ ਜੀ ਦਾ ਪ੍ਰਸੰਗ ਨਹੀਂ ਹੈ । ਵਾਰਤਕ ਮਹਿਮਾਂ ਪ੍ਰਕਾਸ਼ ੧੮੮੧ ਬਿਃ ਦੀ ਲਿਖਤ ਸਾਡੇ ਪਾਸ ਹੈ । ਇਸ ਵਿਚ ਭੀ ਇਹ ਪ੍ਰਸੰਗ ਨਹੀਂ । ਇਸ ਲਿਖਤ ਦੇ ਬਾਅਦ ਜੇ ਗਃ ਬਿਲਾਸ ਅਤੇ ਸੂਃ ਪ੍ਰਃ ਨੂੰ ਇਕ ਪਾਸੇ ਰੱਖ ਕੇ ਵੇਖੀਏ, ਤਾਂ ਪਿਛਲੇ ਸਿਆਣੇ ਇਤਿਹਾਸਕਾਰ ਭੀ ਇਸ ਨੂੰ ਇਸ ਰੂਪ ਵਿਚ ਨਹੀਂ ਮੰਨਦੇ । ਚੁਨਾਂਚਿ ਹਿੰਦੀ ਇਤਿਹਾਸ ਗੁਰੂ ਖਾਲਸਾ, ਜੋ ਕਿ ਵਿਕਟੋਸ਼੍ਵਰ ਪ੍ਰੈਸ ਬੰਬਈ ਵਿਚ ਛਪਿਆ ਹੈ, ਦੇ ਕਰਤਾ ਸਾਧੂ ਗੋਬਿੰਦ ਸਿੰਘ ਜੀ ਭੀ ਕੌਲਾਂ ਦਾ ਗੁਰੂ ਜੀ ਦੇ ਦਰਬਾਰ ਵਿਚ ਆਉਣਾ ਉਸੇ ਤਰ੍ਹਾਂ ਹੀ ਵਰਨਨ ਕਰਦੇ ਹਨ, ਜਿਸ ਤਰ੍ਹਾਂ ਕਿ ਇਸ ਪੁਸਤਕ ਵਿਚ ਦਿਤਾ ਗਿਆ ਹੈ । ਉਹਨਾਂ ਤੋਂ ਬਾਹਦ ਦੇ ਪੱਛਮੀ ਲਿਖਾਰੀ ਮਿਸਟਰ ਐਮ. ਏ. ਮੈਕਾਲਫ ਨੇ ਭੀ ਭਾਰੀ ਖੋਜ ਦੇ ਬਾਹਦ ਲਿਖੇ ਹੋਏ ਸਿਖ ਇਤਿਹਾਸ ਵਿਚ ਭੀ ਅਤੇ ਭਾਈ ਗਿਆਨ ਸਿੰਘ ਜੀ ਗਿਆਨੀ ਨੇ ਭੀ ਤਵਾਰੀਖ ਗੁਰੂ ਖ਼ਾਲਸਾ ਵਿਚ ਹਿੰਦੀ ਇਤਿਹਾਸ ਗੁਰੂ ਖਾਲਸਾ ਵਾਲੇ ਪ੍ਰਸੰਗ ਨੂੰ ਹੀ ਥੋੜ੍ਹਾ ਜਿਹਾ ਵਾਧੇ ਨਾਲ ਪ੍ਰਮਾਣ ਕੀਤਾ ਹੈ । ਇਸ ਤੋਂ ਬਿਨਾਂ ਉਮਦਾਤੁਲ ਤਾਰੀਖ਼, ਦਫ਼ਤਰ ਅੱਵਲ ਵਿਚ ਇਉਂ

(ਬਾਕੀ ਦੇਖੋ ਫੁਟ ਨੋਟ ਸਫਾ ੧੧੦)

ਦੀ ਤਸੱਲੀ ਹੋ ਗਈ ਅਤੇ ਮੁਆਮਲਾ ਉਥੇ ਹੀ ਖਤਮ ਹੋ ਗਿਆ। ਕੌਲਾਂ ਬਾਕੀ ਦੀ ਸਾਰੀ ਉਮਰ ਗੁਰਸੰਗਤ ਵਿਚ ਰਹਿ ਹਰਿਨਾਮ ਸਿਮਰਨ ਕਰਦੀ ਰਹੀ ਅਤੇ ਸਤਿਗੁਰਾਂ ਨੇ ਉਸ ਦੀ ਬੇਨਤੀ ਕਰਨ ਤੇ ਉਸ ਦੇ ਆਪਣੇ ਧਨ, ਜੋ ਪੰਜ ਹਜ਼ਾਰ ਰੁਪੱਯਾ ਸੀ, ਦੇ ਨਾਲ ਹੋਰ ਰਕਮ ਪਾ ਕੇ ਲੋਕਾਂ ਦੇ ਸੁਖ ਲਈ ਇਕ ਤਾਲਾਬ ਬਣਵਾ ਦਿਤਾ, ਜਿਸ ਦਾ ਨਾਮ ਉਸ ਸੰਤਣੀ ਦਾ ਨਾਮ ਕਾਇਮ ਰੱਖਣ ਹਿਤ "ਕੌਲਸਰ" ਰਖਿਆ ਗਿਆ। ਇਹ ਤਾਲਾਬ ੧੬੮੪ ਬਿ: ਵਿਚ ਤਿਆਰ ਹੋਇਆ।

## ਪ੍ਰੇਮ ਖਿਚਾਂ

ਹੁਣ ਸ੍ਰੀ ਸਤਿਗੁਰ ਜੀ ਅੰਮ੍ਰਿਤਸਰ ਟਿਕੇ ਹੋਏ ਸਨ ਅਤੇ ਆਪਣੀ ਸੈਨਾ ਨੂੰ ਸਵਾਰ ਰਹੇ ਸਨ। ਦਿਨ ਰਾਤ

---

(ਸਫਾ ੧੦੯ ਦੇ ਫੁਟ ਨੋਟ ਦੀ ਬਾਕੀ)

ਲਿਖਿਆ ਹੋਇਆ ਹੈ—"ਕੌਲਾਂ ਨਾਮੀ ਕਨੀਜ਼ਕੇ ਕਾਜ਼ੀ ਕਿ ਅਜ਼ ਜ਼ੁਮਰਾਏ ਮੋਤੋਕਿਦਾਨੇ ਈ ਜਨਾਬ ਆਲੀ ਬੂਦ ਮੁਸ਼ਰਫ਼ ਗਰਦੀਦ।" ਅਰਥਾਤ "ਕੌਲਾਂ ਨਾਮ ਦੀ ਕਾਜ਼ੀ ਦੀ ਲੌਂਡੀ (ਜ਼ਰ ਖ਼ਰੀਦ ਦਾਸੀ, ਜੋ ਕਿ ਇਸ ਉਚੇ ਦਰਬਾਰ ਦੇ ਉਪਾਸ਼ਕਾਂ ਦੀ ਗਿਣਤੀ ਵਿਚੋਂ ਸੀ, ਈਮਾਨ ਲੈ ਆਈ (ਸਿਖ ਬਣ ਗਈ)।"

ਗੱਲ ਕੀ, ਉਸ ਵਸ਼ੇਸ਼ ਸਮੇਂ ਦੀਆਂ ਥੋੜ੍ਹੀਆਂ ਜਹੀਆਂ ਲਿਖਤਾਂ ਤੋਂ ਬਿਨਾਂ, ਜਿਸ ਦਾ ਅਸੀਂ ਪਿਛੇ ਜ਼ਿਕਰ ਕਰ ਆਏ ਹਾਂ, ਕਰੀਬਨ ਸਾਰੇ ਹੀ ਇਤਿਹਾਸਕਾਰ ਇਸ ਗੱਲ ਉਤੇ ਸਹਿਮਤ ਹਨ ਕਿ ਬੀਬੀ ਕੌਲਾਂ, ਸਤਿਗੁਰਾਂ ਦੇ ਦਰਬਾਰ ਵਿਚ ਆਈ ਅਤੇ ਗੁਰ-ਸਿੱਖ ਜੀਵਨ ਬਤੀਤ ਕਰ ਕੇ ਕਲਿਆਣ ਨੂੰ ਪ੍ਰਾਪਤ ਹੋਈ।

ਆਤਮਕ ਸਤਸੰਗ ਤੋਂ ਬਿਨਾਂ ਘੋੜੇ ਪਰ ਘੋੜ-ਦੌੜਾਂ, ਨੇਜ਼ੇ-ਬਾਜ਼ੀਆਂ, ਸ਼ਕਾਰ ਅਤੇ ਸ਼ਸਤਰ ਅਭਿਆਸ ਦਾ ਕੰਮ ਜ਼ੋਰ ਸ਼ੋਰ ਨਾਲ ਹੋ ਰਿਹਾ ਸੀ । ਇਸ ਸਾਲ ਹੀ ਵਿਸਾਖੀ ਦੇ ਦਿਨ ਸਤਿਗੁਰਾਂ ਨੇ ਭਾਈ ਹਰੀ ਚੰਦ ਜੀ ਦੀ ਲੜਕੀ ਨਾਨਕੀ ਜੀ ਨਾਲ, ਜਿਨ੍ਹਾਂ ਨੇ ਸ਼ਹੀਦ ਸਤਿਗੁਰਾਂ ਦੀ ਹਜ਼ੂਰੀ ਵਿਚ ਹੀ ਇਹ ਅਰਦਾਸ ਪ੍ਰਵਾਨ ਕਰਾਈ ਹੋਈ ਸੀ, ਵਿਆਹ ਕੀਤਾ ।

ਇਧਰ ਤੇ ਸਤਿਗੁਰੂ ਫੌਜਾਂ ਦੀਆਂ ਤਿਆਰੀਆਂ ਅਤੇ ਜਥੇਬੰਦੀ ਦੇ ਕੰਮ ਵਿਚ ਜੁਟੇ ਹੋਏ ਸਨ ਤੇ ਉਧਰ ਦੇਸ਼ ਦੇਸ਼ਾਂਤਰਾਂ ਵਿਚ ਪ੍ਰੇਮੀ ਦਰਸ਼ਨਾਂ ਲਈ ਬਿਹਬਲ ਹੋ ਰਹੇ ਸਨ । ਭਾਵੇਂ ਤਾਂਘਾਂ ਤੇ ਹਰ ਤਰਫ ਹੀ ਤੀਬਰ ਸਨ, ਪਰ ਦੋ ਪਿਆਰੇ ਇਸ ਪ੍ਰੀਤ ਲੀਲ੍ਹਾ ਵਿਚ ਸਾਥੀਆਂ ਨਾਲੋਂ ਅਗੇਰੇ ਵਧ ਰਹੇ ਸਨ । ਉਹਨਾਂ ਵਿਚੋਂ ਇਕ ਗ੍ਰਿਹਸਤੀ ਅਤੇ ਇਕ ਅਤੀਤ ਸੀ । ਗ੍ਰਿਹਸਤੀ ਤਾਂ ਡਰੌਲੀ (ਫ਼ੀਰੋਜ਼ਪੁਰ) ਵਾਲੇ ਭਾਈ ਸਾਈਂ ਦਾਸ ਜੀ ਸਨ ਅਤੇ ਤਿਆਗੀ ਬਾਬਾ ਅਲਮਸਤ ਜੀ । ਦੋਹਾਂ ਦਾ ਹਾਰਦਿਕ ਪ੍ਰੇਮ ਹਦੋਂ ਵਧਿਆ ਹੋਇਆ ਸੀ । ਜੇ ਪਹਿਲੇ ਤਨੋ ਮਨੋ ਸਾਈਂ ਦੇ ਦਾਸ ਹੋ ਚੁਕੇ ਸਨ ਤਾਂ ਦੂਜੇ ਭੀ ਗੁਰ ਪ੍ਰੇਮ ਵਿਚ ਮਸਤ ਹੋ ਹੀ "ਅਲਮਸਤ" ਕਹਿਲਾਂਦੇ ਸਨ । ਸਨ ਦੋਵੇਂ ਪ੍ਰੇਮੀ ਤੇ ਸੱਚਾ ਪ੍ਰੇਮ ਰਜ਼ਾ ਵਿਚ ਰਹਿ ਖਿਚ ਪਾਉਂਦਾ ਹੈ । ਦੋਹਾਂ ਦੀ ਪ੍ਰੇਮ-ਕਾਮਨਾ ਸਤਿਗੁਰਾਂ ਦੇ ਚਰਨਾਂ ਤੱਕ ਪੁਜਦੀ ਹੋਈ, ਦੋ ਦੀਵਿਆਂ ਦੇ ਰਲ ਇਕ ਮਿਕ ਹੋਏ ਚਾਨਣ ਵਾਂਗ, ਇਕੱਠੀ ਪੁਜ ਰਹੀ ਸੀ । ਮਿਹਰਾਂ ਦੇ ਮਾਲਕ ਨੇ, ਪਹਿਲਾਂ ਵ ਗਾਂ "ਅਲਮਸਤ" ਵਲ ਮੋੜੀਆਂ ਅਤੇ ਦਮੋਦਰੀ ਜੀ ਅਤੇ ਨਾਲ ਦੇ ਵਹੀਰ ਨੂੰ ਡਰੌਲੀ

ਵਲ ਤੋਰ ਬਚਨ ਕੀਤਾ, "ਤੁਸੀਂ ਚਲੋ, ਅਸੀਂ ਵੀ ਨਾਨਕ ਮਤਿਓਂ ਹੋ ਵਾਪਸ ਡਰੌਲੀ ਪੁਜਾਂਗੇ ਅਤੇ ਭਾਈ ਸਾਈਂਦਾਸ ਦੀ ਉਸ ਸ਼ੁਭ ਕਾਮਨਾ ਨੂੰ, ਕਿ ਉਸ ਦੇ ਨਵੇਂ ਸਾਜੇ ਹੋਏ ਬੁੰਗੇ ਵਿਚ ਅਸੀਂ ਹੀ ਚਰਨ ਪਾਈਏ, ਪੂਰੀ ਕਰਾਂਗੇ।" ਵਹੀਰ ਓਧਰ ਨੂੰ ਤੁਰ ਪਿਆ ਤੇ ਸਤਿਗੁਰਾਂ ਨੇ ਨਾਨਕ ਮੱਤੇ ਵਲ ਚਾਲੇ ਪਾ ਲਏ। ਹੁਣ ਛੇਤੀ ਛੇਤੀ ਪੜਾ ਕਰਨੇ ਸ਼ੁਰੂ ਕੀਤੇ। ਕਰਦੇ ਭੀ ਕਿਉਂ ਨਾ, ਖਿਚ ਪੈ ਰਹੀ ਸੀ। ਅਲਮਸਤ, ਜੇਹੜੇ ਨਾਮ ਦੇ ਹੀ ਅਲਮਸਤ ਨਹੀਂ ਸਨ, ਸਗੋਂ ਸੱਚੀ ਗੁਰ ਪ੍ਰੀਤ ਵਿਚ ਮਸਤ ਹੋਣ ਕਰਕੇ ਅਲਮਸਤ ਕਹੇ ਜਾਂਦੇ ਸਨ, ਫਿਰਦੇ ਫਿਰਾਂਦੇ ਨਾਨਕ ਮੱਤੇ ਜਾ ਪੁਜੇ ਸਨ। ਇਹ ਅਸਥਾਨ, ਜੋ ਪਹਿਲਾਂ ਗੋਰਖ ਮੱਤਾ ਸੀ ਤੇ ਗੁਰੂ ਬਾਬਾ ਜੀ ਨੇ ਆਪਣੇ ਰੂਹਾਨੀ ਤੇਜ ਨਾਲ ਯੋਗ ਸਿਧੀਆਂ ਨੂੰ ਸ਼ਿਕਸਤ ਦੇ ਸਿੱਧਾਂ ਨੂੰ ਨਿਵਾ ਨਾਨਕ ਮੱਤਾ ਬਣਾਇਆ ਸੀ, ਸਦਾ ਹੀ ਪ੍ਰੇਮੀ ਗੁਰ-ਸਿਖਾਂ ਲਈ ਦਰਸ਼ਨਾਂ ਦੀਆਂ ਖਿਚਾਂ ਪੈਦਾ ਕਰਦਾ ਰਿਹਾ ਹੈ, ਕਿਉਂ ਜੋ ਇਥੇ ਜ਼ਿੰਦਾ ਯਾਦਗਾਰਾਂ ਮੌਜੂਦ ਹਨ। ਇਸ ਥਾਂ ਤੋਂ ਉਹ ਜਗ੍ਹਾ ਕੋਈ ਤੀਹ ਮੀਲ ਹੈ, ਜਿਥੇ ਕਿ ਰੀਠੇ ਮਿੱਠੇ ਹਨ। ਏਥੇ ਹੀ ਉਹ ਜੜ੍ਹਾਂ ਤੋਂ ਉਖੜਿਆ ਹੋਇਆ ਪਿੱਪਲ ਮੌਜੂਦ ਸੀ (ਅੱਜ ਭੀ ਹੈ), ਜਿਸ ਨੂੰ ਸਿੱਧਾਂ ਨੇ ਆਪਣੇ ਯੋਗ ਬਲ ਨਾਲ ਆਕਾਸ਼ ਵਿਚ ਉਡਾਣਾ ਚਾਹਿਆ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਹੱਥ ਦੇ ਕੇ ਅਟਕਾ ਲਿਆ ਸੀ। ਚੁਨਾਂਚਿ ਇਸ ਦੇਵ ਅਸਥਾਨ ਤੇ ਸੇਵਾ ਕਰਨ ਤੇ ਗੁਰੂ ਯਾਦ ਨੂੰ ਹਿਰਦੇ ਵਿਚ ਵਸਾਉਣ ਹਿਤ ਬਾਬਾ ਅਲਮਸਤ ਜੀ ਨੇ ਇਥੇ ਆ ਧੂਣਾ ਰਮਾਇਆ। ਜੋਗੀ, ਜਿਨ੍ਹਾਂ ਨੂੰ ਕਿ ਆਪਣੀਆਂ

ਪੁਰਾਣੀਆਂ ਸ਼ਿਕਸਤਾਂ ਅਜੇ ਯਾਦ ਸਨ, ਬਾਬੇ ਅਲਮਸਤ ਨੂੰ ਤਕ, ਖਿਝ ਉਠੇ। ਉਹਨਾਂ ਨੇ ਅਲਮਸਤ ਜੀ ਨੂੰ ਬ੍ਰਾਹਮਣਾਂ ਦੇ ਨਾਮ ਦੇਵ ਜੀ ਨੂੰ ਦਿਉਹਰੇ ਵਿਚੋਂ ਧੱਕੇ ਦੇ ਕੇ ਕੱਢ ਦੇਣ ਵਾਂਗ ਇਹ ਕਹਿ ਕੇ ਗੁਰ-ਅਸਥਾਨ ਵਿਚੋਂ ਕੱਢ ਦਿਤਾ, "ਨਾ ਉਹ ਨਾਨਕ ਜਗਤ ਤੇ ਰਿਹਾ ਹੈ ਅਤੇ ਨਾ ਹੀ ਇਹ ਜਗ੍ਹਾ ਨਾਨਕ ਮੱਤਾ ਹੈ।" ਅਲਮਸਤ ਜੀ ਨੇ ਇਹਨਾਂ ਦੇਹ ਦੇ ਉਪਾਸ਼ਕ ਬੁਤ-ਪੂਜਾਂ ਨੂੰ ਕਿਹਾ, "ਤੁਸੀਂ ਜਿਸ ਪੰਜ-ਤੱਤ ਦੇ ਸਰੀਰ ਨੂੰ ਗੁਰੂ ਨਾਨਕ ਸਮਝਿਆ ਸੀ, ਉਹ ਸਰੀਰ ਗੁਰੂ ਨਾਨਕ ਨਹੀਂ ਸੀ। ਹਾਂ ਅਕਾਲ ਪੁਰਖ ਦੀ ਗੁਰੂ-ਜੋਤੀ ਨਾਨਕ ਨਾਮ ਧਾਰ, ਉਸ ਸਰੀਰ ਵਿਚ ਆ ਟਿਕੀ ਸੀ। ਸਮਾਂ ਪਾ ਉਸ ਨੇ ਚੋਲਾ ਬਦਲ ਲਿਆ ਅਤੇ ਦੂਜੇ ਜਾਮੇ ਵਿਚ ਆ ਟਿਕੀ। ਹੁਣ ਛੇਵੇਂ ਵਿਚ ਹੈ। ਜੋਤ ਓਹੋ ਨਾਨਕ ਦੀ ਹੈ, ਪਰ ਜਾਮੇ ਦਾ ਨਾਮ ਹਰਿਗੋਬਿੰਦ ਹੈ। ਇਹ ਪਿੱਪਲ ਉਹਨਾਂ ਦੀ ਨਸ਼ਾਨੀ ਹੈ, ਜਿਸ ਦੀਆਂ ਜ਼ਮੀਨ ਤੋਂ ਉਖੜੀਆਂ ਹੋਈਆਂ ਉੱਚੀਆਂ ਜੜ੍ਹਾਂ ਤੁਹਾਡੇ ਯੋਗ ਬਲ, ਅਭਿਮਾਨ ਦੀ ਹਾਰ ਤੇ ਸਤਿਗੁਰਾਂ ਦੇ ਹਰਿਨਾਮ ਬਲ ਤੋਂ ਪੈਦਾ ਹੋਈ ਨਿਮਰਤਾ ਦੀ ਜਿੱਤ ਦਾ ਸਬੂਤ ਦੇ ਰਹੀਆਂ ਹਨ। ਇਸ ਨਸ਼ਾਨੀ ਦੇ ਹੁੰਦਿਆਂ ਹੋਇਆਂ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਇਹ ਥਾਂ "ਨਾਨਕ ਮੱਤਾ" ਨਹੀਂ"। ਸਿੱਧ ਭਾਵੇਂ ਹੋ ਤਾਂ ਲਾ-ਜਵਾਬ ਗਏ, ਪਰ ਕਰੋਧ ਆਤੁਰ ਹੋਣ ਕਰ ਕੇ ਉਹਨਾਂ ਨੇ

*ਪਿੱਪਲ ਨੂੰ ਹੀ ਅੱਗ ਲਗਾ ਦਿਤੀ।

ਹੁਣ ਅਲਮਸਤ ਬਾਬਾ ਜੀ ਗੁਰ-ਅਸਥਾਨ ਤੋਂ ਦੁਰਾਡੇ ਆਣ ਬੈਠੇ ਅਤੇ ਲੱਗੇ ਘੱਲਣ ਸਤਿਗੁਰਾਂ ਨੂੰ ਖ਼ਬਰ, ਉਸ ਦਿਲ ਦੀ ਬੇਤਾਰ ਬਰਕੀ ਰਾਹੀਂ, ਜਿਸ ਦੀ ਤੇਜ਼ੀ ਨੂੰ ਹੋਰ ਕੋਈ ਭੀ ਦੁਨੀਆ ਦੀ ਤੇਜ਼ ਰਫਤਾਰ ਚੀਜ਼ ਨਹੀਂ ਪੁਚਾ ਸਕਦੀ। ਆਖ਼ਰ ਉਹਨਾਂ ਦੀ ਪ੍ਰੇਮ ਖਿਚ ਨੇ ਸਤਿਗੁਰਾਂ ਨੂੰ ਧੂਹ ਪਾਈ ਤੇ ਉਹਨਾਂ ਨੇ ਦਿਨ ਰਾਤ ਇਕ ਕਰ ਓਧਰ ਨੂੰ ਧਾਈ ਕੀਤੀ ਤੇ ਗੜ੍ਹ ਮੁਕਤੇਸਰ ਤੇ ਮੁਰਾਦਾਬਾਦ ਥਾਣੀਂ ਹੁੰਦੇ ਹੋਏ ਨਾਨਕ ਮੱਤੇ ਜਾ ਪੁਜੇ। ਅਲਮਸਤ ਜੀ ਨੇ ਧਾ ਚਰਨ ਆ ਚੁੰਮੇ ਤੇ ਬੇਨਤੀ ਕੀਤੀ ਕਿ ਉਹ ਸਾਹਮਣੇ ਸ੍ਰੀ ਗੁਰੂ ਨਾਨਕ ਦੇਵ ਜੀ

---

*ਇਹ ਪਿੱਪਲ ਅੱਜ ਵੀ ਸ੍ਰੀ ਨਾਨਕ ਮੱਤੇ ਸਾਹਿਬ ਵਿਚ, ਜਿਹੜਾ ਕਿ ਜ਼ਿਲਾ ਪੀਲੀ-ਭੀਤ ਵਿਚ ਹੈ ਅਤੇ ਆਰ. ਕੇ. ਆਰ. ਦੇ ਖਟੇਮਾਂ ਸਟੇਸ਼ਨ ਤੋਂ ਦਸ ਮੀਲ ਹੈ, ਹਰਾ ਭਰਾ ਮੌਜੂਦ ਹੈ। ਇਸ ਦੀਆਂ ਜੜ੍ਹਾਂ ਜ਼ਮੀਨ ਤੋਂ ਕੋਈ ਦਸ ਬਾਰਾਂ ਫੁਟ ਉੱਚੀਆਂ ਹਨ। ਆਲੇ ਦੁਆਲੇ ਥੜਾ ਬੱਝਾ ਹੋਇਆ ਹੈ। ਇਸ ਦੇ ਮੋਟੇ ਮੋਟੇ ਪੁਰਾਣੇ ਤਣੇ ਉਸੇ ਤਰ੍ਹਾਂ ਝੁਲਸੇ ਹੋਏ ਦਿਸ ਆਉਂਦੇ ਹਨ। ਇਸ ਦੇ ਹਰ ਇਕ ਪੱਤਰ ਤੇ ਪੀਲੇ ਪੀਲੇ ਕੇਸਰ ਦੇ ਨਿਸ਼ਾਨ ਅਜੇ ਤਕ ਵੀ ਕੁਦਰਤੀ ਹੀ ਪਏ ਹੋਏ ਹੁੰਦੇ ਹਨ। ਅਸੀਂ ਆਪ ਦਰਸ਼ਨ ਕੀਤੇ ਹਨ। ਇਸ ਗੁਰਦੁਆਰੇ ਦੇ ਨਾਲ ਕਈ ਪਿੰਡ ਤੇ ਭਾਰੀ ਜੰਗਲ (ਜਾਗੀਰ) ਲੱਗਾ ਹੋਇਆ ਹੈ। ਪਹਿਲੇ ਉਦਾਸੀ ਸਾਧੂ ਮਹੰਤ ਹੁੰਦੇ ਸਨ, ਪਰ ਅਖ਼ੀਰਲੇ ਮਹੰਤ ਦੀਆਂ ਬਦ-ਚਲਨੀਆਂ ਦੇਖ ਕੇ ਹਕੂਮਤ ਨੇ ਗੁਰਦੁਆਰਾ ਸਿੱਖਾਂ ਦੀ ਮੁਕਾਮੀ ਕਮੇਟੀ ਦੇ ਹਵਾਲੇ ਕਰ ਦਿਤਾ ਹੈ, ਜੋ ਇਸ ਵੇਲੇ ਸਰਦਾਰ ਸੰਤੋਖ ਸਿੰਘ ਜੀ ਚੀਫ ਇੰਜੀਨੀਅਰ ਪੀਲੀ ਭੀਤ ਦੀ ਪ੍ਰਧਾਨਗੀ ਹੇਠ ਬੜੀ ਅੱਛੀ ਸੇਵਾ ਨਿਬਾਹ ਰਹੀ ਹੈ ਅਤੇ ਗੁਰਦੁਆਰੇ ਦੀ ਇਮਾਰਤ ਭੀ ਨਵੀਂ ਤਿਆਰ ਕਰ ਰਹੀ ਹੈ।

ਦੀ ਯਾਦ ਪਿੱਪਲ, ਜੋਗੀਆਂ ਦੇ ਅੱਗ ਲਗਾਣ ਕਰਕੇ ਝੁਲਸ ਰਿਹਾ ਹੈ। ਸਤਿਗੁਰਾਂ ਨੇ ਉਸੇ ਵਕਤ ਹੀ ਕੇਸਰ ਦੇ ਛੱਟੇ ਪਿੱਪਲ ਤੇ ਮਾਰੇ ਤੇ ਉਹ ਹਰਾ ਭਰਾ ਹੋ ਗਿਆ। ਮਹਾਰਾਜ ਨੇ ਪਿੱਪਲ ਦੇ ਹੇਠ ਹੀ ਦੀਵਾਨ ਲਗਾਇਆ ਤੇ ਸੋਦਰ ਦਾ ਪਾਠ ਕੀਤਾ। ਜਦੋਂ ਇਹ ਖ਼ਬਰ ਜੋਗੀਆਂ ਨੂੰ ਪੁਜੀ, ਤਾਂ ਉਹ ਵੀ ਜਮਾਤ ਬੰਨ੍ਹ ਆਲੇ ਦੁਆਲੇ ਆਣ ਖੜੋਤੇ ਅਤੇ ਲਗੇ ਗਿਆਨ ਚਰਚਾ ਕਰਨ। ਸਤਿਗੁਰਾਂ ਨੇ ਸਭ ਸੁਆਲਾਂ ਦੇ ਜਵਾਬ ਬੜੀ ਸ਼ਾਂਤੀ ਨਾਲ ਦਿਤੇ ਅਤੇ ਉਨ੍ਹਾਂ ਨੂੰ ਨਿਰੁਤ੍ਰ ਕਰ ਦਿਤਾ। ਓੜਕ ਉਨ੍ਹਾਂ ਨੇ ਕੁਝ ਯੋਗ ਸਿਧੀਆਂ ਭੀ ਦਿਖਾਈਆਂ, ਪਰ ਇਸ ਨਾਟਕ ਚੇਟਕ ਦਾ ਸਤਿਗੁਰਾਂ ਤੇ ਉਨ੍ਹਾਂ ਦੇ ਸਾਥੀਆਂ ਤੇ ਕੀ ਅਸਰ ਪੈਣਾ ਸੀ*। ਓੜਕ ਓਹ

---

*ਯੋਗ ਦੇ ਸਹੀ ਅਭਿਆਸ ਕਰ ਕੇ ਮਾਨਸਕ ਸ਼ਕਤੀਆਂ ਦਾ ਪ੍ਰਾਪਤ ਹੋ ਜਾਣਾ ਇਕ ਪ੍ਰਸਿੱਧ ਗੱਲ ਹੈ। ਜਿਥੇ ਪੁਰਾਣੇ ਸਮੇਂ ਦੇ ਗ੍ਰੰਥਾਂ ਵਿਚ ਇਨ੍ਹਾਂ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ, ਉਥੇ ਮੌਜੂਦਾ ਸਮੇਂ ਵਿਚ ਭੀ "ਮੈਡਮ ਬੇ॰ ਵੈਸਟਕੀ ਦੀ ਤੇ ਉਨ੍ਹਾਂ ਦੇ ਹੋਰ ਥਿਉਸੋਫ਼ਿਸਟ ਸਾਥੀਆਂ ਨੇ ਕਈ ਵੇਰ ਇਨ੍ਹਾਂ ਸਿੱਧੀਆਂ ਦਾ ਮੁਜ਼ਾਹਿਰਾ ਲੋਕਾਂ ਦੇ ਸਾਹਮਣੇ ਕੀਤਾ ਹੈ। ਅੱਜ ਭੀ ਕਈ ਯੋਗੀ ਸਮਾਧੀਆਂ ਤੇ ਸਿੱਧੀਆਂ ਦੇ ਕੌਤਕ ਆਪਣੇ ਆਪਣੇ ਵਿਤ ਮੂਜਬ ਕਈ ਥਾਈਂ ਦਿਖਾਉਂਦੇ ਰਹਿੰਦੇ ਹਨ। ਗੁਰਮਤ ਵਿਚ ਯੋਗ ਤੋਂ ਪ੍ਰਾਪਤ ਹੋਈ ਸਿੱਧੀ ਨੂੰ ਮੰਨਿਆ ਗਿਆ ਹੈ, ਸਲਾਹਿਆ ਨਹੀਂ ਗਿਆ। ਨਾ ਕਦੀ ਇਹ ਨਾਟਕ ਚੇਟਕ ਦਿਖਾ ਕੇ ਦੂਸਰਿਆਂ ਤੇ ਅਸਰ ਪਾਇਆ ਗਿਆ ਹੈ ਅਤੇ ਨਾ ਹੀ ਦੂਸਰਿਆਂ ਦਾ ਅਸਰ ਕਬੂਲਿਆ ਗਿਆ ਹੈ, ਬਲਕਿ ਜਦੋਂ ਭੀ ਕਦੀ ਜੋਗੀਆਂ ਜਾਂ ਸੂਫ਼ੀ ਚਿਲਾ-ਨਸ਼ੀਨਾਂ ਨੇ ਆਪਣੀ ਸਿੱਧੀ ਦਾ ਬਲ ਦਿਖਾਇਆ ਹੈ, ਤਾਂ ਸਤਿਗੁਰਾਂ ਤੇ ਉਨ੍ਹਾਂ ਦੇ ਸਿੱਖਾਂ

(ਬਾਕੀ ਦੇਖੋ ਫੁਟ ਨੋਟ ਸਫ਼ਾ ੧੧੬)

ਅੱਕ ਢੱਕ ਕੇ ਆਪਣੇ ਅਸਥਾਨ ਨੂੰ ਚਲੇ ਗਏ। ਸੱਚੇ ਪਾਤ-ਸ਼ਾਹ ਕੁਝ ਦਿਨ ਇਥੇ ਠਹਿਰੇ ਤੇ ਅਲਮਸਤ ਜੀ ਨੂੰ ਰੰਗ ਲਾ ਵਾਪਸ ਪਰਤੇ, ਕਿਉਂ ਜੋ ਭਾਈ ਸਾਈਂ ਦਾਸ ਜੀ ਦੀਆਂ ਅਰਦਾਸਾਂ ਭੀ ਭਰ ਜੋਬਨ ਤੇ ਸਨ। ਓੜਕ ਹਜ਼ੂਰ ਥਾਨੇਸਰ

---

(ਸਫਾ ੧੧੫ ਦੇ ਫੁਟ ਨੋਟ ਦੀ ਬਾਕੀ)

ਨੇ ਇਸ ਨੂੰ ਸਾਧਾਰਨ ਗੱਲ ਸਮਝ ਕੇ ਨਜ਼ਰ-ਅੰਦਾਜ਼ ਕਰ ਛੱਡਿਆ ਹੈ ਤੇ ਜਦੋਂ ਕਿਸੇ ਨੇ ਸਤਿਗੁਰਾਂ ਪਾਸੋਂ ਅਜਿਹਾ ਬਲ ਪ੍ਰਗਟ ਕਰਨ ਦੀ ਮੰਗ ਕੀਤੀ ਹੈ, ਤਾਂ ਉਨ੍ਹਾਂ ਨੇ ਇਸ ਨੂੰ ਨਾਟਕ ਚੇਟਕ ਸਮਝ ਕੇ ਦਿਖਾਣ ਤੋਂ ਇਨਕਾਰ ਕੀਤਾ ਹੈ, ਜਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੀ ਅਜਿਹੀ ਮੰਗ ਦੇ ਜਵਾਬ ਵਿਚ ਫ਼ਰਮਾਇਆ—"ਨਾਟਕ ਚੇਟਕ ਕੀਏ ਕੁਕਾਜਾ, ਪ੍ਰਭੁ ਲੋਗਨ ਕੋ ਆਵਤ ਲਾਜਾ।" ਇਸ ਬਲ ਪ੍ਰਾਪਤੀ ਨੂੰ ਉਂਵ ਭੀ ਰੂਹਾਨੀ ਉੱਨਤੀ ਦੇ ਰਸਤੇ ਵਿਚ ਇਕ ਵਾਧੂ ਗੱਲ ਸਮਝ ਕੇ ਰੁਕਾਵਟ ਮੰਨਿਆ ਗਿਆ ਹੈ, ਜਿਹਾ ਕਿ ਸ੍ਰੀ ਰਾਗ ਵਿਚ ਜਦ ਪਹਿਲੀ ਪਾਤਸ਼ਾਹੀ ਆਤਮਕ ਉਡਾਰੀਆਂ ਲੈਣ ਵਾਲੇ ਜਗਿਆਸੂ ਨੂੰ ਇਸ ਰਾਹ ਤੇ ਤੁਰਨ ਸਮੇਂ ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਜ਼ਿਕਰ ਕਰਦੇ ਹੋਏ, ਜਿਥੇ ਮਾਲ, ਧਨ, ਰੂਪ ਤੇ ਰਾਜ ਮਦ ਦਾ ਜ਼ਿਕਰ ਕਰਦੇ ਹਨ, ਉਥੇ ਸਿੱਧੀ ਨੂੰ ਭੀ ਚੌਥੀ ਰੁਕਾਵਟ ਦਸਦੇ ਹਨ ਤੇ ਫ਼ਰਮਾਉਂਦੇ ਹਨ ਕਿ "ਹੇ ਜਗਿਆਸੂ, ਜਿਥੇ ਤੈਨੂੰ ਇਸ ਗੱਲ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿ ਮਾਲ, ਧਨ, ਰੂਪ ਤੇ ਰਾਜ ਮਦ ਤੈਨੂੰ ਨਾ ਭਰਮਾ ਦੇਵੇ, ਉਥੇ ਸਿੱਧੀਆਂ ਵਲੋਂ ਭੀ ਹੁਸ਼ਿਆਰ ਰਹੀਂ, ਇਹ ਭੀ ਕਿਧਰੇ ਭੁਲੇਖਾ ਪਾ ਕੇ ਨਾਮ ਨ ਵਿਸਾਰ ਦੇਣ।"

ਇਹ ਥਾਂ ਗੁਰਦੁਆਰਾ ਸ੍ਰੀ ਨਾਨਕ ਮਤੇ ਤੋਂ ਕੋਈ ਦੋ ਤਿੰਨ ਫ਼ਰਲਾਂਗ ਦੇ ਫ਼ਾਸਲੇ ਤੇ ਅੱਜ ਭੀ ਮੌਜੂਦ ਹੈ। ਇਹ ਇਕ ਉੱਚੀ ਜੇਹੀ ਟਿੱਬੀ ਤੇ ਗਹਿਬਰ ਜਿਹਾ ਬਣ ਹੈ। ਇਸ ਨੂੰ ਜੋਗੀਆਂ ਦਾ ਅਸਥਾਨ ਕਿਹਾ ਜਾਂਦਾ ਹੈ। ਅਜ ਕਲ ਉਥੇ ਜੋਗੀ ਕੋਈ ਨਹੀਂ ਰਹਿੰਦਾ। ਸ਼ੇਰ, ਚਿਤ੍ਰੇ ਤੇ ਕਈ ਹੋਰ ਜੰਗਲੀ ਜਾਨਵਰ ਹੀ ਵਾਸ ਕਰਦੇ ਹਨ।

ਹੁੰਦੇ ਹੋਏ ਡਰੌਲੀ ਆ ਪੁੱਜੇ ਤੇ ਭਾਈ ਸਾਈਂ ਦਾਸ ਜੀ ਨੇ ਚਰਨ ਪਰਸ ਦਿਲ ਠੰਡੇ ਕੀਤੇ। ਮਹਾਰਾਜ ਕੁਝ ਚਿਰ ਇਸ ਦੇ ਬਣਾਏ ਹੋਏ ਨਵੇਂ ਮਕਾਨ ਵਿਚ ਇਸ ਦੀ ਸ਼ਰਧਾ ਪੂਰੀ ਕਰਨ ਹਿਤ ਟਿਕੇ ਰਹੇ ਤੇ ਇਥੇ ਹੀ ੧੬੭੦ ਬਿ: ਕੱਤਕ ਦੇ ਚਾਨਣੇ ਪੱਖ ਵਿਚ ਮਾਤਾ ਦਮੋਦਰੀ ਜੀ ਦੀ ਕੁਖੋਂ ਬਾਬਾ ਗੁਰਦਿਤਾ ਜੀ ਨੇ ਜਨਮ ਲਿਆ। ਹੁਣ ਸ੍ਰੀ ਅੰਮ੍ਰਿਤਸਰ ਜੀ ਤੋਂ ਭੀ ਰੋਜ਼ ਬਿਨੇ ਪੱਤ੍ਰ ਪੁਜ ਰਹੇ ਸਨ। ਸੋ ਸਤਿਗੁਰੂ ਪ੍ਰਵਾਰ ਸਮੇਤ ਡਰੌਲੀਓਂ ਤੁਰ ਰਸਤੇ ਵਿਚ ਦਰਸ਼ਨ ਮੇਲੇ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਪੁਜੇ।

ਇਨ੍ਹਾਂ ਦਿਨਾਂ ਵਿਚ ਹੀ ਸਤਿਗੁਰਾਂ ਦੇ ਪਿੱਛੇ ਬਾਬਾ ਬੁੱਢਾ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਹਿਤ ਚੌਂਕੀ ਦਾ ਰਿਵਾਜ ਜਾਰੀ ਕੀਤਾ ਸੀ, ਜਿਸ ਨੂੰ ਆ ਕੇ ਸਤਿਗੁਰਾਂ ਨੇ ਬਹੁਤ ਪਸੰਦ ਕੀਤਾ ਤੇ ਹੁਕਮ ਦਿਤਾ ਕਿ ਹਮੇਸ਼ਾਂ ਪ੍ਰਚਲਤ ਰਹੇ। ਚੁਨਾਂਚਿ ਇਹ ਅਜ ਤਕ ਪ੍ਰਚੱਲਤ ਹੈ।

ਸਤਿਗੁਰਾਂ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਆ ਬਿਰਾਜਣ ਦੀ ਖਬਰ ਸੁਣ, ਚੌਹਾਂ ਪਾਸਿਆਂ ਤੋਂ ਸੰਗਤ ਦਰਸ਼ਨਾਂ ਹਿਤ ਆਉਣ ਲਗ ਪਈ। ਪੈਦੇ ਖਾਂ ਭੀ ਕਰਤਾਰਪੁਰੋਂ ਆਪਣੇ ਸਾਥੀ ਜੋਧਿਆਂ ਸਮੇਤ ਇਥੇ ਆ ਪੁਜਾ। ਉਸ ਨੇ ਕਸਰਤ ਦੇ ਕਰਤਬ ਵਿਖਾਏ, ਜਿਸ ਵਿਚ ਘੋੜ-ਸਵਾਰੀ ਤੇ ਸ਼ਸਤ੍ਰ ਤੋਂ ਬਿਨਾਂ ਬੋਰੀ ਚੁਕਣੀ ਅਤੇ ਚੌਮਣੀਆਂ ਮੁੰਗਲੀਆਂ ਫੇਰਨਾ ਭੀ ਸੀ। ਸਤਿਗੁਰੂ ਜੀ ਇਸ ਦੇ ਕੰਮ ਤੇ ਬੜੇ ਪ੍ਰਸੰਨ ਹੋਏ ਅਤੇ ਇਸ ਨੂੰ ਕੀਮਤੀ ਸ਼ਸਤ੍ਰ ਦੇ ਕੇ ਨਿਹਾਲ ਕੀਤਾ। ਉਸ ਦਿਨ ਤੋਂ ਇਕ ਇਰਾਕੀ ਘੋੜਾ, ਅਤੇ ਖਾਣ ਹਿਤ ਖਾਸ ਤੌਰ ਤੇ

ਘਿਓ, ਮਿੱਠਾ, ਬਦਾਮ ਅਤੇ ਹੋਰ ਤਾਕਤ ਵਾਲੀਆਂ ਗ਼ਜ਼ਾਵਾਂ ਉਸ ਨੂੰ ਦੇਣ ਦਾ ਹੁਕਮ ਭੰਡਾਰੀਆਂ ਨੂੰ ਦਿਤਾ ਗਿਆ।

ਇਨ੍ਹਾਂ ਦਿਨਾਂ ਵਿਚ ਸਤਿਸੰਗ ਦਾ ਪ੍ਰਵਾਹ ਸਦਾ ਵਾਂਗ ਜਾਰੀ ਰਿਹਾ ਅਤੇ ਬੇਅੰਤ ਸਿਖ ਸੰਗਤਾਂ ਨੇ ਸਤਿਗੁਰਾਂ ਦੇ ਸਤਿਸੰਗ ਤੋਂ ਲਾਭ ਉਠਾ ਆਪਣੇ ਜਨਮ ਸਫ਼ਲ ਕੀਤੇ, ਜਿਨ੍ਹਾਂ ਵਿਚੋਂ ਭਾ: ਦਰਗਾਹੀ, ਬੂਲਾ, ਨਿਹਾਲੂ, ਭੱਲਣ, ਤੀਰਥੀਆ, ਤੁਲਸਾ, ਕ੍ਰਿਸ਼ਨਾ, ਬਨਿਵਾਲੀ, ਪ੍ਰਸਰਾਮ, ਰਾਮਾ, ਭਖੀਰਥਾ, ਭਗਵਾਨ ਭਗਤ, ਬੋਦਲ ਕਟਾਰੂ ਆਦਿ ਦੇ ਨਾਮ ਖ਼ਾਸ ਕਥਨ-ਯੋਗ ਹਨ।

## ਤਾਂਘ ਦੀ ਤਾਰ

ਭਾਵੇਂ ਸਤਿਗੁਰੂ ਸਚੇ ਪਾਤਸ਼ਾਹ ਤੇ ਇਨ੍ਹੀਂ ਦਿਨੀਂ ਅੰਮ੍ਰਿਤਸਰ ਟਿਕੇ ਹੋਏ ਸਨ, ਪਰ ਪ੍ਰੇਮੀਆਂ ਦੀਆਂ ਤਾਂਘ ਦੀਆਂ ਤਾਰਾਂ ਤਾਂ ਚੁਤਰਫਿਉਂ ਧੂਆਂ ਪਾ ਰਹੀਆਂ ਸਨ। ਦਰਸ਼ਨ-ਅਭਿਲਾਸ਼ੀ ਇਕ ਤੋਂ ਇਕ ਚੜ੍ਹਦਾ ਸੀ, ਪਰ ਜੋ ਤੁਨਖ ਸ੍ਰੀ ਨਗਰ ਕਸ਼ਮੀਰ ਵਿਚੋਂ ਵਜ ਰਹੀ ਸੀ, ਉਹ ਨਿਰਾਲੀ ਹੀ ਸੀ, ਕਿਉਂ ਜੋ ਉਥੇ ਇਕ ਪ੍ਰੇਮੀ ਦੀਆਂ ਕਜ਼ਾ ਨਾਲ ਬਾਜ਼ੀਆਂ ਲਗ ਰਹੀਆਂ ਸਨ; ਕਾਲ ਨਾਲ ਬਹਿਸ ਹੋ ਰਹੀ ਸੀ; ਮੌਤ ਨੂੰ ਮੋੜਿਆ ਜਾ ਰਿਹਾ ਸੀ। ਇਕ ਬਿਰਧ ਮਾਈ "ਭਾਗ-ਭਰੀ" ਨਾਮ ਗੁਰੂ ਦਰਸ਼ਨਾਂ ਦੀ ਤਾਂਘ ਵਿਚ ਉਤਾਵਲੇ ਕਾਲ ਨਾਲ ਸਿਰੜ ਬੰਨ੍ਹੀ ਬੈਠੀ ਸੀ। ਮਾਈ ਦਾ ਸਰੀਰ ਬ੍ਰਿਧ ਹੋ ਗਿਆ ਸੀ; ਕਾਲ ਸਮੇਟਣਾ ਚਾਹੁੰਦਾ ਸੀ, ਪਰ ਮਾਈ ਗੁਰ-

ਦਰਸ਼ਨਾਂ ਦੀ ਪੂੰਜੀ ਤੋਂ ਬਿਨਾਂ ਪ੍ਰਲੋਕ ਦੇ ਪੈਂਡੇ ਪੈਣਾ ਨਹੀਂ ਸੀ ਚਾਹੁੰਦੀ। ਲਾਗ ਪੁਤ੍ਰ ਤੋਂ ਲੱਗੀ ਸੀ। ਮਾਈ ਦਾ ਬੇਟਾ ਸੇਵਾਦਾਸ ਸੀ, ਜਿਸਨੇ ਸ਼ਹੀਦ ਸਤਿਗੁਰਾਂ ਦੇ ਭੇਜੇ ਹੋਏ ਗੁਰਮਤ ਪ੍ਰਚਾਰਕ "ਸੋਢੀ ਮਾਧੋ ਦਾਸ" ਜੀ ਦੀ ਸੰਗਤ ਤੋਂ ਸਿੱਖੀ ਪ੍ਰਾਪਤ ਕੀਤੀ ਸੀ। ਸੇਵਾ ਦਾਸ ਦੀ ਗ਼ਰੀਬੀ, ਪੰਧ ਦੀ ਦੂਰੀ ਤੇ ਬ੍ਰਿਧ ਮਾਈ ਦੀ ਸੇਵਾ ਉਸ ਨੂੰ ਸ੍ਰੀ ਨਗਰੋਂ ਤੁਰ ਅੰਮ੍ਰਿਤਸਰ ਆ ਗੁਰੂ ਦਰਸ਼ਨ ਕਰਨ ਤੋਂ ਰੋਕ ਰਹੀ ਸੀ, ਪਰ ਉਹ ਸਾਰੀਆਂ ਮਜਬੂਰੀਆਂ ਦਾ ਇਲਾਜ ਸਿਦਕ ਭਰੀਆਂ ਉਡੀਕਾਂ ਨਾਲ ਹੀ ਕਰ ਰਿਹਾ ਸੀ। ਮਾਤਾ ਭਾਗ ਭਰੀ ਜੀ ਨੂੰ ਭੀ ਪੁਤ੍ਰ ਤੋਂ ਭਾਗ ਲਗੇ ਸਨ। ਗੁਰੂ ਦਰਸ਼ਨਾਂ ਦੀ ਤਾਂਘ ਹਿਰਦੇ ਵਿਚ ਉਠੀ ਤੇ ਅਜਿਹਾ ਜ਼ੋਰ ਪਾ ਗਈ ਕਿ ਸਭ ਦੇ ਉਤੋਂ ਦੀ ਹੋ ਪਈ ਤੇ ਗੁਰੂ ਚਰਨਾਂ ਤਕ ਜਾ ਪੁਜੀ। ਸਤਿਗੁਰੂ ਖਿੱਚੇ ਹੋਏ ਕਸ਼ਮੀਰ ਨੂੰ ਢਾਹੋ-ਦਾਹੀ ਸਵਾਰ ਹੋ ਤੁਰੇ।

ਭਾਗ ਭਰੀ ਜੀ ਨੇ ਸਤਿਗੁਰਾਂ ਦੀ ਭੇਟ ਕਰਨ ਹਿਤ ਇਕ ਗਰਮ ਚੋਗਾ ਤਿਆਰ ਕੀਤਾ ਸੀ। ਉਸ ਨੇ ਸੁੰਦਰ ਉਨ ਲੈ ਉਸ ਦਾ ਵਾਲ ਵਾਲ ਕੰਘੀ ਵਿਚੋਂ ਕਢਿਆ ਸੀ। ਉਹ ਪ੍ਰੀਤ ਤੇ ਲਗਨ ਨਾਲ ਉਨ ਸਾਫ਼ ਕਰਦੀ ਤੇ ਦੇਖਣ ਵਾਲਿਆਂ ਨੂੰ ਕਹਿੰਦੀ, "ਇਹ ਉਨ ਸੱਚੇ ਪਾਤਸ਼ਾਹ ਦੇ ਜਾਮੇ ਲਈ ਸਵਾਰ ਰਹੀ ਹਾਂ। ਇਸ ਦਾ ਵਾਲ ਵਾਲ ਸ਼ਾਫ਼ ਹੋਣ ਨਾਲ ਮੇਰਾ ਰੋਮ ਰੋਮ ਪਵਿਤ੍ਰ ਹੁੰਦਾ ਹੈ। ਉਸ ਨੇ ਤਾਂਘ ਭਰੇ ਮਨ ਨਾਲ ਚਰਖ਼ਾ ਡਾਹਿਆ ਤੇ ਉਨ ਕਤਣੀ ਸ਼ੁਰੂ ਕੀਤੀ। ਉਸ ਨੇ ਉਨ ਕੱਤੀ। ਸੱਚੀਂ ਮੁਚੀਂ ਉਹ ਕਤਾਈ ਕੀਤੀ, ਜਿਸ ਨੂੰ ਕਿ ਸਾਡੇ ਦੇਸ ਦੇ ਕਿਸੇ ਸੰਤ ਨੇ ਇਨ੍ਹਾਂ ਸ਼ਬਦਾਂ ਵਿਚ ਕਿਹਾ ਹੈ—

ਕਰ ਤਗੜੀ ਮਾਹਲ ਸਿਆਣੀ ਨੂੰ,
ਰੋ ਪਿਛਲੀ ਰੈਣ ਵਿਹਾਣੀ ਨੂੰ,
ਜੇ ਸੂਤ ਨ ਮਿਲਿਓ ਈ ਤਾਣੀ ਨੂੰ,
ਫਿਰ ਪੇਟਾ ਕਿਵੇਂ ਬਣਾਵੇਂਗੀ।
ਕਤ ਚਰਖ਼ਾ ਸ਼ਾਮ ਮਨਾਵੇਗੀ।

ਮਾਈ ਭਾਗ ਭਰੀ ਮੱਚੀਂ ਮੁਚੀਂ ਚਰਖ਼ਾ ਕੱਤ ਕੇ ਆਪਣੇ ਇਸ਼ਟ ਨੂੰ ਰੀਝਾ ਰਹੀ ਸੀ। ਉਹ ਪਿਛਲੀ ਬੀਤੀ ਨੂੰ ਪਛਤਾ, ਰਹਿੰਦੀ ਦੇ ਸਵਾਰਨ ਵਿਚ ਜੁੱਟੀ ਹੋਈ ਸੀ। ਉਸ ਨੇ ਮਾਹਲ ਨੂੰ ਸਵਾਰ ਲਿਆ ਸੀ ਤੇ ਸੂਤਰ ਬਣਾਉਣ ਵਿਚ ਰੁਝੀ ਹੋਈ ਸੀ। ਓੜਕ ਉਸ ਦੇ ਪ੍ਰੇਮ-ਮਨੋਰਥ ਨੂੰ ਭਾਗ ਲਗੇ। ਭਾਗ ਭਰੀ ਪਹਿਨਣਹਾਰ ਦੀ ਉਡੀਕ ਵਿਚ ਮਗਨ ਹੋ ਬੈਠੀ।

ਓਧਰ ਮਾਈ ਭਾਗ ਭਰੀ ਪਸ਼ਮੀਨੇ ਦੀਆਂ ਤਾਰਾਂ ਤੱਕਲੇ ਵਿਚੋਂ ਕਢ ਰਹੀ ਸੀ ਅਤੇ ਨਾਲ ਨਾਲ ਗੁਰੂ-ਦਰਸ਼ਨਾਂ ਦਾ ਧਿਆਨ ਧਰ ਲੂੰਆਂ ਵਿਚ ਇਹ ਬਚਨ ਦੁਹਰਾਂਦੀ ਜਾਂਦੀ ਸੀ—

"ਸ਼ਕਤਹੀਨ ਕਿਮ ਗਮਨੋ ਸੁਆਮੀ,
ਘਟ ਬਿਆਪਕ ਅੰਤਰਜਾਮੀ,
ਦਾਸਨ ਕਰੋ ਕਾਮਨਾਂ ਪੂਰਨ,
ਹੋਰ ਪ੍ਰੇਮ ਕੋ ਪਹੁੰਚੋ ਤੂਰਨ।

ਏਧਰ ਮਾਈ ਦੀ ਤਾਰ ਤਾਰ ਨਾਲ ਸਤਿਗੁਰਾਂ ਦੇ ਹਿਰਦੇ ਤਾਰ ਵਿਚ ਤਾਰ ਹਿਲ ਰਹੀ ਸੀ। ਸਤਿਗੁਰੂ ਤੇਜ਼ ਰਫਤਾਰ ਘੋੜੇ ਤੇ ਸਵਾਰ ਹੋ ਰਵਾਨਾ ਹੋ ਪਏ ਅਤੇ ਚਪਰਾਹੜ (ਸਿਆਲਕੋਟ), ਰਹਿਸਿਆਣਾ, ਗਲੋਟੀਆਂ, ਵਜ਼ੀਰਾਬਾਦ,

ਮੀਰਪੁਰ, ਭਿਮਬਰ, ਬਹਿਰਾਮ ਗਲੇ ਅਤੇ ਸਪੀਸਨ ਦੇ ਮੈਦਾਨ ਬਾਈਂ ਹੁੰਦੇ ਹੋਏ, ਸ੍ਰੀ ਨਗਰ ਜਾ ਪੁਜੇ। ਉਡੀਕ-ਵਾਨਾਂ ਨੂੰ ਤਾਂ ਹੀ ਪਤਾ ਲਗਾ, ਜਾਂ ਘੋੜੇ ਦੀਆਂ ਟਾਪਾਂ ਬੂਹੇ ਅਗੇ ਜਾ ਪਈਆਂ। ਸੇਵਾ ਦਾਸ ਜੀ ਘਰੋਂ ਬਾਹਰ ਨਿਕਲੇ ਅਤੇ ਦਰਸ਼ਨ ਕਰ, ਜੋ ਪ੍ਰਸੰਨਤਾ ਉਹਨਾਂ ਨੂੰ ਪ੍ਰਾਪਤ ਹੋਈ, ਉਸ ਦਾ ਕਥਨ ਕੀ ਕੀਤਾ ਜਾ ਸਕਦਾ ਹੈ। ਨਿਰਧਨ ਨੂੰ ਧਨ, ਅੰਧਲੇ ਨੂੰ ਨੈਨ, ਭੌਰੇ ਨੂੰ ਕੰਵਲ ਅਤੇ ਮੱਛੀ ਨੂੰ ਜਲ ਮਿਲਣ ਨਾਲ ਭੀ ਇਤਨੀ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ, ਜੋ ਭਾਈ ਸੇਵਾ ਦਾਸ ਜੀ ਨੂੰ ਗੁਰੂ ਦਰਸ ਪਰਸ ਇਸ ਸਮੇਂ ਹੋਈ। ਕਿਉਂ ਜੋ ਇਹ ਚੀਜ਼ਾਂ ਭਾਵੇਂ ਹੈਨ ਤਾਂ ਤਾਲਬਾਂ ਲਈ ਡਾਢੀਆਂ ਸੁਖਦਾਈ, ਪਰ ਫਿਰ ਭੀ ਅਨਸਥਿਰ ਹਨ। ਗੁਰੂ ਦਰਸ਼ਨ, ਸਿਥਰ ਤੇ ਸਦੈਵੀ ਸੁਖਦਾਇਕ ਹੋਣ ਕਰ ਕੇ, ਇਹਨਾਂ ਮਿਸਾਲਾਂ ਨਾਲ ਤੋਲੇ ਨਹੀਂ ਜਾ ਸਕਦੇ। ਸੇਵਾ ਦਾਸ ਅਗੇ ਵਧਿਆ ਹੀ ਸੀ ਕਿ ਉਹ ਸੁਹੇਲੇ (ਸਤਿਗੁਰਾਂ ਦਾ ਘੋੜਾ) ਦੇ ਸੁੰਮਾਂ ਤੇ ਸਿਰ ਰਖ, ਪ੍ਰੇਮ ਸੁਖ ਨੂੰ ਪ੍ਰਾਪਤ ਹੋਏ, ਕਿ ਸਤਿਗੁਰਾਂ ਨੇ ਜ਼ੀਨ ਤੋਂ ਉਤ੍ਰਦਿਆਂ ਹੱਥਾਂ ਤੇ ਬੋਚ ਕੇ ਫਰਮਾਇਆ, "ਸੇਵਾ ਦਾਸ, ਤੂੰ ਨਿਹਾਲ! ਹੁਣ ਛੇਤੀ ਕਰ। ਮਾਈ ਨੂੰ ਬੁਲਾ। ਸਾਨੂੰ ਚੋਗਾ ਪਹਿਨਾਵੇ। ਅਸੀਂ ਝਾਂਘ ਵਿਚ ਕਿਥੋਂ ਤੁਰੇ ਹਾਂ।"

ਸੇਵਾ ਦਾਸ ਭੱਜਾ ਭੱਜਾ ਅੰਦਰ ਗਿਆ ਤੇ ਬ੍ਰਿਧ ਮਾਤਾ ਨੂੰ ਸਤਿਗੁਰਾਂ ਦੇ ਆਉਣ ਦੀ ਖ਼ੁਸ਼ਖ਼ਬਰੀ ਜਾ ਦਿਤੀ। ਮਾਤਾ ਕੰਬਦਿਆਂ ਹੋਇਆਂ ਹੱਥਾਂ ਵਿਚ ਚੋਲੇ ਦੀ ਭੇਟਾ ਫੜੀ ਪ੍ਰੇਮ ਵੱਸ ਸੱਜਲ ਨੈਣਾਂ ਨਾਲ ਭੱਜ ਕੇ ਬਾਹਰ ਆਈ। ਇਤਨੇ ਨੂੰ ਗ਼ਰੀਬ-ਨਿਵਾਜ਼ ਭੀ ਦਰਵਾਜ਼ਾ ਲੰਘ ਚੁਕੇ ਸਨ। ਮਾਈ ਦਾ

ਚਰਨਾਂ ਤੇ ਡਿਗਣ ਹੀ ਲੱਗੀ ਸੀ ਕਿ ਸਤਿਗੁਰਾਂ ਨੇ ਥੰਮ ਕੇ ਫਰਮਾਇਆ, "ਭਾਗ ਭਰੀ ਮਾਤਾ ਦੀ ਥਾਂ ਚਰਨਾਂ ਤੇ ਨਹੀਂ, ਸੀਨੇ ਨਾਲ ਹੈ। ਆ ਮਾਤਾ, ਸਾਨੂੰ ਸੀਨੇ ਨਾਲ ਲਗਾ।" ਗਲਵੱਕੜੀਆਂ ਪੈ ਗਈਆਂ। ਪਰਸਪਰ ਪ੍ਰੇਮ ਦੀਆਂ ਕਾਂਗਾਂ ਆ ਗਈਆਂ। ਗੁਰੂ ਸਿਖ ਦੋਹਾਂ ਦੇ ਨੈਣ ਬਹਿ ਤੁਰੇ ਤੇ ਮਾਤਾ ਭਾਗ ਭਰੀ ਦੀ ਸਿਖ ਆਤਮਾ ਨੈਣਾਂ ਦੇ ਰਾਹੀਂ ਵੱਗ ਕਤਰੇ ਵਾਂਗ ਗੁਰ ਸਾਗਰ ਵਿਚ ਸਮਾ ਗਈ। ਕੁਝ ਚਿਰ ਬਿਹਬਲਤਾ ਦੀ ਅਵਸਥਾ ਰਹੀ, "ਹਉ ਲੋਟ ਪੋਟ ਹੋ ਰਹੀਆਂ" ਦਾ ਰੰਗ ਬੱਝਾ ਰਿਹਾ। ਓੜਕ ਸਤਿਗੁਰਾਂ ਨੇ ਇਸ ਪ੍ਰੇਮ-ਮਸਤੀ ਦੀ ਚੁਪਤਾਰ ਨੂੰ ਤੋੜਦਿਆਂ ਹੋਇਆਂ ਕਿਹਾ, "ਮਾਤਾ, ਸਾਨੂੰ ਚੋਲਾ ਪਹਿਨਾਓ। ਅਸੀਂ ਉਹ ਦੀ ਤਾਂਘ ਵਿਚ ਕਿਡੀ ਦੂਰੋਂ ਭੱਜੇ ਆਏ ਹਾਂ। ਛੇਤੀ ਕਰੋ।"

ਮਾਤਾ ਭਾਗ ਭਰੀ ਨੇ ਚੋਲਾ ਖੋਲ੍ਹਿਆ, ਸਾਹਿਬਾਂ ਨੂੰ ਪਹਿਨਾਇਆ, ਪਹਿਨਾ ਕੇ ਤੱਕਿਆ, ਦੈਵੀ ਸਰੀਰ ਤੇ ਹੱਥ ਫੇਰਿਆ ਤੇ ਕਿਹਾ, "ਮੇਰੇ ਅੱਜ ਧੰਨ ਭਾਗ ਹਨ। ਜਾਮਾ ਦਿਤਾ ਹੈ ਤੇ ਜੀਵਨ ਲਿਆ ਹੈ।"

ਸਤਿਗੁਰੂ ਮਾਤਾ ਭਾਗ ਭਰੀ ਦੇ ਘਰ ਹੀ ਟਿਕੇ ਰਹੇ ਤੇ ਮਾਤਾ ਨੇ, ਉਹਨਾਂ ਦੀ ਹਜ਼ੂਰੀ ਵਿਚ ਹੀ ਸਰੀਰ ਛੱਡ ਸੱਚ ਮੁਚ ਭਾਗ ਭਰੀ ਹੋ, ਸੱਚ ਖੰਡ ਜਾ ਨਿਵਾਸ ਕੀਤਾ।

## ਸੇਵਕ ਨੂੰ ਮਾਨ

ਸੱਚੇ ਪਾਤਸ਼ਾਹ ਹੁਣ ਸ੍ਰੀ ਨਗਰ ਵਿਚ ਸੇਵਾ ਦਾਸ ਦੇ

†ਘਰ ਹੀ ਠਹਿਰੇ ਹੋਏ ਸਨ। ਸੰਗਤਾਂ ਹਰ ਪਾਸਿਉਂ ਦਰਸ਼ਨਾਂ ਹਿਤ ਆਉਂਦੀਆਂ ਅਤੇ ਜੀਵਨ ਦਾਨ ਲੈ ਜਾਂਦੀਆਂ ਸਨ। ਗੁਰਮਤ ਦੇ ਸਰਬ ਸਧਾਰਨ ਪ੍ਰਚਾਰ ਤੋਂ ਬਿਨਾਂ ਇਥੇ ਬਹੁਤ ਸਾਰੇ ਉਹਨਾਂ ਪ੍ਰਾਣੀਆਂ ਨੂੰ ਭੀ ਸਿਖ ਧਰਮ ਵਿਚ ਪ੍ਰਵੇਸ਼ ਕਰਾਇਆ ਗਿਆ, ਜੋ ਮੁਸਲਮਾਨੀ ਰਾਜ ਦੇ ਹੌਸਲੇ ਤੇ ਜਬਰ ਕਰਨ ਵਾਲੇ ਮੁਤੱਸਬ ਮੌਲਵੀਆਂ ਦੇ ਦਬਾ ਹੇਠ ਆ ਕੇ ਮੁਸਲਮਾਨ ਹੋ ਗਏ ਸਨ। ਕਸ਼ਮੀਰ ਭਾਵੇਂ ਕੁਦਰਤੀ ਤੌਰ ਤੇ ਹਰਾ ਭਰਾ, ਫੁਲਾਂ ਫੱਲਾਂ ਨਾਲ ਲਦਿਆ, ਕੁਦਰਤੀ ਚਸ਼ਮਿਆਂ ਅਤੇ ਬਾਗ਼ਾਂ ਨਾਲ ਸਜਿਆ ਹੋਇਆ ਮੁਲਕ ਸੀ, ਪਰ ਇਥੋਂ ਦੇ ਨਿਵਾਸੀਆਂ ਦੇ ਮਨ-ਕੰਵਲ ਸਦਾ ਹੀ ਮੁਤੱਸਬ ਹਾਕਮਾਂ ਦੇ ਜਬਰ ਤੇ ਧੱਕੇ ਦੇ ਕਾਰਨ ਮੁਰਝਾਏ ਰਹਿੰਦੇ ਸਨ। ਬਾਟਲੇ ਤਾਂ ਇਸ ਤਪਸ਼ ਦਾ ਮੁਕਾਬਲਾ ਨਾ ਕਰ ਸਕਣ ਦੇ ਕਾਰਨ ਝੁਲਸ ਕੇ ਸੁਆਹ ਹੋ ਗਏ ਸਨ। ਭਾਵ ਕੀ ਉਹਨਾਂ ਨੇ ਧਰਮ, ਤਿਆਗ, ਤੇ ਪਤਿਤ ਜੀਵਨ ਧਾਰਨ ਕਰ ਲਿਆ ਸੀ। ਸਤਿਗੁਰਾਂ ਦੇ ਚਰਨ ਪਾਵਣ ਨਾਲ ਸਿਖ ਫੁਲਵਾੜੀ ਵਿਚ ਬਹਾਰ ਆ ਗਈ ਸੀ। ਸਭ ਸੰਗਤ ਦੇ ਪ੍ਰਵਾਹ, ਸੇਵਾ ਦੀਆਂ ਠੰਢੀਆਂ ਵਾਯੂਆਂ ਤੇ ਅੰਮ੍ਰਿਤ ਬਚਨਾਂ ਦੀ ਫੁਵਾਰ ਨੇ ਮੁਰਝਾਏ ਹੋਏ ਹਿਰਦੇ ਰੂਪੀ ਕੰਵਲਾਂ ਵਿਚ ਖੇੜਾ ਪੈਦਾ ਕਰ ਦਿਤਾ ਸੀ। ਇਸ ਆਤਮ ਰਸ ਰੰਗ ਦੀ ਖਿੜੀ ਬਸੰਤ ਵਿਚ ਪਿਆਰ ਦੀ ਇਕ ਅਜਬ

---

†ਇਹ ਥਾਂ ਸ੍ਰੀ ਨਗਰ ਦੇ ਕਾਠੀ ਦਰਵਾਜ਼ੇ ਤੋਂ ਬਾਹਰ ਹੈ ਤੇ ਇਥੇ ਅੱਜ ਕਲ ਗੁਰਦੁਆਰਾ ਹੈ। ਇੰਤਜ਼ਾਮ ਇਕ ਕਮੇਟੀ ਦੇ ਹੱਥ ਵਿਚ ਹੈ। ਗੁਰੂ ਸਾਹਿਬ ਨੇ ਆਪਣੀ ਹਾਜ਼ਰੀ ਵਿਚ ਹੀ ਸੇਵਾ ਦਾਸ ਨੂੰ ਮਸੰਦ ਥਾਪ ਕੇ ਇਹ ਗੁਰਦੁਆਰਾ ਕਾਇਮ ਕੀਤਾ ਸੀ।

ਲੀਲ੍ਹਾ ਹੋਈ।

ਗੁਰੂ ਘਰ ਵਿਚ ਸ਼ੁਰੂ ਤੋਂ ਹੀ ਰਿਵਾਜ ਹੈ ਕਿ ਜਦੋਂ ਭੀ ਕੋਈ ਗੁਰਸਿਖ ਕਿਸੇ ਦੂਜੇ ਗੁਰਭਾਈ ਨੂੰ ਮਿਲਣ ਜਾਵੇ, ਸੰਗਤਾਂ ਦੇ ਦਰਸ਼ਨ ਕਰਨ ਚੱਲੇ, ਜਾਂ ਗੁਰਦੁਆਰੇ ਪੁਜ ਗੁਰ· ਚਰਨਾਂ ਤੇ ਮੱਥਾ ਟੇਕਨ ਦਾ ਸੁਭਾਗ ਪ੍ਰਾਪਤ ਕਰਨਾ ਚਾਹੇ, ਤਦ ਓਹ ਕੁਝ ਨਾ ਕੁਝ ਪ੍ਰੇਮ ਭੇਟਾ ਆਪਣੇ ਵਿਤ ਅਨੁਸਾਰ ਜ਼ਰੂਰ ਲੈ ਜਾਂਦਾ ਹੈ। ਕਸ਼ਮੀਰ ਵਿਚ ਭੀ ਇਨ੍ਹੀ ਦਿਨੀਂ ਏਹੋ ਪ੍ਰਵਾਹ ਚਲ ਰਿਹਾ ਸੀ। ਇਕ ਦਿਨ ਅਜੇਹਾ ਇਤਫਾਕ ਹੋਇਆ ਕਿ ਪਹਾੜੀ ਸੰਗਤ ਦਾਇਕ ਜੱਥਾ, ਜੋ ਸਤਿਗੁਰਾਂ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ ਤੇ ਜਿਸ ਦੇ ਕੋਲ ਸਤਿਗੁਰਾਂ ਦੇ ਅਗੇ ਭੇਟ ਧਰਨ ਹਿਤ ਸੁਆਦਿਸ਼ਟ ਫਲ ਅਤੇ ਤਾਜ਼ਾ ਚੋਇਆ ਸ਼ਹਿਦ ਸੀ, ਰਸਤੇ ਵਿਚ ਉਹਨਾਂ ਨੂੰ †ਭਾਈ ਕਟੂ ਸਾਹਿਬ ਮਿਲ ਪਏ। ਭਾਈ ਸਾਹਿਬ ਨੇ ਸੰਗਤ ਦੇ ਮੁਖੀ ਨੂੰ ਕਿਹਾ, "ਸਾਨੂੰ ਖੁਦਿਆ ਲਗ ਰਹੀ ਹੈ। ਜੇ ਕੁਝ ਖ਼ਾਣ ਨੂੰ ਹੈ, ਤਾਂ ਸਾਨੂੰ ਦਿਓ।"

ਸੰਗਤ ਦੇ ਮੁਖੀ ਨੇ ਕਿਹਾ, "ਸਾਡੇ ਕੋਲ ਸਵਾਦਿਸ਼ਟ ਫਲ ਅਤੇ ਸ਼ਹਿਦ ਹੈ ਤਾਂ ਸਹੀ, ਪਰ ਅਸਾਂ ਪਹਿਲੇ ਸਤਿਗੁਰਾਂ ਦੀ ਭੇਟ ਕਰਨਾ ਹੈ। ਜਦ ਤਕ ਭੇਟ ਪ੍ਰਵਾਨ ਹੋ ਪ੍ਰਸ਼ਾਦ ਨਾ ਹੋ ਜਾਏ, ਵੰਡਿਆ ਨਹੀਂ ਜਾ ਸਕਦਾ।"

---

†ਭਾਈ ਕਟੂ ਸ਼ਾਹ ਗੁਰ-ਸਿੱਖੀ ਦੇ ਪ੍ਰਚਾਰ ਕਰਨ ਵਾਲਿਆਂ ਮਸੰਦਾਂ ਵਿਚੋਂ ਪੂਰਨ ਪੁਰਖ ਹੋਏ ਹਨ। ਇਹਨਾਂ ਨੇ ਕਸ਼ਮੀਰ ਵਿਚ ਰਹਿ ਕੇ ਗੁਰਮਤ ਦਾ ਭਾਰੀ ਪ੍ਰਚਾਰ ਕੀਤਾ ਹੈ। ਸਤਿਗੁਰੂ ਇਹਨਾਂ ਦੀ ਘਾਲ ਤੇ ਬੜੇ ਪ੍ਰਸੰਨ ਸਨ।

"ਜੋ ਤੁਹਾਡੀ ਰਜ਼ਾ !" ਕਹਿ ਭਾਈ ਕਟੂ ਸਾਹਿਬ ਤਾਂ ਆਪਣੇ ਰਾਹੇ ਪੈ ਗਏ। ਪਰ ਜਦੋਂ ਇਹ ਜੱਥਾ ਸਤਿਗੁਰਾਂ ਦੇ ਹਜ਼ੂਰ ਜਾ ਹਾਜ਼ਰ ਹੋਇਆ ਤੇ ਉਹਨਾਂ ਦ ਮੁਖੀ ਨੇ, ਜਿਸ ਦੇ ਸੰਸਕਾਰ ਕੁਝ ਬ੍ਰਾਹਮਣਕ ਮਨ ਦੇ ਸਨ, ਆਪਣੀ ਭੇਟਾ ਸ਼ਹਿਦ ਤੇ ਫਲ ਖਾਸ ਸਤਿਗੁਰਾਂ ਦੇ ਛਕਣ ਹਿਤ ਹਖੇ ਜਾਣ ਤੇ ਹਠ ਕੀਤਾ ਤੇ ਜਦ ਅਰਦਾਸੀਏ ਨੇ ਉਸ ਦੇ ਹਠ ਤੇ ਉਹ ਚੀਜ਼ਾਂ ਸਤਿਗੁਰਾਂ ਅਗੇ ਰਖ, ਛਕਣ ਹਿਤ ਸਾਹਿਬਾਂ ਅਗੇ ਬੇਨਤੀ ਕੀਤੀ ਤਾਂ ਸਤਿਗੁਰਾਂ ਨੇ ਫਰਮਾਇਆ, "ਇਹ ਸ਼ਹਿਦ ਤੇ ਫਲ ਸਾਡੇ ਅਗੋਂ ਹਟਾ ਲਓ। ਇਹ ਛਕੇ ਕਿਸ ਤਰ੍ਹਾਂ ਜਾਣ ? ਇਹਨਾਂ ਵਿਚੋਂ ਬੂ ਆ ਰਹੀ ਹੈ।" ਤਦ ਉਸ ਮੁਖੀ ਨੇ ਹੈਰਾਨ ਹੋ ਬੇਨਤੀ ਕੀਤੀ, "ਪਾਤਸ਼ਾਹ, ਅਸੀਂ ਘਰੋਂ ਤਾਜ਼ਾ ਸ਼ਹਿਦ ਅਤੇ ਫਲ ਲੈ ਕੇ ਚਲੇ ਸਾਂ। ਇਹ ਮੁਸ਼ਕ ਕਿਸ ਤਰ੍ਹਾਂ ਗਏ ?"

ਸ: ਪਾ:—"ਰਸਤੇ ਵਿਚ ਕੋਈ ਵਿਘਨ ਪੈ ਗਿਆ ਹੋਣਾ ਹੈ।"

ਮੁ:—"ਹਜ਼ੂਰ, ਹੋਰ ਤਾਂ ਕੁਝ ਨਹੀਂ ਹੋਇਆ। ਭਾਈ ਕਟੂ ਸਾਹਿਬ ਰਾਹ ਵਿਚ ਮਿਲੇ ਸਨ ਅਤੇ ਉਹਨਾਂ ਨੇ ਕੁਝ ਹਿਸਾ ਛਕਣ ਹਿਤ ਵਿਚੋਂ ਮੰਗਿਆ ਸੀ, ਪਰ ਮੈਂ ਇਸ ਖ਼ਿਆਲ ਨਾਲ ਕਿ ਪਹਿਲਾਂ ਹਜ਼ੂਰ ਨੂੰ ਭੋਗ ਲਗਾਇਆ ਜਾਏ, ਉਹਨਾਂ ਨੂੰ ਦੇਣ ਤੋਂ ਇਨਕਾਰ ਕਰ ਦਿਤਾ ਸੀ।"

ਸ: ਪਾ:—"ਹੁਣ ਪਤਾ ਲਗਾ ਕਿ ਇਹਦੇ ਵਿਚੋਂ ਮੁਸ਼ਕ ਕਿਤੋਂ ਆ ਰਿਹਾ ਹੈ। ਇਹ ਵਸਤ ਗੁਰੂ ਘਰ ਦੀ ਹਜ਼ੂਰੀ ਦੇ ਲਾਇਕ ਨਹੀਂ ਰਹੀ। ਮਨਮਤ ਦਾ ਵਰਤਾਰਾ ਹੋਇਆ ਹੈ। ਗੁਰਮਤ ਗੁਰੂ-ਪ੍ਰੀਤੀ ਹੈ। ਤੇ ਗੁਰ ਪ੍ਰੀਤ ਸਿਖ ਦੇ ਮੁਖ ਵਿਚ

ਆਹਾਰ ਪਾਉਣਾ ਹੀ ਹੈ। ਤੁਹਾਡੀ ਬਿਰਤੀ ਕਰਮ-ਕਾਂਡੀਆਂ ਵਾਲੀ ਹੈ। ਪਰ ਸਤਿਗੁਰਾਂ ਦੇ ਘਰ ਪ੍ਰੇਮ ਪ੍ਰਵਾਨ ਹੁੰਦਾ ਹੈ। ਭਾਵਨੀ ਭਗਤ ਦੀ ਕੌਡੀ ਇਸ ਘਰ ਵਿਚ ਸਤਿਕਾਰੀ ਜਾਂਦੀ ਹੈ।"

ਮੁ:—"ਗ਼ਰੀਬ-ਨਿਵਾਜ਼ ਭੁਲ ਹੋਈ। ਟਪਲਾ ਲਗਾ। ਬਖ਼ਸ਼ੋ ਤੇ ਸਿੱਧੇ ਰਾਹ ਪਾਓ।"

ਸ: ਪਾ:—"ਸਿੱਧਾ ਰਾਹ, ਭਾਈ ਕਟੂ ਸਾਹਿਬ ਕੋਲ ਜਾਣਾ ਹੈ ਤੇ ਪਦਾਰਥ ਉਹਨਾਂ ਨੂੰ ਛਕਾ, ਸਫਲ ਕਰਨਾ ਹੈ। ਉਹਨਾਂ ਦੀਆਂ ਖੁਸ਼ੀਆਂ ਹੀ ਇਸ ਭੇਟ ਨੂੰ ਗੁਰੂ ਘਰ ਵਿਚ ਕਬੂਲਣ ਦੇ ਯੋਗ ਬਣਾ ਸਕਦੀਆਂ ਹਨ।"

ਮੁਖੀ ਆਪਣੇ ਸਾਥੀਆਂ ਸਮੇਤ ਫਿਰ ਭੌਂ ਕੇ ਕਟੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਸਾਰੀ ਵਾਰਤਾ ਸੁਣਾ, ਬੇਨਤੀ ਕੀਤੀਓ ਸੁ, "ਭਾਈ ਸਾਹਿਬ, ਆਪ ਇਸ ਸ਼ਹਿਦ ਨੂੰ ਛਕੋ, ਤਾਕਿ ਬਾਕੀ ਦਾ ਪ੍ਰਵਾਨਗੀ ਦੇ ਯੋਗ ਹੋ ਸਕੇ।"

ਭਾਈ ਸਾਹਿਬ ਨੇ ਉਸ ਭੇਟ ਵਿਚੋਂ ਕੁਝ ਕੁ ਮੂੰਹ ਪਾਇਆ ਤੇ ਫਿਰ ਇਸ ਸਾਰੀ ਪ੍ਰੇਮ ਲੀਲ੍ਹਾ ਦਾ ਤਾਤਪਰਜ ਉਹਨਾਂ ਨੂੰ ਸਮਝਾਂਦਿਆਂ ਹੋਇਆਂ ਦੱਸਿਆ, "ਗੁਰੂ ਦਾ ਘਰ ਗਰੀਬ-ਨਿਵਾਜ਼ ਹੈ। ਸਤਿਗੁਰੂ ਸਦਾ ਆਪਣੇ ਦਾਸਾਂ ਦੇ ਸਿਰ ਤੇ ਹਥ ਰੱਖਦੇ ਹਨ। ਢੱਠਿਆਂ ਨੂੰ ਚੁਕਣਾ ਤੇ ਨੀਵਿਆਂ ਨੂੰ ਉੱਚੇ ਚੁਕਣਾ ਓਹਨਾਂ ਦਾ ਬਿਰਦ ਹੈ। ਤੁਸਾਂ ਦੇਖ ਹੀ ਲਿਆ ਹੈ ਕਿ ਓਹਨਾਂ ਕਿਸ ਤਰ੍ਹਾਂ ਮੈਂ ਨਿਮਾਣੇ ਨੂੰ ਮਾਨ ਦਿਤਾ ਹੈ।" ਇਸ ਵਾਰਤਾ ਦੀ ਚਰਚਾ

ਸਾਰੇ ਕਸ਼ਮੀਰ ਵਿਚ ਫੈਲ ਗਈ ਅਤੇ ਜਿਥੇ ਜਿਥੇ ਭੀ ਸੰਗਤਾਂ ਨੇ ਸੁਣਿਆ, ਓਹਨਾਂ ਦੇ ਮੂੰਹੋਂ ਸੁਤੇਸਿਧ ਹੀ "ਧੰਨ ਸਤਿਗੁਰੂ, ਗਰੀਬ-ਨਿਵਾਜ਼ !" ਨਿਕਲਿਆ। ਕੁਝ ਚਿਰ ਇਥੇ ਟਿਕੇ ਤੇ ਕਸ਼ਮੀਰ ਦੀ ਸਿਖੀ ਦੇ ਪ੍ਰਚਾਰ ਦਾ ਕੰਮ ਸੰਭਾਲਣ ਹਿਤ ਭਾਈ ਕਟੂ ਸਾਹਿਬ ਦੇ ਨਾਲ਼ ਭਾਈ ਸੇਵਾ ਦਾਸ ਨੂੰ ਭੀ ਦਸਤਾਰ ਦੇ, ਮਸੰਦ ਬਣਾ, ਜੋੜੀ ਨੂੰ ਥਾਪ, ਸਤਿਗੁਰਾਂ ਪਿਛਾਂਹ ਨੂੰ ਚਾਲੇ ਪਾਏ ਅਤੇ ਸ੍ਰੀ ਨਗਰੋਂ ਚਲ ਉੜੀ ਤੇ ਮੁਜ਼ਫਰਾਬਾਦ ਵਿਚ ਦੀ ਹੋ, ਪੰਜੇ ਸਾਹਿਬ ਥਾਣੀਂ ਦਰਸ਼ਨ ਮੇਲੇ ਕਰਦੇ ਹੋਏ ਨੜਾਲੀ ਵਿਚ ਦੀ ਗੁਜਰਾਤ ਆਣ ਪੁਜੇ। ਗੁਜਰਾਤ ਦੇ ਆਮ ਲੋਕਾਂ ਵਿਚ ਤਾਂ ਸਿਖੀ ਪ੍ਰਚਾਰ ਘਟ ਸੀ, ਪਰ ਸ਼ਾਹ ਦੌਲਾ ਫ਼ਕੀਰ, ਜੋ ਇਕ ਮੁਸਲਮਾਨ ਸੂਫ਼ੀ ਸੀ, ਚਰਨਾਂ ਵਿਚ ਆਣ ਹਾਜ਼ਰ ਹੋਇਆ। ਸਤਿਗੁਰੂ ਉਸ ਤੇ ਪ੍ਰਸੰਨ ਹੋਏ ਅਤੇ "ਸ਼ਾਹ ਦੌਲਾ, ਮੌਲਾ ਦਾ ਫ਼ਕੀਰ !" ਕਹਿ ਉਸ ਨੂੰ ਨਿਵਾਜਿਆ। ਇਥੇ ਸਤਿਗੁਰਾਂ ਨੇ ਰਾਮ ਚੰਦ ਨਾਮੀ ਬ੍ਰਾਹਮਣ ਦੇ ਘਰ ਉਤਾਰਾ ਕੀਤਾ। ਗੁਜਰਾਤ ਦੇ ਮੁਖੀ ਚੌਧਰੀ ਤੇ ਹੋਰ ਸੰਗਤ ਸੇਵਾ ਵਿਚ ਹਾਜ਼ਰ ਹੋਈ। ਇਹਨਾਂ ਵਿਚ *ਜਹਾਂਗੀਰ ਸ਼ਾਹ ਨਾਮ ਦਾ ਫਕੀਰ ਭੀ ਸੀ। ਉਸ ਨੇ ਸਤਿਗੁਰਾਂ ਨਾਲ ਗੋਸ਼ਟ ਕਰਦਿਆਂ ਇਹ ਪ੍ਰਸ਼ਨ ਕੀਤੇ :—

ਫ:—"ਹਿੰਦੂ ਕਿਆ ਤੇ ਪੀਰ ਕਿਆ।
ਔਰਤ ਕਿਆ ਤੇ ਫ਼ਕੀਰ ਕਿਆ।

---

*ਜਹਾਂਗੀਰ ਸ਼ਾਹ ਦਾ ਮੇਲਾ ਹੁਣ ਭੀ ਗੁਜਰਾਤ ਲੱਗਦਾ ਹੈ। ਉਥੋਂ ਦੇ ਆਮ ਮੁਸਲਮਾਨਾਂ ਦਾ ਨਿਸਚਾ ਹੈ ਕਿ ਉਹ ਕਰਾਮਾਤੀ ਫ਼ਕੀਰ ਸੀ ਅਤੇ ਸ਼ੇਰ ਦੀ ਸੁਆਰੀ ਤੇ ਸੱਪ ਦਾ ਚਾਬਕ ਰੱਖਦਾ ਸੀ।

ਦੌਲਤ ਕਿਆ, ਤੇ ਤ੍ਰਿਆਗ ਕਿਆ।
ਲੜਕੇ ਕਿਆ ਬੈਰਾਗ ਕਿਆ।
ਆਰਫ਼ ਕਿਆ, ਦੁਨੀਆਦਾਰ ਕਿਆ।
ਮਜ਼ਹਬ ਕਿਆ, ਸਚਿਆਰ ਕਿਆ।

ਤਾਂ ਸਤਿਗੁਰਾਂ ਨੇ ਜਵਾਬ ਦਿਤਾ :—

"ਪੀਰੀ ਖ਼ੁਦਾ ਦਾ ਦਾਨ, ਕਿਆ ਹਿੰਦੂ ਕਿਆ ਮੁਸਲਮਾਨ। ਔਰਤ ਇਮਾਨ, ਦੌਲਤ ਗੁਜ਼ਰਾਨ, ਪੁਤ੍ਰ ਨਿਸ਼ਾਨ, ਇਰਫ਼ਾਨ ਵਿਚਾਰ, ਮਜ਼ਹਬ ਸੁਧਾਰ।"

ਜਹਾਂਗੀਰ ਇਹ ਉੱਤਰ ਸੁਣ ਕੇ ਸੰਤੁਸ਼ਟ ਹੋ ਗਿਆ ਅਤੇ ਉਸ ਨੇ "ਨਾਨਕ ਫਕੀਰ ਦੀਨ ਦੁਨੀ ਦੇ ਪੀਰ!" ਕਹਿ ਕੇ ਸਤਿਗੁਰਾਂ ਦੇ ਚਰਨ ਫੜ ਲਏ ਅਤੇ ਚਿਰ ਤਕ ਅੰਮ੍ਰਿਤ ਬਚਨ ਸੁਣ ਗੱਦ ਗਦ ਹੋ, ਡੇਰੇ ਨੂੰ ਗਿਆ।

ਗੁਜਰਾਤ ਤੋਂ ਚਲ ਸਤਿਗੁਰੂ ਹਾਫ਼ਿਜ਼ਾਬਾਦ ਉਤਰੇ। ਭਾਵੇਂ ਇਥੋਂ ਦੀ ਸਰਬੱਤ ਸੰਗਤ ਨੇ ਹੀ ਬੜਾ ਪ੍ਰੇਮ ਕੀਤਾ, ਪਰ ਭਾ: ਕਰਮ ਚੰਦ ਜੀ ਦੇ ਭਾਗ ਜਾਗੇ ਅਤੇ ਉਸ ਨੇ ਸ੍ਰੀ ਜਪੁਜੀ ਸਾਹਿਬ ਦੇ ਅਰਥ ਸਤਿਗੁਰਾਂ ਦੇ ਸ੍ਰੀ ਮੁਖ ਤੋਂ ਸੁਣੇ। ਇਥੋਂ ਚਲ ਸੱਚੇ ਪਾਤਸ਼ਾਹ ਭਾਈ ਕੇ ਮਟਵੀਂ, ਜੋ ਇਥੋਂ ਕੋਈ ਸੋਲ੍ਹਾਂ ਮੀਲ ਤੇ ਹਨ, ਜਾ ਠਹਿਰੇ। ਸੰਗਤ ਨੇ ਪ੍ਰੇਮ ਸਹਿਤ ਸ਼ਰਧਾ ਕੀਤੀ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਥੇ ਹੀ ਮੰਡਾਲੀ ਨਿਵਾਸੀ ਭਾ: ਦਯਾ ਰਾਮ ਤੇ ਉਨ੍ਹਾਂ ਦੀ ਪੱਤਨੀ ਭਾਗਣ, ਜਿਨ੍ਹਾਂ ਨੇ ਕਿ ਆਪਣੀ ਸਪੁੱਤ੍ਰੀ ਦਾ ਸੰਕਲਪ ਸਤਿਗੁਰਾਂ ਹਿਤ ਕੀਤਾ ਹੋਇਆ ਸੀ, ਆਪਣੀ ਲੜਕੀ ਨੂੰ ਲੈ ਸੰਗਤ ਵਿਚ ਪੁਜੇ। ਜਦ ਉਨ੍ਹਾਂ ਨੇ ਸੰਗਤ ਦੇ ਸਾਹਮਣੇ

ਆਪਣਾ ਮਨੋਰਥ ਪੇਸ਼ ਕੀਤਾ ਤੇ ਕਿਹਾ ਕਿ ਉਨ੍ਹਾਂ ਨੇ ਆਪਣੀ ਲੜਕੀ ਦਾ ਸੰਕਲਪ ਸਤਿਗੁਰਾਂ ਨਾਲ ਵਿਆਹੁਣ ਦਾ ਕੀਤਾ ਹੋਇਆ ਹੈ, ਤਾਂ ਸਤਿਗੁਰਾਂ ਨੇ ਫਰਮਾਇਆ, "ਅਜਿਹਾ ਕਿਸ ਤਰ੍ਹਾਂ ਹੋ ਸਕਦਾ ਹੈ"। ਪਰ ਓਦੋਂ ਦੇ ਰਵਾਜ ਅਨੁਸਾਰ ਚੂੰਕਿ ਹੋਰ ਕਿਸੇ ਸਿਖ ਨੇ ਉਸ ਲੜਕੀ ਨਾਲ ਵਿਆਹ ਨਹੀਂ ਸੀ ਕਰਨਾ, ਇਸ ਲਈ ਸੰਗਤ ਵਿਚੋਂ ਮੁਖੀ ਭਾ: ਜੇਠਾ ਜੀ ਨੇ ਉਠ ਕੇ ਬੇਨਤੀ ਕੀਤੀ :

"ਸੁਣ ਜੇਠੇ ਸਤਿਗੁਰ ਸਿਉ ਕਹਿਓ ॥
ਪੂਰੋ ਭਾਵਨਾ ਜਿਮ ਕਿਮ ਚਹਿਹੋ ॥
ਜੋ ਕੋਈ ਆਨ ਪੜੇ ਸ਼ਰਨਾਈ ॥
ਨੈਹ ਤਿਆਗੋ ਇਹ ਬਿਰਧ ਸਦਾਈ ॥"

(ਗੁ: ਪ੍ਰ: ਸੂ: ਰਾ:੫) ਅੰ: ੪੩੧੧

ਸੰਗਤ ਦੇ ਮਜਬੂਰ ਕਰਨ ਤੇ ਸਤਿਗੁਰਾਂ ਨੇ ਮੰਨ ਲਿਆ:—

"ਸ੍ਰੀ ਹਰਿਗੋਬਿੰਦ ਸੁਨ ਕਰ ਮਾਨੀ"

ਅਤੇ ਸੰਗਤ ਵਿਚ ਹੀ ਮਾਂਹ ਦੇਈ ਜੀ ਨਾਲ ਸਤਿਗੁਰਾਂ ਦੀ ਤੀਸਰੀ ਸ਼ਾਦੀ ਹੋ ਗਈ।

ਅਜੇ ਸਤਿਗੁਰੂ ਮਟਵੀਂ ਹੀ ਟਿਕੇ ਹੋਏ ਸਨ ਕਿ ਭਾਈ ਲੰਗਾਹ ਜੀ ਲਾਹੌਰ ਤੋਂ ਆਣ ਪੁਜੇ ਅਤੇ ਉਨ੍ਹਾਂ ਨੇ ਦਸਿਆ, "ਲਾਹੌਰ ਵਿਚ ਕਾਜ਼ੀ ਰੁਸਤਮ ਖਾਂ ਤੇ ਉਸ ਦੇ ਕਈ ਹੋਰ ਮੁਤੱਅਸਬ ਅਹਿਲਕਾਰ ਸਾਥੀ, ਗੁਰੂ ਘਰ ਦਾ ਭਾਰਾ ਵਿਰੋਧ ਕਰ ਰਹੇ ਹਨ। ਉਹ ਕਈ ਵਾਰ ਹਕੂਮਤ ਕੋਲ ਵੀ ਪੁਜੇ ਹਨ, ਤਾਕਿ ਗੁਰਦੁਆਰਿਆਂ ਨੂੰ ਗਿਰਾਣ ਦਾ ਹੁਕਮ ਹੋ ਜਾਵੇ। ਭਾਵੇਂ ਵਜ਼ੀਰ ਖਾਂ ਤੇ ਉਨ੍ਹਾਂ ਦੇ ਸਤਿਸੰਗੀ ਸਾਥੀ ਅਜੇ ਉਨ੍ਹਾਂ ਦੀ

ਪੇਸ਼ ਨਹੀਂ ਜਾਣ ਦੇਂਦੇ, ਪਰ ਗੁਰਦੁਆਰਿਆਂ ਦੇ ਨਿਰਾਦਰ ਹੋਣ ਦਾ ਡਰ ਜ਼ਰੂਰ ਹੈ।" ਸਤਿਗੁਰਾਂ ਨੇ ਲੰਗਾਹ ਦੀ ਗਲ ਸੁਣ ਕੇ ਫਰਮਾਇਆ, "ਗੁਰਦੁਆਰੇ ਗੁਰੂ ਕਾ ਘਰ ਹਨ। ਉਨ੍ਹਾਂ ਦਾ ਪ੍ਰਮੇਸ਼ਰ ਰਾਖਾ ਹੈ। ਤੂੰ ਨਿਸਚੇ ਰੱਖ, ਉਨ੍ਹਾਂ ਨੂੰ ਢਾਹੁਣ ਵਾਲੇ ਆਪ ਹੀ ਢਹਿ ਜਾਣਗੇ।"

ਸਤਿਗੁਰੂ ਇਥੋਂ ਚਲ ਸ੍ਰੀ ਨਨਕਾਣਾ ਸਾਹਿਬ ਆਏ ਤੇ ਗੁਰਦਵਾਰਿਆਂ ਦੇ ਦਰਸ਼ਨ ਮੇਲੇ ਕਰ ਪਧਰੀ ਆ ਟਿਕੇ। ਏਥੇ ਹੀ ਭਾਈ ਕਿਦਾਰਾ ਨਾਮੀ ਸਿਖ ਦੇ ਘਰ ਸ਼ਹੀਦ ਸਤਿਗੁਰਾਂ ਦੇ ਪੈਰਾਂ ਦਾ ਜੋੜਾ ਪਿਆ ਸੀ। ਉਸ ਦੇ ਦਰਸ਼ਨ ਕੀਤੇ ਤੇ ਫਿਰ ਰਾਵੀਉਂ ਪਾਰ ਹੋਰ ਮਾਂਗਾ (ਲਾਹੌਰ), ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ ਸਨ, ਆਣ ਟਿਕੇ ਤੇ ਇਥੋਂ ਚਲ ਰਾਹ ਵਿਚ ਪੜਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਆਣ ਪਹੁੰਚੇ।

ਸਤਿਗੁਰਾਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਆਉਣ ਦੀ ਖ਼ਬਰ ਸੁਣ, ਨਗਰ-ਨਿਵਾਸੀਆਂ ਤੇ ਆਸ ਪਾਸ ਸੰਗਤਾਂ ਵਿਚ ਬੜਾ ਉਤਸ਼ਾਹ ਪੈਦਾ ਹੋਇਆ। ਸਤਸੰਗ ਦੇ ਪ੍ਰਵਾਹ ਚਲ ਪਏ ਤੇ ਫ਼ੌਜੀ ਪ੍ਰੇਡਾਂ ਭੀ ਨਾਲ ਨਾਲ ਜਾਰੀ ਰਹੀਆਂ। ਪੈਂਦੇ ਖ਼ਾਂ ਨੇ ਹੁਣ ਕਸਰਤ ਕਰ ਇੰਨਾ ਸਰੀਰ ਤਿਆਰ ਕਰ ਲਿਆ ਸੀ ਕਿ ਉਹ ਦਸ ਮਣ ਭਾਰ ਬਾਹਾਂ ਤੇ ਉਠਾ ਲੈਂਦਾ ਸੀ ਅਤੇ ਦੋ ਕੱਟਿਆਂ ਨੂੰ ਬੰਨ੍ਹ ਦੋਹਾਂ ਬਾਹਾਂ ਨਾਲ ਚੁਕ ਲੈਂਦਾ ਸੀ। ਭਾਰੇ ਤੋਂ ਭਾਰੇ ਸ਼ੋਖ਼ ਘੋੜੇ ਤੇ ਬਿਨਾਂ ਲਗਾਮ ਕਾਠੀ ਤੋਂ ਸਵਾਰ ਹੋ ਪੂਰੇ ਜ਼ੋਰ ਨਾਲ ਭਜਾ ਸਕਦਾ ਸੀ। ਉਸ ਸਮੇਂ ਕਿਸੇ ਬਲਵਾਨ ਨੂੰ ਉਸ ਦੇ ਸਾਹਮਣੇ ਆਉਣ ਦਾ ਹੀਆ ਨਹੀਂ ਸੀ ਪੈਂਦਾ।

ਸਤਿਗੁਰਾਂ ਦੇ ਘਰ ਸ੍ਰੀ ਦਮੋਦਰੀ ਜੀ ਵਿਚੋਂ ਇਸ

ਸਾਲ ਹੀ ਬੀਬੀ ਵੀਰੋ ਦਾ ਜਨਮ ਹੋਇਆ।

ਸੰਮਤ ੧੬੭੪ ਹਾੜ ਵਿਚ ਮਰਵਾਹੀ ਜੀ ਦੀ ਕੁਖੋਂ ਸੂਰਜ ਮਲ ਜੀ ਦਾ ਜਨਮ ਹੋਇਆ ਅਤੇ ਸੰਮਤ ੧੬੭੫ ਵਿਚ ਸੋਲ੍ਹਵੇਂ ਮੱਘਰ ਨੂੰ ਸੋਮਵਾਰ ਵਾਲੇ ਦਿਨ ਨਾਨਕੀ ਜੀ ਵਿਚੋਂ ਅਣੀ ਰਾਏ ਜੀ ਨੇ ਜਨਮ ਲਿਆ। ਇਹਨਾਂ ਦਿਨਾਂ ਵਿਚ ਹੀ ਵਟਾਲੇ ਦੇ ਰਾਮਾ ਨਾਮੀ ਸਿਖ ਨੇ ਬਾਬੇ ਗੁਰਦਿਤੇ ਜੀ ਨਾਲ ਆਪਣੀ ਲੜਕੀ ਦਾ ਨਾਤਾ ਕਰਨ ਦਾ ਸੰਕਲਪ ਕੀਤਾ। ਪਰ ਇਹ ਸੋਚ ਕੇ ਚੁਪ ਕਰ ਰਿਹਾ ਕਿ "ਮੈਂ ਇਕ ਗ਼ਰੀਬ ਸਿਖ ਹਾਂ। ਸਤਿਗੁਰਾਂ ਦੇ ਸਾਹਿਬਜ਼ਾਦੇ ਨਾਲ ਆਪਣੀ ਪੁਤ੍ਰੀ ਦਾ ਸਾਕ ਕਰਨ ਵਿਚ ਵਰ ਨਹੀਂ ਮਿਚਣਾ।" ਪਰ ਉਸ ਨੇ ਆਪਣੀ ਚਾਹ ਸੰਗਤਾਂ ਵਿਚ ਪ੍ਰਗਟ ਕੀਤੀ ਅਤੇ ਗਲ ਚਲਦੀ ਚਲਦੀ ਸਤਿਗੁਰਾਂ ਤਕ ਭੀ ਪਹੁੰਚ ਗਈ। ਜਦ ਸਤਿਗੁਰਾਂ ਨੇ ਉਸ ਤੋਂ ਪੁਛਿਆ ਤਾਂ ਉਸ ਕਿਹਾ, "ਗ਼ਰੀਬ-ਨਿਵਾਜ਼, ਮੇਰੇ ਮਨ ਦਾ ਸੰਕਲਪ ਤਾਂ ਇਹੀ ਹੈ, ਪਰ ਮੇਰੀ ਹੈਸੀਅਤ ਤਾਂ ਕੁਝ ਨਹੀਂ। ਮਨ ਦੀਆਂ ਗੱਲਾਂ ਨੂੰ ਕੀ ਕਰਨਾ ਹੋਇਆ। ਮੈਂ ਇਕ ਗ਼ਰੀਬ, ਨਿਰਧਨ ਸਿਖ ਹਾਂ। ਆਪ ਪਾਤਸ਼ਾਹ ਹੋ। ਕੀੜੀ ਦਾ ਹਾਥੀ ਤੇ ਚਿੜੀ ਦਾ ਬਾਜ ਨਾਲ ਕੀ ਜੋੜ ਹੋ ਸਕਦਾ ਹੈ।" ਸਤਿਗੁਰਾਂ ਨੇ ਫਰਮਾਇਆ, "ਭਾਈ ਰਾਮਾ, ਤੇਰੇ ਕੋਲ ਗੁਰਸਿਖੀ ਹੈ। ਇਹੀ ਜੀਵਨ ਦਾ ਸੁੱਚਾ ਧਨ ਹੈ। ਮਾਇਕੀ ਪਦਾਰਥ ਨਾਮਵੰਤ ਹਨ। ਇਹ ਅਮਰ ਹੈ। ਜਿਸ ਦੇ ਹਿਰਦੇ ਗ਼ਰੀਬੀ ਤੇ ਨਿਸਚੇ ਵਿਚ ਸਿਖੀ ਹੈ, ਓਹੀ ਸੱਚਾ ਧਨੀ ਹੈ। ਅਸੀਂ ਤੇਰੇ ਸਾਕ ਨੂੰ ਸਿਰ ਮਥੇ ਰੱਖਦੇ ਹਾਂ।" ਚੁਨਾਂਚਿ ਉਸੇ ਵਕਤ ਹੀ ਸੰਗਤ ਵਿਚ ਅਰਦਾਸਾ ਸੋਧਿਆ ਗਿਆ ਅਤੇ ਸਾਕ

ਹੋ ਗਿਆ।

## ਲਾਲ ਦੀ ਪਰਖ

ਸੱਚ ਕ ਹਿੰਦੇ ਹਨ, ਜੇ ਜੌਹਰੀ ਨਾ ਮਿਲੇ ਤਾਂ ਲਾਲ ਦੀ ਕੀਮਤ ਨਹੀਂ ਪੈਂਦੀ। ਲਾਲ, ਹੀਰਾ, ਪੁਖਰਾਜ, ਜ਼ਮੁੱਰਦ, ਤੇ ਅਕ।ਕ ਹੈਨ ਤਾਂ ਪੱਥਰੀ, ਪਰ ਜੇ ਪਾਰਖੂ ਨਾ ਹੋਵੇ ਤਾਂ ਇਹਨਾਂ ਨੂੰ ਪੱਥਰਾਂ ਵਿਚੋਂ ਨਿਖਾਰ ਵਡਮੁੱਲਾ ਕੋਈ ਨਾ ਜਾਣੇ। ਜੌਹਰੀ ਦੀ ਅੱਖ ਹੈ, ਜੋ ਲਾਲ ਨੂੰ ਮਿੱਟੀ ਵਿਚ ਰੁਲਦਿਆਂ ਪਛਾਣ ਲੈਂਦੀ ਹੈ। ਇਹੋ ਹੀ ਹਾਲ ਉੱਚੇ ਮਨੁਖ ਜੀਵਨ ਦੇ ਲਾਲਾਂ ਦਾ ਹੈ। ਉਹਨਾਂ ਦੀ ਪਰਖ ਭੀ ਕਿਸੇ ਉਚੇ ਨੂੰ ਹੀ ਹੋ ਸਕਦੀ ਹੈ। ਬਹੁਤ ਵੇਰ ਸੁਚ ਮਨੁਖ ਜੀਵਨ ਦੇ ਵਡਮੁੱਲੇ ਲਾਲ ਬੇ-ਖ਼ਬਰੀ ਵਿਚ ਦਿਨ ਬਿਤਾ ਰਹੇ ਹੁੰਦੇ ਹਨ। ਅਨਜਾਣ ਲੋਕ ਤੇ ਮਾਇਆ ਮਦਮੱਤੀ ਅੰਨ੍ਹੀ ਦੁਨੀਆ, ਨਾ ਉਹਨਾਂ ਨੂੰ ਪਹਿਚਾਣਦੀ ਹੈ, ਨਾ ਕਦਰ ਕਰਦੀ ਹੈ। ਪਰ ਜੇ ਕਿਧਰੇ ਉਹ ਭਾਗਾਂ ਨਾਲ ਪਾਰਖੂਆਂ ਦੀ ਨਿਗਾਹ ਚੜ੍ਹ ਜਾਣ, ਜਿਨ੍ਹਾਂ ਦੀਆਂ ਨਜ਼ਰਾਂ ਮਨੁੱਖ ਜੀਵਨ ਦੀਆਂ ਸੱਚੀਆਂ ਝਲ੍ਹਕਾਂ ਨੂੰ ਪਛਾਣ ਸਕਦੀਆਂ ਹੋਣ, ਤਾਂ ਉਹਨਾਂ ਦਾ ਮੁਲ ਪੈ ਜਾਂਦਾ ਹੈ। ਅਜੇਹਾ ਹੀ ਸਮਾਂ ਆਣ ਢੁੱਕਾ। ਸਤਿਗੁਰੂ ਸੱਚੇ ਪਾਤਸ਼ਾਹ ਇਕ ਦਿਨ ਮਹਿਲਾਂ ਵਿਚ ਆਏ, ਤਾਂ ਸ੍ਰੀ ਦਮੋਦਰੀ ਜੀ ਨੇ ਬਿਨੈ ਕੀਤੀ ਕਿ ਬੀਬੀ ਵੀਰੋ ਲਈ ਕੋਈ ਵਰ ਤਲਾਸ਼ ਕਰਨਾ ਚਾਹੀਦਾ ਹੈ। ਲੜਕੀ ਦੀ ਅਵਸਥਾ ਏਡੀ ਕੁ ਹੋ ਗਈ ਹੈ ਕਿ ਉਸ ਨੂੰ ਮੰਗ ਦਿਤਾ ਜਾਵੇ। ਸਤਿਗੁਰਾਂ ਫਰਮਾਇਆ, "ਈਸ਼ਵਰ ਭਲੀ ਕਰੇਗਾ!"

ਇਹਨਾਂ ਦਿਨਾਂ ਵਿਚ ਹੀ ਇਕ ਦਿਨ ਸਤਿਗੁਰੂ ਸਜ ਰਹੇ ਸਨ ਕਿ ਉਹਨਾਂ ਦੇ ਸਾਹਮਣਿਉਂ ਸੰਗਤ ਦੇ ਵਿਚ ਇਕ ਮੈਲ਼ੇ ਜਹੇ ਕਪੜਿਆਂ ਵਾਲਾ ਮਨੁਖ ਲੰਘਿਆ। ਸਤਿਗੁਰਾਂ ਨੇ ਉਸ ਦੀ ਵਲ ਜ਼ਰਾ ਗਹੁ ਕਰ ਕੇ ਵੇਖਿਆ। ਉਸ ਦੇ ਨਾਲ ਇਕ ਬਾਲਕ ਭੀ ਉਸੇ ਤਰ੍ਹਾਂ ਦੀ ਮੈਲੀ ਜਹੀ ਪੁਸ਼ਾਕ ਵਿਚ ਸੀ। ਸਤਿਗੁਰਾਂ ਨੇ ਉਹਨਾਂ ਨੂੰ ਆਪਣੇ ਸਾਹਮਣੇ ਬੁਲਾ ਭੇਜਿਆ। ਉਸ ਨੇ ਪੁਤ੍ਰ ਸਮੇਤ ਹਜ਼ੂਰੀ ਵਿਚ ਆ ਮੱਥਾ ਟੇਕਿਆ। ਸਤਿਗੁਰਾਂ ਨੇ, ਜਦ ਉਨ੍ਹਾਂ ਦਾ ਨਾਮ ਧਾਮ ਪੁਛਿਆ, ਤਾਂ ਸਿਖ ਨੇ ਕਿਹਾ, "ਗ਼ਰੀਬ-ਨਿਵਾਜ਼ ਮੇਰਾ ਨਾਮ ਧਰਮਾ ਹੈ ਤੇ ਮੇਰੇ ਪੁਤ੍ਰ ਦਾ ਨਾਮ ਸਾਧੂ ਹੈ। ਅਸੀਂ ਮੱਲ੍ਹੇ ਪਿੰਡ ਦੇ ਰਹਿਣ ਵਾਲੇ ਹਾਂ।" ਸਾਹਿਬਾਂ ਨੇ ਫੁਰਮਾਇਆ, "ਭਾਈ ਧਰਮਾਂ, ਅਸੀਂ ਤੇਰੇ ਸਪੁੱਤ੍ਰ ਸਾਧੂ ਨਾਲ ਆਪਣੀ ਪੁਤ੍ਰੀ ਵੀਰੋ ਦਾ ਸਾਕ ਕਰਨਾ ਚਾਹੁੰਦੇ ਹਾਂ।"

ਸਤਿਗੁਰਾਂ ਦੇ ਮੂੰਹੋਂ ਇਹ ਬਚਨ ਨਿਕਲਦਿਆਂ ਹੀ ਸੰਗਤ ਵਿਚ ਸੱਨਾਟਾ ਛਾ ਗਿਆ। ਭਾਵੇਂ ਸਾਦਕਾਂ ਲਈ ਤੇ ਇਹ ਸਧਾਰਨ ਗੱਲ ਸੀ, ਪਰ ਆਮ ਲੋਕ ਇਹ ਦ੍ਰਿਸ਼ ਦੇਖ ਕੇ ਹੈਰਾਨ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼ਾਹਾਨਾ ਲਿਬਾਸ, ਸ਼ਾਹਾਨਾ ਠਾਠ ਵਿਚ ਸਜੇ ਹੋਏ ਸਤਿਗੁਰੂ ਇਕ ਪਾਟੇ ਹੋਏ ਲੀੜਿਆਂ ਵਾਲੇ ਗ਼ਰੀਬ ਸਿਖ ਨੂੰ ਆਪਣੇ ਪੁਤ੍ਰ ਲਈ ਆਪਣੀ ਲੜਕੀ ਦਾ ਨਾਤਾ ਕਬੂਲ ਕਰਨ ਲਈ ਕਹਿ ਰਹੇ ਹਨ। ਸਚ ਹੈ, ਇਹ ਗ਼ਰੀਬ-ਨਵਾਜ਼ੀਆਂ ਸਤਿਗੁਰਾਂ ਦਾ ਹੀ ਬਿਰਦ ਸੀ। ਬਖ਼ਸ਼ਸ਼ ਦੇ ਇਸ ਹੜ੍ਹ ਵਿਚ ਭਾਈ ਧਰਮੇ ਦੀ ਮਾਸੂਮ ਆਤਮਾ ਛੋਟੀ ਨੌਕਾ ਵਾਂਗ ਘੁਮਾਟਣੀਆਂ ਖਾ,

ਰਹੀ ਸੀ। ਪਾਟੇ ਹੋਏ ਬਸਤ੍ਰਾਂ ਵਿਚੋਂ ਉਸ ਦਾ ਕੰਬਦਾ ਹੋਇਆ ਤਨ ਦਿਸ ਰਿਹਾ ਸੀ। ਕੁਝ ਚਿਰ ਇਸ ਬਿਹਬਲਤਾ ਦੀ ਅਵਸਥਾ ਵਿਚ ਰਹਿ, ਉਸ ਨੇ ਨੈਣਾਂ ਵਿਚੋਂ ਸ਼ੁਕਰ ਏ ਦੋ ਅੰਸੂ ਕੇਰਦਿਆਂ ਹੋਇਆਂ ਕਿਹਾ, "ਗ਼ਰੀਬ-ਨਿਵਾਜ਼, ਮੈਂ ਤੇਰਾ ਇਕ ਅਦਨਾ ਦਾਸ ਹਾਂ। ਮੈਂ ਗ਼ਰੀਬ ਨੂੰ ਇਹ ਪਦਵੀ ਕਿਥੋਂ। ਮੈਂ ਤੇਰੇ ਉਹਨਾਂ ਨਿਰਧਨ ਸਿਖਾਂ ਵਿਚੋਂ ਹਾਂ, ਜੋ ਦਰਸ਼ਨ ਹਿਤ ਆਇਆ, ਕੋਈ ਭੇਟਾ ਭੀ ਨਹੀਂ ਲਿਆ ਸਕਿਆ। ਇਹ ਬੱਚਾ ਭੀ ਤੇਰੀ ਹੀ ਦਾਤ ਹੈ।"

ਸਤਿਗੁਰਾਂ ਨੇ ਮਾਧੂ ਨੂੰ ਬਾਹੋਂ ਪਕੜਦਿਆਂ ਹੋਇਆਂ ਕਿਹਾ, "ਅਸੀਂ ਆਪਣੀ ਦਾਤ ਨੂੰ ਆਪ ਸੰਭਾਲਦੇ ਹਾਂ"। ਗੋਦ ਵਿਚ ਬਿਠਾ ਲਿਆ, ਅਰਦਾਸੀਏ ਨੂੰ ਆਗਿਆ ਕੀਤੀ ਕਿ ਉਹ ਬੀਬੀ ਵੀਰੋ ਦੇ ਰਿਸ਼ਤੇ ਦਾ ਅਰਦਾਸਾ ਸੋਧੇ। ਚੁਨਾਂਚਿ ਅਰਦਾਸਾ ਸੋਧਿਆ ਗਿਆ ਅਤੇ ਸੰਗਤਾਂ ਵਿਚ ਦੂਰ ਨੇੜੇ ਸਤਿਗੁਰਾਂ ਦੀ ਇਸ ਗ਼ਰੀਬ ਸਿੱਖ ਦੀ ਸ਼ਾਨ ਵਧਾਉਣ ਤੇ ਜੈ ਜੈਕਾਰ ਦੀ ਧੁਨੀ ਉਠੀ।

ਕੱਤਕ ਦੀ ਪੂਰਨਮਾਸ਼ੀ ਸੰ: ੧੬੭੭ ਬਿ: ਨੂੰ ਬੁਧਵਾਰ ਵਾਲੇ ਦਿਨ ਨਾਨਕੀ ਜੀ ਦੀ ਕੁਖੋਂ ਅਟੱਲ ਰਾਏ ਜੀ ਨੇ ਜਨਮ ਲਿਆ। ਸਤਿਗੁਰਾਂ ਨੇ ਬਾਲਕ ਨੂੰ ਦੇਖ ਕੇ ਫਰਮਾਇਆ, "ਇਹ ਭਗਤੀ ਵਿਚ ਅਟੱਲ ਹੋਵੇਗਾ ਤੇ ਇਸ ਦੀ ਅਜ਼ਮਤ ਤੇ ਵਡਿਆਈ ਦਾ ਨਿਸ਼ਾਨ ਜਗਤ ਵਿਚ ਉੱਚਾ ਕਾਇਮ ਹੋਵੇਗਾ।"

# ਬਕਾਲੇ

ਗੁਰਸਿੱਖੀ ਪ੍ਰੇਮ ਦਾ ਮਾਰਗ ਹੈ। ਇਸ ਦੇ ਵਿਚ ਥਾਂ ਥਾਂ ਪ੍ਰੇਮ ਤਾਰਾਂ ਖਿਲਰੀਆਂ ਰਹਿੰਦੀਆਂ ਹਨ। ਸਿਖ ਸਿਖ ਨਾਲ, ਸਿਖ ਸੰਗਤ ਨਾਲ, ਸਿਖ ਗੁਰੂ ਨਾਲ, ਸਿਖ ਗੁਰਦਵਾਰੇ ਨਾਲ, ਤੇ ਸਿਖ ਰਬ ਨਾਲ, ਪ੍ਰੇਮ ਦੀ ਤਾਰ ਕਰ ਕੇ ਹੀ ਬਝਾ ਰਹਿੰਦਾ ਹੈ। ਕਰਮ ਕਾਂਡ ਦਾ ਇਹ ਮਤ ਨਹੀਂ। ਇਸ ਵਿਚ ਪੁੰਨ ਕਰ ਫਲ ਨਹੀਂ ਮੰਗੇ ਜਾਂਦੇ; ਸੌਦੇ ਨਹੀਂ ਹੁੰਦੇ। ਪਿਆਰ ਪੈਂਦੇ ਹਨ; ਕੁਰਬਾਨੀਆਂ ਹੁੰਦੀਆਂ ਹਨ; ਚੰਗੀ ਚੀਜ਼ ਪਿਆਰ ਵਸ ਹੋ, ਪ੍ਰੀਤਮ ਦੀ ਭੇਂਟ ਕੀਤੀ ਜਾਂਦੀ ਹੈ। ਦੇਵਲ ਨੂੰ ਭੋਗ ਨਹੀਂ ਲਗਾਏ ਜਾਂਦੇ, ਪਰ ਜੇ ਛਕਣ ਵਾਲਾ ਪਦਾਰਥ ਸੁਆਦਿਸ਼ਟ ਬਣ ਆਵੇ ਤਾਂ ਦਿਲ ਪਿਆਰਿਆਂ ਨੂੰ ਖੁਆਉਣ ਲਈ ਤੜਫ ਉਠਦੇ ਹਨ। ਠਾਕਰਾਂ ਨੂੰ ਬਸਤ੍ਰ ਨਹੀਂ ਪਹਿਨਾਏ ਜਾਂਦੇ, ਪਰ ਜੇ ਕਿਸੇ ਬਸਤ੍ਰ ਦਾ ਸੁਹੱਪਣ ਚੰਗਾ ਲਗੇ, ਤਾਂ ਪ੍ਰੀਤਮ ਨੂੰ ਪਹਿਰਾਨ ਹਿਤ ਮਨ ਉਛਲ ਪੈਂਦੇ ਹਨ। ਠਾਕਰ ਦੁਆਰੇ ਨਹੀਂ ਬਣਾਏ ਜਾਂਦੇ, ਪਰ ਜੋ ਦੁਆਰ ਬਾਂਕੇ ਉਸਰ ਪੈਣ, ਤਾਂ ਉਨ੍ਹਾਂ ਨੂੰ ਸੁਹਾਵਣੇ ਕਰਨ ਲਈ ਮਹਿਬੂਬਾਂ ਦੇ ਚਰਨ ਪੁਆਏ ਜਾਂਦੇ ਹਨ। ਬਕਾਲੇ ਵਿਚ ਭੀ ਗੁਰ ਸਿੱਖ ਰੀਤ ਵਰਤੀ। ਮਹਿਰਾ ਨਾਮ ਦਾ ਇਕ ਪ੍ਰੇਮੀ ਬਕਾਲੇ ਵਿਚ ਰਹਿੰਦਾ ਤੇ ਖੇਤੀ ਦੀ ਕਿਰਤ ਕਰਦਾ ਸੀ। ਉਸ ਨੇ ਇਕ ਘਰ ਬਣਵਾਇਆ, ਲਿੰਬਿਆ ਪੋਚਿਆ ਤੇ

ਸੋਹਣਾ ਲੱਗਾ ਤਕ, ਮਨ ਵਿਚ ਕਹਿਣ ਲਗਾ, "ਕਿਹਾ ਚੰਗਾ ਹੋਵੇ, ਜੇ ਇਸ ਸੋਹਣੇ ਘਰ ਵਿਚ ਸੋਹਣੇ ਸਤਿਗੁਰੂ ਆਣ ਬਿਰਾਜਣ"। ਸੰਕਲਪ ਆਇਆ; ਦਹੁਰਾਇਆ ਗਿਆ ਤਾਂ ਇੱਛਾ ਬਣ ਗਿਆ। ਸਿਖ ਅੰਮ੍ਰਿਤਸਰ ਪੁੱਜਾ ਅਤੇ ਜਾ ਬੇਨਤੀ ਕੀਤੀ। ਸਤਿਗੁਰੂ ਕੁਝ ਰੁਝੇ ਹੋਏ ਸਨ, ਜਿਸ ਕਰਕੇ ਮਹਿਰੇ ਨੇ ਸ੍ਰੀ ਮਾਤ ਗੰਗਾ ਜੀ ਕੋਲ ਜਾ ਆਪਣਾ ਮਨੋਰਥ ਕਿਹਾ। ਸ੍ਰੀ ਮਾਤਾ ਜੀ, ਜੋ ਬਾਬੇ ਗੁਰਦਿਤੇ ਦੇ ਵਿਆਹ ਦਾ ਮੰਗਲਮਈ ਸਮਾਂ ਹੋਣ ਕਰਕੇ ਬੜੇ ਉਤਸ਼ਾਹਤ ਸਨ, ਭਾਈ ਮਹਿਰੇ ਦੀ ਬਿਨੈ ਪ੍ਰਵਾਨ ਕਰ, ਸਤਿਗੁਰਾਂ ਕੋਲ ਆਏ ਅਤੇ ਬਕਾਲੇ ਚਲਣ ਹਿਤ ਕਿਹਾ। ਸਾਹਿਬਾਂ ਨੇ ਸਿਖ ਦਾ ਪ੍ਰੇਮ ਅਤੇ ਸ੍ਰੀ ਮਾਤ ਗੰਗਾ ਜੀ ਦੀ ਸਫ਼ਾਰਸ਼ ਨੂੰ ਪ੍ਰਵਾਨ ਕਰ, ਬਕਾਲੇ ਵਲ ਚਾਲੇ ਪਾ ਦਿਤੇ।

ਸਤਿਗੁਰੂ ਜੀ ਬਕਾਲੇ ਆਣ ਟਿਕੇ। ਮਾਝੇ ਰਿਆੜਕੀ ਅਤੇ ਦੁਆਬੇ ਦੀਆਂ ਸੰਗਤਾਂ ਨੂੰ ਦੂਰੋਂ ਦੂਰੋਂ ਆ ਦਰਸ਼ਨ ਕੀਤੇ ਅਤੇ ਅਜੇ ਇਥੇ ਆਇਆਂ ਨੂੰ ਤਿੰਨ ਦਿਨ ਹੀ ਹੋਏ ਸਨ ਕਿ ਸ੍ਰੀ ਮਾਤ ਗੰਗਾ ਜੀ ਨੇ ਸੰਗਤ ਵਿਚ ਪ੍ਰਗਟ ਕੀਤਾ ਕਿ ਉਨ੍ਹਾਂ ਦਾ ਆਖਰੀ ਸਮਾਂ ਆ ਗਿਆ ਹੈ।* ਚੁਨਾਂਚਿ ਜੇਠ ਦੀ ਪਹਿਲੀ ਸੰ: ੧੬੭੮ ਨੂੰ ਉਨ੍ਹਾਂ ਨੇ ਅੰਮ੍ਰਿਤ

*ਇਸ ਤਰ੍ਹਾਂ ਆਪਣੀ ਮੌਤ ਦਾ ਸਮਾਂ ਕੁਝ ਪਹਿਲਾਂ ਜਾਣ ਜਾਣਾ ਨਾਮ ਅਭਿਆਸੀਆਂ ਲਈ ਇਕ ਸਾਧਾਰਣ ਗੱਲ ਹੈ। ਗੁਰ-ਸਿੱਖਾਂ ਵਿਚ ਇਹੋ ਜਿਹੀਆਂ ਬੇਅੰਤ ਮਿਸਾਲਾਂ ਮਿਲ ਸਕਦੀਆਂ ਹਨ। ਮੇਰੇ ਪਿਤਾ ਜੀ ਨੇ ਆਪਣੇ ਚਲਾਣੇ ਦੇ ਚਾਰ ਦਿਨ ਪਹਿਲਾਂ ਸਭ ਸਨੇਹੀਆਂ ਨੂੰ ਆਪਣੇ ਚੜ੍ਹਾਈ ਕਰ ਜਾਣ ਦਾ ਜ਼ਿਕਰ ਕਰ ਦਿੱਤਾ ਸੀ।

ਵੇਲੇ ਬਾਣੀ ਦਾ ਪਾਠ ਕਰ ਸਮਾਧੀ ਲਾਈ ਅਤੇ ਗੁਰੂ ਚਰਨਾਂ ਵਿਚ ਸਮਾ ਗਏ । ਉਨ੍ਹਾਂ ਦੀ ਆਗਿਆ ਅਨੁਸਾਰ ਸਰੀਰ ਦਰਿਆ ਬਿਆਸ ਵਿਚ ਜਲ-ਪ੍ਰਵਾਹ ਕੀਤਾ ਗਿਆ ।

ਸਤਿਗੁਰਾਂ ਨੇ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਤਿਆਰੀ ਕਰ ਲਈ, ਪਰ ਭਾਈ ਮਹਿਰੇ ਨੇ ਕਿਹਾ, "ਗ਼ਰੀਬ-ਨਿਵਾਜ਼, ਆਪ ਮਾਤਾ ਜੀ ਦੇ ਦੁਸਹਿਰੇ ਤਕ ਇਥੇ ਹੀ ਰਹੋ। ਮੇਰਾ ਦਿਲ ਚਾਹੁੰਦਾ ਹੈ ਕਿ ਆਪ ਦੀ ਦਸਤਾਰ-ਬੰਦੀ ਇਥੇ ਹੀ ਹੋਵੇ।" ਸਤਿਗੁਰਾਂ ਨੇ ਫਰਮਾਇਆ, "ਤੇਰੀ ਸ਼ੁਭ ਭਾਵਨਾ ਪੂਰੀ ਹੋਵੇਗੀ । ਏਥੇ ਦਸਤਾਰ-ਬੰਦੀ ਨਹੀਂ, ਸਗੋਂ ਗੁਰਿਆਈ ਦਾ ਤਿਲਕ ਦਿਤਾ ਜਾਵੇਗਾ, ਪਰ ਅਜਿਹਾ ਹੋਵੇਗਾ *ਨੌਵੇਂ ਜਾਮੇਂ ਵਿਚ ।"

## ਗੁਰੂ ਤੇਗ ਬਹਾਦਰ ਪ੍ਰਕਾਸ਼

ਭਾਈ ਮਹਿਰੇ ਦੀ ਕਾਮਨਾ ਪੂਰਨ ਕਰ ਸਤਿਗੁਰੂ ਰੁਝੇਵੇਂ ਕਾਰਨ ਅੰਮ੍ਰਿਤਸਰ ਮੁੜ ਆਏ ਅਤੇ ਸ੍ਰੀ ਮਾਤ ਗੰਗਾ ਜੀ ਦੇ ਅੰਤਮ ਸੰਸਕਾਰ ਹਿਤ ਪਾਠ ਵੀ ਸ੍ਰੀ ਅੰਮ੍ਰਿਤਸਰ ਹੀ ਆ ਕੇ ਰਖਿਆ, ਜਿਸ ਦੇ ਭੋਗ ਤੇ ਬੇਦੀ, ਤ੍ਰੇਹਨ ਤੇ ਭੱਲੇ ਗੁਰੂ ਅੰਸ ਦੇ ਪ੍ਰਵਾਰਾਂ ਤੋਂ ਬਿਨਾਂ ਹੋਰ ਭੀ ਬੇਅੰਤ ਸੰਗਤਾਂ ਜੁੜੀਆਂ। ਇਸ ਸਮੇਂ ਹੀ ਬਾਬਾ ਬੁੱਢਾ ਜੀ ਨੇ ਸਤਿਗੁਰਾਂ ਅਗੇ ਬੇਨਤੀ ਕੀਤੀ, ਕਿ ਉਨ੍ਹਾਂ ਦਾ ਸਰੀਰ ਹੁਣ ਵਧੇਰੇ ਬੁੱਢਾ ਹੋ ਗਿਆ ਹੈ ਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਦੀ

---

*ਨੌਵੀਂ ਪਾਤਸ਼ਾਹੀ ਨੂੰ ਸੰਗਤ ਨੇ ਏਥੇ ਹੀ ਗੁਰਿਆਈ ਦਿੱਤੀ ਅਤੇ ਉਸ ਦਿਨ ਤੋਂ ਹੀ ਬਕਾਲੇ ਪਿੰਡ ਦਾ ਨਾਮ ਬਾਬਾ ਬਕਾਲਾ ਪੈ ਗਿਆ ।

ਜ਼ਿਮੇਵਾਰੀ ਨਿਭਾਣੀ ਔਖੀ ਹੋ ਰਹੀ ਹੈ, ਇਸ ਕਰਕੇ ਉਨ੍ਹਾਂ ਨੂੰ ਆਗਿਆ ਦਿਤੀ ਜਾਏ ਕਿ ਹੁਣ ਬਾਕੀ ਦਾ ਸਮਾਂ ਬੀੜ ਵਿਚ ਹੀ ਬੈਠ ਕੇ ਪ੍ਰਭੂ-ਆਰਾਧਨ ਕਰਨ। ਸਤਿਗੁਰਾਂ ਨੇ ਪ੍ਰਵਾਨ ਕਰ ਲਿਆ ਅਤੇ ਬਾਬਾ ਬੁੱਢਾ ਜੀ ਬੀੜ ਵਿਚ ਜਾ ਟਿਕੇ।

ਵਿਸਾਖ ਵਿਦੀ ਪੰਜਵੀਂ ਸੰ: ੧੬੭੯ ਨੂੰ ਸਵਾ ਪਹਿਰ ਰਾਤ ਰਹਿੰਦੀਆਂ ਸ੍ਰੀ ਨਾਨਕੀ ਜੀ ਦੀ ਕੁਖੋਂ ਸਾਹਿਬਜ਼ਾਦੇ ਦਾ ਅਵਤਾਰ ਹੋਇਆ, ਜਿਨ੍ਹਾਂ ਦਾ ਨਾਮ ਤੇਗ ਬਹਾਦਰ ਧਰਿਆ ਗਿਆ। ਸਤਿਗੁਰਾਂ ਸਾਹਿਬਜ਼ਾਦੇ ਨੂੰ ਦੇਖ ਕੇ ਫਰਮਾਇਆ, "ਇਹ ਇੰਦ੍ਰੇ-ਜਿਤ, ਬ੍ਰਹਮਗਯਾਨੀ, ਤੇਗ ਦਾ ਧਨੀ, ਬਚਨ ਦਾ ਸੂਰਾ ਤੇ ਦੀਨ ਰਖਯਕ ਹੋਵੇਗਾ।"

ਸਤਿਗੁਰੂ ਹੁਣ ਕੁਝ ਸਾਲ ਸ੍ਰੀ ਅੰਮ੍ਰਿਤਸਰ ਸਾਹਿਬ ਠਹਿਰ, ਸਦਾ ਵਾਂਗ ਅਕਾਲ ਬੁੰਗੇ ਸਾਹਿਬ ਦੀਵਾਨ ਲਗਾ, ਆਪਣੇ ਜਗਤ ਉਧਾਰ ਦੇ ਵਿਹਾਰ ਵਿਚ ਰੁਝ ਗਏ। ਇਨ੍ਹਾਂ ਦਿਨਾਂ ਵਿਚ ਹੀ ਜਹਾਂਗੀਰ ਪਾਤਸ਼ਾਹ ਕਸ਼ਮੀਰੋਂ ਆਉਂਦਾ ਰਾਹ ਵਿਚ ਹੀ ਗੁਜ਼ਰ ਗਿਆ ਅਤੇ ਉਸ ਦੀ ਥਾਂ ਉਸ ਦੇ ਪੁਤ੍ਰ ਸ਼ਾਹ ਜਹਾਨ ਨੇ ਦਿੱਲੀ ਦੀ ਸ਼ਾਹੀ ਸੰਭਾਲੀ। ਜਹਾਂਗੀਰ ਦੀ ਮੌਤ ਦਾ ਸਮਾਂ ੧੬੮੪ ਬਿ: ਹੈ।

ਹੁਣ ਚੂੰਕਿ ਸ੍ਰੀ ਅੰਮ੍ਰਿਤਸਰ ਵਿਚ ਕੁਝ ਚਿਰ ਤੋਂ ਲਗਾਤਾਰ ਸਤਿਸੰਗ ਦਾ ਪ੍ਰਵਾਹ ਜਾਰੀ ਸੀ, ਇਸ ਲਈ ਬਹੁਤ ਸਾਰੇ ਸਤਿਸੰਗੀ ਪ੍ਰੇਮੀ ਅੰਮ੍ਰਿਤਸਰ ਹੀ ਆ ਰਹੇ। ਭਾਵੇਂ ਕਈਆਂ ਨੇ ਤਾਂ ਨਗਰ ਵਿਚ ਹੀ ਵਾਸਾ ਅਖਤਯਾਰ ਕਰ ਲਿਆ, ਪਰ ਕਈ ਇਕ ਇਕਾਂਤ ਦੇ ਚਾਹਵਾਨਾਂ ਨੇ ਬਾਹਰ ਸ੍ਰੀ ਰਾਮਸਰ ਦੇ ਪਾਸ ਇਕ ਝਿੜੀ ਵਿਚ ਆਸਣ

ਜਮਾ ਲਏ । ਇਨ੍ਹਾਂ ਝਿੜੀ-ਨਿਵਾਸੀ ਸਿੱਖਾਂ ਵਿਚ ਵਿਸ਼ੇਸ਼ ਗਿਣਤੀ ਦੀਰਘ ਵਿਚਾਰਵਾਨ ਵਿਦਿਆ-ਪ੍ਰੇਮੀ ਸਿੱਖਾਂ ਦੀ ਸੀ। ਕੁਝ ਚਿਰ ਬਾਅਦ ਸਤਿਗੁਰਾਂ ਨੇ ਸੰਗਤ ਦੀ ਇਸ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ, ਇਥੇ ਇਕ ਤਾਲਾਬ ਬਣਵਾ ਦਿਤਾ ਤੇ ਚੂੰਕਿ ਇਸ ਥਾਂ ਤੇ ਅਮੂਮਨ ਵਿਦਵਾਨ ਗਿਆਨੀ ਸਿੱਖਾਂ ਦੀਆਂ ਸਭਾਵਾਂ ਲਗਦੀਆਂ ਰਹਿੰਦੀਆਂ ਸਨ ਅਤੇ ਰੂਹ ਵਿਚਾਰਾਂ ਹੁੰਦੀਆਂ ਰਹਿੰਦੀਆਂ ਸਨ, ਇਸ ਲਈ ਇਸ ਤਾਲਾਬ ਦਾ ਨਾਮ ਹੀ *ਬਿਬੇਕਸਰ ਰਖਿਆ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਦਮੋਦਰੀ ਜੀ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਬੀਰੋ ਜੀ ਦਾ ਵਿਆਹ ਹੁਣ ਕਰ ਦੇਣਾ ਚਾਹੀਦਾ ਹੈ। ਸਤਿਗੁਰਾਂ ਨੇ ਭੀ ਮੰਨ ਲਿਆ ਅਤੇ ਵਿਆਹ ਦੀ ਤਿਆਰੀ ਸ਼ੁਰੂ ਹੋ ਗਈ। ਇਹਨਾਂ ਦਿਨਾਂ ਵਿਚ ਹੀ ਜਦ ਕਿ ਵਿਆਹ ਹਿਤ ਬਹੁਤ ਸਾਰੀ ਮਠਿਆਈ ਤੇ ਪਕਵਾਨ ਤਿਆਰ ਕੀਤੇ ਗਏ ਸਨ, ਲਹਿੰਦੇ ਤੋਂ ਸੰਗਤ ਦਾ ਇਕ ਜੱਥਾ ਗੁਰੂ ਦਰਸ਼ਨਾਂ ਹਿਤ ਆਇਆ। ਇਹ ਸੰਗਤ ਜ਼ਰਾ ਚਿਰਾਕੀ ਪੁਜੀ। ਉਸ ਵੇਲੇ ਲੰਗਰ ਬੰਦ ਹੋ ਚੁਕਾ ਸੀ ਅਤੇ ਸਤਿਗੁਰਾਂ ਨੇ ਇਹ ਵਿਚਾਰ ਕੇ, ਕਿ ਸੰਗਤ ਦੂਰੋਂ ਆਉਣ ਦੇ

---

*ਬਿਬੇਕ ਅਸਲ ਵਿਚ ਸੰਸਕ੍ਰਿਤ ਪਦ 'ਵਿਵੇਕ' ਦਾ ਪੰਜਾਬੀ ਉਚਾਰਣ ਹੈ, ਜਿਸ ਦੇ ਅਰਥ ਹੀ ਵਿਚਾਰ ਸਹਿਤ ਨਿਰਣਾ ਕੀਤਾ ਹੋਇਆ 'ਗਿਆਨ' ਹਨ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਇਸ ਤਾਲਾਬ ਦੇ ਕਿਨਾਰੇ ਹਮੇਸ਼ਾਂ ਹੀ ਗਿਆਨੀ ਤੇ ਤਿਆਗੀ ਸਿਖ ਵਸਦੇ ਰਹੇ ਹਨ। ਥੋੜ੍ਹਾ ਸਮਾਂ ਹੋਇਆ ਪਰਸਿਧ ਗਿਆਨੀ ਬਾਬਾ ਮੋਹਰ ਸਿੰਘ ਜੀ ਨਕਈ ਲਗ ਭਗ ੧੫੦ ਵਰ੍ਹੇ ਉਮਰ ਭੋਗ ਕੇ ਇਥੇ ਹੀ ਸਚਖੰਡ ਪਧਾਰੇ ਸਨ।

ਕਾਰਨ ਥੱਕੀ ਹੋਈ ਹੈ ਤੇ ਲੰਗਰ ਦੇਰੀ ਨਾਲ ਤਿਆਰ ਹੋ ਸਕੇਗਾ, ਮਹਿਲਾਂ ਵਿਚ ਕਹਿਲਾ ਭੇਜਿਆ ਕਿ ਵਿਆਹ ਹਿਤ ਤਿਆਰ ਹੋਈ ਮਠਿਆਈ ਵਿਚੋਂ ਕੁਝ ਸੰਗਤ ਦੇ ਛੱਕਣ ਲਈ ਭੇਜ ਦਿਓ। ਸ੍ਰੀ ਦਮੋਦਰੀ ਜੀ ਨੇ ਸੁਨੇਹਾ ਲਿਜਾਣ ਵਾਲੇ ਨੂੰ ਕਿਹਾ, "ਇਹ ਮਠਿਆਈ ਵਿਆਹ ਹਿਤ ਤਿਆਰ ਹੋਈ, ਮੇਲ ਅਤੇ ਜੰਞ ਲਈ ਹੈ। ਸੰਗਤ ਲਈ ਜ਼ਰਾ ਛੇਤੀ ਪ੍ਰਸ਼ਾਦ ਤਿਆਰ ਕਰਵਾ ਦਿਓ। ਇਹ ਮਠਿਆਈ ਨਹੀਂ ਮਿਲ ਸਕਦੀ।" ਜਾਂ ਇਹ ਸੁਨੇਹਾ ਸਤਿਗੁਰਾਂ ਨੂੰ ਪੁਜਾ ਤਾਂ ਆਪ ਨੇ ਫਰਮਾਇਆ, "ਦਮੋਦਰੀ ਜੀ ਨੇ ਜਗਤ ਮਰਯਾਦਾ ਨੂੰ ਮੁਖ ਰਖ ਕੇ ਗੁਰੂ ਮਰਯਾਦਾ ਵਲੋਂ ਕਮਜ਼ੋਰੀ ਦਿਖਾਈ ਹੈ। ਸਾਡੇ ਘਰ ਵਿਚ ਸੰਗਤ ਸਭ ਸਾਕ ਸੰਬੰਧਾਂ ਤੇ ਕੁੜਮਾਂ ਜੰਮਾਂ ਤੋਂ ਉਚੇਰੀ ਹੈ। ਸੰਗਤ ਦੀ ਸੇਵਾ ਹਿਤ ਸਭ ਤੋਂ ਵਿਸ਼ੇਸ਼ ਭੋਜਨ ਪੇਸ਼ ਕਰਨਾ ਚਾਹੀਦਾ ਹੈ। ਅੱਛਾ, ਦਮੋਦਰੀ ਜੀ ਨੇ ਸੰਗਤ ਨੂੰ ਮਠਿਆਈ ਦੇਣ ਤੋਂ ਇਨਕਾਰ ਕੀਤਾ ਹੈ, ਪਰ ਇਹ ਮਠਿਆਈ ਹੁਣ *ਤੁਰਕ ਹੀ ਖਾਣਗੇ।" ਇਤਨੇ ਵਿਚ ਹੀ ਕਿਸੇ ਇਕ ਸਿੱਖ ਵਲੋਂ ਬਹੁਤ ਸਾਰੀ ਮਠਿਆਈ ਹਜ਼ੂਰੀ ਵਿਚ ਆਣ ਭੇਟ

---

*ਕਈ ਇਤਿਹਾਸਕਾਰਾਂ ਨੇ ਸਤਿਗੁਰਾਂ ਦੇ ਇਸ ਬਦਨ ਨੂੰ ਸਰਾਪ ਕਰਕੇ ਲਿਖਿਆ ਹੈ, ਪਰ ਇਹ ਗਲ ਨਿਰਮੂਲ ਹੈ। ਹਕੀਕਤ ਇਹ ਹੈ ਕਿ ਸਤਿਗੁਰੂ ਤੁਰਕ ਰਾਜ ਨਾਲ ਮੁਕਾਬਲਾ ਕਰਨ ਦਾ ਫੈਸਲਾ ਕਰ ਚੁਕੇ ਸਨ। ਇਸ ਲਈ ਉਹ ਹਰ ਸਮੇਂ ਹਕੂਮਤ ਦੀਆਂ ਸਰਗਰਮੀਆਂ ਤੋਂ ਵਾਕਫ ਰਹਿੰਦੇ ਸਨ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਹੁਣ ਸ਼ਾਹ ਜਹਾਨ ਗੱਦੀ ਤੇ ਬੈਠ ਗਿਆ ਹੈ ਤੇ ਮਿਹਰਬਾਨ ਤੇ ਚੰਦੂ ਲਾਲ ਦੇ ਪੁੱਤਰ ਨੇ ਮੁਦਤਾਂ ਤੋਂ

(ਬਾਕੀ ਦੇਖੋ ਫੁਟ ਨੋਟ ਸਫਾ ੧੪੧)

ਹੋਈ, ਜੋ ਸਤਿਗੁਰਾਂ ਨੇ ਸੰਗਤ ਨੂੰ ਛਕਾ ਦਿਤੀ, ਪਰ ਸਤਿਗੁਰਾਂ ਦੇ ਬਚਨ ਸੁਣ ਕੇ ਸੰਗਤ ਨੂੰ ਇਹ ਦ੍ਰਿੜ੍ਹ ਹੋ ਗਿਆ ਕਿ ਸੱਚੇ ਪਾਤਸ਼ਾਹ ਦੇ ਘਰ ਵਿਚ ਸਿੱਖ ਸੰਗਤਾਂ ਦੀ ਪੂਜਾ ਭਾਰੇ ਤੋਂ ਭਾਰੇ ਦੁਨਿਆਵੀ ਸਾਕਾਂ ਨਾਲੋਂ ਵਿਸ਼ੇਸ਼ ਸਮਝੀ ਜਾਂਦੀ ਹੈ।

## ਧਰਮ ਯੁਧ

ਹੁਣ ਉਹ ਸਮਾਂ ਆ ਪੁੱਜਾ, ਜਿਸ ਦੀਆਂ ਤਿਆਰੀਆਂ ਬੜੀ ਦੇਰ ਤੋਂ ਹੋ ਰਹੀਆਂ ਸਨ। ਸਤਿਗੁਰਾਂ ਨੇ ਤਾਂ ਗੱਦੀ ਬਹਿਣ ਦੇ ਸਮੇਂ ਤੋਂ ਹੀ ਇਹ ਐਲਾਨ ਕੀਤਾ ਹੋਇਆ ਸੀ, "ਹੁਣ ਸਮਾਂ ਤੇਗ਼ ਦਾ ਆ ਰਿਹਾ ਹੈ ਤੇ ਜਰਵਾਣਿਆਂ ਨਾਲ... ......ਚੰਡੀ ਖੜਕ ਕੇ 'ਹੀ ਰਹੇਗੀ।" ਪਰ ਬਾਦਸ਼ਾਹ ਜਹਾਂਗੀਰ ਆਪਣੇ ਪਿਛਲੇ ਪਾਪ ਤੋਂ ਕੰਬਿਆ ਹੋਇਆ ਤੇ ਆਪਣੇ ਨੇਕ ਮਸ਼ੀਰਾਂ ਦੇ ਮਸ਼ਵਰੇ ਕਰ ਕੇ ਸਮੇਂ ਨੂੰ ਟਾਲੀ ਜਾਂਦਾ ਸੀ, ਤੇ ਦੂਜੇ ਪਾਸੇ ਸਤਿਗੁਰੂ ਭੀ ਤਿਆਰੀਆਂ ਕਰ ਰਹੇ ਸਨ। ਹੁਣ ਜਹਾਂਗੀਰ ਭੀ ਗੁਜ਼ਰ ਗਿਆ ਤੇ ਸਤਿਗੁਰਾਂ ਦੀ ਜੰਗੀ ਤਿਆਰੀ ਭੀ ਬਹੁਤ ਹਦ ਤਕ ਪੂਰੀ ਹੋ ਚੁਕੀ ਸੀ। ਦਿੱਲੀ ਦੇ ਤਖ਼ਤ ਤੇ ਹੁਣ ਸ਼ਾਹ ਜਹਾਨ ਬੈਠਾ ਸੀ ਤੇ ਉਸ ਨੂੰ

---

(ਸਫਾ ੧੪੦ ਦੇ ਫੁਟ ਨੋਟ ਦੀ ਬਾਕੀ)

ਉਸ ਨੂੰ ਸਾਡੇ ਖਿਲਾਫ ਚੁਕਿਆ ਹੋਇਆ ਹੈ। ਇਸ ਲਈ ਹੁਣ ਹਕੂਮਤ ਨਾਲ ਦੋ ਹੱਥ ਕਰਨੇ ਹੀ ਪੈਣਗੇ। ਲਾਹੌਰ ਵਿਚ ਹੋ ਰਹੀਆਂ ਸਾਜ਼ਸ਼ਾਂ ਦਾ ਗੁਰੂ ਜੀ ਨੂੰ ਭਾਈ ਲਗਾਹਾਂ ਤੇ ਸਿੱਖਾਂ ਰਾਹੀਂ ਪਤਾ ਲਗਦਾ ਰਹਿੰਦਾ ਸੀ। ਇਸ ਤੋਂ ਮਲੂਮ ਹੁੰਦਾ ਹੈ ਕਿ ਸਤਿਗੁਰੂ ਮੁਗਲਾਂ ਦੇ ਹਮਲੇ ਦੀ ਉਡੀਕ ਕਰ ਰਹੇ ਸਨ, ਜਿਸ ਕਰਕੇ ਉਨ੍ਹਾਂ ਨੇ ਇਹ ਬਚਨ ਕੀਤਾ।

ਟਿੱਕਾ ਹੋਣ ਦੇ ਸਮੇਂ ਹੀ ਗੁਰੂ ਧ੍ਰੋਹੀਆਂ ਨੇ ਉਕਸਾ ਮਚਾ ਗੁਰੂ ਘਰ ਦੇ ਬਰਖ਼ਿਲਾਫ਼ ਕੀਤਾ ਹੋਇਆ ਸੀ। ਅਹਿਲਕਾਰਾਂ ਨੂੰ ਇਸ ਗਲ ਦਾ ਪਤਾ ਸੀ। ਖ਼ਾਸ ਕਰ ਲਾਹੌਰ ਵਿਚ ਤਾਂ ਸਤਿਗੁਰਾਂ ਦੇ ਬਰਖ਼ਿਲਾਫ਼ ਬਹੁਤ ਚਿਰ ਤੋਂ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ, ਜਿਨ੍ਹਾਂ ਦੀ ਖ਼ਬਰ ਪਹਿਲੋਂ ਪਹਿਲ ਭਾਈ ਲੰਗਾਹ ਜੀ ਨੇ ਮਟਵੀ ਜਾ ਕੇ ਸਤਿਗੁਰਾਂ ਨੂੰ ਦਿਤੀ ਸੀ।

ਲਾਹੌਰ ਵਿਚ ਭਾਵੇਂ ਵਜ਼ੀਰ ਖ਼ਾਂ ਅਤੇ ਉਸ ਦੇ ਨਾਲ ਦੇ ਹੋਰ ਕਈ ਮੁਸਲਮਾਨ ਗੁਰੂ ਘਰ ਦੇ ਹਾਮੀ ਸਨ, ਪਰ ਮੁਖ਼ਾਲਿਫ਼ ਧੜਾ ਭੀ ਤਕੜਾ ਸੀ। ਲਾਹੌਰ ਦੇ ਸੂਬੇ ਦੀ ਫੌਜ ਤੋਂ ਕਿਨਾਂ ਉਹਨੀ ਦਿਨੀਂ ਬਾਦਸ਼ਾਹ (ਜਿਹੜਾ ਕਿ ਸਦਾ ਹੀ ਦਿਲੋਂ ਗੁਰੂ ਘਰ ਦੇ ਖ਼ਿਲਾਫ਼ ਰਿਹਾ) ਨੇ ਇਕ ਖਾਸ ਫ਼ੌਜ ਸਿਰਫ਼ ਗੁਰੂ ਸਾਹਿਬ ਦੀਆਂ ਸਰਗਰਮੀਆਂ ਤੇ ਨਿਗਰਾਨੀ ਰੱਖਣ ਲਈ ਲਾਹੌਰ ਵਿਚ *ਮੁਖ਼ਲਸ ਖ਼ਾਂ ਦੀ ਕਮਾਨ ਹੇਠਾਂ

---

*ਕਈ ਇਕ ਇਤਿਹਾਸਕਾਰਾਂ ਨੇ ਇਸ ਲੜਾਈ ਨੂੰ ਸ਼ਾਹਜਹਾਂ ਦੇ ਨਾਲ ਹੋਈ ਲਿਖਿਆ ਹੈ। ਉਹਨਾਂ ਦਾ ਖਿਆਲ ਹੈ ਕਿ ਲਾਹੌਰ ਵਿਚ ਠਹਿਰੇ ਹੋਏ ਸ਼ਾਹ ਜਹਾਂ ਨੇ ਮੁਖਲਿਸ ਖਾਂ ਨੂੰ ਲੜਨ ਲਈ ਭੇਜਿਆ ਸੀ। ਪਰ ਇਹ ਗੱਲ ਇਤਿਹਾਸਕ ਨੁਕਤਾ ਨਿਗਾਹ ਨਾਲ ਗ਼ਲਤ ਸਾਬਤ ਹੁੰਦੀ ਹੈ, ਕਿਉਂਕਿ ਇਸ ਲੜਾਈ ਦੀ ਤਰੀਕ ਕਰਤਾ ਸੂਰਜ ਪ੍ਰਕਾਸ਼ ਨੇ ਨਹੀਂ ਦਿੱਤੀ। ਪਰ ਭਾਈ ਗਿਆਨ ਸਿੰਘ ਜੀ ਤਵਾਰੀਖ਼ ਖਾਲਸਾ ਵਿਚ ੧੩ ਜੇਠ ਸੰਮਤ ੧੬੮੫ ਦਿੰਦੇ ਹਨ ਜੋ ੧੬੨੮ ਈ: ਬਣਦਾ ਹੈ। ਪਰ ਜਹਾਂਗੀਰ ਦਾ ਦੇਹਾਂਤ ੧੬੨੭ ਈ: ਵਿਚ ਹੋ ਚੁਕਾ ਸੀ ਤੇ ਸ਼ਾਹ ਜਹਾਨ, ਜੋ ਕਿ ਦੱਖਣ ਵਿਚ ਸੀ, ਜਨਵਰੀ ੧੬੨੮ ਈ: ਵਿਚ ਆਗਰੇ ਆ ਕੇ ਤਖ਼ਤ ਤੇ ਬੈਠਾ। ਇਸ ਲਈ ਉਸ ਦਾ ਇਤਨੀ ਜਲਦੀ ਲਾਹੌਰ ਪੁਜਣਾ ਤੇ ਲੜਾਈ

(ਬਾਕੀ ਦੇਖੋ ਫੁਟ ਨੋਟ ਸਫਾ ੧੪੩)

ਟਿਕਾਈ ਹੋਈ ਸੀ। ਅਜੇਹੀਆਂ ਤਾਜ਼ੀਰੀ ਫ਼ੌਜਾਂ ਹਮੇਸ਼ਾਂ ਹੀ ਵਿਹਲੀਆਂ ਪਈਆਂ ਰਹਿੰਦੀਆਂ ਤੇ ਕੋਈ ਨਾ ਕੋਈ ਸ਼ਰਾਰਤ

---

(ਸਫਾ ੧੪੨ ਦੇ ਫੁਟ ਨੋਟ ਦੀ ਬਾਕੀ)

ਦੀ ਕਮਾਨ ਕਰਨੀ, ਇਕ ਅਜੇਹਾ ਵਾਕਿਆ ਹੈ, ਜਿਸ ਦੀ ਕਿ ਉਸ ਸਮੇਂ ਦੇ ਲਿਖੇ ਹੋਏ ਇਤਿਹਾਸ ਤਾਈਦ ਨਹੀਂ ਕਰਦੇ ਤੇ ਨਾਲ ਹੀ 'ਦਬਸਤਾਨੇ ਮਜ਼ਾਹਿਬ' ਵਿਚ ਮੋਹਸਨ ਫਾਨੀ ਇਉਂ ਲਿਖਦਾ ਹੈ, "ਉ ਰਾ ਬਾਅਫਵਾਜੇ ਗੁਮਾਸ਼ਤਗਾਨੇ ਹਜ਼ਰਤ ਸ਼ਾਹਿਨਸ਼ਾਹੇ ਬੰਦਗਾਨੇ ਸ਼ਾਹ ਜਹਾਨ ਕਿ ਬਫ਼ਰਮਾਨੇ ਹਜ਼ਰਤੇ ਜ਼ੱਲੇ ਇਲਾਹੀ ਬਰ ਸਰੇ ਉ ਰਫਤੰਦ ਮਹਾਰਬਾ ਵਾਕੇ ਸ਼ੁਦ।" "ਉਸ ਦਾ ਸ਼ਹਿਨਸ਼ਾਹੀ ਗੁਮਾਸ਼ਤਿਆਂ ਦੀ ਫੌਜ ਅਤੇ ਸ਼ਾਹਜਹਾਨ ਦੇ ਨੌਕਰਾਂ ਨਾਲ ਜੋ ਬਾਦਸ਼ਾਹੀ ਫੁਰਮਾਨ ਅਨੁਸਾਰ ਉਸ ਦੇ ਸਿਰ ਤੇ ਗਏ ਸਨ, ਟਾਕਰਾ ਹੋ ਗਿਆ।"

ਇਹ ਇਕ ਜਗਤ ਪ੍ਰਸਿੱਧ ਤਰੀਕਾ ਹੈ ਕਿ ਕੋਈ ਭੀ ਖੇਡ ਖੇਡੀ ਜਾਏ, ਤਾਂ ਉਸ ਦੇ ਨਿਯਮਾਂ ਦੀ ਪਾਬੰਦੀ ਖਿਡਾਰੀਆਂ ਨੂੰ ਕਰਨੀ ਪੈਂਦੀ ਹੈ ਤੇ ਜਦੋਂ ਭੀ ਅਫਸਰ ਤੋਂ ਖੁੰਝੇ ਹੋਏ ਖਿਡਾਰੀ ਨਿਯਮਾਂ ਦੇ ਵਿਰੁਧ ਬਹਿਸ ਕਰਦੇ ਹਨ, ਤਾਂ ਉਨ੍ਹਾਂ ਨੂੰ ਝੂਠਿਆਂ ਕੀਤਾ ਜਾਂਦਾ ਹੈ। ਜਿੰਦਾਂ ਕੋਈ ਮੈਚ ਵਿਚ ਸ਼ਾਮਲ ਹੋਣ ਵਾਲੀ ਟੀਮ ਸਮੇਂ ਸਿਰ ਮੈਚ ਵਿਚ ਨਾ ਪੁਜੇ ਤੇ ਰੈਫਰੀ ਦੇ ਦੂਜੇ ਟੀਮ ਨੂੰ ਜਿਤੀ ਹੋਈ ਕਰਾਰ ਦਿਤੀ ਜਾਣ ਤੇ, ਜਾ ਕੇ ਝੂਠਾ ਝਗੜਾ ਪਾਵੇ ਕਿ "ਸਾਡੀ ਘੜੀ ਤੇ ਤਾਂ ਅਜੇ ਵਕਤ ਨਹੀਂ ਸੀ ਹੋਇਆ," ਤਾਂ ਵੀ ਉਹ ਹਾਰੀ ਹੋਈ ਹੀ ਕਰਾਰ ਦਿਤੀ ਜਾਂਦੀ ਹੈ, ਇਸੇ ਤਰ੍ਹਾਂ ਸਾਡੇ ਦੇਸ ਵਿਚ ਪੁਰਾਣੇ ਸਮੇਂ ਸ਼ਿਕਾਰ ਭੀ ਇਕ ਬਾਕਾਇਦਾ ਖੇਡ ਸੀ। ਉਸ ਦੇ ਭੀ ਨਿਯਮ ਸਨ ਤੇ ਅਜ ਭੀ ਹੈਨ। ਉਨ੍ਹਾਂ ਨਿਯਮਾਂ ਅਨੁਸਾਰ ਕੋਈ ਬਾਜ਼ ਜੇ ਜੰਗਲ ਵਿਚੋਂ ਕਿਸੇ ਨੂੰ ਲਾ-ਵਾਰਸ ਮਿਲ ਜਾਂਦਾ ਸੀ, ਉਹ ਉਸਦਾ ਹੋ ਜਾਂਦਾ ਸੀ। ਇਸ ਵਾਕੇ ਵਿਚ ਮੁਖਲਸ ਖਾਂ ਦੇ ਸ਼ਿਕਾਰੀ ਬਾਜ਼ ਗੁਆ ਬੈਠੇ ਤੇ ਸਿੱਖ ਸ਼ਿਕਾਰੀਆ ਨੇ ਉਹ ਬਾਜ਼ ਜੰਗਲ ਵਿਚੋਂ ਪਕੜਿਆ ਤੇ ਫੇਰ ਚਿਰ ਪਿਛੋਂ ਜਾ ਉਨ੍ਹਾਂ ਨੇ ਬਾਜ਼ ਦੀ ਮੰਗ ਕੀਤੀ। ਚੁਨਾਂਚਿ ਉਨ੍ਹਾਂ

(ਬਾਕੀ ਦੇਖੋ ਫੁਟ ਨੋਟ ਸਫਾ ੧੪੪)

ਹੀ ਖੜੀ ਕੀਤੀ ਰਖਦੀਆਂ ਸਨ। ਚੁਨਾਂਚਿ ਜਦੋਂ ਜਹਾਂਗੀਰ ਮਰ ਗਿਆ ਤੇ ਸ਼ਾਹ ਜਹਾਨ ਗੱਦੀ ਤੇ ਬੈਠਾ, ਤਾਂ ਜਿਥੇ ਗੁਰੂ ਦੇ

---

(ਸਫ਼ਾ ੧੪੩ ਦੇ ਫੁਟ ਨੋਟ ਦੀ ਬਾਕੀ)

ਨੇ ਲਾਹੌਰ ਜਾ ਕੇ ਰੀਪੋਰਟ ਦੇਂਦਿਆਂ ਭੀ ਇਹੋ ਲਫ਼ਜ਼ ਵਰਤੇ :–

"ਕਿਤਨ ਦੇਰ ਪਾਸ਼ੇ ਹਮ ਗਏ, ਗੁਰ ਫਿਰਗ ਬਾਜ਼ ਬਿਲੋਕਤ ਭਏ।"

(ਗੁ: ਪ੍ਰ: ਸੂ: ਰਾਸ ੬ ਅੰ: ੪)

ਪਰ ਜਦੋਂ ਸਿੱਖ ਸ਼ਿਕਾਰੀਆਂ ਨੇ ਆਪਣੇ ਸ਼ਿਕਾਰ ਦੇ ਕਾਇਦੇ ਮੂਜਬ ਆਪਣਾ ਹੱਕ ਜਤਾਇਆ, ਤਾਂ ਉਨ੍ਹਾਂ ਨੇ ਉਲਟੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਅਸਲ ਗਲ ਤਾਂ ਇਹ ਸੀ ਕਿ ਉਹ ਕਿਸੇ ਨਾ ਕਿਸੇ ਬਹਾਨੇ ਲੜਨਾ ਹੀ ਚਾਹੁੰਦੇ ਸਨ। ਉਹ ਸ਼ਾਹੀ ਰੋਹਬ ਦੇ ਤਾਣ ਤੇ ਹੱਕ ਨਹੱਕ ਦੀ ਵਿਚਾਰ ਕਰਨ ਨੂੰ ਤਯਾਰ ਹੀ ਨਹੀਂ ਸਨ। ਉਹ ਅਜਿਹੀਆਂ ਫ਼ੌਜਾਂ ਦੇ ਸੁਭਾਵ ,ਅਨੁਸਾਰ ਨਿਆਂ ਆਪਣੀ ਮਰਜ਼ੀ ਮਨਾ ਲੈਣ ਨੂੰ ਹੀ ਸਮਝਦੇ ਸਨ, ਕਿਉਂ ਜੋ ਦੇਸ ਦਬਿਆ ਹੋਇਆ ਹੋਣ ਦੇ ਕਾਰਨ ਆਮ ਜਨਤਾ ਤੁਰਕਾਂ ਤੋਂ ਨਿਆਂ ਅਨਿਆਂ ਦੀ ਪੜਚੋਲ ਦੀ ਆਸ ਨ ਰੱਖਦੀ ਹੋਏ ਭੈਭੀਤ ਹੋ ਓਹ ਜੋ ਕੁਝ ਕਹਿਣ, ਮੰਨ ਹੀ ਜਾਂਦੀ ਸੀ। ਪਰ ਸਤਿਗੁਰਾਂ ਦੇ ਸਾਹਮਣੇ ਸਵਾਲ ਅਸੂਲ ਦਾ ਸੀ ਬਾਜ ਤੇ ਮਾਮੂਲੀ ਚੀਜ਼ ਸੀ। ਜੇ ਉਹ ਸ਼ਰੀਫ਼ਾਂ ਵਾਂਗ ਮੰਗਦੇ, ਤਾਂ ਰਖ ਲੈਣ ਦਾ ਹੱਕ ਸ਼ਿਕਾਰ ਦੇ ਨੇਮਾਂ ਅਨੁਸਾਰ ਹੋਣ ਦੇ ਬਾਵਜੂਦ ਭੀ, ਬਾਜ਼ ਉਨ੍ਹਾਂ ਨੂੰ ਮੋੜ ਦਿਤਾ ਜਾਂਦਾ, ਪਰ ਉਹ ਤਾਂ ਇਸ ਪਾਸੇ ਪਏ ਹੀ ਨਾ ਅਤੇ ਹੱਕ ਨ ਹੱਕ ਦੀ ਵੀਚਾਰ ਛਡ, ਕੇਵਲ ਦਬਾ ਦੇ ਆਸਰੇ ਹੀ ਆਪਣੀ ਗਲ ਮਨਵਾਣਾ ਲੋੜਦੇ ਸਨ। ਸਤਿਗੁਰਾਂ ਨੇ ਇਹ ਪਹਿਲੇ ਦਿਨ ਤੋਂ ਹੀ ਐਲਾਨ ਕਰ ਦਿਤਾ ਸੀ ਕਿ "ਸ਼ਹੀਦ ਸਤਿਗੁਰਾਂ ਨੇ ਜਬਰ ਦੀ ਔਧੀ ਕਰ ਵਿਖਾਈ ਹੈ। ਹੁਣ ਜਬਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜਰਵਾਣਿਆਂ ਦਾ ਜਵਾਬ ਤਲਵਾਰ ਨਾਲ ਦਿਤਾ ਜਾਵੇਗਾ।" ਚੁਨਾਂਚਿ ਉਨ੍ਹਾਂ ਨੇ ਸ਼ਹੀ ਮੁਲਾਜ਼ਮਾਂ ਦੇ ਦਿਤੇ ਚੈਲੰਜ ਨੂੰ ਪ੍ਰਵਾਨ ਕਰ ਲਿਆ।

ਮੁਖ਼ਾਲਿਫ਼ ਅਹਿਲਕਾਰਾਂ ਵਿਚ ਸਿੱਖਾਂ ਨੂੰ ਨੁਕਸਾਨ ਪੁਚਾਣ ਦੇ ਖ਼ਿਆਲ ਵਧੇਰੇ ਉੱਠਣ ਲੱਗ ਪਏ, ਉਥੇ ਮੁਖ਼ਲਸ ਖ਼ਾਂ ਦਾ ਹੌਸਲਾ ਵੀ ਬਹੁਤ ਵਧ ਗਿਆ। ਉਹ ਕੋਈ ਨਾ ਕੋਈ ਬਹਾਨਾ ਸਤਿਗੁਰਾਂ ਨਾਲ ਲੜਾਈ ਦਾ ਢੂੰਡਣ ਲੱਗਾ।

ਇਕ ਦਿਨ ਅਜੇਹਾ ਇਤਫ਼ਾਕ ਹੋਇਆ ਕਿ ਮੁਖ਼ਲਸ ਖ਼ਾਂ ਭੀ ਲਾਹੌਰ ਅਰ ਅੰਮ੍ਰਿਤਸਰ ਦੇ ਦਰਮਿਆਨ ਜੰਗਲ ਵਿਚ ਸ਼ਿਕਾਰ ਲਈ ਆਇਆ ਹੋਇਆ ਸੀ ਤੇ ਏਧਰੋਂ ਸਤਿਗੁਰੂ ਭੀ ਆਪਣੇ ਜੋਧਿਆਂ ਸਮੇਤ ਸ਼ਿਕਾਰ ਚੜ੍ਹੇ ਹੋਏ ਸਨ। ਜਦ ਦੋਵੇਂ ਧਿਰਾਂ ਸ਼ਿਕਾਰ ਕਰ ਕੇ ਵਾਪਸ ਮੁੜੀਆਂ, ਤਾਂ ਦੈਵ ਨੇਤ ਨਾਲ ਮੁਖ਼ਲਸ ਖ਼ਾਂ ਦਾ ਇਕ ਸੁਫ਼ੈਦ ਬਾਜ਼ ਉਸ ਦੇ ਮੀਰ ਸ਼ਿਕਾਰੀ ਦੇ ਹਥ ਤੋਂ ਉਡ ਕੇ ਇਕ ਦੂਰ ਬਨ ਵਿਚ ਜਾ ਪੁੱਜਾ, ਜਿਥੇ ਉਸ ਨੂੰ ਸਤਿਗੁਰੂ ਦੇ ਸਾਥੀ ਸ਼ਿਕਾਰੀਆਂ ਨੇ ਦੇਖ ਲਿਆ। ਜਦ ਦੇਰ ਤਕ ਕੋਈ ਬਾਜ਼ ਦਾ ਵਾਲੀ ਵਾਰਸ ਨਾ ਬਹੁੜਿਆ, ਤਾਂ ਗੁਰੂ ਦੇ ਸ਼ਿਕਾਰੀਆਂ ਨੇ ਇਹ ਖ਼ਿਆਲ ਕੀਤਾ ਕਿ ਇਹ ਜੰਗਲ ਵਿਚ ਲਾਵਾਰਸ ਜਾਨਵਰ ਹੈ। ਚੁਨਾਂਚਿ ਉਹਨਾਂ ਨੇ ਉਹ ਬਾਜ਼ ਪਕੜ ਲਿਆ। ਜਦ ਕੁਝ ਚਿਰ ਪਿਛੋਂ ਮੁਖ਼ਲਸ ਖ਼ਾਂ ਦੇ ਆਦਮੀ ਪੁਜੇ ਤੇ ਉਹਨਾਂ ਨੇ ਸਿਖਾਂ ਦੇ ਸ਼ਿਕਾਰੀ ਡੇਰੇ ਤੇ ਜਾ ਕੇ ਕਿਹਾ, "ਇਹ ਬਾਜ਼ ਸਾਡਾ ਹੈ", ਤਾ ਸਤਿਗੁਰਾਂ ਦੇ ਸ਼ਿਕਾਰੀਆਂ ਨੇ ਜਵਾਬ ਦਿਤਾ, "ਅਸਾਂ ਇਹ ਲਾਵਾਰਸ ਬਾਜ਼ ਜੰਗਲ ਵਿਚੋਂ ਪਕੜਿਆ ਹੈ ਤੇ ਇਹ ਸ਼ਿਕਾਰੀਆਂ ਦੇ ਰਿਵਾਜ ਅਨੁਸਾਰ ਹੁਣ ਸਾਡਾ ਹੈ।" ਬਜਾਏ ਇਸ ਦੇ ਕਿ ਉਹ ਸਹਿਜ ਨਾਲ ਗਲ ਕਰਦੇ ਅਤੇ ਸ਼ਿਕਾਰੀਆਂ ਦੇ ਰਿਵਾਜ ਤੇ ਬਹਿਸ ਚਲਾਂਦੇ, ਉਨ੍ਹਾਂ ਨੇ ਉਲਟਾ ਡਾਂਟਣਾ ਸ਼ੁਰੂ ਕਰ ਦਿਤਾ।

ਅਤੇ ਕਿਹਾ, "ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਹੁਣ ਤਖ਼ਤ ਤੇ ਸ਼ਹਿਨਸ਼ਾਹ ਸ਼ਾਹਜਹਾਨ ਹੈ। ਉਸ ਨੇ ਕੋਈ ਬਾਗ਼ੀ ਦੇਸ਼ ਭਰ ਵਿਚ ਨਹੀਂ ਰਹਿਣ ਦਿਤਾ। ਅਸੀਂ ਉਸ ਦੇ ਨੌਕਰ ਹਾਂ। ਉਸ ਦੇ ਜਰਨੈਲ ਮੁਖ਼ਲਸ ਖ਼ਾਂ ਦੇ ਬਾਜ਼ ਨੂੰ ਪਕੜ ਲੈਣਾ ਖ਼ਾਲਾ ਜੀ ਦਾ ਘਰ ਨਹੀਂ। ਤੁਹਾਨੂੰ ਇਸ ਕੀਤੇ ਦੀ ਸਜ਼ਾ ਤਕੜੀ ਭੋਗਣੀ ਪਵੇਗੀ।"

ਸਿਖ ਇਸ ਧਮਕੀ ਨੂੰ ਸੁਣ ਕੇ ਜਲਾਲ ਵਿਚ ਆ ਗਏ ਤੇ ਉਹਨਾਂ ਨੇ ਕਿਹਾ, "ਬਾਜ਼ ਅਸਾਂ ਜੰਗਲ ਵਿਚੋਂ ਪਕੜਿਆ ਹੈ। ਕਾਇਦੇ ਮੂਜਬ ਇਹ ਹੁਣ ਸਾਡਾ ਹੈ। ਜੇ ਤੁਸੀਂ ਭਰਾਵਾਂ ਵਾਂਗ ਮੰਗ ਕਰਦਿਓ, ਤੇ ਸ਼ਾਇਦ ਅਸੀਂ ਤੁਹਾਨੂੰ ਦੇ ਭੀ ਦੇਂਦੇ। ਪਰ ਤੁਸੀਂ ਸਾਨੂੰ ਨਾਜਾਇਜ਼ ਧਮਕੀਆਂ ਤੇ ਬਾਦਸ਼ਾਹ ਦਾ ਰੋਅਬ ਦਿਖਾਂਦੇ ਹੋ। ਸੋ ਜਾਓ, ਹੁਣ ਸ਼ਾਹੀ ਹਾਕਮਾਂ ਕੋਲ ਸ਼ਕਾਇਤ ਕਰ ਦਿਓ। ਅਸੀਂ ਸ਼ਾਹੀ ਬਲ ਦੇਖ ਕੇ ਹੀ ਕੋਈ ਗਲ ਕਰਾਂਗੇ।"

ਮੁਗ਼ਲ ਰਾਜ ਦੇ ਸਮੇਂ ਵਿਚ ਸਿੱਖਾਂ ਦੇ ਮੂੰਹੋਂ ਨਿਕਲੀਆਂ ਹੋਈਆਂ ਇਹ ਗੱਲਾਂ ਇਕ ਅਚੰਭਾ ਸਨ। ਕੋਈ ਸ਼ਾਹੀ ਮੁਲਾਜ਼ਮ ਇਹ ਤਸੱਵਰ ਹੀ ਨਹੀਂ ਸੀ ਕਰ ਸਕਦਾ ਕਿ ਇਸ ਦੇਸ ਵਿਚ ਕੋਈ ਸ਼ਾਹੀ ਤਾਕਤ ਨੂੰ ਵੀ ਵੰਗਾਰ ਸਕਦਾ ਹੈ। ਚੁਨਾਂਚਿ ਮੀਰ ਸ਼ਿਕਾਰ ਨੇ ਗੁੱਸੇ ਵਿਚ ਭਰ ਕੇ ਕਿਹਾ, "ਓਇ ਬਦਕਿਸਮਤੋ, ਕਿਉਂ ਆਪਣੀ ਕਜ਼ਾ ਨੂੰ ਵਾਜਾਂ ਮਾਰਦੇ ਹੋ? ਤੁਸੀਂ ਕਿਤੇ ਨਸ਼ਈ ਤੇ ਨਹੀਂ? ਜਿਸ *ਸਾਹਿਬ

*ਮੁਗ਼ਲਾਂ ਵਿਚ ਚਕ੍ਰਵਰਤੀ ਬਾਦਸ਼ਾਹ ਨੂੰ 'ਸਾਹਿਬ ਕਿਰਾਨੀ' ਕਿਹਾ ਜਾਂਦਾ ਸੀ ਤੇ ਮਨੌਤ ਇਹ ਸੀ ਕਿ ਉਨ੍ਹਾਂ ਦਾ ਜਨਮ ਕਿਸੇ ਖਾਸ ਸ਼ੁਭ ਨਛੱਤ੍ਰ ਵਿਚ ਹੁੰਦਾ ਹੈ।

ਕਿਰਾਨੀ ਦੇ ਸਾਹਮਣੇ ਹਜ਼ਾਰਾਂ ਫ਼ੌਜਾਂ ਦੇ ਮਾਲਕ ਰਾਜੇ ਅਤੇ ਮਹਾਰਾਜੇ ਉੱਚੀ ਅੱਖ ਚੁਕ ਕੇ ਨਹੀਂ ਦੇਖ ਸਕਦੇ, ਤੁਸੀ ਅੱਜ ਉਸ ਨੂੰ ਵੰਗਾਰਦੇ ਹੋ ?"

ਸਿੱਖਾਂ ਨੇ ਗੱਲ ਮੁਕਾਉਂਦਿਆਂ ਹੋਇਆਂ ਕਿਹਾ, "ਫਿੱਕੀਆਂ ਗੱਲਾਂ ਕਰਨ ਦਾ ਕੋਈ ਫ਼ਾਇਦਾ ਨਹੀਂ। ਤੁਸੀਂ ਜਾਓ ਤੇ ਜੋ ਜ਼ੋਰ ਲਗਦਾ ਹੈ, ਲਗਾ ਲਓ। ਸ਼ਾਹੀ ਸੈਨਾਂ ਚੜ੍ਹਾ ਲਿਆਓ। ਅਸੀਂ ਹੁਣ ਦੋ ਦੋ ਹੱਥ ਕਰ ਕੇ ਹੀ ਟਲਾਂਗੇ।"

ਮੀਰ ਸ਼ਿਕਾਰੀ ਲਾਹੌਰ ਪੁੱਜੇ ਅਤੇ ਉਹਨਾਂ ਅੰਮ੍ਰਿਤਸਰ ਹੋਈ ਗੱਲ ਬਾਤ ਨੂੰ ਹੋਰ ਭੀ ਮਸਾਲੇ ਲਾ, ਮੁਖ਼ਲਸ ਖ਼ਾਂ ਦੇ ਕੰਨ ਭਰੇ। ਮੁਖ਼ਲਸ ਖ਼ਾਂ ਤਾਂ ਅਗੇ ਇਹ ਗੱਲ ਲੋੜਦਾ ਸੀ। ਚੁਨਾਂਚਿ ਉਹ ਆਪਣੀ ਸਤ ਹਜ਼ਾਰ ਫ਼ੌਜ ਲੈ, ਅਤੇ ਹੋਰ ਭੀ ਲਾਹੌਰ ਦੇ ਅਹਿਲਕਾਰਾਂ ਕੋਲੋਂ ਜਿਤਨੀ ਮਦਦ ਹੋ ਸਕੀ, ਮੰਗ, ੧੩ ਜੇਠ ਸੰ: ੧੬੮੫ ਬਿ: ਨੂੰ ਅੰਮ੍ਰਿਤਸਰ ਤੇ ਆ ਚੜ੍ਹਿਆ। ਅਗੋਂ ਸਤਿਗੁਰੂ ਵੀ ਤਿਆਰ ਬੈਠੇ ਸਨ। ਉਹਨਾਂ ਆਪਣੇ ਸੈਨਾਪਤੀ ਭਾ: ਭਾਨੇ ਨੂੰ ਹੁਕਮ ਦਿਤਾ ਕਿ ਉਹ ਦੁਸ਼ਮਨ ਨੂੰ ਅਗੋਂ ਹੀ ਜਾ ਰੋਕੇ। ਚੁਨਾਂਚਿ ਉਹਨਾਂ ਨੇ ਲੋਹਗੜ੍ਹ ਦਾ ਕਿਲ੍ਹਾ ਕਾਇਮ ਕਰ, ਮੋਹਰਲਾ ਦਸਤਾ ਲੈ ਪਿਪਲੀ ਸਾਹਿਬ ਪਾਸ ਵੈਰੀ ਦਾ ਟਾਕਰਾ ਜਾ ਕੀਤਾ। ਭਾ: ਸਾਹਿਬ ਦੀ ਮਦਦ ਲਈ ਇਕ ਪਾਸੇ ਭਾ: ਬਿਧੀ ਚੰਦ ਜੀ ਆਪਣੇ ਦਸਤੇ ਸਮੇਤ ਵਧੇ ਤੇ ਦੂਜੇ ਪਾਸਿਉਂ ਮਝੈਲਾਂ ਦੇ ਜ਼ਬਰਦਸਤ ਸੂਰੀਬੀਰ ਦਸਤੇ, ਜੋ ਧਰਮ ਯੁਧ ਦੀ ਖ਼ਬਰ ਸੁਣ, ਸ਼ਹੀਦੀਆਂ ਪਾਉਣ ਹਿਤ ਤਿਆਰ ਹੋ ਆਏ ਸਨ, ਅਗੇ ਵਧੇ। ਅੱਖ ਦੇ ਪਲਕਾਰੇ ਵਿਚ ਦੋਵੇਂ ਫ਼ੌਜਾਂ ਇਕ ਦੂਜੇ ਨਾਲ ਉਲਝ ਗਈਆਂ। ਘੋੜਿਆਂ ਦੇ ਸੁੰਮਾਂ ਨਾਲ

ਉਭਰੀ ਹੋਈ ਧੂੜ ਨੇ ਰਾਤ ਪਾ ਦਿਤੀ, ਜਿਸ ਵਿਚ ਲੋਹੇ ਤੇ ਲੋਹਾ ਵੱਜਣ ਨਾਲ ਉਠੇ ਹੋਏ ਚੰਗਿਆੜੇ, ਤਾਰਿਆਂ ਵਾਂਗ ਚਮਕਦੇ ਦਿਸ ਆਉਂਦੇ ਸਨ। ਇਉਂ ਜਾਪਦਾ ਸੀ ਕਿ ਕਾਲੀ ਰਾਤ ਵਿਚ ਜੁਗਨੂੰ ਟਿਮਟਿਮਾ ਰਹੇ ਸਨ। ਸੂਰੇ ਮਾਰੋ ਮਾਰ ਪੁਕਾਰਦੇ ਸਨ। ਗਾਨੇ ਹੱਥ ਬੰਨ੍ਹ ਆਇਆਂ ਵਰਿਆਮਾਂ ਨੇ ਦਿਲ ਖੋਲ੍ਹ ਕੇ ਤੇਗਾਂ ਵਾਹੀਆਂ। ਇਉਂ ਲਿਖਿਆ ਹੈ:-

ਸਰੋਹੀ ਚਲੀ ਬਾਡ ਵਾਰੀ ਹਲੱਭੀ,
ਖਿਚੇ ਮਿਆਨ ਤੇਗੇ ਫ਼ੌਲਾਦੀ ਜੁਲੱਬੀ।
ਸੁਖੰਡੇ ਦੁਧਾਰੇ ਪ੍ਰਜੰਡੇ ਚਮੱਕੇ,
ਚਲੀ ਸੈਫ ਸਾਫ਼ਨ ਕਟੰਦੀ ਦਮੱਕੇ।
ਲਗੇ ਖੱਗ ਪੈ ਖੱਗ ਟੂਟ ਛਨੰਕੇ,
ਘਰੇ ਮੇਂ ਸੰਜੋਏ ਇਕ ਤਾਂ ਸੋਝੰਨਕੇ।
ਚਲੇ ਸੇਲ ਮੇਲ ਭਈ ਰੇਲ ਪਲੇ,
ਮਨੋ ਰੰਗ ਲੈ ਲੈ ਮਿਲੇ ਫਾਕ ਖੇਲੇ।"

ਗੁ: ਪ੍ਰ: ਸੂ: ਰਾ: ੬ ਅੰ: ੧੩

ਭਾਰੀ ਵਾਢ ਕਰਨ ਵਾਲੀ ਹਲਬ ਦੀ ਸਰੋਹੀ ਚੱਲੀ। ਮਿਆਨ ਤੋਂ ਫ਼ੌਲਾਦੀ ਜਨੱਬੀ ਖਿੱਚੀ ਗਈ। ਦੋਧਾਰੇ ਖੰਡੇ ਤੇਜ਼ ਚਮਕੇ। ਕਟੱਨ ਹਾਰੀ ਸੈਫ ਸਫਾ ਹੋ ਕੇ ਚਮਕਣ ਲੱਗੀ। ਤਲਵਾਰ ਤੇ ਤਲਵਾਰ ਪਈ ਟੁਟੀ ਤੇ ਛਣਕੀ। ਕਈਆਂ ਦੇ ਗਲੇ ਵਿਚ ਸੰਜੋਯ ਝਨਕਾਰ ਪਾਉਣ ਲੱਗੀ। ਨੇਜ਼ੇ ਓਧਰੋਂ ਚਲੇ ਤੇ ਧੱਕਮ ਧੱਕੇ ਹੋਣ ਲੱਗੇ। ਸੂਰਮੇ ਖ਼ੂਨ ਵਿਚ ਰੰਗੇ ਹੋਏ ਐਉਂ ਪ੍ਰਤੀਤ ਹੁੰਦੇ ਸਨ, ਜਿਸ ਤਰ੍ਹਾਂ ਹੋਲੀ ਦੇ ਖਿਡਾਰੀ ਰੰਗ ਖੇਡਦੇ ਹੋਣ।

ਕੁਝ ਚਿਰ ਤਾਂ ਡੱਟ ਕੇ ਲੜਾਈ ਹੋਈ,ਪਰ ਫਿਰ ਸ਼ਾਹੀ ਦਸਤਿਆਂ ਦੇ ਪੈਰ ਖਿਸਕਣ ਲੱਗੇ। ਅਜੇਹਾ ਹੁੰਦਾ ਭੀ ਕਿਸ ਤਰ੍ਹਾਂ ਨਾ। ਇਕ ਪਾਸੇ ਤਾਂ ਅਨਿਆਈ ਹਾਕਮਾਂ ਦੀ ਪਰਜਾ ਦੀ ਲੁਟ ਵਿਚੋਂ ਹਿੱਸੇ ਆਉਂਦੀ ਤਨਖ਼ਾਹ ਲੈਣ ਵਾਲੇ ਨੌਕਰ ਲੜ ਰਹੇ ਸਨ ਤੇ ਦੂਜੇ ਪਾਸੇ ਧਰਮ ਯੁਧ ਵਿਚ ਸ਼ਹੀਦੀਆਂ ਪਾ ਜੀਵਨ ਮਨੋਰਥ ਪ੍ਰਾਪਤ ਕਰਨ ਵਾਲੇ ਬੀਰਰਸ-ਮਤੇ ਜੋਧੇ ਸਨ, ਜਿਨ੍ਹਾਂ ਵਿਚੋਂ ਭਾਰੀ ਗਿਣਤੀ ਮਝੈਲਾਂ ਦੀ ਸੀ ਤੇ ਜਿਨ੍ਹਾਂ ਦੀ ਸੂਰਮਤਾਈ ਜਗਤ ਪ੍ਰਸਿਧ ਹੈ।

ਸ਼ਮਸ ਖ਼ਾਂ ਮੋਹਰੀ ਦਸਤੇ ਦਾ ਸਰਦਾਰ ਇਕ ਪਾਸੇ ਦੌੜਨ ਹੀ ਲਗਾ ਸੀ ਕਿ ਮੁਖ਼ਲਸ ਖ਼ਾਂ ਨੇ ਅਨਵਰ ਖ਼ਾਂ ਨੂੰ ਉਸ ਦੀ ਮਦਦ ਲਈ ਘਲ ਦਿਤਾ। ਅਨਵਰ ਖ਼ਾਂ ਨੇ ਸ਼ਮਸ ਖ਼ਾਂ ਨੂੰ ਲਲਕਾਰਿਆ, "ਵੇਖੀਂ, ਮੁਗ਼ਲ ਪਠਾਨਾਂ ਦੇ ਨਾਮ ਨੂੰ ਲਾਜ ਨਾ ਲਾਈਂ। ਜ਼ਰਾ ਸੋਚ, ਤੂੰ ਕਿਨ੍ਹਾਂ ਦੀ ਔਲਾਦ ਹੈਂ। ਦਿਲ ਧਰ, ਭਜਿਆਂ ਵੀ ਜਾਨ ਨਹੀਂ ਬਚਣੀ। ਜੇ ਬਚ ਵੀ ਗਈ, ਤਾਂ ਅਗੇ ਜਹੰਨਮ ਦੀ ਅੱਗ ਵਿਚ ਸੜਨਾ ਪਵੇਗਾ।"

ਸ਼ੱਮਸ ਖ਼ਾਂ, ਅਨਵਰ ਖ਼ਾਂ ਦੇ ਲਲਕਾਰਨ ਤੇ ਫਿਰ ਟੁੱਟ ਕੇ ਪਿਆ। ਸਿਖਾਂ ਦੀ ਫ਼ੌਜ ਵਿਚ ਇਸ ਤੁੰਦ ਹਮਲੇ ਕਾਰਨ ਕੁਝ ਘਬਰਾਹਟ ਪੈਦਾ ਹੋ ਗਈ। ਭਾਈ ਭਾਨਾ ਜੀ ਆਪਣੇ ਸਿਪਾਹੀਆਂ ਦੀ ਮਦਦ ਨੂੰ ਅਗੇ ਵਧੇ ਅਤੇ ਬੰਦੂਕਾਂ ਵਾਲੇ ਸਿੱਖਾਂ ਨੂੰ ਦੁਗਾੜੇ ਚਲਾਣ ਦੀ ਆਗਿਆ ਕੀਤੀ। ਸ਼ੱਮਸ ਖ਼ਾਂ ਦੇ ਘੋੜੇ ਨੂੰ ਗੋਲੀ ਵੱਜੀ। ਉਹ ਪੈਦਲ ਹੋਇਆ ਹੀ ਸੀ ਕਿ ਭਾਈ ਭਾਨਾ ਜੀ ਨੇ (ਧਰਮ ਯੁਧ ਦੇ ਨਿਯਮ ਅਨੁਸਾਰ) ਵੀ ਆਪਣੇ ਘੋੜੇ ਤੋਂ ਛਾਲ ਮਾਰ ਦਿਤੀ ਅਤੇ ਸ਼ੱਮਸ ਖ਼ਾਂ ਨੂੰ

ਦੋ ਦੋ ਹੱਥ ਕਰਨ ਲਈ ਵੰਗਾਰਿਆ, "ਹੁਣ ਮੈਂ ਤੈਨੂੰ ਭੱਜ ਕੇ ਨਹੀਂ ਜਾਣ ਦਿਆਂਗਾ।"

"ਤਕੜਾ ਹੋ, ਵਾਰ ਆਇਆ ਈ!" ਕਹਿੰਦਿਆਂ ਹੀ ਸ਼ੱਮਸ ਖ਼ਾਂ ਨੇ ਪੱਬਾਂ ਪਰਨੇ ਹੋ ਭਾਈ ਭਾਨਾ ਸਾਹਿਬ ਤੇ ਤਲਵਾਰ ਵਾਹੀ। ਉਹਨਾਂ ਨੇ ਵਾਰ ਢਾਲ ਤੇ ਲੈ ਲਿਆ ਅਤੇ ਦੂਜੇ ਹੱਥੇ ਹੀ ਸ਼ੱਮਸ ਖ਼ਾਂ ਦਾ ਸਿਰ ਵੇਲ ਤੋਂ ਟੁੱਟੇ ਹੋਏ ਕੱਦੂ ਵਾਂਗ ਉੜਾ ਕੇ ਜ਼ਮੀਨ ਤੇ ਸੁਟ ਦਿਤਾ। ਤੁਰਕ ਫ਼ੌਜ ਆਪਣੇ ਕਮਾਂਡਰ ਦੇ ਡਿਗਦਿਆਂ ਸਾਰ ਹੀ ਚਾਰੇ ਪਾਸਿਉਂ ਭਾਨਾ ਸਾਹਿਬ ਤੇ ਚੜ੍ਹ ਆਈ, ਪਰ ਉਹਨਾਂ ਦਿਲ ਕਾਇਮ ਰਖਿਆ। ਹੁਣ ਚੌਹਾਂ ਪਾਸਿਆਂ ਤੋਂ ਵਾਰ ਆ ਰਹੇ ਸਨ। ਓੜਕ ਦੋ ਗੋਲੀਆਂ ਉਹਨਾਂ ਦੇ ਸਰੀਰ ਵਿਚੋਂ ਲੰਘ ਗਈਆਂ। ਸਤਿਨਾਮ ਵਾਹਿਗੁਰੂ ਦਾ ਉਚਾਰ ਕਰਦੇ ਹੋਏ ਰਨਭੂਮੀ ਵਿਚ ਬੀਰ ਸੇਜਾ ਤੇ ਸੌਂ ਗਏ ਤੇ ਉਹਨਾਂ ਦੀ ਆਤਮਾ ਕਰਮ ਖੰਡ ਵਿਚ ਪੁਜ ਵਾਹਿਗੁਰੂ ਦੀ ਬਖ਼ਸ਼ਸ਼ ਦੀ ਪਾਤਰ ਬਣੀ।

ਹੁਣ ਦੋਹਾਂ ਧਿਰਾਂ ਦੇ ਸਰਦਾਰ ਕੰਮ ਆ ਚੁਕੇ ਸਨ। ਮੁਖ਼ਲਸ ਖ਼ਾਂ ਨੇ ਸ਼ੱਮਸ ਖ਼ਾਂ ਨੂੰ ਡਿਗਦਿਆਂ ਦੇਖ ਸੱਯਦ ਮੁਹੰਮਦ ਅਲੀ ਨੂੰ ਇਕ ਹਜ਼ਾਰ ਸਵਾਰ ਦੇ ਅਗੇ ਵਧਾਇਆ। ਇਧਰੋਂ ਸਿੱਖਾਂ ਦੀ ਕਮਾਨ ਭਾ: ਸਿੰਘਾ ਜੀ ਨੇ ਸੰਭਾਲ ਲਈ। ਫਿਰ ਘਮਸਾਣ ਦਾ ਜੰਗ ਆਰੰਭ ਹੋਇਆ। ਭਾਈ ਤੋਤਾ, ਨਿਹਾਲੂ, ਤਿਲੋਕਾ, ਅਨੰਤਾ ਤੇ ਨਿਹਾਲਾ ਵਧ ਵਧ ਕੇ ਲੜੇ। ਸੂਰਿਆਂ ਨੇ ਦੁਸ਼ਮਨਾਂ ਦੇ ਆਹੂ ਲਾਹ ਸੁਟੇ। ਮੁਹੰਮਦ ਅਲੀ ਨੇ ਵੀ ਕੋਈ ਕਸਰ ਨ ਛੱਡੀ। ਕੁਝ ਚਿਰ ਉਸ ਦੀ ਫ਼ੌਜ ਭੀ ਡੱਟ ਕੇ ਲੜਦੀ ਰਹੀ। ਆਖ਼ਰ ਮੁਹੰਮਦ ਅਲੀ ਨੇ ਭਾਈ ਸਿੰਘਾ ਜੀ

ਤੇ ਦੁਗਾੜਾ ਚਲਾਇਆ, ਜਿਸ ਦੀ ਇਕ ਗੋਲੀ ਉਨ੍ਹਾਂ ਦੇ ਘੋੜੇ ਨੂੰ ਮਾਰ ਗਈ ਤੇ ਇਕ ਉਨ੍ਹਾਂ ਨੂੰ ਘਾਇਲ ਕਰ ਗਈ। ਦੁਸ਼ਮਨ ਨੇ ਇਹ ਦੇਖ ਕੇ ਕਿ ਭਾ: ਸਿੰਘਾ ਜੀ ਸ਼ਹੀਦ ਨਹੀਂ ਹੋਏ, ਇਕ ਫ਼ਾਇਰ ਹੋਰ ਕੀਤਾ, ਪਰ ਗੋਲੀ ਲਾਂਭ ਚਲੀ ਗਈ। ਇੰਨੇ ਨੂੰ ਭਾਈ ਸਿੰਘਾ ਜੀ ਭੀ ਸੰਭਲੇ ਅਤੇ ਉਨ੍ਹਾਂ ਨੇ ਘਾਇਲ ਪਿਆਂ ਹੀ ਇਕ ਅਜਿਹਾ ਤੀਰ ਚਲਾਇਆ, ਜੋ ਮੁਹੰਮਦ ਅਲੀ ਦੀ ਛਾਤੀ ਵਿਚੋਂ ਲੰਘ ਗਿਆ। ਮੁਹੰਮਦ ਅਲੀ ਤਾਂ ਡਿਗ ਪਿਆ, ਪਰ ਸੈਨਾ ਅਗਾਂਹ ਵਧ ਟੁਟ ਕੇ ਪੈ ਗਈ। ਦੋਵੇਂ ਦਲ ਆਪਸ ਵਿਚ ਦੀ ਗੁੱਥਮ-ਗੁੱਥਾ ਹੋ ਪਏ। ਇਥੋਂ ਤਕ ਕਿ ਕਈ ਸੂਰਮੇਂ ਆਪਸ ਵਿਚ ਦੀ ਹਥੋ-ਪਾਈ ਹੋਣ ਲੱਗ ਪਏ।

ਹੁਣ ਭਾਈ ਸਿੰਘਾ ਜੀ ਭੀ ਸ਼ਹੀਦ ਹੋ ਗਏ ਅਤੇ ਸਤਿਗੁਰਾਂ ਨੇ ਪੈਂਦੇ ਖ਼ਾਂ ਨੂੰ ਫ਼ੌਜ ਦੀ ਕਮਾਨ ਸੌਂਪੀ। ਪੈਂਦੇ ਖ਼ਾਂ ਆਪਣਾ ਦਸਤਾ ਲੈ ਤੁਰਕ ਫ਼ੌਜ ਤੇ ਇਸ ਤਰ੍ਹਾਂ ਪਿਆ, ਜਿਸ ਤਰ੍ਹਾਂ ਬਾਜ਼ ਤਿਲੀਅਰ ਤੇ ਪੈਂਦਾ ਹੈ। ਖ਼ੁਦ ਸਤਿਗੁਰੂ ਭੀ ਰਣਛੇੜ੍ਹ ਵਿਚ ਪੁਜ ਪਏ ਅਤੇ ਆਪਣੇ ਬਾਣਾਂ ਨਾਲ ਸ਼ੱਤਰੂ ਸੈਨਾ ਵਿਚ ਤਰਥੱਲੀ ਪਾ ਦਿੱਤੀ।

ਜਦ ਮੁਖਲਸ ਖ਼ਾਂ ਨੂੰ ਇਹ ਪਤਾ ਲੱਗਾ ਕਿ ਸਤਿਗੁਰੂ ਖ਼ੁਦ ਰਣ ਵਿਚ ਆਏ ਹੋਏ ਹਨ, ਤਾਂ ਉਸ ਨੇ ਆਪਣੀ ਤਮਾਮ ਸੈਨਾ ਨੂੰ ਹੱਲਾ ਕਰਨ ਦਾ ਹੁਕਮ ਦੇ ਦਿਤਾ। ਉਸ ਨੇ ਆਪਣਿਆਂ ਸੂਰਮਿਆਂ ਨੂੰ ਵੰਗਾਰ ਕੇ ਕਿਹਾ, "ਅੱਲਾ ਨੇ ਸਾਨੂੰ ਇਹ ਸਮਾਂ ਦਿਤਾ ਹੈ। ਗੁਰੂ ਸਾਡੇ ਘੇਰੇ ਵਿਚ ਆ ਗਿਆ ਹੈ, ਹੁਣ ਬਚ ਕੇ ਨਾ ਜਾਵੇ। ਜੇਹੜਾ ਭੀ ਸੂਰਮਾ ਉਸ ਨੂੰ

ਫੜ ਕੇ ਬਾਦਸ਼ਾਹ ਦੇ ਪੇਸ਼ ਕਰੇਗਾ, ਭਾਰੀ ਇਨਾਮ ਤੇ ਇਜ਼ਤ ਪਾਵੇਗਾ।"

ਤੁਰਕ ਸੈਨਾ ਇਹ ਸੁਣਦਿਆਂ ਹੀ ਚੌਹਾਂ ਪਾਸਿਆਂ ਤੋਂ ਟੁਟ ਕੇ ਪੈ ਗਈ। ਤਲਵਾਰਾਂ ਵਗੀਆਂ ਅਤੇ ਤੀਰਾਂ ਤੇ ਗੋਲੀਆਂ ਦੀ ਵਰਖਾ ਭਾਦੋਂ ਦੀ ਝੜੀ ਵਾਂਙ ਪੈਣ ਲੱਗੀ। ਸਤਿਗੁਰਾਂ ਦੇ ਬਾਣ ਭੀ ਨਾਗਾਂ ਵਾਂਗ ਫੁਕਾਰੇ ਮਾਰਦੇ ਹੋਏ ਸ਼ੱਤਰੂਆਂ ਨੂੰ ਜ਼ਮੀਨ ਤੇ ਸੁਆਉਣ ਲੱਗੇ। ਭਾਰਾ ਘਮਸਾਨ ਦਾ ਰਣ ਪਿਆ। ਲਿਖਿਆ ਹੈ :

ਗਿਨੇ ਕੌਨ, ਕਹਾਂ ਲਗ ਗੁਰੂ ਕੇ ਹਜ਼ੂਰ ਸੂਰ,
ਪੂਰਨ ਗਰੂਰ ਕਰ ਤੁਰਕਨ ਪਰ ਹਾਰਤੇ।
ਤਰਾਸ ਬਿਨਾ ਸ਼ੇਰ ਜੈਸੇ ਬਿਚਰੇ ਮਲੇਛ ਬੀਚ,
ਤੋਮਰ ਭ੍ਰਮਾਵੇ ਤੇ ਤੁਫੰਗ ਕਿਸੇ ਮਾਰਤੇ।
ਕੋਊ ਚਾਂਪ ਐਂਚ ਐਂਚ ਛੋਰ ਸਰ ਮਾਰੇ ਅਰਿ,
ਤੁਰਕ ਹਜ਼ਾਰ ਗਿਰੇ ਰਿਦੇ ਰਿਸ ਧਾਰਤੇ।
ਰਿਦੇ ਪੈ ਸਹਾਰਤੇ ਪੁਕਾਰ ਲਲਕਾਰਤੇ,
ਵੰਗਾਰਤੇ ਨ ਹਾਰਤੇ ਸੋ ਮਾਰ ਮਾਰ ਡਾਰਤੇ।

ਭਾਈ ਜੈਤੇ ਅਤੇ ਤਖ਼ਤੇ ਨੇ ਸ਼ੱਤਰੂ ਚੌਹਾਂ ਪਾਸਿਆਂ ਤੋਂ ਵਧਦਾ ਦੇਖ, ਸਤਿਗੁਰਾਂ ਕੋਲ ਬੇਨਤੀ ਕੀਤੀ, "ਹੁਣ ਕੀ ਬਣੇਗਾ ?" ਸਾਹਿਬਾਂ ਫਰਮਾਇਆ, "ਫਿਕਰ ਨ ਕਰੋ। ਗੁਰੂ ਰਾਖਾ ਹੈ। ਭਲੀ ਹੋਵੇਗੀ।"

ਪੈਂਦੇ ਖ਼ਾਂ, ਭਾਈ ਬਿਧੀ ਚੰਦ ਅਤੇ ਸ਼ਹੀਦ ਭਾਈ ਸਿੰਘੇ ਦਾ ਪੁਤਰ ਜਤੀ ਮਲ ਰੋਹ ਖਾ ਅੱਗੇ ਵਧੇ। ਭਾਈ ਨੰਦਾ, ਪਿਰਾਗਾ, ਭੀਮਾ ਅਤੇ ਭੀਖਣ ਭੀ ਘੋੜੇ ਦੁੜਾ, ਦੁਸ਼ਮਨ

ਦੀ ਸੈਨਾ ਵਿਚ ਜਾ ਘੁਸੇ । ਅਜਿਹਾ ਘਮਸਾਨ ਪਿਆ ਕਿ ਆਪਣਾ ਪਰਾਇਆ ਕਿਸੇ ਨੂੰ ਦਿਸੇ ਨਾ। ਗੁਰੂ ਦੇ ਬਹਾਦਰ ਸੂਰਮੇਂ—ਅਮੀਰਾ, ਜੈਤਾ, ਤੋਤਾ, ਕ੍ਰਿਸ਼ਨ ਦਾਸ, ਗੋਪਾਲਾ, ਨਿਹਾਲਾ, ਤਖ਼ਤੂ, ਮਹਿਤਾ, ਦਿਆਲਾ, ਪਿਆਰਾ, ਤਲੋਕ ਅਤੇ ਬਾਬਕ ਸ਼ਹੀਦੀਆਂ ਪਾਣ ਦਾ ਨਿਸਚਾ ਧਾਰ ਰਣ ਵਿਚ ਆਣ ਜੁਟੇ । ਉਸ ਤਰਫ਼ੋਂ ਭੀ ਮੁਖ਼ਲਸ ਖ਼ਾਂ ਦੇ ਬਹਾਦਰ ਸੂਰਮੇਂ—ਅਲੀਬੇਗ, ਬਹਾਦਰ ਖ਼ਾਂ, ਦੀਦਾਰ ਅਲੀ, ਇਸਮਾਈਲ ਖ਼ਾਂ, ਮੇਹਰ ਅਲੀ ਅਤੇ ਹੋਰ ਉਨ੍ਹਾਂ ਦੇ ਸਾਥੀ, ਜਿਹੜੇ ਕਿ ਉਸ ਸਮੇਂ ਦੇ ਦੇਸ ਪ੍ਰਸਿਧ ਸੂਰਮੇਂ ਸਨ, ਮੈਦਾਨ ਵਿਚ ਆਣ ਡਟੇ। ਕੁਝ ਚਿਰ ਦੀ ਕਟਾ-ਵੱਢੀ ਬਾਅਦ, ਬਹਾਦਰ ਖ਼ਾਂ ਅਤੇ ਉਸ ਦੇ ਦਸਤੇ ਨੂੰ ਜ਼ਮੀਨ ਤੇ ਸੁਲਾਂਦੇ ਹੋਏ, ਭਾਈ ਤੋਤਾ, ਤਲੋਕਾ, ਅਨੰਤਾ ਤੇ ਨਿਹਾਲਾ ਭੀ ਸ਼ਹੀਦੀਆਂ ਪਾ ਗਏ। ਹੁਣ ਲੜਾਈ ਦਾ ਜ਼ੋਰ ਹੋਰ ਭੀ ਵਧ ਗਿਆ ਤੇ ਸ਼ਹੀਦੀਆਂ ਦੇ ਚਾਹਵਾਨ ਦੋ-ਟੁਕ ਮਾਮਲਾ ਕਰਨ ਹਿਤ ਵਧੇਰੇ ਜੋਸ਼ ਨਾਲ ਦੁਸ਼ਮਨ ਤੇ ਧਾ ਪਏ। ਸ਼ੱਤਰੂ ਸੈਨਾ ਦੇ ਪੈਰ ਕੁਝ ਹਲ ਪਏ। ਮੁਖ਼ਲਸ ਖ਼ਾਂ ਨੇ ਆਪਣੇ ਚੋਣਵੇਂ ਸਰਦਾਰਾਂ ਨੂੰ ਲਲਕਾਰ ਕੇ ਕਿਹਾ, "ਗ਼ਾਜ਼ੀਓ, ਹੁਣ ਨਮਕ-ਹਲਾਲੀ ਦਾ ਮੌਕਿਆ ਹੈ । ਤੁਸਾਂ ਉਮਰ ਭਰ ਨਿਮਕ ਖਾਧਾ ਹੈ; ਤੁਲਬਾਂ ਪਾਈਆਂ ਤੇ ਮੌਜਾਂ ਮਾਣੀਆਂ ਹਨ। ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਸਰਦਾਰ ਅਖਵਾਂਦੇ ਹੋ । ਸਾਹਮਣੇ ਇਕ ਫ਼ਕੀਰ ਹੈ ਤੇ ਉਸ ਦੇ ਨਾਲ ਧਾੜ ਜੱਟਾਂ ਬੂਟਾਂ ਦੀ ਹੈ। ਹਿੰਮਤ ਕਰੋ, ਤਾਂ ਦਮਾਂ ਵਿਚ ਇਨ੍ਹਾਂ ਦਾ ਖ਼ਾਤਮਾ ਹੋ ਸਕਦਾ ਹੈ।"

ਮੁਖ਼ਲਸ ਖ਼ਾਂ ਦੇ ਇਸ ਵੰਗਾਰਨ ਤੇ ਕਰੀਮ ਬੇਗ,

ਫੜ ਕੇ ਬਾਦਸ਼ਾਹ ਦੇ ਪੇਸ਼ ਕਰੇਗਾ, ਭਾਰੀ ਇਨਾਮ ਤੇ ਇਜ਼ਤ ਪਾਵੇਗਾ।"

ਤੁਰਕ ਸੈਨਾ ਇਹ ਸੁਣਦਿਆਂ ਹੀ ਚੌਹਾਂ ਪਾਸਿਆਂ ਤੋਂ ਟੁਟ ਕੇ ਪੈ ਗਈ। ਤਲਵਾਰਾਂ ਵਗੀਆਂ ਅਤੇ ਤੀਰਾਂ ਤੇ ਗੋਲੀਆਂ ਦੀ ਵਰਖਾ ਭਾਦੋਂ ਦੀ ਝੜੀ ਵਾਂਙ ਪੈਣ ਲੱਗੀ। ਸਤਿਗੁਰਾਂ ਦੇ ਬਾਣ ਭੀ ਨਾਗਾਂ ਵਾਂਗ ਫੁੰਕਾਰੇ ਮਾਰਦੇ ਹੋਏ ਸ਼ੱਤਰੂਆਂ ਨੂੰ ਜ਼ਮੀਨ ਤੇ ਸੁਆਉਣ ਲੱਗੇ। ਭਾਰਾ ਘਮਸਾਨ ਦਾ ਰਣ ਪਿਆ। ਲਿਖਿਆ ਹੈ:

ਗਿਨੇ ਕੌਨ, ਕਹਾਂ ਲਗ ਗੁਰੂ ਕੇ ਹਜ਼ੂਰ ਸੂਰ,
ਪੂਰਨ ਗਰੂਰ ਕਰ ਤੁਰਕਨ ਪਰ ਹਾਰਤੇ।
ਤਰਾਸ ਬਿਨਾ ਸ਼ੇਰ ਜੈਸੇ ਬਿਚਰੇ ਮਲੇਛ ਬੀਚ,
ਤੋਮਰ ਭ੍ਰਮਾਵੇ ਤੇ ਤੁਫੰਗ ਕਿਸੇ ਮਾਰਤੇ।
ਕੋਊਂ ਚਾਂਪ ਐਂਚ ਐਂਚ ਛੋਰ ਸਰ ਮਾਰੇ ਅਰਿ,
ਤੁਰਕ ਹਜ਼ਾਰ ਗਿਰੇ ਰਿਦੇ ਰਿਸ ਧਾਰਤੇ।
ਰਿਦੇ ਪੈ ਸਹਾਰਤੇ ਪੁਕਾਰ ਲਲਕਾਰਤੇ,
ਵੰਗਾਰਤੇ ਨ ਹਾਰਤੇ ਸੋ ਮਾਰ ਮਾਰ ਡਾਰਤੇ।

ਭਾਈ ਜੈਤੇ ਅਤੇ ਤਖ਼ਤੇ ਨੇ ਸ਼ੱਤਰੂ ਚੌਹਾਂ ਪਾਸਿਆਂ ਤੋਂ ਵਧਦਾ ਦੇਖ, ਸਤਿਗੁਰਾਂ ਕੋਲ ਬੇਨਤੀ ਕੀਤੀ, "ਹੁਣ ਕੀ ਬਣੇਗਾ?" ਸਾਹਿਬਾਂ ਫਰਮਾਇਆ, "ਫਿਕਰ ਨ ਕਰੋ। ਗੁਰੂ ਰਾਖਾ ਹੈ। ਭਲੀ ਹੋਵੇਗੀ।"

ਪੈਂਦੇ ਖ਼ਾਂ, ਭਾਈ ਬਿਧੀ ਚੰਦ ਅਤੇ ਸ਼ਹੀਦ ਭਾਈ ਸਿੰਘੇ ਦਾ ਪੁਤਰ ਜਤੀ ਮਲ ਰੋਹ ਖਾ ਅੱਗੇ ਵਧੇ। ਭਾਈ ਨੰਦਾ, ਪਿਰਾਗਾ, ਭੀਮਾ ਅਤੇ ਭੀਖਣ ਭੀ ਘੋੜੇ ਦੁੜਾ, ਦੁਸ਼ਮਨ

ਦੀ ਸੈਨਾ ਵਿਚ ਜਾ ਘੁਸੇ । ਅਜਿਹਾ ਘਮਸਾਨ ਪਿਆ ਕਿ ਆਪਣਾ ਪਰਾਇਆ ਕਿਸੇ ਨੂੰ ਦਿਸੇ ਨਾ। ਗੁਰੂ ਦੇ ਬਹਾਦਰ ਸੂਰਮੇਂ—ਅਮੀਰਾ, ਜੈਤਾ, ਤੋਤਾ, ਕ੍ਰਿਸ਼ਨ ਦਾਸ, ਗੋਪਾਲਾ, ਨਿਹਾਲਾ, ਤਖ਼ਤੂ, ਮਹਿਤਾ, ਦਿਆਲਾ, ਪਿਆਰਾ, ਤਲੋਕ ਅਤੇ ਬਾਬਕ ਸ਼ਹੀਦੀਆਂ ਪਾਣ ਦਾ ਨਿਸਚਾ ਧਾਰ ਰਣ ਵਿਚ ਆਣ ਜੁਟੇ । ਉਸ ਤਰਫ਼ੋਂ ਭੀ ਮੁਖ਼ਲਸ ਖ਼ਾਂ ਦੇ ਬਹਾਦਰ ਸੂਰਮੇਂ—ਅਲੀਬੇਗ, ਬਹਾਦਰ ਖ਼ਾਂ, ਦੀਦਾਰ ਅਲੀ, ਇਸਮਾਈਲ ਖ਼ਾਂ, ਮੋਹਰ ਅਲੀ ਅਤੇ ਹੋਰ ਉਨ੍ਹਾਂ ਦੇ ਸਾਥੀ, ਜਿਹੜੇ ਕਿ ਉਸ ਸਮੇਂ ਦੇ ਦੇਸ ਪ੍ਰਸਿਧ ਸੂਰਮੇਂ ਸਨ, ਮੈਦਾਨ ਵਿਚ ਆਣ ਡਟੇ। ਕੁਝ ਚਿਰ ਦੀ ਕਟਾ-ਵੱਢੀ ਬਾਅਦ, ਬਹਾਦਰ ਖ਼ਾਂ ਅਤੇ ਉਸ ਦੇ ਦਸਤੇ ਨੂੰ ਜ਼ਮੀਨ ਤੇ ਸੁਲਾਂਦੇ ਹੋਏ, ਭਾਈ ਤੋਤਾ, ਤਲੋਕਾ, ਅਨੰਤਾ ਤੇ ਨਿਹਾਲਾ ਭੀ ਸ਼ਹੀਦੀਆਂ ਪਾ ਗਏ। ਹੁਣ ਲੜਾਈ ਦਾ ਜ਼ੋਰ ਹੋਰ ਭੀ ਵਧ ਗਿਆ ਤੇ ਸ਼ਹੀਦੀਆਂ ਦੇ ਚਾਹਵਾਨ ਦੋ-ਟੁਕ ਮਾਮਲਾ ਕਰਨ ਹਿਤ ਵਧੇਰੇ ਜੋਸ਼ ਨਾਲ ਦੁਸ਼ਮਨ ਤੇ ਧਾ ਪਏ। ਸ਼ੱਤਰੂ ਸੈਨਾ ਦੇ ਪੈਰ ਕੁਝ ਹਲ ਪਏ। ਮੁਖ਼ਲਸ ਖ਼ਾਂ ਨੇ ਆਪਣੇ ਚੋਣਵੇਂ ਸਰਦਾਰਾਂ ਨੂੰ ਲਲਕਾਰ ਕੇ ਕਿਹਾ, "ਗ਼ਾਜ਼ੀਓ, ਹੁਣ ਨਮਕ-ਹਲਾਲੀ ਦਾ ਮੌਕਿਆ ਹੈ । ਤੁਸਾਂ ਉਮਰ ਭਰ ਨਿਮਕ ਖਾਧਾ ਹੈ; ਤਲਬਾਂ ਪਾਈਆਂ ਤੇ ਮੌਜਾਂ ਮਾਣੀਆਂ ਹਨ। ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਸਰਦਾਰ ਅਖਵਾਂਦੇ ਹੋ । ਸਾਹਮਣੇ ਇਕ ਫ਼ਕੀਰ ਹੈ ਤੇ ਉਸ ਦੇ ਨਾਲ ਧਾੜ ਜੱਟਾਂ ਬੂਟਾਂ ਦੀ ਹੈ। ਹਿੰਮਤ ਕਰੋ, ਤਾਂ ਦਮਾਂ ਵਿਚ ਇਨ੍ਹਾਂ ਦਾ ਖ਼ਾਤਮਾ ਹੋ ਸਕਦਾ ਹੈ।"

ਮੁਖ਼ਲਸ ਖ਼ਾਂ ਦੇ ਇਸ ਵੰਗਾਰਨ ਤੇ ਕਰੀਮ ਬੇਗ,

ਰਹੀਮ ਬੇਗ, ਅਲੀ ਬੇਗ, ਜੰਗ ਬੇਗ, ਸਲਾਮਤ ਖ਼ਾਂ ਤੇ ਹੋਰ ਸੂਰਮੇਂ ਜੋਸ਼ ਖਾ ਅਗਾਂਹ ਵਧੇ, ਪਰ ਅੱਗੋਂ ਭਾਈ ਬਿਧੀ ਚੰਦ ਅਤੇ ਪੈਂਦੇ ਖ਼ਾਂ ਦੀ ਅਗਵਾਈ ਹੇਠ ਸਿੱਖਾਂ ਨੇ ਉਹ ਤੇਗਾਂ ਵਾਹੀਆਂ ਕਿ ਦੁਸ਼ਮਨ ਮੁਕਾਬਲੇ ਦੀ ਤਾਬ ਨਾ ਲਿਆ ਸਕਿਆ। ਓੜਕ ਰਾਤ ਪੈ ਗਈ ਤੇ ਫ਼ੌਜਾਂ ਆਪਣੇ ਆਪਣੇ ਨਿਵਾਸ-ਅਸਥਾਨਾਂ ਨੂੰ ਮੁੜ ਪਈਆਂ।

ਜਦ ਰਾਤ ਦੇ ਅੰਧੇਰੇ ਨੇ ਸੰਸਾਰ ਤੇ ਕਬਜ਼ਾ ਕਰ ਲਿਆ ਤੇ ਲੋਕ ਆਪਣੇ ਆਪਣੇ ਟਿਕਾਣਿਆਂ ਤੇ ਜਾ ਟਿਕੇ, ਤਾਂ ਮੁਖਲਸ ਖਾਂ ਨੇ ਆਪਣੇ ਤੰਬੂ ਵਿਚ ਸਾਥੀਆਂ ਨੂੰ ਬੁਲਾ ਕੇ ਸਲਾਹ ਕੀਤੀ। ਕਿਉਂ ਜੋ ਭਾਵੇਂ ਉਸ ਦੀ ਫੌਜ ਨੂੰ ਪ੍ਰਗਟ ਤੌਰ ਤੇ ਸ਼ਿਕਸਤ ਤੇ ਨਹੀਂ ਸੀ ਹੋਈ, ਪਰ ਉਹ ਜਾਣਦਾ ਸੀ ਕਿ ਉਸ ਦੇ ਪੈਰ ਉਖੜ ਚੁਕੇ ਹਨ। ਸੋ ਉਸ ਨੇ ਸਾਥੀਆਂ ਕੋਲੋਂ ਪੁਛਿਆ, "ਹੁਣ ਕੀ ਕਰਨਾ ਚਾਹੀਦਾ ਹੈ?" ਸਾਰਿਆਂ ਨੇ ਇਹੀ ਮਸ਼ਵਰਾ ਦਿਤਾ, "ਜੇ ਇਸੇ ਤਰ੍ਹਾਂ ਰਾਜ਼ੀਨਾਵਾਂ ਹੋ ਜਾਵੇ ਤਾਂ ਚੰਗਾ ਹੈ। ਗੁਰੂ ਭਾਵੇਂ ਨਾਮ ਮਾਤ੍ਰ ਹੀ ਸਾਡੀ ਈਨ ਮੰਨ ਲਵੇ ਤਾਂ ਰਹਿ ਆਏ।" ਇਹੋ ਹੀ ਆਖਰੀ ਫੈਸਲਾ ਕਰਕੇ ਉਹਨਾਂ ਨੇ ਅਗਲੀ ਸਵੇਰੇ ਇਕ ਕਾਸਦ ਗੁਰੂ ਸਾਹਿਬ ਕੋਲ ਇਹ ਸੁਨੇਹਾ ਦੇ ਕੇ ਭੇਜਿਆ, "ਗੁਰੂ ਜੀ, ਤੁਸੀਂ ਇਕ ਫਕੀਰ ਹੋ, ਤੁਹਾਨੂੰ ਲੜਾਈ ਨਹੀਂ ਬਣ ਆਈ। ਫਕੀਰ ਸਦਾ ਹੀ ਅਮਨ-ਪਸੰਦ ਹੁੰਦੇ ਹਨ। ਤੁਸਾਂ ਕਿਹੜੀਆਂ ਮੱਲਾਂ ਮਲਣੀਆਂ ਹਨ ਕਿ ਲੜਾਈਆਂ ਕਰੋ। ਫਿਰ ਭੀ ਵਿਚਾਰੋ ਕਿ ਮੁਕਾਬਲਾ ਸ਼ਹਿਨ-ਸ਼ਾਹੀ ਫੌਜਾਂ ਨਾਲ ਹੈ, ਜਿਨ੍ਹਾਂ ਕੋਲ ਬੇਅੰਤ ਸਾਮਾਨ, ਲਸ਼ਕਰ, ਕਿਲ੍ਹੇ ਅਤੇ ਖ਼ਜ਼ਾਨੇ ਹਨ। ਸਾਰੇ ਭਾਰਤ ਵਰਸ਼ ਤੇ ਜਿਸ

ਸ਼ਹਿਨਸ਼ਾਹ ਦਾ ਸਿੱਕਾ ਚਲਦਾ ਹੈ ਤੇ ਜਿਸ ਦੇ ਸਾਹਮਣੇ ਕੁਲ ਰਾਜੇ, ਮਹਾਰਾਜੇ, ਨਵਾਬ ਤੇ ਸਰਦਾਰ ਸਿਰ ਝੁਕਾਂਦੇ ਹਨ, ਉਸ ਦੇ ਨਾਲ ਵਿਗਾੜਿਆਂ ਕੀ ਫਲ ਮਿਲੇਗਾ। ਭੱਜਿਆਂ ਨੂੰ ਤਾਂ ਕਿਧਰੇ ਥਾਂ ਭੀ ਨਹੀਂ ਲੱਭਣੀ। ਮੁਗ਼ਲ ਹਕੂਮਤ ਦੇ ਆਕੀਆਂ ਨੂੰ ਕੋਈ ਪਨਾਹ ਭੀ ਨਹੀਂ ਦੇ ਸਕਦਾ। ਆਪਣੇ ਟਿਕਾਣਿਆਂ ਤੇ ਬਹੁ, ਪੀਰ ਮੁਰੀਦੀ ਚਲਾਉ, ਤੇ ਰੱਬ ਰੱਬ ਕਰੋ। ਪਿਛਲੀ ਤੇ ਪਛਤਾਉ ਤੇ ਅਗਾਹਾਂ ਲਈ ਬਚ ਕੇ ਚਲੋ। ਮੈਂ ਵਾਹਦਾ ਕਰਦਾ ਹਾਂ ਕਿ ਪਿਛਲੀ ਹੋਈ, ਹਕੂਮਤ ਕੋਲੋਂ ਮੁਆਫ ਕਰਾ ਦਿਆਂਗਾ।"

ਜਾਂ ਮੁਖਲਸ ਖ਼ਾਂ ਦਾ ਕਾਸਦ ਇਹ ਸੁਨੇਹਾ ਲੈ ਕੇ ਸਤਿਗੁਰਾਂ ਕੋਲ ਪੁਜਾ, ਤਾਂ ਸਤਿਗੁਰਾਂ ਨੇ ਅਗੋਂ ਇਹ ਉੱਤਰ ਦਿਤਾ, "ਮੁਖਲਸ ਖਾਂ ਨੂੰ ਕਹਿ ਦੇਣਾ, ਇਹ ਠੀਕ ਹੈ ਕਿ ਅਸੀਂ ਫ਼ਕੀਰ ਹਾਂ। ਅਸਾਂ ਮੱਲ ਕੋਈ ਨਹੀਂ ਮਾਰਨੀ; ਮੁਲਕ ਕੋਈ ਨਹੀਂ ਮਲਣਾ, ਪਰ ਅਸਾਂ ਅਨਿਆਂ ਦਾ ਰਾਜ ਭੀ ਨਹੀਂ ਚਲਣ ਦੇਣਾ; ਗ਼ਰੀਬਾਂ ਤੇ ਧੱਕਾ ਨਹੀਂ ਚਲਨ ਦੇਣਾ; ਮਾਸੂਮਾਂ ਤੇ ਜਬਰ ਨਹੀਂ ਹੋਣ ਦੇਣਾ। ਬਾਦਸ਼ਾਹ ਨੇ ਖ਼ੁਦਾ ਦਾ ਖ਼ੌਫ਼ ਭੁਲਾ ਦਿਤਾ ਹੈ। ਹਕੂਮਤ ਜ਼ੋਰ, ਜਬਰ ਦੇ ਬਲ ਤੇ ਚਲ ਰਹੀ ਹੈ, ਜੋ ਅਸਾਂ ਨਹੀਂ ਚਲਣ ਦੇਣੀ। ਪਾਪ ਰਾਜ ਖ਼ਤਮ ਕਰ ਕੇ ਛਡਾਂਗੇ। ਬਾਕੀ ਰਿਹਾ ਭਾਰੀ ਲਸ਼ਕਰਾਂ ਦਾ ਮਾਣ ਤੇ ਖਜ਼ਾਨਿਆਂ ਦਾ ਤਾਣ, ਸਾਨੂੰ ਜਿਸ ਤੋਂ ਭਾਰੀ ਮਦਤ ਪ੍ਰਾਪਤ ਹੈ, ਉਹ ਹੈ ਮਾਲਕ ਦੀ ਮੇਹਰ, ਜਿਸ ਦੇ ਇਕ ਇਸ਼ਾਰੇ ਨਾਲ ਕਈ ਸਲਤ-ਨਤਾਂ ਕਾਇਮ ਹੁੰਦੀਆਂ ਤੇ ਉਜੜਦੀਆਂ ਹਨ। ਉਸ ਨੂੰ ਹੰਕਾਰ ਕਦੀ ਨਹੀਂ ਭਾਇਆ। ਉਹ ਸੱਚਿਆਂ ਦੇ ਨਾਲ ਹੈ ਤੇ ਧਰਮੀਆਂ

ਦਾ ਰਾਖਾ ਹੈ। ਤੁਸਾਂ ਕਲ ਰਣ ਵਿਚ ਹਥ ਵੇਖ ਹੀ ਲਏ ਸਨ, ਜੇ ਫਿਰ ਸਾਹਮਣੇ ਆਉਗੇ, ਤਾਂ ਦੇਖੋਗੇ।" ਜਦ ਕਾਸਦ ਗੁਰੂ ਸਾਹਿਬ ਦਾ ਜਵਾਬ ਲੈ ਕੇ ਮੁਖਲਸ ਖਾਂ ਕੋਲ ਪੁਜਾ, ਤਾਂ ਉਹ ਸੁਨੇਹਾ ਸੁਣ ਕੇ ਜਲ ਬਲ ਉਠਿਆ ਅਤੇ ਚੂਕਿ ਉਸ ਦੀ ਮਦਦ ਨੂੰ ਬਹਾਦਰ ਖਾਂ ਸੂਰੀ, ਕਲੰਦਰ ਖਾਂ ਦੁਰਾਨੀ ਤੇ ਹੋਰ ਕਈ ਸਰਦਾਰ ਰਾਤੋ ਰਾਤ ਨਵੀਂ ਕੁਮਕ ਲੈ ਆ ਪਹੁੰਚੇ ਸਨ। ਸੋ ਉਸ ਨੇ ਫ਼ੈਸਲਾ-ਕੁਨ ਲੜਾਈ ਕਰਨ ਦਾ ਇਰਾਦਾ ਕਰ ਲਿਆ। ਦਿਨ ਚੜ੍ਹਦੇ ਨੂੰ ਹੀ ਨਿਗਾਰਿਆਂ ਤੇ ਚੋਟਾਂ ਪੈ ਗਈਆਂ ਅਤੇ ਫ਼ੌਜਾਂ ਉਧਰੋ ਉਧਰੀ ਮੁਕਾਬਲੇ ਲਈ ਨਿਕਲ ਖੜੋਤੀਆਂ। ਗੁਰੂ ਸਾਹਿਬ ਦੀ ਫੌਜ ਦੀ ਕਮਾਨ ਪੈਂਦੇ ਖਾਂ ਨੂੰ ਸੌਂਪੀ ਗਈ। ਪੈਂਦੇ ਖਾਂ ਨੇ ਅਗੇ ਵਧ ਕੇ ਵਾਰ ਕਰਨੇ ਸ਼ੁਰੂ ਕੀਤੇ। ਭਾਵੇਂ ਉਹ ਭਾਰੀ ਜਵਾਨ ਤੇ ਮੰਨਿਆ ਹੋਇਆ ਬਲੀ ਸੀ ਤੇ ਉਸ ਨੂੰ ਆਪਣੇ ਆਪ ਤੇ ਮਾਨ ਭੀ ਬੜਾ ਸੀ, ਪਰ ਕਸੂਰੀ ਪਠਾਨਾਂ ਦੇ ਤੀਰਾਂ ਦੀ ਵਾਛੜ ਨੇ ਉਸ ਦੇ ਕਦਮ ਉਖੇੜ ਦਿਤੇ ਤੇ ਜੇ ਹੋਰ ਏਦਾਂ ਹੀ ਲੰਘਦੀ, ਤਾਂ ਸ਼ਾਇਦ ਉਹ ਰਣ ਛਡ ਭਜ ਉਠਦਾ, ਪਰ ਏਨੇ ਵਿਚ ਸਤਿਗੁਰੂ ਖ਼ੁਦ ਪਹੁੰਚ ਗਏ। ਮਹਾਰਾਜ ਦੇ ਤੀਰਾਂ ਦੀ ਵਾਛੜ ਤੇ ਖੰਡੇ ਦੀ ਵਾਹ ਨੇ ਲੜਾਈ ਦਾ ਰੰਗ ਹੀ ਫੇਰ ਦਿਤਾ। ਸਾਹਿਬਾਂ ਨੂੰ ਵਧਦਾ ਦੇਖ, ਮੁਖਲਸ ਖਾਂ ਨੇ ਆਪਣੇ ਸਰਦਾਰਾਂ ਨੂੰ ਵੰਗਾਰਿਆ ਕਿ ਹੁਣ ਮੌਕਾ ਜੇ, ਗੁਰੂ ਜਾਣੇ ਨਾ ਪਾਏ। ਤੁਰਕਾਨੀ ਲਸ਼ਕਰ ਚੌਹਾਂ ਪਾਸਿਆਂ ਤੋਂ ਸਤਿਗੁਰਾਂ ਦੇ ਗਿਰਦ ਘੇਰਾ ਮਾਰਨ ਨੂੰ ਵਧਿਆ। ਏਧਰੋਂ ਭੀ ਭਾਈ ਬਿਧੀ ਚੰਦ, ਜਤੀ ਮਲ ਅਤੇ ਪੈਂਦੇ ਖ਼ਾਂ, ਜਿਨ੍ਹਾਂ ਦਾ ਦਿਲ ਸਤਿਗੁਰਾਂ ਦੇ ਆਉਣ ਕਰਕੇ ਕਾਇਮ ਹੋ ਗਿਆ ਸੀ,

ਪੂਰੇ ਜ਼ੋਰ ਨਾਲ ਵੈਰੀ ਤੇ ਧਾ ਪਏ। ਸੁਲਤਾਨ ਬੇਗ ਦੀ ਭਾਈ ਬਿਧੀ ਚੰਦ ਨਾਲ ਟੱਕਰ ਹੋਈ। ਮੁਗਲ ਨੇ ਤਾਣ ਕੇ ਨੇਜ਼ਾ ਮਾਰਿਆ, ਪਰ ਬਿਧੀ ਚੰਦ ਜੀ ਨੇ ਘੋੜਾ ਫੇਰ ਕੇ ਦੁੱਾ ਨੂੰ ਬਚਾ ਲਿਆ ਅਤੇ ਮਿਰਜ਼ਾ ਤੇ ਵਾਰ ਕਰਨ ਹੀ ਲਗਾ ਸੀ ਕਿ ਉਹ ਉਠ ਦੌੜਿਆ। ਭਾਈ ਬਿਧੀ ਚੰਦ ਜੀ ਨੇ ਵੰਗਾਰ ਕੇ ਕਿਹਾ, "ਇਹ ਸੂਰਮਿਆਂ ਦਾ ਕੰਮ ਨਹੀਂ।" ਸੁਲਤਾਨ ਬੇਗ ਮੁੜਦਾ ਹੀ ਸੀ ਕਿ ਬਿਧੀ ਚੰਦ ਜੀ ਨੇ ਉਲਾਰ ਕੇ ਚੰਡੀ ਵਾਹ ਦਿਤੀ। ਮੁ.ਗਲ ਨੇ ਵਾਰ ਢਾਲ ਤੇ ਰੋਕ ਲਿਆ ਅਤੇ ਪਿਛਾਂਹ ਹਟਿਆ। ਇਤਨੇ ਵਿਚ ਭਾਈ ਬਿਧੀ ਚੰਦ ਜੀ ਨੇ ਅਣਿਆਲਾ ਤੀਰ ਛਡ ਦਿਤਾ, ਜੋ ਸੁਲਤਾਨ ਬੇਗ ਦੀ ਛਾਤੀ ਵਿਚੋਂ ਲੰਘ ਗਿਆ ਤੇ ਮੁ.ਗਲ ਸੂਰਮਾ ਮਸਤ ਸ਼ਰਾਬੀ ਵਾਂਗ ਘੋੜੇ ਤੋਂ ਜ਼ਮੀਨ ਤੇ ਆ ਪਿਆ। ਉਧਰੋਂ ਏਨੇ ਚਿਰ ਵਿਚ ਪੈਂਦੇ ਖਾਂ ਨੇ ਦੀਦਾਰ ਅਲੀ, ਜੋ ਮੁਖਲਸ ਖਾਂ ਦਾ ਖ਼ਾਸ ਮੁਸਾਹਿਬ ਸੀ, ਪਾਰ ਬੁਲਾ ਦਿਤਾ। ਹੁਣ ਲੜਾਈ ਪੂਰੇ ਜ਼ੋਰਾਂ ਤੇ ਹੋ ਰਹੀ ਸੀ। ਸ਼ਸਤਰਾਂ ਦੀ ਖਟਾ ਖਟ ਤੇ ਸੂਰਮਿਆਂ ਦੀਆਂ ਲਲਕਾਰਾਂ ਨਾਲ ਮੈਦਾਨ ਗੂੰਜ ਰਿਹਾ ਸੀ। ਮੁਖਲਸ ਖਾਂ ਆਪਣੇ ਸੂਰਮਿਆਂ ਦੀ ਮੌਤ ਤੇ ਰੋਹ ਭਰਿਆ ਹੋਇਆ ਅਗੇ ਵਧ ਰਿਹਾ ਸੀ। ਉਹ ਬਿਫਰੇ ਹੋਏ ਸ਼ੇਰ ਵਾਂਗ ਸਫਾਂ ਚੀਰਦਾ ਤੇ ਆਹੂ ਲਾਹੁੰਦਾ ਹੋਇਆ ਅਗਾਹਾਂ ਵਧਿਆ ਅਤੇ ਸਤਿਗੁਰਾਂ ਦੇ ਮੁਕਾਬਲ ਤੇ ਪਹੁੰਚ ਕੇ ਲਲਕਾਰ ਕੇ ਬੋਲਿਆ, "ਲਸ਼ਕਰ ਨੂੰ ਲੜਾਉਣ ਤੇ ਬਗਾਨੇ ਪੁੱਤਰ ਮਰਵਾਉਣ ਦਾ ਕੀ ਫਾਇਦਾ ਹੈ। ਆ, ਤੂੰ ਤੇ ਮੈਂ ਫੈਸਲਾ ਕਰ ਲਈਏ।"

ਸਤਿਗੁਰਾਂ ਨੇ ਕਿਹਾ, "ਜੀ ਸਦਕੇ ! ਇਸ ਤੋਂ ਚੰਗੀ

ਹੋਰ ਕੀ ਗੱਲ ਹੈ।" ਸਰਦਾਰਾਂ ਦੇ ਆਪਸ ਵਿਚ ਦੀ ਜੁੱਟਣ ਤੇ ਸਮੇਂ ਦੇ ਰਿਵਾਜ ਅਨੁਸਾਰ ਫ਼ੌਜਾਂ ਆਪਣੀ ਆਪਣੀ ਥਾਂ ਤੇ ਰੁਕ ਗਈਆਂ। ਪਹਿਲੇ ਵਾਰਾਂ ਵਿਚ ਸਤਿਗੁਰਾਂ ਦਾ ਤੀਰ ਮੁਖ਼ਲਸ ਖ਼ਾਂ ਦੇ ਘੋੜੇ ਦੀ ਛਾਤੀ ਵਿਚੋਂ ਪਾਰ ਹੋ ਗਿਆ। ਘੋੜਾ ਡਿਗ ਪਿਆ, ਤਾਂ ਸਤਿਗੁਰਾਂ ਭੀ ਆਪਣੇ ਘੋੜੇ ਤੋਂ ਛਾਲ ਮਾਰ ਦਿਤੀ। ਜਦ ਦੋਵੇਂ ਜਣੇ ਪੈਦਲ ਆਮ੍ਹੋ ਸਾਹਮਣੇ ਹੋਏ, ਤਾਂ ਮੁਖ਼ਲਸ ਖ਼ਾਂ ਬੋਲਿਆ, "ਮੈਂ ਤਲਵਾਰ ਢਾਲ ਦੀ ਲੜਾਈ ਕਰਾਂਗਾ। ਜੇ ਸੂਰਮੇ ਹੋ, ਤਾਂ ਤੀਰ ਕਮਾਨ ਰਖ ਦਿਓ।"

ਸਤਿਗੁਰਾਂ ਨੇ ਕਿਹਾ, "ਏਦਾਂ ਹੀ ਸਹੀ। ਕਰ ਲੈ ਪਹਿਲਾ ਵਾਰ।" ਪਠਾਣ ਨੇ ਰੋਹ ਵਿਚ ਆਣ ਕੇ ਤਲਵਾਰ ਮਾਰੀ। ਸਤਿਗੁਰਾਂ ਨੇ ਪੈਂਤੜਾ ਬਦਲ ਕੇ ਵਾਰ ਬਚਾ ਲਿਆ ਤੇ ਬੋਲੇ, "ਇਕ ਹੋਰ"। ਪਠਾਣ ਨੇ ਦੂਜੀ ਵਾਰੀ ਫਿਰ ਤਲਵਾਰ ਮਾਰੀ, ਪਰ ਸਾਹਿਬਾਂ ਨੇ ਢਾਲ ਤੇ ਰੋਕ ਲਈ। ਤਦ ਮਹਾਰਾਜ ਬੋਲੇ, "ਹੁਣ ਮੇਰੀ ਵਾਰੀ ਹੈ। ਦੋ ਵਾਰ ਹੋ ਚੁਕੇ।"

ਮੁਖ਼ਲਸ ਨੇ ਕਿਹਾ, "ਠੀਕ, ਆਓ।"

ਸਤਿਗੁਰਾਂ ਨੇ ਪਹਿਲੇ ਵਾਰ ਵਿਚ ਹੀ ਆਪਣਾ ਭਾਰੀ *ਖੰਡਾ ਅਜਿਹੇ ਜ਼ੋਰ ਨਾਲ ਮੁਖ਼ਲਸ ਦੇ ਸਿਰ ਤੇ ਮਾਰਿਆ, ਜੋ ਉਸ ਦੀ ਢਾਲ ਨੂੰ ਚੀਰ, ਸਿਰ ਦੇ ਵਿਚ ਦੀ ਲੰਘ, ਧੜ ਨੂੰ ਦੋ ਫਾੜ ਕਰ ਗਿਆ।

---

*ਸਤਿਗੁਰਾਂ ਦਾ ਇਹ ਭਾਰਾ ਖੰਡਾ ਅਜੇ ਤਕ ਸ੍ਰੀ ਕਰਤਾਰਪੁਰ ਵਿਚ ਪਿਆ ਹੈ ਅਤੇ ਸੰਗਤਾਂ ਨੂੰ ਦਰਸ਼ਨ ਕਰਾਏ ਜਾਂਦੇ ਹਨ। ਅੱਜ ਕਲ ਦਾ ਕੋਈ ਭੀ ਜਵਾਨ ਉਸ ਨੂੰ ਇਕ ਹੱਥ ਨਾਲ ਚੁਕਣ ਦੇ ਸਮਰਥ ਨਹੀਂ ਵੇਖਿਆ ਗਿਆ।

ਮੁਖ਼ਲਸ ਖ਼ਾਂ ਦਾ ਡਿਗਣਾ ਹੀ ਸੀ ਕਿ ਤੁਰਕ ਦਲ ਵਿਚ ਭਾਜੜ ਪੈ ਗਈ। ਸਿੱਖਾਂ ਦੀ ਫ਼ੌਜ, ਦੌੜੇ ਜਾਂਦੇ ਦੁਸ਼ਮਨ ਦੇ ਲਸ਼ਕਰ ਦੇ ਪਿਛੇ ਭਜ ਉੱਠੀ, ਪਰ ਸਤਿਗੁਰਾਂ ਨੇ ਇਕ ਦਮ ਆਪਣੇ ਸਰਦਾਰਾਂ ਨੂੰ ਹੁਕਮ ਦਿਤਾ, "ਆਪਣੀ ਆਪਣੀ ਸਿਪਾਹ ਨੂੰ ਵਾਪਸ ਮੋੜ ਲਓ। ਅਸਾਂ ਭੱਜਿਆਂ ਦੇ ਮਗਰ ਨਹੀਂ ਪੈਣਾਂ। ਅਸਾਂ ਧਰਮ ਯੁਧ ਕਰਨੇ ਹਨ, ਜਿਸ ਅਨੁਸਾਰ ਬੇਹਥਿਆਰ, ਡਿਗੇ ਹੋਏ ਤੇ ਜ਼ਖ਼ਮੀਂ ਤੇ ਵਾਰ ਨਹੀਂ ਕਰਨਾ, ਭਜੇ ਜਾਂਦੇ ਲਸ਼ਕਰਾਂ ਨੂੰ ਪਿਛੋਂ ਮਿਲ ਕੇ ਨਹੀਂ ਮਾਰਨਾ, ਦੁਸ਼ਮਨ ਦੀ ਇਜ਼ਤ ਨੂੰ ਹੱਥ ਨਹੀਂ ਪਾਉਣਾ, ਕਿਸੇ ਦੇ ਧਰਮ ਵਿਚ ਵਿਘਨਕਾਰੀ ਨਹੀਂ ਹੋਣਾ ਤੇ ਲੜਾਈ ਵਿਚ ਪਹਿਲ ਨਹੀਂ ਕਰਨੀ।"

## ਸ਼ਹੀਦਾਂ ਦਾ ਸਸਕਾਰ

ਮੁਖ਼ਲਸ ਖ਼ਾਂ ਦੇ ਬੀਰ ਕਿਰਿਆ ਕਰ ਜੰਨਤ ਸਧਾਰ ਜਾਣ ਤੇ ਜਾਂ ਮੁਗ਼ਲ ਦਲ ਭਜ ਉਠਿਆ, ਤੇ ਸਤਿਗੁਰਾਂ ਨੇ ਆਪਣਾ ਲਸ਼ਕਰ ਵਾਪਸ ਬੁਲਾ ਲਿਆ, ਤਾਂ ਓਧਰੋਂ ਵੇਹਲੇ ਹੋ ਰਣ ਵਿਚ ਜੁਝੇ ਹੋਏ ਸੂਰਮਿਆਂ ਦੇ ਸਰੀਰਾਂ ਤੇ ਜ਼ਖ਼ਮੀਆਂ ਦੀ ਦੇਖ ਭਾਲ ਕਰਨ ਲਗੇ। ਸਤਿਗੁਰੂ ਪਹਿਲੇ ਲੋਹਗੜ੍ਹ ਦੀ ਤਰਫ਼ ਗਏ, ਜਿਥੇ ਕਿ ਪੰਝੀ ਸੂਰਮਿਆਂ ਨੇ ਮੋਰਚੇ ਵਿਚ ਬੈਠ, ਦੁਸ਼ਮਨ ਦੇ ਭਾਰੀ ਲਸ਼ਕਰ ਦਾ ਮੁਕਾਬਲਾ ਕੀਤਾ ਸੀ ਅਤੇ ਇਕ ਇਕ ਸੂਰਮਾ ਆਖਰੀ ਸੁਆਸ ਤਕ ਬੀਰ ਕਿਰਿਆ ਕਰ ਕਰ ਰਣ ਜੂਝਿਆ ਸੀ। ਇਹਨਾਂ ਮਹਾਂ-ਬਲੀਆਂ ਵਿਚੋਂ ਭਾਈ ਮੋਹਨ ਅਤੇ ਗੁਪਾਲਾ ਭਾਰੀ ਜ਼ਖ਼ਮੀਂ ਹੋਏ ਅਤੇ ਜੀਵਨ ਦੇ

ਆਖ਼ਰੀ ਸੁਆਸ ਲੈ ਰਹੇ ਸਨ । ਸਤਿਗੁਰਾਂ ਨੇ ਇਹਨਾਂ ਤੇ ਹਾਰਦਿਕ ਪ੍ਰਸੰਨਤਾ ਪ੍ਰਗਟ ਕਰਦਿਆਂ ਹੋਇਆਂ ਉਹਨਾਂ ਨੂੰ ਗੋਦ ਵਿਚ ਲਿਆ ਅਤੇ ਫਰਮਾਇਆ, "ਤੁਸਾਂ ਧਰਮ ਯੁਧ ਕੀਤਾ ਹੈ ਤੇ ਮਜ਼ਲੂਮਾਂ ਨੂੰ ਜੀਵਨ ਦੇਣ ਹਿਤ ਆਪਣਾ ਜੀਵਨ ਕੁਰਬਾਨ ਕੀਤਾ ਹੈ । ਮੈਂ ਤੁਹਾਡੇ ਤੇ ਪ੍ਰਸੰਨ ਹਾਂ । ਕੋਈ ਅਜਿਹੀ ਵਸਤੂ ਨਹੀਂ, ਜੋ ਮੈਂ ਤੁਹਾਨੂੰ ਦੇ ਸਕਾਂ ਤੇ ਦੇਣੋ ਸੰਕੋਚ ਕਰਾਂ । ਤੁਸੀਂ ਮੰਗੋ, ਕੀ ਚਾਹੁੰਦੇ ਹੋ ?"

ਸਤਿਗੁਰਾਂ ਦੇ ਇਹ ਪਿਆਰ ਭਰੇ ਬਚਨ ਸੁਣ ਕੇ ਮੋਹਨ ਬੋਲਿਅ , "ਗ਼ਰੀਬ-ਨਿਵਾਜ਼, ਤੇਰੇ ਬਖ਼ਸ਼ੇ ਹੋਏ ਹੀ ਧਨ ਧਾਮ ਤੇ ਦੇਹ ਪ੍ਰਾਣ ਸਨ, ਜੋ ਤੇਰੇ ਲੇਖੇ ਲਗੇ ਤੇ ਸਫ਼ਲ ਹੋਏ ਤੇਰੇ ਦਾਸਾਂ ਨੂੰ ਤੇਰੀਆਂ ਖੁਸ਼ੀਆਂ ਤੋਂ ਬਾਅਦ ਹੋਰ ਕੁਝ ਮੰਗਣ ਗੋਚਰਾ ਰਹਿੰਦਾ ਹੀ ਨਹੀਂ । ਅਸੀਂ ਸੁਭਾਗੇ ਹਾਂ ਕਿ ਪ੍ਰਾਣ ਦੇਣ ਤੋਂ ਪਹਿਲਾਂ ਪ੍ਰਾਣ-ਪਤੀ ਦੀ ਗੋਦ ਵਿਚ ਹਾਂ । ਹਾਂ, ਇਹ ਚਾਹ ਜ਼ਰੂਰ ਹੈ—'ਪ੍ਰਾਨ ਅੰਤ ਜਬ ਹੋਇ ਹਮਾਰੇ, ਤਬ ਸਤਿਗੁਰ ਨਿਜ ਨਿਕਟ ਨਿਹਾਰੇ ।' ਦੀਨ ਬੰਧੂ, ਅੰਤ ਸਮੇਂ ਤੇਰੇ ਦਰਸ਼ਨ ਕਰਦੇ ਜਾਣਾ ਹੀ ਸਾਡੀ ਅੰਤਮ ਖ਼ਾਹਸ਼ ਹੈ । ਇਸ ਨੂੰ ਪੂਰਨ ਕਰੋ । ਇਹੀ ਉਹ ਪੱਦ ਹੈ, ਜਿਸ ਨੂੰ ਯੋਗੀਸ਼ਵਰ ਲੋੜ ਲੋੜ ਕੇ ਲੰਮੀਆਂ ਉਮਰਾਂ ਤਪ ਵਿਚ ਗਾਲ ਗਏ ।" ਸਤਿਗੁਰਾਂ ਨੇ "ਧੰਨ ਸਿੱਖੀ !" ਆਖਿਆ ਅਤੇ ਦੋਵੇਂ ਸ਼ਹੀਦ ਪ੍ਰਭੂ ਪ੍ਰੇਮ ਵਿਚ ਲੀਨ ਹੋਏ ਸਤਿਗੁਰਾਂ ਦੀ ਹਜ਼ੂਰੀ ਵਿਚ ਹੀ ਸਚਖੰਡ ਗਮਨ ਕਰ ਗਏ । ਸਤਿਗੁਰਾਂ ਨੇ ਉਥੇ ਹੀ ਅੰਗੀਠਾ ਤਿਆਰ ਕਰਵਾਇਆ ਅਤੇ ਹੋਰ ਸੂਰਬੀਰਾਂ ਦੇ ਸਰੀਰ ਭੀ ਇਧਰੋਂ ਉਧਰੋਂ ਇਕੱਠੇ ਕਰ, ਲਕੜੀਆਂ ਚਿਣਾ, ਸਸਕਾਰ ਕਰਵਾ

ਦਿਤਾ। ਸਤਿਗੁਰਾਂ ਨੇ ਫਰਮਾਇਆ, "ਇਹ ਸ਼ਹੀਦ ਪੂਰਨ ਪਦਵੀ ਨੂੰ ਪ੍ਰਾਪਤ ਹੋਏ ਹਨ।"

ਇਸ ਦੇ ਬਾਦ ਸਤਿਗੁਰਾਂ ਨੇ ਸਾਰੇ ਰਣਛੇਤ੍ਰ ਵਿਚ ਫਿਰ ਕੇ ਸ਼ਹੀਦਾਂ ਦੇ ਸਰੀਰ ਇਕਠੇ ਕੀਤੇ ਅਤੇ ਉਹਨਾਂ ਦੇ ਜਗ੍ਹਾ ਜਗ੍ਹਾ ਅੰਗੀਠੇ ਬਣਵਾ, ਸਸਕਾਰ ਕਰਵਾਏ। ਇਹ ਲੜਾਈ ਭਾਵੇਂ ਸ਼ੁਰੂ ਤਾਂ ਲਾਹੌਰ ਵਲੋਂ ਫ਼ੌਜਾਂ ਆਉਣ ਕਰ ਕ ਪਿਪਲੀ ਸਾਹਿਬ ਕੋਲ ਹੋਈ ਸੀ, ਪਰ ਫ਼ੌਜਾਂ ਦੇ ਸ਼ਹਿਰ ਵਲ ਘੇਰਾ ਪਾਉਣ ਕਰਕੇ ਅਸਲੀ ਰਣ ਗਲ਼ਵਾਲੀ, ਚੱਬੇ ਤੇ ਚਾਟੀ-ਵਿੰਡ ਆਦਿ ਪਿੰਡਾਂ ਦੀਆਂ ਉਰਲੀਆਂ ਜੂਹਾਂ ਵਿਚ ਪਿਆ ਸੀ। ਚੁਨਾਂਚਿ ਸਤਿਗੁਰਾਂ ਨੇ ਇਸ ਪਹਿਲੇ ਧਰਮ ਯੁਧ ਦੀ ਯਾਦਗਾਰ ਵਿਚ ਸੰਗਰਾਣਾ ਸਾਹਿਬ ਗੁਰਦੁਆਰਾ ਕਾਇਮ ਕੀਤਾ, ਜਿਥੇ ਕਿ ਹੁਣ ਸਾਲ ਬਸਾਲ ਮੇਲਾ ਲਗਦਾ ਹੈ।

## ਮਾਣਕ ਚੌਕ ਝਬਾਲ

ਸਤਿਗੁਰ ਨੇ ਯੁਧ ਦੇ ਆਰੰਭ ਸਮੇਂ ਹੀ ਆਪਣੇ ਪ੍ਰਵਾਰ ਨੂੰ ਭਾਈ ਭਾਗੂ, ਸੰਘੇ ਪ੍ਰੋਹਤ, ਭਾ: ਬਾਬਕ ਰਬਾਬੀ ਅਤੇ ਜਮਾਲ ਖ਼ਾਂ ਰਾਜਪੂਤ ਦੇ ਨਾਲ ਝਬਾਲ ਨੂੰ ਤੋਰ ਦਿਤਾ ਸੀ। ਭਾਵੇਂ ਇਹਨਾਂ ਸੂਰਬੀਰਾਂ ਨੂੰ ਰਸਤੇ ਵਿਚ ਕੁਝ ਸ਼ਾਹੀ ਪਹਿਰੇਦਾਰਾਂ ਨਾਲ ਝੜਪਾਂ ਲੈਣੀਆਂ ਹੀ ਪਈਆਂ, ਪਰ ਫਿਰ ਭੀ ਉਹ ਪ੍ਰਵਾਰ ਨੂੰ ਸੁਖ ਸਾਂਦ ਨਾਲ ਸ਼ਤਰੂ ਦਲ ਵਿਚੋਂ ਲੰਘਾ, ਝਬਾਲ ਲੈ ਹੀ ਪਜੇ। ਝਬਾਲ ਸਿਦਕੀ ਗੁਰਸਿਖਾਂ ਦੀ ਵਸਤੀ ਸੀ। ਇਥੋਂ ਦੇ ਹੀ ਭਾਈ ਲੰਗਾਹ, ਸਤਿਗੁਰਾਂ ਦੇ ਮਸ਼ਹੂਰ ਹਜ਼ੂਰੀਏ ਸਿੱਖ ਸਨ। ਪ੍ਰਵਾਰ ਤੇ ਇਥੇ ਪੁਜ ਹੀ ਚੁਕਾ ਸੀ।

ਹੁਣ ਸਤਿਗੁਰੂ ਸਚੇ ਪਾਤਸ਼ਾਹ ਭੀ ਯੁਧ ਫਤਹ ਕਰ ਤੇ ਸ਼ਹੀਦਾਂ ਦੇ ਸਸਕਾਰ ਤੋਂ ਵਿਹਲੇ ਹੋ ਝਬਾਲ ਪੁਜ ਗਏ ਅਤੇ ਇਥੇ ਹੀ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਭਾ: ਧਰਮੇ ਜੀ ਦੇ ਪੁਤ੍ਰ ਭਾ: ਸਾਧੂ ਨਾਲ ਕੀਤਾ ਗਿਆ । ਇਸ ਸ਼ੁਭ ਸਮਾਗਮ ਦੀ ਯਾਦਗਾਰ ਵਿਚ ਝਬਾਲ ਵਿਚ ਗੁਰਦੁਅਰਾ "ਮਾਣਕ ਚੌਕ ਸਾਹਿਬ" ਕਾਇਮ ਹੈ। ਇਸ ਸਮੇਂ ਜਦ ਕਿ ਸਤਿਗੁਰੂ ਝਬਾਲ ਵਿਚ ਮੌਜੂਦ ਸਨ, ਕਿਸੇ ਝਬਾਲ ਦੇ ਵਸਨੀਕ ਛੁਟੀ ਆਏ ਹੋਏ ਮੁਸਲਮਾਨ ਫ਼ੌਜੀ ਕਰਮਚਾਰੀ ਨੂੰ ਇਹ ਖ਼ਿਆਲ ਆਇਆ ਕਿ "ਗੁਰੂ ਜੀ) ਨੂੰ ਮੇਰਾ ਤੇ ਕੁਝ ਪਤਾ ਨਹੀਂ ਤੇ ਜੇ ਮੈਂ ਵਿੱਸਰ-ਭੋਲੇ ਉਨ੍ਹਾਂ ਨੂੰ ਗੋਲੀ ਮਾਰ ਕੇ ਖ਼ਤਮ ਕਰ ਦਿਆਂ ਤਾਂ ਭਾਰੀ ਇਨਾਮ ਪਾਵਾਂਗਾ।" ਉਹ ਇਸ ਖੋਟੇ ਮਨਸੂਬੇ ਨਾਲ ਆਪਣੀ ਬੰਦੂਕ ਭਰ ਮਾਣਕ ਚੌਕ ਸਾਹਿਬ ਵੱਲ ਜਾ ਹੀ ਰਿਹਾ ਸੀ ਕਿ ਦੇਵਨੇਤ ਨਾਲ ਰਸਤੇ ਵਿਚ ਹੀ ਬੰਦੂਕ ਦੀ ਨਾਲੀ ਫਟ ਗਈ ਤੇ ਮਾਰਨ ਚਲਿਆ ਆਪ ਹੀ ਰਾਹ ਵਿਚ ਮਰ ਗਿਆ।

## ਗੋਇੰਦਵਾਲ ਗਮਨ

ਝਬਾਲ ਵਿਚ ਆਪਣੀ ਬੀਬੀ ਦਾ ਵਿਆਹ ਕਰ ਤੇ ਉਸ ਨੂੰ ਤੋਰ, ਸਤਿਗੁਰੂ ਤਰਨ ਤਾਰਨ ਸਾਹਿਬ ਵਿਚੋਂ ਦੀ ਦਰਸ਼ਨ ਮੇਲੇ ਕਰਦੇ ਹੋਏ ਗੋਇੰਦਵਾਲ ਪਹੁੰਚੇ ਅਤੇ ਗੁਰ-ਦੁਆਰਿਆਂ ਦੇ ਦਰਸ਼ਨ ਜਾ ਕੀਤੇ। ਇਥੇ ਸਾਰਾ ਪ੍ਰਵਾਰ ਨਾਲ ਸੀ, ਅਤੇ ਕੁਝ ਦਿਨ ਖ਼ੂਬ ਰੌਣਕ ਮੇਲੇ ਰਹੇ । ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਹਿਤ ਇਕੱਠੀਆਂ ਹੋਣ ਲੱਗੀਆਂ ਅਤੇ ਦੀਵਾਨ ਵਿਚ ਸਤਿਗੁਰਾਂ ਅਤੇ ਸਾਹਿਬਜ਼ਾਦਿਆਂ ਨੂੰ ਸਨੱਧ-ਬੱਧ

ਬੀਰ ਆਸਣ ਲਗਾ ਬੈਠਿਆਂ ਦੇਖ, ਬੜੀਆਂ ਪ੍ਰਸੰਨ ਹੁੰਦੀਆਂ ਸਨ। ਮਾਲਵੇ, ਦੁਆਬੇ ਅਤੇ ਮਾਝੇ ਦੇਸ ਵਿਚ ਘਰ ਘਰ ਸੰਗਰਾਣੇ ਸਾਹਿਬ ਦੇ ਯੁਧ ਦੇ ਜਿੱਤ ਦੀਆਂ ਖ਼ਬਰਾਂ ਪਹੁੰਚੀਆਂ ਹੋਈਆਂ ਸਨ। ਭਾਵੇਂ ਮਾਝੇ ਵਿਚੋਂ ਹੀ ਬਾਹਲੀ ਗਿਣਤੀ ਵਿਚ ਸੂਰਮੇਂ ਇਸ ਜੰਗ ਵਿਚ ਸ਼ਾਮਲ ਸਨ, ਪਰ ਮਲਵਈ ਮਹਾਂ-ਬਲੀਆਂ ਅਤੇ ਦੁਆਬੇ ਦੇ ਦਲੇਰਾਂ ਨੇ ਭੀ ਆਪਣੀ ਆਪਣੀ ਥਾਂ ਵਧ ਚੜ੍ਹ ਕੇ ਹਿਸਾ ਲਿਆ ਸੀ। ਸਮੁੱਚੇ ਪੰਜਾਬ ਦੇਸ਼ ਵਿਚ ਧਰਮ ਦੀ ਜੈ ਜੈ ਕਾਰ ਹੋ ਉਠੀ। ਦੀਨ ਦੁਖੀ ਲੋਕਾਂ ਵਿਚ ਉਤਸ਼ਾਹ ਆ ਰਿਹਾ ਸੀ। ਜਰਵਾਣਿਆਂ ਦੀ ਦਬਾਈ ਹੋਈ ਜਨਤਾ ਜੋਸ਼-ਪੂਰਤ ਹੋ ਰਹੀ ਸੀ, ਜਿਸ ਕਰ ਕੇ ਸ੍ਰੀ ਗੋਇੰਦਵਾਲ ਸਾਹਿਬ, ਸਤਿਗੁਰਾਂ ਦੇ ਪੁਜਣ ਤੇ ਸੰਗਤਾਂ ਦੇ ਭਾਰੀ ਇਕੱਠ ਹੋਏ ਤੇ ਗੁਰੂ ਕੇ ਖ਼ਜ਼ਾਨੇ ਵਿਚ ਢੇਰ ਚੜ੍ਹਤ ਆਉਣ ਲੱਗੀ।

ਸਤਿਗੁਰਾਂ ਦੇ ਪ੍ਰਤਾਪ ਅਤੇ ਸੰਗਤ ਦੀ ਭਾਰੀ ਆਵਾ-ਜਾਈ ਦੇ ਉਤਸ਼ਾਹ ਭਰੇ ਸਮਾਗਮ ਦਾ ਅਸਰ ਇਥੋਂ ਦੇ ਵਸਨੀਕ ਸ੍ਰੀ ਗੁਰੂ ਅਮਰ ਦਾਸ ਜੀ ਦੀ ਅੰਸ ਤੇ ਭੀ ਬਹੁਤ ਹੋਇਆ। ਇਕ ਦਿਨ ਉਹ ਸਾਰੇ ਮਿਲ, ਪ੍ਰਸ਼ਾਦਿ ਭੇਂਟ ਲੈ, ਸਤਿਗੁਰਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਬੇਨਤੀ ਕਰਨ ਲੱਗੇ, "ਗ਼ਰੀਬ-ਨਿਵਾਜ਼, ਆਪ ਆਇੰਦਾ ਲਈ ਇਥੇ ਹੀ ਨਿਵਾਸ ਰਖੋ। ਇਹ ਤੀਜੇ ਸਤਿਗੁਰਾਂ ਦਾ ਦੇਵ ਅਸਥਾਨ ਹੈ। ਤੁਹਾਡੇ ਪਿਤਾਮਾਂ ਜੀ ਨੂੰ ਗੱਦੀ ਇਥੇ ਹੀ ਮਿਲੀ ਸੀ। ਤੁਹਾਡੇ ਪਿਤਾ ਜੀ ਦਾ ਬਚਪਨ ਭੀ ਇਥੇ ਹੀ ਗੁਜ਼ਰਿਆ। ਨਾਲੇ ਇਹ ਜਗ੍ਹਾ ਮਾਝੇ ਮਾਲਵੇ ਤੇ ਦੁਆਬੇ ਦੇ ਵਿਚਕਾਰ ਪੈਂਦੀ ਹੈ।

ਅਗਰ ਆਪ ਇਸ ਥਾਂ ਨੂੰ ਹੀ "ਰਹੈਸ਼ੀ ਮਕਾਮ ਬਣਾ ਲਵੋ, ਤਾਂ ਜਗਤ ਉਧਾਰ ਦਾ ਕੰਮ ਭੀ ਬੜੇ ਸੁੰਦਰ ਅਤੇ ਸਹਿਲ ਤਰੀਕੇ ਨਾਲ ਹੋ ਸਕੇਗਾ।"

ਸਤਿਗੁਰਾਂ ਫਰਮਾਇਆ, "ਇਥੇ ਆਪ ਹੀ ਬਿਰਾਜੋ। ਸਾਡਾ ਠਹਿਰਨਾ ਠੀਕ ਨਹੀਂ, ਕਿਉਂ ਜੋ ਅਸਾਂ ਧਰਮ ਯੁਧ ਦੀ ਮਰਯਾਦਾ ਕਾਇਮ ਕੀਤੀ ਹੈ। ਅਸਾਂ ਪਾਪ ਰਾਜ ਨੂੰ ਖ਼ਤਮ ਕਰਨਾ ਹੈ, ਜਿਸ ਕਰਕੇ ਸਾਡੀ ਹਕੂਮਤ ਨਾਲ ਸਦਾ ਟੱਕਰ ਰਹਿਣੀ ਹੈ, ਸੋ ਇਸ ਧਰਮ ਅਸਥਾਨ ਨੂੰ ਯੁਧ ਛੇੜੂ ਕਾਹਨੂੰ ਬਣਾਣਾ ਹੈ।"

ਮੋਹਰੀ ਜੀ ਦੇ ਪੋਤਰੇ ਸੁੰਦਰ ਜੀ ਅਤੇ ਉਹਨਾਂ ਦੇ ਸਾਥੀ ਗੁਰ ਅੰਸ ਦੇ ਲੋਗਾਂ ਨੇ ਸਤਿਗੁਰਾਂ ਦਾ ਇਹ ਬਚਨ ਸੁਣ ਸਾਰੀ ਗੱਲ ਨੂੰ ਸਮਝ ਲਿਆ ਤੇ ਫਿਰ ਕੁਝ ਦਿਨ ਠਹਿਰਨ ਲਈ ਬਿਨੈ ਕੀਤੀ। ਸਾਹਿਬ ਕੁਝ ਦਿਨ ਉਥੇ ਟਿਕੇ, ਸਤਿਸੰਗ ਹੁੰਦੇ ਰਹੇ, ਕੀਰਤਨ ਦੇ ਪ੍ਰਵਾਹ ਚਲਦੇ ਰਹੇ। ਸਤਿਗੁਰਾਂ ਨੇ ਖ਼ਾਸ ਤੌਰ ਤੇ ਆਪਣੇ ਸ਼ਾਹਿਬਜ਼ਾਦਿਆਂ ਨੂੰ ਤੀਸਰੇ ਗੁਰੂ ਸਾਹਿਬਾਨ ਅਤੇ ਗੁਰਦੁਆਰਿਆਂ ਦੇ ਇਤਿਹਾਸਕ ਪ੍ਰਸੰਗ ਬਿਰਧਾਂ ਕੋਲੋਂ ਸੁਣਵਾਏ।

## ਕਰਤਾਰਪੁਰ ਵਾਸ

ਸਤਿਗੁਰੂ ਗ਼ਰੀਬ-ਨਿਵਾਜ਼ ਕੁਝ ਦਿਨ ਸ੍ਰੀ ਗੋਇੰਦਵਾਲ ਸਾਹਿਬ ਠਹਿਰ, ਗੁਰਦੁਆਰਿਆਂ ਦੇ ਦਰਸ਼ਨ ਮੇਲ ਕਰ, ਉਥੋਂ ਤੁਰ ਪਏ ਤੇ ਆਪਣੀ ਸੈਨਾ ਸਮੇਤ ਕਰਤਾਰ ਪੁਰ ਸਾਹਿਬ ਆਣ ਟਿਕੇ। ਬੀਬੀ ਕੌਲਾਂ ਭੀ ਉਹਨਾਂ ਦਿਨਾਂ ਵਿਚ ਉਥੇ ਹੀ

ਸੀ । ਉਹਨਾਂ ਦਾ ਸਰੀਰ ਕੁਝ ਜੀਰਨ ਹੋ ਰਿਹਾ ਸੀ । ਸੋ ਸਤਿਗੁਰਾਂ ਨੇ ਉਹਨਾਂ ਦੇ ਟਿਕਾਣੇ ਤੇ ਜਾ ਦਰਸ਼ਨ ਦੇ, ਖ਼ੁਸ਼ੀਆਂ ਬਖ਼ਸ਼ੀਆਂ ਅਤੇ ਫ਼ਰਮਾਇਆ, "ਪ੍ਰਤੀਤ ਹੁੰਦਾ ਹੈ ਕਿ ਤੁਹਾਡਾ ਅੰਤਮ ਸਮਾਂ ਨਜ਼ਦੀਕ ਆ ਗਿਆ ਹੈ। ਸੋ ਨਾਮ ਸਿਮਰਨ ਵਿਚ ਜੁਟ ਜਾਓ।"

ਕੌਲਾਂ ਜੀ, ਜੋ ਪਹਿਲਾਂ ਹੀ ਸਿਮਰਨ ਵਿਚ ਮਗਨ ਰਹਿੰਦੇ ਸਨ, ਸਤਿਗੁਰੂ ਦੇ ਚਰਨ ਪਰਸ ਹੋਰ ਭੀ ਸਮਾਧੀ ਇਸਥਿਤ ਹੋ ਗਏ ਤੇ ਆਖ਼ਰ ਹਜ਼ੂਰੀ ਵਿਚ ਹੀ ਉਹਨਾਂ ਨੇ ਸੱਚ-ਖੰਡ ਗਮਨ ਕੀਤਾ । ਸਤਿਗੁਰਾਂ ਨੇ ਆਖ਼ਰੀ ਸਸਕਾਰ ਭਾਈ ਗੁਰਦਾਸ ਜੀ ਦੇ ਰਾਹੀਂ ਗੁਰਮਤ ਅਨੁਸਾਰ ਕਰਵਾਇਆ। ਰਬਾਬੀ ਕੀਰਤਨ ਕਰਦੇ ਹੋਏ ਅਰਥੀ ਦੇ ਨਾਲ ਗਏ ਤੇ ਗੁਰੂ ਕੇ ਬਗ਼ੀਚੇ ਵਿਚ ਉਨ੍ਹਾਂ ਦਾ ਅੰਗੀਠਾ ਬਣਾਇਆ ਗਿਆ।

ਲਿਖਿਆ ਹੈ ਕਿ ਕੌਲਾਂ ਜੀ ਦਾ ਵਰਤਾਵ ਲੋਗਾਂ ਨਾਲ ਅਜੇਹਾ ਮਿੱਠਾ ਤੇ ਪ੍ਰੇਮ-ਭਰਿਆ ਸੀ ਕਿ ਸੰਗਤਾਂ ਵਿਚ ਉਹਨਾਂ ਦੇ ਗੁਜ਼ਰਨ ਤੇ ਭਾਰਾ ਕਰਣਾ-ਰਸ ਛਾ ਗਿਆ—

"ਸਤਿਗੁਰ ਬੈਠੇ ਲਾਇ ਦੀਵਾਨ ।
ਆਵਨ ਭਏ ਲੋਗ ਸਭ ਜਾਨ ।
ਸ਼ੋਕ ਠਾਨ ਬੈਠੇ ਗੁਰ ਤੀਰ ।
ਆਇਓ ਪੈਂਦੇ ਖਾਂ ਬਰਬੀਰ ।
ਹਾਇ ਮਾਤ ਕਹਿ ਊਚ ਪੁਕਾਰਾ ।
ਦੇਹ ਧੀਰਜ ਸਤਿਗੁਰ ਨਿਰਵਾਰਾ ।
ਸਭ ਹੀ ਸੁੱਭਟ ਸਿਖ ਨਰਪੁਰਕੇ ।

ਗਮਨੇ ਬੈਠ ਬੈਠ ਢਿਗ ਗੁਰਕੇ।"

ਗੁ: ਪ੍ਰ: ਸੂ: ਰਾ: ੬੧ ਅੰਕ ੨੫

ਭਾਵੇਂ ਇਸ ਬ੍ਰਹਮ ਗਿਆਨਨ ਦੇਵੀ ਦੇ ਵਿਛੋੜੇ ਨੇ ਸਤਿਸੰਗੀਆਂ ਨੂੰ ਭਾਰਾ ਸੱਲ ਲਾਇਆ। ਕੀ ਗੁਰੂ ਦੀ ਫ਼ੌਜ ਦੇ ਸੂਰਮੇ, ਕੀ ਭਜਨੀਕ ਸਿਖ ਅਤੇ ਕੀ ਸ਼ਹਿਰ ਦੇ ਆਮ ਨਿਵਾਸੀ, ਸਾਰੇ ਹੀ ਬਿਹਬਲ ਹੋ ਉਠੇ, ਪਰ ਸਤਿਗੁਰਾਂ ਨੇ ਸਾਰਿਆਂ ਨੂੰ ਧੀਰਜ ਦਿਤਾ ਤੇ ਇਸ ਤਰ੍ਹਾਂ ਇਸ ਜਰਵਾਣਿਆਂ ਤੋਂ ਤੰਗ ਆ, ਗੁਰੂ ਸ਼ਰਨ ਆਈ ਸਤਿਸੰਗਨ ਦੇਵੀ ਦਾ ਦੈਵੀ ਅੰਤ ਹੋਇਆ।

ਹੁਣ ਸਤਿਗੁਰੂ ਕੁਝ ਦਿਨਾਂ ਲਈ ਕਰਤਾਰਪੁਰ ਟਿਕ ਗਏ, ਸਤਿਸੰਗ ਦੇ ਪ੍ਰਵਾਹ ਚਲ ਪਏ ਅਤੇ ਸ਼ਿਕਾਰ ਦੇ ਚੋਜ ਸ਼ੁਰੂ ਹੋ ਗਏ। ਇਹਨਾਂ ਦਿਨਾਂ ਵਿਚ ਪੰਜਾਬ ਵਿਚ ਭਾਰੀ ਜੰਗਲ ਸਨ, ਅਤੇ ਸ਼ੇਰ, ਚਿਤਰੇ ਤੇ ਬਘਿਆੜ ਇਹਨਾਂ ਜੰਗਲਾਂ ਵਿਚ ਆਮ ਫਿਰਦੇ ਸਨ, ਜਿਨ੍ਹਾਂ ਦੇ ਸ਼ਿਕਾਰ ਕਰਨ ਕਰ ਕੇ ਆਮ ਕਿਰਸਾਨਾਂ ਨੂੰ ਬੜਾ ਸੁਖ ਮਿਲਦਾ ਸੀ। ਸਤਿਗੁਰਾਂ ਨੇ ਇਹਨਾਂ ਦਿਨਾਂ ਵਿਚ ਆਮ ਸ਼ਿਕਾਰ ਤੋਂ ਬਿਨਾਂ ਇਕ ਭਾਰੀ ਸ਼ੇਰ ਦਾ ਸ਼ਿਕਾਰ ਸਿਰਫ ਤਲਵਾਰ ਢਾਲ ਨਾਲ ਕੀਤਾ, ਜਿਸ ਦੀ ਲੋਗਾਂ ਨੇ ਭਾਰੀ ਪ੍ਰਸੰਸਾ ਕੀਤੀ। ਇਹਨਾਂ ਦਿਨਾਂ ਵਿਚ ਇਕ ਪਠਾਨ ਅਮੀਰ ਸਤਿਗੁਰਾਂ ਦੀ ਸੰਗਤ ਵਿਚ ਆਇਆ ਅਤੇ ਕੁਝ ਦਿਨ ਰਹਿ ਗੁਰ-ਸਿਖੀ ਦਾ ਜਾਚਕ ਹੋਇਆ। ਸਤਿਗੁਰਾਂ ਨੇ ਉਸ ਨੂੰ ਸਿਖੀ ਬਖ਼ਸ਼ੀ—

"ਨਿਜ ਸਿਖ ਕਰਕੇ ਸਿਖਿਆ ਦੇਈ"

(ਗੁ: ਪ੍ਰ: ਸੂ: ਰਾ: ੬ ਅੰਕ ੨੪)

ਇਹਨਾਂ ਦਿਨਾਂ ਵਿਚ ਸਤਿਗੁਰਾਂ ਨੇ ਪੈਂਦੇ ਖ਼ਾਂ ਦਾ ਵਿਆਹ ਛੋਟੇ ਮੀਰ ਪਿੰਡ ਵਿਚ ਕਰਾ ਦਿਤਾ। ਭਾਵੇਂ ਉਹ ਜਨਮ ਦਾ ਯਤੀਮ ਹੋਣ ਕਰ ਕੇ ਸਹੁਰੇ ਪਿੰਡ ਹੀ ਵੱਸ ਪਿਆ, ਪਰ ਫਿਰ ਭੀ ਸਤਿਗੁਰਾਂ ਨੇ ਉਸ ਦੀ ਰਿਹਾਇਸ਼ ਲਈ ਅੱਡ ਘਰ ਪੁਆ ਦਿਤਾ ਅਤੇ ਸਭ ਸਾਜ ਸਮਾਨ ਦੇ, ਰਸਦਾਂ ਲਗਾ, ਹੁਕਮ ਦਿਤਾ, "ਤੂੰ ਹੁਣ ਰਾਤ ਆਪਣੇ ਘਰ ਹੀ ਰਿਹਾ ਕਰ ਤੇ ਦਿਨੇ ਹੀ ਹਾਜ਼ਰ ਹੋਇਆ ਕਰ।"

ਥੋੜੇ ਦਿਨਾਂ ਬਾਅਦ ਸਤਿਗੁਰਾਂ ਨੇ ਫਰਮਾਇਆ, "ਤੂੰ ਹੁਣ ਭਾਵੇਂ ਕਦੀ ਕਦੀ ਹੀ ਸੰਗਤ ਵਿਚ ਹੋ ਜਾਇਆ ਕਰ ਤੇ ਬੇਸ਼ੱਕ ਆਪਣੇ ਕੰਮ ਕਾਰ ਵਿਚ ਪ੍ਰਵਿਰਤ ਰਹੁ।"

ਇਹਨਾਂ ਦਿਨਾਂ ਵਿਚ, ਜਦ ਕਿ ਸਤਿਗੁਰੂ ਕਰਤਾਰਪੁਰ ਵਿਚ ਟਿਕੇ ਹੋਏ ਸਨ, ਸੰਗਤਾਂ ਵਲੋਂ ਧਨ, ਸ਼ਸਤਰ, ਬਸਤਰ, ਘੋੜੇ ਤੇ ਲੜਾਈ ਦੇ ਸਾਮਾਨ ਦੀ ਭੇਂਟ ਬੇਅੰਤ ਚੜ੍ਹ ਰਹੀ ਸੀ ਅਤੇ ਸਤਿਗੁਰਾਂ ਪਾਸ ਬਹੁਤ ਸਾਰੇ ਜੋਧੇ ਵੀ ਧਰਮ-ਯੁਧ ਵਿਚ ਸ਼ਾਮਲ ਹੋਣ ਲਈ ਆ ਆ ਕੇ, ਟਿਕ ਰਹੇ ਸਨ। ਪਰ ਇਸ ਸਾਰੀ ਚੜ੍ਹਦੀ ਕਲਾ ਦੀ ਵਰਤੋਂ ਨੂੰ ਦੇਖ ਪੈਂਦੇ ਖਾਂ ਕੁਝ ਉਪਰਾਮ ਹੋ ਰਿਹਾ ਸੀ। ਪ੍ਰਤੀਤ ਇਉਂ ਹੋ ਰਿਹਾ ਸੀ ਕਿ ਸਹੁਰੇ ਘਰ ਜਾ ਰਹਿਣ, ਅਤੇ ਪਠਾਣਾਂ ਦੀ ਵਸਤੀ ਦੇ ਵਾਸੇ ਨੇ ਉਸ ਦਾ ਦਿਮਾਗ਼ ਕੁਝ ਫੇਰ ਦਿਤਾ ਸੀ। ਉਹ ਆਪਣੇ ਆਪ ਨੂੰ ਕੁਝ ਚੀਜ਼ ਸਮਝਣ ਲੱਗ ਪਿਆ ਸੀ, "ਮੈਂ ਸਤਿਗੁਰਾਂ ਦਾ ਨਮਕ ਖਾਧਾ ਹੈ। ਮੇਰੇ ਤੇ ਉਹਨਾਂ ਦੀ ਸੇਵਾ ਫਰਜ਼ ਹੈ, ਤਾਂ ਹੀ ਮੈਂ ਰਣ ਵਿਚ ਤੁਰਕ ਫ਼ੌਜ ਦੇ ਆਹੂ ਲਾਹ ਦੇਂਦਾ ਹਾਂ। ਸ਼ਾਹੀ ਫ਼ੌਜਾਂ ਨੂੰ ਹਾਰਾਂ ਮੇਰੇ ਕਰ ਕੇ ਹੀ ਹੁੰਦੀਆਂ

ਹਨ। ਜੇ ਮੈਂ ਨਾ ਹੋਵਾਂ, ਤਾਂ ਸਿੱਖਾਂ ਵਿਚ ਕੌਣ ਮੁਗ਼ਲਾਂ ਦਾ ਮੁਕਾਬਲਾ ਕਰਨ ਜੋਗਾ ਹੈ। ਮੇਰੇ ਹੁੰਦਿਆਂ ਸਤਿਗੁਰਾਂ ਨੂੰ ਹੋਰ ਜੁਆਨਾਂ ਦੇ ਰੱਖਣ ਦੀ ਲੋੜ ਭੀ ਨਹੀਂ। ਐਵੇਂ ਵਾਧੂ ਹੀ ਖਰਚ ਕਰ ਰਹੇ ਹਨ।"

ਸਤਿਗੁਰਾਂ ਕੋਲ ਭੀ ਪੈਂਦੇ ਖ਼ਾਂ ਦੀਆਂ ਇਹਨਾਂ ਲਾਫਾਂ ਮਾਰਨ ਦੀਆਂ ਸੋਆਂ ਪੁਜ ਹੀ ਜਾਂਦੀਆਂ ਸਨ। ਸੁਜਾਨ ਸਤਿਗੁਰੂ ਜਾਣ ਗਏ ਸਨ ਕਿ ਇਸ ਛੋਟੇ ਭਾਂਡੇ ਵਿਚ ਵਸਤ ਬਾਹਲੀ ਪੈ ਗਈ ਹੈ, ਸਹਾਰ ਨਹੀਂ ਸਕਦਾ। ਭਾਵੇਂ ਉਹਨਾਂ ਨੇ ਆਪਣੇ ਦਿਲ਼ ਵਿਚ ਇਹ ਫ਼ੈਸਲਾ ਕਰ ਲਿਆ ਸੀ ਕਿ ਹੁਣ ਉਸ ਤੇ ਬਹੁਤ ਭਰੋਸਾ ਨਹੀਂ ਕਰਨਾ, ਪਰ ਫਿਰ ਭੀ ਬਖਸ਼ਸ਼ ਦਾ ਦਰ ਉਸ ਤੇ ਉਸੇ ਤਰ੍ਹਾਂ ਖੁਲ੍ਹਿਆ ਰਿਹਾ ਅਤੇ ਉਸ ਨੂੰ ਮਨ ਆਏ ਪਦਾਰਥ ਗੁਰੂ ਦਰੋਂ ਮਿਲਦੇ ਰਹੇ।

## ਦੂਸਰਾ ਯੁੱਧ

ਕਰਤਾਰਪੁਰ ਠਹਿਰਿਆਂ ਹੋਇਆਂ ਸਤਿਗੁਰਾਂ ਨੂੰ ਢੇਰ ਦਿਨ ਹੋ ਗਏ ਅਤੇ ਹੁਣ ਵਰਖਾ ਰੁਤ ਆ ਗਈ । ਕਈ ਤਰਫਾਂ ਤੋਂ ਚਮਾਸੇ ਕਟਣ ਹਿਤ ਸੰਗਤਾਂ ਦੀਆਂ ਬੇਨਤੀਆਂ ਹੋਈਆਂ। ਸਤਿਗੁਰਾਂ ਨੇ ਆਪਣੇ ਪ੍ਰਵਾਰ ਨੂੰ ਤਾਂ ਗੋਇੰਦਵਾਲ ਸਾਹਿਬ ਭੇਜ ਦਿਤਾ ਅਤੇ ਆਪ ਫੌਜ ਸਮੇਤ ਸ੍ਰੀ ਹਰਗੋਬਿੰਦ ਪੁਰ ਨੂੰ ਤਿਆਰ ਹੋ ਪਏ। ਇਸ ਤਿਆਰੀ ਸਮੇਂ ਸਤਿਗੁਰਾਂ ਨੇ ਪੈਂਦੇ ਖਾਂ ਨੂੰ ਕੋਈ ਹੁਕਮ ਨਾ ਕੀਤਾ। ਆਖਰ ਉਸ ਨੇ ਖੁਦ ਚਰਨਾਂ ਵਿਚ ਹਾਜ਼ਰ ਹੋ ਕੇ ਕਿਹਾ, "ਮੈਨੂੰ ਕੀ ਆਗਿਆ ਹੈ।"

ਸਤਿਗੁਰਾਂ ਫਰਮਾਇਆ, "ਤੂੰ ਆਪਣੇ ਘਰ ਹੀ ਰਹੁ,

ਆਰਾਮ ਕਰ। ਅਸੀਂ ਕਿਤੇ ਦੂਰ ਨਹੀਂ ਚਲੇ, ਹਰਗੋਬਿੰਦਪੁਰ ਹੀ ਹਹਾਂਗੇ। ਤੇਰੀ ਲੋੜ ਪੈਣ ਤੇ ਤੈਨੂੰ ਬੁਲਾ ਲਵਾਂਗੇ।"

ਪੈਂਦੇ ਖਾਂ ਬੋਲਿਆ, "ਹਜ਼ੂਰ, ਸ਼ਹਿਨਸ਼ਾਹ ਨਾਲ ਛੇੜ ਛਿੜ ਗਈ ਹੈ। ਅਜੇਹਾ ਨਾ ਹੋਵੇ ਕਿ ਸ਼ਤਰੂ ਦਲ ਇਕ ਦਮ ਆ ਪਵੇ। ਮੈਨੂੰ ਪਤਾ ਹੀ ਨਾ ਲਗੇ ਤੇ ਕੋਈ ਨੁਕਸਾਨ ਹੋ ਜਾਵੇ।"

ਮਨਾਂ ਦੀ ਜਾਨਣਹਾਰ ਸਤਿਗੁਰੂ ਪੈਂਦੇ ਖਾਂ ਦੀ ਗੱਲ ਬਾਤ ਵਿਚ ਹਉਮੈਂ ਦੀ ਤਾਰ ਬੂਝ ਬੋਲੇ, "ਕੋਈ ਗਲ ਨਹੀਂ, ਪਰ ਹਰ ਸੂਰਤ ਵਿਚ ਰੱਬ ਰਾਖਾ ਹੈ। ਅਸੀਂ ਤੈਨੂੰ ਖੁਸ਼ੀ ਨਾਲ ਛਡ ਚਲੇ ਹਾਂ। ਸੁਖ ਲਓ, ਪਰ ਵੰਡ ਛਕਣਾ ਤੇ ਵਿਕਾਰੀ ਨਹੀਂ ਹੋਣਾ।"

ਪੈਂਦੇ ਖਾਂ ਸਤਿਗੁਰਾਂ ਕੋਲੋਂ ਵਿਦਿਆ ਹੋਇਆ ਤੇ ਸਤਿਗੁਰਾਂ ਨੇ ਵਹੀਰ ਸਮੇਤ ਸ੍ਰੀ ਹਰਗੋਬਿੰਦ ਪੁਰ ਨੂੰ ਚਾਲੇ ਪਾ ਦਿਤੇ।

ਜਦ ਸਤਿਗੁਰੂ ਜੀ ਸ੍ਰੀ ਹਰਗੋਬਿੰਦਪੁਰ ਪੁਜੇ, ਤਾਂ ਓਥੋਂ ਦੇ ਸੇਵਾਦਾਰ ਤੋਂ ਪਤਾ ਲਗਾ ਕਿ ਭਗਵਾਨ ਦਾਸ *ਘੇਰੜ, ਜੋ ਉਸ ਇਲਾਕੇ ਦਾ ਮਾਲਗੁਜ਼ਾਰ ਸੀ, ਸੇਵਾਦਾਰਾਂ

---

*ਗੁ: ਪ੍ਰ: ਸੂ: ਗ੍ਰੰ: ਵਿਚ ਤੇ ਉਹਨਾਂ ਦੇ ਪਿਛੇ ਲੱਗਣ ਵਾਲੇ ਇਤਿਹਾਸਕਾਰਾਂ ਨੇ ਭੀ ਇਹ ਲਿਖਿਆ ਹੈ ਕਿ ਸਤਿਗੁਰਾਂ ਨੇ ਇਸ ਸਮੇਂ ਜਾ ਕੇ ਹਰਗੋਬਿੰਦ ਪੁਰ ਦੀ ਮੋੜੀ ਧਰੀ। ਉਹਨਾਂ ਨੇ ਦਰਿਆ ਦੇ ਕਿਨਾਰੇ ਉੱਚਾ ਢਾਹਾ ਵੇਖ ਇਕ ਸੁੰਦੇ ਥੇਹ ਤੇ ਸੰਨ ੧੬੧੫ ਵਿਚ ਮੋੜੀ ਗਡ ਦਿੱਤੀ, ਜਿਸ ਦਾ ਭਗਵਾਨ ਦਾਸ ਘੇਰੜ ਖੱਤਰੀ ਨੇ ਮਲਕੀਅਤ ਦਾ ਦਾਹਵਾ ਕਰ, ਵਿਰੋਧ ਖੜਾ ਕਰ ਦਿੱਤਾ, ਪਰ ਤਵਾਰੀਖ਼ ਖ਼ਾਲਸਾ, ਇਤਿਹਾਸ

(ਬਾਕੀ ਦੇਖੋ ਫੁਟ ਨੋਟ ਸਫਾ ੧੭੦)

ਨੂੰ ਕਦਮ ਕਦਮ ਤੇ ਤੰਗ ਕਰਦਾ ਅਤੇ ਗੁਰੂਘਰ ਦੇ ਵਿਰੋਧ ਵਿਚ ਹਮੇਸ਼ਾਂ ਤਤਪਰ ਰਹਿੰਦਾ ਹੈ। ਸਤਿਗੁਰੂ ਤਾਂ ਆਪਣੇ ਗੰਭੀਰ ਸੁਭਾਵ ਅਨੁਸਾਰ ਇਹ ਸਭ ਕੁਝ ਸੁਣ ਕੇ ਭੀ ਚੁਪ ਰਹੇ, ਪਰ ਜਦੋਂ ਵਸਤੀ ਦੇ ਉਦਾਲੇ ਕੋਟ ਕੀਤਾ ਜਾਣ ਲਗਾ, ਤਾਂ ਘੇਰੜ ਨੇ ਆਣ ਰੋਕ ਪਾਈ। ਉਸ ਨੇ ਆਪਣੇ ਅਭਿਮਾਨੀ ਸੁਭਾਵ ਅਨੁਸਾਰ ਦੀਵਾਨ ਵਿਚ ਆ ਸਤਿਗੁਰਾਂ ਦੀ ਸ਼ਾਨ ਵਿਚ ਕਬੋਲ ਬੋਲਣੇ ਸ਼ੁਰੂ ਕਰ ਦਿਤੇ, ਉਹ ਕਹਿਣ ਲਗਾ, "ਉਹ ਸਮਾਂ

---

(ਸਫ਼ਾ ੧੬੯ ਦੇ ਫੁਟ ਨੋਟ ਦੀ ਬਾਕੀ)

ਗੁਰੂ ਖ਼ਾਲਸਾ, ਉਮਦਾਤੁਲ ਤਾਰੀਖ਼ ਆਦਿ ਗ੍ਰੰਥਾਂ ਵਿਚ ਇਹ ਆਇਆ ਹੈ ਕਿ ਸਤਿਗੁਰਾਂ ਨੇ ਸ੍ਰੀ ਹਰਗੋਬਿੰਦ ਪੁਰ ਗਵਾਲੀਅਰ ਦੇ ਕਿਲ੍ਹੇ ਤੋਂ ਵਾਪਸ ਆ ਲਾਹੌਰੋਂ ਮੁੜਨ ਸਮੇਂ ਆਬਾਦ ਕੀਤਾ ਸੀ, ਅਤੇ ਇਹ ਪਹਿਲੇ ਦੀਵਾਨ ਚੰਦੂ ਲਾਲ ਦੀ ਮਲਕੀਅਤ ਦਾ ਪਿੰਡ ਸੀ, ਜਿਸ ਨੂੰ ਕਿ ਬਾਦਸ਼ਾਹ ਜਹਾਂਗੀਰ ਨੇ ਜ਼ਬਤ ਕਰ ਕੇ ਸਤਿਗੁਰਾਂ ਦੇ ਹਵਾਲੇ ਕਰ ਦਿਤਾ ਸੀ। ਚੁਨਾਂਚਿ ਸਾਧੂ ਗੋਬਿੰਦ ਸਿੰਘ ਜੀ ਇਤਿਹਾਸ ਗੁਰੂ ਖ਼ਾਲਸਾ ਵਿਚ ਇਉਂ ਲਿਖਦੇ ਹਨ-"ਵਹਾਂ ਸੇ ਚਲ ਕਰ ਸ਼ਹਿਰ ਹਰਗੋਬਿੰਦਪੁਰ ਪਹੁੰਚੇ, ਜੋ ਕਿ ਵਟਾਲਾ ਪ੍ਰਾਂਤ ਮੇਂ ਵਿਦਜਸਾਨ ਹੈ, ਜਾ ਬਿਰਾਜੇ। ਯਹ ਸ਼ਹਿਰ ਪ੍ਰਿਥਮ ਚੰਦੂ ਲਾਲ ਦੀਵਾਨ ਕੇ ਅਧਿਕਾਰ ਮੇਂ ਥਾ। ਜਬ ਬਾਦਸ਼ਾਹ ਨੇ ਉਸ ਕੀ ਸਾਰੀ ਜਾਇਦਾਦ ਜ਼ਬਤ ਕਰਨੇ ਕਾ ਹੁਕਮ ਦੀਆ ਥਾ, ਉਸੀ ਸਮੇਂ ਯਹ ਸ਼ਹਿਰ ਭੀ ਵੈਰਾਨ ਕਰ ਦੀਆ ਗਿਆ ਥਾ। ਉਸ ਕੇ ਪੀਛੇ ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਦਸ਼ਾਹੀ ਸੰਨਦ ਹਾਥ ਲੇ ਕਰ ਇਸ ਕੋ ਕਾਰਤਕ ਮਾਸ ਸੰਨ ੧੬੭੫ ਵਿਕ੍ਰਮੀ ਮੇਂ ਆਪਨੇ ਨਾਮ ਸੇ ਨੂਤਕ ਬਸਾਇਆ ਥਾ। ਵਹਾਂ ਪਹੁੰਚ ਕਰ ਸ੍ਰੀ ਗੁਰੂ ਜੀ ਨੇ ਉਸ ਸ਼ਹਿਰ ਕੀ ਆਬਾਦੀ ਕੀ ਉਨਤੀ ਕਰਨੀ ਚਾਹੀ, ਪਰੰਤੂ ਘੇਰੜ ਗੋਤ੍ਰ ਕਾ ਭਗਵਾਨ ਨਾਮੇ ਖੱਤ੍ਰੀ, ਜੋ ਕਿ ਦੀਵਾਨ ਚੰਦੂ ਕਾ ਨਾਤੇਦਾਰ ਤਥਾ ਉਸ ਪ੍ਰਾਂਤ ਕਾ ਮਾਲ-ਗੁਜ਼ਾਰ ਥਾ, ਬਾਦਸ਼ਾਹ ਕੇ

(ਬਾਕੀ ਦੇਖੋ ਫੁਟ ਨੋਟ ਸਫ਼ਾ ੧੭੧)

ਗਿਆ, ਜਦੋਂ ਤੁਸਾਂ ਵਲ ਛਲ ਕਰਕੇ ਤੇ ਦੀਵਾਨ ਚੰਦੂ ਲਾਲ ਨੂੰ ਮਾਰ ਕੇ, ਬਾਦਸ਼ਾਹ ਤੋਂ ਇਹ ਪਿੰਡ ਲਿਖਾ ਲਿਆ ਸੀ । ਹੁਣ ਜਦ ਤੈਨੂੰ ਆਪਣੇ ਦਾਦੇ ਲਾਹੀ ਦੇ ਪਿੰਡ ਰਾਮਦਾਸਪੁਰ ਵਿਚੋਂ ਹੀ ਕਢਿਆ ਗਿਆ, ਤਾਂ ਇਥੇ ਕਿਸ ਬਹਿਣ ਦੇਣਾ ਹੈ। ਹੁਣ ਤਾਂ ਮੈਂ ਤੁਹਾਨੂੰ ਖੱਤ੍ਰੀ ਭਾਈ ਜਾਣ ਕੇ ਭਲਿਆਂ-ਮਾਨਸਾਂ ਵਾਂਗੂੰ ਕਹਿ ਚਲਿਆਂ ਹਾਂ, ਜੇ ਸਵੇਰ ਹੁੰਦੀ ਨੂੰ ਆਪਣੇ ਤੰਬੂ ਸਲੀਤੇ ਪਟ ਕੇ ਨਾ ਤੁਰ ਗਏ, ਤਾਂ ਮੈਂ ਸਵੇਰੇ ਆਪਣੇ ਪ੍ਰਗਣੇ ਦੇ ਜੱਟਾਂ ਨੂੰ ਸੱਦ ਕੇ ਬੇਇਜ਼ਤੀ ਕਰ ਕੇ ਉਠਾ ਦੇਵਾਂਗਾ।"

---

(ਸਫ਼ਾ ੧੭੦ ਦੇ ਫੁਟ ਨੋਟ ਦੀ ਬਾਕੀ)

ਇਨਕਾ ਵਿਰੋਧੀ ਦੇਖ ਕਰ ਉਸ ਨੇ ਇਨ ਕੋ ਉਸ ਗ੍ਰਾਮ ਸੇ ਬਿਦਾਵਾ ਕਰਨੇ ਕਾ ਇਰਾਦਾ ਕੀਆ।"

ਇਸੇ ਤਰ੍ਹਾਂ ਹੀ ਤਵਾਰੀਖ਼ ਗੁਰੂ ਖ਼ਾਲਸਾ ਵਿਚ ਇਉਂ ਆਇਆ ਹੈ—"ਜਦ ਹਰਗੋਬਿੰਦ ਪੁਰ ਨਿਵਾਸ ਕਰ ਕੇ ਬਸਤੀ ਦੀ ਸੂਰਤ ਕਾਇਮ ਕਰਨ ਲਈ ਗੁਰੂ ਜੀ ਉਥੇ ਕੋਟ ਕਢਾਉਣ ਲੱਗੇ, ਤਾਂ ਭਗਵਾਨ ਚੰਦ ਘੇਰੜ ਖੱਤ੍ਰੀ ਉਸ ਪ੍ਰਗਣੇ ਦਾ ਮਾਲ-ਗੁਜ਼ਾਰ ਸ਼ਾਹੀ ਚੰਦੂ ਦੀਵਾਨ ਦਾ ਸਾਕ, ਸੂਬੇ ਜਾਲੰਧਰ ਦਾ ਪੱਗਵੱਟ ਮਿੱਤ੍ਰ, ਜੋ ਉਸੇ ਪਿੰਡ ਵਿਚ ਵਸਦਾ ਸੀ, ਹੁਣ ਗੁਰੂ ਜੀ ਦੀ ਬਾਦਸ਼ਾਹ ਨਾਲ ਵਿਗੜੀ ਹੋਈ ਦੇਖ ਕੇ ਸੂਬੇ ਜਾਲੰਧਰ ਦੇ ਨਾਲ ਗੁਰੂ ਜੀ ਤੋਂ ਉਹ ਪਿੰਡ ਛੁਡਵਾਉਣ ਦਾ ਮਨਸੂਬਾ ਨਾਨਕ ਗੁਰੂ ਜੀ ਨੂੰ ਉਠਾਉਣ ਵਾਸਤੇ ਦਲਾ ਆਇਆ।"

ਓਮਦਾਤੁਲ ਤਵਾਰੀਖ਼ ਵਾਲੇ ਨੇ ਤਾਂ ਹਰਗੋਬਿੰਦ ਪੁਰ ਗੁਰੂ ਹਰਗੋਬਿੰਦ ਸਾਹਿਬ ਦਾ ਜਨਮ ਅਸਥਾਨ ਹੀ ਦਸਿਆ ਸੀ। ਭਾਵੇਂ ਇਹ ਟਪਲਾ ਉਸ ਨੂੰ ਵਸਤੀ ਦੇ ਨਾਮ ਤੋਂ ਲੱਗਾ ਹੈ, ਪਰ ਇਸ ਤੋਂ ਇਹ ਗੱਲ ਤਾਂ ਪ੍ਰਤੀਤ ਹੁੰਦੀ ਹੈ ਕਿ ਉਹ ਇਸ ਨੂੰ ਪੁਰਾਣਾ ਵਸਿਆ ਹੋਇਆ ਮੰਨਦਾ ਹੈ।

ਸਤਿਗੁਰੂ ਗ਼ਰੀਬ-ਨਿਵਾਜ਼ ਇਸ ਗੁਸਤਾਖੀ ਭਰੀ ਗਲਬਾਤ ਨੂੰ ਸੁਣ ਕੇ ਭੀ ਅਡੋਲ ਰਹੇ। ਕਿਸੇ ਕਿਸਮ ਦੀ ਨਰਾਜ਼ਗੀ ਦੀ ਥਾਂ ਸਗੋਂ ਉਸ ਨੂੰ ਪਿਆਰ ਨਾਲ ਸਮਝਾਉਣ ਲਗੇ ਪਰ। ਉਹ ਸੂਦਖੋਰ, ਲਾਲਚੀ ਮਨੁੱਖ ਕਦ ਸਮਝਣ ਵਾਲਾ ਸੀ। ਨਾਲੇ ਉਸ ਨੂੰ ਸੂਬੇਦਾਰ ਜਲੰਧਰ ਦੀ ਸ਼ਹਿ ਅਤੇ ਸਤਿਗੁਰਾਂ ਨਾਲ ਬਾਦਸ਼ਾਹ ਦੇ ਵਿਰੋਧ ਦੀ ਵਾਕਫ਼ੀਅਤ ਵੀ ਉਭਾਰ ਰਹੀ ਸੀ। ਉਹ ਦੀਵਾਨ ਵਿਚੋਂ ਤਾਂ ਚਲਾ ਆਇਆ, ਪਰ ਬਾਹਰ ਆ ਕੇ ਲੋਕਾਂ ਦੇ ਵਿਚ ਉਚੀ ਉਚੀ ਬਕਵਾਸ ਕਰਨ ਲਗਾ, "ਦੇਖੋ ਜੀ, ਇਹ ਕਿਡਾ ਪਖੰਡ ਬੰਣਿਆ ਹੋਇਆ ਹੈ। ਸਾਡਾ ਸ਼ਰੀਕ ਭਰਾ ਖੱਤ੍ਰੀ ਹੈ, ਬਾਲ ਬਚੇ ਸੂ, ਗ੍ਰਹਸਥੀ ਹੋ ਕੇ ਗੁਰੂ ਬਣਿਆ ਬੈਠਾ ਹੈ।"

ਇਸ ਤਰ੍ਹਾਂ ਦੀਆਂ ਬੇਹੂਦਾ ਗੱਲਾਂ ਕਰਦਾ ਘੇਰੜ ਸਿਖਾਂ ਦੇ ਟੋਕਣ ਤੇ ਹੋਰ ਭੀ ਤੱਤਾ ਹੁੰਦਾ ਗਿਆ ਤੇ ਓੜਕ ਸ਼ਹੀਦ ਸਤਿਗੁਰੂ ਅਤੇ ਉਹਨਾਂ ਤੋਂ ਪਹਿਲੇ ਸਤਿਗੁਰੂ ਸਾਹਿਬਾਂ ਦੀ ਸ਼ਾਨ ਵਿਚ ਭੀ ਫਿਕੇ ਵਾਕ ਕਹਿਣ ਲੱਗ ਪਿਆ। ਹੁਣ ਖੈਰ ਕਿਸ ਤਰ੍ਹਾਂ ਗੁਜ਼ਰ ਸਕਦੀ ਸੀ? ਚੁਨਾਂਚਿ ਘੇਰੜ ਦੇ ਆਦਮੀਆਂ ਤੇ ਉਥੇ ਕਠੇ ਹੋਏ ਸਿਖਾਂ ਦੇ ਦਰਮਿਆਨ ਫ਼ਸਾਦ ਹੋ ਗਿਆ, ਜਿਸ ਵਿਚ ਘੇਰੜ ਮਾਰਿਆ ਗਿਆ ਅਤੇ ਉਸ ਦੀ ਲਾਸ਼ ਦਰਿਆ ਵਿਚ ਰੋੜ੍ਹ ਦਿਤੀ ਗਈ।

ਜਦ ਘੇਰੜ ਆਪਣੀ ਕੀਤੀ ਦਾ ਫਲ ਪਾ ਗਿਆ, ਤਾਂ ਉਸ ਦੇ ਪੁਤ੍ਰ ਰਤਨ ਚੰਦ ਨੇ ਆਪਣੇ ਆਦਮੀ ਨਾਲ ਲੈ, ਬਾਪ ਦਾ ਬਦਲਾ ਲੈਣ ਹਿਤ ਜਾਲੰਧਰ ਵਲ ਧਾਈ ਕੀਤੀ। ਉਸ ਵਕਤ ਜਾਲੰਧਰ ਦਾ ਸੂਬੇਦਾਰ ਅਬਦੁੱਲਾ ਖ਼ਾਂ ਸੀ ਅਤੇ

ਇਤਫਾਕ ਨਾਲ ਉਹਨੀ ਦਿਨੀਂ ਦੀਵਾਨ ਚੰਦੂ ਲਾਲ ਦਾ ਪੁਤ੍ਰ ਕਰਮ ਚੰਦ ਭੀ ਜਾਲੰਧਰ ਵਿਚ ਹੀ ਸੀ। (ਹੋ ਸਕਦਾ ਹੈ ਕਿ ਰਤਨ ਚੰਦ ਨੇ ਆਪਣਾ ਰਿਸ਼ਤੇਦਾਰ ਹੋਣ ਕਰ ਕੇ ਸੁਨੇਹਾ ਭੇਜ ਕੇ ਬੁਲਵਾ ਲਿਆ ਹੋਵੇ)। ਚੁਨਾਂਚਿ ਦੋਵੇਂ ਇਕੱਠੇ ਹੋ ਕੇ ਅਬਦੁਲਾ ਖਾਂ ਦੀ ਖਿਦਮਤ ਵਿਚ ਪੁਜੇ। ਰਤਨ ਚੰਦ ਨੇ ਆਪਣੇ ਬਾਪ ਦੇ ਖੂਨ ਦੀ ਫਰਿਆਦ ਕਰਦਿਆਂ ਹੋਇਆਂ ਕਿਹਾ, "ਮੇਰੇ ਪਿਤਾ ਜੀ ਸਰਕਾਰ ਦੇ ਨਿਮਕਹਲਾਲ ਬਾਜਗੁਜ਼ਾਰ ਸਨ। ਉਹਨਾਂ ਨੇ ਬਾਦਸ਼ਾਹ ਦੇ ਬਾਗ਼ੀ ਨੂੰ ਆਪਣੇ ਨਜ਼ਦੀਕ ਟਿਕਣ ਤੋਂ ਟੋਕਿਆ ਤੇ ਉਹ ਮਾਰੇ ਗਏ। ਉਹਨਾਂ ਦੀ ਮੌਤ ਬਾਦਸ਼ਾਹੀ ਖਿਦਮਤ ਕਰਕੇ ਹੋਈ ਹੈ। ਗੁਰੂ ਸਾਡੇ ਇਲਾਕੇ ਵਿਚ ਕਿਲੇਬੰਦੀ ਕਰ ਰਿਹਾ ਹੈ। ਉਹ ਬਾਦਸ਼ਾਹ ਦਾ ਬਾਗ਼ੀ ਹੈ ਤੇ ਮੇਰੇ ਬਾਪ ਦੇ ਕਤਲ ਦਾ ਜ਼ਿਮੇਂਵਾਰ ਹੈ। ਉਸ ਨੂੰ ਗਰਿਫਤਾਰ ਕਰਨਾ ਜਾਂ ਖਤਮ ਕਰ ਦੇਣਾ, ਜਿਥੇ ਮੇਰੀ ਦਾਦਰਸੀ ਕਰਨਾ ਹੈ, ਓਥੇ ਬਾਦਸ਼ਾਹ ਦੀ ਭੀ ਭਾਰੀ ਖਿਦਮਤ ਹੈ।"

ਸੂਬੇਦਾਰ ਅਬਦੁੱਲਾ ਖਾਂ ਨੇ ਰਤਨ ਚੰਦ ਦੀ ਫਰਿਆਦ ਸੁਣ, ਸਤਿਗੁਰਾਂ ਦੇ ਖ਼ਿਲਾਫ਼ ਫੌਜ-ਕਸ਼ੀ ਕਰਨ ਦਾ ਇਰਾਦਾ ਕਰ ਲਿਆ ਅਤੇ ਪੰਜ ਹਜ਼ਾਰ ਆਪਣੀ ਫੌਜ ਅਤੇ ਨਾਲ ਹੀ ਆਪਣੇ ਤਾਬੇ ਜਗੀਰਦਾਰਾਂ ਦੀਆਂ ਧਾੜਾਂ ਭੀ ਇਕੱਠੀਆਂ ਕਰ ਲਈਆਂ।

ਓਧਰੋਂ ਸਤਿਗੁਰਾਂ ਨੂੰ ਭੀ ਇਹ ਖਿਆਲ ਪਹਿਲਾਂ ਤੋਂ ਹੀ ਸੀ ਕਿ ਰਤਨ ਚੰਦ ਜਲੰਧਰ ਗਿਆ ਹੋਇਆ ਹੈ, ਉਹ ਖਾਲੀ ਨਹੀਂ ਮੁੜਨ ਲੱਗਾ। ਇਸ ਲਈ ਉਹਨਾਂ ਨੇ ਭੀ

ਸਰਕਾਰੀ ਲਸ਼ਕਰ ਨਾਲ ਟਾਕਰਾ ਕਰਨ ਦੀ ਤਿਆਰੀ ਕਰ ਲਈ। ਹੁਣ ਸੂਬੇਦਾਰ ਦੀ ਫੌਜ, ਜਿਹੜੀ ਕਿ ਆਪਣੀ ਤੇ ਹਮੈਤੀਆਂ ਦੀ ਮਿਲਾ ਕੇ ਦਸ ਹਜ਼ਾਰ ਦੀ ਗਿਣਤੀ ਤੱਕ ਪਹੁੰਚੀ ਹੋਈ ਸੀ, ਨਜ਼ਦੀਕ ਆ ਪੁਜੀ। ਅਬਦੁੱਲਾ ਖਾਂ ਨੇ ਆਪਣੇ ਸਰਦਾਰਾਂ—ਬੈਰਮ ਖਾਂ, ਮੁਹੰਮਦ ਖਾਂ, ਬਲਵੰਡ ਖਾਂ, ਇਮਾਮ ਬਖਸ਼, ਨਬੀ ਬਖਸ਼, ਚਰਾਗਦੀਨ, ਅਕਬਰ ਖਾਂ ਤੇ ਸ਼ੇਰ ਮੁਹੰਮਦ ਨੂੰ ਫੌਜ ਵੰਡਕੇ ਲੜਾਈ ਕਰਨ ਦਾ ਹੁਕਮ ਦੇ ਦਿੱਤਾ। ਏਧਰੋਂ ਸਤਿਗੁਰਾਂ ਦੀ ਫੌਜ ਦੀ ਕਮਾਨ ਭਾਈ ਜੱਟੂ ਦੇ ਹੱਥ ਵਿਚ ਸੀ ਅਤੇ ਓਹਨਾਂ ਦੇ ਥੱਲੇ ਭਾਈ ਕਲਿਆਨਾ, ਕਾਨ੍ਹ, ਪਿਰਾਗਾ, ਮੱਥਰਾ, ਜਗਨ ਨਾਥ, ਜਗਨਾ, ਸ਼ਕਤੂ, ਪਰਸਰਾਮ, ਜਤੀ ਮਲ ਤੇ ਮਲੋਕਾ ਆਦਿ ਸੂਰਬੀਰਾਂ ਨੂੰ ਆਪਣੀ ਫੌਜ ਦੇ ਦਸਤਿਆਂ ਦਾ ਸਰਦਾਰ ਥਾਪਿਆ ਅਤੇ ਭਾਈ ਬਿਧੀ ਚੰਦ ਜੀ ਨੂੰ ਇਕ ਭਾਰਾ ਦਸਤਾ ਦੇ ਕੇ ਲੋੜਵੰਦੀ ਥਾਂ ਤੇ ਪਹੁੰਚਣ ਲਈ ਕੁਮਕ ਦੇ ਤੌਰ ਤੇ ਕਾਇਮ ਕੀਤਾ। ਜਿਸ ਵਕਤ ਫੌਜਾਂ ਆਮੋ ਸਾਹਮਣੀਆਂ ਆ ਗਈਆਂ, ਤਾਂ ਅਬਦੁੱਲਾ ਖਾਂ ਨੇ ਸਤਿਗੁਰਾਂ ਕੋਲ ਆਪਣਾ ਏਲਚੀ ਭੇਜ ਕੇ ਇਹ ਮੰਗ ਕੀਤੀ ਕਿ ਉਹ ਈਨ ਮੰਨ ਲੈਣ ਅਤੇ ਸ਼ਹਿਰ ਛੱਡ ਕੇ ਹਰਗੋਬਿੰਦ ਪੁਰ ਖ਼ਾਲੀ ਕਰ ਦੇਣ, ਕਿਉਂ ਜੋ ਸ਼ਾਹੀ ਫ਼ੌਜ ਦਾ ਮੁਕਾਬਲਾ ਕਰਨਾ ਵਿਅਰਥ ਹੈ। ਸਤਿਗੁਰਾਂ ਨੇ ਜੁਆਬ ਦਿਤਾ, "ਤੁਹਾਡਾ ਭਰੋਸਾ ਬਾਦਸ਼ਾਹ ਤੇ ਹੈ ਤੇ ਸਾਡਾ ਸੱਚੇ ਪਾਤਸ਼ਾਹ ਪ੍ਰਮੇਸ਼੍ਵਰ ਤੇ। ਅਸੀਂ ਕਿਸੇ ਤੇ ਹਮਲਾ ਨਹੀਂ ਕਰਦੇ, ਕਿਸੇ ਦੀ ਮਲਕੀਅਤ ਨਹੀਂ ਖੋਂਹਦੇ। ਪਰ ਜੋ ਸਾਡੇ ਤੇ ਚੜ੍ਹ ਕੇ ਆਇਆ ਹੈ, ਉਸ ਦੀ ਹੈਂਟਰ ਨੂੰ ਤੋੜਨਾ ਆਪਣਾ

ਫ਼ਰਜ਼ ਸਮਝਦੇ ਹਾਂ।" ਸਤਿਗੁਰਾਂ ਦਾ ਜਵਾਬ ਜਾਂਦਿਆਂ ਹੀ ਸੂਬੇ ਨੇ ਹੱਲਾ ਬੋਲ ਦਿਤਾ, ਅਤੇ ੧੭ ਅੱਸੂ ਸੰ: ੧੬੮੫ ਬਿ: ਨੂੰ ਢਲੀ ਦੁਪਹਿਰੇ ਦੋਹਾਂ ਦਲਾਂ ਦਾ ਟਾਕਰਾ ਹੋ ਗਿਆ। ਹੁਣ ਓਧਰੋਂ ਮੁਹੰਮਦ ਖ਼ਾਂ ਤੇ ਏਧਰੋਂ ਭਾਈ ਜੱਟੂ ਆਪਣੀ ਆਪਣੀ ਸੈਨਾਂ ਲੈ ਮੈਦਾਨ ਵਲ ਵਧੇ। ਘੋਰ ਰਣ ਪਿਆ, ਸੂਰਿਆਂ ਮਾਰੋ ਮਾਰ ਪੁਕਾਰੀ ਅਤੇ ਥੋੜੇ ਚਿਰ ਵਿਚ ਹੀ ਦੋਹਾਂ ਸੈਨਾਪਤੀਆਂ ਦਾ ਮੁਕਾਬਲਾ ਹੋ ਗਿਆ। ਭਾਈ ਜੱਟੂ ਜੀ ਨੇ ਮੁਹੰਮਦ ਖ਼ਾਂ ਨੂੰ ਵੰਗਾਰਿਆ ਅਤੇ ਖ਼ਾਨ ਨੇ ਪਹਿਲੇ ਤੀਰ ਨਾਲ ਹੀ ਭਾਈ ਜੱਟੂ ਜੀ ਦਾ ਘੋੜਾ ਥਾਂ ਰੱਖਿਆ। ਓਧਰੋਂ ਭਾਈ ਜੱਟੂ ਜੀ ਨੇ ਮੁਹੰਮਦ ਖ਼ਾਂ ਤੇ ਬੰਦੂਕ ਚਲਾਈ ਤੇ ਏਧਰੋਂ ਮੁਹੰਮਦ ਖ਼ਾਂ ਨੇ ਦੂਜਾ ਬਾਣ ਵਾਹਿਆ। ਗੋਲੀ ਤੇ ਤੀਰ ਦੋਵੇਂ ਆਪਣਾ ਕੰਮ ਕਰ ਗਏ ਤੇ ਦੋਹਾਂ ਧਿਰਾਂ ਦੇ ਸੈਨਾਪਤੀ ਬੀਰ ਕਿਰਿਆ ਕਰ ਰਣ-ਭੂਮੀ ਤੇ ਸਦਾ ਲਈ ਸੌਂ ਗਏ। ਅਬਦੁੱਲਾ ਖ਼ਾਂ ਨੇ ਫ਼ੌਰਨ ਹੀ ਬੈਰਮ ਖ਼ਾਂ ਨੂੰ ਕੁਮਕ ਦੇ ਦਿਤੀ ਤੇ ਇਸ ਪਾਸਿਉਂ ਭਾਈ ਮਥਰਾ ਜੀ ਨੇ ਭਾਈ ਜੱਟੂ ਦੀ ਥਾਂ ਸੰਭਾਲੀ। ਭਾਈ ਮਥਰਾ ਜੀ ਨੇ ਆਪਣੀਆਂ ਫ਼ੌਜਾਂ ਨੂੰ ਲਲਕਾਰਿਆ, "ਭਰਾਵੋ, ਹਰ ਮਨੁੱਖ ਦੇ ਸਿਰ ਤੇ ਕਾਲ ਇਕ ਦਿਨ ਖੜੋਤਾ ਹੈ। ਜੋ ਘੜਿਆ ਹੈ ਭਜੇਗਾ। ਜੋ ਖਿੜਿਆ ਹੈ, ਮੁਰਝਾਏਗਾ ਤੇ ਜੋ ਜੰਮਿਆਂ ਹੈ, ਮਰੇਗਾ। ਲੱਖਾਂ ਆਏ ਤੇ ਲੱਖਾਂ ਮਰ ਗਏ। ਪਰ ਧਰਮ-ਯੁਧ ਵਿਚ ਜੂਝਣਾ ਇੱਕ ਅਜੇਹੀ ਮੌਤ ਹੈ, ਜੋ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਸ਼ਹੀਦੀ ਪਿਆਲੇ ਜੋ ਪੀਵੇਗਾ ਸੱਚ ਖੰਡ ਵਿਚ ਨਿਵਾਸ ਮਿਲੇਗਾ।"

ਏਦਾਂ ਸਾਥੀਆਂ ਨੂੰ ਉਭਾਰਦੇ ਹੋਏ ਭਾਈ ਮਥਰਾ ਜੀ

ਅਗਾਂਹ ਵਧੇ ਅਤੇ ਉਹਨਾਂ ਅੱਖ ਦੇ ਪਲਕਾਰੇ ਵਿਚ ਗੋਲੀ ਮਾਰ ਬੈਰਮ ਖ਼ਾਂ ਦਾ ਘੋੜਾ ਥਾਂ ਸੁਟਿਆ। ਭਾਈ ਮਥਰਾ ਜੀ ਭੀ ਜੋਸ਼ ਵਿਚ ਘੋੜੇ ਤੋਂ ਛਾਲ ਮਾਰ, ਬੈਰਮ ਖ਼ਾਂ ਨਾਲ ਜਾ ਗੁੱਥਮ-ਗੁੱਥਾ ਹੋਏ। ਥੋੜਾ ਚਿਰ ਓਧਰੋ ਓਧਰੀ ਸੂਰਮੇਂ ਦਾ ਮੇਚ ਲਾਉਂਦੇ ਰਹੇ ਤੇ ਓੜਕ ਭਾਈ ਮਥਰਾ ਜੀ ਨੇ ਉਸ ਦੀ ਕਟਾਰ ਉਹਦਿਓਂ ਗਾਤਰਿਉਂ ਖਿਚ, ਉਸ ਦੇ ਮੂੰਹ ਵਿਚ ਧਸੋ ਦਿਤੀ, ਕਿਉਂ ਜੋ ਉਸ ਦਾ ਬਾਕੀ ਤਨ ਲੋਹੇ ਨਾਲ ਮੜ੍ਹਿਆ ਪਿਆ ਸੀ। ਬੈਰਮ ਖ਼ਾਂ ਦੇ ਗਿਰਨ ਤੇ ਤੁਰਕਾਨੀ ਸੈਨਾ ਵਿਚ ਜੋਸ਼ ਵਧ ਗਿਆ। ਉਹਨਾਂ ਨੇ ਜ਼ੋਰਦਾਰ ਹੱਲਾ ਕੀਤਾ ਅਤੇ ਇਸ ਹੱਲੇ ਗ਼ੁੱਲੇ ਵਿਚ ਭਾਈ ਮਥਰਾ ਭੀ ਸ਼ਹੀਦ ਹੋ ਗਏ।

ਬੈਰਮ ਖ਼ਾਂ ਨੂੰ ਡਿੱਗਿਆ ਤੱਕ ਸੂਬੇਦਾਰ ਨੇ ਬਲਵੰਡ ਖ਼ਾਂ ਨੂੰ ਅੱਗੇ ਵਧਣ ਲਈ ਕਿਹਾ ਅਤੇ ਅਲੀ ਬਖ਼ਸ਼ ਨੂੰ ਉਸ ਦੀ ਮੱਦਦ ਕਰਨ ਲਈ ਹੁਕਮ ਦਿਤਾ। ਬਲਵੰਡ ਖ਼ਾਂ ਸ਼ੇਰ ਵਾਂਗ ਧਾ ਕੇ ਪਿਆ ਤੇ ਉਸ ਦੇ ਦਲਾਂ ਦੇ ਆਹੂ ਲਾਹਣੇ ਸ਼ੁਰੂ ਕਰ ਦਿਤੇ। ਪਰ ਅਜੇ ਥੋਹੜਾ ਹੀ ਅੱਗੇ ਵਧਿਆ ਸੀ ਕਿ ਭਾਈ ਕਲਿਆਨੇ ਜੀ ਦੀ ਗੋਲੀ ਦਾ ਨਿਸ਼ਾਨਾ ਹੋ ਗਿਆ। ਏਨੇ ਵਿਚ ਅਲੀ ਬਖਸ਼ ਸਾਥੀਆਂ ਨੂੰ ਲੈ, ਭਾਈ ਕਲਿਆਨੇ ਤੇ ਧਾ ਪਿਆ। ਭਾਈ ਸਾਹਿਬ ਨੇ ਬੜਾ ਡੱਟ ਕੇ ਮੁਕਾਬਲਾ ਕੀਤਾ। ਪਹਿਲਾਂ ਤੀਰਾਂ ਦੀ ਛਹਿਬਰ ਲਾਈ ਤੇ ਜਦੋਂ ਭੱਥਾ ਖਾਲੀ ਹੋ ਗਿਆ, ਤਾਂ ਤਲਵਾਰ ਵਾਹੀ, ਪਰ ਓੜਕ ਸ਼ਹੀਦੀ ਪਾ ਗਏ। ਹੁਣ ਅਲੀ ਬਖ਼ਸ਼ ਨੇ ਆਪਣੀ ਫ਼ੌਜ ਨੂੰ ਲਲਕਾਰ ਕੇ ਸਤਿਗੁਰਾਂ ਵੱਲ ਵਧਾਇਆ। ਇਹ ਵੇਖ ਭਾਈ ਨਾਨੂੰ ਜੀ

ਆਪਣੇ ਦਸਤੇ ਨੂੰ ਲੈ ਅੱਗੇ ਵਧੇ । ਅਲੀ ਬਖ਼ਸ਼ ਨੇ ਭਾਈ ਨਾਨੂੰ ਤੇ ਬੰਦੂਕ ਚਲਾਈ, ਪਰ ਨਿਸ਼ਾਨਾ ਬੇਅਰਥ ਗਿਆ। ਏਨ ਵਿਚ ਭਾਈ ਨਾਨੂੰ ਸਾਹਿਬ ਦਾ ਤੀਰ ਅਲੀ ਬਖ਼ਸ਼ ਦੀ ਛਾਤੀ ਵਿਚੋਂ ਪਾਰ ਹੋ ਗਿਆ। ਏਨੇ ਚਿਰ ਨੂੰ ਤੁਰਕਾਨੀ ਫ਼ੌਜ ਦੇ ਪੈਰ ਉੱਖੜੇ, ਪਰ ਅਮਾਮ ਬਖ਼ਸ਼ ਨੇ ਮੌਕਾ ਸੰਭਾਲ ਲਿਆ ਅਤੇ ਸਤਿਗੁਰਾਂ ਵੱਲ ਵਧਿਆ। ਭਾਈ ਨਾਨੂੰ ਜੀ ਨੇ ਦੋ-ਧਾਰਾ ਖੰਡਾ ਮਾਰ, ਅਮਾਮ ਬਖ਼ਸ਼ ਦੀ ਇਕ ਬਾਂਹ ਉਡਾ ਦਿਤੀ, ਪਰ ਉਸ ਨੇ ਦੂਸਰੇ ਹੱਥ ਨਾਲ ਭਾਈ ਨਾਨੂੰ ਸਾਹਿਬ ਤੇ ਵਾਰ ਕੀਤਾ, ਜੇਹੜਾ ਆਪਣਾ ਕੰਮ ਕਰ ਗਿਆ ਅਤੇ ਭਾਈ ਨਾਨੂੰ ਸਾਹਿਬ ਗੁਰਪੁਰੀ ਸੁਧਾਰ ਗਏ । ਭਾਈ ਨਾਨੂੰ ਸਾਹਿਬ ਦੇ ਸ਼ਹੀਦ ਹੋਣ ਤੇ ਸਿਖ ਸੈਨਾਂ ਦੇ ਪੈਰ ਖਿਸਕੇ, ਪਰ ਇਤਨੇ ਨੂੰ ਭਾਈ ਬਿਧੀ ਚੰਦ ਜੀ ਆਪਣਾ ਦਸਤਾ ਲੈ ਮਦਦ ਨੂੰ ਆਣ ਪਹੁੰਚੇ। ਭਾਈ ਕਿਸ਼ਨਾ, ਪਰਾਗਾ ਭੀ ਅਗਾਂਹ ਵਧੇ, ਖ਼ੂਬ ਰਣ ਪਿਆ। ਇਮਾਮ ਬਖ਼ਸ਼ ਭਾਈ ਪਰਾਗੇ ਦੇ ਹੱਥੋਂ ਮਾਰਿਆ ਗਿਆ। ਏਨੇ ਨੂੰ ਸ਼ਾਮ ਪੈ ਗਈ ਤੇ ਫ਼ੌਜਾਂ ਆਪਣੇ ਆਪਣੇ ਡੇਰੇ ਨੂੰ ਮੁੜ ਗਈਆਂ।

ਅਗਲ ਦਿਨ ਸਵੇਰੇ ਲਾਲੀ ਧੁੰਮਦੀ ਨੂੰ ਹੀ ਨਗਾਰਿਆਂ ਤੇ ਚੋਟ ਪੈ ਗਈ। ਸਤਿਗੁਰਾਂ ਨ ਆਪਣਿਆਂ ਸੂਰਮਿਆਂ ਨੂੰ ਮੁਖ਼ਾਤਬ ਕਰਦਿਆਂ ਹੋਇਆਂ ਕਿਹਾ, "ਭਾਈ ਨਾਨੂੰ ਜੀ ਨੇ ਬੀਰਤਾ ਦੀ ਆਹੁਦੀ ਕਰ ਦਿਖਾਈ। ਉਹ ਸੱਚ ਖੰਡ ਜਾ ਵੱਸੇ। ਅੱਜ ਕੌਣ ਬਲੀ ਹੈ, ਜੋ ਫ਼ੌਜ ਦੀ ਕਮਾਨ ਸੰਭਾਲਣ ਲਈ ਆਪਣੇ ਆਪ ਨੂੰ ਪੇਸ਼ ਕਰਦਾ ਹੈ ?"

ਸਤਿਗੁਰਾਂ ਦਾ ਬਚਨ ਸੁਣਦਿਆਂ ਹੀ ਭਾਈ ਪਰਾਗਾ

ਅੱਗੇ ਆਇਆ ਤੇ ਬਿਨੈ ਕੀਤੀ, "ਸੱਚੇ ਪਾਤਸ਼ਾਹ, ਆਪ ਦੀ ਮੇਹਰ ਦਾ ਹੱਥ ਸਿਰ ਤੇ ਚਾਹੀਦਾ ਹੈ। ਮੈਂ ਇਸ ਸੇਵਾ ਲਈ ਹਾਜ਼ਰ ਹਾਂ।" ਚੁਨਾਂਚਿ ਸਿਖ ਫ਼ੌਜ ਭਾਈ ਪਰਾਗੇ ਜੀ ਦੀ ਕਮਾਨ ਹੇਠਾਂ ਚੱਲੀ ਤੇ ਭਾਈ ਜਗਨਾ, ਸਕਤੂ, ਪਿਰਾਨਾ, ਭੇਲਨ, ਭਾਈ ਬਿਧੀ ਚੰਦ ਆਦਿ ਸੂਰਮੇ ਆਪਣੇ ਆਪਣੇ ਦਲਾਂ ਸਮੇਤ ਉਹਨਾਂ ਦੀ ਮਦਦ ਨੂੰ ਸਵਾਰ ਹੋ ਤੁਰੇ। ਓਧਰੋਂ ਤੁਰਕਾਨੀ ਸੈਨਾਂ ਭੀ ਰੋਹ ਖਾ ਵਧੀ। ਅੱਜ ਅਬਦੁੱਲਾਂ ਖ਼ਾਂ ਆਪ ਕਮਾਨ ਤੇ ਸੀ। ਯੁਧ ਹੋਣ ਲੱਗਾ। ਸਿਖਾਂ ਨੇ ਵਧ ਵਧ ਕੇ ਹੱਥ ਮਾਰੇ

"ਘਨੇ ਸਿਖ ਆਇ ਪਰੇ ਦੌਰ ਐਸੇ,
ਪਿਖੇ ਮਾਸ ਕੋ ਬਾਜ ਧਾਵੰਤ ਜੈਸੇ।
ਧਕਾ ਧੱਕ ਬੀਰੰਗ ਹਥਾ ਹੱਥ ਹੋਏ,
ਕਰਾਂ ਚੋਲ ਬਾਂਹੇ ਉਟ ਢਾਲ ਕੋਏ।
ਛੁਟੇ ਤੀਰ, ਤੇਗ਼ੇ ਲਗੇ ਲੋਹ ਊਪੇ,
ਕਿਤੇ ਅੰਗ ਕਾਟੇ ਗਿਰੇ ਸੂਰ ਭੂਪੇ।
ਮਹਾਂ ਲੋਬ ਪੋਬਾਨ ਹੋਈ ਕਰਾਲਾ,
ਬਹਿਓ ਸ਼ੋਰਨ ਜਾਤੇ ਧਰਾ ਰੰਗ ਲਾਲਾ।
(ਗ: ਪ: ਸੁ: ਰਾ: ੬ ਅੰ: ੩੯)

ਇਸ ਤਰ੍ਹਾਂ ਸੂਰਮਿਆਂ ਨੇ ਓਧਰੋ ਓਧਰੀ ਆਹੂ ਲਾਹ ਲਾਹ ਧਰਤ ਖ਼ੂਨ ਦੇ ਨਾਲ ਰੰਗ ਦਿਤੀ। ਅਬਦੁੱਲਾ ਖ਼ਾਂ ਸਿਖਾਂ ਦੀ ਇਸ ਬੀਰਤਾ ਨੂੰ ਦੇਖ ਦੇਖ ਹੈਰਾਨ ਹੋ ਰਿਹਾ ਸੀ। ਉਸ ਨੇ ਆਪਣੇ ਵੱਡੇ ਪੁਤ੍ਰ ਨਬੀ ਬਖ਼ਸ਼ ਨੂੰ ਕਿਹਾ, "ਅਸਾਂ ਕਰਮ ਚੰਦ ਤੇ ਰਤਨ ਚੰਦ ਦੇ ਆਖੇ ਲਗ ਗ਼ਲਤੀ ਕੀਤੀ ਹੈ। ਉਹ ਤੇ

ਕਹਿੰਦੇ ਸਨ ਕਿ ਗੁਰੂ ਦੇ ਨਾਲ ਨਾਈ, ਛੀਂਬੇ, ਜੱਟ ਬੂਟ ਹੀ ਹਨ, ਪਰ ਇਹ ਤਾਂ ਬਲੀ ਸੂਰਮਿਆਂ ਦੀ ਸੈਨਾਂ ਹੈ। ਅੱਛਾ, ਹੁਣ ਫਸੀ ਨੂੰ ਫਟਕਣ ਕਾਹਦਾ। ਪੁੱਤ੍ਰ, ਕਰ ਹੱਲਾ !"

ਏਧਰੋਂ ਤਾਂ ਨਬੀ ਬਖ਼ਸ਼ ਤੇ ਅਬਦੁੱਲਾ ਖ਼ਾਨ ਅਗਾਂਹ ਵਧੇ ਤੇ ਸਤਿਗੁਰੂ ਜੀ ਭੀ ਆਪ ਮੈਦਾਨ ਵਿਚ ਆਣ ਉਤਰੇ। ਹੁਣ ਘੋਰ ਯੁੱਧ ਹੋ ਪਿਆ ਅਤੇ ਅਬਦੁੱਲਾ ਖਾਂ ਨੇ ਕਰਮ ਚੰਦ ਨੂੰ ਵੰਗਾਰ ਕੇ ਕਿਹਾ, "ਕੀ ਵੇਖਨਾ ਏਂ, ਸਾਹਮਣੇ ਬਿਧੀ ਚੰਦ ਖੜੋਤਾ ਹੈ। ਲੈ ਲੈ ਆਪਣੇ ਬਾਪ ਦਾ ਬਦਲਾ।" ਇਹ ਸੁਣਦਿਆਂ ਹੀ ਕਰਮ ਚੰਦ ਰੋਹ ਖਾ, ਅਗਾਂਹ ਵਧਿਆ । ਓਧਰੋਂ ਓਧਰੀ ਕਈ ਵਾਰ ਹੋਏ ਤੇ ਓੜਕ ਕਰਮ ਚੰਦ ਦਾ ਇਕ ਤੀਰ ਭਾਈ ਬਿਧੀ ਚੰਦ ਦੇ ਸਰੀਰ ਵਿਚ ਜਾ ਧਸਿਆ। ਭਾਈ ਬਿਧੀ ਚੰਦ ਨੇ ਓਹੀ ਖਿੱਚ ਕੇ ਕਰਮ ਚੰਦ ਨੂੰ ਪਰਤਾ ਮਾਰਿਆ। ਜੁਆਨ ਤੇ ਬਚ ਗਿਆ, ਪਰ ਘੋੜੇ ਦਾ ਕੰਮ ਕਰ ਗਿਆ। ਪੈਦਲ ਹੋਏ ਕਰਮ ਚੰਦ ਨੂੰ ਭਾਈ ਬਿਧੀ ਚੰਦ ਨੇ ਜਾ ਝਪਟਿਆ ਅਤੇ ਗਲੇ ਵਿਚ ਕਮੰਦ ਪਾ, ਸਤਿਗੁਰਾਂ ਪਾਸ ਧੂ ਕੇ ਲੈ ਆਇਆ ਤੇ ਕਹਿਣ ਲੱਗਾ, "ਜੇ ਆਗਿਆ ਕਰੋ, ਤਾਂ ਘੱਲਾਂ ਇਸ ਨੂੰ ਭੀ ਇਹਦੇ ਪਿਓ ਕੋਲ।"

ਪਰ ਸਤਿਗੁਰਾਂ ਫਰਮਾਇਆ, "ਨਹੀਂ, ਇਹ ਨਿਹੱਥਾ ਹੋ ਚੁੱਕਾ ਹੈ। ਸ਼ਸਤਰ-ਹੀਨ ਤੇ ਵਾਰ ਕਰਨਾ ਧਰਮ ਯੁੱਧ ਵਿਚ ਵਿਵਰਜਤ ਹੈ। ਇਸ ਨੂੰ ਛੱਡ ਦਿਓ।"

ਕਰਮ ਚੰਦ ਏਦਾਂ ਖ਼ਲਾਸੀ ਪਾ ਦੌੜਿਆ ਅਬਦੁੱਲਾ ਖਾਂ ਕੋਲ ਗਿਆ ਤੇ ਕਹਿਣ ਲੱਗਾ, "ਮੈਂ ਦੁਸ਼ਮਨ ਦੀ ਸੈਨਾਂ ਦਾ ਭੇਦ ਲੈ ਆਇਆ ਹਾਂ। ਉਹ ਬਹੁਤ ਥੋੜੀ ਰਹਿ ਗਈ

ਹੈ। ਇਕੋ ਹੱਲੇ ਦੀ ਲੋੜ ਹੈ।"

ਸੂਬੇਦਾਰ ਨੇ ਫਿਰ ਜ਼ੋਰ ਦਾ ਹੱਲਾ ਕਰਵਾਇਆ। ਨਬੀ ਬਖਸ਼ ਅਗਾਂਹ ਵਧਿਆ। ਉਹਦਾ ਛੋਟਾ ਭਰਾ ਕਰੀਮ ਬਖਸ਼ ਭੀ ਇਕ ਪਾਸੇ ਧਾ ਪਿਆ।

ਨਬੀ ਬਖਸ਼ ਨੇ ਭਾਈ ਪਰਸ ਰਾਮ ਤੇ ਬਾਣ ਵਾਹਿਆ, ਜੇਹੜਾ ਘਾਇਲ ਕਰ ਗਿਆ। ਪਰ ਉਹਨਾਂ ਨੂੰ ਡਿਗਦਿਆਂ ਦੇਖ, ਭਾਈ ਸਕਤੂ ਨੇ ਆਣ ਆਸਰਾ ਦਿਤਾ। ਪਰਸ ਰਾਮ ਸੰਭਲਦਿਆਂ ਹੀ ਤਲਵਾਰ ਲੈ, ਨਬੀ ਬਖਸ਼ ਤੇ ਧਾ ਪਿਆ ਅਤੇ ਅਜੇਹਾ ਭਰਵਾਂ ਵਾਰ ਕੀਤਾ ਕਿ ਸੂਰਮਾਂ ਹਮੇਸ਼ਾਂ ਦੀ ਨੀਂਦ ਸੌਂ ਗਿਆ। ਭਾਵੇਂ ਨਬੀ ਬਖਸ਼ ਤਾਂ ਚਲ ਬਸਿਆ, ਪਰ ਫੌਜ ਨੇ ਹੱਲਾ ਕਰ ਕੇ ਭਾਈ ਪਰਸਰਾਮ ਤੇ ਸ਼ਕਤੂ ਜੀ ਨੂੰ ਥਾਂ ਰੱਖ ਲਿਆ। ਜਦ ਅਬਦੁੱਲਾ ਖਾਂ ਨੂੰ ਪੁੱਤ੍ਰ ਦੇ ਮਰਨ ਦੀ ਖਬਰ ਮਿਲੀ, ਤਾਂ ਉਸ ਨੇ ਢਾਹ ਮਾਰ ਕੇ ਕਿਹਾ, "ਅੱਲਾ, ਕਿਹਾ ਚੰਗਾ ਹੁੰਦਾ, ਜੇ ਬਚੇੜੇ ਦੀ ਥਾਂ ਮੈਂ ਚਲਾ ਜਾਂਦਾ।" ਹੁਣ ਕਰੀਮ ਬਖਸ਼ ਜੋਸ਼ ਵਿਚ ਆ ਗਿਆ ਤੇ ਉਸ ਨੇ ਭਬਕਾਰ ਕੇ ਕਿਹਾ, "ਮੈਂ ਵੀਰ ਦਾ ਬਦਲਾ ਲੈ ਕੇ ਰਹਾਂਗਾ। ਹੁਣ ਯਾ ਮੈਂ ਨਹੀਂ, ਯਾ ਗੁਰੂ ਨਹੀਂ। ਮੇਰੇ ਰਾਹ ਵਿਚ ਉਹ ਆਵੇ, ਜਿਸ ਨੂੰ ਮੌਤ ਵਾਜਾਂ ਮਾਰ ਰਹੀ ਹੈ।"

ਏਦਾਂ ਕਹਿ ਉਹ ਅੱਗੇ ਵਧਿਆ ਤੇ ਉਸ ਨੇ ਭਾਈ ਬਿਧੀ ਚੰਦ ਨੂੰ ਵੰਗਾਰਿਆ। ਰਤਨ ਚੰਦ ਤੇ ਕਰਮ ਚੰਦ ਭੀ ਕਰੀਮ ਬਖਸ਼ ਦੀ ਮੱਦਦ ਨੂੰ ਵਧੇ। ਹੁਣ ਕਰੀਮ ਬਖਸ਼ ਤੇ ਬਿਧੀ ਚੰਦ ਦਾ ਟਾਕਰਾ ਹੋ ਪਿਆ। ਕਰੀਮ ਬਖਸ਼ ਨੇ ਨੇਜ਼ਾ ਮਾਰਿਆ, ਜੇਹੜਾ ਉਟਕ ਕੇ ਕਾਠੀ ਤੇ ਜਾ ਵੱਜਾ। ਹੁਣ ਭਾਈ

ਬਿਧੀ ਚੰਦ ਭੀ ਅੱਗੋਂ ਪਿਆ ਤੇ ਦੋਵੇਂ ਸੂਰਮੇ ਤਲਵਾਰੀਂ ਉਤ੍ਰ ਆਏ। ਕਰੀਮ ਬਖਸ਼ ਨੇ ਪਹਿਲਾ ਵਾਰ ਕੀਤਾ, ਜੋ ਉੱਕ ਗਿਆ। ਦੂਜੀ ਵਾਰੀ ਤਲਵਾਰ ਤਲਵਾਰ ਤੇ ਪਈ ਅਤੇ ਭਾਈ ਬਿਧੀ ਚੰਦ ਦੀ ਤਲਵਾਰ ਟੁੱਟ ਪਈ। ਉਹਨਾਂ ਨੇ ਪੈਂਤੜਾ ਬਦਲ, ਘੋੜਾ ਫੇਰ, ਦੂਜੀ ਤਲਵਾਰ ਸਾਥੀਆਂ ਕੋਲੋਂ ਲੈ, ਪਰਤ ਕੇ, ਅਜੇਹਾ ਤੁਲਵਾਂ ਵਾਰ ਕੀਤਾ, ਜੋ ਲੜਾਈ ਦਾ ਫ਼ੈਸਲਾ ਕਰ ਗਿਆ। ਕਰਮ ਚੰਦ ਤੇ ਰਤਨ ਚੰਦ ਭਾਈ ਬਿਧੀ ਚੰਦ ਦੇ ਵਾਰਾਂ ਦੀ ਤਾਬ ਨਾ ਲਿਆ, ਉੱਠ ਭੱਜੇ। ਹੁਣ ਦਿਨ ਕੋਈ ਥੋੜ੍ਹਾ ਹੀ ਬਾਕੀ ਸੀ ਕਿ ਅਬਦੁੱਲਾ ਖਾਂ ਨੇ ਆਮ ਹਲਾ ਬੋਲਣ ਦਾ ਹੁਕਮ ਦੇ ਦਿਤਾ। ਇਧਰੋਂ ਸਤਿਗੁਰੂ ਭੀ ਆਪ ਅੱਗੇ ਵਧ, ਸਾਰੀ ਸੈਨਾਂ ਨੂੰ ਲੈ, ਸ਼ਤਰੂ ਤੇ ਟੁੱਟ ਪਏ। ਅਬਦੁੱਲਾ ਖਾਂ ਪੁੱਤ੍ਰਾਂ ਦੇ ਮਰਨ ਤੇ ਰੋਹ ਵਿਚ ਆਇਆ ਹੋਇਆ ਬਿਫਰੇ ਹੋਏ ਸ਼ੇਰ ਵਾਂਗ ਚਾਰੇ ਤਰਫ਼ ਧਾ ਧਾ ਕੇ ਪੈ ਰਿਹਾ ਸੀ। ਉਸ ਦੇ ਤੀਰ ਨਾਗਾਂ ਵਾਂਗ ਸ਼ੂਕਦੇ ਤੇ ਉਸ ਦੀ ਤਲਵਾਰ ਬਿਜਲੀ ਵਾਂਗ ਚਮਕਦੀ ਸੀ। ਉਸ ਨੂੰ ਆਪਣੇ ਤੇ ਬਿਗਾਨੇ ਦੀ ਪਛਾਣ ਹੀ ਭੁੱਲ ਗਈ ਸੀ ਤੇ ਉਸ ਨੇ ਮਾਰਨ ਜਾਂ ਮਰਨ ਮਨ ਲਿਆ ਸੀ। ਓੜਕ ਉਸ ਦਾ ਤੇ ਗੁਰੂ ਸਾਹਿਬ ਦਾ ਟਾਕਰਾ ਆਣ ਹੋਇਆ। ਅਬਦੁੱਲਾ ਖਾਂ ਨੇ ਜੋਸ਼ ਵਿਚ ਆ ਅੰਧਾ ਧੁੰਦ ਤਲਵਾਰ ਵਾਹੁਣੀ ਸ਼ੁਰੂ ਕਰ ਦਿਤੀ। ਸਤਿਗੁਰਾਂ ਨੇ ਉਸ ਦੇ ਵਾਰ ਆਪਣੀ ਢਾਲ ਉੱਤੇ ਸੰਭਾਲੇ ਤੇ ਆਖਰ ਆਪਣੇ ਖੰਡੇ ਦਾ ਅਜੇਹਾ ਤੁਲਵਾਂ ਵਾਰ ਕੀਤਾ ਕਿ ਅਬੁੱਦਲਾ ਖਾਂ ਉਲਟ ਕੇ ਜ਼ਮੀਨ ਤੇ ਜਾ ਪਿਆ। ਏਨੇ ਨੂੰ ਕਰਮ ਚੰਦ ਭੀ ਸਤਿਗੁਰਾਂ ਤੇ ਟੁੱਟ੍ਹ ਪਿਆ ਅਤੇ ਸਤਿਗੁਰਾਂ ਦੇ ਖੰਡੇ ਨਾਲ

ਹੀ ਖਤਮ ਹੋਇਆ। ਤੁਰਕਾਨੀ ਸੈਨਾਂ ਉੱਠ ਭੱਜੀ ਅਤੇ ਸਿਖ ਸੈਨਾਂ ਵਿਚ ਜੈ ਜੈ ਕਾਰ ਦੀ ਧੁਨੀ ਬੁਲੰਦ ਹੋਈ।

ਹੁਣ ਰਾਤ ਪੈ ਗਈ ਸੀ। ਫੌਜ ਡੇਰੇ ਆ ਟਿਕੀ ਅਤੇ ਅਗਲੀ ਸਵੇਰ ਭਾਈ ਬਿਧੀ ਚੰਦ ਜੀ ਨੇ ਰਣ-ਭੂਮੀ ਵਿਚ ਜੂਝਿਆਂ ਦੇ ਸਰੀਰ ਆ ਸੰਭਾਲੇ। ਆਪਣੇ ਤੇ ਬਿਗਾਨੇ ਸਾਰਿਆਂ ਦੀ ਸੰਭਾਲ ਕੀਤੀ ਗਈ। ਸਿਖ ਸ਼ਹੀਦਾਂ ਨੂੰ ਤੇ ਬਿਆਸ ਵਿਚ ਜਲ ਪ੍ਰਵਾਹ ਕਰ ਦਿਤਾ ਗਿਆ ਅਤੇ ਮੁਸਲਮਾਨਾਂ ਦੀਆਂ ਕਬਰਾਂ ਬਣਾ ਦਿਤੀਆਂ ਗਈਆਂ। ਅਬਦੁੱਲਾ ਖਾਂ, ਉਸ ਦੇ ਦੋਹਾਂ ਪੁੱਤ੍ਰਾਂ ਤੇ ਪੰਜਾਂ ਸੈਨਾਂ-ਪਤੀਆਂ ਨੂੰ ਇਕੋ ਕਬਰ ਵਿਚ ਹੀ ਦਫਨਾਇਆ ਗਿਆ।

ਸਤਿਗੁਰੂ ਜੀ ਤਾਂ *ਯੁੱਧ ਜਿਤ ਕੇ ਜਗਤ-ਉਧਾਰ ਦੇ ਕੰਮ ਵਿਚ ਜੁਟ ਗਏ। ਪਰ ਜਦੋਂ ਇਸ ਯੁੱਧ ਦੀ ਖਬਰ ਦਿੱਲੀ ਪੁੱਜੀ, ਤਾਂ ਬਾਦਸ਼ਾਹ ਸ਼ਾਹਜਹਾਨ ਬਹੁਤ ਨਾਰਜ਼ ਹੋਇਆ ਕਿ ਅਬਦੁੱਲਾ ਖਾਂ ਨੇ ਬਗ਼ੈਰ ਸਾਡੀ ਇਜਾਜ਼ਤ ਤੇ ਪੂਰੀ ਤਿਆਰੀ ਦੇ ਯੁੱਧ ਕਿਉਂ ਕੀਤਾ। ਚੁਨਾਂਚਿ ਬਾਦਸ਼ਾਹ ਨੇ ਹੁਕਮ ਦਿਤਾ ਕਿ ਉਸ ਦੀ ਤਮਾਮ ਜਾਇਦਾਦ ਜ਼ਬਤ ਬਹੱਕ ਸਰਕਾਰ ਕਰ ਲਈ ਜਾਵੇ।

---

*ਮੋਹਸਨ ਫਾਨੀ ਨੇ ਇਕ ਲੜਾਈ ਤੇ ਹੋਰ ਕਈ ਲੜਾਈਆਂ ਨੂੰ ਰਲਾ ਕੇ ਹੀ ਇਕ ਜਗ੍ਹਾ ਤੇ ਇਕੱਠਾ ਜ਼ਿਕਰ ਕਰ ਦਿਤਾ ਹੈ। ਚੁਨਾਂਚਿ ਉਹ ਲਿਖਦਾ ਹੈ, "ਵਾ ਪਸ ਅਜ਼ਾਂ ਬਸਾ ਲਸ਼ਕਰੇ ਗਿਰਾਂ ਸੰਗ ਬਰ ਸਰੇ ਊ ਤਾਖਤੰਦ ਬਾਏਜ਼ਦੀ ਤਾਈਦ ਸਾਲਮ ਬਰੂ ਰਫਤ।" "ਇਸ ਤੋਂ ਪਿਛੋਂ ਕਈ ਵਾਰ ਬੜੇ ਭਾਰੇ ਭਾਰੇ ਲਸ਼ਕਰ ਉਸ ਤੇ ਚੜ੍ਹ ਕੇ ਆਏ, ਪਰ ਉਹ ਰੱਬ ਦੀ ਮੱਦਤ ਕਰਕੇ ਹਰ ਇਕ ਵਿਚੋਂ ਕਾਮਯਾਬ ਨਿਕਲ ਗਿਆ।"

# ਜਪੁਜੀ ਪਾਠ

ਸਤਿਗੁਰਾਂ ਨੇ ਹੁਣ ਸ੍ਰੀ ਹਰ ਗੋਬਿੰਦ ਪੁਰ ਦੀ ਚਾਰ ਦੀਵਾਰੀ ਵਗੈਰਾ ਮੁਕੰਮਲ ਕਰ ਕੇ ਉਸ ਦੀ ਬਕਾਇਦਾ ਚੱਠ ਕੀਤੀ। ਸ੍ਰੀ ਬਾਬਾ ਬੁੱਢਾ ਜੀ, ਭਾਈ ਗੁਰਦਾਸ ਸਾਹਿਬ ਤੇ ਹੋਰ ਮੁਖੀ ਸਿਖਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਬੁਲਾ ਕੇ ਜੋੜ ਮੇਲਾ ਕੀਤਾ ਗਿਆ । ਹੁਣ ਸਦਾ ਵਾਂਗ ਸਤਸੰਗ ਦੇ ਪ੍ਰਵਾਹ ਚੱਲ ਪਏ ਅਤੇ ਦੂਰੋਂ ਦੂਰੋਂ ਸੰਗਤਾਂ ਆ ਕੇ ਦਰਸ਼ਨ ਕਰਨ ਲੱਗੀਆਂ। ਇਹਨਾਂ ਦਿਨਾਂ ਵਿੱਚ ਹੀ ਸੁਭਾਗ ਨਾਮੀਂ ਪੋਠੋਹਾਰ ਦਾ ਸਿਖ ਸਤਿਗੁਰਾਂ ਦੀ ਭੇਟ ਹਿਤ ਪੰਜ ਖ਼ੂਬਸੂਰਤ ਅਰਬੀ ਘੋੜੇ ਲਿਆਇਆ । ਸਤਿਗੁਰਾਂ ਨੇ ਉਹਨਾਂ ਵਿਚੋਂ ਇਕ ਆਪਣੇ ਸਾਹਿਬਜ਼ਾਦੇ ਗੁਰਦਿਤਾ ਜੀ ਨੂੰ, ਇਕ ਸੂਰਜ ਮੱਲ ਨੂੰ ਅਤੇ ਇਕ ਭਾਈ ਖਿਧੀ ਚੰਦ ਜੀ ਨੂੰ ਬਖ਼ਸ਼ਿਆ। ਦੋ ਆਪਣੀ ਸਵਾਰੀ ਹਿਤ ਰਖੇ, ਜਿਨ੍ਹਾਂ ਵਿਚੋਂ ਚੀਨਾ ਬਹੁਤ ਖ਼ੂਬਸੂਰਤ ਸੀ ।

ਇਕ ਦਿਨ ਸਤਿਗੁਰੂ ਦੀਵਾਨ ਵਿਚ ਬੈਠੇ ਸਨ ਅਤੇ ਗੁਰਬਾਣੀ ਪਾਠ ਦੇ ਮਹਾਤਮ ਉਤੇ ਗੱਲ ਬਾਤ ਹੋ ਰਹੀ ਸੀ। ਮਹਾਰਾਜ ਸੰਗਤ ਨੂੰ ਉਪਦੇਸ਼ ਕਰ ਰਹੇ ਸਨ ਕਿ ਗੁਰਬਾਣੀ ਦਾ ਪਾਠ ਕੀਤਿਆਂ ਹੀ ਮਾਨਸਿਕ ਪਵਿਤ੍ਰਤਾ ਪ੍ਰਾਪਤ ਹੋ ਸਕਦੀ ਹੈ ਅਤੇ ਪ੍ਰੇਮ ਸਹਿਤ ਪਾਠ ਕਰਨ ਵਾਲੇ ਤੇ ਸਾਡੀਆਂ ਖ਼ੁਸ਼ੀਆਂ ਹੁੰਦੀਆਂ ਹਨ। ਇਸ ਗੱਲ ਬਾਤ ਵਿਚ ਹੀ ਸਤਿਗੁਰਾਂ ਨੇ ਫਰਮਾਇਆ, "ਇਤਨੀ ਭਰੀ ਸੰਗਤ ਦੇ ਦੀਵਾਨ ਵਿਚੋਂ ਕੋਈ ਐਸਾ ਪ੍ਰੇਮੀ ਹੈ, ਜੋ ਸਾਨੂੰ ਇਕ ਮਨ ਹੋ ਸ੍ਰੀ 'ਜਪੁਜੀ

ਸਾਹਿਬ ਜੀ' ਦਾ ਸ਼ੁਧ ਪਾਠ ਸੁਣਾਵੇ'', ਤਾਂ ਹਾਫ਼ਜ਼ਾਬਾਦ ਦਾ ਰਹਿਣ ਵਾਲਾ ਭਾਈ ਗੁਪਾਲਾ ਸਾਹਮਣੇ ਆਇਆ ਤੇ ਬੇਨਤੀ ਕਰਨ ਲੱਗਾ, ''ਜੇ ਆਗਿਆ ਹੋਏ, ਤਾਂ ਇਹ ਦਾਸ ਪਾਠ ਸੁਣਾਨ ਲਈ ਹਾਜ਼ਰ ਹੈ।'' ਸਤਿਗੁਰਾਂ ਨੇ ਉਚੇ ਆਸਨ ਤੇ ਬਿਠਾ, ਭਾਈ ਗੁਪਾਲੇ ਨੂੰ ਪਾਠ ਸੁਣਾਨ ਦੀ ਆਗਿਆ ਕੀਤੀ। ਭਾਈ ਸਾਹਿਬ ਨੇ ਪਾਠ ਐਸੀ ਇਕਾਗਰਤਾ ਤੇ ਮਿੱਠੀ ਧੁਨੀ ਵਿਚ ਸ਼ੁਰੂ ਕੀਤਾ ਕਿ ਸੰਗਤ ਵਿਚ ਇਕ ਰਸ ਦਾ ਹੁਲਾਰਾ ਆ ਗਿਆ। ਸਭ ਪਾਸੇ ਚੁਪ ਸ਼ਾਂਤ ਵਰਤ ਗਈ। ਸਤਿਗੁਰੂ ਗ਼ਰੀਬ-ਨਿਵਾਜ਼ ਭੀ ਰਸ ਸਮਾਧੀ ਵਿਚ ਇਸਥਿਤ ਹੋ ਗਏ। ਪਰ ਜਿਉਂ ਜਿਉਂ ਭਾਈ ਗੁਪਾਲਾ ਪਾਠ ਕਰੀ ਜਾਏ, ਹਜ਼ੂਰ ਆਪਣੇ ਪਲੰਘ ਤੇ ਬੈਠੇ ਪੁਆਂਦੀ ਵੱਲ ਸਰਕਦੇ ਜਾਣ, ਇਥੋਂ ਤੱਕ ਕਿ ਬਿਲਕੁਲ ਪੈਂਦ ਦੇ ਸਿਰੇ ਤੇ ਪਹੁੰਚ ਗਏ। ਇਤਨੇ ਨੂੰ ਭਾਈ ਗੁਪਾਲੇ ਨੇ ਪਾਠ ਦਾ ਭੋਗ ਪਾ, ਮੱਥਾ ਟੇਕ ਦਿਤਾ। ਸਾਰੀ ਸੰਗਤ ਤੇ ਸਤਿਗੁਰਾਂ ਨੂੰ ਭੀ ਮਰਯਾਦਾ ਪੂਰਬਕ ਨਮਸਕਾਰ ਕੀਤੀ ਤੇ ਫਿਰ ਸਤਿਗੁਰੂ ਆਪਣੇ ਪਲੰਘ ਤੇ ਟਿਕਕੇ ਸੇਵਕ ਨੂੰ ਬੋਲੇ, ''ਜਾਓ ਅਸਤਬਲ ਵਿਚੋਂ ਭਾਈ ਸੁਭਾਗ ਦੇ ਲਿਆਂਦੇ ਹੋਏ ਚੀਨੇ ਘੋੜੇ ਤੇ ਕਾਠੀ ਪਾ ਲਿਆਓ।'' ਜਦ ਸਿਖ ਘੋੜਾ ਲੈ ਆਇਆ, ਤਾਂ ਸਤਿਗੁਰਾਂ ਨੇ ਭਾਈ ਗੁਪਾਲੇ ਨੂੰ ਵਾਗ ਫੜਾ ਦੇਣ ਦਾ ਹੁਕਮ ਦੇਂਦਿਆਂ ਹੋਇਆਂ ਕਿਹਾ, ''ਲੈ ਭਾਈ ਗੁਪਾਲਾ, ਤੇਰੀ ਇਛਾ ਅਨੁਸਾਰ ਘੋੜਾ ਹਾਜ਼ਰ ਹੈ। ਲੈ ਤਾਂ ਗੁਰਿਆਈ ਹੀ ਗਿਆ ਸੈਂ, ਪਰ ਤੇਰੀ ਤਕਦੀਰ। ਆਖ਼ਰੀ ਪੌੜੀ ਤੇ ਆ ਕੇ ਚੀਨੇ ਦਾ ਸੰਕਲਪ ਕਰ ਬੈਠੋਂ। ਸਭ ਨੇ ਦੇਖਿਆ ਹੈ ਕਿ ਜਦ ਤੂੰ ਪਾਠ ਕਰ ਰਿਹਾ ਸੈਂ, ਅਸੀਂ ਆਪਣੇ

ਪਲੰਘ ਤੋਂ ਸਰਕਦੇ ਜਾ ਰਹੇ ਸਾਂ ਤੇ, ਜੇ ਕਿਤੇ ਇਕ ਮਨ ਸੰਕਲਪ ਰਹਿਤ ਪਾਠ ਪੂਰਾ ਕਰ ਦੇਂਦੋਂ, ਤਾਂ ਗੁਰਿਆਈ ਦਾ ਹੱਕਦਾਰ ਸੰ। ਅਸਾਂ ਹੁਣੇ ਦੇ ਦੇਣੀ ਸੀ। ਪਰ ਤੈਂ ਅਖ਼ੀਰ ਤੇ ਆ ਘੋੜਾ ਲੈਣ ਦਾ ਸੰਕਲਪ ਕਰ, ਰਸ ਨੂੰ ਮਾਇਆ ਤੋਂ ਵਟਾ ਲਿਆ। ਸੋ ਭਾਈ, ਆਹ ਲੈ ਘੋੜਾ ਤੇ ਗੁਰ ਗੱਦੀ ਸਮੇਂ ਸਿਰ ਹੱਕਦਾਰ ਨੂੰ ਆਪੇ ਮਿਲ ਜਾਵੇਗੀ।"

ਜਦ ਸੰਗਤਾਂ ਦੇ ਪੁਛਣ ਤੇ ਭਾਈ ਗੁਪਾਲੇ ਨੇ ਆਪਣੀ ਮਾਨਸਿਕ ਅਵਸਥਾ ਦਾ ਏਦਾਂ ਹੀ ਬੀਤਿਆ ਹਾਲ ਸੁਣਾਇਆ, ਤਾਂ ਸੰਗਤਾਂ ਨੇ 'ਧੰਨ ਸਤਿਗੁਰੂ!' ਕਹਿ ਸੀਸ ਝੁਕਾਇ ਅਤੇ ਪ੍ਰੇਮੀਆਂ ਦੇ ਹਿਰਦੇ ਵਿਚ ਇਕ ਮਨ ਹੋ ਗੁਰਬਾਣੀ ਦੇ ਪਾਠ ਕਰਨ ਦੇ ਉਤਸ਼ਾਹ ਹੋਰ ਵੀ ਵਧੇ।

## ਜਾਨੀ ਨੂੰ ਜਾਨੀ

ਸਤਿਗੁਰੂ ਹੁਣ ਸਾਰਾ ਸਮਾਂ ਨਾਮ ਦਾਨ ਦੇਣ ਵਿਚ ਬਿਤਾ ਰਹੇ ਸਨ। ਸੁਭਾਗ ਅਧਿਕਾਰੀ ਦੂਰ ਦੂਰ ਦੇਸ਼ਾਂ ਤੋਂ ਪਹੁੰਚ, ਜੀਵਨ-ਕਣੀ ਪ੍ਰਾਪਤ ਕਰ ਰਹੇ ਸਨ। ਇਹ ਰੂਹਾਨੀ ਦਾਤਾਂ ਬਿਨਾਂ ਜ਼ਾਤ ਪਾਤ ਦੇ ਵਿਤਕਰੇ ਅਤੇ ਦੀਨ ਮਜ਼ਹਬ ਦੇ ਭੇਤ ਦੇ ਅਧਿਕਾਰੀ ਮਨੁੱਖ ਮਾਤਰ ਨੂੰ ਬਖ਼ਸ਼ੀਆਂ ਜਾ ਰਹੀਆਂ ਸਨ। ਇਸ ਸਮੇਂ ਜੋ ਵਰੋਸਾਏ ਗਏ, ਉਹਨਾਂ ਵਿਚੋਂ ਉੱਘੇ ਉੱਘੇ ਗੁਰਸਿਖਾਂ ਵਿਚੋਂ ਕਈ ਮੁਸਲਮਾਨ ਭੀ ਸਨ। ਪਹਿਲਾਂ ਤਾਂ ਸਤਿਗੁਰਾਂ ਦੀ ਮੇਹਰ ਖਾਜਾ ਰੋਸ਼ਨ ਕਸ਼ਮੀਰੀ ਤੇ ਹੋਈ। ਇਹ ਕਈ ਚਿਰਾਂ ਤੋਂ ਸਤਿਗੁਰਾਂ ਦੇ ਸਤਸੰਗ ਵਿਚ ਸੀ ਤੇ ਓੜਕ ਸਤਿਗੁਰਾਂ ਨੇ ਉਸ ਦੀ ਘਾਲ ਤੇ ਪ੍ਰਸੰਨ ਹੋ, ਉਸ ਨੂੰ

ਨਾਮ ਦਾਨ ਬਖ਼ਸ਼ਿਆ ਤੇ ਉਹ ਪੂਰਨ ਪੁਰਖ ਹੋਇਆ । ਅੱਜ ਤੱਕ ਉਸ ਦੀ ਕਬਰ ਫਲੌਰ ਪਰਗਣੇ ਦੇ ਮਿਓ ਪਿੰਡ ਵਿਚ ਹੈ ਤੇ ਲੋਗ ਉਸ ਨੂੰ 'ਵਲੀ ਅੱਲਾ' ਸਮਝ ਕੇ ਉਸ ਦੀ ਮਿਜ਼ਾਰ ਨੂੰ ਪੂਜਦੇ ਹਨ ।

ਜਿਨ੍ਹਾਂ ਦਿਨਾਂ ਵਿਚ ਖ਼ਾਜਾ ਰੌਸ਼ਨ ਗੁਰ ਸ਼ਬਦ ਦੀ ਜੋਤੀ ਤੋਂ ਛੋਹ ਲੈ, ਸੱਚੀ ਮੁਚੀਂ ਰੌਸ਼ਨ ਹੋ, ਪਿਰਮ ਰਸ ਦਾ ਪਿਆਲਾ ਪੀ, ਮਸਤ ਹੋ ਰੂਹਾਨੀ ਪੀਂਘਾਂ ਚੜ੍ਹਾ ਰਿਹਾ ਸੀ, ਤਾਂ ਉਸ ਦੇ ਕੋਲ ਮੁਸਲਮਾਨਾਂ ਦੀ ਆਮ ਆਵਾ-ਜਾਈ ਹੋਣ ਕਰ ਕੇ ਸੱਯਦ ਜਾਨੀ ਸ਼ਾਹ ਦਰਵੇਸ਼ ਨੂੰ ਭੀ ਰੰਗ ਲੱਗਾ। ਜਾਂ ਉਸ ਨੇ ਰੌਸ਼ਨ ਸ਼ਾਹ ਕੋਲੋਂ ਰੌਸ਼ਨੀ ਮੰਗੀ, ਤਾਂ ਖ਼ਾਜੇ ਨੇ ਕਿਹਾ, "ਛੱਪੜੀ ਛੱਪੜੀ ਨਾ ਫਿਰ, ਸਾਗਰ ਵਿਚ ਚੁੱਭੀ ਮਾਰ ।" ਜਾਨੀ ਸ਼ਾਹ ਸਮਝ ਗਿਆ ਕਿ ਰੌਸ਼ਨ ਦਾ ਇਸ਼ਾਰਾ ਆਪਣੇ ਮੁਰਸ਼ਦ ਦੇ ਚਰਨਾਂ ਵੱਲ ਹੈ । ਚੁਨਾਂਚਿ ਉਹ ਸਤਿਗੁਰਾਂ ਦੇ ਦਰਬਾਰ ਵਿਚ ਆਇਆ ਅਤੇ ਸਾਹਮਣੇ ਖੁਲ੍ਹੀ ਥਾਂ ਤੇ ਧੂਣਾ ਰਮਾ ਕੇ ਬੈਠ ਗਿਆ । ਉਸ ਨੇ ਸੂਫ਼ੀ ਸੰਤਾਂ ਦੀ ਮਸਤ ਮਰਯਾਦਾ ਵਾਂਗ ਇਹ ਸਦਾ ਲਾਉਣੀ ਸ਼ੁਰੂ ਕਰ ਦਿਤੀ, 'ਜਾਨੀ ਕੋ ਜਾਨੀ ਮਿਲਾ ਦੋ—ਬਾਬਾ—ਜਾਨੀ ਕੋ ਜਾਨੀ ਦਿਖਾ ਦੋ !' ਸਤਿਗੁਰਾਂ ਨੇ ਉਸ ਦਾ ਰਵਈਆ ਮਲੰਗਾਂ ਵਾਲਾ ਦੇਖ, ਉਸ ਦਾ ਸਿਦਕ ਪ੍ਰਖਣ ਲਈ ਆਪ ਤੇ ਉਸ ਦੇ ਨਾਲ ਗੱਲ ਬਾਤ ਕੋਈ ਨਾ ਕੀਤੀ, ਪਰ ਸੇਵਕਾਂ ਨੂੰ ਹੁਕਮ ਦੇ, ਸੁੰਦਰ ਪਦਾਰਥ ਉਸ ਦੇ ਕੋਲ ਭਜਵਾਣੇ ਸ਼ੁਰੂ ਕਰ ਦਿਤੇ। ਜਾਨੀ ਸ਼ਾਹ ਨੇ ਬੜੀ ਉਪਰਾਮਤਾ ਦਿਖਾਂਦਿਆਂ ਹੋਇਆਂ ਸਤਿਗੁਰਾਂ ਕੋਲੋਂ ਨਾਮ ਦਾਨ ਹੀ ਮੰਗਿਆ । ਆਖ਼ਰ ਮਹਾਰਾਜ ਨੇ

ਪ੍ਰਸੰਨ ਹੋ ਉਸ ਨੂੰ ਭੀ ਨਿਹਾਲ ਕੀਤਾ।

ਇਹਨਾਂ ਦਿਨਾਂ ਵਿਚ ਹੀ ਕਸ਼ਮੀਰ ਦੀ ਸੰਗਤ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਈ ਤੇ ਬੇਨਤੀ ਕੀਤੀ, "ਕੋਈ ਗੁਰਮੁਖ ਪ੍ਰਚਾਰ ਹਿਤ ਕਸ਼ਮੀਰ ਵਿਚ ਹੋਰ ਘੱਲੇ ਜਾਣ।" ਕਿਉਂਕਿ ਪ੍ਰਚਾਰ ਦਾ ਹਲਕਾ ਓਥੇ ਜ਼ਿਆਦਾ ਵਧ ਚੁਕਾ ਸੀ, ਸਤਿਗੁਰਾਂ ਨੇ ਸੰਗਤ ਦੀ ਅਰਦਾਸ ਮੰਨ, ਭਾਈ ਘੜੀਆ ਸਾਹਿਬ ਨੂੰ ਕਸ਼ਮੀਰ ਦੇ ਪ੍ਰਚਾਰ ਦਾ ਕੰਮ ਸਪੁਰਦ ਕੀਤਾ। ਇਹਨਾਂ ਦਿਨਾਂ ਵਿਚ ਹੀ ਵਟਾਲੇ ਵਾਲੇ ਪੰਡਤ ਨਿਤਾਨੰਦ ਨੂੰ ਗੁਰਮਤ ਗਿਆਨ ਬੋਧ ਹੋਇਆ। ਉਸ ਨੇ ਸਤਿਗੁਰਾਂ ਦੇ ਦਰਬਾਰ ਵਿਚ ਆਗਿਆ ਮੰਗ, ਗਰੜ ਪ੍ਰਾਨ ਦੀ ਕਥਾ ਆਣ ਸੁਣਾਈ ਸੀ। ਜਦੋਂ ਉਸ ਨੇ ਇਹ ਪ੍ਰਸੰਗ ਸੁਣਾਇਆ ਕਿ ਰੂਹਾਂ ਨੂੰ ਕੁੰਭੀ ਨਰਕ ਦਾ ਦੁਖ ਸਾਗਰ ਵਰ੍ਹੇ ਵਿਚ ਲੰਘਣਾ ਪਏਗਾ, ਜਿਸ ਵਿਚ ਬੜੇ ਬੜੇ ਕਸ਼ਟ ਹੋਣਗੇ, ਤਾਂ ਭਾਈ ਸੁੰਦਰ ਨਾਮੀ ਇਕ ਸਿਖ ਨੇ ਮਸਤੀ ਵਿਚ ਉੱਠ ਕੇ ਕਿਹਾ, "ਗੁਰੂ ਕੇ ਸਿਖ ਇਹ ਬਾਰ੍ਹਾਂ ਮਹੀਨਿਆਂ ਦਾ ਪੈਂਡਾ ਬਾਰ੍ਹਾਂ ਘੜੀਆਂ ਵਿਚ ਪੂਰਾ ਕਰਨਗੇ।" ਤਾਂ ਭਾਈ ਮੰਝ ਨੇ ਕਿਹਾ, "ਬਾਰ੍ਹਾਂ ਘੜੀਆਂ ਦੀ ਕੀ ਗਲ ਹੈ, ਗੁਰੂ ਚਾਹੇ ਤਾਂ ਇਕ ਘੜੀ ਵਿਚ।" ਇਹ ਸੁਣ ਭਾਈ ਨਿਹਾਲਾ ਬੋਲਿਆ, "ਮਿਤਰੋ, ਪਹਿਰਾਂ ਤੇ ਘੜੀਆਂ ਦੀ ਗਲ ਛੱਡੋ। ਗੁਰੂ ਦੀ ਮੇਹਰ ਨਾਲ ਸਿਖ ਨੇ ਓਸ ਪੈਂਡੇ ਹੀ ਨਹੀਂ ਪੈਣਾ, ਜਿਸ ਰਾਹ ਵਿਚ ਕਸ਼ਟ ਆਉਂਦੇ ਹਨ। ਸਿਖ ਨੇ ਗੁਰਪੁਰੀ ਨੂੰ ਜਾਣਾ ਹੈ। ਉਸ ਰਾਹ ਵਿਚ ਹੈਨ ਹੀ ਖੁਸ਼ੀਆਂ।"

ਇਹ ਸੁਣ ਸਤਿਗੁਰਾਂ ਫਰਮਾਇਆ, "ਧੰਨ ਭਾਈ

ਨਿਹਾਲਾ ! ਜਿਸ ਨੇ ਗੁਰਮਤ ਸਮਝੀ ਤੇ ਪ੍ਰਕਾਸ਼ੀ ਹੈ। ਜਿਸ ਮਾਰਗ ਦਾ ਕਥਨ ਪੁਰਾਨ ਵਿਚ ਆਇਆ ਹੈ, ਗੁਰਸਿੱਖਾਂ ਦਾ ਉਹ ਰਾਹ ਨਹੀਂ। 'ਜੈਂਹ ਪੈਂਡੇ ਲੂਟੀ ਪਨਹਾਰੀ। ਮਾਰਗ ਸੰਤਨ ਦੂਰਾਰੀ।' ਮਾਰਾਂ ਦੇ ਪੰਡੇ ਤੋਂ ਸੰਤਾਂ ਦੂਰ ਦੂਰ ਲੰਘ ਜਾਣਾ ਹੈ। ਜਿਨ੍ਹਾਂ ਸਤਿਗੁਰੂ ਪਾਇਆ ਹੈ, ਓਹਨਾਂ ਨੂੰ ਅਨੰਦ ਹੋਇਆ ਹੈ। 'ਹਰਖ ਅਨੰਦ ਸੋਗ ਨਹੀਂ ਬੀਆ। ਸੋ ਘਰ ਗੁਰੂ ਨਾਨਕ ਕੋ ਦੀਆ।' ਕਿੱਤੇ ਬਾਹਮਣ ਨੂੰ ਸਿਖਾਂ ਦੀ ਵਾਰਤਾ ਅਤੇ ਸਤਿਗੁਰਾਂ ਦੇ ਬਚਨ ਸੁਣ ਸ਼ਾਂਤੀ ਪ੍ਰਾਪਤ ਹੋਈ ਤੇ ਉਹ ਪੁਰਾਨਕ ਮੱਤ ਛੱਡ, ਪੂਰਨ ਮੱਤ ਨੂੰ ਪ੍ਰਾਪਤ ਹੋ, ਗੁਰੂ ਕਾ ਸਿਖ ਹੋਇਆ। ਇਹਨਾਂ ਦਿਨਾਂ ਵਿਚ ਹੀ ਭਗਵਾਨ ਦਾਸ ਗੁਮਟਾਲੀਆ, ਨਰੈਣ ਦਾਸ ਪੰਡੋਰੀ ਵਾਲਾ, ਲਾਲ ਦਾਸ ਧਿਆਨ ਪੁਰੀਆ ਅਤੇ ਓਹਨਾਂ ਦੇ ਹੋਰ ਕਈ ਸਾਥੀ ਪੁਰਾਨਕ ਵੈਰਾਗ ਅਤੇ ਜੋਗ ਦੇ ਮਤੇ ਤੋਂ ਲੰਘ, ਗੁਰੂ ਕੇ ਸਿਖ ਬਣੇ।

## ਰਮਦਾਸ ਗਮਨ

ਇਹਨਾਂ ਦਿਨਾਂ ਵਿਚ ਹੀ ਖਬਰ ਆਈ ਕਿ ਬਾਬਾ ਬੁੱਢਾ ਜੀ, ਜੋ ਕੁਝ ਸਮੇਂ ਤੋਂ ਬੀੜ ਸਾਹਿਬੋਂ ਆਪਣੀ ਜਨਮ-ਭੂਮੀ ਰਮਦਾਸ ਵਿਚ ਜਾ ਟਿਕੇ ਸਨ, ਚੋਲਾ ਛੱਡਣ ਲੱਗੇ ਹਨ, ਤਾਂ ਸਤਿਗੁਰੂ ਸੁਣਦਿਆਂ ਹੀ ਤਿਆਰ ਹੋ ਗਏ ਤੇ ਭਾਈ ਗੁਰਦਾਸ ਸਾਹਿਬ ਜੀ ਅਤੇ ਕਈ ਹੋਰ ਸਿਦਕੀਆਂ ਨੂੰ ਨਾਲ ਲੈ ਕੇ ਰਮਦਾਸ ਜਾ ਪੁੱਜੇ। ਸਤਿਗੁਰੂ ਦੇ ਅਪੜਨ ਦੀ ਖ਼ਬਰ ਸੁਣ, ਬਾਬਾ ਬੁੱਢਾ ਜੀ ਦਰਸ਼ਨਾਂ ਹਿੱਤ ਅੱਗੋਂ ਆ ਮਿਲੇ ਤੇ

ਸਤਿਗੁਰਾਂ ਦੇ ਚਰਨ ਪਰਸ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰਾਂ ਡੇਰੇ ਕਰ ਦਿਤੇ, ਤੇ ਪਰਸਪਰ ਗੁਰਮਤ ਵਿਚਾਰ ਹੋਣ ਲੱਗ ਪਈ। ਬਾਬੇ ਬੁੱਢੇ ਜੀ ਨੇ ਕਿਹਾ, "ਆਪ ਗਿਆਨ ਸੂਰਜ ਹੋ, ਜਿਸ ਦੀਆਂ ਕਿਰਨਾਂ ਨਾਲ ਮੈਂ ਵਰਗੇ ਕਈ ਬੂਟੇ ਜੀਵਨ ਦਾਨ ਲੈਂਦੇ ਹਨ। ਤੁਸਾਂ ਛੇਆਂ ਹੀ ਜਾਮਿਆਂ ਵਿਚ ਮੇਰੇ ਤੇ ਕਿਰਪਾ ਦ੍ਰਿਸ਼ਟ ਰੱਖੀ ਹੈ। ਹੁਣ ਮੈਂ ਇਸ ਖਲੜੇ ਨੂੰ ਤਿਆਗਣ ਲੱਗਾ ਹਾਂ। ਮੇਰੀ ਇਹ ਅੰਤਮ ਇੱਛਾ ਹੈ ਕਿ ਆਪ ਮੇਰੇ ਅੰਗ ਸੰਗ ਰਹੋ।"

ਭਾਵੇਂ ਸਤਿਗੁਰੂ ਗ਼ਰੀਬ-ਨਿਵਾਜ਼ ਬੁੱਢਾ ਜੀ ਦਾ ਸਦਾ ਹੀ ਬੜਾ ਸਤਿਕਾਰ ਕਰਦੇ ਸਨ, ਪਰ ਓਹਨਾਂ ਦੇ ਗੁਰ-ਸਿਖੀ ਮਰਯਾਦਾ ਨੂੰ ਕਾਇਮ ਰਖਦਿਆਂ ਹੋਇਆਂ ਸਨਿਮਰ ਬਿਨੈ ਕਰਨ ਤੇ ਹੋਰ ਭੀ ਪਰਸੰਨ ਹੋਏ ਤੇ ਫਰਮਾਣ ਲੱਗੇ, "ਗੁਰੂ ਤੁਹਾਡੇ ਸਦਾ ਹੀ ਅੰਗ ਸੰਗ ਹੈ।" ਇਹ ਕਹਿੰਦਿਆਂ ਹੋਇਆਂ ਸਤਿਗੁਰਾਂ ਨੇ ਬਾਬਾ ਜੀ ਦੇ ਮਸਤਕ ਤੇ ਹਥ ਰੱਖਿਆ। ਅਗਲੀ ਸਵੇਰੇ ਹੀ ਬਾਬਾ ਬੁੱਢਾ ਜੀ ਨੇ ਉਠ ਕੇ ਅਸ਼ਨਾਨ ਕੀਤਾ; ਦੀਵਾਨ ਵਿਚ ਸਜ ਗਏ; ਰਬਾਬੀਆਂ ਨੇ ਕੀਰਤਨ ਸ਼ੁਰੂ ਕੀਤਾ ਅਤੇ ਬਾਬਾ ਬੁੱਢਾ ਜੀ ਕੀਰਤਨ ਸੁਣਦੇ ਸੁਣਦੇ ਹੀ ਨਿਜ ਅਨੰਦ ਵਿਚ ਸਮਾ ਗਏ। ਸਤਿਗੁਰਾਂ ਨੇ ਸੰਗਤ ਸਮੇਤ ਆਪ ਬਾਬਾ ਜੀ ਦਾ ਅੰਤਮ ਸੰਸਕਾਰ ਕੀਤਾ ਅਤੇ ਗੁਰਬਾਣੀ ਦਾ ਪਾਠ ਰੱਖਵਾ, ਭੋਗ ਦੇ ਸਮੇਂ ਫਿਰ ਰਮਦਾਸ ਆ ਜਾਣ ਦਾ ਬਚਨ ਕਰ ਕੇ ਪ੍ਰਚਾਰ ਹਿਤ ਲਾਗੇ ਲਾਰੇ ਦਾ ਦੌਰਾ ਆਰੰਭ ਦਿਤਾ। ਪਹਿਲਾਂ ਤਾਂ ਰਾਵੀ ਪਾਰ ਕਰ, ਸ੍ਰੀ ਕਰਤਾਰਪੁਰ ਸਾਹਿਬ ਜਾ ਡੇਰਾ ਕੀਤਾ।

ਗੁਰਦਵਾਰਿਆਂ ਦੇ ਦਰਸ਼ਨ ਪੂਜਾ ਕਰ, ਉਰਾਰ ਡੇਰਾ ਬਾਬਾ ਨਾਨਕ ਸਾਹਿਬ ਆ ਉਤਰੇ। ਏਥੇ ਬਾਬਾ ਧਰਮ ਚੰਦ ਜੀ ਨੇ (ਜੋ ਗੁਰੂ ਨਾਨਕ ਸਾਹਿਬ ਦੇ ਪੋਤਰੇ ਸਨ) ਸੰਗਤ ਸਮੇਤ ਸਤਿਗੁਰਾਂ ਦੀ ਆਓ-ਭਗਤ ਕੀਤੀ। ਸਤਿਗੁਰਾਂ ਨੇ ਡੇਰੇ ਸਾਹਿਬ ਕੜਾਹ ਪ੍ਰਸ਼ਾਦਿ ਕਰਾ, ਮੱਥਾ ਟੇਕਿਆ। ਧਰਮ ਚੰਦ ਜੀ ਦੇ ਸਪੁੱਤ੍ਰਾਂ ਅਤੇ ਹੋਰ ਬੇਦੀ ਸਾਹਿਬਾਨ ਨੂੰ ਸਰੋਪਾਉ ਬਖਸ਼ੇ ਅਤੇ ਅਗਲੇ ਦਿਨ ਧਰਮ ਚੰਦ ਜੀ ਨੂੰ ਨਾਲ ਲੈ, ਬਾਬਾ ਸ੍ਰੀ ਚੰਦ ਜੀ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੜੇ ਸਪੁੱਤ੍ਰ ਤੇ ਹੁਣ ਮਹਾਂ ਰਿਸ਼ੀ ਬਿਰਧ ਸਨ, ਜਾ ਮਿਲੇ। ਸਤਿਗੁਰਾਂ ਨੇ ਬਜ਼ੁਰਗ ਸ੍ਰੀ ਚੰਦ ਜੀ ਦਾ ਬੜਾ ਮਾਨ ਕੀਤਾ ਅਤੇ ਬਾਬਾ ਸ੍ਰੀ ਚੰਦ ਨੇ ਭੀ ਬੜੇ ਸਤਿਕਾਰ ਅਤੇ ਪ੍ਰੇਮ ਨਾਲ ਸਤਿਗੁਰਾਂ ਨਾਲ ਬਚਨ ਬਿਲਾਸ ਕੀਤੇ ਅਤੇ ਉਹ ਧਰਮ ਯੁਧਾਂ ਦੇ ਪ੍ਰਸੰਗ ਸੁਣ ਬੜੇ ਪ੍ਰਸੰਨ ਹੋਏ।

ਸਤਿਗੁਰੂ ਤਿੰਨ ਦਿਨ ਡੇਰਾ ਬਾਬਾ ਨਾਨਕ ਰਹੇ। ਇਤਨੇ ਨੂੰ ਬਾਬਾ ਬੁੱਢਾ ਜੀ ਦੇ ਦੁਸਹਿਰੇ ਦਾ ਵਕਤ ਆ ਪੁੱਜਾ ਅਤੇ ਸਤਿਗੁਰੂ ਪਾਠ ਦੇ ਭੋਗ ਸਮੇਂ ਰਮਦਾਸ ਆ ਪੁੱਜੇ। ਸਾਹਿਬਾਂ ਨੇ ਬਾਬਾ ਜੀ ਦੇ ਪੋਤਰੇ ਭਾਈ ਭਾਨੇ ਨੂੰ ਦਸਤਾਰ ਬੰਨ੍ਹਾਈ ਅਤੇ ਨਾਮ ਦਾਨ ਬਖ਼ਸ਼ ਬਾਬਾ ਜੀ ਦੀ ਥਾਂ ਥਾਪਿਆ।

## ਸ੍ਰੀ ਅੰਮ੍ਰਿਤਸਰ ਨਿਵਾਸ

ਹੁਣ ਦੀਵਾਲੀ ਦਾ ਮੇਲਾ ਨੇੜੇ ਆ ਗਿਆ ਸੀ। ਸੰਗਤਾਂ ਨੇ ਭੀ ਬਿਨੈ ਕੀਤੀ, "ਆਪ ਨੂੰ ਸ੍ਰੀ ਅੰਮ੍ਰਿਤਸਰੋਂ ਆਇਆਂ ਦੇਰ ਹੋ ਗਈ ਹੈ।" ਸੋ ਸਤਿਗੁਰੂ ਜੀ ਵਹੀਰ ਸਮੇਤ

ਸ੍ਰੀ ਅੰਮ੍ਰਿਤਸਰ ਸਾਹਿਬ ਆ ਬਿਰਾਜੇ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕ, ਕੜਾਹ ਪ੍ਰਸ਼ਾਦਿ ਕਰਾ ਮਹਿਲਾਂ ਵਿਚ ਟਿਕੇ। ਹੁਣ ਸਤਿਗੁਰਾਂ ਨੇ ਸਤਿਸੰਗ ਦੀ ਕਾਰ ਸਦਾ ਅਰੰਭ ਦਿਤੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਵਾਨ ਲਗਾਏ ਅਤੇ ਸੰਗਤਾਂ ਵਿਚ ਬੀਰ ਰਸ ਦਾ ਪ੍ਰਚਾਰ ਆਰੰਭ ਕਰ ਦਿਤਾ। ਅੰਮ੍ਰਿਤ ਵੇਲੇ ਤਾਂ ਸ੍ਰੀ ਹਰਿਮੰਦਰ ਸਾਹਿਬ ਦੀਵਾਨ ਲਗਦੇ ਅਤੇ ਕੀਰਤਨ ਹੁੰਦੇ ਪਰ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਲਗਦੇ ਅਤੇ ਢਾਢੀ ਸੂਰਮਿਆਂ ਦੀਆਂ ਵਾਰਾਂ ਗਾ ਗਾ ਬੀਰ ਰਸ ਦਾ ਪ੍ਰਚਾਰ ਕਰਦੇ। ਇਹਨਾਂ ਦਿਨਾਂ ਵਿਚ ਹੀ ਸਤਿਗੁਰਾਂ ਨੇ ਆਪਣੀਆਂ ਫ਼ੌਜਾਂ ਨੂੰ ਤੇ ਪੈਂਦੇ ਖ਼ਾਂ ਨੂੰ ਭੀ ਅੰਮ੍ਰਿਤਸਰ ਹੀ ਬੁਲਾ ਲਿਆ। ਪੈਂਦੇ ਖ਼ਾਂ ਨੇ ਸਤਿਗੁਰਾਂ ਕੋਲ ਇਸ ਗਲ ਉੱਤੇ ਅਫਸੋਸ ਪ੍ਰਗਟ ਕੀਤਾ ਕਿ ਉਹ ਹਰ ਗੋਬਿੰਦਪੁਰ ਵਾਲੇ ਯੁੱਧ ਵਿਚ ਸ਼ਾਮਲ ਨਹੀਂ ਹੋ ਸਕਿਆ। ਪੈਂਦੇ ਖ਼ਾਂ ਹੁਣ ਅੰਮ੍ਰਿਤਸਰ ਵਿਚ ਨਿਵਾਸ ਰੱਖਦਾ ਸੀ। ਭਾਵੇਂ ਉਹ ਤੇ ਪੁਰਾਣਾ ਸੰਗਤਾਂ ਵਿਚ ਵਾਸ ਕਰਨ ਵਾਲਾ ਸੀ, ਪਰ ਉਸ ਦੀ ਇਸਤ੍ਰੀ ਅਤੇ ਲੜਕੀ ਦੇ ਸੰਸਕਾਰ ਸਿੱਖਾਂ ਵਾਲੇ ਨਾ ਹੋਣ ਕਰ ਕੇ ਉਸ ਦੀ ਕੰਨਿਆ ਕਈ ਵੇਰ ਸੰਗਤਾਂ ਦੀ ਸ਼ਾਨ ਵਿਚ ਨਿਰਾਦਰ ਭਰੇ ਬਚਨ ਕਹਿ ਦੇਂਦੀ ਸੀ। ਇਕ ਦਿਨ ਭਾਈ ਜੇਠਾ ਜੀ ਦੇ ਸ਼ਕਾਇਤ ਕਰਨ ਉਤੇ ਸਤਿਗੁਰਾਂ ਫ਼ਰਮਾਇਆ, "ਤੁਸੀਂ ਸ਼ਾਂਤੀ ਰੱਖੋ। ਇਸ ਕੰਨਿਆ ਦੇ ਕਾਰਨ ਕਈ ਸਾਕੇ ਹੋਣੇ ਹਨ, ਜਿਨ੍ਹਾਂ ਵਿਚ ਬੇਅੰਤ ਦੁਸ਼ਟ ਦਮਨ ਹੋਣਗੇ।"

ਇਹਨਾਂ ਦਿਨਾਂ ਵਿਚ ਹੀ ਟਿੱਕੇ ਗੁਰਦਿਤੇ ਜੀ ਦੇ ਘਰ

ਗੁਰਦਵਾਰਿਆਂ ਦੇ ਦਰਸ਼ਨ ਪੂਜਾ ਕਰ, ਉਰਾਰ ਡੇਰਾ ਬਾਬਾ ਨਾਨਕ ਸ ਹਿਬ ਆ ਉਤਰੇ। ਏਥੇ ਬਾਬਾ ਧਰਮ ਚੰਦ ਜੀ ਨੇ (ਜੋ ਗੁਰੂ ਨਾਨਕ ਸਾਹਿਬ ਦੇ ਪੋਤਰੇ ਸਨ) ਸੰਗਤ ਸਮੇਤ ਸਤਿਗੁਰਾਂ ਦੀ ਆਓ-ਭਗਤ ਕੀਤੀ। ਸਤਿਗੁਰਾਂ ਨੇ ਡੇਰੇ ਸਾਹਿਬ ਕੜਾਹ ਪ੍ਰਸ਼ਾਦਿ ਕਰਾ, ਮੱਥਾ ਟੇਕਿਆ। ਧਰਮ ਚੰਦ ਜੀ ਦੇ ਸਪੁੱਤ੍ਰਾਂ ਅਤੇ ਹੋਰ ਬੇਦੀ ਸਾਹਿਬਾਨ ਨੂੰ ਸਰੋਪਾਉ ਬਖਸ਼ੇ ਅਤੇ ਅਗਲੇ ਦਿਨ ਧਰਮ ਚੰਦ ਜੀ ਨੂੰ ਨਾਲ ਲੈ, ਬਾਬਾ ਸ੍ਰੀ ਚੰਦ ਜੀ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੜੇ ਸਪੁੱਤ੍ਰ ਤੇ ਹੁਣ ਮਹਾਂ ਰਿਸ਼ੀ ਬਿਰਧ ਸਨ, ਜਾ ਮਿਲੇ। ਸਤਿਗੁਰਾਂ ਨੇ ਬਜ਼ੁਰਗ ਸ੍ਰੀ ਚੰਦ ਜੀ ਦਾ ਬੜਾ ਮਾਨ ਕੀਤਾ ਅਤੇ ਬਾਬਾ ਸ੍ਰੀ ਚੰਦ ਨੇ ਭੀ ਬੜੇ ਸਤਿਕਾਰ ਅਤੇ ਪ੍ਰੇਮ ਨਾਲ ਸਤਿਗੁਰਾਂ ਨਾਲ ਬਚਨ ਬਿਲਾਸ ਕੀਤੇ ਅਤੇ ਉਹ ਧਰਮ ਯੁਧਾਂ ਦੇ ਪ੍ਰਸੰਗ ਸੁਣ ਬੜੇ ਪ੍ਰਸੰਨ ਹੋਏ।

ਸਤਿਗੁਰੂ ਤਿੰਨ ਦਿਨ ਡੇਰਾ ਬਾਬਾ ਨਾਨਕ ਰਹੇ। ਇਤਨੇ ਨੂੰ ਬਾਬਾ ਬੁੱਢਾ ਜੀ ਦੇ ਦੁਸਹਿਰੇ ਦਾ ਵਕਤ ਆ ਪੁੱਜਾ ਅਤੇ ਸਤਿਗੁਰੂ ਪਾਠ ਦੇ ਭੋਗ ਸਮੇਂ ਰਮਦਾਸ ਆ ਪੁੱਜੇ। ਸਾਹਿਬਾਂ ਨੇ ਬਾਬਾ ਜੀ ਦੇ ਪੋਤਰੇ ਭਾਈ ਭਾਨੇ ਨੂੰ ਦਸਤਾਰ ਬੰਨ੍ਹਾਈ ਅਤੇ ਨਾਮ ਦਾਨ ਬਖ਼ਸ਼ ਬਾਬਾ ਜੀ ਦੀ ਥਾਂ ਥਾਪਿਆ।

## ਸ੍ਰੀ ਅੰਮ੍ਰਿਤਸਰ ਨਿਵਾਸ

ਹੁਣ ਦੀਵਾਲੀ ਦਾ ਮੇਲਾ ਨੇੜੇ ਆ ਗਿਆ ਸੀ। ਸੰਗਤਾਂ ਨੇ ਭੀ ਬਿਨੈ ਕੀਤੀ, "ਆਪ ਨੂੰ ਸ੍ਰੀ ਅੰਮ੍ਰਿਤਸਰੋਂ ਆਇਆਂ ਦੇਰ ਹੋ ਗਈ ਹੈ।" ਸੋ ਸਤਿਗੁਰੂ ਜੀ ਵਹੀਰ ਸਮੇਤ

ਸ੍ਰੀ ਅੰਮ੍ਰਿਤਸਰ ਸਾਹਿਬ ਆ ਬਿਰਾਜੇ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕ, ਕੜਾਹ ਪ੍ਰਸ਼ਾਦਿ ਕਰਾ ਮਹਿਲਾਂ ਵਿਚ ਟਿਕੇ। ਹੁਣ ਸਤਿਗੁਰਾਂ ਨੇ ਸਤਿਸੰਗ ਦੀ ਕਾਰ ਸਦਾ ਅਰੰਭ ਦਿਤੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਵਾਨ ਲਗਾਏ ਅਤੇ ਸੰਗਤਾਂ ਵਿਚ ਬੀਰ ਰਸ ਦਾ ਪ੍ਰਚਾਰ ਆਰੰਭ ਕਰ ਦਿਤਾ। ਅੰਮ੍ਰਿਤ ਵੇਲੇ ਤਾਂ ਸ੍ਰੀ ਹਰਿਮੰਦਰ ਸਾਹਿਬ ਦੀਵਾਨ ਲਗਦੇ ਅਤੇ ਕੀਰਤਨ ਹੁੰਦੇ ਪਰ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀਵਾਨ ਲਗਦੇ ਅਤੇ ਢਾਢੀ ਸੂਰਮਿਆਂ ਦੀਆਂ ਵਾਰਾਂ ਗਾ ਗਾ ਬੀਰ ਰਸ ਦਾ ਪ੍ਰਚਾਰ ਕਰਦੇ। ਇਹਨਾਂ ਦਿਨਾਂ ਵਿਚ ਹੀ ਸਤਿਗੁਰਾਂ ਨੇ ਆਪਣੀਆਂ ਫ਼ੌਜਾਂ ਨੂੰ ਤੇ ਪੈਂਦੇ ਖ਼ਾਂ ਨੂੰ ਭੀ ਅੰਮ੍ਰਿਤਸਰ ਹੀ ਬੁਲਾ ਲਿਆ। ਪੈਂਦੇ ਖ਼ਾਂ ਨੇ ਸਤਿਗੁਰਾਂ ਕੋਲ ਇਸ ਗਲ ਉੱਤੇ ਅਫ਼ਸੋਸ ਪ੍ਰਗਟ ਕੀਤਾ ਕਿ ਉਹ ਹਰ ਗੋਬਿੰਦਪੁਰ ਵਾਲੇ ਯੁੱਧ ਵਿਚ ਸ਼ਾਮਲ ਨਹੀਂ ਹੋ ਸਕਿਆ। ਪੈਂਦੇ ਖ਼ਾਂ ਹੁਣ ਅੰਮ੍ਰਿਤਸਰ ਵਿਚ ਨਿਵਾਸ ਰੱਖਦਾ ਸੀ। ਭਾਵੇਂ ਉਹ ਤੇ ਪੁਰਾਣਾ ਸੰਗਤਾਂ ਵਿਚ ਵਾਸ ਕਰਨ ਵਾਲਾ ਸੀ, ਪਰ ਉਸ ਦੀ ਇਸਤ੍ਰੀ ਅਤੇ ਲੜਕੀ ਦੇ ਸੰਸਕਾਰ ਸਿੱਖਾਂ ਵਾਲੇ ਨਾ ਹੋਣ ਕਰ ਕੇ ਉਸ ਦੀ ਕੰਨਿਆ ਕਈ ਵੇਰ ਸੰਗਤਾਂ ਦੀ ਸ਼ਾਨ ਵਿਚ ਨਿਰਾਦਰ ਭਰੇ ਬਚਨ ਕਹਿ ਦੇਂਦੀ ਸੀ। ਇਕ ਦਿਨ ਭਾਈ ਜੇਠਾ ਜੀ ਦੇ ਸ਼ਕਾਇਤ ਕਰਨ ਉਤੇ ਸਤਿਗੁਰਾਂ ਫ਼ਰਮਾਇਆ, "ਤੁਸੀਂ ਸ਼ਾਂਤੀ ਰੱਖੋ। ਇਸ ਕੰਨਿਆ ਦੇ ਕਾਰਨ ਕਈ ਸਾਕੇ ਹੋਣੇ ਹਨ, ਜਿਨ੍ਹਾਂ ਵਿਚ ਬੇਅੰਤ ਦੁਸ਼ਟ ਦਮਨ ਹੋਣਗੇ।"

ਇਹਨਾਂ ਦਿਨਾਂ ਵਿਚ ਹੀ ਟਿੱਕੋ ਗੁਰਦਿਤੇ ਜੀ ਦੇ ਘਰ

ਧੀਰ ਮੱਲ ਦਾ ਜਨਮ ਹੋਇਆ ਅਤੇ ਚੱਬੇ ਪਿੰਡ ਦੀ ਰਹਿਣ ਵਾਲੀ ਮਾਤਾ ਸੁਲੱਖਣੀ ਨੂੰ ਸੱਤਾਂ ਪੁੱਤਾਂ ਦਾ ਵਰ ਮਿਲਿਆ।

## ਬਾਬਾ ਅਟੱਲ ਰਾਇ

ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀਆਂ ਕਈ ਵਡਿਆਈਆਂ ਹਨ, ਜਿਨ੍ਹਾਂ ਕਰਕੇ ਇਹ ਲੋਕਕ ਅਤੇ ਪ੍ਰਲੋਕਕ ਵਿਹਾਰ ਦੇ ਚਾਹਵਾਨਾਂ ਲਈ ਮਸ਼ਹੂਰ ਹੈ। ਪਰ ਇਸ ਸ਼ਹਿਰ ਦੀ ਵਡਿਆਈ ਨੂੰ ਦਰਸਾਣ ਵਾਲਾ ਬਾਬਾ ਅਟੱਲ ਰਾਇ ਦਾ ਦੇਹਰਾ ਹੈ। ਇਸ ਦੇਹਰੇ ਦਾ ਉੱਚਾ ਮੀਨਾਰ, ਜਿਸ ਦੀ ਚਟੀ ਤੇ ਰਾਤ ਨੂੰ ਰੌਸ਼ਨੀ ਹੁੰਦੀ ਹੈ,ਦੂਰੋਂ ਦੂਰੋਂ ਹੀ ਪਾਂਧੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਟਿਕਾਣੇ ਦਾ ਪਤਾ ਦਿੰਦਾ ਹੈ। ਜਿਤਨਾ ਉੱਚਾ ਮੀਨਾਰ ਹੈ, ਉਤਨਾ ਹੀ ਉੱਚਾ ਇਸ ਦਾ ਇਤਿਹਾਸ ਹੈ। ਲਿਖਿਆ ਹੈ ਕਿ ਇਹਨਾਂ ਦਿਨਾਂ ਵਿਚ, ਜਦ ਕਿ ਸਤਿਗੁਰੂ ਸ੍ਰੀ ਅੰਮ੍ਰਿਤਸਰ ਵਿਚ ਟਿਕੇ ਹੋਏ ਸਨ, ਉਹਨਾਂ ਨੇ ਆਪਣੇ ਮਹਿਲ ਤੇ ਪ੍ਰਵਾਰ ਭੀ ਆਪਣੇ ਕੋਲ ਹੀ ਬੁਲਵਾਇਆ ਹੋਇਆ ਸੀ। ਸਾਹਿਬਜ਼ਾਦਿਆਂ ਵਿਚੋਂ ਬਾਬਾ ਅਟੱਲ ਰਾਇ ਸੀ। ਜਿਨ੍ਹਾਂ ਦੀ ਵਡਿਆਈ ਦੀ ਪੇਸ਼ੀਨ-ਗੋਈ ਸਤਿਗੁਰਾਂ ਨੇ ਉਹਨਾਂ ਦੇ ਜਨਮ ਤੇ ਹੀ ਕਰ ਦਿਤੀ ਸੀ। ਗ਼ੈਰ ਮਾਮੂਲੀ ਜ਼ਹੀਨ ਅਤੇ ਹੋਣਹਾਰ ਸਨ। ਬਾਬਾ ਅਟਲ ਰਾਇ ਜੀ, ਜਿਨ੍ਹਾਂ ਮੁੰਡਿਆਂ ਨਾਲ ਖੇਡਦੇ ਸਨ, ਉਹਨਾਂ ਵਿਚੋਂ ਭਾਈ ਗੁਰਮੁਖ ਦਾ ਪੁੱਤ੍ਰ ਮੋਹਨ ਉਹਨਾਂ ਦਾ ਖ਼ਾਸ ਸਤਸੰਗੀ ਸੀ। ਇਕ ਦਿਨ ਖਿਦੋ-ਖੂੰਡੀ ਖੇਡਦਿਆਂ ਹੋਇਆਂ ਸ਼ਾਮ ਪੈ ਗਈ, ਤਾਂ ਖੇਡ ਮੁਕਾਂਦਿਆਂ ਹੋਇਆਂ ਬਾਬਾ ਅਟੱਲ ਰਾਇ ਜੀ ਨੇ ਕੁਝ

ਬਾਜ਼ੀਆਂ ਮੋਹਨ ਕੋਲੋਂ ਜਿੱਤੀਆਂ ਹੋਈਆਂ ਸਨ, ਉਸਨੂੰ ਕਿਹਾ, "ਕੱਲ ਸਵੇਰੇ ਹੀ ਆਵੀਂ ਤੇ ਮੇਰੀਆਂ ਬਾਜ਼ੀਆਂ ਲਾਹੁਣ ਦਾ ਯਤਨ ਕਰੀਂ।"

ਮੋਹਨ ਨੇ ਬਾਲਕ ਸੁਭਾਵ ਅਨੁਸਾਰ ਕਿਹਾ, "ਨਿਸ਼ਚਯ ਮੈਂ ਸਵੇਰੇ ਜਲਦੀ ਹੀ ਆਵਾਂਗਾ ਤੇ ਤੁਹਾਡੀਆਂ ਬਾਜ਼ੀਆਂ ਲਾਹ ਕੇ ਹੀ ਦਮ ਲਵਾਂਗਾ।"

ਦੋਵੇਂ ਖਿਡਾਰੀ ਪ੍ਰੇਮ-ਬਿਲਾਸ ਕਰਦੇ ਘਰਾਂ ਨੂੰ ਚਲੇ ਗਏ। ਦਿਨ ਗਰਮੀਆਂ ਦੇ ਸਨ ਅਤੇ ਦੇਵਨੇਤ ਨਾਲ ਮੋਹਨ, ਜਦ ਰਾਤ ਨੂੰ ਕਿਸੇ ਲੋੜ ਲਈ ਘਰੋਂ ਬਾਹਰ ਗਲੀ ਵਿਚ ਨਿਕਲਿਆ, ਤਾਂ ਉਸ ਨੂੰ ਸੱਪ ਨੇ ਡੱਸ ਲਿਆ। ਬੱਚੇ ਦੇ ਚੀਕ ਮਾਰਨ ਤੇ ਘਰ ਵਾਲੇ ਤੇ ਆਂਢੀ-ਗੁਆਂਢੀ ਇਕੱਠੇ ਹੋ ਗਏ। ਮਾਂਦਰੀ ਭੀ ਸੱਦੇ ਗਏ, ਪਰ ਕਿਸੇ ਦੀ ਵਾਹ ਨਾ ਗਈ। ਸੱਪ ਦੇ ਲੜਦਿਆਂ ਹੀ ਜ਼ਹਿਰ ਆਪਣਾ ਕੰਮ ਚੁੱਕਾ ਸੀ। ਜਦ ਸਵੇਰੇ ਅਟੱਲ ਰਾਇ ਜੀ ਆਪਣੀ ਖੂੰਡੀ ਲਈ, ਮੋਹਨ ਦੇ ਘਰ ਗਏ, ਤਾਂ ਅਗੇ ਰੋਣਾ ਪਿਆ ਦੇਖ, ਹੈਰਾਨ ਹੋ ਗਏ। ਉਹਨਾਂ ਪੁਛਿਆ, "ਮੋਹਨ ਕਿਥੇ ਹੈ?"

ਮੋਹਨ ਦੀ ਮਾਂ ਨੇ ਆਪਣੇ ਪੁਤ੍ਰ ਦੇ ਸੰਗੀ ਖਿਡਾਰੀ ਨੂੰ ਦੇਖ, ਢਾਹ ਮਾਰ ਕੇ ਕਿਹਾ, "ਮੋਹਨ ਚਲ ਬਸਿਆ!"

ਬਾਬਾ ਅਟੱਲ ਰਾਇ ਜੀ ਨੇ ਸਹਿਜ ਸੁਭਾ ਹੀ ਕਿਹਾ, "ਚੱਲ ਕਿੱਥੇ ਬਸਿਆ? ਉਸ ਨੇ ਸਾਡੀਆਂ ਬਾਜ਼ੀਆਂ ਦੇਣੀਆਂ ਹਨ। ਹੁਣ ਬਹਾਨਾ ਕਰ ਕੇ ਪੈ ਰਿਹਾ ਹੈ।"

ਇਤਨਾ ਕਹਿ ਅਟੱਲ ਰਾਇ ਜੀ ਅੱਚਨ-ਚੇਤ ਹੀ ਅਗਾਂਹ ਵਧੇ ਅਤੇ ਮੋਹਨ ਦੇ ਗਲੇ ਵਿਚ ਖੂੰਡੀ ਪਾ ਉਤਾਂਹ

ਧੀਰ ਮੱਲ ਦਾ ਜਨਮ ਹੋਇਆ ਅਤੇ ਚੱਬੇ ਪਿੰਡ ਦੀ ਰਹਿਣ ਵਾਲੀ ਮਾਤਾ ਸੁਲੱਖਣੀ ਨੂੰ ਸੱਤਾਂ ਪੁੱਤਾਂ ਦਾ ਵਰ ਮਿਲਿਆ।

## ਬਾਬਾ ਅਟੱਲ ਰਾਇ

ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀਆਂ ਕਈ ਵਡਿਆਈਆਂ ਹਨ, ਜਿਨ੍ਹਾਂ ਕਰਕੇ ਇਹ ਲੋਕਕ ਅਤੇ ਪ੍ਰਲੋਕਕ ਵਿਹਾਰ ਦੇ ਚਾਹਵਾਨਾਂ ਲਈ ਮਸ਼ਹੂਰ ਹੈ। ਪਰ ਇਸ ਸ਼ਹਿਰ ਦੀ ਵਡਿਆਈ ਨੂੰ ਦਰਸਾਣ ਵਾਲਾ ਬਾਬਾ ਅਟੱਲ ਰਾਇ ਦਾ ਦੇਹਰਾ ਹੈ। ਇਸ ਦੇਹਰੇ ਦਾ ਉੱਚਾ ਮੀਨਾਰ, ਜਿਸ ਦੀ ਚੋਟੀ ਤੇ ਰਾਤ ਨੂੰ ਰੌਸ਼ਨੀ ਹੁੰਦੀ ਹੈ, ਦੂਰੋਂ ਦੂਰੋਂ ਹੀ ਪਾਂਧੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਟਿਕਾਣੇ ਦਾ ਪਤਾ ਦਿੰਦਾ ਹੈ। ਜਿਤਨਾ ਉੱਚਾ ਮੀਨਾਰ ਹੈ, ਉਤਨਾ ਹੀ ਉੱਚਾ ਇਸ ਦਾ ਇਤਿਹਾਸ ਹੈ। ਲਿਖਿਆ ਹੈ ਕਿ ਇਹਨਾਂ ਦਿਨਾਂ ਵਿਚ, ਜਦ ਕਿ ਸਤਿਗੁਰੂ ਸ੍ਰੀ ਅੰਮ੍ਰਿਤਸਰ ਵਿਚ ਟਿਕੇ ਹੋਏ ਸਨ, ਉਹਨਾਂ ਨੇ ਆਪਣੇ ਮਹਿਲ ਤੇ ਪ੍ਰਵਾਰ ਭੀ ਆਪਣੇ ਕੋਲ ਹੀ ਬੁਲਵਾਇਆ ਹੋਇਆ ਸੀ। ਸਾਹਿਬਜ਼ਾਦਿਆਂ ਵਿਚੋਂ ਬਾਬਾ ਅਟੱਲ ਰਾਇ ਸੀ। ਜਿਨ੍ਹਾਂ ਦੀ ਵਡਿਆਈ ਦੀ ਪੇਸ਼ੀਨ-ਗੋਈ ਸਤਿਗੁਰਾਂ ਨੇ ਉਹਨਾਂ ਦੇ ਜਨਮ ਤੇ ਹੀ ਕਰ ਦਿਤੀ ਸੀ। ਗ਼ੈਰ ਮਾਮੂਲੀ ਜ਼ਹੀਨ ਅਤੇ ਹੋਣਹਾਰ ਸਨ। ਬਾਬਾ ਅਟਲ ਰਾਇ ਜੀ, ਜਿਨ੍ਹਾਂ ਮੁੰਡਿਆਂ ਨਾਲ ਖੇਡਦੇ ਸਨ, ਉਹਨਾਂ ਵਿਚੋਂ ਭਾਈ ਗੁਰਮੁਖ ਦਾ ਪੁੱਤ੍ਰ ਮੋਹਨ ਉਹਨਾਂ ਦਾ ਖ਼ਾਸ ਸਤਸੰਗੀ ਸੀ। ਇਕ ਦਿਨ ਖਿਦੋ-ਖੂੰਡੀ ਖੇਡਦਿਆਂ ਹੋਇਆਂ ਸ਼ਾਮ ਪੈ ਗਈ, ਤਾਂ ਖੇਡ ਮੁਕਾਂਦਿਆਂ ਹੋਇਆਂ ਬਾਬਾ ਅਟੱਲ ਰਾਇ ਜੀ ਨੇ ਕੁਝ

ਬਾਜ਼ੀਆਂ ਮੋਹਨ ਕੋਲੋਂ ਜਿੱਤੀਆਂ ਹੋਈਆਂ ਸਨ, ਉਸਨੂੰ ਕਿਹਾ, "ਕੱਲ ਸਵੇਰੇ ਹੀ ਆਵੀਂ ਤੇ ਮੇਰੀਆਂ ਬਾਜ਼ੀਆਂ ਲਾਹੁਣ ਦਾ ਯਤਨ ਕਰੀਂ।"

ਮੋਹਨ ਨੇ ਬਾਲਕ ਸੁਭਾਵ ਅਨੁਸਾਰ ਕਿਹਾ, "ਨਿਸ਼ਚਯ ਮੈਂ ਸਵੇਰੇ ਜਲਦੀ ਹੀ ਆਵਾਂਗਾ ਤੇ ਤੁਹਾਡੀਆਂ ਬਾਜ਼ੀਆਂ ਲਾਹ ਕੇ ਹੀ ਦਮ ਲਵਾਂਗਾ।"

ਦੋਵੇਂ ਖਿਡਾਰੀ ਪ੍ਰੇਮ-ਬਿਲਾਸ ਕਰਦੇ ਘਰਾਂ ਨੂੰ ਚਲੇ ਗਏ। ਦਿਨ ਗਰਮੀਆਂ ਦੇ ਸਨ ਅਤੇ ਦੇਵਨੇਤ ਨਾਲ ਮੋਹਨ, ਜਦ ਰਾਤ ਨੂੰ ਕਿਸੇ ਲੋੜ ਲਈ ਘਰੋਂ ਬਾਹਰ ਗਲੀ ਵਿਚ ਨਿਕਲਿਆ, ਤਾਂ ਉਸ ਨੂੰ ਸੱਪ ਨੇ ਡੱਸ ਲਿਆ। ਬੱਚੇ ਦੇ ਚੀਕ ਮਾਰਨ ਤੇ ਘਰ ਵਾਲੇ ਤੇ ਆਂਢੀ-ਗੁਆਂਢੀ ਇਕੱਠੇ ਹੋ ਗਏ। ਮਾਂਦਰੀ ਭੀ ਸੱਦੇ ਗਏ, ਪਰ ਕਿਸੇ ਦੀ ਵਾਹ ਨਾ ਗਈ। ਸੱਪ ਦੇ ਲੜਦਿਆਂ ਹੀ ਜ਼ਹਿਰ ਆਪਣਾ ਕੰਮ ਚੁੱਕਾ ਸੀ। ਜਦ ਸਵੇਰੇ ਅਟੱਲ ਰਾਇ ਜੀ ਆਪਣੀ ਖੂੰਡੀ ਲਈ, ਮੋਹਨ ਦੇ ਘਰ ਗਏ, ਤਾਂ ਅਗੇ ਰੋਣਾ ਪਿਆ ਦੇਖ, ਹੈਰਾਨ ਹੋ ਗਏ। ਉਹਨਾਂ ਪੁਛਿਆ, "ਮੋਹਨ ਕਿਥੇ ਹੈ?"

ਮੋਹਨ ਦੀ ਮਾਂ ਨੇ ਆਪਣੇ ਪੁਤ੍ਰ ਦੇ ਸੰਗੀ ਖਿਡਾਰੀ ਨੂੰ ਦੇਖ, ਢਾਹ ਮਾਰ ਕੇ ਕਿਹਾ, "ਮੋਹਨ ਚਲ ਬਸਿਆ!"

ਬਾਬਾ ਅਟੱਲ ਰਾਇ ਜੀ ਨੇ ਸਹਿਜ ਸੁਭਾ ਹੀ ਕਿਹਾ, "ਚੱਲ ਕਿੱਥੇ ਬਸਿਆ? ਉਸ ਨੇ ਸਾਡੀਆਂ ਬਾਜ਼ੀਆਂ ਦੇਣੀਆਂ ਹਨ। ਹੁਣ ਬਹਾਨਾ ਕਰ ਕੇ ਪੈ ਰਿਹਾ ਹੈ।"

ਇਤਨਾ ਕਹਿ ਅਟੱਲ ਰਾਇ ਜੀ ਅੱਚਨ-ਚੇਤ ਹੀ ਅਗਾਂਹ ਵਧੇ ਅਤੇ ਮੋਹਨ ਦੇ ਗਲੇ ਵਿਚ ਖੂੰਡੀ ਪਾ ਉਤਾਂਹ

ਖਿੱਰਦਿਆਂ ਹੋਇਆਂ ਕਿਹਾ, "ਉੱਠ, ਸਾਡੀ ਬਾਜ਼ੀ ਦੇਹ।"

ਮੋਹਨ 'ਵਾਹਿਗੁਰੂ ! ਵਾਹਿਗੁਰੂ !!' ਕਹਿੰਦਾ ਉੱਠ ਬੈਠਾ। ਦਖਣ ਵਾਲੇ ਸਭ ਹੈਰਾਨ ਰਹਿ ਗਏ। ਨਗਰ ਤਕ ਖਬਰ ਫੈਲ ਗਈ ਅਤੇ ਸਭ ਲੋਗ 'ਧੰਨ ਗੁਰੂ ! ਧੰਨ ਗੁਰੂ !!' ਉਚਾਰਨ ਲੱਗੇ।

ਇਤਨੇ ਨੂੰ ਸਤਿਗੁਰਾਂ ਨੂੰ ਭੀ ਖ਼ਬਰ ਪੁੱਜ ਗਈ। ਸਤਿਗੁਰੂ ਅਜੇ ਸਾਰੀ ਗੱਲ ਬਾਤ ਦਾ ਪਤਾ ਕਰ ਹੀ ਰਹੇ ਸਨ, ਜਦ ਬਾਬਾ ਅਟੱਲ ਰਾਏ ਜੀ ਭੀ ਦੀਵਾਨ ਵਿਚ ਪੁੱਜ ਪਏ ਅਤੇ ਸਤਿਗੁਰਾਂ ਦੇ ਚਰਨਾਂ ਤੇ ਆਣ ਮੱਥਾ ਟੇਕਿਆ। ਸਤਿਗੁਰਾਂ ਨੇ ਅਟੱਲ ਰਾਇ ਜੀ ਨੂੰ ਦੇਖ ਕੇ ਕਿਹਾ, "ਤੁਸਾਂ ਚੰਗਾ ਨਹੀਂ ਕੀਤਾ। ਕਰਾਮਾਤ ਕ਼ਹਿਰ ਹੈ। ਭਾਣੇ ਤੋਂ ਮੂੰਹ ਮੋੜਨਾ ਹੈ, ਜੋ ਗੁਰਮੱਤ ਨਹੀਂ। ਜੇ ਕਿਸੇ ਨੂੰ ਪ੍ਰਾਣ ਦਿਤੇ ਜਾਣ ਤਾਂ ਆਪਣੇ ਅਗਾਂਹ ਭੇਂਟ ਕਰੋ, ਕਿਉਂ ਜੋ ਰਜ਼ਾ ਅਟੱਲ ਹੈ। ਇਸ ਤਰ੍ਹਾਂ ਤੇ ਲੋਕ ਰੋਜ਼ ਹੀ ਆਪਣੇ ਮੋਏ ਜਿਵਾਣ ਲਈ ਸਾਡੇ ਬੂਹੇ ਤੇ ਆ ਬੈਠਿਆ ਕਰਨਗੇ।"

ਅਟੱਲ ਰਾਏ ਜੀ ਇਹ ਸੁਣਦਿਆਂ ਹੀ ਸਤਿਗੁਰਾਂ ਨੂੰ ਨਿਮਸ਼ਕਾਰ ਕਰ ਦੀਵਾਨ ਵਿਚੋਂ ਉੱਠ ਬੈਠੇ ਅਤੇ ਕੌਲਸਰ ਦੇ ਕਿਨਾਰੇ ਅਸ਼ਨਾਨ ਕਰ ਸਮਾਧੀ ਲਗਾ, ਬਾਣੀ ਦਾ ਪਾਠ ਕਰਨ ਬੈਠ ਗਏ ਅਤੇ ਗੁਰਬਾਣੀ ਦੇ ਰਸ ਵਿਚ ਹੀ ਸੱਚ ਖੰਡ ਚਲਾਣਾ ਕਰ ਗਏ। ਇਹ ਕੌਤਕ ਇਕ ਸਿਖ ਨੇ ਦੇਖ ਸਤਿਗੁਰਾਂ ਨੂੰ ਜਾ ਖਬਰ ਕੀਤੀ। ਸਤਿਗੁਰੂ ਸੰਗਤ ਸਮੇਤ ਉੱਥੇ ਪੁੱਜੇ। ਅਗੇ ਬਾਬਾ ਅਟੱਲ ਰਾਏ ਜੀ ਦਾ ਪ੍ਰਾਣ ਰਹਿਤ ਸਰੀਰ ਪਿਆ ਹੋਇਆ ਸੀ। ਸਤਿਗੁਰਾਂ ਨੇ ਇਹ ਦੇਖ

ਬਿਹਬਲ ਹੋਈ ਸੰਗਤ ਨੂੰ ਧੀਰਜ ਦੇਂਦਿਆਂ ਹੋਇਆਂ ਕਿਹਾ, "ਸ਼ਾਂਤੀ ਰੱਖੋ। ਸਾਹਿਬਜ਼ਾਦੇ ਨੇ ਗੁਰਮਤ ਮੰਨੀ ਹੈ, ਕੁਰਬਾਨੀ ਦਿਤੀ ਸੁ। ਉਹ ਸੱਚ ਮੁੱਚ ਅਟੱਲ ਹੋਇਆ ਹੈ। ਇਸ ਦੀ ਯਾਦਗਾਰ ਭੀ ਅਟੱਲ ਰਹੇਗੀ। ਇਸ ਦੀ ਸ਼ਾਨ *ਉੱਚੀ ਹੋਵੇਗੀ।"

ਸਤਿਗੁਰਾਂ ਨੇ ਸਭ ਨੂੰ ਧੀਰਜ ਦੇ, ਓਸੇ ਥਾਂ ਹੀ ਅਟੱਲ ਰਾਇ ਜੀ ਦਾ ਅੰਗੀਠਾ ਤਿਆਰ ਕਰਵਾ ਦਿਤਾ।

---

*ਕੌਲਸਰ ਦੇ ਪੂਰਬ ਵਾਲ ਕੰਢੇ ਤੋਂ ਥੋੜ੍ਹਾ ਜਿਹਾ ਹਟ ਕੇ ਬਾਬਾ ਅਟੱਲ ਰਾਇ ਜੀ ਦਾ ਦੇਹੁਰਾ ਹੈ, ਜਿਸ ਦੇ ਉਤੇ ਸੱਤ ਮੰਜ਼ਲਾ ਮੀਨਾਰ ਹੈ। ਇਸ ਮਹਾਂ ਬਲੀ ਦੀ ਯਾਦਗਾਰ ਕੇਵਲ ਉੱਚੇ ਮੀਨਾਰ ਕਰ ਕੇ ਹੀ ਕਾਇਮ ਨਹੀਂ, ਸਗੋਂ ਇਥੇ ਹੋਰ ਅਭਿਆਗਤ ਤੇ ਲੋੜਵੰਦ ਦੀ ਲੋੜ ਪੂਰੀ ਹੁੰਦੀ ਹੈ। ਭੁੱਖਿਆਂ ਨੂੰ ਅੰਨ ਮਿਲਦਾ ਹੈ। 'ਬਾਬਾ ਅਟੱਲ, ਪੱਕੀਆਂ ਪਕਾਈਆਂ ਘੱਲ' ਦਾ ਅਖਾਣ ਸਾਰੇ ਦੇਸ ਵਿਚ ਪ੍ਰਸਿੱਧ ਹੈ। ਬਾਬਾ ਅਟੱਲ ਰਾਇ ਜੀ ਦੀ ਵਡਿਆਈ ਤੇ ਮਾਨ ਨੂੰ ਤੱਕ, ਤੇ ਉਹਨਾਂ ਨੂੰ ਗੁਰੂ ਮਰਯਾਦਾ ਤੋਂ ਕੁਰਬਾਨ ਹੋਇਆ ਸ਼ਹੀਦ ਸਮਝ, ਪੰਥ ਦੇ ਪ੍ਰਸਿੱਧ ਸ਼ਹੀਦਾਂ ਤੇ ਸੂਰਬੀਰਾਂ ਦੀਆਂ ਸਮਾਧਾਂ ਇਸ ਦੇਹੁਰੇ ਦੇ ਇਰਦ-ਗਿਰਦ ਕਾਇਮ ਕਰਨ ਦਾ ਰਿਵਾਜ ਮਿਸਲਾਂ ਦੇ ਸਮੇਂ ਬਹੁਤ ਪ੍ਰਚੱਲਤ ਹੋਇਆ ਸੀ। ਚੁਨਾਂਚਿ ਨਵਾਬ ਕਪੂਰ ਸਿੰਘ ਸਾਹਿਬ ਅਤੇ ਬਾਬਾ ਬਘੇਲ ਸਿੰਘ ਜੀ ਦੀਆਂ ਸਮਾਧਾਂ ਤੋਂ ਬਿਨਾਂ ਭਾਈ ਅਜੀਤ ਸਿੰਘ, ਗਿਆਨੀ ਬਿਸ਼ਨ ਸਿੰਘ ਤੇ ਹੋਰ ਕਈ ਪਾਸੇ ਦੇ ਜੋਧਿਆਂ ਤੇ ਗਿਆਨੀ ਸਿੰਘਾਂ ਦੀਆਂ ਸਮਾਧਾਂ ਭੀ ਇਥੇ ਕਾਇਮ ਸਨ, ਜਿਹੜੇ ਕਿ ਮਈ ਸੰ: ੧੯੨੩ ਵਿਚ ਅਕਾਲੀ ਅੰਦੋਲਨ ਸਮੇਂ ਕੁਝ ਇਕ ਸੁਧਾਰ ਦੇ ਲੋੜੋਂ ਵਧ ਜੋਸ਼ ਵਿਚ ਆਏ ਹੋਏ ਹਾਮੀਆਂ ਨੇ ਬੇ-ਨਿਸ਼ਾਨ ਕਰ ਦਿੱਤੀਆਂ। ਕੁਝ ਨਿਸ਼ਾਨ ਅਜੇ ਬਾਕੀ ਭੀ ਹਨ। ਬਾਬਾ ਅਟੱਲ ਰਾਇ ਜੀ ਦਾ ਉੱਚਾ ਮੀਨਾਰ ਅੱਜ ਸਦੀਆਂ ਦੇ ਬਾਅਦ ਭੀ ਉਹਨਾਂ ਦੀ ਅਜ਼ਮਤ ਅਤੇ ਵਡਿਆਈ ਦਾ ਨਿਸ਼ਾਨ ਦੁਨੀਆ ਨੂੰ ਦਿਖਾ ਰਿਹਾ ਹੈ।

# ਸਿਦਕ ਦੀ ਪਰਖ

ਸਤਿਗੁਰਾਂ ਦੇ ਰੋਜ਼ਾਨਾ ਸਤਸੰਗ ਵਿਚ ਕੋਈ ਨਾ ਕੋਈ ਵਾਰਤਾ ਚਲਦੀ ਹੀ ਰਹਿੰਦੀ ਸੀ। ਸੋ ਇਕ ਦਿਨ ਸਿੱਖੀ ਸਿਦਕ ਉਤੇ ਗਲਬਾਤ ਚੱਲ ਪਈ। ਕਈ ਗੁਰਮੁਖਾਂ ਨੇ ਇਹ ਖਿਆਲ ਦਿੱਤਾ ਕਿ ਸਿਦਕ ਹੈ ਤਾਂ ਜੀਵਨ ਦਾ ਮੂਲ, ਪਰ ਪ੍ਰਾਪਤ ਸਤਿਗੁਰਾਂ ਦੀ ਮੇਹਰ ਨਾਲ ਹੀ ਹੋ ਸਕਦਾ ਹੈ। ਭੀੜ ਬਣੇ ਇਸ ਦਾ ਕਾਇਮ ਰੱਖਣਾ ਬਹੁਤ ਕਠਨ ਹੈ। ਇਸ ਸਮੇਂ ਭਾਈ ਗੁਰਦਾਸ ਜੀ ਬੋਲੇ, "ਸਿਖ ਨੂੰ ਹਰ ਸੂਰਤ ਵਿਚ ਸਿਦਕ ਕਾਇਮ ਰੱਖਣਾ ਚਾਹੀਦਾ ਹੈ। ਜਿਸ ਤਰ੍ਹਾਂ ਅਚਾਰਹੀਨ ਮਾਂ ਦੀਆਂ ਕਮੀਆਂ ਤੇ ਸਾਊ ਪੁੱਤ੍ਰ ਨੂੰ ਨਿਗਾਹ ਰੱਖਣ ਤੋਂ ਬਗੈਰ, ਉਸ ਦੀ ਸੇਵਾ ਕਰਨੀ ਚਾਹੀਦੀ ਹੈ, ਇਸੇ ਤਰ੍ਹਾਂ ਹੀ ਸਤਿਗੁਰੂ ਭੀ, ਜੇ ਸਿਖ ਦਾ ਸਿਦਕ ਪਰਖਣ ਲਈ ਕੋਈ ਕੌਤਕ ਵਰਤਾ ਦੇਣ, ਤਾਂ ਸਿਖ ਨੂੰ ਅਡੋਲ ਰਹਿਣਾ ਚਾਹੀਦਾ ਹੈ।" ਭਾਈ ਗੁਰਦਾਸ ਜੀ ਜਦ ਇਹ ਕਹਿ ਰਹੇ ਸਨ, ਤਾਂ ਸਤਿਗੁਰਾਂ ਨੇ ਮਹਿਸੂਸ ਕੀਤਾ, ਇਹਨਾਂ ਦੇ ਮਨ ਵਿਚ ਕੁਝ ਨਾਮਾਲੂਮ ਜਿਹੀ ਖ਼ੁਦੀ ਆ ਰਹੀ ਹੈ, ਸੋ ਸਤਿਗੁਰਾਂ ਨੇ ਉਹਨਾਂ ਨੂੰ ਇਹ ਯਕੀਨ ਕਰਵਾਉਣ ਲਈ ਕਿ ਆਖਰ ਮਨੁੱਖ ਮਨੁੱਖ ਹੀ ਹੈ ਤੇ ਭੁੱਲ ਸਕਦਾ ਹੈ, ਇਕ ਕੌਤਕ ਰਚਿਆ। ਭਾਈ ਗੁਰਦਾਸ ਜੀ ਨੂੰ ਹੁਕਮ ਦਿਤਾ ਕਿ ਉਹ ਕਾਬਲੋਂ ਘੋੜੇ ਖਰੀਦ ਲਿਆਉਣ। ਸੋ ਭਾਈ ਸਾਹਿਬ ਆਗਿਆ ਲੈ, ਕਾਬਲ ਪੁੱਜੇ ਅਤੇ ਡੇਰੇ ਜਮਾ, ਦਲਾਲਾਂ ਨਾਲ ਘੋੜਿਆਂ ਦਾ ਸੌਦਾ ਕਰਨ ਲੱਗੇ। ਆਖਰ ਕੁਝ ਦਿਨਾਂ ਪਿਛੋਂ

ਉਹਨਾਂ ਨੇ ਇਕ ਜੋੜੀ ਦਿਤ ਲੱਖ ਰੁਪੈ ਤੋਂ ਲੈਣ ਦਾ ਫੈਸਲਾ ਕਰ ਲਿਆ ਅਤੇ ਜਦੋਂ ਕੀਮਤ ਤਾਰਨ ਲਈ ਰੁਪਿਆ ਲਿਆਉਣ ਲਈ ਤੰਬੂ ਵਿਚ ਵੜੇ, ਤਾਂ ਕੀ ਵੇਖਿਓ ਨੇ ਪੇਟੀ ਖੁੱਲ੍ਹੀ ਪਈ ਹੈ ਅਤੇ ਰੁਪਿਆ *ਗੁੰਮ ਹੈ। ਭਾਈ ਗੁਰਦਾਸ ਜੀ ਅਜੇਹੇ ਘਾਬਰੇ ਕਿ ਵਪਾਰੀਆਂ ਕੋਲ ਝੂਠੇ ਪੈਣ ਦੇ ਖਿਆਲ ਤੋਂ ਡਰ, ਤੰਬੂ ਦੇ ਪਿਛਲੇ ਬੰਨਿਓਂ ਨਿਕਲ ਗਏ। ਜਦ ਕੁਝ ਦੇਰ ਤੱਕ ਭਾਈ ਸਾਹਿਬ ਅੰਦਰੋਂ ਨਾ ਨਿਕਲੇ, ਤਾਂ ਉਹਨਾਂ ਦੇ ਸਾਥੀ ਸਿਖਾਂ ਵਿਚੋਂ ਮੁਖੀ ਭਾਈ ਦੁਨੀ ਚੰਦ ਜੀ ਨੇ ਤੰਬੂ ਵਿਚ ਜਾ ਰੁਪਿਆ ਲਿਆ ਕੇ ਵਪਾਰੀਆਂ ਨੂੰ ਦੇ ਦਿਤਾ ਅਤੇ ਹੋਰ ਪੰਜ ਘੋੜੇ ਖਰੀਦ ਸਤਿਗੁਰਾਂ ਕੋਲ ਮੰਜ਼ਲ, ਬਾ-ਮੰਜ਼ਲ ਲੈ ਪੁੱਜੇ। ਓਧਰ ਭਾਈ ਗੁਰਦਾਸ ਜੀ ਜਾਂ ਤੰਬੂਉਂ ਬਾਹਰ ਨਿਕਲੇ, ਤਾਂ ਉਹ ਘਬਰਾਹਟ ਵਿਚ ਅਜੇਹੇ ਡੋਲ ਗਏ ਕਿ ਉਹਨਾਂ ਨੇ ਵਾਪਸ ਅੰਮ੍ਰਿਤਸਰ ਔਣ ਦੀ ਥਾਂ, ਕਾਂਸ਼ੀ ਵੱਲ ਰੁੱਖ ਕਰ ਲਿਆ। ਜਦ ਉਹ ਕੁਝ ਦਿਨਾਂ ਬਾਅਦ ਕਾਂਸ਼ੀ ਪੁੱਜੇ, ਤਾਂ ਉਹਨਾਂ ਨੇ ਇਕ ਜਗ੍ਹਾ ਡੇਰਾ ਜਮਾ, ਗੁਰਮੱਤ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਕਾਂਸ਼ੀ ਬ੍ਰਾਹਮਨਕ ਮੱਤ ਤੇ ਸੰਸਕ੍ਰਿਤ ਦੀ ਵਿਦਿਆ ਦਾ ਪੁਰਾਣਾ ਕੇਂਦਰ ਹੋਣ ਕਰਕੇ ਨਾਮੀ ਧੁਰੰਤਰ ਵਿਦਿਵਾਨਾਂ

---

*ਪ੍ਰਤੀਤ ਹੁੰਦਾ ਹੈ ਕਿ ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੇ ਉਖਿਆਈ ਸਮੇਂ ਦਿਲ ਕਾਇਮ ਰੱਖਣ ਦੇ ਬਲ ਨੂੰ ਪਰਖਣ ਲਈ ਇਹ ਸ਼ਾਹਾਨਾ ਮਜ਼ਾਕ ਕੀਤਾ ਅਤੇ ਉਹਨਾਂ ਦੇ ਇਸ਼ਾਰੇ ਤੇ ਹੀ ਕਿਸੇ ਸਾਥੀ ਸਿਖ ਨੇ ਮਜ਼ਾਕ ਦੇ ਤੌਰ ਤੇ ਹੀ ਰੁਪਿਆ ਅਗਾਂਹ ਪਿਛਾਂਹ ਕਰ ਦਿਤਾ, ਜਿਹੜਾ ਕਿ ਭਾਈ ਸਾਹਿਬ ਦੇ ਤੰਬੂ ਦੇ ਪਿਛਲੇ ਪਾਸਿਓਂ ਨਿਕਲ ਜਾਣ ਤੇ ਹੀ ਫੌਰਨ ਹੀ ਉਥੇ ਰੱਖ ਦਿਤਾ ਗਿਆ।

ਦਾ ਨਿਵਾਸ-ਅਸਥਾਨ ਸੀ, ਜਿਨ੍ਹਾਂ ਵਿਚੋਂ ਕਈ ਇਕ ਨੇ ਭਾਈ ਗੁਰਦਾਸ ਸਾਹਿਬ ਨਾਲ ਆ ਕੇ ਗਿਆਨ ਚਰਚਾ ਕਾਤੀ। ਭਾਈ ਸਾਹਿਬ ਨੇ ਸਭ ਨੂੰ ਗੁਰਮੱਤ ਦ੍ਰਿੜਾ, ਸੰਤੁਸ਼ਟ ਕੀਤਾ। ਓੜਕ ਭਾਈ ਸਾਹਿਬ ਦੀ ਚਰਚਾ ਚਲਦੀ ਚਲਦੀ ਕਾਂਸ਼ੀ ਨਰੇਸ਼ ਤੱਕ ਪੁੱਜੀ। ਰਾਜਾ ਭੀ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਅਤੇ ਭਾਈ ਸਾਹਿਬ ਕੋਲੋਂ ਗੁਰਮੱਤ ਪ੍ਰਚਾਰ ਸੁਣ, ਨਿਹਾਲ ਹੋਇਆ। ਰਾਜੇ ਦੇ ਸਤਸੰਗੀ ਹੋਣ ਕਰਕੇ ਭਾਈ ਗੁਰਦਾਸ ਸਾਹਿਬ ਦੀ ਸੋਭਾ ਕਾਂਸ਼ੀ ਵਿਚ ਹੋਰ ਭੀ ਵਧ ਗਈ।

ਸਤਿਗੁਰਾਂ ਨੇ ਜਦ ਭਾਈ ਗੁਰਦਾਸ ਸਾਹਿਬ ਦੇ ਕਾਂਸ਼ੀ ਪਹੁੰਚ ਗੁਰਮੱਤ ਪ੍ਰਚਾਰ ਕਰਨ ਦੀ ਖ਼ਬਰ ਸੁਣੀ ਅਤੇ ਭਾਈ ਜੇਠੇ ਸਾਹਿਬ ਨੂੰ ਭਾਈ ਸਾਹਿਬ ਨੂੰ ਕਾਂਸ਼ੀਉਂ ਲੈ ਆਉਣ ਲਈ ਭੇਜਿਆ। ਸਤਿਗੁਰਾਂ ਨੇ ਬਿਲਾਸ ਪੂਰਵਕ ਇਹ ਭੀ ਕਿਹਾ ਕਿ ਗੁਰਦਾਸ ਗੁਰੂ ਕੀ ਸਾਮੀ ਹੈ। ਮੁਸ਼ਕਾਂ ਕੱਸ ਕੇ ਲੈ ਆਓ। ਜਦ ਭਾਈ ਜੇਠਾ ਜੀ ਬਨਾਰਸ ਪੁੱਜੇ ਅਤੇ ਭਾਈ ਗੁਰਦਾਸ ਜੀ ਨੂੰ ਸਾਰੀ ਗੱਲ ਸੁਣਾਈ, ਤਾਂ ਭਾਈ ਸਾਹਿਬ ਨੇ ਕਿਹਾ, "ਸਤਿਗੁਰਾਂ ਭਾਵੇਂ ਕਿਸੇ ਰੰਗ ਵਿਚ ਕਿਹਾ ਹੋਵੇ। ਸਾਨੂੰ ਅਗਿਆ ਪਾਲਣੀ ਹੀ ਬਣ ਆਉਂਦੀ ਹੈ। ਮੈਨੂੰ ਮੁਸ਼ਕਾਂ ਕੱਸ ਕੇ ਹੀ ਲੈ ਚੱਲੋ।" ਭਾਵੇਂ ਭਾਈ ਜੇਠਾ ਜੀ ਭਾਈ ਗੁਰਦਾਸ ਸਾਹਿਬ ਜੀ ਦੀ ਵਿਦਿਵਤਾ, ਗੁਰਸਿਖ ਜੀਵਨ ਤੇ ਸੰਗਤਾਂ ਵਿਚ ਵਡਿਆਈ ਤੋਂ ਵਾਕਫ ਸਨ ਤੇ ਉਹਨਾਂ ਨੇ ਭਾਈ ਸਾਹਿਬ ਦੀ ਇਸ ਤਜਵੀਜ਼ ਨਾਲ ਇਤਿਫਾਕ ਨਾ ਕੀਤਾ, ਪਰ ਤਾਂ ਭੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ

ਕੋਲ ਪੁੱਜ, ਭਾ: ਸਾਹਿਬ ਗੁਰਦਾਸ ਜੀ ਦੇ ਜ਼ੋਰ ਦੇਣ ਤੇ ਉਹਨਾਂ ਦੇ ਹੱਥ ਪਿਛਲੇ ਬੰਨੇ* ਬੰਨ੍ਹ ਲਏ । ਜਦ ਭਾਈ ਗੁਰਦਾਸ ਜੀ ਇਸ ਵਿਚਿੱਤ੍ਰ ਰੂਪ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਆਏ, ਤਾਂ ਉਹਨਾਂ ਨੇ ਆਪਣੀ ਕਮਜ਼ੋਰੀ ਨੂੰ ਅਨਭਵ ਕਰਦਿਆਂ ਹੋਇਆਂ ਸੰਗਤ ਵਿਚ ਇਕ †ਪੌੜੀ ਆਖ ਸੁਣਾਈ, ਜਿਸ ਨੂੰ

---

*ਮਨੁੱਖ ਜੀਵਨ ਦੇ ਚਮਕੀਲੇ ਪਹਿਲੂਆਂ ਵਿਚ ਇਕ ਹਾਸਰਸ ਵੀ ਹੈ। ਪਰ ਜੇ ਹੋਵੇ ਪਵਿਤ੍ਰਤਾ ਭਰਿਆ। ਸਿਖ ਇਤਿਹਾਸ ਅਜੇਹੇ ਬਿਲਾਸ ਭਰੇ ਪ੍ਰਸੰਗਾਂ ਨਾਲ ਪੂਰਤ ਹੈ, ਜਿਸ ਵਿਚ ਸਤਿਗੁਰੂ ਅਤੇ ਸਿਖ ਰਲ ਮਿਲ ਪਿਆਰ ਭਰੇ ਬਿਲਾਸ-ਮਈ ਚੋਜ ਕਰਦੇ ਸਨ। ਸਾਹਿਬ ਪਹਿਲੀ ਪਾਤਸ਼ਾਹੀ ਦੇ ਭਾਈ ਮਰਦਾਨੇ ਨਾਲ ਕਈ ਚੋਜ ਇਤਿਹਾਸ ਵਿਚ ਆਏ ਹਨ। ਇਸ ਤੋਂ ਬਿਨਾਂ ਸਿੱਖ ਦੇ ਹਰ ਸਮੇਂ ਵਿਚ ਅਜੇਹੀ ਪਿਆਰ-ਲੀਲ੍ਹਾ ਹੁੰਦੀ ਹੀ ਚਲੀ ਆਈ ਹੈ । ਸਤਿਗੁਰਾਂ ਦੀ ਬਾਣੀ ਵਿਚ ਭੀ ਪਵਿਤ੍ਰ ਹਾਸਰਸ ਦਾ ਬੜਾ ਹਿੱਸਾ ਹੈ। ਸ੍ਰੀ ਦਸਮ ਪਾਤਸ਼ਾਹ ਜੀ ਨੇ ਕਈ ਕੌਤਕ ਤੇ ਸਾਹਿਬ ਫਤੇ ਸਿੰਘ ਜੀ ਦਾ ਨਿਹੰਗੀ ਬਾਣਾ ਇਸ ਮਹਾਨ ਰਸ ਦਾ ਹੀ ਵਰਤਾਰਾ ਸੀ। ਪੰਥ ਨੇ ਤਾਂ ਆਪਣੀਆਂ ਔਕੜਾਂ ਦਾ ਸਮਾਂ ਸੱਚ ਮੁੱਚ ਹੀ ਇਸ ਰਸ ਦੇ ਆਸਰੇ ਗੁਜ਼ਾਰਿਆ ਹੈ। ਅਤ ਭੀੜ ਸਮੇਂ ਵੀ ਸਿੰਘ ਹੱਸ ਬੋਲ ਕੇ ਹੀ ਸਮਾਂ ਟਪਾ ਲੈਂਦੇ ਸਨ। ਖਾਸ ਤੌਰ ਤੇ ਗੜਗੱਜ ਬੋਲੇ ਇਸ ਰਸ ਦੇ ਅਧਾਰ ਤੇ ਹੀ ਬਹੁਤ ਹੱਦ ਤੱਕ ਜੋੜੇ ਗਏ ਸਨ—

†"ਜੇ ਮਾਂ ਪੁੱਤੈ ਵਿਸ ਦੇ ਤਿਸੇ ਕੌਨ ਪਿਆਰਾ ।
ਜੇ ਘਰ ਭੰਨੇ ਪਾਹਰੂ ਕੌਨ ਰੱਖਨ ਹਾਰਾ।
ਆਗੂ ਲਏ ਔਜੜ ਭਵੇ ਕਿਸ ਕਰੇ ਪੁਕਾਰਾ।
ਸੇਕਰ ਖੇਤੈ ਖਾਇ ਵਾੜ ਕੌਨ ਰੱਖਨ ਹਾਰਾ।
ਜੇ ਗੁਰ ਸਾਂਗ ਵਰਤਿਆ ਕੀ ਸਿੱਖ ਵਿਚਾਰਾ।"

(ਬਾਕੀ ਦੇਖੋ ਫੁਟ ਨੋਟ ਸਫਾ ੨੦੦)

ਸੁਣ ਕੇ ਸਤਿਗੁਰੂ ਬੜੇ ਪ੍ਰਸੰਨ ਹੋਏ, ਅਤੇ ਭਾਈ ਗੁਰਦਾਸ ਸਾਹਿਬ ਨੂੰ ਛਾਤੀ ਨਾਲ ਲਾ ਨਿਵਾਜ਼ਦਿਆਂ ਹੋਇਆਂ ਸੰਗਤ ਵਿਚ ਮਾਨ ਬਖਸ਼ਿਆ ।

## ਮਾਝਾ ਤਾਰਨ

ਇਸ ਸਾਲ ੧੬੮੬ ਬਿ: ਵਿਚ ਹੀ ਸਾਹਿਬਜ਼ਾਦੇ ਸਰਜ ਮੱਲ ਦੀ ਸ਼ਾਦੀ ਅਤੇ ਤੇਗ਼ ਬਹਾਦਰ ਦੀ ਮੰਗਣੀ ਹੋਈ । ਹੁਣ ਮਾਝੇ ਦੀਆਂ ਸੰਗਤਾਂ ਦੇ ਬੇਨਤੀ ਕਰਨ ਤੇ ਸਤਿਗੁਰਾਂ ਨੇ ਮਾਝਾ ਦੇਸ ਤਾਰਨ ਲਈ ਵਹੀਰ ਸਮੇਤ ਚਾਲੇ ਪਾਏ । ਸ੍ਰੀ ਅੰਮ੍ਰਿਤਸਰੋਂ ਚਲ, ਹਜ਼ੂਰ ਵਡਾਲੀ ਆਣ ਉੱਤਰੇ । ਸੰਗਤ ਨੇ ਬੜੀ ਸੇਵਾ ਕੀਤੀ । ਸਤਿਗੁਰਾਂ ਨੇ ਸ਼ਹੀਦ ਸਤਿਗੁਰਾਂ ਦੇ ਗੁਰਦੁਆਰੇ ਵਿਚ ਮੱਥਾ ਟੇਕ, ਪ੍ਰਸ਼ਾਦਿ ਚੜ੍ਹਾਇਆ ਅਤੇ ਵਹੀਰ ਦੇ ਜੋਧਿਆਂ ਨੇ ਪਿੰਡ ਦੇ ਵੱਡਿਆਂ ਕੋਲੋਂ ਸਤਿਗੁਰਾਂ ਦੀ ਜਨਮ-ਕਥਾ ਅਤੇ ਪ੍ਰਿਥੀ ਚੰਦ ਦੀ ਕੁਚਾਲ ਦਾ ਹਾਲ ਸੁਣਿਆ । ਸਤਿਗੁਰੂ ਇਥੇ ਕੁਝ ਚਿਰ ਟਿਕੇ, ਅਤੇ ਇਕ ਦਿਨ ਸ਼ਕਾਰ ਵਿਚ ਇਕ ਭਾਰੀ ਫਿਟਿਆ ਹੋਇਆ ਸੂਰ ਮਾਰਿਆ, ਜਿਸ ਨੇ ਕਿ ਪੈਂਦੇ ਖਾਂ ਦਾ ਘੋੜਾ ਚੀਰ ਸਟਿਆ ਸੀ ਅਤੇ

---

(ਸਫਾ ੧੯੯ ਦੇ ਫੁਟ ਨੋਟ ਦੀ ਬਾਕੀ)

ਅਰਥਾਤ "ਜੇ ਮਾਂ ਹੀ ਪੁੱਤ੍ਰ ਨੂੰ ਜ਼ਹਿਰ ਦੇਵੇ, ਤਾਂ ਉਸ ਨੂੰ ਪਿਆਰ ਕੌਣ ਕਰੇ । ਜੇ ਰਖਵਾਲਾ ਹੀ ਘਰ ਭੰਨ ਲਏ, ਤਾਂ ਪਹਿਰਾ ਕੌਣ ਦੇਵੇ । ਜੇ ਰਾਹਬਰ ਹੀ ਜੰਗਲ ਵਿਚ ਲੈ ਵੜੇ, ਤਾਂ ਗਿਲਾ ਕਿਸ ਤੇ । ਜੇ ਵਾੜ ਹੀ ਖੇਤ ਖਾਵੇ, ਤਾਂ ਰਾਖਾ ਕੌਣ । ਇਸੇ ਤਰ੍ਹਾਂ ਜੇ ਸਤਿਗੁਰੂ ਹੀ ਸੁਆਂਗ ਪਲਟਾ ਕੇ ਸਿੱਖ ਨੂੰ ਭਰਮਾਨ, ਤਾਂ ਉਹ ਗਰੀਬ ਕੀ ਕਰ ਸਕਦਾ ਹੈ ?"

ਪੈਂਦੇ ਖਾਂ ਨੂੰ ਭੀ ਖਤਮ ਹੀ ਕਰਨ ਲੱਗਾ ਸੀ, ਜੋ ਉਸ ਦੀ ਦੁਹਾਈ ਸੁਣ ਸਤਿਗੁਰਾਂ ਨੇ ਸਰੋਹੀ ਮਾਰ ਉਸ ਜਾਨਵਰ ਨੂੰ ਖ਼ਤਮ ਕਰ ਦਿਤਾ। ਇਥੇ ਨਿਵਾਸ ਸਮੇਂ ਹੀ ਭਾਈ ਭਾਨੇ ਨੇ ਬਾਬੇ ਬੁੱਢੇ ਦਾ ਬੀੜ ਦੇ ਦਰਸ਼ਨਾਂ ਦੀ ਸਿੱਕ ਪ੍ਰਗਟ ਕੀਤੀ। ਸੋ ਸਤਿਗੁਰੂ ਸੰਗਤ ਸਮੇਤ ਗੁਰੂ ਕੇ ਚੱਕ ਗਏ, ਦਰਸ਼ਨ-ਮੇਲੇ ਕੀਤੇ, ਅਤੇ ਸੰਗਤਾਂ ਨੂੰ ਇਸ ਦੀ ਕਥਾ ਭੀ ਸੁਣਾਈ। ਏਥੋਂ ਸਤਿਗੁਰੂ ਸ੍ਰੀ ਤਰਨ ਤਾਰਨ ਸਾਹਿਬ ਜਾ ਉੱਤਰੇ। ਭਾਦਰੋਂ ਦੀ ਮੱਸਿਆ ਦਾ ਮੇਲਾ ਸਤਿਗੁਰਾਂ ਦੇ ਆਗਮਨ ਕਰ ਕੇ ਹੋਰ ਭੀ ਵਧੇਰੇ ਭਰਿਆ। ਬੇਅੰਤ ਸੰਗਤਾਂ ਨੂੰ ਨਾਮਦਾਨ ਮਿਲਿਆ। ਏਥੇ ਹੀ ਪੱਟੀ ਵਾਲਾ ਰਾਜਾ ਗੁਰਬਖ਼ਸ਼ ਅਤੇ ਉਸ ਦੀ ਰਾਣੀ ਸਤਵੰਤੀ ਬਿਰਧ ਅਵਸਥਾ ਵਿਚ ਸਤਿਗੁਰਾਂ ਦੇ ਦਰਸ਼ਨ ਨੂੰ ਆਏ। ਇਹ ਉਹੀ ਸੁਭਾਗ ਜੋੜੀ ਸੀ, ਜਿਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਹੋਏ ਸਨ, ਜਦੋਂ ਕਿ ਰਾਜਾ ਗੁਰਬਖ਼ਸ਼ ਦਾ ਕਸ਼ਟ ਸਤਵੰਤੀ ਦੇ ਸਤ ਦਾ ਸਦਕਾ ਉਸ ਛੱਪੜ ਵਿਚੋਂ ਨ੍ਹਾਉਣ ਕਰ ਕੇ ਹਟਿਆ ਸੀ, ਜਿਸ ਨੂੰ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸੋ੍ਵਰ ਦਾ ਰੂਪ ਦਿਤਾ, ਅਤੇ ਸਤਿਗੁਰਾਂ ਦੇ ਕਹਿਣ ਤੇ ਹੀ ਗੁਰਬਖ਼ਸ਼ ਨੂੰ, ਉਸ ਦੇ ਸਹੁਰੇ ਰਾਜੇ ਦੁਨੀ ਚੰਦ ਨੇ, ਜਿਸ ਦੇ ਘਰ ਪੁੱਤਰ ਕੋਈ ਨਹੀਂ ਸੀ, ਮੁਤਬੰਨਾ ਬਣਾ ਲਿਆ ਸੀ।

ਤਰਨ ਤਾਰਨੋਂ ਚੱਲ ਕੇ ਸਤਿਗੁਰੂ ਸਰਹਾਲੀ ਪਿੰਡ ਬਾਣੀ ਹੁੰਦੇ ਹੋਏ ਢੋਲੇ ਵਿਚ ਦੀ ਲੰਘ ਖਾਨ ਛਾਪਰੀ ਆਣ ਉਤਰੇ, ਜਿਥੇ ਭਾਈ ਹਮੀਦੇ ਨੇ ਆਪਣੇ ਖੂਹ ਤੇ ਸ਼ਹੀਦ ਸਤਿਗੁਰਾਂ ਦੀ ਬੜੀ ਸੇਵਾ ਕੀਤੀ ਸੀ। ਏਥੋਂ ਚੱਲ ਸਤਿਗੁਰੂ

ਗੋਇੰਦਵਾਲ ਸਾਹਿਬ ਜਾ ਟਿਕੇ, ਤਾਂ ਭਾਈ ਗੁਰਦਾਸ ਜੀ ਨੇ ਆਪਣਾ ਸਮਾਂ ਨੇੜੇ ਆਇਆ ਦੇਖ, ਸਤਿਗੁਰਾਂ ਅੱਗੇ ਅਰਜ਼ ਕੀਤੀ ਕਿ ਉਹ ਹਜ਼ੂਰੀ ਵਿਚ ਹੀ ਉਹਨਾਂ ਦਾ ਅੰਤ ਹੋਣ ਦੀ ਕ੍ਰਿਪਾ ਕਰਨ। ਚੁਨਾਂਚਿ ਭਾਦਰੋਂ ਸ਼ੁਦੀ ੫ ਸੰ: ੧੬੮੬ ਬਿ: ਨੂੰ ਆਸਾ ਦੀ ਵਾਰ ਦਾ ਕੀਰਤਨ ਸੁਣਦਿਆਂ ਸੁਣਦਿਆਂ ਹੀ *ਭਾਈ ਗੁਰਦਾਸ ਜੀ ਨਿਜ ਅਨੰਦ ਵਿਚ ਸਮਾ ਗਏ। ਸਤਿਗੁਰੂ ਗ਼ਰੀਬ-ਨਿਵਾਜ਼ ਗੋਇੰਦਵਾਲ ਸਾਹਿਬ ਤੋਂ ਵਾਪਸ ਸ੍ਰੀ ਅੰਮ੍ਰਿਤਸਰ ਆਏ ਤੇ ਕੁਝ ਦਿਨ ਠਹਿਰੇ। ਇਸ ਸਮੇਂ ਹੀ ਭਾਈ ਅਲਮਸਤ ਨਾਨਕ ਮਤੇ ਤੋਂ ਸਤਿਗੁਰਾਂ ਦੇ ਦਰਸ਼ਨਾਂ ਲਈ ਆਇਆ ਅਤੇ ਰਾਜਾ ਬਾਜ ਬਹਾਦਰ ਦੀ ਤਰਫੋਂ ਸਤਿਗੁਰਾਂ ਨੂੰ ਭੇਜੀ ਹੋਈ ਕਾਰ ਭੇਟ ਪੇਸ਼ ਕੀਤੀ। ਦੀਪਮਾਲਾ

---

*ਭਾਈ ਗੁਰਦਾਸ ਸਾਹਿਬ ਸਿੱਖੀ ਮੰਡਲ ਵਿਚ ਚੋਟੀ ਦੇ ਗੁਰਸਿੱਖ ਮਰਯਾਦਾ ਪ੍ਰਸ਼ੋਤਮ ਅਤੇ ਵਿਦਿਵਾਨ ਸਿੱਖ ਹੋਏ ਹਨ। ਇਹਨਾਂ ਨੂੰ ਗੁਰੂ ਘਰ ਦੀ ਵਿਦਿਆ ਤੋਂ ਬਿਨਾਂ ਹਿੰਦੂ ਦਰਸ਼ਨ ਸ਼ਾਸਤਰ ਅਤੇ ਇਸਲਾਮੀ ਸਾਹਿਤ ਦੀ ਵਾਕਫੀਅਤ ਸੀ। ਆਪ ਦੀਆਂ ਦੋ ਕਿਤਾਬਾਂ ਸਿਖ ਪੰਥ ਵਿਚ ਮੁਸਤਨਿਦ ਸਮਝੀਆਂ ਜਾਂਦੀਆਂ ਹਨ। ਇਹ ਦੋਵੇਂ ਕਵਿਤਾ ਵਿਚ ਹਨ। ਇਕ ਦਾ ਛੰਦ ਪਉੜੀ ਹੈ ਅਤੇ ਦੂਸਰੀ ਦਾ ਕਬਿੱਤ। ਵਾਰਾਂ ਪੰਜਾਬੀ ਵਿਚ ਹਨ ਅਤੇ ਕਬਿੱਤ ਬ੍ਰਜ ਭਾਸ਼ਾ ਵਿਚ। ਇਹਨਾਂ ਦੋਹਾਂ ਪੁਸਤਕਾਂ ਦੇ ਪੜ੍ਹਨ ਤੋਂ ਭਾਈ ਸਾਹਿਬ ਜੀ ਦੇ ਭਾਸ਼ਾ ਦੇ ਕਮਾਲ ਦਾ ਪਤਾ ਲਗਦਾ ਹੈ। ਜੇ ਆਪ ਨੇ ਪੰਜਾਬੀ ਲਿਖੀ ਹੈ, ਤਾਂ ਜ਼ਬਾਨ ਦਾ ਹੜ ਵਗਾ ਦਿੱਤਾ ਹੈ; ਜੇ ਭਾਸ਼ਾ ਲਿਖੀ ਹੈ, ਤਾਂ ਆਹੁਦੀ ਕਰ ਦਿੱਤੀ ਹੈ। ਫਲਸਫੇ ਵਿਚ ਆਪ ਨੂੰ ਕੀ ਪਦ ਪ੍ਰਾਪਤ ਸੀ, ਇਸ ਦਾ ਜਵਾਬ ਇਤਿਹਾਸ ਇਹੋ ਦੇਂਦਾ ਹੈ ਕਿ ਆਪ ਨੇ ਆਪਣੀ ਵਿਜੇ ਦਾ ਝੰਡਾ ਕਾਂਸ਼ੀ ਵਿਚ ਗੱਡਿਆ ਅਤੇ ਕਾਸ਼ੀ ਨਰੇਸ਼ ਨੂੰ ਆਪਣਾ ਸ਼ਗਿਰਦ ਬਣਾਇਆ।

ਦਾ ਮੇਲਾ ਸਤਿਗੁਰਾਂ ਨੇ ਅੰਮ੍ਰਿਤਸਰ ਹੀ ਕੀਤਾ ਅਤੇ ਫਿਰ ਸੰਗਤਾਂ ਦੇ ਬੇਨਤੀ ਕਰਨ ਤੇ "ਜਗਤ ਉਧਰਨ ਅਰਥੇ" ਵਟਾਲੇ ਦੇ ਪਿੰਡ ਵਿਚ ਘੁਮਾਣ ਪਿੰਡ ਜਾ ਉਤਰੇ। ਇਥੇ ਭਗਤ ਨਾਮਦੇਵ ਦੇ ਡੇਹਰੇ ਤੇ ਕੱਤਕ ਦੀ ਪੂੰਨਿਆਂ ਦਾ ਮੇਲਾ ਭਰਦਾ ਸੀ। ਬੇਅੰਤ ਸੰਗਤ ਦਰਸ਼ਨ ਨੂੰ ਆਈ। ਜਾਂ ਬੰਸੀ ਤੇ ਸੋਭਾ ਜੋ ਬੈਰਾਗੀਆਂ ਦੇ ਚੇਲੇ ਸਨ, ਗੁਰ-ਮੱਤ ਧਾਰਨ ਕਰ, ਸਿੱਖ ਬਣੇ, ਤਾਂ ਦਾਤਾਰ ਪੁਰੀਏ ਮਹੰਤ ਜੱਲੋ ਬੈਰਾਗੀ ਨੇ ਬਹੁਤ ਰੌਲਾ ਪਾਇਆ ਤੇ ਬਤਾਲੀਏ ਚੌਧਰੀ ਪੱਲੇ ਨੂੰ, ਜੋ ਚੌਰਾਸੀਆਂ ਪਿੰਡਾਂ ਦਾ ਮਾਲ-ਗੁਜ਼ਾਰ ਸੀ, ਆਪਣੀ ਮਦਦ ਲਈ ਸੱਦਿਆ। ਚੌਧਰੀ ਨੇ ਕਿਹਾ, "ਲੜਾਈ ਤੇ ਇਹਨਾਂ ਨਾਲ ਸ਼ਾਹੀ ਫ਼ੌਜਾਂ ਨਹੀਂ ਲੜ ਸਕਦੀਆਂ। ਸੰਤ ਜੀ, ਕੋਈ ਫ਼ਕੀਰੀ ਦਾ ਪੇਚ ਹੀ ਲਗਾਓ।" ਜੱਲੋ ਨੇ ਕ੍ਰੋਧ ਆਤੁਰ ਹੋ ਬਹੁਤ ਹੇਰ-ਫੇਰ ਕੀਤੇ, ਪਰ ਸਤਿਗੁਰਾਂ ਦੇ ਸ਼ਾਂਤ-ਸੁਭਾਵ ਤੇ ਸਿੱਖੀ ਦੀ ਸਚਾਈ ਅੱਗੇ ਟਿਕ ਨਾ ਸਕਿਆ। ਓੜਕ ਉਹ ਚਰਨੀ ਢੱਠਾ ਅਤੇ ਸਿੱਖ ਬਣਿਆ। ਜੱਲੋ ਨੂੰ ਦੇਖ ਚੌਧਰੀ ਪੱਲੇ ਨੇ ਭੀ ਗੁਰਮਤ ਧਾਰਨ ਕੀਤੀ। ਫਿਰ ਸਤਿਗੁਰੂ ਭੜਾਨੇ ਜਾ ਉਤਰੇ। ਸੰਧੂਆਂ ਨੇ ਜੱਲਣ ਭਗਤ ਦੇ ਪ੍ਰੇਰੇ ਹੋਏ ਬਹੁਤ ਸੇਵਾ ਕੀਤੀ। ਜੱਲ੍ਹਣ ਆਪ ਤੇ ਉਹਨਾਂ ਦੀ ਪਤਨੀ ਰਾਮਨੀ ਭੀ ਨੁਸ਼ਿਹਰਿਓਂ ਆ ਸੰਗਤ ਦੀ ਸੇਵਾ ਵਿਚ ਹਿੱਸਾ ਲੈਣ ਲੱਗੇ। ਸਤਿਗੁਰਾਂ ਨੇ ਜੱਲ੍ਹਣ ਨੂੰ ਖੁਸ਼ੀ ਬਖ਼ਸ਼ੀ। ਉਥੋਂ ਚੱਲ ਉਹ ਰਾਮ ਤੀਰਥ ਆਣ ਠਹਿਰੇ। ਦੁੰਦੂ ਰਾਮ ਬੈਰਾਗੀ ਨੇ ਸੇਵਾ ਕਰ ਜਨਮ ਸਫਲਾ ਕੀਤਾ। ਭਾਵੇਂ ਉਸ ਦੀ ਇੱਛਾ ਕੁਝ ਚਿਰ ਹੋਰ ਠਹਿਰਾਉਣ ਦੀ ਸੀ, ਪਰ ਸਤਿਗੁਰਾਂ ਦੀ ਆਗਿਆ ਅਨੁਸਾਰ ਵਹੀਰ

ਅਗਲੇ ਦਿਨ ਉਥੋਂ ਟੁਰ, ਸ੍ਰੀ ਅੰਮ੍ਰਿਤਸਰ ਸਾਹਿਬ ਆਣ ਪੁੱਜਾ।

## ਮਾਲਵਾ ਤਾਰਨ

ਸਤਿਗੁਰੂ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਟਿਕੇ ਹੋਏ ਸਨ, ਪਰ ਹਕੂਮਤ ਵੱਲੋਂ ਜੋ ਖ਼ਬਰਾਂ ਆ ਰਹੀਆਂ ਸਨ, ਉਹਨਾਂ ਦਾ ਭੀ ਪ੍ਰਬੰਧ ਕਰਨਾ ਜ਼ਰੂਰੀ ਸੀ, ਕਿਉਂਕਿ ਜਦੋਂ ਸ਼ਾਹ ਜਹਾਨ ਪੰਜਾਬ ਦਾ ਦੌਰਾ ਕਰਦਾ ਹੋਇਆ ਜਾਲੰਧਰ ਪੁੱਜਾ ਸੀ, ਤਾਂ ਅਬਦੁੱਲਾ ਖ਼ਾਂ ਸੂਬੇਦਾਰ ਦੇ ਪੁੱਤਰ ਵਲੀ ਖ਼ਾਂ ਨੇ ਮੌਕਾ ਤਾੜ ਬਾਦਸ਼ਾਹ ਕੋਲ ਆਪਣੇ ਬਾਪ ਦੇ ਕਤਲ ਦਾ ਜ਼ਿਕਰ ਕਰਦਿਆਂ ਹੋਇਆਂ ਗੁਰੂ ਘਰ ਦੀ ਸ਼ਕਾਇਤ ਕੀਤੀ ਸੀ। ਉਸ ਨੇ ਇਹ ਭੀ ਕਿਹਾ, "ਸਿਖ ਭਾਰੀ ਤਾਕਤ ਫੜ ਰਹੇ ਹਨ ਤੇ ਉਹਨਾਂ ਨੇ ਕਈ ਵੇਰ ਭਾਰੀ ਭਾਰੀ ਫ਼ੌਜ ਨੂੰ ਸ਼ਿਕਸਤ ਦਿਤੀ ਹੈ।"

ਸ਼ਾਹ ਜਹਾਨ, ਜੋ ਪਹਿਲਾਂ ਹੀ ਗੁਰੂ ਘਰ ਦੇ ਦਿਲੋਂ ਖ਼ਿਲਾਫ਼ ਸੀ, ਵਲੀ ਖ਼ਾਂ ਦੀ ਗੱਲ ਸੁਣ ਰੋਹ ਵਿਚ ਆ ਗਿਆ ਤੇ ਉਸ ਨੇ ਕਾਸਮ ਬੇਗ ਲਾਹੌਰ ਦੇ ਸੂਬੇ ਨੂੰ ਹੁਕਮ ਦਿਤਾ ਕਿ ਉਹ ਵੀਹ ਹਜ਼ਾਰ ਫ਼ੌਜ ਲੈ ਅੰਮ੍ਰਿਤਸਰ ਤੇ ਚੜ੍ਹੇ ਤੇ (ਸਤਿ,ਗੁਰੂ (ਜੀ) ਨੂੰ ਫੜ ਕੇ ਬਾਦਸ਼ਾਹ ਦੇ ਹਾਜ਼ਰ ਕਰੇ। ਭਾਵੇਂ ਗੋਇੰਦਵਾਲ ਦੇ ਅਸਥਾਨ ਤੇ ਵਜ਼ੀਰ ਖ਼ਾਂ ਨੇ ਬਾਦਸ਼ਾਹ ਨੂੰ ਸਮਝਾ ਕੇ ਇਸ ਹੁਕਮ ਦੀ ਫ਼ੌਰੀ ਤਾਮੀਲ ਰੁਕਵਾ ਹੀ ਦਿੱਤੀ ਸੀ, ਪਰ ਫਿਰ ਭੀ ਕਾਸਮ ਬੇਗ ਲਾਹੌਰੀ ਮੌਕੇ ਦੀ ਤਾੜ ਵਿਚ

ਹੀ ਰਹਿੰਦਾ ਸੀ ਕਿ ਉਹ ਸਮਾਂ ਬਣਨ ਤੇ ਸਿੱਖਾਂ ਤੇ ਹਮਲਾ ਕਰੇ ।

ਸਤਿਗੁਰੂ ਗ਼ਰੀਬ-ਨਿਵਾਜ਼ ਹਾਕਮਾਂ ਦੇ ਇਹਨਾਂ ਘੱਸ-ਮਸੋਰਿਆਂ ਤੋਂ ਵਾਕਫ਼ ਸਨ । ਚੁਨਾਂਚਿ ਉਹਨਾਂ ਨੇ ਕੁਝ ਸਮਾਂ ਪਹਿਲਾਂ ਹੀ ਆਪਣੇ ਟਿੱਕੇ ਗੁਰਦਿੱਤਾ ਜੀ ਨੂੰ ਭੇਜ, ਤਾਰਾ ਚੰਦ ਕੈਲੋਰ ਪਤੀ, ਜੋ ਦਿਲੀ ਦੀ ਹਕੂਮਤ ਦੀ ਈਨ ਨਹੀਂ ਸੀ ਮੰਨਦਾ ਤੇ ਜ਼ਮੀਨ ਲੈ ਪਹਾੜੀ ਇਲਾਕੇ ਵਿਚ ਕੀਰਤ ਪੁਰ ਨਗਰ ਬਣਵਾ ਛੱਡਿਆ ਹੋਇਆ ਸੀ, ਤਾਕਿ ਲੋੜ ਸਮੇਂ ਉਥੇ ਮੋਰਚਾ ਲਗਾ, ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕੀਤਾ ਜਾ ਸਕੇ। ਹੁਣ ਸਤਿਗੁਰਾਂ ਨੇ ਕੁਝ ਤਾਂ ਇਸ ਯੁੱਧ-ਰੀਤੀ ਦੇ ਖ਼ਿਆਲ ਨਾਲ ਤੇ ਕੁਝ ਮਾਲਵੇ ਦੀ ਸੰਗਤ ਦੇ ਜ਼ੋਰਦਾਰ ਬੇਨਤੀ ਕਰਨ ਤੇ ਅੰਮ੍ਰਿਤਸਰੋਂ ਮਾਲਵੇ ਨੂੰ ਚਾਲੇ ਪਾ ਦਿਤੇ, ਅਤੇ ਤਰਨ ਤਾਰਨ ਸਾਹਿਬ ਤੋਂ ਹੁੰਦੇ ਹੋਏ ਹਰੀਕੇ ਪੱਤਣੋਂ ਲੰਘ ਮਾਲਵੇ ਜਾ ਪੈਰ ਪਾਏ। ਬੇਅੰਤ ਸੰਗਤਾਂ ਦਰਸ਼ਨਾਂ ਹਿਤ ਆਈਆਂ ਅਤੇ ਭਾਈ ਸਾਈਂ ਦਾਸ ਤੇ ਹੋਰ ਪ੍ਰੇਮੀ ਰਲ ਅੱਗੋਂ ਦੀ ਆ ਸਤਿਗੁਰਾਂ ਨੂੰ ਡਰੌਲੀ ਲੈ ਗਏ । ਸਤਿਗੁਰੂ ਬਹੁਤ ਦਿਨ ਇਥੇ ਟਿਕੇ ਰਹੇ ਅਤੇ ਸੰ: ੧੬੮੮ ਵਿਚ ਆਪਣੀ ਹਜ਼ੂਰੀ ਵਿਚ ਉਥੇ ਖੂਹ ਲਗਵਾਇਆ, ਜੋ ਹੁਣ ਤਕ ਉਥੇ ਮੌਜੂਦ ਹੈ। ਸਤਿਗੁਰਾਂ ਨੇ ਸੁਨੇਹਾ ਭੇਜ ਕੇ ਟਿੱਕੇ ਨੂੰ ਕੀਰਤਪੁਰੋਂ ਤੇ ਪ੍ਰਵਾਰ ਨੂੰ ਕਰਤਾਰ ਪੁਰੋਂ ਸੱਦ ਭੇਜਿਆ । ਸਾਰੇ ਪ੍ਰਵਾਰ ਦੇ ਇਕੱਠ ਨਾਲ ਇਥੇ ਭਾਰੀ ਰੌਣਕ ਹੋ ਗਈ ਅਤੇ ਇਥ ਹੀ ਹਾੜ ਸੁਦੀ ਪੰਜਵੀਂ ਸੰ: ੧੬੮੯ ਬਿ: ਨੂੰ ਦਮੋਦਰੀ ਜੀ ਨੇ ਸੱਚ ਖੰਡ ਚਲਾਣੇ ਕੀਤੇ।

# ਅਨੋਖੀ ਉਡੀਕ

ਗੁਰ-ਸਿੱਖੀ ਕੀ ਹੈ ? ਪ੍ਰੇਮ ਦੀ ਲੀਲ੍ਹਾ, ਪਿਆਰ ਦਾ ਡਰਾਮਾ, ਜਿਸ ਵਿਚ ਤਾਂਘਾਂ, ਤੜਪਾਂ ਤੇ ਸਿੱਕਾਂ ਨਾਟ ਕਰਦੀਆਂ ਹਨ। ਤਾਂਘ ਉਭਰਦੀ ਹੈ, ਸਿੱਕਾਂ ਵਿਰਕਦੀਆਂ ਹਨ, ਤੜਪਾਂ ਬੇ-ਕਰਾਰ ਕਰਦੀਆਂ ਹਨ। ਤਾਂਘ ਚਕੋਰ ਦੀ, ਸਿੱਕ ਚਾਤ੍ਰਿਕ ਦੀ ਤੇ ਤੜਪ ਪਾਰੇ ਦੀ ਭੀ ਉਹ ਜੋਸ਼ ਨਹੀਂ ਦਿਖਾ ਸਕਦੀ, ਜੋ ਗੁਰਸਿੱਖ ਦਾ ਸਿੱਖੀ ਪਿਆਰ ਵਿਚ ਆਇਆ ਹੋਇਆ ਮਨ ਪੇਸ਼ ਕਰਦਾ ਹੈ। ਹੋਵੇ ਭੀ ਕਿਉਂ ਨਾ, ਸਿੱਖੀ ਮਾਰਗ ਦਾ ਮਨੋਰਥ ਕਤਰੇ ਨੂੰ ਸਾਗਰ ਵਿਚ ਮਿਲਾਣਾ ਹੈ। ਕੌਣ ਨਹੀਂ ਜਾਣਦਾ ਕਿ ਵਿਛੜੇ ਹੋਏ ਕਤਰੇ ਲਈ ਸਾਗਰ ਵਿਚ ਮਿਲਣ ਹਿਤ ਕੀ ਕੀ ਨਹੀਂ ਸਹਾਰਨਾ ਪੈਂਦਾ। ਸੂਰਜ ਦੇ ਕੰਧੇ ਚੜ੍ਹ ਭਾਪ ਬਣਨਾ, ਉੱਚੇ ਮੰਡਲਾਂ ਦੀ ਠੰਡੀ ਹਵਾ ਖਾ ਬੱਦਲ ਬਣਨਾ, ਖਿੱਚ ਖਾ ਬਰਸ ਬੂੰਦ ਹੋਣਾ, ਪਰਬਤਾਂ ਦੀਆਂ ਚੋਟੀਆਂ ਤੋਂ ਸਿਲਾਂ ਤੇ ਚਟਾਨਾਂ ਨਾਲ ਟਕਰਾ ਟਕਰਾ ਮੂੰਦੜੇ ਮੂੰਹ ਆਬਸ਼ਾਰ ਨਾਲ ਰਲ, ਨਦੀ ਵਿਚ ਦੀ ਹੋ, ਚਿਰਾਂ ਦੀ ਘਾਲ ਪਿਛੋਂ ਸਾਗਰ ਨਾਲ ਜਾ ਮਿਲਾਪ ਪ੍ਰਾਪਤ ਹੁੰਦਾ ਹੈ। ਰੂਹਾਨੀ ਜਗਤ ਵਿਚ ਸਿਖ ਭੀ ਇਕ ਕਤਰਾ ਹੈ, ਜਿਸ ਨੇ ਗੁਰੂ ਸਾਗਰ ਵਿਚ ਸਮਾਣਾ ਹੈ। ਇਸ ਲਈ ਘਾਲ ਭੀ ਕਤਰੇ ਵਾਂਗ ਹੀ ਘਾਲਦਾ ਹੈ; 'ਨਿਵਾਣਾਂ ਨੂੰ ਪਾਣੀ ਦੇ ਤੇਜ਼ ਦੌੜਨ ਵਾਂਗ ਗ਼ਰੀਬ ਹਿਰਦਿਆਂ ਵਿਚ ਸਿਖੀ ਦੇ ਵਿ ਨ ਭੀ ਤਿਖੇ

ਵੇਗ ਅਖ਼ਤਿਆਰ ਕਰਦੇ ਹਨ। ਚੁਨਾਂਚਿ ਇਹਨਾਂ ਦਿਨਾਂ ਵਿਚ ਹੀ, ਜਦ ਕਿ ਸਤਿਗੁਰੂ ਡਰੌਲੀ ਟਿਕੇ ਹੋਏ ਸਨ, ਇਕ ਅਜੇਹੀ ਹੀ ਪ੍ਰੇਮ-ਲੀਲ੍ਹਾ ਹੋਈ।

ਭਾਈ ਸਾਧੂ ਨੂੰ, ਜਿਸ ਨੂੰ ਕਿ ਆਪਣੀ ਪਤਨੀ ਦੇ ਗੁਰ-ਪ੍ਰੇਮ ਕਰ ਕੇ ਸਿਖੀ ਪ੍ਰਾਪਤ ਹੋਈ ਸੀ, ਗੁਰੂ ਮੇਹਰ ਕਰ ਪੁੱਤਰ ਦੀ ਦਾਤ ਪ੍ਰਾਪਤ ਹੋਈ। ਬੱਚੇ ਦਾ ਨਾਮ ਰੂਪ ਚੰਦ ਸੀ। ਰੂਪ ਵਿਚ ਮਾਤਾ ਤੇ ਪਿਤਾ ਦੋਹਾਂ ਵੱਲੋਂ ਸਿਖੀ ਸੰਸਕਾਰ ਵਿਰਸੇ ਵਿਚ ਆਏ ਸਨ, ਜਿਸ ਕਰ ਕੇ ਉਸ ਦੇ ਤਨ ਮਨ ਚਮਕ ਉੱਠੇ ਤੇ ਉਹ ਰੂਪ, ਰੂਪ ਦਾ ਚੰਦ ਅਖਵਾਇਆ। ਇਕ ਦਿਨ ਪਿਓ ਪੁਤਰ ਦੀ ਸੁਭਾਗ ਜੋੜੀ ਲੱਕੜੀ ਦੀ ਕਿਰਤ ਕਰਨ ਵਾਲੇ ਹੋਣ ਕਰ ਕੇ ਜੰਗਲ ਵਿਚ ਇਕ ਰੁਖ ਵੱਢਣ ਵਾਸਤੇ ਗਏ। ਗੁਰ-ਸਿਖਾਂ ਦੀ ਰੀਤ ਅਨੁਸਾਰ ਪਿਓ ਪੁੱਤਾਂ ਦਾ ਹੱਥ ਕਾਰ ਵੱਲ ਤੇ ਦਿਲ ਯਾਰ ਵੱਲ ਸੀ। ਜਿਥੇ ਬਲ ਹੱਥੀਂ ਕੁਹਾੜਾ ਮਾਰ ਮਾਰ ਰੁਖ ਵੱਢ ਰਹੇ ਸਨ, ਉਥੇ ਭਾਗੀਂ ਭਰੀਆਂ ਰਸਨਾਂ ਨਾਮ ਜਪ ਜਪ ਮੋਹ ਬੰਦਨ ਉਡਾ ਰਹੀਆਂ ਸਨ। ਪ੍ਰੇਮ ਰੰਗ ਰੱਤੇ ਸੁਭਾਗ ਕਿਰਤੀਆਂ ਨੂੰ ਕੰਮ ਕਰਦਿਆਂ ਤ੍ਰਿੱਖੜ ਦੁਪਹਿਰ ਹੋ ਗਈ। ਦੇਸ ਮਾਲਵਾ ਸੀ ਤੇ ਉਹ ਭੀ ਨਹਿਰਾਂ ਆਉਣ ਤੋਂ ਪਹਿਲਾਂ ਦਾ। ਸਖ਼ਤ ਲੂ ਤੇ ਲੋਹੜੇ ਦੀ ਗਰਮੀ ਨੇ ਪਿਆਸ ਨਾਲ ਵਿਆਕਲ ਕਰ ਦਿਤਾ, ਤਾਂ ਕੁਹਾੜਾ ਜ਼ਮੀਨ ਤੇ ਸੁਟਦਿਆਂ ਹੋਇਆਂ ਸਾਧੂ ਨੇ ਕਿਹਾ, "ਰੂਪ ਪੁਤ੍ਰ, ਪਾਣੀ ਦਾ ਕੁੰਨਾ ਲਾਹ ਲਿਆ। ਦੋ ਦੋ ਘੁੱਟ ਪੀ ਲਈਏ। ਤੇਹ ਬੜਾ ਤੰਗ ਕਰ ਰਹੀ ਹੈ।" ਬੇਟਾ ਭੀ ਪਿਆਸਾ ਸੀ। ਪਿਤਾ ਦੀ ਆਗਿਆ ਹੁੰਦਿਆਂ

ਹੀ ਕੁਹਾੜਾ ਜ਼ਮੀਨ ਤੇ ਸੁੱਟ ਵਣ ਦੀ ਟਾਹਣੀ ਨਾਲੋਂ ਜਾ ਕੁੰਨਾ ਖੋਲ੍ਹਣ ਲੱਗਾ। ਇਹ ਇਕ ਈਸ਼ਵਰੀ ਦਾਤ ਹੀ ਹੈ ਕਿ ਗਰਮ ਦੇਸਾਂ ਵਿਚ ਲੂਆਂ ਦੇ ਚੱਲਣ ਨਾਲ ਕੁੰਨਿਆਂ ਦੇ ਪਾਣੀ ਵਧੇਰੇ ਠਰ ਜਾਂਦੇ ਹਨ। ਜਾਂ ਰੂਪ ਚੰਦ ਨੇ ਕੁੰਨੇ ਨੂੰ ਹੱਥ ਪਾਇਆ, ਤਾਂ ਉਹ ਠੰਢਾ ਠਾਰ ਸੀ ਤੇ ਉਹਦੇ ਵਿਚੋਂ ਡਿਗੇ ਹੋਏ ਪਾਣੀ ਦੇ ਕਤਰਿਆਂ ਨੇ ਰੂਪ ਚੰਦ ਦੇ ਕੁਹਾੜਾ ਵਾਹ ਚੁਕੇ ਗਰਮ ਹੱਥ ਨੂੰ ਹੋਰ ਭੀ ਠੰਢਕ ਪਹੁੰਚਾਈ। ਰੂਪ ਕੁੰਨਾ ਲੈ ਆਇਆ। ਪਰ ਪਿਤਾ ਦੇ ਨੈਣਾਂ ਵਿਚ ਨੈਣ ਪਾ ਉਸ ਨੇ ਕਿਹਾ, "ਬਾਪੂ, ਪਾਣੀ ਬਹੁਤ ਠਰ ਗਿਆ ਹੈ।" ਸਿਖ ਪਿਤਾ ਨੇ ਆਪਣੇ ਸਿਖ ਬੇਟੇ ਦੀਆਂ ਅੱਖਾਂ ਵਿਚੋ ਇਕ ਸ਼ਰਧਾ ਭਰਿਆ ਖਿਆਲ ਪੜ੍ਹਿਆ ਤੇ ਕਹਿਣ ਲਗਾ, "ਰੂਪ, ਹਾਂ ਪਾਣੀ ਜ਼ਰੂਰ ਠਰ ਗਿਆ ਹੋਣਾ ਹੈ। ਫਿਰ ਤੇਰੀ ਕੀ ਮਰਜ਼ੀ ਹੈ?"

"ਮੈਂ ਚਾਹੁੰਦਾ ਹਾਂ ਇਹ ਠੰਢਾ ਤੇ ਸੁਆਦਲਾ ਪਾਣੀ ਕਿਸੇ ਮਿੱਠੇ ਤੇ ਸੁਆਦਲੇ ਦੇ ਮੂੰਹ ਲਗੇ ਤੇ ਫਿਰ ਅਸੀਂ ਪੀਵੀਏ।" ਸਾਧੂ ਨੇ ਕਿਹਾ, "ਮਿੱਠੇ ਪ੍ਰੀਤਮ ਆਏ ਹੋਏ ਹਨ। ਮਾਲਵਾ ਤਰ ਰਿਹਾ ਹੈ। ਕੋਈ ਬੜੀ ਗੱਲ ਤੇ ਨਹੀਂ, ਜੇ ਸਾਡੀ ਭੀ ਸੁਣ ਲੈਣ ਤੇ ਭੇਟਾ ਆ ਕਬੂਲਣ।"

ਰੂਪ ਚੰਦ ਨੇ ਕਿਹਾ, "ਬਾਪੂ ਅਰਦਾਸ ਕਰ!"

ਅਰਦਾਸ ਹੋਣ ਲੱਗ ਪਈ। ਪਾਣੀ ਦਾ ਕੁੰਨਾ ਉਸੇ ਰੁੱਖ ਨਾਲ ਫਿਰ ਬੰਨ੍ਹ ਦਿਤਾ ਗਿਆ ਤੇ ਪਿਓ ਪੁਤ੍ਰ ਉਡੀਕ ਵਿਚ ਬੈਠ ਗਏ। ਪ੍ਰੇਮ ਦੀਆਂ ਖਿੱਚਾਂ ਦੁਪਾਸੇ ਪੈਂਦੀਆਂ ਹਨ। ਜੇ ਸੱਚਾ ਹੋਵੇ, ਤਾਂ ਇਹ ਦੁਗਾੜਾ ਹੁੰਦਾ ਹੈ, ਜੋ ਦੋਹੀਂ ਪਾਸੀਂ ਕੰਮ ਕਰ ਜਾਂਦਾ ਹੈ। ਰੂਪ ਨਹੀਂ ਦੇਖਦਾ, ਜ਼ਾਤ ਨਹੀਂ

ਵਿਚਾਰਦਾ, ਹੈਸੀਅਤ ਨਹੀਂ ਪਰਖਦਾ, ਤੜਪ ਨੂੰ ਤੋਲਦਾ ਹੈ। ਖਿੱਚਾਂ ਨਾਲ ਖਿਚਿਆ ਜਾਂਦਾ ਹੈ। ਉਡੀਕਾਂ ਤੇ ਉਮਡ ਪੈਂਦਾ ਹੈ; ਭੇਟਾ ਤੇ ਰੀਝਦਾ ਹੈ, ਜੇ ਹੋਵੇ ਪ੍ਰੇਮ ਭਰੀ। ਸੌਦਿਆਂ ਦੀ ਸੱਦ ਨਹੀਂ ਸੁਣਦਾ, ਵਪਾਰਾਂ ਵਲ ਵੇਖਦਾ ਨਹੀਂ। ਇਥੇ ਭੇਟਾ ਆਮ ਨਿਗਾਹ ਵਿਚ ਤੱਕਿਆ ਹੋਇਆ ਸਧਾਰਨ ਸੀ। ਇਕ ਠੰਢੇ ਪਾਣੀ ਦਾ ਕੂਜ਼ਾ, ਜਿਸ ਦੇ ਵਿਚੋਂ ਚਾਰ ਘੁੱਟ ਪੀਣੇ ਸਨ। ਪਰ ਪ੍ਰੀਤ-ਨੈਣਾਂ ਨਾਲ ਤਕਿਆ ਇਹ ਪਾਣੀ ਸੈਂਕੜੇ ਆਬਹਯਾਤਾਂ ਨਾਲੋਂ ਸੋਹਣਾ ਤੇ ਖੀਰ ਸਮੁੰਦਰ ਦੇ ਅੰਮ੍ਰਿਤਾਂ ਤੋਂ ਉਚੇਰਾ ਸੀ। ਇਸ ਦੇ ਪਿਛੇ ਦੋ ਜਿੰਦੜੀਆਂ ਜ਼ਿੰਦਗੀ ਤੇ ਮੌਤ ਦੀ ਕਸ਼-ਮਕਸ਼ ਵਿਚ ਜਟ ਰਹੀਆਂ ਸਨ। ਦੋ ਸੁੱਚੀਆਂ ਰੂਹਾਂ ਲੁਛ ਰਹੀਆਂ ਸਨ। ਨੈਣਾਂ ਤੇ ਦੋ ਖੂਹ ਜੁਪੇ ਹੋਏ ਸਨ, ਜਿਨ੍ਹਾਂ ਦੀ ਘਾੜ ਦੇ ਇਕ ਇਕ ਕਤਰੇ ਤੋਂ ਲੱਖਾਂ ਮਣਾਂ ਦੀਆਂ ਫੁਲਵਾੜੀਆਂ ਸਰਸਬਜ਼ ਹੋ ਸਕਦੀਆਂ ਸਨ। ਹੁਣ ਪਈ ਖਿਚ ਤੇ ਦੌੜੇ ਸੁਹੇਲਿ ਦੇ ਸ਼ਾਹਸੁਆਰ। ਨਾ ਵੇਖਿਆ ਸਾਥੀਆਂ ਵਲ ਤੇ ਨਾ ਉਡੀਕ ਕੀਤੀ ਕਿਸੇ ਰਾਹ ਦੇ ਸੂਹੇ ਦੀ। ਸਰਪੱਟ ਘੋੜੇ ਨੂੰ ਦੁੜਾ ਚੱਲ ਪਏ ਮਾਲਕ ਮਿਹਰਾਂ ਦੇ ਤੇ ਪਾਰਖੂ ਪ੍ਰੀਤਾਂ ਦੇ।

ਏਧਰ ਪਿਆਸ ਨੇ ਭੀ ਆਪਣਾ ਕੰਮ ਕਰਨਾ ਸ਼ੁਰੂ ਕਰ ਦਿਤਾ ਲਬ ਸੁਕ ਗਏ ਅਤੇ ਕੰਠ ਰੁਕ ਗਏ। ਅਰਦਾਸ ਹੁਣ ਜ਼ਬਾਨੀ ਹੋਣੋਂ ਰਹਿ ਗਈ ਤੇ ਨੈਣਾਂ ਵਿਚ ਆ ਠਹਿਰੀ। ਪੁਤਲੀਆਂ ਆਪਣੀ ਜ਼ਬਾਨ ਬੋਲਣ ਲੱਗੀਆਂ। ਅੱਖਾਂ ਦੀ ਥਾਂ ਅਥਰੂਆਂ ਨੇ ਲੈ ਲਈ। ਥੋੜ੍ਹੀ ਦੇਰ ਹੋਰ ਗੁਜ਼ਰੀ, ਤਾਂ ਪ੍ਰਕਿਰਤਕ ਕਮਜ਼ੋਰੀ ਦੇ ਕਾਰਨ ਨੈਣ ਵੀ ਮੁੰਦ ਗਏ। ਦਿਮਾਗ਼ ਕੰਮ ਕਰਨੋਂ ਰੁਕ ਗਿਆ। ਸਰੀਰ ਬੇਹੋਸ਼ ਹੋ ਗਿਆ। ਇਕੋ

ਦਿਲ ਹਰਿਆ ਭਰਿਆ ਰਿਹਾ । ਏਨੇ ਵਿਚ ਸ਼ਾਹਸਵਾਰ ਨਜ਼ਦੀਕ ਆ ਪੁੱਜਾ। ਛੇਤੀ ਛੇਤੀ ਜ਼ੀਨ ਤੋਂ ਛਾਲ ਮਾਰ, ਸਰ੍ਹਾਣੇ ਅੱਪੜ ਬਾਪ ਬੇਟੇ ਦਾ ਸਿਰ ਆਪਣੀ ਗੋਦੀ ਵਿਚ ਰੱਖ ਲਿਆ। ਮਾਹਬੂਬ ਦੀ ਛੋਹ ਇਕ ਜਾਦੂ ਸੀ; ਪ੍ਰੀਤਮ ਦੇ ਪਿਆਰ ਭਰੇ ਹੱਥ ਜੀਵਨ ਦਾਤਾ ਸਨ। ਸਰੀਰਾਂ ਵਿਚ ਕੋਈ ਬਿਜਲੀ ਦੀ ਲਹਿਰ ਦੌੜ ਪਈ। ਨੈਣ ਖੁਲ੍ਹੇ ਤੇ ਪਿਤਾ ਗੁਰਦੇਵ ਦੇ ਮੇਹਰ ਭਰੇ ਨੈਣਾਂ ਵਿਚ ਪੈ ਠਰ ਗਏ । ਹਣ ਲਬਾਂ ਦੇ ਤਰ ਹੋਣ ਦੀ ਵਾਰੀ ਸੀ। ਹੱਥਾਂ ਨੇ ਇਸ਼ਾਰੇ ਕੀਤੇ ਤੇ ਰਮਜ਼ਾਂ ਦੇ ਮਹਿਰਮ ਨੇ ਸਮਝ ਲਏ। ਛੇਤੀ ਨਾਲ ਉਠ ਕੇ ਕੁੰਨਾ ਖੋਲ੍ਹਿਆ। ਆਪ ਪਾਣੀ ਪੀ ਪਿਆਸਿਆਂ ਦੇ ਮੂੰਹ ਪਾਇਆ। ਜਾਗ ਉਠੇ, ਜੀ ਪਏ, ਉਠ ਚਰਨੀ ਢਹਿਣ ਲਗੇ ਸਨ, ਜਦ ਸਤਿਗੁਰਾਂ ਨੇ ਧਾ ਗਲ-ਵੱਕੜੀ ਪਾ ਕਿਹਾ, "ਤੁਹਾਡੀ ਜਗ੍ਹਾ ਮੇਰੀ ਛਾਤੀ ਹੈ। ਤੁਸੀਂ *ਨਿਹਾਲ ਹੋਏ।"

ਸਤਿਗੁਰਾਂ ਨੇ ਡਰੌਲੀ ਡੇਰਾ ਰੱਖ, ਲਾਗ ਪਾਸ ਦੇ ਇਲਾਕੇ ਵਿਚ ਭੀ ਪ੍ਰਚਾਰ ਹਿਤ ਚਰਨ ਪਾਏ। ਜ਼ੀਰੇ, ਕੋਇਰ ਵਾਲੇ, ਫਪਰਾਂ, ਰੋਡੇ, ਲੰਡੇ ਅਤੇ ਗਿਲਾਂ ਆਦਿਕ ਪਿੰਡਾਂ ਵਿਚੋਂ ਹੁੰਦੇ ਹੋਏ ਮਾੜੀ ਪਿੰਡ ਜਾ ਉਤਰੇ। ਇਹ ਇਲਕਾ ਭੁੱਲਰਾਂ ਦਾ ਸੀ, ਜਿਨ੍ਹਾਂ ਦੇ ਚੌਧਰੀ ਲਾਲ ਕੌੜਾ ਤੇ ਬਘੇਲਾ ਗੁਰੂ ਕੇ ਸਿਖ ਹੋਏ। ਇਹਨੀ ਦਿਨੀ ਹੀ ਮਰਾਝ ਚੌਧਰੀ ਦੀ ਸੰਤਾਨ ਸੰਧੂ ਜੱਟ

---

*ਇਸੇ ਹੀ ਭਾਈ ਸਾਧੂ ਦੇ ਪੁਤ੍ਰ ਭਾਈ ਰੂਪ ਚੰਦ ਦੀ ਸੰਤਾਨ ਵਿਚੋਂ ਅਜ ਕਲ ਭਾਈ ਅਰਜਨ ਸਿੰਘ ਜੀ ਬਾਗੜੀਆਂ ਵਾਲੇ ਹਨ। ਇਹ ਘਰਾਣਾ ਉਸ ਸਮੇਂ ਤੋਂ ਹੀ ਗੁਰਮਤ ਦਾ ਪ੍ਰਚਾਰ ਕਰਦਾ ਅਤੇ ਪੰਥ ਵਿਚ ਸਤਿਕਾਰਿਆ ਜਾਂਦਾ ਹੈ।

ਬੀਧੋ ਵਾਲੀ ਤੋਂ ਪਚਾਧਿਆਂ ਤੇ ਭੁੱਟੀਆਂ ਦੇ ਉਜਾੜੇ ਹੋਏ ਖ਼ਾਨਾਂਬਦੋਸ਼ਾਂ ਵਾਂਗ ਭਟਕਦੇ, ਗੁਰੂ ਜੀ ਦੀ ਸ਼ਰਨ ਆਏ ਅਤੇ ਉਹਨਾਂ ਦੇ ਮੁਖੀ ਕਾਲਾ ਤੇ ਕਰਮ ਚੰਦ ਨੇ ਸਤਿਗੁਰਾਂ ਕੋਲ ਬੇਨਤੀ ਕੀਤੀ ਕਿ ਉਹ ਉਹਨਾਂ ਨੂੰ ਭੁੱਲਰਾਂ ਕੋਲੋਂ ਇਕ ਪਿੰਡ ਦੇ ਵਾਸ ਦੀ ਜ਼ਮੀਨ ਲੈ ਦੇਣ। ਸਤਿਗੁਰਾਂ ਨੇ ਭੁੱਲਰਾਂ ਨੂੰ ਕਿਹਾ। ਪਹਿਲਾਂ ਤੇ ਉਹ ਨਾ ਮੰਨੇ, ਬਲਕਿ ਉਹਨਾਂ ਦੇ ਮੋਹੜੀ ਗੱਡਣ ਤੇ ਲੜਾਈ ਕਰਨ ਲਈ ਚੜ੍ਹ ਆਏ। ਪਰ ਪਿਛੋਂ ਕੁਝ ਸਤਿਗੁਰਾਂ ਦੇ ਪਿਆਰ ਦੇ ਪ੍ਰੇਰੇ ਹੋਏ ਤੇ ਕੁਝ ਉਨ੍ਹਾਂ ਦੇ ਸ਼ਰਨ-ਪਾਲਕ ਸੁਭਾ ਨੂੰ ਸਮਝਦੇ ਹੋਏ ਮੰਨ ਗਏ, ਜਿਸ ਕਰ ਕੇ ਮਰਾਝਕਿਆਂ ਨੂੰ ਭੀ *ਟਿਕਾਨਾ ਮਿਲ ਗਿਆ।

ਸਤਿਗੁਰੂ ਇਸ ਤਰ੍ਹਾਂ ਸੰਗਤਾਂ ਨੂੰ ਤਾਰਦੇ ਹੋਏ ਫਿਰ ਮੁੜ ਡਰੋਲੀ ਆਣ ਬਿਰਾਜੇ। ਡਰੋਲੀ ਵਿਚ ਢੇਰ ਚਿਰ ਰੰਗ ਲੱਗਦੇ ਰਹੇ।

---

*ਮਰਾਝ ਦੇ ਵੱਸਣ ਦੇ ਮੁਤਅੱਲਕ ਭਾਈ ਗਿਆਨ ਸਿੰਘ ਜੀ ਕਰਤਾ ਤਵਾਰੀਖ਼ ਖ਼ਾਲਸਾ ਦੀ ਖੋਜ ਨੇੜੇ ਦੇ ਸਮੇਂ ਦੀ ਹੈ, ਜਿਸ ਕਰ ਕੇ ਅਸਾਂ ਉਸ ਨੂੰ ਪ੍ਰਵਾਨ ਕੀਤਾ ਹੈ। ਗਿਆਨੀ ਜੀ ਇਉਂ ਲਿਖਦੇ ਹਨ "ਜਦਿਪ ਸੂਰਜ ਪ੍ਰਕਾਸ਼ ਵਿੱਚ ਇਹ ਪ੍ਰਸੰਗ ਗੁਰੂ ਹਰਿ ਰਾਇ ਜੀ ਦੇ ਨਾਲ, ਹੋਇਆ ਲਿਖਿਆ ਹੈ, ਜਿਸ ਕਰ ਕੇ ਮੈਂ ਭੀ ਪੰਥ ਪ੍ਰਕਾਸ਼ ਵਿੱਚ ਉਸੇ ਤਰ੍ਹਾਂ ਲਿਖ ਦਿਤਾ ਸੀ, ਪਰੰਤੂ ਹੁਣ ਜਦ ਉਥੇ ਜਾ ਕੇ ਨਿਰਨਯ ਕੀਤਾ, ਤਾਂ ਮਰਾਝ ਦੀ ਮੋੜ੍ਹੀ ਗੱਡਣ ਸਮੇਂ ਜਿਸ ਸ਼ਾਹੂਕਾਰ ਕੋਲੋਂ ਲੈ ਕੇ ਵੰਡਿਆ ਸੀ, ਉਹਨਾਂ ਦੀ ਵਹੀ ਵਿਚ ਚੇਤ ਸੁਦੀ ੫ ਸੰ: ੧੬੮੪ ਬਿ: ਲਿਖਿਆ ਹੋਇਆ ਹੈ। ਇਹੋ ਸੰਮਤ ਤਵਾਰੀਖ਼ ਪਟਿਆਲਾ ਵਿਚ ਹੈ। ਉਸ ਸਮੇਂ ਛੇਵੇਂ ਗੁਰੂ ਜੀ ਦਾ ਮਾਲਵੇ ਜਾਣਾ ਸਹੀ ਹੈ। ਸਤਵੇਂ ਗੁਰੂ ਪੈਦਾ ਵੀ ਨਹੀਂ ਹੋਏ ਸਨ ਅਜੇ।"

ਦਿਲ ਹਰਿਆ ਭਰਿਆ ਰਿਹਾ । ਏਨੇ ਵਿਚ ਸ਼ਾਹਸਵਾਰ ਨਜ਼ਦੀਕ ਆ ਪੁੱਜਾ। ਛੇਤੀ ਛੇਤੀ ਜ਼ੀਨ ਤੋਂ ਛਾਲ ਮਾਰ, ਸਰ੍ਹਾਣੇ ਅੱਪੜ ਬਾਪ ਬੇਟੇ ਦਾ ਸਿਰ ਆਪਣੀ ਗੋਦੀ ਵਿਚ ਰੱਖ ਲਿਆ। ਮਾਹਬੂਬ ਦੀ ਛੋਹ ਇਕ ਜਾਦੂ ਸੀ; ਪ੍ਰੀਤਮ ਦੇ ਪਿਆਰ ਭਰੇ ਹੱਥ ਜੀਵਨ ਦਾਤਾ ਸਨ। ਸਰੀਰਾਂ ਵਿਚ ਕੋਈ ਬਿਜਲੀ ਦੀ ਲਹਿਰ ਦੌੜ ਪਈ। ਨੈਣ ਖੁਲ੍ਹੇ ਤੇ ਪਿਤਾ ਗੁਰਦੇਵ ਦੇ ਮੇਹਰ ਭਰੇ ਨੈਣਾਂ ਵਿਚ ਪੈ ਠਰ ਗਏ । ਹਣ ਲਬਾਂ ਦੇ ਤਰ ਹੋਣ ਦੀ ਵਾਰੀ ਸੀ। ਹੱਥਾਂ ਨੇ ਇਸ਼ਾਰੇ ਕੀਤੇ ਤੇ ਰਮਜ਼ਾਂ ਦੇ ਮਹਿਰਮ ਨੇ ਸਮਝ ਲਏ। ਛੇਤੀ ਨਾਲ ਉਠ ਕੇ ਕੁੰਨਾ ਖੋਲ੍ਹਿਆ। ਆਪ ਪਾਣੀ ਪੀ ਪਿਆਸਿਆਂ ਦੇ ਮੂੰਹ ਪਾਇਆ। ਜਾਗ ਉਠੇ, ਜੀ ਪਏ, ਉਠ ਚਰਨੀ ਢਹਿਣ ਲਗੇ ਸਨ, ਜਦ ਸਤਿਗੁਰਾਂ ਨੇ ਧਾ ਗਲ-ਵੱਕੜੀ ਪਾ ਕਿਹਾ, "ਤੁਹਾਡੀ ਜਗ੍ਹਾ ਮੇਰੀ ਛਾਤੀ ਹੈ। ਤੁਸੀਂ *ਨਿਹਾਲ ਹੋਏ।"

ਸਤਿਗੁਰਾਂ ਨੇ ਡਰੌਲੀ ਡੇਰਾ ਰੱਖ, ਲਾਗ ਪਾਸ ਦੇ ਇਲਾਕੇ ਵਿਚ ਭੀ ਪ੍ਰਚਾਰ ਹਿਤ ਚਰਨ ਪਾਏ। ਜ਼ੀਰੇ, ਕੋਇਰ ਵਾਲੇ, ਢਪਰਾਂ, ਰੋਡੇ, ਲੰਡੇ ਅਤੇ ਗਿਲਾਂ ਆਦਿਕ ਪਿੰਡਾਂ ਵਿਚੋਂ ਹੁੰਦੇ ਹੋਏ ਮਾੜੀ ਪਿੰਡ ਜਾ ਉਤਰੇ। ਇਹ ਇਲਾਕਾ ਭੁੱਲਰਾਂ ਦਾ ਸੀ, ਜਿਨ੍ਹਾਂ ਦੇ ਚੌਧਰੀ ਲਾਲ ਕੌੜਾ ਤੇ ਬਘੇਲਾ ਗੁਰੂ ਕੇ ਸਿਖ ਹੋਏ। ਇਹਨੀ ਦਿਨੀ ਹੀ ਮਰਾਝ ਚੌਧਰੀ ਦੀ ਸੰਤਾਨ ਸੰਧੂ ਜੱਟ

---

*ਇਸੇ ਹੀ ਭਾਈ ਸਾਧੂ ਦੇ ਪੁਤ੍ਰ ਭਾਈ ਰੂਪ ਚੰਦ ਦੀ ਸੰਤਾਨ ਵਿਚੋਂ ਅਜ ਕਲ ਭਾਈ ਅਰਜਨ ਸਿੰਘ ਜੀ ਬਾਗੜੀਆਂ ਵਾਲੇ ਹਨ। ਇਹ ਘਰਾਣਾ ਉਸ ਸਮੇਂ ਤੋਂ ਹੀ ਗੁਰਮਤ ਦਾ ਪ੍ਰਚਾਰ ਕਰਦਾ ਅਤੇ ਪੰਥ ਵਿਚ ਸਤਿਕਾਰਿਆ ਜਾਂਦਾ ਹੈ।

ਬੀਧੋ ਵਾਲੀ ਤੋਂ ਪਚਾਧਿਆਂ ਤੇ ਭੁੱਟੀਆਂ ਦੇ ਉਜਾੜੇ ਹੋਏ ਖ਼ਾਨਾਂਬਦੋਸ਼ਾਂ ਵਾਂਗ ਭਟਕਦੇ, ਗੁਰੂ ਜੀ ਦੀ ਸ਼ਰਨ ਆਏ ਅਤੇ ਉਹਨਾਂ ਦੇ ਮੁਖੀ ਕਾਲਾ ਤੇ ਕਰਮ ਚੰਦ ਨੇ ਸਤਿਗੁਰਾਂ ਕੋਲ ਬੇਨਤੀ ਕੀਤੀ ਕਿ ਉਹ ਉਹਨਾਂ ਨੂੰ ਭੁੱਲਰਾਂ ਕੋਲੋਂ ਇਕ ਪਿੰਡ ਦੇ ਵਾਸ ਦੀ ਜ਼ਮੀਨ ਲੈ ਦੇਣ । ਸਤਿਗੁਰਾਂ ਨੇ ਭੁੱਲਰਾਂ ਨੂੰ ਕਿਹਾ । ਪਹਿਲਾਂ ਤੇ ਉਹ ਨਾ ਮੰਨੇ, ਬਲਕਿ ਉਹਨਾਂ ਦੇ ਮੋਹੜੀ ਗੱਡਣ ਤੇ ਲੜਾਈ ਕਰਨ ਲਈ ਚੜ੍ਹ ਆਏ । ਪਰ ਪਿਛੋਂ ਕੁਝ ਸਤਿਗੁਰਾਂ ਦੇ ਪਿਆਰ ਦੇ ਪ੍ਰੇਰੇ ਹੋਏ ਤੇ ਕੁਝ ਉਨ੍ਹਾਂ ਦੇ ਸ਼ਰਨ-ਪਾਲ ਸੁਭਾ ਨੂੰ ਸਮਝਦੇ ਹੋਏ ਮੰਨ ਗਏ, ਜਿਸ ਕਟ ਕੇ ਮਰਾਝਕਿਆਂ ਨੂੰ ਭੀ *ਟਿਕਾਨਾ ਮਿਲ ਗਿਆ ।

ਸਤਿਗੁਰੂ ਇਸ ਤਰ੍ਹਾਂ ਸੰਗਤਾਂ ਨੂੰ ਤਾਰਦੇ ਹੋਏ ਫਿਰ ਮੁੜ ਡਰੌਲੀ ਆਣ ਬਿਰਾਜੇ । ਡਰੌਲੀ ਵਿਚ ਢੇਰ ਚਿਰ ਰੰਗ ਲੱਗਦੇ ਰਹੇ ।

---

*ਮਰਾਝ ਦੇ ਵੱਸਣ ਦੇ ਮੁਤਅੱਲਕ ਭਾਈ ਗਿਆਨ ਸਿੰਘ ਜੀ ਕਰਤਾ ਤਵਾਰੀਖ਼ ਖ਼ਾਲਸਾ ਦੀ ਖੋਜ ਨੇੜੇ ਦੇ ਸਮੇਂ ਦੀ ਹੈ, ਜਿਸ ਕਰ ਕੇ ਅਸਾਂ ਉਸ ਨੂੰ ਪ੍ਰਵਾਨ ਕੀਤਾ ਹੈ । ਗਿਆਨੀ ਜੀ ਇਉਂ ਲਿਖਦੇ ਹਨ "ਜਦਿਪ ਸੂਰਜ ਪ੍ਰਕਾਸ਼ ਵਿੱਚ ਇਹ ਪ੍ਰਸੰਗ ਗੁਰੂ ਹਰਿ ਰਾਇ ਜੀ ਦੇ ਨਾਲ, ਹੋਇਆ ਲਿਖਿਆ ਹੈ, ਜਿਸ ਕਰ ਕੇ ਮੈਂ ਭੀ ਪੰਥ ਪ੍ਰਕਾਸ਼ ਵਿੱਚ ਉਸੇ ਤਰ੍ਹਾਂ ਲਿਖ ਦਿਤਾ ਸੀ, ਪਰੰਤੂ ਹੁਣ ਜਦ ਉਥੇ ਜਾ ਕੇ ਨਿਰਨਯ ਕੀਤਾ, ਤਾਂ ਮਰਾਝ ਦੀ ਮੋੜ੍ਹੀ ਗੱਡਣ ਸਮੇਂ ਜਿਸ ਸ਼ਾਹੂਕਾਰ ਕੋਲੋਂ ਲੈ ਕੇ ਵੰਡਿਆ ਸੀ, ਉਹਨਾਂ ਦੀ ਵਹੀ ਵਿਚ ਚੇਤ ਸੁਦੀ ੫ ਸੰ: ੧੬੮੪ ਬਿ: ਲਿਖਿਆ ਹੋਇਆ ਹੈ । ਇਹੋ ਸੰਮਤ ਤਵਾਰੀਖ਼ ਪਟਿਆਲਾ ਵਿਚ ਹੈ । ਉਸ ਸਮੇਂ ਛੇਵੇਂ ਗੁਰੂ ਜੀ ਦਾ ਮਾਲਵੇ ਜਾਣਾ ਸਹੀ ਹੈ । ਸਤਵੇਂ ਗੁਰੂ ਪੈਦਾ ਵੀ ਨਹੀਂ ਹੋਏ ਸਨ ਅਜੇ ।"

# ਮਾਲਵੇ ਤੇ ਹੋਰ ਮੇਹਰ

ਸਤਿਗੁਰਾਂ ਦੇ ਡਰੌਲੀ ਠਹਿਰਨ ਸਮੇਂ ਹੀ ਸ੍ਰੀ ਦਮੋਦਰੀ ਜੀ ਦੀ ਭੈਣ ਗੋਪ ਜੀ ਅਤੇ ਉਹਨਾਂ ਦੇ ਸਿਦਕੀ ਗੁਰਸਿਖ ਪਤੀ ਭਾਈ ਸਾਈਂ ਦਾਸ ਜੀ ਭੀ ਅਕਾਲ ਚਲਾਣੇ ਕਰ ਗਏ ਅਤੇ ਦਮੋਦਰੀ ਜੀ ਦੇ ਮਾਤਾ ਪਿਤਾ ਭੀ ਸੰਸਾਰ ਤਿਆਗ ਗਏ। ਸਤਿਗੁਰਾਂ ਨੇ ਇਹਨਾਂ ਗੁਰਸਿੱਖ ਸਬੰਧੀਆਂ ਦੇ ਅੰਤਮ ਸੰਸਕਾਰ ਆਪਣੇ ਸਾਹਮਣੇ ਕਰਵਾਏ ਅਤੇ ਪਾਠ ਦੇ ਭੋਗ ਪੈ ਜਾਣ ਸਮੇਂ ਟਿੱਕੇ ਗੁਰਦਿੱਤੇ ਜੀ ਨੂੰ ਇਕ ਪਾਲਕੀ ਵਿਚ †ਸ੍ਰੀ ਗੁਰੂ ਗ੍ਰੰਥ

---

†ਪ੍ਰਤੀਤ ਇਉਂ ਹੁੰਦਾ ਹੈ ਕਿ ਸਤਿਗੁਰਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਛੱਡਣ ਸਮੇਂ ਇਹ ਅਨੁਭਵ ਕਰ ਲਿਆ ਸੀ ਕਿ ਮੁਗ਼ਲ ਹਕੂਮਤ ਦੀ ਫ਼ੌਜ ਸ੍ਰੀ ਅੰਮ੍ਰਿਤਸਰ ਤੇ ਹਮਲਾ ਕਰੇਗੀ। ਸੋ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਨਾਲ ਹੀ ਅੰਮ੍ਰਿਤਸਰੋਂ ਡਰੌਲੀ ਲੈ ਆਂਦਾ ਸੀ, ਕਿਉਂਕਿ ਮੁਗ਼ਲਾਂ ਦੀ ਅਸਭ੍ਯ ਹਕੂਮਤ ਸਮੇਂ ਜੇ ਹਮਲਾ ਹੁੰਦਾ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਯਕੀਨਨ ਜ਼ਾਇਆ ਕਰ ਦਿਤੀ ਜਾਂਦੀ ਤੇ ਡਰੌਲੀ ਤੋਂ ਸਤਿਗੁਰਾਂ ਨੇ ਆਉਣ ਵਾਲੀਆਂ ਲੜਾਈਆਂ ਦਾ ਅਨੁਮਾਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਟਿੱਕੇ ਜੀ ਦੇ ਹੱਥ ਸ੍ਰੀ ਕਰਤਾਰ ਪੁਰ ਸਾਹਿਬ ਭੇਜ ਦਿਤਾ, ਕਿਉਂਕਿ ਸਤਿਗੁਰਾਂ ਦੀ ਗ਼ੈਰ-ਹਾਜ਼ਰੀ ਵਿਚ ਸ਼ਾਹੀ ਫ਼ੌਜ ਦਾ ਸ੍ਰੀ ਅੰਮ੍ਰਿਤਸਰ ਨੂੰ ਸਿੱਖਾਂ ਦਾ ਕੇਂਦਰੀ ਅਸਥਾਨ ਸਮਝ ਕੇ ਤਬਾਹ ਕਰਨ ਤੇ ਉਜਾੜਨ ਦੀ ਸੰਭਾਵਨਾ ਤੇ ਹੋ ਸਕਦੀ ਸੀ, ਪਰ ਕਰਤਾਰ ਪੁਰ ਸਧਾਰਨ ਗੁਰਦੁਆਰਾ ਹੋਣ ਕਰ ਕੇ ਸਤਿਗੁਰਾਂ ਤੇ ਸਿੱਖ ਲਸ਼ਕਰ ਦੀ ਗ਼ੈਰ-ਹਾਜ਼ਰੀ ਵਿਚ ਅਜਿਹੇ

(ਬਾਕੀ ਦੇਖੋ ਫੁਟ ਨੋਟ ਸਫ਼ਾ ੨੧੩)

ਸਾਹਿਬ ਰੱਖ ਸਾਰੇ ਪ੍ਰਵਾਰ ਸਹਿਤ ਕਰਤਾਰ ਪੁਰ ਸਾਹਿਬ ਨੂੰ ਤੋਰ ਦਿਤਾ ਤੇ ਹੁਕਮ ਦਿਤਾ, "ਤੁਸੀਂ ਉਥੇ ਰਹਿ ਕੇ ਗੁਰਮਤ ਪ੍ਰਚਾਰ ਕਰੋ।" ਭਾਈ ਭਗਤੂ, ਪੈੜੇ ਅਤੇ ਨਿਹਾਲੂ ਹੁਸ਼ਿਆਰ ਪੁਰੀਏ ਨੂੰ ਸਿਆਣੇ ਸਮਝ ਕੇ ਟਿੱਕੇ ਜੀ ਦੇ ਨਾਲ ਕਰ ਦਿਤਾ।

ਜਦ ਪ੍ਰਵਾਰ ਕਰਤਾਰ ਪੁਰ ਨੂੰ ਵਿਦਾ ਹੋ ਗਿਆ, ਤਾਂ ਸਤਿਗੁਰੂ ਜੀ ਵੀ ਪਿਛੋਂ ਆਪਣੀ ਫੌਜ ਸਮੇਤ ਮਾਲਵੇ ਵਿਚ ਭਗਤ ਉਧਾਰ ਹਿਤ ਚਲ ਪਏ। ਇਸ ਸਮੇਂ ਡਰੌਲੀ ਦੀ ਸੰਗਤ ਨੇ ਬੜਾ ਪ੍ਰੇਮ ਕੀਤਾ ਅਤੇ ਸੱਜਲ ਨੈਣ ਹੋ ਸਤਿਗੁਰਾਂ ਕੋਲ ਪ੍ਰਾਰਥਨਾ ਕੀਤੀ, "ਭਾਈ ਸਾਈਂ ਦਾਸ ਭੀ ਚੜ੍ਹ ਗਏ ਤੇ ਆਪ ਭੀ ਚਲੇ ਚੱਲੇ ਹੋ, ਸਾਡਾ ਕੀ ਆਸਰਾ ਹੋਏਗਾ ?" ਸਤਿਗੁਰਾਂ ਨੇ ਪ੍ਰੇਮੀਆਂ ਨੂੰ ਨਾਮ ਦਾਨ ਬਖ਼ਸ਼ਦਿਆਂ ਹੋਏ ਗੁਰਮਤ ਦ੍ਰਿੜ੍ਹ ਕਰਵਾਈ ਤੇ ਨਾਮ ਬਾਣੀ ਦੇ ਆਸਰੇ ਰਜ਼ਾ ਵਿਚ ਟਿਕ, ਹਰਖ

---

(ਸਫ਼ਾ ੨੧੨ ਦੇ ਫੁਟ ਨੋਟ ਦੀ ਬਾਕੀ)

ਖ਼ਤਰੇ ਤੋਂ ਬਹੁਤ ਹੱਦ ਤਕ ਬਰੀ ਸੀ ਅਤੇ ਨਾਲ ਹੀ ਸਤਿਗੁਰਾਂ ਦਾ ਟਿੱਕੇ ਜੀ ਨੂੰ ਇਹ ਬਚਨ–

"ਸ੍ਰੀ ਨਾਨਕ ਸੇ ਜਾਨ ਸਮਾਨਾ।
ਪੂਜੋ ਗਰੂ ਗਰੰਥ ਕੋ ਨਾਨਾ।"

ਕਿ 'ਸ੍ਰੀ ਗੁਰੂ ਗਰੰਥ ਸਾਹਿਬ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਸਮਝ ਕੇ ਨਾਨਾ ਤਰ੍ਹਾਂ ਨਾਲ ਪੂਜੋ' ਸਾਬਤ ਕਰਦਾ ਹੈ ਕਿ ਮਹਾਰਾਜ ਆਪਣੇ ਸਮੇਂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਹੀ ਕਰ ਪੂਜਦੇ ਸਨ ਤੇ ਕਈਆਂ ਲੋਕਾਂ ਦਾ ਇਹ ਖ਼ਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਅਦ ਵਿਚ ਗੁਰੂ ਬਣਾਇਆ ਗਿਆ ਜੋ ਸਤਿਗੁਰਾਂ ਦੇ ਇਹਨਾਂ ਬਚਨਾਂ ਤੇ ਵਰਤੋਂ ਤੋਂ ਬਿਲਕੁਲ ਨਿਰਮੂਲ ਸਾਬਤ ਹੁੰਦਾ ਹੈ।

ਸੋਗ ਤੋਂ ਉਤਾਂਹ ਅਡੋਲ ਟਿਕੇ ਰਹਿਣ ਦਾ ਬਲ ਬਖ਼ਸ਼ਿਆ।

ਮਹਾਰਾਜ ਡਰੋਲੀਉਂ ਚਲ ਆਪਣੇ ਅਨਨ ਭਗਤ ਭਾਈ ਸਾਧੂ ਅਤੇ ਰੂਪ ਚੰਦ ਦੇ ਪਿੰਡ ਆਣ ਠਹਿਰੇ। ਇਹਨਾਂ ਦੇ ਘਰ ਹੀ ਉਤਾਰਾ ਲਿਆ। ਕੁਝ ਚਿਰ ਟਿਕ ਸੰਗਤਾਂ ਨੂੰ ਗੁਰਮਤ ਦ੍ਰਿੜ੍ਹਾਈ ਤੇ ਤੁਰਨ ਸਮੇਂ ਭਾਈ ਰੂਪ ਚੰਦ ਜੀ ਨੂੰ ਸਿੱਖੀ ਪ੍ਰਚਾਰ ਹਿਤ ਮੰਜੀ ਬਖ਼ਸ਼ੀ। ਲਿਖਿਆ ਹੈ ਕਿ ਜਦੋਂ ਸਤਿਗੁਰਾਂ ਨੇ ਰੂਪ ਚੰਦ ਜੀ ਤੇ ਕ੍ਰਿਪਾ ਪ੍ਰਚਾਰਕ ਦੀ ਮਹਾਨ ਪਦਵੀ ਉਸ ਨੂੰ ਦੇਣੀ ਚਾਹੀ, ਤਾਂ ਉਸ ਨੇ ਆਪਣੇ ਗੁਰਮੁਖ ਸੁਭਾਵ ਅਨੁਸਾਰ ਨਿਮ੍ਰਤਾ ਦਿਖਾਂਦਿਆਂ ਹੋਇਆਂ ਇਹ ਬੇਨਤੀ ਕੀਤੀ:—

"ਸ਼ੂਦਰ ਜਾਤ ਮੇਰੀ, ਕਹਿਰੂਪਾ।<br>
ਮੰਜੀ ਬੈਠਹਿ ਊਚ ਅਨੂਪਾ।<br>
ਮੈਂ ਨਿਤ ਚ ਹੋਂ ਦਾਸ ਬਹੁ ਸੇਵਾ।<br>
ਅਪਰ ਨਾ ਇੱਛਾ ਸ੍ਰੀ ਗੁਰ ਦੇਵਾ।"

ਸ੍ਰੀ ਗੁਰ ਦੇਵ, ਮੈਂ ਦਾਸ ਨਿਤ ਸੇਵਾ ਮੰਗਦਾ ਹਾਂ। ਮੈਨੂੰ ਕੋਈ ਹੋਰ ਇੱਛਾ ਨਹੀਂ। ਮੇਰੀ ਸ਼ੂਦਰ ਜਾਤੀ ਹੈ। ਗੁਰਸਿੱਖੀ ਪ੍ਰਚਾਰਨ ਦੇ ਉਚ ਪਦ ਦੀ ਮੰਜੀ ਤੇ ਕੋਈ ਉੱਚਾ ਹੀ ਬੈਠਣਾ ਚਾਹੀਦਾ ਹੈ।"

ਭਾਈ ਰੂਪ ਚੰਦ ਦੀ ਇਸ ਨਿਮ੍ਰਤਾ ਭਰੀ ਸਿੱਖੀ ਚਲਨ ਵਾਲੀ ਗੱਲ ਨੂੰ ਸੁਣ ਸਤਿਗੁਰਾਂ ਫਰਮਾਇਆ:—

"ਸੁਣ ਬੋਲੇ ਸਤਿਗੁਰ ਸੁਖ ਆ ਕਰ॥<br>
ਨੀਚੋ ਊਚ ਕਰੇ ਮਮ ਠਾਕਰ॥

ਅਮ ਕੈਹ ਮੰਜੀ ਬਖ਼ਸ਼ੀ ਨੀਕਾ॥
ਸੋਢੀ ਕੁਲ ਟੀਕਾ ਕਰ ਟੀਕਾ॥
(ਗ: ਪ੍ਰ: ਸੂ: ਰਾਸ ੭। ਧੰ: ੨੩)

ਸੁਖਾਂ ਦੀ ਖਾਣ ਸਤਿਗੁਰੂ ਸੁਣ ਕੇ ਬੋਲੇ, "ਮੇਰਾ ਠਾਕਰ ਨੀਚਾਂ ਨੂੰ ਉਚਿਆਂ ਕਰਦਾ ਹੈ।" ਇਹ ਕਹਿ ਕੇ ਸੋਢੀ ਕੁਲ ਦੇ ਟਿੱਕੇ (ਸਤਿਗੁਰੂ ਜੀ ਨੇ) 'ਭਾਈ ਰੂਪੇ ਨੂੰ ਟਿਕਾ ਲਗਾ ਕੇ ਸੁੰਦਰ ਮੰਜੀ ਬਖ਼ਸ਼ੀ।

ਭਾਈ ਰੂਪ ਚੰਦ ਨੂੰ ਗੱਦੀ ਦੇਣ ਦੀ ਚਰਚਾ ਸਾਰੇ ਮਾਲਵੇ ਵਿਚ ਫੈਲ਼ ਗਈ ਅਤੇ ਸਤਿਗੁਰਾਂ ਦੀ ਗ਼ਰੀਬ-ਨਿਵਾਜ਼ੀ ਤੇ ਸਭ ਪਾਸਿਉਂ ਜੈ ਜੈਕਾਰ ਹੋਣ ਲੱਗੀ। ਇਸ ਸਮੇਂ ਹੀ ਕਰੀਬ ਹੀ ਕਾਂਗੜੇ ਦੇ ਰਹਿਣ ਵਾਲੇ ਮਹਿਲ ਮਿਠੇ ਦੀ ਉਲਾਦ ਜੋਧ ਸ਼ਾਹ ਸਰਦਾਰ ਭੀ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹਇਆ, ਕਿਉਂ ਜੋ ਉਸ ਦੀ ਧਰਮ ਪਤਨੀ ਮਾਈ ਭਾਗਾਂ ਸਿੱਖਾਂ ਦੀ ਧੀ ਸੀ ਤੇ ਉਹ ਹਮੇਸ਼ਾਂ ਹੀ ਆਪਣੇ ਪਤੀ ਨੂੰ ਗੁਰੂ ਦੀ ਵਡਿਆਈ ਸੁਣਾ ਸੁਣਾ ਸਿੱਖੀ ਵਲ ਪ੍ਰੇਰਦੀ ਰਹਿੰਦੀ ਸੀ। ਜਦ ਜੋਧ ਸ਼ਾਹ ਦੀਵਾਨ ਵਿਚ ਪੁੱਜਾ, ਤਾਂ ਸਤਿਗੁਰਾਂ ਦੇ ਜਲਾਲ ਤੇ ਸੰਗਤ ਦੇ ਪ੍ਰਭਾਵ ਨੂੰ ਦੇਖ ਕੇ ਹੈਰਾਨ ਰਹਿ ਗਿਆ। ਸਤਿਗੁਰਾਂ ਦੇ ਇਕ ਪਾਸੇ ਰਬਾਬੀ ਬੈਠੇ ਕੀਰਤਨ ਕਰ ਰਹੇ ਸਨ ਤੇ ਗੁਰਬਾਣੀ ਦੇ ਅਲਾਪ ਦੀਆਂ ਧੁਨਾਂ ਵਿਚੋਂ ਸ਼ਾਂਤ ਰਸ ਬਰਸ ਰਿਹਾ ਸੀ ਤੇ ਸਾਹਮਣੇ ਪਾਸੇ ਬੈਠੇ ਮਹਾਂ ਬਲੀ ਸਨਦ ਬਧ ਜੋਧੇ ਕੀਰਤਨ ਰਸ ਵਿਚ ਮਸਤ ਹੋ ਝੂਮ ਰਹੇ ਸਨ। ਜੋਧ ਸ਼ਾਹ ਨੇ ਸ਼ਨਿਮਰ ਸਤਿਗੁਰਾਂ ਪਾਸੋਂ ਸਿੱਖੀ ਦੀ ਦਾਤ ਮੰਗੀ, ਤਾਂ ਸਤਿਗੁਰਾਂ ਨੇ ਮੇਹਰ ਕਰ ਇਸ ਨੂੰ ਸਿੱਖੀ ਮਾਰਗ ਵਿਚ

ਪ੍ਰਵੇਸ਼ ਕਰਾਇਆ। ਹੁਣ ਸਤਿਗੁਰਾਂ ਨੇ ਮਾਲਵੇ ਵਿਚ ਟਿਕ, ਪ੍ਰਚਾਰ ਦਾ ਕੰਮ ਬੜੇ ਜ਼ੋਰ ਨਾਲ ਸ਼ੁਰੂ ਕਰ ਦਿਤਾ। ਸੰਗਤਾਂ ਵੀ ਦੂਰ ਦੂਰ ਤੋਂ ਦਰਸ਼ਨ ਹਿਤ ਆਉਣ ਤੇ ਜੁੜਨ ਲੱਗ ਗਈਆਂ ਤੇ ਪ੍ਰਚਾਰ ਦਾ ਪ੍ਰਵਾਹ ਚੱਲ ਪਿਆ।

## ਕਰਮ ਯੋਗ

ਭਾਵੇਂ ਭਗਤੀ ਤੇ ਗਿਆਨ ਯੋਗ ਭੀ ਆਪਣੀ ਆਪਣੀ ਥਾਂ ਮਨੁੱਖ ਜੀਵਨ ਵਿਚ ਉਚੇਰੇ ਗੁਣ ਹਨ, ਪਰ ਕਰਮ ਯੋਗ ਸਭ ਤੋਂ ਸਰਮੌਰ ਹੈ। ਜੇ ਵਿਚਾਰ ਕੀਤੀ ਜਾਏ, ਤਾਂ ਅਸਲ ਵਿਚ ਭਗਤੀ ਤੇ ਗਿਆਨ ਹੈਨ ਹੀ ਕਰਮ ਯੋਗਤਾ ਨੂੰ ਹੋਰ ਉਚੇਰੇ ਉਡਾਉਣ ਹਿਤ ਦੋ ਪਰ। ਕਰਮ-ਯੋਗੀ ਹੀ ਸੰਸਾਰ ਦੀਆਂ ਤਕਦੀਰਾਂ ਪਲਟਦੇ ਹਨ ਤੇ ਨਵੇਂ ਇਤਿਹਾਸ ਬਣਾਂਦੇ ਹਨ। ਇਹੀ ਕਾਰਨ ਹੈ ਕਿ ਗੁਰਮਤ ਵਿਚ ਕਰਮ ਯੋਗ ਪ੍ਰਧਾਨ ਹੈ:

'ਉਦਮ ਕਰੇਂਦਿਆ ਜੀਓ ਤੂੰ'

ਦੇ ਮਹਾਂ ਵਾਕ ਵਿਚ ਉੱਦਮ ਨੂੰ ਜੋ ਕਰਮ-ਯੋਗ ਦੀ ਬੁਨਿਆਦ ਹੈ, ਜ਼ਿੰਦਗੀ ਦਾ ਰੂਪ ਬਿਆਨ ਕੀਤਾ ਹੈ। ਕਰਮ-ਯੋਗਤਾ ਰਹਿਤ ਉੱਦਮ-ਹੀਨ ਤੇ ਢਿੱਲੇ ਦਲਿੱਦ੍ਰੀ ਮਨੁੱਖ ਸੰਸਾਰ-ਯਾਤਰਾ ਵਿਚ ਕੁਝ ਭੀ ਨਹੀਂ ਕਰ ਸਕਦੇ। ਇਸ ਦੇ ਉਲਟ ਕਰਮ-ਯੋਗੀ ਉੱਦਮੀ ਹੀ ਉਚੇਰੀਆਂ ਘਾਲਾਂ ਘਾਲ ਸਕਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਜਿਸ ਤਰ੍ਹਾਂ ਫੁੱਲਾਂ ਵਿਚ ਖੇੜਾ ਤੇ ਫਲਾਂ ਵਿਚ ਰਸ ਹੈ, ਓਦਾਂ ਹੀ ਮਨੁੱਖਾਂ ਵਿਚ ਕਰਮ-ਯੋਗਤਾ ਹੈ। ਹਾਂ, ਇਕ ਗੱਲ ਜ਼ਰੂਰੀ ਹੈ ਕਿ ਜੇ ਕਦੀ ਇਹ ਯੋਗਤਾ

ਅਭਾਗ-ਵਸ਼ ਗ਼ਲਤ ਰਾਹੇ ਪੈ ਜਾਏ, ਤਾਂ ਅਨਜਾਣ ਬਾਲਕ ਦੇ ਹੱਥ ਆਏ ਸ਼ਸਤ੍ਰ ਵਾਂਗ ਮਨੁੱਖ ਨੂੰ ਕੁਰਾਹੇ ਪਾ, ਮੌਤ ਦੇ ਰਸਾਤਰ ਵੱਲ ਲੈ ਜਾਂਦੀ ਹੈ। ਪਰ ਜੇ ਕਦੀ ਉਹਨਾਂ ਹਸਤੀਆਂ ਨੂੰ ਜੋ ਕਰਮ-ਯੋਗਤਾ ਦੇ ਬਲ ਨੂੰ ਉਲਟੇ ਪਾਸੇ ਵਰਤ ਰਹੇ ਹੋਣ, ਕੋਈ ਸੱਚਾ ਰਹਿਬਰ ਮਿਲ ਜਾਏ ਤੇ ਉਹਨਾਂ ਦੇ ਦਰੁਸਤ ਰਸਤੇ ਵੱਲ ਮੋੜ ਦੇ, ਤਾਂ ਉਹ ਦਿਨਾਂ ਵਿਚ ਉਹ ਮੰਜ਼ਲਾਂ ਪੂਰੀਆਂ ਕਰ ਜਾਂਦੇ ਹਨ, ਜਿਹੜੀਆਂ ਢਿੱਲਿਆਂ ਕੋਲੋਂ ਵਰ੍ਹਿਆਂ ਵਿਚ ਨਹੀਂ ਹੋ ਸਕਦੀਆਂ। ਸਿਖ ਇਤਿਹਾਸ ਸੱਚੇ ਅਰਥਾਂ ਵਿਚ ਗਿਆਨ-ਭਗਤੀ ਸਹਿਤ ਕਰਮ-ਯੋਗੀਆਂ ਦਾ ਹੀ ਇਤਿਹਾਸ ਹੈ, ਕਿਉਂ ਜੋ ਭਾਵੇਂ ਗੁਰੂ ਘਰ ਵਿਚ ਪੁਰਾਣੇ ਬ੍ਰਾਹਮਨਕ ਕਰਮ ਅਨੁਸਾਰ ਗੁਣਾਂ ਦੀ ਵੰਡ ਨਹੀਂ ਕੀਤੀ ਗਈ ਤੇ ਭਗਤ, ਗਿਆਨੀ ਤੇ ਕਰਮਚਾਰੀ ਜੱਥੇ ਅੱਡ ਅੱਡ ਨਹੀਂ ਬਣਾਏ ਗਏ, ਸਗੋਂ ਇਕ ਸਿਖ ਵਿਚ ਹੀ ਇਹ ਸਾਰੇ ਗੁਣ ਪੈਦਾ ਕਰਨ ਦੀ ਰੀਤ ਚਲਾਈ ਗਈ ਹੈ, ਪਰ ਸੇਵਕਾਂ ਦਾ ਦਰ ਹੋਣ ਕਰ ਕੇ ਕਰਮ ਪ੍ਰਧਾਨ ਹੈ। ਇਸ ਕਰ ਕੇ ਹੀ ਪ੍ਰਧਾਨ ਸਿਖਾਂ ਦੇ ਜੀਵਨ ਨੂੰ ਪੜ੍ਹਿਆਂ ਉਹ ਲੋਗ ਅਗਲੀ ਕਤਾਰ ਵਿਚ ਦਿਸ ਆਉਂਦ ਹਨ, ਜਿਨ੍ਹਾਂ ਵਿਚ ਉੱਦਮ ਦੀ ਅੰਸ ਵਧੇਰੇ ਸੀ। ਇਹਨਾਂ ਸਿਖਾਂ ਵਿਚੋਂ ਹੀ ਭਾਈ ਬਿਧੀ ਚੰਦ ਜੀ ਸਨ, ਜਿਨ੍ਹਾਂ ਵਿਚ ਪੂਰਬਲੇ ਕਰਮਾਂ ਦੇ ਫਲ ਅਨੁਸਾਰ ਕਰਮ-ਯੋਗਤਾ ਬਹੁਤ ਸੀ। ਪਰ ਕੁਝ ਸਮੇਂ ਤਕ ਉਹ ਕੁਰਾਹੇ ਪਈ ਰਹੀ, ਪਰ ਜਦੋਂ ਪੁਰਖਰਖਸ਼ਕ ਬੈਰਾਗੀ, ਗੁਰੂ ਅਰਜਨ ਦੇਵ ਜੀ ਦੀ ਭੇਂਟ ਹੋਈ ਤਾਂ ਸਿੱਧੇ ਰਸਤੇ ਪਾਈ ਗਈ। ਧਾੜੇ ਮਾਰਨ ਵਾਲਾ ਤੇ ਰਾਹ ਲੁੱਟਣ ਵਾਲਾ ਬਲ ਸੇਵਾ ਤੇ ਉਪਕਾਰ

ਵੱਲ ਪ੍ਰੇਰਿਆ ਗਿਆ। ਗਰੀਬਾਂ ਨੂੰ ਘੂਰਨ ਵਾਲਾ ਜਰਵਾਣਿਆਂ ਦਾ ਜ਼ੋਰ ਦਲਣ ਵੱਲ ਲਗਾਇਆ ਗਿਆ। ਖੋਹਣ ਵਾਲਾ ਖੋਹੇ ਹੋਏ ਪਾਲ ਮੋੜਨ ਵੱਲ ਜੁਟ ਪਿਆ।ਭਾਵੇਂ ਭਾਈ ਸਾਹਿਬ ਦੇ ਸਿਖੀ ਵਿੱਚ ਆਉਣ ਦੇ ਬਾਅਦ ਇੱਕ ਤੋਂ ਇੱਕ ਘਾਲ ਕਮਾਲ ਦੀ ਦਿਖ ਈ ਦੇਂਦੀ ਹੈ, ਪਰ ਜਿਸ ਦਾ ਜ਼ਿਕਰ ਅਸੀਂ ਹੁਣ ਕਰਨ ਲੱਗੇ ਹਾਂ, ਇਹ ਇਕ ਅਦੁਤੀ ਕਾਰਨਾਮਾ ਹੈ।

ਹੁਣ ਸਤਿਗੁਰੂ ਮਾਲਵੇ ਵਿੱਚ ਟਿਕੇ ਹੋਏ ਸਨ। ਦੂਰ ਦੂਰ ਤੋਂ ਸੰਗਤਾਂ ਦਰਸ਼ਨ ਹਿੱਤ ਆ ਰਹੀਆਂ ਸਨ। ਭਾਈ ਬਖਤ ਮੱਲ ਤੇ ਤਾਰਾ ਚੰਦ ਕਾਬਲ ਦੇ ਇਲਾਕੇ ਦੇ ਮਸੰਦ ਭੀ ਆਪਣੇ ਦੇਸ਼ ਦੀਆਂ ਸੰਗਤਾਂ ਨੂੰ ਨਾਲ ਲੈ, ਦਰਸ਼ਨਾਂ ਹਿਤ ਆਏ। ਸੰਗਤ ਨੇ ਬੇਅੰਤ ਸੁਗਾਤਾਂ ਤੇ ਧਨ ਭੇਟ ਕੀਤਾ। ਜਦ ਹਜ਼ੂਰੀ ਸਿਖਾਂ ਨੇ ਕਾਬਲੀ ਸਿਖਾਂ ਦੀ ਪੂਜਾ ਭੇਟਾ ਦੀ ਸ਼ਲਾਘਾ ਕੀਤੀ, ਤਾਂ ਉਹਨਾਂ ਨੇ ਬੜੇ ਅਫਸੋਸ ਨਾਲ ਅੱਗੋਂ ਇਹ ਗੱਲ ਕਹੀ, "ਸਾਡੀ ਰੀਝ ਤੇ ਪੂਰੀ ਹੋ ਹੀ ਨਹੀਂ ਸਕੀ, ਕਿਉਂ ਜੋ ਉਹ ਸੁੰਦਰ ਭੇਟਾ, ਜੋ ਅਸਾਂ ਚਾਵਾਂ ਨਾਲ ਸਤਿਗੁਰਾਂ ਲਈ ਲਿਆਂਦੀ ਸੀ, ਹਜ਼ੂਰੀ ਵਿਚ ਪੁੱਜ ਹੀ ਨਹੀਂ ਸਕੀ।"

ਸੰਗਤਾਂ ਦੇ ਵਿਸਥਾਰ ਨਾਲ ਪੁੱਛਣ ਤੇ ਉਹਨਾਂ ਨੇ ਦੱਸਿਆ, ਉਹ ਸਤਿਗੁਰਾਂ ਦੀ ਭੇਟ ਕਰਨ ਵਾਸਤੇ ਦੋ ਲਾਸਾਨੀ ਅਰਬੀ ਘੋੜੇ ਲਿਆ ਰਹੇ ਸਨ, ਤੇ ਜਦੋਂ ਲਾਹੌਰੋਂ ਲੰਘੇ, ਤਾਂ ਬਦ-ਕਿਸਮਤੀ ਨੂੰ ਬਕਰੀਦ ਦਾ ਮੇਲਾ ਦੇਖਣ ਲਈ ਲਾਹੌਰ ਅਟਕ ਗਏ, ਅਤੇ ਉਸ ਸਮੇਂ ਵਿਚ ਹੀ ਹਕੂਮਤ ਦੇ ਕਰਮ-ਚਾਰੀ ਕਾਸਮ ਬੇਗ ਸੂਬੇਦਾਰ ਲਾਹੌਰ ਦੀ ਨਿਗਾਹ ਦਿਲਬਾਗ਼ ਅਤੇ ਗੁਲਬਾਗ ਤੇ ਪੈ ਗਈ। ਸੂਬੇ ਨੂੰ ਘੋੜੇ ਅਜਿਹੇ ਪਸੰਦ

ਆਏ ਕਿ ਉਸ ਨੇ ਈਦ ਦੇ ਜਸ਼ਨ ਤੇ ਬਾਦਸ਼ਾਹ ਨੂੰ ਉਹ ਘੋੜੇ ਨਜ਼ਰ ਕਰਨ ਦਾ ਮਨਸੂਬਾ ਆਪਣੇ ਮਨ ਵਿਚ ਪੱਕਾ ਬੰਨ੍ਹ ਲਿਆ। ਪਹਿਲਾਂ ਤੇ ਉਸ ਨੇ ਭਾਰੀ ਰਕਮ ਉਹਨਾਂ ਦੀ ਖ਼ਰੀਦ ਹਿਤ ਸਾਨੂੰ ਪੇਸ਼ ਕੀਤੀ, ਪਰ ਜਦ ਅਸੀਂ ਕਿਸੇ ਤਰ੍ਹਾਂ ਭੀ ਨਾ ਮੰਨੇ, ਤਾਂ ਉਹਨਾਂ ਨੇ ਜ਼ਬਰਦਸਤੀ ਸਾਡੇ ਕੋਲੋਂ ਖੋਹ ਕੇ ਬਾਦਸ਼ਾਹ ਦੇ ਭੇਟ ਕਰ ਦਿਤੇ, ਜੋ ਅੱਜ ਸਤਿਗੁਰਾਂ ਦੇ ਤਬੇਲੇ ਦੀ ਥਾਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ, ਜਿੱਥੇ ਅੱਜ ਕਲ ਬਾਦਸ਼ਾਹ ਠਹਿਰਿਆ ਹੋਇਆ ਹੈ, ਸ਼ਾਹੀ ਅਸਤਬਲ ਵਿਚ ਖੜੋਤੇ ਹਨ। ਭਾਈ ਬਖਤ ਮੱਲ ਦੇ ਨੈਣਾਂ ਵਿਚੋਂ ਇਹ ਵਿਥਿਆ ਸੁਣਾਂਦਿਆਂ ਹੋਇਆਂ ਅੱਥਰੂ ਵਹਿ ਤੁਰੇ, ਤੇ ਉਸ ਕਿਹਾ, "ਕੀ ਕਰੀਏ, ਬੇ-ਬੱਸ ਹਾਂ। ਡਾਢਿਆਂ ਨਾਲ ਕੋਈ ਪੇਸ਼ ਨਹੀਂ ਚਲਦੀ। ਰਾਜਾ ਅਨਿਆਈ ਤੇ ਅਹਿਲਕਾਰ ਲੋਭੀ ਹਨ। ਜ਼ੁਲਮ ਰਾਜ ਵਿਚ ਪ੍ਰੇਮ-ਭੇਟਾਂ ਭੀ ਖੋਹ ਲਈਆਂ ਜਾਂਦੀਆਂ ਹਨ ਤੇ ਹਾਰ ਕੇ ਕਲੇਜੇ ਤੇ ਪੱਥਰ ਰੱਖ ਸਬਰ ਹੀ ਕਰਨਾ ਪੈਂਦਾ ਹੈ।"

ਭਾਈ ਬਖਤ ਮੱਲ ਦੀ ਇਹ ਗੱਲ ਸੁਣ ਹਜ਼ੂਰੀ ਜੋਧਿਆਂ ਨੇ ਉਸ ਨੂੰ ਦਿਲਾਸਾ ਦੇਂਦਿਆਂ ਹੋਇਆਂ ਕਿਹਾ, "ਬੇਬਸੀ ਦਾ ਸਮਾਂ ਖ਼ਤਮ ਹੋ ਚੁਕਾ ਹੈ। ਜਰਵਾਣਿਆਂ ਦਾ ਜ਼ੋਰ ਤੋੜਨ ਦੀ ਅਕਾਲ ਆਗਿਆ ਹੋ ਚੁਕੀ ਹੈ। ਗ਼ਰੀਬ-ਨਿਵਾਜ਼ ਸਤਿਗੁਰਾਂ ਨੇ ਸੇਲ੍ਹੀ ਮਾਲਾ ਦੀ ਥਾਂ ਤਲਵਾਰ ਤੇਗਾ ਧਾਰਨ ਕੀਤਾ ਹੈ। ਤੁਸੀਂ ਕੋਈ ਫ਼ਿਕਰ ਨਾ ਕਰੋ। ਤੁਹਾਡੀ ਭੇਟਾ ਗੁਰੂ ਕੀ ਹਜ਼ੂਰੀ ਵਿਚ ਤੁਹਾਡੇ ਨਿਸਚੇ ਕਰ ਕੇ ਹੀ ਪੁੱਜ ਚੁਕੀ ਹੈ, ਪਰ ਖੋਹੇ ਹੋਏ ਘੋੜੇ ਭੀ ਹਕੂਮਤ ਨੂੰ ਪਚਾਣੇ ਨਹੀਂ

ਦਿਤੇ ਜਾਣਗੇ। ਤੁਸੀਂ ਧੀਰਜ ਕਰੋ ਤੇ ਰੰਗ ਦੇਖੋ।"

ਇਤਨਾ ਕਹਿ ਸੂਰਮਿਆਂ ਨੇ ਆਪਸ ਵਿਚ ਦੀ ਸਲਾਹ ਕੀਤੀ ਕਿ ਕੌਣ ਬਲੀ ਇਸ ਕੰਮ ਤੇ ਲਗਾਇਆ ਜਾਏ, ਜੋ ਸ਼ਾਹੀ ਅਸਤਬਲ ਵਿਚੋਂ ਘੋੜੇ ਕੱਢ ਲਿਆਵੇ। ਜਾਂ ਸਾਰਿਆਂ ਦੀ ਨਿਗਾਹ ਭਾਈ ਬਿਧੀ ਚੰਦ ਤੇ ਪਈ, ਤਾਂ ਭਾਈ ਸਾਹਿਬ ਨੇ ਸਤਿਗੁਰਾਂ ਅੱਗੇ ਮੱਥਾ ਟੇਕਦਿਆਂ ਹੋਇਆਂ ਕਿਹਾ, "ਜੇ ਮੇਰੇ ਸਿਰ ਤੇ ਮੇਹਰ ਦਾ ਹੱਥ ਰੱਖੋ, ਤਾਂ ਮੈਂ ਇਸ ਸੇਵਾ ਲਈ ਤਿਆਰ ਹਾਂ।" ਸਤਿਗੁਰਾਂ ਨੇ ਅਸੀਸ ਦਿੱਤੀ ਤੇ ਭਾਈ ਬਿਧੀ ਚੰਦ ਅਰਦਾਸਾ ਸੋਧ, ਗ਼ਰੀਬਾਂ ਤੋਂ *ਖੋਹਿਆ ਹੋਇਆ ਮਾਲ

---

*ਸੂ: ਪ੍ਰ: ਵਿਚ ਇਹਨਾਂ ਘੋੜਿਆਂ ਦਾ ਜ਼ਿਕਰ ਉਸ ਦੀ ਪੁਰਾਨਕ ਢੰਗ ਦੀ ਲਿਖਤ ਅਨੁਸਾਰ ਹੋਰ ਹੀ ਤਰ੍ਹਾਂ ਕੀਤਾ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਕਾਬਲੀ ਸੰਗਤ ਨੇ ਲਾਹੌਰ ਤੋਂ ਲੰਘਣ ਸਮੇਂ ਬਾਦਸ਼ਾਹ ਸ਼ਾਹ ਜਹਾਨ ਦੇ ਜਲੂਸ ਵਿਚ ਦੋ ਅਰਬੀ ਘੋੜੇ ਵੇਖੇ ਤੇ ਸਤਿਗੁਰਾਂ ਕੋਲ ਆਣ ਕੇ ਘੋੜਿਆਂ ਦੀ ਵਡਿਆਈ ਕੀਤੀ, ਤਾਂ ਸੰਗਤ ਦੇ ਕਹਿਣ ਉੱਤੇ ਕਿ ਅਜਿਹੇ ਘੋੜੇ ਗੁਰੂ ਜੀ ਕੋਲ ਹੋਣੇ ਚਾਹੀਦੇ ਹਨ, ਸਤਿਗੁਰਾਂ ਦੀ ਆਗਿਆ ਅਨੁਸਾਰ ਭਾਈ ਬਿਧੀ ਚੰਦ ਲਾਹੌਰ ਘੋੜੇ ਲੈਣ ਚਲਾ ਗਿਆ। ਇਹ ਗੱਲ ਖੋਜ ਦੀ ਘਸਵੱਟੀ ਤੇ ਨਹੀਂ ਟਿਕ ਸਕਦੀ, ਕਿਉਂ ਜੋ ਮਹਿਮਾ ਪ੍ਰਕਾਸ਼ ਇਤਿਹਾਸ ਗੁਰੂ ਖ਼ਾਲਸਾ, ਤਵਾਰੀਖ਼ ਖ਼ਾਲਸਾ ਤੇ ਮੈਕਾਲਫ਼ ਦਾ ਇਤਿਹਾਸ ਸਭ ਨੇ ਕਿਸੇ ਇਕ ਜਾਂ ਦੂਸਰੇ ਰੂਪ ਵਿਚ ਇਹੀ ਮੰਨਿਆ ਹੈ ਕਿ ਉਹ ਘੋੜੇ (ਕਿਸੇ ਕਿਸੇ ਨੇ ਇਕ ਘੋੜਾ ਭੀ ਲਿਖਿਆ ਹੈ) ਸਤਿਗੁਰਾਂ ਦੀ ਭੇਟ ਜਾ ਰਹੇ ਹੀ ਸੰਗਤ ਕੋਲੋਂ ਲਾਹੌਰ ਵਿਚ ਹਕੂਮਤ ਦੇ ਕਰਮਚਾਰੀਆਂ ਵੱਲੋਂ ਖੋਹੇ ਗਏ ਸਨ, ਤੇ ਉਹ ਸਤਿਗੁਰਾਂ ਨੇ ਭਾਈ ਬਿਧੀ ਚੰਦ ਦੀ ਰਾਹੀਂ ਵਾਪਸ ਮੰਗਾ ਲਏ। ਮਾਲੂਮ ਹੁੰਦਾ ਹੈ ਕਿ ਇਹਨਾਂ ਘੋੜਿਆਂ ਦੀ ਖੋਹੇ ਜਾਣ ਦੀ ਵਾਰਤਾ ਦਾ ਪ੍ਰਸੰਗ ਹੀ ਸੂ: ਪ੍ਰ: ਦੇ ਕਰਤਾ ਨੇ ਰੁਸਤਮ ਖ਼ਾਂ ਕਾਜ਼ੀ ਵਾਲੇ ਘੋੜੇ ਦੀ ਕਥਾ ਵਿਚ ਰਲਾ-ਮਲਾ ਦਿੱਤਾ ਹੈ।

ਸ਼ਹਿਨਸ਼ਾਹ ਸ਼ਾਹ ਜਹਾਨ ਦੇ ਕਬਜ਼ੇ ਵਿਚੋਂ ਵਾਪਸ ਮੋੜਨ ਲਈ ਲਾਹੌਰ ਨੂੰ ਤੁਰ ਪਿਆ।

ਭਾਈ ਬਿਧੀ ਚੰਦ ਜੀ ਮਾਲਵਿਓਂ ਚੱਲ ਪੰਜਵੇਂ ਦਿਨ ਲਾਹੌਰ ਭਾਈ ਜੀਵਨ ਜੀ ਦੇ ਘਰ ਜਾ ਠਹਿਰੇ। ਇਹ ਗੁਰਮੁਖ ਤਰਖਾਣੀ ਕਿਰਤ ਕਰਦੇ ਸਨ । ਉਹਨਾਂ ਨੇ ਸੱਚੇ ਗੁਰ-ਭਾਈ ਵਾਂਗ ਭਾਈ ਬਿਧੀ ਚੰਦ ਜੀ ਦੀ ਸੇਵਾ ਕੀਤੀ। ਪਰ ਜਦ ਭਾਈ ਸਾਹਿਬ ਨੇ ਆਪਣਾ ਲਾਹੌਰ ਆਉਣ ਦਾ ਮਨੋਰਥ ਦੱਸਿਆ, ਤਾਂ ਭਾਈ ਜੀਵਨ ਨੇ ਇਸ ਮਨੋਰਥ ਵਿਚ ਕਾਮਯਾਬੀ ਹੋਣੀ ਕਠਨ ਦੱਸੀ ਤੇ ਕਿਹਾ, "ਘੋੜੇ ਕਿਲ੍ਹੇ ਵਿਚ ਰਹਿੰਦੇ ਹਨ। ਬਾਦਸ਼ਾਹ ਦੇ ਮਨ-ਪਸਦ ਆ ਜਾਣ ਕਰ ਕੇ ਉਸ ਦੇ ਖਾਸ ਤਬੇਲੇ ਵਿਚ ਹਨ, ਜਿਥੇ ਪਹਿਰਾ ਬੜਾ ਕਰੜਾ ਹੈ ਤੇ ਕਿਸੇ ਓਪਰੇ ਦਾ ਗਮਨ ਔਖਾ ਹੈ ।" ਭਾਈ ਬਿਧੀ ਚੰਦ ਜੀ ਨੇ ਸਾਰੀ ਗੱਲ ਬਾਤ ਸੁਣ ਕੇ ਕਿਹਾ, "ਬੇਸ਼ੱਕ ਕੰਮ ਕਠਨ ਹੈ, ਪਰ ਗੁਰੂ ਦੀ ਬਖ਼ਸ਼ਿਸ਼ ਭੀ ਨਾਲ ਹੈ। ਦੇਖ ਕੀ ਬਣਦਾ ਹੈ!"

ਅਗਲੀ ਸਵੇਰੇ ਹੀ ਭਾਈ ਬਿਧੀ ਚੰਦ ਜੀ ਨੇ ਘਸਿਆਰਿਆਂ ਦਾ ਭੇਸ ਬਣਾ ਲਿਆ। ਮੈਲੇ ਪਾਟੇ ਕਪੜੇ ਪਹਿਣ ਸਿਰ ਤੇ ਮੁੱਗਲ਼ ਜਿਹਾ ਬੰਨ੍ਹ ਕੰਬਲ ਦੀ ਬੁੰਮ ਮਾਰ ਲਈ ਤੇ ਦਰਿਆ ਦੀ ਮੰਡ ਵਿਚੋਂ ਲਵਾ, ਹਰਾ ਘਾਹ ਖੋਤ ਪੰਡ ਬੰਨ੍ਹ ਕਿਲ੍ਹੇ ਦੇ ਸਾਹਮਣੇ ਘਾਹ ਵੇਚਣ ਵਾਲਿਆਂ ਘਾਈਆਂ ਦੀ ਕਤਾਰ ਵਿਚ ਆ ਬੈਠਾ। ਜਦ ਲੌਢੇ ਵੇਲੇ ਸ਼ਾਹੀ ਦਰੋਗ਼ਾ ਸੌਂਧੇ ਖ਼ਾਂ ਘਾਹ ਖ਼ਰੀਦਣ ਲਈ ਆਇਆ, ਤਾਂ ਉਸ ਨੇ ਸਾਰਿਆਂ ਵਿਚੋਂ ਭਾਈ ਬਿਧੀ ਚੰਦ ਦਾ ਘਾਹ ਹਰਾ ਤੇ ਸੁਥਰਾ ਵੇਖ ਕੇ ਸ਼ਾਹੀ ਅਸਤਬਲ ਵਿਚ ਗੁਲਬਾਗ਼ ਤੇ ਦਿਲਬਾਗ਼ ਨੂੰ

ਪਾਉਣ ਲਈ ਖ਼ਰੀਦ ਲਿਆ ਅਤੇ ਹੋਰ ਘਾਹ ਦੀਆਂ ਪੰਡਾਂ ਲੋੜਵੰਦ ਅਸਥਾਨਾਂ ਤੇ ਭੇਜ, ਆਪ ਬਾਦਸ਼ਾਹ ਦੇ ਇਹਨਾਂ ਖ਼ਾਸ ਘੋੜਿਆਂ ਅੱਗੇ ਘਾਹ ਪਾਉਣ ਲਈ ਭਾਈ ਜੀ ਨੂੰ ਘਾਹ ਚੁਕਾ ਨਾਲ ਲੈ ਗਿਆ। ਭਾਈ ਸਾਹਿਬ ਨੇ ਘਾਹ ਘੋੜਿਆਂ ਅੱਗੇ ਜਾ ਪਾਇਆ ਅਤੇ ਬੜੀ ਸਾਦਗੀ ਨਾਲ ਵਰਤਾਰਾ ਕੀਤਾ। ਦਰੋਗੇ ਨੇ ਘਾਹ ਦਾ ਰੁਪਿਆ ਦੇਂਦਿਆਂ ਹੋਇਆਂ ਕਿਹਾ, "ਇਹ ਘੋੜੇ ਖਾਸ ਹਜ਼ੂਰੀ ਹਨ। ਜਹਾਂ ਪਨਾਹ ਇਹਨਾਂ ਨਾਲ ਬੜਾ ਪਿਆਰ ਕਰਦੇ ਹਨ। ਜੇ ਤੂੰ ਰੋਜ਼ ਏਹੋ ਜਿਹਾ ਹਰਾ ਭਰਾ ਅਤੇ ਸੁਥਰਾ ਘਾਹ ਇਹਨਾਂ ਲਈ ਲਿਆਇਆ ਕਰੇਂਗਾ, ਤਾਂ ਤੈਨੂੰ ਘਾਹ ਦੀ ਕੀਮਤ ਤੋਂ ਬਿਨਾਂ ਹੋਰ ਇਨਾਮ ਭੀ ਮਿਲਿਆ ਕਰੇਗਾ।" ਭਾਈ ਸਾਹਿਬ ਨੇ ਕਿਹਾ, "ਚੰਗਾ, ਮੈਂ ਰੋਜ਼ ਹੀ ਇਹੋ ਜਿਹਾ ਕੀ, ਏਦੋਂ ਭੀ ਵਧ ਘਾਹ ਲਿਆਇਆ ਕਰਾਂਗਾ।" ਭਾਈ ਬਿਧੀ ਚੰਦ ਜੀ ਨੇ ਹੁਣ ਇਹ ਆਪਣਾ ਨੇਮ ਹੀ ਬਣਾ ਲਿਆ ਕਿ ਚੰਗੇ ਤੋਂ ਚੰਗਾ ਤੇ ਚੋਖੇ ਤੋਂ ਚੋਖਾ ਘਾਹ ਉਹਨਾਂ ਘੋੜਿਆਂ ਲਈ ਖੋਤ ਲਿਆਇਆ ਕਰੇ ਤੇ ਜਿਹੜਾ ਮੁੱਲ ਯਾ ਬਖਸ਼ੀਸ਼ ਮਿਲੇ, ਉਹ ਗ਼ਰੀਬ-ਗੁਰਬੇ ਨੂੰ ਵੰਡ ਪ੍ਰਸ਼ਾਦਾ ਭਾਈ ਜੀਵਨ ਦੇ ਘਰੋਂ ਛਕ, ਰਾਤ ਓਥੇ ਟਿਕ ਰਿਹਾ ਕਰੇ। ਕਰਦਿਆਂ ਕਰਦਿਆਂ ਅਸਤਬਲ ਦੇ ਕਰਮਚਾਰੀਆਂ ਨਾਲ ਵਾਕਫੀਅਤ ਵਧ ਗਈ। ਅੰਦਰ ਆਉਣ ਜਾਣ ਦੀ ਖੁਲ੍ਹ ਹੋ ਗਈ। ਏਥੋਂ ਤਕ ਕਿ ਦਰੋਗੇ ਨੇ ਇਹਨਾਂ ਦੇ ਈਮਾਨਦਾਰ ਤੇ ਮੇਹਨਤੀ ਸੁਭਾਵ ਨੂੰ ਤੱਕ ਕੇ ਘੋੜਿਆਂ ਦੀ ਸੇਵਾ ਤੇ ਹੀ ਲਗਾ ਦਿਤਾ।

ਹੁਣ ਭਾਈ ਜੀ ਨੇ ਇਕ ਹੋਰ ਤਦਬੀਰ ਕੀਤੀ। ਉਹ ਹਰ ਰੋਜ਼ ਘਾਹ ਵਿਚ ਇਕ ਪੱਥਰ ਬਾਹਰੋਂ ਬੰਨ੍ਹ ਲਿਆਇਆ ਕਰਨ ਤੇ ਰਾਤ ਦੇ ਕਿਸੇ ਸਮੇਂ ਕਿਲ੍ਹੇ ਦੀ ਦੀਵਾਰ ਦੇ ਉਤੋਂ ਦੀ ਦਰਿਆ ਵਿਚ ਜੋ ਉਸ ਸਮੇਂ ਕਿਲ੍ਹੇ ਦੀ ਦੀਵਾਰ ਨਾਲ ਖਹਿ ਕੇ ਲੰਘਦਾ ਸੀ, ਵਗਾਹ ਮਾਰਿਆ ਕਰਨ। ਕੁਝ ਦਿਨ ਤਾਂ ਇਸ ਪੱਥਰ ਡਿਗਣ ਦੇ ਖੜਕਾਰ ਦੀ ਚਰਚਾ ਪਹਿਰੇਦਾਰਾਂ ਵਿਚ ਰਹੀ, ਪਰ ਓੜਕ ਕੁਝ ਕਾਰਨ ਨਾ ਲੱਭ ਸਕਣ ਦੇ ਸਬੱਬ ਇਹੋ ਹੀ ਮੰਨ ਲਿਆ ਗਿਆ ਕਿ ਮਗਰ ਮੱਛਾਂ ਦੇ ਬਰੇਤੇ ਤੇ ਚੜ੍ਹ ਆਉਣ ਤੇ ਫਿਰ ਪਾਣੀ ਤੇ ਛੱਲਾਂ ਮਾਰਨ ਦਾ ਖੜਾਕ ਹੁੰਦਾ ਹੈ।

ਹੁਣ ਇਧਰ ਤਾਂ ਪਹਿਰੇਦਾਰ ਪੱਥਰ ਦੇ ਰੋਜ਼ਾਨਾ ਖੜਾਕ ਹੋਣ ਕਰ ਕੇ ਇਸ ਗੱਲ ਨੂੰ ਸਾਧਾਰਨ ਮੰਨ ਬੈਠੇ ਤੇ ਓਧਰ ਘੋੜਿਆਂ ਦੀ ਸੇਵਾ ਕਰ ਤੇ ਉਹਨਾਂ ਨੂੰ ਘਾਹ ਦਾਣਾ ਪੱਠਾ ਰੋਜ਼ ਦੇਣ ਕਰ ਕੇ ਜਾਨਵਰ ਭਾਈ ਸਾਹਿਬ ਦੇ ਹੱਥ ਉਪਰ ਪੈ ਗਏ। ਜਾਂ ਇਕ ਦਿਨ ਬਾਦਸ਼ਾਹ ਨੇ ਘੋੜਿਆਂ ਦੀ ਅੱਛੀ ਹਾਲਤ ਦੇਖ, ਦਰੋਗੇ ਸੌਂਧੇ ਖ਼ਾਂ ਤੇ ਪ੍ਰਸੰਨਤਾ ਪ੍ਰਗਟ ਕੀਤੀ, ਤੇ ਉਸ ਨੇ ਭੀ ਖੁਸ਼ ਹੋ ਘੋੜਿਆਂ ਦੇ ਇਸ ਨਵੇਂ ਟਹਿਲੂਏ ਨੂੰ ਚੋਖਾ ਇਨਾਮ ਦਿਤਾ, ਤਾਂ ਅਸਤਬਲ ਦੇ ਸਾਰੇ ਘਸਿਆਰੇ ਭਾਈ ਸਾਹਿਬ ਦੇ ਉਦਾਲੇ ਹੋ ਗਏ ਕਿ 'ਸਾਨੂੰ ਭੀ ਕੁਝ ਦੇਹ।' ਭਾਈ ਸਾਹਿਬ ਨੇ, ਜੋ ਪਹਿਲਾਂ ਹੀ ਸਾਰਾ ਇਨਾਮ ਅਕਰਾਮ ਗ਼ਰੀਬ ਗ਼ੁਰਬਿਆਂ ਨੂੰ ਦੇ ਛੱਡਦੇ ਸਨ। ਸਾਥੀ ਘਸਿਆਰਾਂ ਦੀ ਮੰਗ ਤੇ ਇਨਾਮ ਵਿਚ ਮਿਲੀ ਹੋਈ ਕੁਲ ਰਕਮ ਹੀ ਉਹਨਾਂ ਨੂੰ ਦੇ ਦਿਤੀ। ਘਸਿਆਰਿਆਂ ਨੇ ਖੂਬ

ਜਸ਼ਨ ਕੀਤਾ ਤੇ ਆਦਤ ਅਨੁਸਾਰ ਦਿਲ ਖੋਲ੍ਹ ਕੇ ਸ਼ਰਾਬ ਪੀਤੀ। ਜਾਂ ਉਹ ਸਭ ਬੇ-ਸੁਧ ਹੋ ਗਏ, ਤਾਂ ਭਾਈ ਸਾਹਿਬ ਨੇ ਅੱਧੀ ਰਾਤ ਦੇ ਪਿਛੋਂ ਇਕ ਘੋੜਾ ਖੋਲ੍ਹ ਲਿਆ ਅਤੇ ਉਸ ਤੇ ਕਾਠੀ ਪਾ ਸੁਆਰ ਹੋ ਸਤਿਗੁਰਾਂ ਦਾ ਨਾਮ ਲੈ ਅੱਡੀ ਲਾ ਦਰਿਆ ਵਿਚ ਕੁਦਾ ਦਿਤਾ। ਪਹਿਰੇਦਾਰਾਂ ਨੇ ਖੜਾਕ ਦੀ ਕੋਈ ਪ੍ਰਵਾਹ ਹੀ ਨਾ ਕੀਤੀ ਅਤੇ ਭਾਈ ਸਾਹਿਬ ਦਰਿਆ ਪਾਰ ਹੋ, ਜਿਉਂ ਤੁਰੇ ਹਰੀਕੇ ਪੱਤਨ ਬਾਣੀ ਲੰਘ ਅਗਲੇ ਦਿਨ ਰੂਪੇ ਪਿੰਡ ਸਤਿਗੁਰਾਂ ਦੀ ਸੇਵਾ ਵਿਚ ਆਣ ਹਾਜ਼ਰ ਹੋਏ।

ਸੰਗਤਾਂ ਨੇ ਭਾਈ ਸਾਹਿਬ ਨੂੰ ਕਾਮਯਾਬੀ ਨਾਲ ਘੋੜਾ ਸ਼ਾਹੀ ਕਬਜ਼ੇ ਵਿਚੋਂ ਕੱਢ ਸਤਿਗੁਰਾਂ ਪਾਸ ਲੈ ਆਉਣ ਦੀ ਬੜੀ ਸ਼ਲਾਘਾ ਕੀਤੀ, ਪਰ ਭਾਈ ਸਾਹਿਬ ਨੇ ਕਿਹਾ, "ਕੰਮ ਅੱਧਾ ਹੀ ਹੋਇਆ ਹੈ ਸੰਗਤ ਅਸੀਸ ਦਿਓ ਕਿ ਗੁਰੂ ਕਿਰਪਾ ਨਾਲ ਪੂਰਾ ਹੋ ਸਕੇ।" ਅਤੇ ਦੂਜੇ ਦਿਨ ਹੀ ਦੂਜੇ ਘੋੜੇ ਦੇ ਲੈਣ ਹਿਤ ਲਾਹੌਰ ਵਲ ਤੁਰ ਪਏ।

## ਜੋਤਸ਼ੀ

ਭਾਈ ਬਿਧੀ ਚੰਦ ਤਾਂ ਰਾਤ ਘੋੜੇ ਨੂੰ ਦਰਿਆਉਂ ਪਾਰ ਕਰ ਹਕੂਮਤ ਦੇ ਪਹਿਰੇਦਾਰਾਂ ਦੇ ਪੰਜੇ ਵਿਚੋਂ ਨਿਕਲ ਗਏ, ਪਰ ਦਿਨ ਚੜ੍ਹਦੇ ਨੂੰ ਕਿਲ੍ਹੇ ਵਿਚ ਕੁਹਰਾਮ ਮਚ ਗਿਆ। ਬਾਦਸ਼ਾਹੀ ਗੁੱਸੇ ਤੋਂ ਡਰ ਪਹਿਰੇਦਾਰ ਤੇ ਅਸਤਬਲ ਦੇ ਦਰੋਗੇ ਸਭ ਥਰ ਥਰ ਕੰਬ ਰਹੇ ਸਨ। ਸਾਰਿਆਂ ਦੇ ਭਾ ਦੀ ਬਣੀ ਹੋਈ ਸੀ। ਕੋਤਵਾਲ ਸ਼ਹਿਰ ਆਪਣੇ ਥਾਂ ਭੱਜਾ ਫਿਰਦਾ ਸੀ

ਕਿ ਕਿਵੇਂ ਘੋੜੇ ਦਾ ਖੋਜ ਲੱਗ ਜਾਵੇ। ਉਹਨਾਂ ਨੇ ਪੱਤਾ ਪੱਤਾ ਛਾਣ ਮਾਰਿਆ, ਪਰ ਕੁਝ ਪਤਾ ਨਾ ਚਲਿਆ। ਜਦ ਸ਼ਾਹੀ ਅਹਿਲਕਾਰ ਤੇ ਪੁਲਸ ਵਾਲੇ ਘਬਰੇ ਹੋਏ ਚਾਰੇ ਪਾਸੇ ਹੱਥ ਮਾਰਦੇ ਫਿਰਦੇ ਸਨ, ਤਾਂ ਕਿਸੇ ਨੇ ਸੋਂਧੇ ਖ਼ਾਂ ਦਰੋਗੇ ਨੂੰ ਦਸ ਪਾਈ ਕਿ "ਸ਼ਹਿਰ ਵਿਚ ਇਕ ਭਾਰਾ ਜੋਤਸ਼ੀ ਆਇਆ ਹੋਇਆ ਹੈ। ਰਮਲ ਸੁਟ ਕੇ ਸਭ ਗੁਝੀਆਂ ਗੱਲਾਂ ਦਸ ਦੇਂਦਾ ਹੈ।" ਇਹ ਜੋਤਸ਼ੀ ਅਸਲ ਵਿਚ ਭਾਈ ਬਿਧੀ ਚੰਦ ਜੀ ਹੀ ਸਨ, ਜੋ ਐਤਕੀ ਭਾਈ ਬੋਹੋੜੂ ਨਾਮੀ ਬਜਾਜ ਦੇ ਘਰ ਆਣ ਉਤਰੇ ਹੋਏ ਸਨ ਤੇ ਜਿਨ੍ਹਾਂ ਨੂੰ ਇਸ ਗੁਰਭਾਈ ਤੋਂ ਲੋੜ ਅਨੁਸਾਰ ਕੀਮਤੀ ਕੱਪੜੇ ਲੈ ਜੋਤਸ਼ੀ ਦਾ ਭੇਸ ਬਣਾਇਆ ਹੋਇਆ ਸੀ ਤੇ ਆਪਣੀ ਪੋਥੀ ਸੰਗਲੀ ਲਈ ਕਈ ਦਿਨਾਂ ਤੋਂ ਇਕ ਪਿੱਪਲ ਥੱਲੇ ਬੈਠੇ ਲੋਕਾਂ ਨੂੰ ਟੇਵੇ ਦੱਸ ਰਹੇ ਸਨ। ਆਪਣੇ ਰੁਜ਼ਗਾਰ ਖੁਸ ਜਾਣ ਦੇ ਡਰ ਤੋਂ ਭੈ ਭੀਤ ਹੋਇਆ ਸੋਂਧੇ ਖ਼ਾਂ ਦਰੋਗਾ ਭੀ ਘਾਬਰਿਆ ਹੋਇਆ ਜੋਤਸ਼ੀ ਕੋਲ ਪੁੱਜਾ ਅਤੇ ਰੌਲ ਨੂੰ ਸਲਾਮ ਆਖ ਇਕ ਪਾਸੇ ਖੜੋ ਗਿਆ। ਭਾਈ ਸਾਹਿਬ ਨੇ ਸਲਾਮ ਦਾ ਜਵਾਬ ਦੇਂਦਿਆਂ ਹੋਇਆਂ ਕਿਹਾ, "ਆਓ ਦਰੋਗਾ ਜੀ, ਸਲਾਮ! ਕੋਈ ਪ੍ਰਸ਼ਨ ਹੈ, ਤਾਂ ਪੁਛ ਲਓ। ਮੌਲਾ ਦੀ ਮੇਹਰ ਤੇ ਪੰਜ ਤਨ ਪਾਕ ਦੀ ਮਦਦ, ਅਸੀਂ ਦਿਲਾਂ ਦੀਆਂ ਬੁਝਦੇ ਹਾਂ ਤੇ ਗੁਆਚਾਂਆਂ ਲੱਭਦੇ ਹਾਂ।" ਸੋਂਧੇ ਖ਼ਾਂ ਦਰੋਗ ਨੇ, ਜਿਸ ਨੂੰ ਕਿ ਇਹ ਖ਼ਿਆਲ ਭੀ ਨਹੀਂ ਸੀ ਕਿ ਧਾਹੀ ਹੀ ਜੋਤਸ਼ੀ ਬਣਿਆ ਹੋਇਆ ਹੈ, ਕਈ ਇਕ ਪ੍ਰਸ਼ਨ ਪੁਛੇ, ਜਿਸ ਦੇ ਜਵਾਬ ਵਿਚ ਭਾਈ ਸਾਹਿਬ ਨੇ ਓਹਦੇ ਬਹੁਤ ਸਾਰੇ ਭੇਦਾਂ ਦੇ ਜਾਣੂ ਹੋਣ ਕਰ ਕੇ ਬਹੁਤ ਹੱਦ ਤਕ ਦਰੁਸਤ

ਹੀ ਦੱਸੇ। ਚੁਨਾਂਚਿ ਦਰੋਗੇ ਨੇ ਆਹਲਾ ਅਫ਼ਸਰਾਂ ਪਾਸ ਜੋਤਸ਼ੀ ਦੀ ਸਫ਼ਾਰਸ਼ ਕੀਤੀ ਅਤੇ ਜਾਂ ਅਸਤਬਲ ਦੇ ਆਹਲਾ ਅਫ਼ਸਰ ਵਲੋਂ ਜੋਤਸ਼ੀ ਜੀ ਨੂੰ ਗੁਆਚੇ ਹੋਏ ਸ਼ਾਹੀ ਘੋੜੇ ਦਾ ਪਤਾ ਨਜੂਮ ਦੇ ਬਲ ਨਾਲ ਲਾਉਣ ਲਈ ਕਿਹਾ ਗਿਆ, ਤਾਂ ਰਮਲੀ ਬੋਲਿਆ, "ਗੁਆਚੀਆਂ ਸ਼ੈਆਂ ਦਾ ਪਤਾ ਕਰਨਾ ਤੰਤਰ ਨਾਲ ਹੋ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜਿਥੋਂ ਘੋੜਾ ਗਿਆ ਹੈ, ਸਾਨੂੰ ਤੁਸੀਂ ਉਥੇ ਹੀ ਲੈ ਚਲੋ। ਉਹੋ ਸਮਾਂ ਹੋਵੇ ਤੇ ਉਸੇ ਤਰ੍ਹਾਂ ਉਸ ਦੇ ਨਾਲ ਦਾ ਘੋੜਾ ਜ਼ੀਨ ਕਾਠੀ ਪਾ ਲਗਾਮ ਦੇ ਕੇ ਸੁਆਰੀ ਲਈ ਤਿਆਰ ਕਰ ਖੜਾ ਕੀਤਾ ਜਾਵੇ, ਤਾਂ ਉਸ ਵਕਤ ਅਸੀਂ ਭਾਖਿਆ ਲੈ ਚੋਰ ਦਾ ਪਤਾ ਕੱਢ ਸਕਾਂਗੇ।"

ਅਸਤਬਲ ਦੇ ਕਰਮਚਾਰੀ ਤੇ ਘਬਰਾਏ ਹੋਏ ਸਨ ਹੀ। ਉਹ ਤਾਂ, ਜਿਸ ਤਰ੍ਹਾਂ ਵੀ ਹੋ ਸਕੇ, ਚੋਰ ਤੇ ਘੋੜਾ ਲੱਭਣਾ ਚਾਹੁੰਦੇ ਸਨ ਤੇ ਨਾਲੇ ਸਾਧਾਰਨ ਮੁਸਲਮਾਨ ਹੋਣ ਕਰ ਕੇ ਤਵੀਤਾਂ ਧਾਗਿਆਂ, ਮੰਤਰਾਂ, ਜੰਤਰਾਂ, ਨਜੂਮ ਅਤੇ ਫਾਲ ਦੇ ਕਾਇਲ ਭੀ ਵਧੇਰੇ ਹੀ ਸਨ। ਚੁਨਾਂਚਿ ਜਿਸ ਤਰ੍ਹਾਂ ਰੌਲ ਨੇ ਕਿਹਾ, ਮੰਨ ਗਏ। ਚੁਨਾਂਚਿ ਜਦੋਂ ਅੱਧੀ ਰਾਤ ਦੇ ਬਾਅਦ ਦਰੋਗੇ ਦੇ ਹੁਕਮ ਅਨੁਸਾਰ ਨੌਕਰ ਦੂਸਰੇ ਘੋੜੇ ਤੇ ਸਾਜ਼ ਵਗੈਰਾ ਪਾ, ਲਗਾਮ ਦੇ ਉਸ ਥਾਂ ਤੇ ਲੈ ਆਏ, ਜਿਥੇ ਰਮਲੀ ਜੀ ਬੈਠੇ ਮੰਤਰ ਪੜ੍ਹ ਰਹੇ ਸਨ, ਤਾਂ ਨਜੂਮੀ ਨੇ ਥੋਹੜਾ ਜਿਹਾ ਚਿਰ ਕੁਝ ਮੂੰਹ ਵਿਚ ਬੁੜ ਬੁੜ ਕੀਤੀ, ਫਿਰ ਉਠ ਕੇ ਘੋੜੇ ਦੇ ਗਿਰਦ ਕਾਰ ਕੱਢੀ ਤੇ ਘੋੜੇ ਦੇ ਸੁੰਮਾਂ ਵਿਚੋਂ ਮਿੱਟੀ ਚੁੱਕ ਨੌਕਰ ਨੂੰ ਇਸ਼ਾਰਾ ਕੀਤਾ ਕਿ ਉਹ ਕਾਰ ਵਿਚੋਂ ਬਾਹਰ

ਨਿਕਲ ਜਾਏ। ਨੌਕਰ ਘੋੜਾ ਛੱਡ ਪਰੇ ਹੋਇਆ ਹੀ ਸੀ ਕਿ ਮਾਂਦਰੀ ਨੇ ਇਕ ਦਮ ਲਗਾਮ ਫੜ ਸ਼ਾਹ ਸਵਾਰਾਂ ਵਾਂਗ ਘੋੜੇ ਤੇ ਪਲਾਕੀ ਮਾਰੀ ਤੇ ਉਸ ਨੂੰ ਅੱਡੀ ਮਾਰਦਿਆਂ ਹੋਇਆਂ ਲਲਕਾਰ ਕੇ ਕਿਹਾ, "ਸ਼ਾਪੀ ਕਰਿੰਦਿਓ, ਇਹ ਘੋੜੇ ਤੁਸਾਂ ਗੁਰੂ ਕੇ ਸਿੱਖਾਂ ਕੋਲੋਂ ਜ਼ਬਰਦਸਤੀ ਖੋਹੇ ਸਨ। ਇਹ ਸਾਡੀ ਚੀਜ਼ ਸੀ, ਜਿਸ ਕਰ ਕੇ ਸਾਡੇ ਤੇ ਲੈ ਜਾਣਾ ਫ਼ਰਜ਼ ਸੀ। ਪਹਿਲਾ ਘੋੜਾ ਭੀ ਮੈਂ ਲੈ ਗਿਆ ਸਾਂ। ਦੂਜਾ ਹੁਣ ਲੈ ਚਲਿਆ ਹਾਂ। ਮੇਰਾ ਨਾਮ ਬਿਧੀ ਚੰਦ ਹੈ। ਮੈਂ ਗੁਰੂ ਹਰਿਗੋਬਿੰਦ ਸਾਹਿਬ ਦਾ ਸਿਖ ਹਾਂ। ਜੇ ਹੋ ਸਕੇ, ਤਾਂ ਮੇਰੀ ਗ੍ਰਿਫ਼ਤਾਰੀ ਹਿਤ ਸੁਣਾਇਆ ਹੋਇਆ ਇਨਾਮ ਮੈਨੂੰ ਪਿਛੋਂ ਭੇਜ ਦੇਣਾ।"

ਇਹ ਸੁਣਦਿਆਂ ਹੀ ਅਸਤਬਲ ਦੇ ਆਹਲਾ ਅਫ਼ਸਰ ਦਰੋਗੇ ਅਤੇ ਪਹਿਰਦਾਰਾਂ ਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ ਅਤੇ ਭਾਈ ਸਾਹਿਬ, ਜੋ ਜਮਾਂਦਰੂ ਹੀ ਸ਼ਾਹ ਸਵਾਰ ਸਨ, ਘੋੜੇ ਨੂੰ ਦਰਿਆ ਵਿਚ ਕੁਦਾ ਪਾਰ ਲੰਘ, ਮਾਲਵੇ ਦਾ ਰਾਹ ਫੜਿਆ। ਜਦ ਭਾਈ ਸਾਹਿਬ ਹਰੀਕੇ ਪੱਤਣ ਲੰਘ ਕਾਂਗੜ ਪਿੰਡ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਪੁਜੇ, ਤਾਂ ਸਾਰੀ ਸੰਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਸਤਿਗੁਰਾਂ ਨੇ ਫਰਮਾਇਆ, "ਧੰਨ ਸਿੱਖੀ ! ਹੁਣ ਜਰਵਾਣਿਆਂ ਦਾ ਜ਼ੋਰ ਜ਼ੁਲਮ ਖ਼ਤਮ ਹੋ ਕੇ ਹੀ ਰਹੇਗਾ।" ਤੇ ਭਾਈ ਬਿਧੀ ਚੰਦ ਜੀ ਨੂੰ ਛਾਤੀ ਨਾਲ ਲਾਉਂਦਿਆਂ ਹੋਇਆਂ ਫ਼ਰਮਾਇਆ:—

"ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।
ਪ੍ਰੇਮ ਭਗਤ ਲੀਨਾ, ਕਦੇ ਕਮੀ ਨਾ।"

# ਤੀਸਰੀ ਲੜਾਈ

ਭਾਈ ਬਿਧੀ ਚੰਦ ਜੀ ਤਾਂ ਜਰਵਾਣਿਆਂ ਤੋਂ ਜ਼ੋਰੀ ਖੋਹਿਆ ਹੋਇਆ ਮਾਲ ਵਾਪਿਸ ਲੈ ਆਏ, ਪਰ ਹੁਣ ਹਾਕਮਾਂ ਨੂੰ ਚੈਨ ਕਿਸ ਤਰ੍ਹਾਂ ਆ ਸਕਦਾ ਸੀ। ਫ਼ੌਰਨ ਹੀ ਸ਼ਾਹੀ ਹੁਕਮ ਹੋ ਗਿਆ ਤੇ ਲਲਾ ਬੇਗ ਕਾਬਲੀ ਅਤੇ ਉਸ ਦਾ ਭਰਾ ਕਮਰ ਬੇਗ ਖ਼ਾਂ ਪੰਜ ਹਜ਼ਾਰੀ ਵੀਹ ਹਜ਼ਾਰ ਫ਼ੌਜ ਲੈ ਸਤਿਗੁਰਾਂ ਤੇ ਚੜ੍ਹਾਈ ਕਰਨ ਲਈ ਲਾਹੌਰੋਂ ਰਵਾਨਾ ਹੋ ਪਿਆ। ਇਹਨਾਂ ਦਾ ਭਤੀਜਾ ਕਾਬਲੀ ਬੇਗ ਭੀ ਆਪਣੀ ਆਪਣੀ ਸੈਨਾ ਲੈ ਜਵਾਨੀ ਦੇ ਨਸ਼ੇ ਵਿਚ ਝੂਮਦੇ ਅੱਗੇ ਹੋ ਤੁਰੇ। ਇਹ ਸਾਰੇ ਹੀ ਮੰਨੇ ਹੋਏ ਸੂਰਮੇ ਸਨ ਅਤੇ ਕਾਬਲੀ ਸਰਦਾਰ ਹੋਣ ਕਰ ਕੇ ਇਹਨਾਂ ਦੀ ਫ਼ੌਜ ਵਿਚ ਬਾਹਲੇ ਯੂਸਫ਼ ਜ਼ਈ, ਦਾਊਦ ਜ਼ਈ, ਗ਼ਲਜ਼ਈ ਅਤੇ ਅਬਦਾਲੀ ਕੌਮ ਦੇ ਸਿਪਾਹੀ ਸਨ। ਇਹਨਾਂ ਤੋਂ ਬਿਨਾਂ ਅਰਬੀ, ਰੁਹੇਲੇ, ਤੁਰਕਮਾਨ ਅਤੇ ਕੁਝ ਹਬਸ਼ੀਆਂ ਦੇ ਦਸਤੇ ਭੀ ਸਨ। ਇਹ ਸਾਰਾ ਦਲ ਮਾਰੋ ਮਾਰ ਕਰਦਾ ਮਾਲਵੇ ਨੂੰ ਚੜ੍ਹ ਪਿਆ।

ਭਾਵੇਂ ਗੁਰੂ ਜੀ ਭੀ ਕਈ ਚਿਰਾਂ ਤੋਂ ਸ਼ਾਹੀ ਸੈਨਾ ਦੀ ਉਡੀਕ ਵਿਚ ਸਨ ਤੇ ਖਾਸ ਕਰ ਜਿਸ ਦਿਨ ਦਾ ਭਾਈ ਬਿਧੀ ਚੰਦ ਘੋੜੇ ਲੈ ਕੇ ਆਇਆ ਸੀ। ਸ਼ਾਹੀ ਸੈਨਾ ਦੇ ਆਉਣ ਦੀ ਆਸ ਹੋਰ ਭੀ ਵਧੇਰੇ ਹੋ ਗਈ ਸੀ, ਪਰ ਜਦੋਂ ਲਾਹੌਰ ਦਿਆਂ ਸਿੱਖਾਂ ਨੇ ਆਪਣੇ ਮੋਤਬਿਰ ਦੇ ਹੱਥ ਸੁਨੇਹਾ ਘਲਿਆ ਕਿ

ਸ਼ਾਹੀ ਲਸ਼ਕਰ ਆ ਰਿਹਾ ਹੈ, ਤਾਂ ਸਤਿਗੁਰਾਂ ਨੇ ਭੀ ਮੁਕਾਬਲੇ ਦੀ ਤਿਆਰੀ ਕਰਨੀ ਆਰੰਭ ਦਿਤੀ। ਹਜ਼ੂਰ ਨੇ ਰਾਏ ਜੋਧ ਦੀ ਸਲਾਹ ਲਈ। ਭਾਵੇਂ ਰਾਇ ਨੇ ਪਹਿਲਾਂ ਟਲ ਜਾਣ ਦਾ ਮਸ਼ਵਰਾ ਦਿਤਾ, ਪਰ ਸਤਿਗੁਰਾਂ ਦੇ ਫੈਸਲੇ ਨੂੰ ਸੁਣ ਕੇ ਕਿ ਧਰਮ ਯੁੱਧ ਹੋ ਕੇ ਹੀ ਰਹੇਗਾ, ਜੋਧ ਰਣ ਦੀ ਅਗਵਾਈ ਕਰਨ ਲਈ ਤਿਆਰ ਹੋ ਗਿਆ। ਉਹ ਖ਼ਾਨਦਾਨੀ ਸਿਪਾਹੀ ਤੇ ਇਕ ਮੰਨਿਆਂ ਹੋਇਆ ਭਾਰੀ ਸੂਰਮਾ ਹੋਣ ਤੋਂ ਬਿਨਾਂ ਉਸ ਦੇਸ ਦਾ ਵਾਸੀ ਹੋਣ ਕਰ ਕੇ ਜੰਗ ਦੀ ਅਗਵਾਈ ਕਰਨ ਦੇ ਪੂਰਨ ਯੋਗ ਸੀ। ਚੁਨਾਂਚਿ ਰਾਇ ਜੋਧ ਦੇ ਕਹਿਣ ਉਤੇ ਸਤਿਗੁਰਾਂ ਨੇ ਨਥਾਣੇ ਪਿੰਡ ਦੇ ਕੋਲ ਕਾਰੂ ਨਾਥ ਦੀ ਢਾਬ ਤੇ, ਜੋ ਮਰਾਝ ਤੋਂ ਤਿੰਨ ਕੋਹ ਉਰਲੇ ਪਾਸੇ ਸੀ, ਡੇਰੇ ਜਾ ਕੀਤੇ ਅਤੇ ਜੰਗ ਦੀ ਮੋਹੜੀ ਗੱਡ, ਤਿਆਰੀਆਂ ਵਿਚ ਜੁਟ ਗਏ। ਯੁਧ ਲਈ ਇਸ ਥਾਂ ਦੀ ਚੋਣ ਬਹੁਤ ਚੰਗੀ ਸੀ, ਕਿਉਂਕਿ ਇਕ ਤਾਂ ਇਸ ਥਾਂ ਤੋਂ ਦਸ ਦਸ ਕੋਹ ਅੰਦਰ ਕਿਤੇ ਪਾਣੀ ਨਹੀਂ ਸੀ ਤੇ ਦੂਜਾ ਪਿਛਲੇ ਪਾਸੇ ਰੇਤ ਦੇ ਟਿਬੇ ਕੁਦਰਤੀ ਤੌਰ ਤੇ ਮੋਰਚਿਆਂ ਦਾ ਕੰਮ ਦੇ ਰਹੇ ਸਨ। ਰਾਏ ਜੋਧ ਦੀ ਤਜਵੀਜ਼ ਤੇ ਸਿਖ ਫ਼ੌਜ ਢਾਬ ਦੇ ਆਲੇ ਦੁਆਲੇ ਉਤਾਰ ਦਿਤੀ ਗਈ ਅਤੇ ਪਿਛਲੇ ਬੰਨੇ ਟਿਬਿਆਂ ਵਿਚ ਵਹੀਰ ਦਾ ਉਤਾਰਾ ਕਰਾ ਯੋਗ ਰਸਤੇ ਬਾਣੀ, ਲਕੜ ਬਾਲਣ ਅਤੇ ਗੋਲੀ ਬਾਰੂਦ ਆਦਿ ਸਾਮਾਨੇ-ਜੰਗ ਇਕੱਠਾ ਕਰ ਲਿਆ ਗਿਆ।

ਸਤਿਗੁਰਾਂ ਦੇ ਨਾਲ ਇਸ ਵਕਤ ਤ੍ਰਿੰਨ ਹਜ਼ਾਰ ਸੂਰਬੀਰ ਬਲੀ ਸਨ। ਭਾਵੇਂ ਇਹ ਤਾਦਾਦ ਤੇ ਕੋਈ ਬਾਹਲੀ ਨਹੀਂ ਸੀ, ਪਰ ਹੈਸੀ ਇਕ ਇਕ ਪਰਖਿਆ ਹੋਇਆ।

ਰਾਏ ਜੋਧ ਭੀ ਆਪਣੀ ਇਕ ਹਜ਼ਾਰ ਫ਼ੌਜ ਲਿਆਇਆ ਹੋਇਆ ਸੀ। ਇਹ ਤਾਂ ਸੀ ਚਾਰ ਹਜ਼ਾਰ ਬਾਕਾਇਦਾ ਫ਼ੌਜ, ਪਰ ਇਸ ਤੋਂ ਬਿਨਾਂ, ਜਦ ਮਾਲਵੇ ਦੇਸ ਵਿਚ ਇਸ ਧਰਮ ਯੁਧ ਦੀ ਖ਼ਬਰ ਪਹੁੰਚੀ, ਤਾਂ ਬੀਰ ਮਲਵਈ ਸਿਖ ਧਰਮ ਯੁਧ ਵਿਚ ਸ਼ਹੀਦੀਆਂ ਪਾਉਣ ਦੇ ਖ਼ਿਆਲ ਨਾਲ ਘਰ ਤੋਂ ਸਨੱਦ ਬਧ ਹੋ ਰਸਤਾਂ ਦੇ ਊਠ ਲੱਦ ਚਵ੍ਹਾਂ ਪਾਸਿਆਂ ਤੋਂ ਵਹੀਰਾਂ ਪਾ ਤੁਰੇ। ਬੈਰਾੜ, ਗਿਲ, ਧਾਰੀਵਾਲ, ਮਾਨ, ਭੁਲਰ, ਮਾਹਲ, ਸਰਾ, ਦੁਲਟ, ਰੰਧਾਵੇ, ਚਾਹਲ, ਸੰਧੂ, ਵੜੈਚ ਤੇ ਢਿਲੋਂ ਆਦਿ ਕਬੀਲਿਆਂ ਦੇ ਲੋਕ ਦਲਾਂ ਦੇ ਦਲ ਸਤਿਗੁਰਾਂ ਕੋਲ ਪਹੁੰਚ ਪਏ। ਡਰੌਲੀ ਤੋਂ ਭਾਈ ਕਲਿਆਨੇ ਦੇ ਪੁਤ੍ਰ ਭਗਤਾ ਭੀ ਆਪਣੇ ਸੂਰਮੇ ਲੈ ਕੇ ਆ ਗਿਆ ਅਤੇ ਭਾਈ ਬਹਿਲੋ, ਭਗਤੂ, ਭੋਪਾ, ਸਰਨਾ, ਪੰਜਾਬਾ ਆਦਿਕ ਮਸੰਦ ਭੀ ਰਸਤਾਂ ਅਤੇ ਆਦਮੀਆਂ ਦੀ ਮੱਦਦ ਲੈ ਕੇ ਪੁਜ ਪਏ।

ਹੁਣ ਸ਼ਾਹੀ ਸੈਨਾ ਭੀ ਪੜਾ ਕਰਦੀ ਕਰਦੀ ਨੇੜੇ ਆਣ ਢੁਕੀ। ਫ਼ੌਜ ਸਤਲੁਜ ਪਾਰ ਹੋ, ਜਾਂ ਕਾਂਗੜ ਵਲ ਨੂੰ ਤੁਰੀ, ਤਾਂ ਰਾਹ ਵਿਚ ਰਾਏ ਦੇ ਕੋਟ ਵਾਲੇ ਰਾਜਪੂਤ ਅਤੇ ਹਲਵਾਰੇ ਦੇ ਰੰਗੜ ਵੀ ਸ਼ਾਹੀ ਸੈਨਾ ਨਾਲ ਸ਼ਾਮਿਲ ਹੋ ਗਏ। ਸ਼ਾਹੀ ਫ਼ੌਜ ਪਹਿਲਾਂ ਕਾਂਗੜ ਵਲ ਵਧੀ, ਪਰ ਜਦ ਸੂਹਿਆਂ ਤੋਂ ਪਤਾ ਲੱਗਾ ਕਿ ਗੁਰੂ ਜੀ ਉਹ ਜਗ੍ਹਾ ਛੱਡ ਕੇ ਨਥਾਣਿਆ ਦੀ ਢਾਬ ਉਤੇ ਜਾ ਟਿਕੇ ਹਨ, ਤਾਂ ਲਲਾ ਬੇਗ ਨੇ ਭੀ ਓਧਰ ਦਾ ਰੁਖ ਕਰ ਲਿਆ। ਇਕ ਪੜਾ ਉਰੇ ਹੀ ਠਹਿਰ ਕੇ ਲਲਾ ਬੇਗ ਨੇ ਆਪਣੇ ਜਾਸੂਸ ਹਸਨ ਖ਼ਾਂ ਨੂੰ ਗੁਰੂ ਕੀ ਫ਼ੌਜ ਦੇ ਭੇਦ ਲੱਭਣ ਵਾਸਤੇ ਭੇਜਿਆ। ਹਸਨ ਖ਼ਾਂ ਭਾਵੇਂ ਭੇਸ ਵਟਾ ਕੇ ਹੀ ਗਿਆ ਸੀ, ਪਰ

ਰਾਇ ਜੋਧ ਦੀ ਸੁਜਾਨ ਅੱਖ ਦੀ ਤਾੜ ਤੋਂ ਬਚ ਨਾ ਸਕਿਆ। ਓੜਕ ਗਰਿਫਤਾਰ ਹੋ ਗਿਆ। ਪਰ ਜਦ ਸਿਪਾਹੀਆਂ ਨੇ ਸਤਿਗੁਰਾਂ ਦੇ ਪੇਸ਼ ਕੀਤਾ, ਤਾਂ ਸਤਿਗੁਰਾਂ ਨੇ ਫਰਮਾਇਆ, "ਇਸ ਨੂੰ ਛੱਡ ਦਿਓ। ਸ਼ਾਹੀ ਸੈਨਾ ਦੇ ਜਰਨੈਲ ਨੂੰ ਇਹ ਅਫ਼ਸੋਸ ਨਾ ਰਹੇ ਕਿ ਉਸ ਦਾ ਮੁਖ਼ਬਰ ਫੜਿਆ ਗਿਆ ਤੇ ਉਸ ਨੂੰ ਵਿਰੋਧੀਆਂ ਦੀ ਸੈਨਾ ਦਾ ਪਤਾ ਨਾ ਲਗ ਸਕਿਆ।" ਸਤਿਗੁਰਾਂ ਨੇ ਆਪਣੇ ਸੁਭਾਵ ਅਨੁਸਾਰ ਹਸਨ ਖ਼ਾਂ ਦੀ ਸਿਰਫ ਜਾਨ ਹੀ ਨਾ ਬਖ਼ਸ਼ੀ ਅਤੇ ਉਸ ਨੂੰ ਖ਼ਲਾਸੀ ਨਾ ਦਿਤੀ, ਬਲਕਿ ਖ਼ਿਲਅਤ ਭੀ ਬਖ਼ਸ਼ੀ। ਹਸਨ ਖ਼ਾਂ ਵਾਪਿਸ ਆ ਗਿਆ ਅਤੇ ਉਸ ਨੇ ਲਲਾ ਬੇਗ ਨੂੰ ਸਹੀ ਸਹੀ ਹਾਲ ਦਸਦਿਆਂ ਹੋਇਆਂ ਕਿਹਾ, "ਮਾਮਲਾ ਬੜਾ ਨਾਜ਼ੁਕ ਹੈ (ਸਤਿ) ਗੁਰੂ (ਜੀ) ਕੋਲ ਫ਼ੌਜ ਚੁਣਵੇਂ ਸੂਰਮਿਆਂ ਦੀ ਹੈ। ਦੇਸ ਉਹਨਾਂ ਦੇ ਮੁਰੀਦਾਂ ਦਾ ਹੈ। ਹਰ ਪਾਸਿਉਂ ਉਹਨਾਂ ਨੂੰ ਮੱਦਦ ਪਹੁੰਚ ਸਕਦੀ ਹੈ। ਸਾਨੂੰ ਪਾਣੀ ਦੂਰ ਦੂਰ ਤੱਕ ਕਿਧਰੋਂ ਮਿਲਣਾ ਨਹੀਂ। ਮੁਲਕ ਰੇਤਲਾ ਹੈ ਅਤੇ ਰਸਤੇ ਬਿਖੜੇ ਹਨ।"

ਹਸਨ ਖ਼ਾਂ ਦੀ ਗੱਲ ਬਾਤ ਨੂੰ ਲਲਾ ਬੇਗ ਤੇ ਉਸ ਦੇ ਧਾਰਮਕ ਆਗੂ ਕਾਜ਼ੀ ਬਹਿਲੋਲ ਖ਼ਾਂ ਨੇ ਬਹੁਤ ਨਾ ਪਸੰਦ ਕੀਤਾ ਤੇ ਕਿਹਾ, "ਤੂੰ ਕਾਫ਼ਰਾਂ ਦੀ ਵਡਿਆਈ ਕਰ ਕੇ ਸਾਡੀ ਫ਼ੌਜ ਦੇ ਦਿਲ ਤੋੜਨੇ ਚਾਹੁੰਦਾ ਹੈ।" ਹਸਨ ਖ਼ਾਂ ਚੁੱਪ ਕਰ ਰਿਹਾ ਅਤੇ ਲਲਾ ਬੇਗ ਦੇ ਸਾਥੀਆਂ ਨੇ ਸਲਾਹ ਕੀਤੀ ਕਿ ਹੁਣੇ ਹੀ ਵਧ ਕੇ ਹੱਲਾ ਕੀਤਾ ਜਾਏ। ਚੁਨਾਂਚਿ ਲਸ਼ਕਰ ਤੁਰ ਪਿਆ, ਪਰ ਉਹਨਾਂ ਨੂੰ ਮਰਾਝ ਪਿੰਡ ਅਪੜਦਿਆਂ ਤੱਕ ਹੀ ਸ਼ਾਮ ਪੈ ਗਈ। ਹੁਣ ਪਾਣੀ ਦਾ ਪ੍ਰਬੰਧ ਕਰਨਾ ਭੀ ਜ਼ਰੂਰੀ

ਸੀ। ਸੂਹੇ ਨੇ ਦਸਿਆ ਕਿ ਇਥੋਂ ਤਿੰਨ ਕੋਹ ਉਤੇ ਫੌੜਿਆਂ ਦੀ ਮਾੜੀ ਕੋਲ ਇਕ ਪੁਰਾਣਾ ਖੂਹ ਹੈ। ਸੋ ਸ਼ਾਹੀ ਸੈਨਾ ਪਾਣੀ ਦ ਖ਼ਿਆਲ ਨ ਲ ਮਾੜੀ ਹੋ ਤੁਰੀ। ਇਸ ਰਾਹ ਵਿਚ ਸਤਿਗੁਰਾਂ ਦੀ ਫ਼ੌਜ ਫੈਲੀ ਹੋਈ ਸੀ। ਜਦ ਸ਼ਾਹੀ ਲਸ਼ਕਰ ਉਹਨਾਂ ਦੀ ਜ਼ਦ ਹੇਠ ਆਇਆ, ਤਾਂ ਇਕ ਦਮ ਬਾਰਾਂ ਤੇਰਾਂ ਸੌ ਬੰਦੂਕ ਦੀ ਬਾੜ ਅਗੋਂ ਝੜੀ। ਅਗਲੇ ਦਸਤੇ ਦੇ ਜਵਾਨਾਂ ਦੇ ਸੱਥਰ ਲਾਹ ਗਏ। ਜਾਂ ਪਿਛਾਂਹ ਨੂੰ ਹਟਣ ਲਗੇ, ਤਾਂ ਪਾਸੇ ਦੇ ਰੇਤਲੇ ਟਿਬੇ ਦੇ ਪਿਛੇ ਖੜਤੇ ਹੋਏ ਸਿਖ ਦਸਤੇ ਨੇ ਦੁਗਾੜੇ ਮਾਰੇ। ਹੁਣ ਸੈਨਾ ਵਿਚ ਘਬਰਾਹਟ ਪੈ ਗਈ। ਇਕ ਹਨੇਰਾ, ਰੇਤਲਾ ਪੰਧ ਕਰ ਕੇ ਥੱਕੀ ਹੋਈ ਸੈਨਾ, ਪਾਣੀਉਂ ਪਿਆਸ ਅਤੇ ਘੋੜੋਂ ਭੁਖੇ ਸਵਾਰ, ਤੇ ਦੂਜੇ ਰੇਤਲੇ ਦੇਸ ਵਿਚ ਉਲੇਹੇ ਦੇ ਕੰਡੇ ਅਜੇਹੇ ਦੁੱਖ ਦੇਣ ਕਿ ਕਿਸੇ ਨੂੰ ਕੁਝ ਸੁਝੇ ਨਾ। ਅਗਲੇ ਦਸਤੇ ਤਾਂ ਇਸ ਤਰ੍ਹਾਂ ਸਿਖ ਸੈਨਾ ਦੇ ਨਰਗੇ ਵਿਚ ਆ ਗਏ, ਅਤੇ ਪਿਛਲਾ ਦਲ ਬੰਦੂਕਾਂ ਚੱਲਣ ਦੀਆਂ ਅਵਾਜ਼ਾਂ ਸੁਣ ਪਿੱਛੇ ਹੀ *ਅਟਕ ਗਿਆ। ਰਾਤ ਕੀ ਹਨੇਰੀ ਸੀ।

*ਮੁਗ਼ਲ ਸੈਨਾ ਭਾਵੇਂ ਮਜਮੂਈ ਤੌਰ ਤੇ ਹੀ ਬਹੁਤ ਕਵਾਇਦਾਨ ਨਹੀਂ ਸੀ ਹੁੰਦੀ, ਪਰ ਕਾਬਲੀ ਸਰਦਾਰਾਂ ਦੀ ਫ਼ੌਜ, ਕਿ ਜਿਹਦੇ ਵਿਚ ਬਹੁਤੇ ਕਬੀਲਿਆਂ ਦੇ ਲੋਗ ਸ਼ਾਮਲ ਹੁੰਦੇ ਸਨ, ਤਾਂ ਬਿਲਕੁਲ ਹੀ ਅੱਖੜ ਅਤੇ ਬੇ-ਤਰਤੀਬ ਹੁੰਦੀ ਸੀ। (ਅੱਜ ਤਕ ਭੀ ਇਸੇ ਤਰ੍ਹਾਂ ਹੈ)। ਪਠਾਣ ਭਾਵੇਂ ਜਿਆਲੇ ਅਤੇ ਸੂਰਬੀਰ ਤਾਂ ਸਨ, ਅਤੇ ਦੀਨ ਮਜ਼ਹਬ ਦੇ ਜੋਸ਼ ਤੇ ਲੁੱਟ-ਮਾਰ ਦੇ ਲਾਲਚ ਵਿਚ ਲੜਦੇ ਤਾਂ ਬਹੁਤ ਦਲੇਰੀ ਨਾਲ ਸਨ, ਪਰ ਬਾਕਾਇਦਗੀ (decipline) ਦੇ ਪ੍ਰਬੰਧ ਦੇ ਕਾਇਲ ਬਹੁਤ ਘੱਟ ਸਨ। ਇਹੀ ਵਜ੍ਹਾ ਸੀ ਕਿ ਕਈ ਵੇਰ ਛੋਟੀਆਂ ਛੋਟੀਆਂ ਜਾਨ ਤੋੜ ਕੇ ਲੜਨ ਵਾਲੀਆਂ ਫ਼ੌਜਾਂ ਤੋਂ ਸ਼ਾਹੀ ਸੈਨਾ ਨੂੰ ਸ਼ਿਕੱਸਤ ਹੋ ਜਾਂਦੀ ਸੀ।

ਓੜਕ ਅਫ਼ਸਰਾਂ ਨੇ ਭੱਜ ਨੱਸ ਕਰ ਫ਼ੌਜ ਨੂੰ ਸੰਭਾਲਿਆ। ਮਸਾਲਾਂ ਜਗਾਵਾਈਆਂ ਗਈਆਂ ਤੇ ਮਤਾਬ ਚੜ੍ਹਵਾਏ ਗਏ। ਹੁਣ ਲਸ਼ਕਰ ਦੂ-ਬਦੂ ਹੋ ਜੁੱਟ ਪਏ। ਖਟਾ-ਖੱਟ ਤਲਵਾਰ ਚੱਲਣ ਲੱਗੀ। ਆਪਣੇ ਬਿਗਾਨੇ ਦੀ ਪਛਾਣ ਭੁੱਲ ਗਈ। ਤਲਵਾਰਾਂ ਦੀ ਕਟਾ-ਕੱਟ, ਸੂਰਮਿਆਂ ਦੀਆਂ ਲਲਕਾਰਾਂ, ਘੋੜਿਆਂ ਦਿਆਂ ਸੁੰਮਾਂ, ਤੀਰਾਂ ਦੀਆਂ ਫੁੰਕਾਰਾਂ ਅਤੇ ਗੋਲਿਆਂ ਦੇ ਕੜਾ ਕੜ ਨਾਲ ਅਕਾਸ਼ ਗੂੰਜ ਉੱਠਿਆ । ਹਾਲਤ ਇਹ ਹੋਈ—

"ਘਾਓ ਭਕਾ ਭਕ ਬੋਲਤ ਹੈ,
ਬਹੁ *ਸ਼ਰੌਣਤ ਭੂਤਲ ਬੀਚ ਬਹਿਓ।
ਬਾਂਹੇ ਕਟੀ ਕਹਿ ਜੰਘ ਕਟੀ,
ਕਹਿ †ਗ੍ਰੀਵ ਕਟੀ ਦਰ ਹੋਏ ਰਹਿਓ।
ਕੋ ਗੁਲਕਾਂ ਲੱਗ ਪ੍ਰਾਨ ਦਏ,
ਤਰਫੰਤ ਕਿਤੇ ਮੁੱਖ ਹਾਇ ਕਹਿਓ।
ਊਧੇ ਪਰੇ, ਇਕ ਸੀਧੇ ਪਰ,
ਇਕ ਟੇਢੇ ਪਰੇ ਬਡ ਭਾਵ ਲਿਓ।"
(ਗੁ: ਪ੍ਰ: ਸੂ: ਗ ੭ ਅੰ: ੪੪)

ਹੁਣ ਜਦ ਮਤਾਬਾਂ ਤੇ ਮਸਾਲਾਂ ਦੀ ਰੌਸ਼ਨੀ ਵਿਚ ਸ਼ਾਹੀ ਸੈਨਾ ਦੇ ਦਸਤੇ, ਜਿਨ੍ਹਾਂ ਨੂੰ ਸਰਦੀ ਤੋਂ ਬਚਣ ਲਈ ਸ਼ਰਾਬ ਪਿਲਾਈ ਗਈ ਸੀ, ਇਸਮਾਈਲ ਖ਼ਾਂ, ਨਾਹਰ ਖ਼ਾਂ ਅਤੇ ਜ਼ਾਲਮ ਖ਼ਾਂ ਵਰਗੇ ਤਜਰਬਾਕਾਰ ਵਜ਼ੈਈਆਂ ਦੀ ਅਗਵਾਈ ਹੇਠ ਅੱਗੇ ਵਧ ਕੇ ਸਿੱਖਾਂ ਤੇ ਆ ਪਏ, ਤਾਂ ਟਾਂਗੂਆਂ

*ਖ਼ੂਨ। †ਗਰਦਨ।

ਨੇ ਸਿੱਖ ਕੈਂਪ ਵਿਚ ਜਾ ਖ਼ਬਰ ਪੁਚਾਈ, ਤਾਂ ਰਾਇ ਜੋਧ ਨੇ ਆਪਣੇ ਭਰਾ ਸਲੀਮ ਸ਼ਾਹ, ਭਾਈ ਬਿਧੀ ਚੰਦ ਅਤੇ ਮਲਕ ਜਾਤੀ ਨੂੰ ਪੰਜ ਪੰਜ ਸੌ ਸਵਾਰ ਦੇ ਕੇ ਆਖਿਆ, "ਤੁਸੀਂ ਇਕ ਪਾਸਿਓਂ ਜਾ ਸ਼ਾਹੀ ਲਸ਼ਕਰ ਤੇ ਇਕ-ਦਮ ਹੱਲਾ ਬੋਲੋ ਅਤੇ ਥੋੜ੍ਹੇ ਜਹੇ ਰੁਝੇਵੇਂ ਮਗਰੋਂ ਥੋੜ੍ਹੇ ਥੋੜ੍ਹੇ ਪਿਛਾਂਹ ਖਿਸਕਦੇ ਆਇਓ ਅਤੇ ਸ਼ਾਹੀ ਸੈਨਾ ਨੂੰ ਆਪਣੇ ਪਿਛੇ ਲਾਈ ਸੱਜੇ ਪਾਸੇ ਦੇ ਟਿਬਿਆਂ ਦੀ ਜ਼ਦ ਹੇਠਾਂ ਲੈ ਆਇਓ।" ਚੁਨਾਂਚਿ ਇਹਨਾਂ ਸੂਰਮਿਆਂ ਨੇ ਇਹ ਯੁਧ ਨੀਤੀ ਕੀਤੀ ਅਤੇ ਜਦੋਂ ਸ਼ਾਹੀ ਸੈਨਾਂ ਸਲੀਮ ਸ਼ਾਹ ਅਤੇ ਭਾਈ ਬਿਧੀ ਚੰਦ ਦੇ ਦਸਤੇ ਵੱਲ ਵਧਦੀ ਹੋਈ ਸੱਜੇ ਪਾਸੇ ਦੇ ਟਿਬਿਆਂ ਦੀ ਜ਼ਦ ਹੇਠਾਂ ਆ ਗਈ, ਤਾਂ ਟਿਬਿਆਂ ਦੇ ਪਿਛੋਂ ਨਿਕਲ ਕੇ ਜੋਧ ਸ਼ਾਹ ਨੇ ਜੋ ਪ੍ਰਤਾਪ ਸਿੰਘ, ਭਾਈ ਸ਼ੀਹੇਂ, ਜੇਠੇ ਅਤੇ ਜੈਤੇ ਆਦਿ ਬਲੀ ਸੂਰਮਿਆਂ ਸਮੇਤ ਹਜ਼ਾਰ ਜਵਾਨ ਦਾ ਦਸਤਾ ਲਈ ਖੜੋਤਾ ਸੀ, ਇਕ ਦਮ ਹੱਲਾ ਬੋਲ ਦਿਤਾ। ਹਾਲਤ ਇਹ ਹੋਈ—

§"ਤੁਰਨ ਤਾ ਇਮਦਾਹਰ ਮਹਾਂ,
ਕੈਹ ਜੋਧ ਨੇ ਮਾਰ ਬੜੀ ਕਰਵਾਈ।
ਚਾਰ ਕਰੇ ਇਨਵਾਰ ਬੰਦੂਕ ਨ,
ਏਕ ਹੀ ਬਾਰ ਨੇ ਛੱੜ੍ਹ ਚਲਾਈ।
ਭੂਮ ਧੜਾ ਧੜ ਗੇਰਤ ਸੂਰ,
ਤੜਾ ਤੜ ਯਹੂ ਗੁਲ ਕਾਨ ਮਚਾਈ।
‡ਛੂਛ ਤੁਰੰਗ ਫਿਰੇ ਹਿਨ ਨਾਵਤ,
ਕੇਹਤਕ ਮ੍ਰਿਤ ਭਏ ਲਗ ਆਈ।

---

§ਜਲਦੀ। ‡ਖਾਲੀ।

ਜੋਧ ਸ਼ਾਹ ਦੀ ਨੀਤੀ ਐਨ ਠਿਕਾਣੇ ਬੈਠੀ। ਸ਼ਾਹੀ ਸੈਨਾ ਤਿੰਨਾਂ ਪਾਸਿਆਂ ਤੋਂ ਸਿਖ ਦਲਾਂ ਵਿਚ ਘਿਰ ਗਈ। ਸੂਰਮਿਆਂ ਨੇ ਮਾਰ ਮਾਰ ਕੇ ਸੱਥਰ ਲਾਹ ਦਿਤੇ ਤੇ ਉਹਨਾਂ ਦੇ ਮੰਦੇ ਭਾਗਾਂ ਨੂੰ ਜਿਉਂ ਰਾਤ ਵਧੇਰੇ ਬੀਤੀ, ਥਲਾਂ ਦੀ ਪਾਉਣ ਭੀ ਤਿਖੀ ਹੁੰਦੀ ਗਈ। ਹੁਣ ਇਕ ਤਾਂ ਸੀਤ ਹੱਥ ਪੈਰ ਸੁੰਨ ਕਰਦੀ ਜਾਵੇ ਤੇ ਦੂਜੀਆਂ ਮਸਾਲਾਂ ਬੁਝਦੀਆਂ ਜਾਣ, ਹਨੇਰੇ ਕਰ ਕੇ ਆਪਣਾ ਬਿਗਾਨਾ ਨਾ ਸੁਝੇ। ਅਫਸਰ ਵਧੇਰੀਆਂ ਮਸਾਲਾਂ ਬਾਲ ਬਾਲ ਫ਼ੌਜਾਂ ਨੂੰ ਲਲਕਾਰਨ ਤੇ ਹੌਸਲਾ ਦੇਣ, ਪਰ ਪੇਸ਼ ਕੁਝ ਨਾ ਜਾਵੇ। ਸਿੱਖ ਤਾਂ ਸਨ ਇਲਾਕੇ ਦੇ ਜਾਣੂ ਤੇ ਉਹਨਾਂ ਚਿਰਾਂ ਤੋਂ ਡੇਰਾ ਭੀ ਜਮਾਇਆ ਹੋਇਆ ਸੀ ਅਤੇ ਭਾਰੇ ਭਾਰੇ ਮੱਚ ਅੱਗ ਦੇ ਬਾਲ ਰਖੇ ਸਨ, ਜਿਥੇ ਕਿ ਵਾਰੀ ਵਾਰੀ ਆ ਉਹਨਾਂ ਦੇ ਸਿਪਾਹੀ ਹੱਥ ਪੈਰ ਸੇਕ ਤਾਜ਼ਾ ਦਮ ਹੋ ਜਾਂਦੇ ਸਨ। ਆਖ਼ਰ ਸ਼ਾਹੀ ਸਰਦਾਰਾਂ ਨੇ ਪਿਛਾਂਹ ਹਟ ਜਾਣ ਵਿਚ ਹੀ ਬੇਹਤਰੀ ਸਮਝੀ ਅਤੇ ਲਸ਼ਕਰਾਂ ਨੂੰ ਪਿਛਾਂਹ ਮੋੜ, ਦਿਨ ਦੇ ਚੜ੍ਹਨ ਦੀ ਉਡੀਕ ਕਰਨ ਲਗੇ।

ਸ਼ਾਹੀ ਸੈਨਾਂ ਨੇ, ਜਿਸ ਤਰ੍ਹਾਂ ਭੀ ਹੋ ਸਕਿਆ, ਰਾਤ ਬਿਤਾਈ। ਹੁਣ ਜਦ ਦਿਨ ਚੜ੍ਹਿਆ, ਚਾਨਣ ਹੋਇਆ ਅਤੇ ਧੁਪ ਲੱਗੀ, ਤਾਂ ਉਹਨਾਂ ਨੇ ਅੱਗੇ ਵਧਣ ਦਾ ਹੀਲਾ ਕੀਤਾ। ਜਾਂ ਲਲਾ ਬੇਗ ਆਪਣੀਆਂ ਫ਼ੌਜਾਂ ਨੂੰ ਲੈ ਕੇ ਅੱਗੇ ਵਧਿਆ, ਤਾਂ ਉਹਨਾਂ ਨੇ ਕੀ ਵੇਖਿਆ ਕਿ ਚਾਰੇ ਪਾਸੇ ਉਹਨਾਂ ਦੇ ਆਦਮੀਆਂ ਦੀਆਂ ਲੋਥਾਂ ਦੇ ਸਥੱਰ ਲੱਥੇ ਪਏ ਹਨ। ਲਲਾ ਬੇਗ ਨੂੰ ਵੇਖ ਕੇ ਅਜੇਹਾ ਰੋਹ ਆਇਆ ਕਿ ਉਸ ਨੇ ਆਪ ਅੱਗੇ ਹੋ ਲੜਨ ਦਾ ਫੈਸਲਾ ਕਰ ਲਿਆ। ਪਰ ਉਸ ਸਮੇਂ

ਕਮਰ ਬੇਗ ਦੇ ਪੁੱਤ੍ਰ ਸ਼ੱਮਸ ਬੇਗ ਨੇ ਅਗਾਂਹ ਹੋ ਕੇ ਕਿਹਾ, "ਮੈਨੂੰ ਦੁਸ਼ਮਨ ਤੇ ਪਹਿਲਾਂ ਹਮਲਾ ਕਰਨ ਦੀ ਇਜਾਜ਼ਤ ਦਿਤੀ ਜਾਏ। ਕੀਹ ਹਇਆ ਜੇ ਰਾਤ ਦੇ ਸਮੇਂ ਵਿਚ ਇਹਨਾਂ ਜੱਟ ਬੂਟਾਂ ਨੇ ਸਾਡਾ ਨੁਕਸਾਨ ਕਰ ਲਿਆ ਹੈ। ਪਰ ਹੁਣ ਆਪ ਵੇਖੋਗੇ ਕਿ ਇਹ ਗਵਾਰ, ਜਿਨ੍ਹਾਂ ਨੂੰ ਤਲਵਾਰ ਖਿਚਣ ਦਾ ਸ਼ਊਰ ਭੀ ਨਹੀਂ, ਕਿਸ ਤਰ੍ਹਾਂ ਪਠਾਣਾਂ ਦੇ ਅੱਗੇ ਭੇਡਾਂ ਬੱਕਰੀਆਂ ਵਾਂਗ ਦੌੜਦੇ ਹਨ ।" ਚੁਨਾਂਚਿ ਲਲਾ ਬੇਗ ਨੇ ਇਜਾਜ਼ਤ ਦੇ ਦਿਤੀ ਅਤੇ ਸ਼ੱਮਸ ਬੇਗ ਅਗਾਂਹ ਵਧਿਆ। ਜਦ ਸ਼ੱਮਸ ਬੇਗ ਨੇ ਆਪਣੇ ਬਾਪ ਦੀ ਲਾਸ਼ ਰਾਤ ਦੇ ਕਟੇ ਹੋਏ ਸਿਪਾਹੀਆਂ ਵਿਚ ਪਈ ਵੇਖੀ, ਤ੍ਹਾਂ ਉਸ ਦਾ ਚੇਹਰਾ ਗੁੱਸੇ ਨਾਲ ਲਾਲ ਹੋ ਗਿਆ। ਉਸ ਦੇ ਨਾਲ ਦੋ ਹਜ਼ਾਰ ਈਸਬ-ਜ਼ਈ ਪਠਾਣ ਸਨ। ਜਦ ਉਹ ਐਲੀ ਐਲੀ ਕਰਦਾ ਬਿਫਰੇ ਹੋਏ ਸ਼ੇਰ ਵਾਂਗ ਅਗਾਂਹ ਵਧਿਆ, ਤਾਂ ਅਗੋਂ ਭੱਲਣ ਅਤੇ ਮਲ਼ਕ ਜਾਤੀ ਆਪਣੇ ਸੂਰਮੇਂ ਲੈ ਸਾਹਮਣੇ ਆਣ ਡਟੇ। ਪਠਾਣਾਂ ਦਾ ਵਧੇਰੇ ਜ਼ੋਰ ਪੈਂਦਾ ਦੇਖ, ਜੋਧ ਸ਼ਾਹ ਨੇ ਆਪਣੇ ਭਰਾ ਸਲੀਮ ਸ਼ਾਹ ਨੂੰ ਉਹਨਾਂ ਦੀ ਮਦਦ ਲਈ ਪੰਜ ਸੌ ਸਵਾਰ ਦੇ ਕੇ ਘੱਲਿਆ। ਇਕ ਪਾਸਿਉਂ ਭਾਈ ਬਿਧੀ ਚੰਦ ਆਪਣੀ ਪੈਦਲ ਫ਼ੌਜ ਲੈ ਕੇ ਪਹੁੰਚ ਪਿਆ। ਆਣ ਘਮਸਾਨ ਦਾ ਰਣ ਪਿਆ । ਭਾਵੇਂ ਸ਼ੱਮਸ ਖ਼ਾਂ ਦੇ ਨਾਲ ਚੁਣਵੇਂ ਪਠਾਣ ਸਨ ਤੇ ਉਹਨਾਂ ਨੂੰ ਮੱਦਦ ਭੀ ਦਬਾ ਦਬ ਪਿਛੋਂ ਪਹੁੰਚ ਰਹੀ ਸੀ, ਪਰ ਅਗੋਂ ਭੀ ਮਲਵਈ ਸਿੰਘ ਦਮਾਂ ਦੇ ਗਾੜ੍ਹੇ ਸਨ । ਇਕ ਤਾਂ ਉਹ ਘਰੋਂ ਆਏ ਹੀ ਸ਼ਹੀਦੀਆਂ ਪਾਉਣ ਦੇ ਖ਼ਿਆਲ ਨਾਲ ਸਨ,ਅਤੇ ਦੂਜੇ ਉਹਨਾਂ ਨੂੰ ਸਤਿਗੁਰਾਂ ਦੀ ਜਿੱਤ ਤੇ ਪੂਰਾ

ਵਿਸ਼ਵਾਸ ਸੀ।

ਜਾਂ ਕੁਝ ਚਿਰ ਦੋਹਾਂ ਫ਼ੌਜਾਂ ਨੂੰ ਜਾਨ ਤੋੜ ਕੇ ਲੜਦਿਆਂ ਹੋ ਗਿਆ, ਤਾਂ ਭਾਈ ਬਿਧੀ ਚੰਦ ਨੇ ਅਗੇ ਵਧ ਸ਼ੰਮਸ ਬੇਗ ਨੂੰ ਜਾ ਰੋਕਿਆ ਅਤੇ ਉਸ ਨੂੰ ਵੰਗਾਰ ਕੇ ਕਿਹਾ, "ਤੂੰ ਯੁਧ ਵਾਸਤੇ ਅਜੇ ਬੱਚਾ ਹੈਂ। ਓ ਨੌਜਵਾਨ, ਤੂੰ ਰਣਛੇੜ ਲਈ ਅਜੇ ਅੰਵਾਣਾ ਹੈ। ਜਾ ਕੁਝ ਚਿਰ ਹੋਰ ਮਾਂ ਦੀ ਗੋਦ ਦੀ ਮੌਜ ਮਾਣ।"

ਸਮਸ ਖ਼ਾਂ ਸੁਣ ਕੇ ਗੁੱਸੇ ਨਾਲ ਭਰ ਗਿਆ ਅਤੇ ਕਹਿਣ ਲੱਗਾ, "ਮੈਂ ਬਾਪ ਦਾ ਬਦਲਾ ਲੈ ਕੇ ਹੀ ਰਹਾਂਗਾ।" ਓੜਕ ਦੋਵੇਂ ਜੁੱਟ ਪਏ। ਦੋਹਾਂ ਦੀਆਂ ਤਲਵਾਰਾਂ ਇਕ ਦੂਜੇ ਤੇ ਵੱਜ ਕੇ ਟੁੱਟ ਗਈਆਂ। ਜਦ ਗੁੱਥਮ-ਗੁੱਥਾ ਹੋਏ, ਤਾਂ ਭਾਈ ਬਿਧੀ ਚੰਦ ਜੀ ਨੇ ਉਸ ਨੂੰ ਜ਼ਮੀਨ ਤੇ ਸੁੱਟ ਹਮੇਸ਼ਾਂ ਦੀ ਨੀਂਦ ਸੁਆ ਦਿਤਾ। ਸ਼ਮਸ ਖ਼ਾਂ ਨੂੰ ਡਿਗਦਾ ਦੇਖ, ਉਸ ਦਾ ਭਰਾ ਕਾਸਮ ਬੇਗ ਸੈਨਾਂਪਤੀ ਦੇ ਹੁਕਮ ਨਾਲ ਅੱਗੇ ਵਧਿਆ, ਜਿਸ ਦੇ ਮੁਕਾਬਲੇ ਲਈ ਸਤਿਗੁਰਾਂ ਨੇ ਭਾਈ ਜੇਠੇ ਨੂੰ ਅੱਗੇ ਕੀਤਾ। ਜਦ ਕਾਸਮ ਬੇਗ ਤੇ ਭਾਈ ਜੇਠਾ ਆਮੋ ਸਾਹਮਣੇ ਹੋ ਗਏ, ਤਾਂ ਪਠਾਣ ਨੇ ਕਿਹਾ, "ਓ ਚਿੱਟੀ ਦਾੜ੍ਹੀ ਵਾਲੇ ਬੁੱਢੇ, ਕਿਉਂ ਮੌਤ ਨਾਲ ਗੱਲਾਂ ਕਰਦਾ ਹੈਂ। ਜਾ ਬਾਕੀ ਦੇ ਚਾਰ ਦਿਨ ਸੁਖ ਦੇ ਭੋਗ। ਮੇਰੇ ਮੁਕਾਬਲੇ ਤੇ ਮੇਰੇ ਪਿਤਾ ਤੇ ਭਰਾ ਦੇ ਕਾਤਲ ਨੂੰ ਘੱਲ।"

ਭਾਈ ਜੇਠਾ ਜੀ ਨੇ ਅਗੋਂ ਮੁਸਕ੍ਰਾਂਦਿਆਂ ਹੋਇਆਂ ਕਿਹਾ, "ਮੈਂ ਉਮਰ ਭੋਗ ਲਈ ਹੈ, ਪਰ ਤੂੰ ਅਜੇ ਜਵਾਨ ਹੈਂ। ਤੂੰ ਅਜੇ ਦੁਨੀਆ ਦੇਖਣੀ ਹੈ। ਹੁਣ ਵੀ ਮੌਕਾ ਈ, ਪਿਛਾਂਹ

ਹਟ ਜਾ ਤੇ ਬਚਾ ਲੈ ਆਪਣੀ ਜਿੰਦ।" ਕਾਸਮ ਨੇ ਕਿਹਾ, "ਭਲਾ ਸੰਭਾਲ !" ਇਤਨਾ ਕਹਿ ਉਸ ਨੇ ਭਾਈ ਜੇਠਾ ਜੀ ਤੇ ਇਕ ਦਮ ਵਾਰ ਕਰ ਦਿਤਾ। ਭਾਈ ਜੇਠਾ ਜੀ ਨੇ ਵਾਰ ਬਚਾ ਕੇ ਤੀਰ ਮਾਰ ਕਾਸਮ ਬੇਗ ਦਾ ਘੋੜਾ ਗਿਰਾ ਦਿਤਾ ਅਤੇ ਪੈਦਲ ਹੋਏ ਕਾਸਮ ਬੇਗ ਨੂੰ ਲੱਤਾਂ ਤੋਂ ਚੁਕ ਉਲਟਾ ਕੇ ਜ਼ਮੀਨ ਉਤੇ ਮਾਰਿਆ, ਜਿਸ ਦੇ ਨਾਲ ਹੀ ਉਸ ਦੇ ਪ੍ਰਾਣ ਅੰਤ ਹੋ ਗਏ। ਇਹ ਵੇਖ ਚੌਹਾਂ ਪਾਸਿਆਂ ਤੋਂ ਲਲਾ ਬੇਗ ਦੀ ਲਲਕਾਰੀ ਹੋਈ ਫ਼ੌਜ ਭਾਈ ਜੇਠਾ ਜੀ ਤੇ ਟੁੱਟ ਕੇ ਪੈ ਗਈ ਤੇ ਉਹ ਕੁਝ ਚਿਰ ਟਿੱਡੀ ਦਲ ਦਾ ਮੁਕਾਬਲਾ ਕਰ, ਸ਼ਸਤਰਾਂ ਦੇ ਘਾਵਾਂ ਨਾਲ ਚੂਰ ਹੋਏ ਰਣ ਭੂਮ ਤੇ ਸ਼ਹੀਦਾਂ ਦੀ ਨੀਂਦੇ ਸੌਂ ਗਏ। ਹੁਣ ਲਲਾ ਬੇਗ ਅੱਗੇ ਵਧਿਆ ਆਉਂਦਾ ਸੀ ਅਤੇ ਉਸ ਨੇ ਸਤਿਗੁਰਾਂ ਨੂੰ ਵੇਖ ਕਾਬਲੀ ਬੇਗ ਨੂੰ ਵੰਗਾਰਿਆ, "ਗੁਰੂ ਜਾਣਾ ਨਾ ਪਾਵੇ !" ਜਦ ਕਾਬਲੀ ਬੇਗ ਘੋੜਾ ਦੁੜਾ ਫ਼ੌਜ ਨੂੰ ਚੀਰਦਾ ਸਤਿਗੁਰਾਂ ਦੇ ਸਾਹਮਣੇ ਆਇਆ, ਤਾਂ ਸਤਿਗੁਰਾਂ ਨੇ ਅੱਗੇ ਵਧ ਕੇ ਕਿਹਾ, "ਕਰ ਲੈ ਪਹਿਲਾ ਵਾਰ। ਮਨ ਵਿਚ ਪਛਤਾਵਾ ਨਾ ਰਹਿ ਜਾਏ।

"ਗੁਰ ਵਾਕ ਕਿਹੋ ਕਰ ਵਾਰ ਪੂਰਾ।
ਨਾ ਤੋਹੇ ਪਛਤਾਵਨ ਨਾਹੇ ਕਰਾਂ।"

ਕਾਬਲੀ ਬੇਗ ਨੇ ਇਹ ਸੁਣਦਿਆਂ ਹੀ ਤਲਵਾਰ ਪੂਰੇ ਜ਼ੋਰ ਨਾਲ ਸਤਿਗੁਰਾਂ ਤੇ ਵਾਹੀ, ਜੋ ਸਾਹਿਬਾਂ ਨੇ ਢਾਲ ਤੇ ਰੋਕ ਲਈ। ਉਸ ਨ ਦੂਸਰੀ ਫਿਰ ਚਲਾਈ, ਜਿਸ ਦਾ ਸਿਰਾ ਢਾਲ ਤੋਂ ਵਧ ਸਤਿਗੁਰਾਂ ਦੀ ਬਗਲ ਦੇ ਕੋਲ ਜ਼ਖ਼ਮ ਕਰ ਗਿਆ। ਹੁਣ ਸਤਿਗੁਰਾਂ ਨੇ ਤੋਲ ਕੇ ਆਪਣਾ ਵਾਰ ਕੀਤਾ, ਜਿਸ ਨੇ

ਕਾਬਲੀ ਬੇਗ ਨੂੰ ਚੀਰ ਕੇ ਦੋ ਕਰ ਦਿਤਾ। ਲਿਖਿਆ ਹੈ—

ਬਹੁ ਕਾਬਲ ਬੇਗ ਬਚਾਏ ਰਿਹੋ,
ਬਲ ਸਾਬ ਕਿਰਪਾਨ ਮਹਾ ਲੈਓ।
ਲਗ ਤੁੰਗ ਸਕੰਧੇ ਚੀਰ ਦੇਓ,
ਅਟਕਿਓ ਨਾ ਕਹੂੰ ਚਲ ਪਾਰ ਭੈਓ।
ਜਿਮ ਹੋਤ ਜਨੇਊ ਪਰਿਓ ਗਲ ਮੇਂ।
ਤਿਬ ਦੋ ਧਰ ਹੋਏ ਗਿਰਿਓ ਦਰ ਮੇਂ।

ਹੁਣ ਜਦ ਸਾਰੇ ਹੀ ਨਾਮੀ ਨਾਮੀ ਸਰਦਾਰ ਮਾਰੇ ਗਏ ਤਾਂ ਲਲਾ ਬੇਗ ਆਪ ਮੈਦਾਨ ਵਿਚ ਨਿਕਲਿਆ, ਜਿਸ ਦੇ ਟਾਕਰੇ ਲਈ ਮਲਕ ਜਤੀ ਮੱਲ ਅੱਗੇ ਵਧਿਆ। ਦੋਹਾਂ ਸੂਰਮਿਆਂ ਨੇ ਕੁਝ ਕੁ ਵਾਰ ਵਟਾਏ, ਤਾਂ ਲਲਾ ਬੇਗ ਨੇ ਇਕ ਅਜੇਹਾ ਬਾਣ ਵਾਹਿਆ, ਜੋ ਜਤੀ ਮੱਲ ਦੀ ਛਾਤੀਉਂ ਪਾਰ ਹੋ ਗਿਆ ਤੇ ਉਹ ਬੇਹੋਸ਼ ਹੋ ਕੇ ਧਰਤੀ ਤੇ ਜਾ ਪਿਆ। ਜਤੀ ਮੱਲ ਦੇ ਗਿਰਦਿਆਂ ਹੀ ਸਤਿਗੁਰੂ ਖੁਦ ਅੱਗੇ ਵਧੇ ਅਤੇ ਲਲਾ ਬੇਗ ਨੂੰ ਵੰਗਾਰਿਆ। ਲਲਾ ਬੇਗ ਦੂਰ ਹੀ ਦਾ ਬਚਾ ਕੇ ਘੋੜੇ ਨੂੰ ਚੱਕਰ ਲਗਾਉਣ ਤੇ ਸਤਿਗੁਰਾਂ ਤੇ ਤੀਰਾਂ ਦੀ ਵਾਛੜ ਕਰਨ ਲੱਗਾ। ਤਦ ਸਤਿਗੁਰਾਂ ਨੇ ਤੀਰ ਮਾਰ ਲਲਾ ਬੇਗ ਦਾ ਘੋੜਾ ਡੇਗ ਦਿਤਾ। ਲਲਾ ਬੇਗ ਨੂੰ ਪਿਆਦਾ ਹੋਏ ਦੇਖ ਸਤਿਗੁਰੂ ਜੀ ਭੀ ਘੋੜੇ ਤੋਂ ਉਤਰ ਪਏ ਅਤੇ ਦੋਵੇਂ ਧਿਰਾਂ ਤਲਵਾਰਾਂ ਜੁੱਟ ਪਈਆਂ। ਸਤਿਗੁਰਾਂ ਨੇ ਲਲਾ ਬੇਗ ਦੇ ਦੋ ਵਾਰ ਸਹਾਰ ਤੀਸਰਾ ਅਜੇਹਾ ਤੁਲਵਾਂ ਵਾਰ ਮਾਰਿਆ ਕਿ ਸੂਰਮਾ ਦੋ ਟੁਕ ਹੋ ਜੰਨਤ ਦਾ ਵਾਸੀ ਹੋ ਗਿਆ।

ਸੈਨਾਪਤੀ ਨੂੰ ਡਿਗਦਿਆਂ ਵੇਖ ਫ਼ੌਜ ਵਿਚ ਭਾਜ ਪੈ

ਗਈ ਅਤੇ ਸਤਿਗੁਰਾਂ ਨੂੰ ੧੬ ਮੱਘਰ ਸੰ: ੧੬੯੮ ਵਾਲੇ ਦਿਨ ਇਸ ਧਰਮ ਯੁੱਧ ਵਿਚ ਭੀ ਪੂਰਨ ਫ਼ਤੇ ਪ੍ਰਾਪਤ ਹੋਈ, ਜਿਸ ਦੀ ਵਾਰ ਅਬਦੁੱਲੇ ਢਾਢੀ ਨੇ ਲਿਖੀ। ਪਰ ਅਫਸੋਸ ਹੈ ਕਿ ਅੱਜ ਕਿਤਿਉਂ ਮਿਲਦੀ ਨਹੀਂ।

ਸਤਿਗੁਰਾਂ ਦੇ ਹੁਕਮ ਨਾਲ ਅਗਲੇ ਦਿਨ ਜ਼ਖ਼ਮੀਂ ਅਤੇ ਰਣ ਜੂਝੇ ਵੀਰਾਂ ਦੇ ਸਰੀਰਾਂ ਦੀ ਸੰਭਾਲ ਕੀਤੀ ਗਈ। ਸ਼ਹੀਦ ਸਿੱਖਾਂ ਦੇ ਸਸਕਾਰ ਕੀਤੇ ਗਏ, ਮੁਸਲਮਾਨਾਂ ਨੂੰ ਦਬਾ ਦਿਤਾ ਗਿਆ, ਜ਼ਖ਼ਮੀਆਂ ਨੂੰ ਬਗ਼ੈਰ ਆਪਣੇ ਪਰਾਏ ਦੇ ਭੇਦ ਦੇ ਉਠਵਾ ਡੇਰੇ ਲਿਆਂਦਾ ਗਿਆ ਅਤੇ ਮੱਲ੍ਹਮ ਪੱਟੀ ਕੀਤੀ ਗਈ ਅਤੇ ਸ਼ਾਹੀ ਸੈਨਾਂ ਦੇ ਆਦਮੀ, ਜਦ ਰਾਜ਼ੀ ਹੋ ਗਏ, ਤਾਂ ਖਰਚਾ ਦੇ ਗੁਰੂ ਸਾਹਿਬਾਂ ਨੇ ਲਾਹੌਰ ਨੂੰ ਤੋਰ ਦਿਤਾ।

ਜਦ ਇਸ ਜੰਗ ਦੀਆਂ ਖ਼ਬਰਾਂ ਬਾਦਸ਼ਾਹ ਨੂੰ ਲਾਹੌਰ ਪੁੱਜੀਆਂ, ਤਾਂ ਉਹ ਸੁਣ ਕੇ ਬੜਾ ਮਾਯੂਸ ਹੋਇਆ, ਪਰ ਜਦ ਵਜ਼ੀਰ ਖ਼ਾਂ ਵਗੈਰਾ ਸਿਆਣਿਆਂ ਨੇ ਉਸ ਨੂੰ ਸਝਾਇਆ ਕਿ ਸਤਿਗੁਰਾਂ ਨਾਲ ਲੜਾਈ ਸਦਾ ਹੀ ਬੇਫ਼ਾਇਦਾ ਸ਼ਾਹੀ ਫ਼ੌਜ ਅਤੇ ਰੁਪਿਆ ਜ਼ਾਇਆ ਕਰਨਾ ਹੈ, ਕਿਉਂਕਿ ਉਨ੍ਹਾਂ ਨੂੰ ਜਿੱਤ ਕੇ ਕੋਈ ਕਿਲ੍ਹਾ ਕੋਟ ਤਾਂ ਮਿਲ ਨਹੀਂ ਜਾਣਾ, ਤਾਂ ਉਸ ਦਾ ਗੁੱਸਾ ਕੁਝ ਢਲਿਆ ਅਤੇ ਕੁਝ ਹਸਨ ਖ਼ਾਂ ਅਤੇ ਫ਼ੌਜ ਦੇ ਜ਼ਖ਼ਮੀ ਅਫ਼ਸਰ ਤੇ ਸਿਪਾਹੀ, ਜਿਨ੍ਹਾਂ ਦਾ ਇਲਾਜ ਸਤਿਗੁਰਾਂ ਨੇ ਆਪਣੇ ਕੋਲ ਕਰਵਾਇਆ ਸੀ, ਨੇ ਸਤਿਗੁਰਾਂ ਦੀ ਵਡਿਆਈ ਕਰ ਕੇ ਬਾਦਸ਼ਾਹ ਨੂੰ ਹੋਰ ਭੀ ਸਿੱਧੇ ਰਾਹ ਪਾਇਆ। ਨਾਲ ਹੀ ਓਹਨੀਂ ਦਿਨੀਂ ਦੱਖਣ ਦੇਸ਼ ਵਿਚੋਂ ਮਰਹੱਟਿਆਂ ਦੀ

ਗੜਬੜ ਦੀਆਂ ਖ਼ਬਰਾਂ ਆ ਰਹੀਆਂ ਸਨ। ਸਿੰਧ ਦੇ ਪੀਰ ਆਕੀ ਹੋ ਰਹੇ ਸਨ। ਬਹੁਤ ਸਾਰੇ ਪਹਾੜੀ ਰਾਜੇ ਸ਼ਾਹੀ ਖਰਾਜ ਦੇਣ ਤੋਂ ਇਨਕਾਰ ਕਰ ਰਹੇ ਸਨ, ਜਿਸ ਕਰ ਕੇ ਬਾਦਸ਼ਾਹ ਨੂੰ ਸਭ ਪਾਸੇ ਫ਼ੌਜਾਂ ਘੱਲਣ ਦੀ ਲੋੜ ਸੀ। ਇਹਨਾਂ ਸਾਰੀਆਂ ਗੱਲਾਂ ਦਾ ਫਲ ਇਹ ਹੋਇਆ ਕਿ ਸਤਿਗੁਰਾਂ ਦੇ ਵਿਰੁਧ ਹੋਰ ਨਵੀਂ ਫ਼ੌਜ ਭੇਜਣ ਦਾ ਇਰਾਦਾ ਬਾਦਸ਼ਾਹ ਨੇ ਮੁਲਤਵੀ ਕਰ ਦਿੱਤਾ।

## ਕੀਰਤ ਪੁਰ ਗਮਨ

ਜਦ ਸਤਿਗੁਰਾਂ ਨੂੰ ਇਸ ਢਾਬ ਦੇ ਕਿਨਾਰੇ ਰਹਿੰਦਿਆਂ ਕੋਈ ਹਫਤਾ ਬੀਤ ਗਿਆ ਅਤੇ ਬਹੁਤ ਸਾਰੀਆਂ ਸੰਗਤਾਂ ਨੇ ਦਰਸ਼ਨ ਕਰ ਨਾਮਦਾਨ ਪ੍ਰਾਪਤ ਕੀਤਾ ਅਤੇ ਕਾਲੂ ਨਾਥ ਜੋਗੀ ਨੂੰ ਭੀ ਚਰਨ ਸ਼ਰਨ ਮਿਲ ਚੁਕੀ, ਤਾਂ ਰਾਏ ਜੋਧ ਦੇ ਬੇਨਤੀ ਕਰਨ ਤੇ ਸਤਿਗੁਰੂ ਕਾਂਗੜ ਆਣ ਉਤਰੇ, ਅਤੇ ਨਵੀਂ ਸ਼ਾਹੀ ਸੈਨਾ ਦੀ ਉਡੀਕ ਕਰਨ ਲੱਗੇ। ਪੰਦਰਾਂ ਵੀਹ ਦਿਨ ਕਾਂਗੜ ਗੁਜ਼ਾਰਨ ਦੇ ਬਾਅਦ ਜਾਂ ਸ਼ਾਹੀ ਫ਼ੌਜ ਆਉਣ ਦੀ ਕੋਈ ਖ਼ਬਰ ਨਾ ਪੁੱਜੀ, ਤਾਂ ਮਹਾਰਾਜ ਕੀਰਤ ਪੁਰ ਨੂੰ ਤਿਆਰ ਹੋ ਪਏ। ਸਤਿਗੁਰਾਂ ਦੀ ਤਿਆਰੀ ਦੀ ਖ਼ਬਰ ਸੁਣ, ਚਾਰੋਂ ਤਰਫ ਤੋਂ ਮਾਲਵੇ ਦੀਆਂ ਸੰਗਤਾਂ ਦਰਸ਼ਨਾਂ ਹਿਤ ਆਣ ਇੱਕੱਠੀਆਂ ਹੋਈਆਂ। ਭਾਈ ਸਾਧੂ ਅਤੇ ਰੂਪ ਚੰਦ ਜੀ ਨੇ, ਜਿਨ੍ਹਾਂ ਨੂੰ ਇਸ ਇਲਾਕੇ ਦੇ ਪ੍ਰਚਾਰ ਦਾ ਕੰਮ ਸੌਂਪਿਆ ਜਾ ਚੁਕਾ ਸੀ, ਹੱਥ ਜੋੜ ਬੇਨਤੀ ਕੀਤੀ, "ਸਾਨੂੰ ਕੀ ਆਗਿਆ ਹੈ ?" ਤਦ ਸਤਿਗੁਰਾਂ ਫਰਮਾਇਆ—

"ਕਹਿਓ ਗੁਰੂ ਤੁਮ ਕਰੋ ਦੇਗ ਕੋ ।
ਸਭ ਕੋ ਦੇਓ ਅਸਨ ਬਰਤਾਏ ।"

ਜਾਂ ਭਾਈ ਰੂਪ ਚੰਦ ਜੀ ਨੂੰ ਦੇਗ ਚਲਾਉਣ ਦਾ ਹੁਕਮ ਦੇ ਸਤਿਗੁਰੂ ਸਵਾਰ ਹੋ ਤੁਰਨ ਲੱਗੇ, ਤਾਂ ਜੋਧ ਸ਼ਾਹ ਨੇ, ਜੋ ਘਰੋਂ ਹੀ ਸਤਿਗੁਰਾਂ ਦੇ ਨਾਲ ਹਮੇਸ਼ਾਂ ਹੀ ਰਹਿਣ ਦਾ ਫ਼ੈਸਲਾ ਕਰ ਕੇ ਆਇਆ ਸੀ, ਚਰਨਾਂ ਤੇ ਮੱਥਾ ਟੇਕ ਕਿਹਾ, "ਮੈਂ ਸਦਾ ਹੀ ਹਜ਼ੂਰੀ ਵਿਚ ਰਹਿਣਾ ਚਾਹੁੰਦਾ ਹਾਂ। ਇਸ ਲਈ ਮੈਂ ਆਪਣਾ ਘਰ ਬਾਰ ਤਿਆਗ ਕੇ ਹਜ਼ੂਰ ਦੇ ਨਾਲ ਚੱਲਣ ਦਾ ਫ਼ੈਸਲਾ ਕਰ ਲਿਆ ਹੈ ।" ਸਤਿਗੁਰਾਂ ਨੇ ਰਾਏ ਜੋਧ ਦਾ ਪਿਆਰ-ਭਰਿਆ ਸੰਕਲਪ ਸੁਣ, ਉਸ ਨੂੰ ਗੁਰਮਤ ਦ੍ਰਿੜ੍ਹਾ ਮੋਹ ਦੀ ਅੰਸ ਤੋਂ ਉਤਾਂਹ ਚੁੱਕ, ਆਪਣੇ ਘਰ ਰਹਿ ਕੇ ਹੀ ਸਿੱਖੀ ਕਮਾਉਣ ਦਾ ਬਲ ਬਖ਼ਸ਼ਿਆ ਤੇ ਫੁਰਮਾਇਆ— "ਸਿਦਕੀ ਸਿਖ ਹਮੇਸ਼ਾ ਹੀ ਸਾਡੀ ਹਜ਼ੂਰੀ ਵਿਚ ਹਨ। ਸਾਡਾ ਤੇ ਉਹਨਾਂ ਦਾ ਮਿਲਾਪ ਕੇਵਲ ਇਸ ਲੋਕ ਵਿਚ ਹੀ ਨਹੀਂ, ਸਗੋਂ ਪ੍ਰਲੋਕ ਵਿਚ ਭੀ ਰਹੇਗਾ। ਸਿਖ ਸਾਡੇ ਨਾਲ ਨਦੀ-ਸਾਗਰ ਮਿਲਾਪ ਵਾਂਗੂ ਇਕ ਜੋਤ ਰਹਿੰਦਾ ਹੈ ।"

"ਸਤਿਗੁਰ ਕਹਿਓ ਮਿਲਿਓ ਤੈਂ ਨਿਤ ਹੀ ।
ਲੋਕ ਪ੍ਰਲੋਕਹਿ ਗੁਰੂ ਸਹਾਏ ।"

ਰਾਏ ਜੋਧ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਵਿਗਸ ਗਿਆ ਤੇ ਉਸ ਨੂੰ ਘਰ ਵਿਚ ਹੀ ਠਾਕਰ ਨਜ਼ਰ ਆਉਣ ਲਗ ਪਿਆ। ਫਿਰ ਬਹੁਤ ਦੂਰ ਤੱਕ ਜੋਧ ਰਾਇ, ਭਾਈ ਸਾਧੂ, ਰੂਪਾ, ਸਲੀਮ ਸ਼ਾਹ ਤੇ ਹੋਰ ਬੇਅੰਤ ਸੰਗਤ ਸਤਿਗੁਰਾਂ ਨੂੰ ਵਿਦਾ ਕਰਨ ਲਈ ਗਈ। ਸਤਿਗੁਰਾਂ ਸਭ

ਨੂੰ ਖੁਸ਼ੀਆਂ ਬਖਸ਼ੀਆਂ ਅਤੇ ੧੭ ਫੱਗਣ ਸੰ: ੧੬੯੮ ਬਿ: ਨੂੰ ਕਾਂਗੜੋਂ ਵਿਦਾ ਹੋਏ।

ਇਥੋਂ ਚੱਲ ਸਤਿਗੁਰੂ ਮੱਲੇ, ਖਾਈ ਤੇ ਫਪਾਰ ਆਦਿਕ ਪਿੰਡਾਂ ਵਿਚੋਂ ਲੰਘਦੇ ਹੋਏ ਸੰਗਤਾਂ ਨੂੰ ਤਾਰਦੇ ਤਖ਼ਤੂ-ਪੁਰੇ ਪੁੱਜੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਜਾ ਦਰਸ਼ਨ ਕੀਤੇ। ਏਥੇ ਕੁਝ ਦਿਨ ਸੰਗਤਾਂ ਦੇ ਪਿਆਰ ਅਤੇ ਆਦਿ ਸਤਿਗੁਰੂ ਜੀ ਦੇ ਗੁਰਦੁਆਰੇ ਦੇ ਸਤਿਕਾਰ ਕਰ ਕੇ ਟਿਕੇ ਰਹੇ। ਸਤਸੰਗ ਦਾ ਪ੍ਰਵਾਹ ਚੱਲਦਾ ਰਿਹਾ। ਫਿਰ ਉਥੋਂ ਚੱਲ ਹਠੂਰ ਬਾਣੀ ਪੱਖੋ ਜਾ ਖਿਰਾਜੇ। ਇਥੇ ਹੀ ਮੁਲਤਾਨ ਪਰਗਨੇ ਦੀ ਸੰਗਤ ਦਰਸ਼ਨਾਂ ਹਿਤ ਚਲੀ ਹੋਈ ਹਜ਼ੂਰੀ ਵਿਚ ਆ ਪੁੱਜੀ ਤੇ ਜੀਵਨ ਦਾਨ ਪਾਇਆ। ਪੱਖੋ ਤੋਂ ਚੱਲ ਸਤਿਗੁਰੂ ਗੁਜਰਵਾਲ ਆ ਪੁੱਜੇ। ਏਥੇ ਗਰੇਵਾਲਾਂ ਦੇ ਸਰਦਾਰ ਫਤੂਹੀ ਨੇ ਬਹੁਤ ਸੇਵਾ ਕੀਤੀ, ਪਰ ਸੇਵਾ ਦਾ ਕੁਝ ਮਾਣ ਜਿਹਾ ਹੋ ਜਾਣ ਕਰ ਕੇ ਜਾਂ ਉਸ ਨੇ ਇਕ ਦਿਨ ਲਾਗ ਪਾਸ ਦੀਆਂ ਜੁੜੀਆਂ ਹੋਈਆਂ ਸੰਗਤਾਂ ਦੇ ਬੈਠਿਆਂ ਜਾਂ ਸਿੱਖਾਂ ਦੀ ਸੇਵਾ ਦੀ ਵਡਿਆਈ ਹੋ ਰਹੀ ਸੀ, ਆਖਿਆ "ਭਾਵੇਂ ਸਿੱਖ ਤਾਂ ਸਾਰੇ ਹੀ ਸਤਿਗੁਰਾਂ ਦੀ ਸੇਵਾ ਕਰਦੇ ਹਨ, ਪਰ ਅਸਾਂ ਤੇ ਤਨ, ਮਨ, ਧਨ ਹੀ ਸਤਿਗੁਰਾਂ ਦੇ ਅਰਪਨ ਕਰ ਛੱਡਿਆ ਹੈ।" ਸਤਿਗੁਰਾਂ ਨੇ ਫਤੂਹੀ ਦੀ ਗੱਲ ਬਾਤ ਵਿਚੋਂ ਕਾਮਲ ਤਬੀਬ ਵਾਂਗ ਮਾਨਸਿਕ ਰੋਗ ਮਹਿਸੂਸ ਕਰ ਲਿਆ ਅਤੇ ਮਨੁੱਖ ਕਮਜ਼ੋਰੀ ਜਾਣ, ਆਪਣੇ ਸੇਵਕ ਦਾ ਇਲਾਜ ਕਰਨ ਲਈ ਵਚਿੱਤ੍ਰ ਲੀਲ੍ਹਾ ਕੀਤੀ। ਉਹ ਇਸ ਤਰ੍ਹਾਂ ਕਿ ਫਤੂਹੀ ਦੇ ਕੋਲ ਇਕ ਸੋਹਣਾ ਸ਼ਿਕਰਾ ਸੀ। ਸਤਿਗੁਰਾਂ ਨੇ ਫਤੂਹੀ ਨੂੰ ਕਿਹਾ,

"ਇਹ ਸ਼ਿਕਰਾ ਸਾਨੂੰ ਦੇ ਦੇ।" ਫਤੂਹੀ ਕੁਝ ਟਾਲ ਮਟੋਲੇ ਕਰਨ ਲੱਗਾ। ਹਜ਼ੂਰ ਨੇ ਫਤੂਹੀ ਦੀ ਇਸ ਅਵਸਥਾ ਨੂੰ ਤੱਕ ਕੇ ਫਰਮਾਇਆ, "ਤੂੰ ਤਾਂ ਅਜੇ ਹੁਣ ਕਹਿਦਾ ਸੈਂ, ਮੈਂ ਤਨ, ਮਨ, ਧਨ ਹੀ ਗੁਰੂ ਨੂੰ ਦੇ ਛੱਡਿਆ ਹੈ ਤੇ ਐਡੀ ਛੋਟੀ ਇਕ ਖੰਭਾਂ ਦੀ ਮੁੱਠ ਦੇਣ ਤੋਂ ਇਨਕਾਰ ਕਰ ਰਿਹਾ ਹੈਂ।"

ਫਤੂਹੀ ਨੂੰ ਸਮਝ ਆ ਗਈ ਤੇ ਉਹ ਚਰਨੀ ਢਹਿ ਪਿਆ ਤੇ ਸ਼ਿਕਰਾ ਸਤਿਗੁਰਾਂ ਦੇ *ਸ਼ਿਕਾਰੀ ਦੇ ਹਵਾਲੇ ਕਰ ਦਿਤਾ। ਸਤਿਗੁਰੂ ਉਸ ਦੀ ਸੇਵਾ ਤੇ ਬੜੇ ਪ੍ਰਸੰਨ ਹੋਏ ਅਤੇ ਹੁਕਮ ਕੀਤਾ, "ਤੇਰੇ ਘਰ ਵਿਚ ਜਦ ਤਕ ਸਿਦਕ ਰਹੇਗਾ, ਸਰਦਾਰੀ ਰਹੇਗੀ।"

ਗੁਜਰਵਾਲ ਤੋਂ ਚੱਲ ਸਤਿਗੁਰੂ ਘਰਾਨੀ ਸੂਰਤੀ ਮਸੰਦ ਦੇ ਘਰ ਆ ਠਹਿਰੇ। ਉਸ ਨੇ ਇਰਦ-ਗਿਰਦ ਦੀਆਂ ਸੰਗਤਾਂ ਸਮੇਤ ਭਾਰੀ ਸੇਵਾ ਕੀਤੀ ਤੇ ਪੰਦਰ੍ਹਾਂ ਦਿਨ ਸਤਿਗੁਰਾਂ ਨੂੰ ਆਪਣੇ ਗ੍ਰਿਹ ਵਿਚ ਰੱਖਿਆ। ਏਥੋਂ ਚੱਲ ਸਤਿਗੁਰੂ ਜੰਡਿਆਲੀ, ਈਸਲੂ, ਇਕਲਾਹੇ ਪਿੰਡ ਥਾਣੀਂ ਹੁੰਦੇ ਹੋਏ ਸੋਟੀ ਵਿਚੋਂ ਲੰਘ

---

*ਸਤਿਗੁਰਾਂ ਦੇ ਆਪਣੇ ਸਿਖਾਂ ਨੂੰ ਸਿਖਿਆ ਦੇਣ ਦੇ ਢੰਗ ਭੀ ਬੜੇ ਅਲੌਕਿਕ ਸਨ, ਜਿਨ੍ਹਾਂ ਵਿਚੋਂ ਇਕ ਇਹ ਫਤੂਹੀ ਨਾਲ ਵਰਤਿਆ ਗਿਆ। ਸੁਜਾਨ ਸਤਿਗੁਰਾਂ ਨੇ ਇਹ ਦੇਖ ਕੇ ਕਿ ਫਤੂਹੀ ਦਾ ਸ਼ਿਕਰੇ ਵਿਚ ਬੜਾ ਮੋਹ ਹੈ, ਜਾਨਵਰ ਫਤੂਹੀ ਕੋਲੋਂ ਇਸ ਵਾਸਤੇ ਮੰਗਿਆ ਕਿ ਉਹ ਮੋਹ ਤੋਂ ਉਤਾਂਹ ਉਠ ਤਿਆਗ ਦਾ ਸਬਕ ਸਿੱਖੇ। ਨਹੀਂ ਤਾਂ ਸਤਿਗੁਰਾਂ ਨੂੰ ਸ਼ਿਕਰੇ ਦੀ ਕੀ ਪ੍ਰਵਾਹ ਹੋ ਸਕਦੀ ਸੀ, ਜਿਨ੍ਹਾਂ ਦੇ ਸ਼ਾਹੀ ਦਰਬਾਰ ਵਿਚ ਵਧੀਆ ਤੋਂ ਵਧੀਆ ਬਾਜ਼ ਸਦਾ ਭੇਟਾ ਆਉਂਦੇ ਤੇ ਸੇਵਕਾਂ ਵਿਚ ਵੰਡ ਦਿਤੇ ਜਾਂਦੇ ਸਨ।

ਬੇਅੰਤ ਸੰਗਤਾਂ ਨੂੰ ਤਾਰ ਖਮਾਣੋਂ, ਸੰਗਲ਼, ਮਨੌਲੀ, ਰੋਪੜ ਆਦਿਕ ਪਿੰਡਾਂ ਵਿਚੋਂ ਹੁੰਦੇ ਹੋਏ ੨੨ ਵਿਸਾਖ ਸੰ: ੧੬੮੯ ਬਿ: ਨੂੰ ਕੀਰਤ ਪੁਰ ਆ ਪੁੱਜੇ । ਸਾਹਿਬਜ਼ਾਦਾ ਸੂਰਜ ਮੱਲ ਅਤੇ ਰਾਜਾ ਤਾਰਾ ਚੰਦ ਮਸਾਹਿਬ ਸੰਗਤਾਂ ਸਮੇਤ ਪੰਜ ਕੋਹ ਅੱਗੋਂ ਦੀ ਆ ਮਿਲੇ ਤੇ ਪਰਸਪਰ ਮਿਲ ਕੇ ਭਾਰੀਆਂ ਖੁਸ਼ੀਆਂ ਹੋਈਆਂ।

## ਬੁੱਢਣ ਸ਼ਾਹ ਮਿਲਾਪ

ਗੁਰੂ ਜੀ ਦੇ ਕੀਰਤ ਪੁਰ ਪੁਜਣ ਤੇ ਰਾਜਾ ਤਾਰਾ ਚੰਦ ਕਹਿਲੂਰੀ ਦਰਸ਼ਨਾਂ ਲਈ ਹਾਜ਼ਰ ਹੋਇਆ । ਕਿਉਂਕਿ ਇਹ ਦਿੱਲੀ ਹਕੂਮਤ ਕੋਲੋਂ ਬਾਗ਼ੀ ਸੀ, ਇਸ ਲਈ ਸਤਿਗੁਰਾਂ ਦੇ ਕੀਰਤ ਪੁਰ ਆ ਟਿਕਣ ਕਰ ਕੇ ਉਸ ਦੀਆਂ ਖ਼ੁਸ਼ੀਆਂ ਦੀ ਕੋਈ ਹੱਦ ਨਾ ਰਹੀ। ਰਾਜਾ ਨੇ ਇਕ ਸੁੰਦਰ ਘੋੜਾ ਤੇ ਹੋਰ ਕਈ ਤੋਹਫ਼ੇ ਸਤਿਗੁਰਾਂ ਦੀ ਭੇਟ ਰੱਖੇ ਤੇ ਇਕ ਪਿੰਡ ਗੁਰੂ ਕੇ ਘੋੜਿਆਂ ਦੇ ਘਾਸ ਵਾਸਤੇ ਭੀ ਨਜ਼ਰ ਕੀਤਾ ਅਤੇ ਭਾਈ ਬਿਧੀ ਚੰਦ ਆਦਿ ਹਜ਼ੂਰੀ ਸਿਖਾਂ ਕੋਲੋਂ ਸਤਿਗੁਰਾਂ ਦੇ ਸ਼ਾਹੀ ਸੈਨਾ ਨਾਲ ਹੋਏ ਯੁੱਧਾਂ ਦਾ ਬ੍ਰਿਤਾਂਤ ਸੁਣ ਸੁਣ ਬਹੁਤ ਪ੍ਰਸੰਨ ਹੋਇਆ।

ਸਤਿਗੁਰਾਂ ਦਾ ਕੀਰਤ ਪੁਰ ਨਿਵਾਸ ਸੁਣ ਦੇਸ ਪ੍ਰਦੇਸ ਦੀਆਂ ਸੰਗਤਾਂ ਇਥੇ ਜੁੜਨ ਲੱਗੀਆਂ ਅਤੇ ਟਿੱਕਾ ਗੁਰਦਿਤਾ ਜੀ ਭੀ ਕਰਤਾਰ ਪੁਰੋਂ ਇਥੇ ਆ ਗਏ। ਇਹਨਾਂ ਦਿਨਾਂ ਵਿਚ ਹੀ ਗੁਰ-ਸਿਖੀ ਪ੍ਰੇਮ ਦੀ ਇਕ ਅਪਾਰ ਲੀਲ੍ਹਾ ਹੋਈ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ-ਜਲੰਦੇ ਦੀ ਰਖਸ਼ਾ ਲਈ 'ਸਤਿ ਕਰਤਾਰ' ਦਾ ਨਿਰੰਕਾਰੀ ਛੱਟਾ ਜਗਤ

ਤੇ ਛਿੜਕਦੇ ਫਿਰਦੇ ਸਨ ਤਾਂ, ਉਹ ਇਹਨਾਂ ਪਹਾੜੀਆਂ ਤੋਂ ਭੀ ਲੰਘੇ। ਭਾਈ ਮਰਦਾਨੇ ਦੇ ਰਬਾਬ ਦੀ ਮਧੁਰ ਧੁਨੀ ਸੁਣ ਬੁੱਢਣ ਸ਼ਾਹ ਨਾਮੀ ਦਰਵੇਸ਼, ਜੋ ਇਸ ਟਿੱਬੇ ਦੀ ਚੋਟੀ ਤੇ ਨਿਰ-ਜਨ ਥਾਂ ਤੱਕ ਗੁਫ਼ਾ ਬਣਾ ਰਹਿੰਦਾ ਤੇ ਬੱਕਰੀਆਂ ਚਰਾ ਦੁਧ ਪੀ 'ਅੱਲਾ ਅੱਲਾ' ਕਰਦਾ ਰਹਿੰਦਾ ਸੀ, ਮਸਤ ਹੋ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। ਗੁਰੂ ਬਾਬਾ ਜੀ ਫਕੀਰ ਦੇ ਮਨ ਵਿਚ ਮੌਲਾ ਦਾ ਸ਼ੌਕ ਤੱਕ ਤ੍ਰੁੱਠੇ ਤੇ ਉਸ ਨੂੰ ਗੁਰਮਤ ਦੇ ਪੂਰਨ ਪੁਰਖ ਕਰ ਦਿਤਾ। ਦਰਵੇਸ਼ ਚਾਈਂ ਚਾਈਂ ਬੱਕਰੀਆਂ ਚੋ ਦੁੱਧ ਦਾ ਕਟੋਰਾ ਭਰ ਲਿਆਇਆ। ਜਾਂ ਅੱਗੇ ਰੱਖਿਓਸੁ, ਤਦ ਸਤਿਗਰਾਂ ਬਚਨ ਕੀਤਾ, "ਸਾਡੀ ਅਮਾਨਤ ਰਹਿਣ ਦੇ, ਫਿਰ ਲਵਾਂਗੇ।" ਉਸ ਸਮੇਂ ਤੋਂ ਬੁੱਢਣ ਸ਼ਾਹ ਉਡੀਕ ਵਿਚ ਦਿਨ ਬਿਤਾ ਰਿਹਾ ਸੀ। ਉਸ ਦੇ ਕੰਨ ਰਬਾਬ ਦੀ ਧੁਨ ਸੁਣਨ ਤੇ ਉਸ ਦੇ ਨੈਣ ਬਾਬੇ ਦੇ ਦੀਦਾਰ ਲਈ ਤਾਂਘ ਰਹੇ ਸਨ। ਤਾਂਘ ਵਿਚ ਕਈ ਬਰਸ ਬੀਤ ਗਏ, ਪਰ ਸ਼ੌਕ ਦੀ ਤੀਬਰਤਾ ਨੇ ਓਦਰਨ ਨਾ ਦਿਤਾ। ਨਾਮ ਭਰੇ ਮਨ ਵਿਚ ਮਾਯੂਸੀ ਤੇ ਆਉਣੀ ਹੀ ਕੀ ਸੀ, ਸਦਾ ਨਵਜੋਬਨਾ ਵਾਂਗ ਉਤਸ਼ਾਹ ਤੇ ਸਰੂਰ ਭਰੇ ਰਹਿੰਦੇ ਸਨ। ਬਾਬਾ ਜੀ ਭਾਵੇਂ ਚੋਲਾ ਤਿਆਗ ਗੁਰੂ ਅੰਗਦ ਵਿਚ ਦੀ ਹੋ, ਛੇਵਾਂ ਲਿਬਾਸ ਧਾਰਨ ਕਰ ਚੁਕੇ ਸਨ, ਪਰ ਬੁੱਢਣ, ਆਪਣੇ ਇਕਾਂਤ ਅਸਥਾਨ ਵਿਚ ਬੈਠੇ ਹੋਏ ਸ਼ੌਕ ਵਿਚ ਮਸਤ ਨੂੰ ਇਹ ਸਮਾਂ ਕੁਝ ਪਲ ਹੀ ਪ੍ਰਤੀਤ ਹੋ ਰਿਹਾ ਸੀ। ਆਖ਼ਰ ਉਸ ਦੀਆਂ ਆਸਾਂ ਦਾ ਬੂਟਾ ਫ਼ਲ ਆਇਆ; ਤਾਂਘਾਂ ਦੀ ਤਾਰ ਤੋੜ ਜਾ ਪੁੱਜੀ ਤੇ ਆਏ ਬਾਬਾ, ਖਿਚੇ ਖਿਚੇ ਆਏ, ਜਿੱਥੇ ਬੁੱਢਣ ਬੈਠਾ ਅਮਾਨਤ ਸੰਭਾਲੀ ਉਡੀਕ ਕਰ ਰਿਹਾ

ਸੀ। ਉਹ ਤਨ ਕਰ ਕੇ ਹੁਣ ਸੱਚੀ ਮੁਚੀ ਬੁੱਢਾ ਹੋ ਚੁਕਾ ਸੀ। ਉਸ ਨੂੰ ਝੁਰੜੀਆਂ ਵਾਲਾ ਹੁਣ ਪੁਰਾਣਾ ਜਾਮਾ ਪਸੰਦ ਨਹੀਂ ਸੀ। ਪਰ ਕੀ ਕਰਦਾ, ਅਹਿਦ ਬੰਨ੍ਹ ਚੁਕਾ ਸੀ, "ਕਿ ਉਡੀਕਾਂਗਾ ਤੇ ਦੁੱਧ ਦੀ ਅਮਾਨਤ ਹੱਥੀਂ ਅਦਾ ਕਰਾਂਗਾ।" ਭਾਵੇਂ ਕਜ਼ਾ ਭੀ ਕਾਹਲੀ ਪੈ ਰਹੀ ਸੀ ਤੇ ਬੁੱਢਣ ਭੀ ਉਤਾਵਲਾ ਸੀ, ਪਰ ਕੌਲ ਦਾ ਕੈਦੀ ਸੀ, ਅਹਿਦ ਦਾ ਅਸੀਰ ਸੀ, ਬਚਨ ਦਾ ਬੱਝਿਆ ਹੋਇਆ ਸੀ, ਜਿਸ ਕਰ ਕੇ ਪੇਸ਼ ਕੁਝ ਨਹੀਂ ਸੀ ਜਾਂਦੀ।

ਹੁਣ ਕਈ ਦਿਨਾਂ ਤੋਂ ਲੰਘਦੇ ਟੱਪਦੇ ਰਾਹੀ ਬੁੱਢਣ ਨੂੰ ਸੋਆਂ ਸੁਣਾ ਰਹੇ ਸਨ ਕਿ ਗੁਰੂ ਨਾਨਕ ਬਾਬਾ ਕੀਰਤ ਪੁਰ ਆਏ ਹੋਏ ਹਨ। ਲੋਕ ਇਹ ਭੀ ਕਹਿੰਦੇ ਸਨ, "ਹੈਨ ਤਾਂ ਓਹੋ, ਪਰ ਜਾਮਾ ਉਹ ਨਹੀਂ। ਉਹ ਸੇਹਲੀ ਨਹੀਂ, ਉਹ ਟੋਪੀ ਨਹੀਂ, ਉਹਦੀ ਥਾਂ ਕਲਗੀ ਜਿਗ੍ਹਾ ਹੈ, ਗਾਤਰੇ ਤਲਵਾਰ ਹੈ। ਹੁਣ ਰਬਾਬ ਦੀ ਤਾਰ ਨਹੀਂ ਵੱਜ ਰਹੀ, ਤਲਵਾਰ ਦੀ ਝਣਕਾਰ ਆ ਰਹੀ ਹੈ।

ਬੁੱਢਣ ਭਾਵੇਂ ਬੁੱਤ-ਪ੍ਰੱਸਤ ਨਹੀਂ ਸੀ, ਮੋਆਹਿਦ (ਇਕ ਵਾਹਿਗੁਰੂ ਨੂੰ ਪੂਜਣ ਵਾਲਾ) ਸੀ, ਪਰ ਫਿਰ ਭੀ ਸੂਫੀਆਂ ਦਾ ਪੁਰਾਣਾ ਸੰਗੀ ਹੋਣ ਕਰ ਕੇ ਗੁਰ-ਦਰਸ਼ਨਾਂ ਦੀ ਇਹ ਨਵੀਂ ਨੁਹਾਰ ਸੁਣ ਸੁਣ ਕੁਝ ਹੈਰਾਨ ਜਿਹਾ ਹੋ ਰਿਹਾ ਸੀ। ਪਰ ਓੜਕ ਦਿਲ ਵਿਚ ਇਹ ਧਾਰ ਬੈਠਾ, "ਮੈਨੂੰ ਸੂਰਤ ਨਾਲ ਕੀ, ਕੋਈ ਬਣਾ ਲੈਣ, ਮੇਰਾ ਜਾਮਿਆਂ ਨਾਲ ਕੀ ਕੰਮ, ਕੋਈ ਧਾਰਨ ਕਰ ਲੈਣ। ਮੇਰੇ ਕੋਲ ਤਾਂ ਅਮਾਨਤ ਰੱਖ ਗਏ ਹੋਏ ਨੇ, ਜੇ ਮੰਗਣਗੇ ਤਾਂ ਦੇ ਦਿਆਂਗਾ ਤੇ ਜੇ ਉਹ ਨਾ ਹੋਏ

ਤਾਂ ਮੰਗਣੀ ਹੀ ਕਿਸ ਹੈ।"

ਬੁੱਢਣ ਦਰਸ਼ਨ ਦੀਆਂ ਆਸਾਂ ਵਿਚ ਬੈਠਾ, ਕਈ ਦਿਨਾਂ ਤੋਂ ਮਨ ਹੀ ਮਨ ਨਾਲ ਗੱਲਾਂ ਕਰ ਰਿਹਾ ਸੀ, ਜਾਂ ਇਕ ਦਿਨ ਦੂਰ ਤੋਂ ਧੂੜ ਉੱਠੀ ਤੇ ਪਲੋ ਪਲੀ ਵਿਚ ਟਿੱਬਿਆਂ ਦੀ ਧਾਰ ਤੇ ਘੋੜੇ ਦੌੜਦੇ ਦਿਸ ਆਏ। ਫਕੀਰ ਅਜੇ ਉਸ ਤਰਫ ਉੱਠ ਕੇ ਤੁਰਨ ਹੀ ਲੱਗਾ ਸੀ, ਜਾਂ ਪਹਿਲ ਘੋੜੇ ਵਾਲਾ ਸ਼ਾਹ ਸਵਾਰ ਸਾਹਮਣੇ ਪੁੱਜ ਘੋੜੇ ਨੂੰ ਰੋਕ ਖੜੋਤਾ। ਬੁੱਢਣ ਚੇਹਰੇ ਵੱਲ ਦੇਖ ਤਜੱਲੀ ਨੂਰ) ਦੀ ਤਾਬ ਨਾ ਝੱਲ ਸਕਿਆ, ਨੀਵੇਂ ਨੈਣ ਕਰ ਸੋਚੀਂ ਪੈ ਗਿਆ। ਇਤਨੇ ਵਿਚ ਸ਼ਾਹ ਸਵਾਰ ਨੇ ਕਿਹਾ, "ਸਾਈਂ, ਸੋਚਦੇ ਕੀ ਹੋ। ਆ ਗਏ ਹਾਂ। ਲਿਆ ਸਾਡੀ ਅਮਾਨਤ, ਦੁਧ। ਛੇਤੀ ਕਰ। ਅੱਗੇ ਹੀ ਬਹੁਤ ਚਿਰ ਲੱਗ ਗਿਆ ਹੈ।" ਬੁੱਢਣ ਸ਼ਾਹ ਤੇ ਹੁਣ ਖ਼ਾਸ ਹਾਲਤ ਤਾਰੀ ਹੋ ਗਈ। ਉਹ ਬਿਹਬਲ ਹੋ ਬੇਸੁਰਤ ਹੋ ਗਿਆ। ਇਤਨੇ ਵਿਚ ਸਤਿਗੁਰੂ ਘੋੜੇ ਤੋਂ ਉੱਤਰ ਖੜੋਤੇ। ਬੁੱਢਣ ਦੇ ਮਸਤਕ ਤੇ ਹੱਥ ਧਰਿਆ। ਉਸ ਨੇ ਨਿਹਾਲ ਹੋ ਨੈਣ ਖੋਲ੍ਹੇ। ਆਗਿਆ ਲੈ ਕੁਟੀਆ ਵਿਚ ਗਿਆ, ਦੁੱਧ ਦਾ ਪਿਆਲਾ ਭਰ ਲਿਆਇਆ ਤੇ ਪ੍ਰੀਤਮ ਦੇ ਪੇਸ਼ ਕਰਨ ਲੱਗਿਆਂ, ਬਿਨੈ ਕੀਤੀਓਸੁ, "ਆਹ ਲਓ ਆਪਣੀ ਅਮਾਨਤ! ਮੈਨੂੰ ਢੇਰ ਚਿਰ ਉਡੀਕਣਾ ਪਿਆ ਹੈ। ਤੁਸੀਂ ਨਾਜ਼ ਵਿਚ ਮਸਤ ਰਹੇ ਤੇ ਮੈਂ ਨਿਆਜ਼ ਵਿਚ ਟਿਕਿਆ ਰਿਹਾ। ਪਰ ਪਿਆਲਾ ਫੜਨ ਤੋਂ ਪਹਿਲਾਂ ਇਕ ਮੇਹਰ ਜ਼ਰੂਰ ਕਰੋ। ਓਹੋ ਰੂਪ ਧਾਰ ਕੇ ਲਵੋ, ਜਿਸ ਵਿਚ ਛੱਡ ਗਏ ਸਾਓ। ਮਨ ਤਾਂ ਮੰਨਿਆਂ ਹੋਇਆ ਹੈ, ਪਰ ਨੈਣ ਨਹੀਂ ਤ੍ਰਿਪਤੇ। ਇਹ ਭੀ ਕੀ ਕਰਨ, ਇਨ੍ਹਾਂ ਨੂੰ ਰੂਪ ਵੇਖਣ ਦੀ ਬਣ

ਜੋ ਲਾਈ ਹੋਈ ਜੇ। ਇਨ੍ਹਾਂ ਨੂੰ ਦੇਖਿਆਂ ਬਿਨਾਂ ਨਹੀਂ ਬਣ ਆਉਂਦੀ।" ਗ਼ਰੀਬ-ਨਿਵਾਜ਼ ਬੁੱਢਣ ਦਾ ਬਚਨ ਸੁਣ ਬੜੇ ਪ੍ਰਸੰਨ ਹੋਏ ਤੇ ਮੁਸਕ੍ਰਾ ਕੇ ਬੋਲੇ, "ਸਾਈਂ ਮੁਆਹਿਦ ਲੋਕਾਂ ਨੂੰ ਬੁੱਤਾਂ ਦੇ ਦੀਦਾਰ ਨਹੀਂ ਬਣ ਆਏ। ਪਰ ਹਾਂ, ਤੁਸੀਂ ਸ਼ੌਕ ਵਾਲੇ ਹੋ, ਸ਼ਰ੍ਹਾ ਵਾਲੇ ਨਹੀਂ। ਪਿਆਰ ਹੱਦਾਂ ਤੋਂ ਪਰ੍ਹੇ ਲੰਘ ਜਾਂਦਾ ਹੈ। ਪ੍ਰੀਤ ਪੱਤਣਾਂ ਤੋਂ ਪਰ੍ਹੇ ਟੱਪ ਵਰਤਦੀ ਹੈ। ਲਓ ਬੁੱਤ ਵੀ ਤੱਕ ਲਓ, ਪਰ ਅਸਾਂ ਆਪਣਾ ਨਹੀਂ ਬਣਾਣਾ, ਭਾਣੇ ਵਿਚ ਛੱਡ ਚੁਕੇ ਹਾਂ। ਤੁਹਾਡੀ ਤ੍ਰਿਪਤੀ ਲਈ ਰੌਇਆ (ਖਿਆਲੀ ਦਰਸ਼ਨ) ਹੁੰਦਾ ਹੈ, ਕਰੋ।" ਇਤਨਾ ਆਖ ਸਤਿਗੁਰਾਂ ਨੇ ਬਾਬੇ ਗੁਰਦਿੱਤੇ ਜੀ ਦੇ ਸਿਰ ਤੇ ਹੱਥ ਰੱਖਿਆ ਤਾਂ ਬੁੱਢਣ ਸ਼ਾਹ ਜੀ ਨੂੰ ਪ੍ਰਤੱਖ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸ ਸਮੇਂ ਵਰਗੀ ਵਿਅੱਕਤੀ, ਜਿਸ ਸਮੇਂ ਅਮਾਨਤ ਦੇ ਗਏ ਸਨ, ਨਜ਼ਰ ਆਈ। ਬੁੱਤ ਦੇ ਦੀਦਾਰ ਪਾਂਦਿਆਂ ਹੀ ਫਕੀਰ ਦੀ ਸੁਰਤ ਉਤਾਂਹ ਚੜ੍ਹ ਗਈ। ਮਜਾਜ਼ (ਬੁੱਤ-ਪ੍ਰੇਮ) ਦੀ ਤਾਂ ਮਿਆਦ ਹੀ ਦਰਸ਼ਨਾਂ ਤੱਕ ਹੁੰਦੀ ਹੈ, ਹੁਣ ਹਕੀਕੀ (ਆਤਮ-ਪ੍ਰੇਮ) ਦੀ ਕਾਂਗ ਚੜ੍ਹੀ। ਚਰਨਾਂ ਵਿਚ ਡਿੱਗ ਪਿਆ ਤੇ ਕਹਿਣ ਲੱਗਾ, "ਅਮਾਨਤ ਲੈ ਲਈ ਜੇ, ਹੁਣ ਚੱਲਣ ਦੀ ਆਗਿਆ ਦਿਓ। ਬਹੁਤ ਮੁਦਤ ਇਸ ਮੜੋਲੀ ਵਿਚ ਲੰਘਾ ਲਈ ਹੈ।" ਸਤਿਗੁਰਾਂ ਫਰਮਾਇਆ—"ਜਿਵੇਂ ਤੁਹਾਡੀ ਰਜ਼ਾ!" ਬੁੱਢਣ ਸ਼ਾਹ ਮਾਹਬੂਬ ਦੇ ਦਰਸ਼ਨ ਕਰਦੇ ਕਰਦੇ ਹੀ ਮਾਹਬੂਬ ਵਿਚ ਸਮਾ ਗਏ। ਸਤਿਗੁਰਾਂ ਨੇ ਉਹਨਾਂ ਦੀ ਕਬਰ ਓਥੇ ਹੀ ਬਣਵਾ ਦਿੱਤੀ, ਜੋ ਅੱਜ ਤੁਕ ਮੌਜੂਦ ਹੈ।

# ਬੁੱਤਾਂ ਦਾ ਪਾਜ

ਸਤਿਗੁਰੂ ਗ਼ਰੀਬ-ਨਿਵਾਜ਼ ਹੁਣ ਕੀਰਤਪੁਰ ਟਿਕੇ ਹੋਏ ਸਨ। ਸੰਗਤਾਂ ਨਿਤ ਪ੍ਰਤੀ ਦੂਰ ਦੂਰ ਤੋਂ ਆਉਂਦੀਆਂ ਅਤੇ ਨਾਮ-ਬਾਣੀ ਦੇ ਪ੍ਰਵਾਹ ਚੱਲ ਰਹੇ ਸਨ। ਇਸ ਇਲਾਕੇ ਵਿਚ ਭੱਦਰਕਾਲੀ ਦਾ ਮੇਲਾ ਨੈਣਾਂ ਦੇਵੀ ਦੇ ਟਿਬੇ ਉੱਤੇ ਬੜਾ ਭਾਰੀ ਹੁੰਦਾ ਸੀ। ਪਹਾੜ ਦੇ ਲੋਕ ਬੁੱਤ-ਪੂਜ ਹੋਣ ਕਰ ਕੇ ਲੱਖਾਂ ਦੀ ਤਾਦਾਦ ਵਿਚ ਜੁੜਦੇ ਸਨ ਅਤੇ ਪਹਾੜੀ ਰਾਜੇ ਭੀ ਭਾਰੀ ਭੇਟਾ ਚੜ੍ਹਾਂਦੇ ਸਨ। ਇਸ ਸਾਲ ਸਤਿਗੁਰੂ ਜੀ ਭੀ 'ਜਗਤ ਉਧਰਨ ਅਰਥੈ' ਗੁਰਮਤ ਪ੍ਰਚਾਰ ਹਿਤ ਮੇਲੇ ਤੇ ਜਾ ਟਿਕੇ। ਸਤਿਗੁਰਾਂ ਨੇ ਇਕ ਸੋਹਣੇ ਉੱਚੇ ਅਸਥਾਨ ਉੱਤੇ ਡੇਰਾ ਕਰ ਲਿਆ। ਲੰਗਰ ਲੱਗ ਗਏ ਤੇ ਕੀਰਤਨ ਹੋਣੇ ਸ਼ੁਰੂ ਹੋਏ। ਇਸ ਪਹਾੜੀਆਂ ਦੇ ਬੁੱਤ-ਪ੍ਰਸਤ ਦੇਸ ਵਿਚ 'ਨਿਰੰਕਾਰੀ' ਨਾਮ ਦਾ ਛੱਟਾ ਬਲਦੀ ਤੇ ਜਲ ਵਾਂਗ ਸੀ। ਕੰਡਾਂ ਭੀ ਪਈਆਂ ਤੇ ਧੂੰ ਭੀ ਉੱਠੇ। ਵਿਰਲੇ ਵਿਰਲੇ ਵਡਭਾਗੀਆਂ ਨੂੰ ਸਮਝ ਆਈ, ਪਰ ਬਾਹਲੇ ਸਦੀਆਂ ਦੀ ਖ਼ਾਨਦਾਨੀ ਮਨ-ਮੱਤ ਦੇ ਵੱਸ ਹੋਏ, ਨਿਰੰਕਾਰ ਜੀ ਦੀ ਮਹਿਮਾ ਨੂੰ ਨਾ ਸਮਝ ਸੱਕਣ। ਪਰ ਇਕ ਦਿਨ ਅਜੇਹਾ ਸਾਕਾ ਹੋਇਆ ਕਿ ਜਿਸ ਨੇ ਸਾਰਿਆਂ ਦੇ ਸਾਹਮਣੇ ਉਹਨਾਂ ਦੇ ਨਿਰੰਕਾਰ ਨੂੰ ਛੱਡ ਪੱਥਰ-ਪੂਜਾ ਕਰਨ ਦੀ ਭੁੱਲ ਦਾ ਖ਼ੂਬ ਨਿਰਨਜ ਕਰ ਦਿਤਾ।

ਜਦ ਲੋਕ ਢਾਣਿਆਂ ਦੇ ਢਾਣੇ ਨੈਣਾਂ ਦੇਵੀ ਦੇ ਟਿੱਬੇ ਤੇ ਚੜ੍ਹ ਦੇਵੀ ਦੇ ਦਰਸ਼ਨ ਕਰ ਮੁੜ ਰਹੇ ਸਨ, ਤਾਂ ਸਤਿਗੁਰਾਂ

ਦਾ ਇਕ ਸੁਜਾਨ ਸਿਖ ਭਾਈ ਭੈਰੋ ਭੀ ਯਾਤਰੂਆਂ ਨਾਲ ਮੰਦਰ ਵਿਚ ਚਲਾ ਗਿਆ ਅਤੇ *ਮੰਦਰ ਦੇ ਅੰਦਰ ਵੜ ਦੇਵੀ ਦੇ ਬੁੱਤ ਦਾ ਨੱਕ ਤੋੜ ਦਿੱਤਾ ਅਤੇ ਪਹਾੜੀਏ ਰੌਲਾ ਹੀ ਪਾਉਂਦੇ ਰਹੇ ਤੇ ਭੈਰੋ ਸਾਹਿਬ ਰਵਾਂ ਰਵੀਂ ਆਪਣੇ ਡੇਰੇ ਆ ਗਏ। ਜਾਂ ਇਸ ਗੱਲ ਤੇ ਭਾਰੀ ਰਾਮ-ਰੌਲਾ ਪੈ ਗਿਆ, ਤਾਂ ਪਹਾੜੀ ਰਾਜਿਆਂ ਨੇ ਸਤਿਗੁਰਾਂ ਕੋਲ ਸ਼ਕਾਇਤ ਆਣ ਕੀਤੀ। ਸਤਿਗੁਰਾਂ ਨੇ ਪੁੱਛਿਆ, "ਤੁਸੀਂ ਸੰਗਤ ਵਿਚੋਂ ਪਛਾਣੋ ਕਿ ਕਿਸ ਨੇ ਇਹ ਕੰਮ ਕੀਤਾ।" ਤਾਂ ਪੁਜਾਰੀ ਨੇ ਭਾਈ ਭੈਰੋ ਜੀ ਨੂੰ ਪਛਾਣ ਲਿਆ। ਭਾਈ ਭੈਰੋ ਨੇ ਰਾਜਿਆਂ ਨੂੰ, ਜੋ ਬੜੇ ਗੁੱਸੇ ਵਿਚ ਆ ਰਹੇ ਸਨ ਕਿਹਾ, "ਤੁਸੀਂ ਰਾਜ ਪੁਤ੍ਰ ਹੋ। ਨਿਆਂ ਕਰਨਾ ਤੁਹਾਡਾ ਰੋਜ਼ ਦਾ ਕੰਮ ਹੈ। ਜੇ ਮੈਂ ਬੁੱਤ ਦਾ ਨੱਕ ਭੰਨਿਆ ਹੈ, ਤਾਂ ਮੈਂ ਮੁਲਜ਼ਮ ਹਾਂ ਤੇ ਦੇਵੀ ਮੇਰੀ ਮੁਦਈ ਹੈ। ਪੁਜਾਰੀ ਤਾਂ ਨਿਰਾ ਗਵਾਹ ਹੀ ਹੈ। ਤੁਸੀਂ ਕੈਦੇ ਅਨੁਸਾਰ ਪਹਿਲੋਂ ਮੁਦਈ ਦਾ ਬਿਆਨ ਲਓ ਤੇ ਉਸ ਨੂੰ ਪੁੱਛੋ ਕਿ ਉਸ ਨੂੰ ਮੈਂ ਨੁਕਸਾਨ ਪੁਚਾਇਆ ਹੈ ਕਿ ਕਿਸੇ ਹੋਰ ਨੇ।" ਭਾਈ ਭੈਰੋ ਜੀ ਦੀ ਇਹ ਗੱਲ ਸੁਣ ਕੇ ਪਹਾੜੀਆਂ ਕਿਹਾ, "ਤੂੰ ਵੀ ਕੋਈ ਝੱਲਾ ਹੀ

---

*ਦੇਵੀ ਦੇ ਇਸ ਮੰਦਰ ਵਿਚ ਭੀ ਆਮ ਹਿੰਦੂ ਮੰਦਰਾਂ ਵਾਂਗ ਅੰਦਰ ਲੰਘਣ ਦੀ ਬਹੁਤ ਥੋੜੀ ਜਿਹੀ ਥਾਂ ਹੈ ਅਤੇ ਆਮ ਤੌਰ ਤੇ ਇਕੱਲਾ ਪੁਜਾਰੀ ਹੀ ਅੰਦਰ ਰਹਿੰਦਾ ਹੈ ਤੇ ਸ਼ਰਧਾਲੂ ਬਾਹਰੋਂ ਹੀ ਮੱਥਾ ਟੇਕਦੇ ਹਨ, ਜਿਸ ਕਰਕੇ ਇਕੱਲੇ ਆਦਮੀ ਦਾ ਅੰਦਰ ਦਾਖ਼ਲ ਹੋਣਾ ਤੇ ਬੁੱਤ ਨੂੰ ਤੋੜ ਦੇਣਾ ਕੋਈ ਬੜੀ ਗੱਲ ਨਹੀਂ। ਸਾਡੇ ਆਪਣੇ ਦੇਖਣ ਵਿਚ ਭੀ ਇਸ ਮੰਦਰ ਵਿਚ ਇਕ ਦੋ ਵਾਕੇ ਹੋਏ ਹਨ।

ਜਾਪਦਾ ਹੈਂ। †ਮੂਰਖਾ, ਦੇਵੀ ਕਿਸ ਤਰ੍ਹਾਂ ਬੋਲ ਸਕਦੀ ਹੈ?" ਤਾਂ ਭਾਈ ਭੈਰੋ ਜੀ ਨੇ ਹੱਸ ਕੇ ਕਿਹਾ, "ਪਤਾ ਲੱਗ ਗਿਆ ਹੈ। ਮੂਰਖ ਮੈਂ ਹਾਂ ਕਿ ਤੁਸੀਂ ? ਭਲਾ ਜੇ ਦੇਵੀ ਆਪਣੇ ਨੱਕ ਤੋੜਨ ਵਾਲੇ ਨੂੰ ਮਨ੍ਹਾ ਨਹੀਂ ਕਰ ਸਕਦੀ ਤੇ ਨਾ ਹੀ ਹਕੂਮਤ ਦੇ ਸਾਹਮਣੇ ਉਸ ਦੀ ਫਰਿਆਦ ਕਰ ਉਸ ਨੂੰ ਸਜ਼ਾ ਦੁਆ ਸਕਦੀ ਹੈ, ਤਾਂ ਤੁਹਾਡਾ ਕੀ ਬਣਾ ਸਕੇਗੀ? ਤੁਸੀਂ ਜੋ ਨਿਰੰਕਾਰ ਜੋਤੀ-ਸਰੂਪ ਨੂੰ, ਜਿਸ ਦੇ ਇਕ ਇਸ਼ਾਰੇ ਨਾਲ ਅਨੰਤ ਬ੍ਰਹਮੰਡ ਵੱਸ ਤੇ ਉੱਜੜ ਸਕਦੇ ਹਨ, ਛੱਡ ਕੇ ਇਕ ਪੱਥਰ ਦੀ ਖਣਵਾਰੇ ਦੀ ਘੜੀ ਹੋਈ ਮੂਰਤੀ ਨੂੰ ਕਲਿਆਣ-ਦਾਤਾ ਸਮਝੀ ਬੈਠੇ ਹੋ, ਤੁਹਾਡਾ ਕੀ ਬਣੇਗਾ।" ਭਾਈ ਸਾਹਿਬ ਦੇ ਇਹਨਾਂ

---

†ਦਬਿਸਤਾਨੇ ਮਜ਼ਾਹਿਬ ਵਿਚ ਮੋਹਸਨਫਾਨੀ ਨੇ ਇਉਂ ਲਿਖਿਆ ਹੈ, "ਬਰ ਬਾਲਾਏ ਕਿਲਏ ਕੋਹ ਪੈਕਰ ਦੇਵੀ ਕਿ ਮੌਸੂਮ ਅਸਤ ਬਾ ਨੈਨਾ ਦੇਵੀ ਸਾਖਤਾ ਅੰਦ ਵਾ ਰਾਜਗਾਂ ਵਾ ਦੀਗਰਾਂ ਅਜ਼ ਅਤਰਾਫ ਬਦਾਂ ਮੁਕਾਮ ਰਫਤਾ ਮੁਰਾਸਮੇ ਜ਼ਿਆਰਤ ਬਜਾ ਮੀ ਆਵੁਰਦੰਦ ਗੁਰੂ ਬਾ ਆਂਜਾ ਸ਼ੁਦ ਭੈਰੋ ਨਾਮੀ ਅਜ਼ ਸਿੱਖਾਂ ਬਾ ਬੁੱਤਖਾਨਾ ਰਫਤਾ ਬੀਨੀਏ ਦੇਵੀ ਰਾ ਬਿਸ਼ਕਸਤ।"

"ਉਹਨਾਂ ਕਿਲ੍ਹੇ ਬੰਦ ਪਹਾੜ ਦੀ ਟੀਸੀ ਤੇ ਨੈਨਾਂ ਦੇਵੀ ਨਾਮ ਦੀ ਦੇਵੀ ਕਾਇਮ ਕੀਤੀ ਹੋਈ ਅਤੇ ਰਾਜੇ ਤੇ ਦੂਸਰੇ ਲੋਕ ਕਈ ਤਰਫਾਂ ਤੋਂ ਉਸ ਥਾਂ ਤੇ ਜ਼ਿਆਰਤ ਕਰਨ ਲਈ ਆਉਂਦੇ ਹਨ। ਜਦ ਗੁਰੂ ਓਥੇ ਪਹੁੰਚਿਆ ਤਾਂ ਉਸ ਦੇ ਸਿਖਾਂ ਵਿਚੋਂ ਇਕ ਭੈਰੋ ਨਾਮੀ ਬੁੱਤ ਖਾਨੇ ਵਿਚ ਚਲਾ ਗਿਆ ਅਤੇ ਉਸ ਨੇ ਦੇਵੀ ਦਾ ਨੱਕ ਤੋੜ ਦਿਤਾ।"

ਇਸ ਤੋਂ ਅਗਾਂਹ ਭੀ ਸਾਰੀ ਕਥਾ ਰਾਜਿਆਂ ਦੀ ਸ਼ਕਾਇਤ ਦੀ ਭਾਈ ਸਾਹਿਬ ਦੇ ਪਛਾਣੇ ਜਾਣ ਦੀ ਤੇ ਉਹਨਾਂ ਦੇ ਸੁਆਲ ਜੁਆਬ ਦੀ ਭੀ ਵਿਸਥਾਰ ਨਾਲ ਦਿਤੀ ਹੈ।

ਬਚਨਾਂ ਨਾਲ ਬਹੁਤ ਸਾਰੇ ਬੁੱਤ-ਪੂਜਾਂ ਦਾ ਭਲਾ ਹੋਇਆ ਤੇ ਉਹ ਸੱਚ ਈਸ਼੍ਵਰ ਦੇ ਪੁਜਾਰੀ ਬਣ ਗਏ।

## ਸਿਦਕ ਮੁਨਾਰੇ

ਭਾਵੇਂ ਹਰ ਜਗ੍ਹਾ ਹੀ, ਜਿਥੇ ਸਤਿਗੁਰੂ ਜੀ ਠਹਿਰਦੇ ਸਨ, ਨਾਮ-ਬਾਣੀ ਦੇ ਪ੍ਰਵਾਹ ਚਲਦੇ ਅਤੇ ਸਿੱਖੀ ਮਰਯਾਦਾ ਅਨੁਸਾਰ ਸਿਦਕ ਦੀਆਂ ਘਾਲਾਂ ਘਾਲੀ ਦੀਆਂ ਰਹਿੰਦੀਆਂ ਸਨ, ਪਰ ਕੀਰਤ ਪੁਰ ਨਿਵਾਸ ਸਮੇਂ ਆਲਾ ਦੁਆਲਾ ਬੁਤ-ਪੂਜਾਂ ਦਾ ਹੋਣ ਕਰ ਕੇ ਗੁਰਮਤ ਪ੍ਰਚਾਰ ਹਿਤ ਵਧੇਰੇ ਉੱਦਮ ਕਰਨਾ ਪੈਂਦਾ ਸੀ, ਜਿਸ ਕਰ ਕੇ ਸਤਿਗੁਰਾਂ ਨੇ ਖਾਸ ਤੌਰ ਤੇ ਨਾਮੀ ਨਾਮੀ ਕਰਨੀ ਵਾਲੇ ਸਿੱਖ ਕੋਲ ਟਿਕਾ ਰੱਖੇ ਸਨ, ਤਾਕਿ ਉਹਨਾਂ ਦੇ ਜੀਵਨ ਤੇ ਕਰਨੀ ਤੋਂ ਇਸ ਦੇਸ ਦੇ ਪਖਾਨ ਪੂਜਾ ਨੂੰ ਭੀ ਗੁਰਮਤ ਦੀ ਛੋਹ ਲੱਗ ਸਕੇ। ਇਸ ਕਰ ਕੇ ਨਿਤ-ਨਵੇਂ ਦਿਨ ਸਿਖੀ ਸਿਦਕ ਦੇ ਚਮਤਕਾਰ ਵੇਖਣ ਵਿਚ ਆਉਂਦੇ ਰਹਿੰਦੇ ਸਨ। ਇਕ ਦਿਨ ਸਤਿਗੁਰਾਂ ਨੇ ਆਪਣੇ ਸਿਦਕੀ ਭਾਈ ਜਵੰਦੇ ਨੂੰ ਹੁਕਮ ਦਿੱਤਾ, "ਅਸੀਂ ਬਾਗ਼ ਵਿਚ ਸੈਰ ਕਰਨ ਲਈ ਜਾ ਰਹੇ ਹਾਂ। ਥੋੜ੍ਹਾ ਚਿਰ ਫੁਲਵਾੜੀ ਵਿਚ ਬੈਠ ਨਿਜ ਅਨੰਦ ਲੈਣ ਦਾ ਵਿਚਾਰ ਹੈ। ਤੁਸੀਂ ਦਰਵਾਜ਼ੇ ਤੇ ਖੜੋਵੋ ਤੇ ਕਿਸੇ ਨੂੰ ਅੰਦਰ ਨਾ ਆਉਣ ਦਿਓ।"

ਸਤਿਗੁਰੂ ਜੀ ਤਾਂ ਥੋੜ੍ਹਾ ਸਮਾਂ ਬਾਗ਼ ਵਿਚ ਬਿਤਾ ਦੂਸਰੇ ਰਸਤੇ ਥਾਣੀਂ ਡੇਰੇ ਚਲੇ ਗਏ, ਪਰ ਭਾਈ ਜਵੰਦਾ ਜੀ ਪ੍ਰੇਮ ਸਮਾਧੀ ਵਿਚ ਤਿੰਨ ਦਿਨ ਤੇ ਤਿੰਨ ਰਾਤਾਂ ਉੱਥੇ ਹੀ ਖੜੋਤੇ ਰਹੇ, ਅਤੇ ਜਦ ਸਤਿਗੁਰਾਂ ਨੂੰ ਆਪਣੇ ਮਸਤਾਨੇ ਦੀ

ਖ਼ਬਰ ਮਿਲੀ, ਤਾਂ ਉਹਨਾਂ ਨੇ ਆਪ ਬਾਗ਼ ਦੇ ਬੂਹੇ ਤੇ ਪੁੱਜ ਭਾਈ ਜਵੰਦੇ ਨੂੰ ਗਲਵੱਕੜੀ ਪਾ ਨਾਲ ਲਿਆਂਦਾ ਤੇ ਖੁਸ਼ੀਆਂ ਦਿੱਤੀਆਂ। ਇਸੇ ਤਰ੍ਹਾਂ ਹੀ ਇਕ ਸਿਦਕੀ ਭਾਈ ਝੰਡਾ ਨਾਮੀ ਸਨ। ਇਕ ਵੇਰ ਸਤਿਗੁਰਾਂ ਨੇ ਉਹਨਾਂ ਨੂੰ ਹੁਕਮ ਦਿੱਤਾ, "ਤੁਸੀਂ ਸੰਗਤ ਵਿਚ ਕਹਿ ਦਿਓ ਕਿ ਜੋ ਸਿੱਖ ਲੰਗਰ ਵਿਚ ਬਾਲਣ ਲਿਆ ਕੇ ਪਾਵੇਗਾ, ਉਹ ਨਿਹਾਲ ਹੋਵੇਗਾ।" ਭਾਈ ਝੰਡਾ ਜੀ ਭਾਵੇਂ ਜੱਥੇਦਾਰਾਂ ਵਿਚੋਂ ਸਨ, ਪਰ ਫਿਰ ਭੀ ਸਤਿਗੁਰਾਂ ਦਾ ਹੁਕਮ ਸੁਣਦੇ ਹੀ ਬਿਨਾਂ ਕਿਸ ਨੂੰ ਪੁੱਛੇ ਕਿਹਾਂ ਜੰਗਲ ਵਿਚ ਬਾਲਣ ਲੈਣ ਚਲੇ ਗਏ ਅਤੇ ਬਾਲਣ ਚੁਣਨ ਵਿਚ ਐਸਾ ਮਸਤ ਹੋਏ ਕਿ ਸਾਰਾ ਦਿਨ ਤੇ ਰਾਤ ਹੀ ਜੰਗਲ ਵਿਚ ਗੁਜ਼ਾਰ ਦਿੱਤੀ। ਜਾਂ ਅਗਲੇ ਦਿਨ ਬਾਲਣ ਦਾ ਤਕੜਾ ਭਾਰ ਚੁੱਕੀ ਡੇਰੇ ਆਏ, ਤਾਂ ਸਤਿਗੁਰਾਂ ਨੇ ਫਰਮਾਇਆ—"ਅਸਾਂ ਤੁਹਾਨੂੰ ਤੇ ਬਾਲਣ ਲਿਆਉਣ ਲਈ ਨਹੀਂ ਸੀ ਕਿਹਾ। ਤੁਸੀਂ ਤੇ ਜੱਥੇਦਾਰ ਹੋ।" ਝੰਡੇ ਬੇਨਤੀ ਕੀਤੀ, "ਹਜ਼ੂਰ ਨੇ ਫਰਮਾਇਆ ਸੀ ਕਿ ਕੋਈ ਸਿੱਖ ਬਾਲਣ ਲਿਆਵੇ ਤੇ ਮੈਂ ਭੀ ਇਕ ਅਦਨਾ ਜਿਹਾ ਸਿਖ ਹੀ ਹਾਂ।" ਮਹਾਰਾਜ ਝੰਡੇ ਦਾ ਸਿਦਕ ਦੇਖ ਬੜੇ ਪ੍ਰਸੰਨ ਹੋਏ।

ਇਕ ਦਿਨ ਚੂਹੜ ਨਾਮੇ ਗੁਰਮੁਖ ਨੂੰ, ਜੋ ਸੌ ਸੁਆਰ ਦਾ ਸਰਦਾਰ ਸੀ, ਸਤਿਗੁਰਾਂ ਫਰਮਾਇਆ—"ਲੰਗਰ ਦੀ ਕੰਧ ਬਣਾਉਣ ਲਈ ਪੱਥਰ ਚਾਹੀਦੇ ਹਨ। ਕਿਸੇ ਸਿੱਖ ਨੂੰ ਕਹੋ, ਉਹ ਨਦੀ ਵਿਚੋਂ ਲਿਆ ਲਿਆ ਇਕੱਠਾ ਕਰੇ।" ਚੁਨਾਂਚਿ ਭਾਈ ਚੂਹੜ ਆਪ ਹੀ ਪੱਥਰ ਲਿਆਉਣ ਵਿਚ ਜੁੱਟ ਪਏ। ਜਾਂ ਉਹਨਾਂ ਨੂੰ ਪੰਜ ਦਿਨ ਪੱਥਰ ਲਿਆਉਂਦਿਆਂ

ਗੁਜ਼ਰ ਗਏ, ਤਦ ਸਤਿਗੁਰਾਂ ਪ੍ਰਸੰਨ ਹੋ ਜੱਫੀ ਵਿਚ ਲੈ ਫਰਮਾਇਆ–"ਭਾਈ ਚੂਹੜ, ਤੁਸੀਂ ਜੱਥੇਦਾਰ ਹੋ! ਤੁਹਾਨੂੰ ਤੇ ਕਿਹਾ ਸੀ ਕਿ ਕਿਸੇ ਸਿੱਖ ਨੂੰ ਪੱਥਰ ਢੋਣ ਤੇ ਲਾਓ। ਤੁਸੀਂ ਆਪ ਹੀ ਲੱਗ ਪਏ।" ਤਦ ਭਾਈ ਚੂਹੜ ਨੇ ਕਿਹਾ, "ਸੱਚੇ ਪਾਤਸ਼ਾਹੋ, ਜੇ ਆਪ ਨੇ ਮੈਨੂੰ ਮੁਖੀ ਥਾਪਿਆ ਹੈ, ਤਾਂ ਲੰਗਰ ਦੀ ਦੀਵਾਰ ਦੀ ਸੇਵਾ ਭੀ ਤਾਂ ਮੁਖ ਸੇਵਾ ਹੈ। ਉਹ ਮੈਨੂੰ ਹੀ ਕਰਨੀ ਬਣ ਆਉਂਦੀ ਸੀ। ਹੋਰ ਕਿਸੇ ਨੂੰ ਕਿਸ ਤਰ੍ਹਾਂ ਆਂਹਦਾ?" ਇਸੇ ਤਰ੍ਹਾਂ ਹੀ ਇਕ ਦਿਨ ਸਤਿਗੁਰਾਂ ਭਾਈ ਕੁਸ਼ਾਲੀ ਸਿਖ ਨੂੰ ਹੁਕਮ ਦਿੱਤਾ, "ਸੰਗਤ ਲਈ ਛੱਪਰ ਬਣਾਨੇ ਹਨ। ਕਿਸੇ ਸਿੱਖ ਨੂੰ ਕਹੋ, ਸਰ ਵੱਢ ਲਿਆਵੇ।" ਭਾਈ ਕੁਸ਼ਾਲੀ ਜੀ ਭੀ ਬਗ਼ੈਰ ਕਿਸੇ ਨੂੰ ਕਹਿਣ ਤੋਂ ਆਪ ਨਦੀ ਤੇ ਜਾ ਕੇ ਸਰ ਵੱਢਣ ਲੱਗ ਪਏ। ਉਹ ਅਮੀਰ ਘਰਾਣੇ ਦੇ ਸਨ ਤੇ ਇਹੋ ਜਿਹਾ ਕੰਮ ਪਹਿਲਾਂ ਕਦੀ ਨਹੀਂ ਸੀ ਕੀਤਾ, ਜਿਸ ਕਰ ਕੇ ਹੱਥਾਂ ਵਿਚ ਚੀਰ ਆ ਜਾਣ ਕਰ ਕੇ ਲਹੂ ਵਗਣ ਲੱਗ ਪਿਆ। ਸਤਿਗੁਰਾਂ ਨੇ ਭਾਈ ਕੁਸ਼ਾਲੀ ਦੀ ਘਾਲ ਤੱਕ, ਪ੍ਰਸੰਨ ਹੋ, ਉਸ ਨੂੰ ਖ਼ੁਸ਼ੀਆਂ ਬਖ਼ਸ਼ੀਆਂ।

ਗੁਰ-ਸਿੱਖਾਂ ਦੀਆਂ ਅਜੇਹੀਆਂ ਉੱਚੀਆਂ ਕਰਨੀਆਂ, ਸੁੱਚੀਆਂ ਰਹਿਣੀਆਂ ਤੇ ਸੱਚੀਆਂ ਕਹਿਣੀਆਂ ਨੇ ਪਹਾੜੀ ਲੋਕਾਂ ਤੇ ਬੜਾ ਪ੍ਰਭਾਵ ਪਾਇਆ। ਦਿਨ ਰਾਤ ਸੈਂਕੜੇ ਹੀ ਲੋਕ ਚੌਹਾਂ ਪਾਸਿਆਂ ਤੋਂ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਤੇ ਨਾਮਦਾਨ ਪ੍ਰਾਪਤ ਕਰ ਜਨਮ ਸਫਲਾ ਕਰਨ ਲੱਗੇ। ਸਤਿਗੁਰਾਂ ਨੇ ਪੂਰਾ ਚੁਮਾਸਾ ਕੀਰਤ ਪੁਰ ਵਿਚ ਗੁਜ਼ਾਰਿਆ ਸੀ। ਜਾਂ ਏਨੇ ਵਿਚ ਕਰਤਾਰ ਪੁਰ ਤੋਂ ਸਾਹਿਬਜ਼ਾਦੇ ਤੇਗ਼ ਬਹਾਦਰ ਦੇ

ਵਿਆਹ ਦੀ ਤਿਆਰੀ ਦੀ ਖ਼ਬਰ ਆ ਗਈ ਅਤੇ ਸਤਿਗੁਰੂ ਜੀ, ਟਿੱਕਾ ਗੁਰਦਿੱਤਾ ਜੀ, ਸੂਰਜ ਮੱਲ ਅਤੇ ਹੋਰ ਵਹੀਰ ਨੂੰ ਨਾਲ ਲੈ *ਕਰਤਾਰ ਪੁਰ ਸਾਹਿਬ ਆ ਗਏ।

---

*ਗੁ: ਪ੍ਰ: ਸੂ: ਗ੍ਰੰ: ਤੇ ਮੈਕਾਲਫ ਨੇ ਗੁਰੂ ਜੀ ਦਾ ਕਾਂਗੜੇ ਤੋਂ ਸਿਧਾ ਕਰਤਾਰਪੁਰ ਆਉਣਾ ਲਿਖਿਆ ਹੈ। ਪਰ ਤਵਾਰੀਖ ਖ਼ਾਲਸਾ ਅਤੇ ਇਤਿਹਾਸ ਗੁਰੂ ਖਾਲਸਾ (ਹਿੰਦੀ) ਕੀਰਤਪੁਰ ਤੋਂ ਹੋ ਕੇ ਕਰਤਾਰਪੁਰ ਆਉਣਾ ਮੰਨਦੇ ਹਨ। ਅਸਾਂ ਇਹਨਾਂ ਪਿਛਲੇ ਲਿਖਾਰੀਆਂ ਦੀ ਲਿਖਤ ਪ੍ਰਮਾਣ ਕੀਤੀ ਹੈ, ਕਿਉਂਕਿ ਕਾਂਗੜੇ ਤੋਂ ਯੁੱਧ ਜਿਤਦਿਆਂ ਹੀ ਸਿਧੇ ਕਰਤਾਰਪਰ ਸਾਹਿਬ ਆ ਜਾਣਾ ਉਸ ਸਮੇਂ ਦੇ ਹਾਲਾਤ ਅਨੁਸਾਰ ਜਚਦਾ ਨਹੀਂ। ਕਿਉਂਕਿ ਜਦ ਸਤਿਗੁਰਾਂ ਨੇ ਹਕੂਮਤ ਦੀ ਨੀਯਤ ਫਿਰੀ ਹੋਈ ਦੇਖ ਸ੍ਰੀ ਅੰਮ੍ਰਿਤਸਰ ਸਾਹਿਬ ਇਸ ਖ਼ਿਆਲ ਨਾਲ ਕਿ ਇਹ ਯੁੱਧ ਭੂਮ ਨਾ ਬਣੇ, ਛੱਡ ਦਿਤਾ, ਅਤੇ ਮਾਲਵੇ ਵਿਚ ਜਾ ਡੇਰਾ ਲਗਾਇਆ ਅਤੇ ਓਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਪ੍ਰਵਾਰ ਨੂੰ ਕਰਤਾਰਪੁਰ ਮਹਿਫੂਜ਼ ਜਗ੍ਹਾ ਸੋਚ ਕੇ ਤੋਰ ਦਿਤਾ, ਤਾਂ ਫੇਰ ਯੁੱਧ ਜਿਤਦਿਆਂ ਸਾਰ ਹੀ ਸਤਿਗੁਰਾਂ ਦਾ ਕਰਤਾਰਪੁਰ, ਜੇਹੜਾ ਕਿ ਲਾਹੌਰ ਦੇ ਨਜ਼ਦੀਕ ਤੇ ਜਲੰਧਰ ਦੇ ਪਾਸ ਸੀ, ਚਲੇ ਆਉਣਾ ਨੀਤੀ ਅਨਕੂਲ ਨਹੀਂ ਜਾਪਦਾ। ਹਾਂ ਜਿਹਾ ਕਿ ਅਸਾਂ ਲਿਖਿਆ ਹੈ ਕੀਰਤਪੁਰ ਸਾਹਿਬ ਜਾਣਾ ਤੇ ਚਮਾਸਾ ਓਥੇ ਕੱਟਣਾ ਤੇ ਇਸ ਤਰ੍ਹਾਂ ਕੋਈ ਸੋਲ੍ਹਾਂ ਮਹੀਨੇ ਬਿਤਾ ਕੇ ਕਰਤਾਰਪੁਰ ਆਉਣਾ ਜ਼ਿਆਦਾ ਜੱਚਦਾ ਹੈ ਅਤੇ ਨਾਲੇ ਕਾਂਗੜੇ ਦਾ ਯੁੱਧ ਜਿਤਦਿਆਂ ੧੬ ਮੱਘਰ ਸੰ: ਸੰ: ੧੬੮੮ ਨੂੰ ਅਤੇ ਗੁਰੂ ਤੇਗ ਬਹਾਦਰ ਦਾ ਵਿਆਹ ਹੁੰਦਾ ਹੈ ਫੱਗਨ ੧੬੮੮ ਨੂੰ। ਸੋ ਇਸ ਤਰ੍ਹਾਂ ਇਹ ਸਾਰਾ ਸਮਾਂ ਤਾਂ ਸਤਿਗੁਰਾਂ ਦਾ ਕਰਤਾਰਪੁਰ ਸਹਿਬ ਟਿਕੇ ਰਹਿਣਾ ਤਾਂ ਸਬੂਤ ਨਹੀ ਹੁੰਦਾ। ਹਾਂ ਇਹ ਤਾਰੀਖਾਂ ਕੀਰਤਪੁਰ ਸਾਹਿਬ ਚਲੇ ਜਾਣ ਤੇ ਉਥੇ ਚਤਰ ਮਾਸਾ ਗੁਜ਼ਾਰ ਕਰਤਾਰਪੁਰ ਸਾਹਿਬ ਮੁੜ ਆਉਣ ਨਾਲ ਲਗਾ ਪਗ ਠੀਕ ਆ ਜਾਂਦੀਆਂ ਹਨ।

# ਬਦੀ ਦਾ ਓੜਕ ਤੇ ਨੇਕੀ ਦੀ ਅਹੁਦੀ

ਸਤਿਗੁਰੂ ਹੁਣ ਸ੍ਰੀ ਕਰਤਾਰ ਪੁਰ ਆਣ ਟਿਕੇ ਅਤੇ ੯ ਫੱਗਣ ਸੰ: ੧੬੮੯ ਨੂੰ ਸਾਹਿਬਜ਼ਾਦੇ ਤੇਗ ਬਹਾਦਰ ਦਾ ਵਿਆਹ ਭਾਈ ਲਾਲ ਚੰਦ ਅਤੇ ਬਿਸ਼ਨਕੌਰ ਜੀ ਦੀ ਪੁਤ੍ਰੀ ਸ੍ਰੀ ਗੁਜਰੀ ਜੀ ਨਾਲ ਹੋਇਆ। ਇਸ ਵਿਆਹ ਸਮਾਗਮ ਅਤੇ ਸਤਿਗੁਰਾਂ ਅਤੇ ਹੋਰ ਸਾਰੇ ਪ੍ਰਵਾਰ ਦੇ ਕਰਤਾਰ ਪੁਰ ਆਣ ਟਿਕਣ ਨਾਲ ਇਥੋਂ ਦੀਆਂ ਰੌਣਕਾਂ ਬਹੁਤ ਵਧ ਗਈਆਂ। ਦੂਰ ਦੂਰ ਤੋਂ ਸੰਗਤਾਂ ਜੁੜਨ ਲਗ ਪਈਆਂ ਅਤੇ ਭਾਰੀ ਦੀਵਾਨ ਜੁੜਨ ਲਗ ਪਏ। ਇਹਨਾਂ ਦਿਨਾਂ ਵਿਚ ਹੀ ਗੁਰੂ ਕਾ ਇਕ ਸਿਦਕੀ, ਜਿਹੜਾ ਮਹਾਰਾਜ ਦੇ ਘੋੜੇ ਦੀ ਸੇਵਾ ਤੇ ਰਹਿੰਦਾ ਸੀ ਅਤੇ ਸਤਿਗੁਰਾਂ ਦੇ ਦਰਸ਼ਨ ਪਾ ਸਦਾ ਹੀ ਪ੍ਰਸੰਨ ਰਹਿੰਦਾ ਸੀ—"ਸ੍ਰੀ ਹਰਗੋਬਿੰਦ ਮੁਖ ਕੋ ਹੇਰੇ।

ਹਸੇ ਅਧਿਕ ਹੋ ਖੁਸ਼ੀ ਘਨੇਰੇ।
ਬੈਠਤ ਚਲਤ ਸੰਮੁਖ ਜਬ ਹੋਇ।
ਹਸੇ ਬਦਨ ਤੇ ਹਰਖਤ ਸੋਇ।"

ਸਤਿਗੁਰਾਂ ਨੂੰ ਪ੍ਰਵਾਨ ਹੋਇਆ। ਇਸ ਦਾ ਨਾਮ ਬਾਲੂ ਸੀ। ਸਤਿਗੁਰਾਂ ਫਰਮਾਇਆ, "ਇਸ ਬਾਲੂ ਨੂੰ ਗੁਰੂ ਨਾਨਕ ਦੇ ਘਰੋਂ ਅਨੰਤ ਖੁਸ਼ੀਆਂ ਪ੍ਰਾਪਤ ਹੋਈਆਂ ਹਨ। ਅਸੀਂ ਇਸ ਦਾ ਨਾਮ ਅਜ ਤੋਂ ਬਾਲੂ ਹਸਨਾ ਧਰਦੇ ਹਾਂ।"

"ਧਰਿਓ ਨਾਮ ਤਬ ਗੁਰ ਨਿਜ ਰਸਨਾ।
ਭਇਓ ਆਜ ਤੇ ਬਾਲੂ ਹਸਨਾ।"

ਗੁ: ਪ੍ਰ: ਸ: ਗ: ੮। ਅੰ: ੪।

"ਇਸ ਦਾ ਵੱਡਾ ਪ੍ਰਤਾਪ ਹੋਵੇਗਾ। ਇਸਨੂੰ ਗੁਰੂ ਘਰੋਂ ਖੁਸ਼ੀਆਂ ਮਿਲੀਆਂ ਹਨ। ਇਹ ਅਗਾਂਹ ਵੰਡੇਗਾ।" ਇਤਨਾ ਕਹਿ ਸਤਿਗੁਰਾਂ ਨੇ ਉਸ ਨੂੰ ਥੰਮ ਸਾਹਿਬ ਬੈਠ ਨਾਮ ਜਪਣ ਤੇ ਜਪਾਉਣ ਦੀ ਸੇਵਾ ਸੌਂਪ ਦਿਤੀ।

ਹੁਣ ਵਿਸਾਖੀ ਦਾ ਮੇਲਾ ਆ ਗਿਆ, ਜਿਸ ਕਰ ਕੇ ਸੰਗਤਾਂ ਦੂਰ ਦੂਰ ਤੋਂ ਆਈਆਂ। ਇਸ ਸਮੇਂ ਭਾਈ ਕਾਬਲੀ ਨੰਦ ਕੰਧਾਰੀ ਮਸੰਦ ਨੇ ਗੁਰੂ ਸਾਹਿਬ ਦੀ ਨਜ਼ਰ ਹਿਤ ਬਹੁਮੁਲੇ ਤੋਹਫੇ ਲਿਆਂਦੇ, ਜਿਨ੍ਹਾਂ ਵਿਚ ਇਕ ਚਿੱਟਾ ਬਾਜ, ਇਕ ਕਾਵਾਨੀ ਘੋੜਾ ਅਤੇ ਜ਼ਰੀਦਾਰ ਬਸਤਰ ਭੀ ਹੋਰ ਬੇਅੰਤ ਭੇਟਾ ਦੇ ਨਾਲ ਪੇਸ਼ ਕੀਤੇ। ਸਤਿਗੁਰਾਂ ਨੇ ਬਾਜ਼ ਤਾਂ ਟਿੱਕੇ ਗੁਰਦਿੱਤੇ ਜੀ ਨੂੰ ਦਿਤਾ ਅਤੇ ਉਸ ਦੇ ਨਾਲ ਹੀ ਇਕ ਜੜਾਊ ਮੁੱਠ ਵਾਲੀ ਤਲਵਾਰ, ਜ਼ਰੀਦਾਰ ਪੁਸ਼ਾਕ ਅਤੇ ਕਾਵਾਨੀ ਘੋੜਾ ਪੈਂਦੇ ਖ਼ਾਂ ਨੂੰ ਬਖ਼ਸ਼ਸ਼ ਕੀਤੀ। ਸਤਿਗੁਰਾਂ ਨੂੰ ਇਹ ਪੁਸ਼ਾਕਾਂ ਅਤੇ ਤਲਵਾਰ ਢਾਲ ਇਤਨੀ ਪਿਆਰੀ ਲਗੀ ਕਿ ਉਹਨਾਂ ਪੈਂਦੇ ਖ਼ਾਂ ਨੂੰ ਹੁਕਮ ਦਿਤਾ, "ਸਾਡੀ ਹਜ਼ੂਰੀ ਵਿਚ ਹੀ ਪੁਸ਼ਾਕਾਂ ਪਹਿਣ ਤੇ ਤਲਵਾਰ ਢਾਲ ਸਜਾ ਕੇ ਸਾਨੂੰ ਦਿਖਾਓ। ਜਦ ਹੁਕਮ ਮੰਨ ਪੈਂਦੇ ਖ਼ਾਂ ਨੇ ਪੋਸ਼ਾਕਾਂ ਪਹਿਨ, ਤਲਵਾਰ, ਢਾਲ, ਸਜਾ ਸਤਿਗੁਰ ਨੂੰ ਸਲਾਮ ਕੀਤਾ, ਤਾਂ ਸਤਿਗੁਰਾਂ ਨੂੰ ਇਤਨਾ ਪਸੰਦ ਆਇਆ ਕਿ ਹਜ਼ੂਰ ਨੇ ਫਰਮਾਇਆ, "ਪੈਂਦੇ ਖ਼ਾਂ, ਤੂੰ ਹਮੇਸ਼ਾਂ ਹੀ ਸਾਡੀ ਹਜ਼ੂਰੀ ਵਿਚ ਇਹ ਪੁਸ਼ਾਕ ਪਹਿਨ, ਸ਼ਸਤਰ ਸਜਾ ਅਤੇ ਘੋੜੇ ਤੇ ਸਵਾਰ ਹੋ ਕੇ ਆਇਆ ਕਰ।"

"ਕੋਸ਼ਿਸ਼ ਚੀਰ ਚਾਰ ਅਰ ਚੀਰਾ।

ਦੇ ਕਰ ਭਾਖਿਓ ਪਹਿਰ ਸਰੰਰਾ।
ਪੁਨ ਖੰਡਾ ਲੇ ਹਾਥ ਨਿਹਾਰਾ।
ਪਰਖਿਓ ਆਛਿਓ ਲੋਹ ਕਰਾਰਾ।
ਪਾਨ ਬਾਗ ਪੈਂਦੇ ਖਾਂ ਬੀਰ।
ਸਭ ਪੁਸ਼ਾਕ ਕੋ ਪਹਿਨ ਸਰੀਰ।
ਕਰੀ ਸਲਾਮ ਦੇਖ ਮੁਸਕਾਏ।
ਇਹ ਖੰਡਾ ਲਿਓ ਅੰਗ ਲਗਾਏ।
ਸੋਭਾ ਦੂਣੀ ਚੌਣੀ ਹੋਈ।
ਕੋਸ਼ਿਸ਼ ਅਧਿਕ ਦਰਬ ਲਗ ਜੋਈ।
ਭਏ ਪ੍ਰਸੰਨ ਬਹੁਰ ਸਮਝਾਵੇ।
ਜਬ ਤੂੰ ਹਮਰੇ ਢਿਗ ਚਲ ਆਵੇ।
ਇਹ ਪੋਸ਼ਸ਼ ਤਨ ਪਹਿਰ ਸੋ ਆਵੇ।
ਖੜਗ ਸਿਮਰ ਤਬ ਅੰਗ ਮਜਾਵੇ।"

ਸਤਿਗੁਰਾਂ ਨੇ, ਜੋ ਆਪਣਿਆਂ ਸੂਰਮਿਆਂ ਦੀ ਸ਼ੋਭਾ ਨੂੰ ਦੇਖ ਕੇ ਸਦਾ ਪ੍ਰਸੰਨ ਹੁੰਦੇ ਸਨ ਤੇ ਪੈਂਦੇ ਖ਼ਾਂ ਨੂੰ ਤਾਂ ਹਥੀਂ ਪਾਲਿਆ ਹੋਇਆ ਯਤੀਮ ਬਾਲਕ ਸਮਝ ਕੇ ਬਹੁਤ ਹੀ ਕਿਰਪਾ ਦਾ ਪਾਤਰ ਸਮਝਦੇ ਸਨ। ਇਸ ਸੁੰਦਰ ਪੁਸ਼ਾਕੇ ਨੂੰ ਪਹਿਨਿਆਂ ਹੋਇਆਂ ਦੇਖ ਬਹੁਤ ਹੀ ਪ੍ਰਸੰਨ ਹੋਏ ਤੇ ਇਸ ਪੁਸ਼ਾਕ ਨੂੰ ਦਰਬਾਰੀ ਵਰਦੀ ਹੀ ਕਰਾਰ ਦੇ ਦਿਤਾ। ਅਤੇ ਜਦ ਸਤਿਗੁਰਾਂ ਹਮੇਸ਼ਾਂ ਹੀ ਇਸ ਨੂੰ ਪਹਿਨ ਕੇ ਦਰਬਾਰ ਵਿਚ ਆਉਣ ਦਾ ਹੁਕਮ ਸੁਣਾ ਦਿਤਾ, ਤਾਂ ਪੈਂਦੇ ਖ਼ਾਂ ਨੇ ਹੁਕਮ ਸਿਰ ਮੱਥੇ ਤੇ ਪ੍ਰਵਾਨ ਕੀਤਾ ਅਤੇ ਸਤਿਗੁਰਾਂ ਤੋਂ ਵਿਦਿਆ ਲੈ ਘਰ ਚਲਾ ਗਿਆ।

ਪੈਂਦੇ ਖਾਂ ਇਕ ਯਤੀਮ ਪਠਾਣ ਬੱਚਾ ਸਤਿਗੁਰਾਂ ਨੇ ਪਾਲਿਆ ਸੀ। ਉਸ ਨੇ ਬਚਪਨ ਤਾਂ ਸੰਗਤਾਂ ਵਿਚ ਲੰਘਾਇਆ ਸੀ, ਪਰ ਜਦ ਸਤਿਗੁਰਾਂ ਨੇ ਉਸਦਾ ਵਿਆਹ ਕਰ ਦਿਤਾ, ਤਾਂ ਉਹ ਆਪਣ ਸਹੁਰੇ ਪਿੰਡ ਛੋਟੀ ਪੀਰ ਜਾ ਵਸਿਆ ਸੀ। ਜਿਥ ਉਹ ਪਠਾਣਾਂ ਦੇ ਭਾਈਚਾਰੇ ਵਿਚ ਘਿਰਿਆ ਰਹਿੰਦਾ ਸੀ। ਉਸ ਦੀ ਪਲੇਠੀ ਦੀ ਲੜਕੀ ਹੋਣ ਕਰ ਕੇ ਉਸ ਨੇ ਆਪਣੇ ਜਵਾਈ ਨੂੰ ਭੀ ਪੁਤ੍ਰ ਬਣਾ ਘਰ ਰੱਖਿਆ ਹੋਇਆ ਸੀ।

"ਤਿਸ ਦੇਖ ਰਹੇ ਸੁਖ ਪਾਈ।
ਕਰ ਰਾਖਿਓ ਸਦਨ ਜਆਈ।"

(ਗੁ: ਪ੍ਰ: ਸੂ:)

ਇਹ ਪਠਾਣ ਬੱਚਾ ਆਪਣੇ ਸਹੁਰੇ ਘਰ ਬੜੀ ਅੱਬਰੀ ਜ਼ਿੰਦਗੀ ਬਸਰ ਕਰ ਰਿਹਾ ਸੀ। ਸੱਸ ਪੈਰ ਪੈਰ ਤੇ ਉਸ ਦੇ ਨਾਜ਼ ਉਠਾਉਂਦੀ ਤੇ ਉਹ, ਜੋ ਕੁਝ ਕਹੇ, ਮੰਨਦੀ ਸੀ, ਜਿਸ ਦਾ ਨਤੀਜਾ ਇਹ ਸੀ ਕਿ ਅਸਮਾਨ ਖ਼ਾਨ ਬਹੁਤ ਜ਼ਿਦੀ ਤੇ ਗ਼ੁਸਤਾਖ਼ ਹੋ ਗਿਆ ਸੀ। ਸੋ ਜਿਸ ਵਕਤ ਪੈਂਦੇ ਖ਼ਾਂ ਸਤਿਗੁਰਾਂ ਦੀ ਬਖਸ਼ਸ਼ ਜ਼ਰੀਦਾਰ ਪੁਸ਼ਾਕ ਤੇ ਜੜਾਊ ਮੁੱਠੇ ਵਾਲੀ ਤਲਵਾਰ ਢਾਲ ਲੈ ਘਰ ਪਹੁੰਚਾ, ਤਾਂ ਇਸ ਮੁੰਡੇ ਨੇ ਵੇਖਦਿਆਂ ਹੀ ਕਿਹਾ, "ਇਹ ਚੀਜ਼ਾਂ ਤੇ ਮੈਂ ਲੈਣੀਆਂ ਨੇ।" ਜਾਂ ਪੈਂਦੇ ਖ਼ਾਂ ਨੇ ਦੱਸਿਆ ਕਿ ਇਹ ਵਸਤਾਂ ਆਮ ਬਖਸ਼ਸ਼ ਦੀਆਂ ਚੀਜ਼ਾਂ ਵਾਂਗ ਨਹੀਂ। ਸਗੋਂ ਮੇਰੀ ਦਰਬਾਰੀ ਵਰਦੀ ਹੈ ਤੇ ਹੋਰ ਕਿਸੇ ਨੂੰ ਦਿਤੀਆਂ ਨਹੀਂ ਜਾ ਸਕਦੀਆਂ, ਤਾਂ ਉਹ ਮੁੰਡਾ ਜ਼ਿਦ ਬੰਨ੍ਹ ਬੈਠਾ ਅਤੇ ਬਹੁਤ ਝਗੜਾ ਕਰਨ ਦੇ ਬਾਅਦ ਉਸ ਨੇ ਆਪਣੀ ਸੱਸ ਨੂੰ ਕਹਿ ਦਿਤਾ, "ਮੈਨੂੰ ਚੀਜ਼ਾਂ ਦੇਣ ਤੋਂ

ਇਨਕਾਰ ਕਰਨਾ ਮੇਰਾ ਨਿਰਾਦਰ ਹੈ ਤੇ ਉਹ ਸਿਰਫ ਇਸ ਵਾਸਤੇ ਹੋ ਰਿਹਾ ਹੈ ਕਿ ਮੈਂ ਤੁਹਾਡੇ ਘਰ ਰਹਿੰਦਾ ਹਾਂ। ਸੋ ਮੈਂ ਹੁਣ ਯਾ ਤਾਂ ਮਲੰਗ ਹੋ ਜਾਵਾਂਗਾ ਤੇ ਯਾ ਕੁਝ ਖਾ ਮਰਾਂਗਾ।" ਪੈਂਦੇ ਦੀ ਘਰ ਵਾਲੀ ਜੁਆਈ ਦੀਆਂ ਧਮਕੀਆਂ ਤੋਂ ਡਰ ਗਈ ਅਤੇ ਉਸ ਨੇ ਰੋ ਪਿੱਟ ਪੁਆੜਾ ਪਾ ਪੈਂਦ ਖ਼ਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਵਸਤਾਂ ਆਪਣੇ ਜੁਆਈ ਨੂੰ ਦੇ ਦੇਵੇ। ਭਾਵੇਂ ਪੈਂਦੇ ਖ਼ਾਂ ਜੁਆਈ ਦੀ ਜ਼ਿਦ, ਸੁਆਣੀ ਦੇ ਸਿਰੜ ਤੇ ਸ਼ਰੀਕਾਂ ਦੀ ਸ਼ਹਿ ਕਰ ਕੇ ਚੀਜ਼ਾਂ ਤਾਂ ਅਸਮਾਨ ਨੂੰ ਦੇ ਬੈਠਾ, ਪਰ ਸ਼ਰਮਿੰਦਾ ਹੁੰਦਾ ਗੁਰ ਦਰਬਾਰ ਵਿਚ ਜਾਣ ਦਾ ਹੌਸਲਾ ਨਾ ਕਰੇ। ਇਥੋਂ ਤੱਕ ਕਿ ਪੰਜ ਦਿਨ ਲਗਾਤਾਰ ਗ਼ੈਰ ਹਾਜ਼ਰ ਰਿਹਾ।

ਜਾਂ ਪੈਂਦੇ ਖ਼ਾਂ ਨੂੰ ਲਗਾਤਾਰ ਪੰਜ ਦਿਨ ਦਰਬਾਰ ਵਿਚ ਗੈਰ ਹਾਜ਼ਰ ਹੁੰਦਿਆਂ ਹੋ ਗਏ, ਤਾਂ ਸਤਿਗੁਰਾਂ ਨੇ ਪੁੱਛ ਕੀਤੀ, "ਪੈਂਦੇ ਖ਼ਾਂ ਇਤਨੇ ਦਿਨਾਂ ਤੋਂ ਕਿਥੇ ਹੈ ? ਜਿਸ ਦਿਨ ਦਾ ਉਸ ਨੂੰ ਦਰਬਾਰੀ ਲਿਬਾਸ ਦਿਤਾ ਗਿਆ ਸੀ, ਉਹ ਮੁੜਕੇ ਦਰਬਾਰ ਵਿਚ ਦੇਖਿਆ ਹੀ ਨਹੀਂ। ਪਤਾ ਕਰੋ, ਰਾਜ਼ੀ ਤਾਂ ਹੈ, ਕਿਤੇ ਕਿਸੇ ਤਕਲੀਫ ਵਿਚ ਤੇ ਨਹੀ।"

"ਪੰਚ ਦਿਵਸ ਤਮਸ ਬੀਤ ਗਏ ਜਬ,
ਸਤਿਗੁਰੂ ਬੈਠੇ ਸਭਾ ਲਗਾਏ।
ਪੈਂਦੇ ਖ਼ਾਂ ਕੋ ਸਿਮਰਨ ਕੀਨਸ,
ਕਿਸ ਕਾਰਨ ਤੇ ਇਤ ਨਹੀਂ ਆਏ।
ਪੋਸ਼ਸ਼ ਬਰ ਤੁਰੰਗ ਕੋ ਲੇ ਕਰ,
ਫੇਰ ਨਹੀਂ ਨਿਜ ਬਦਨ ਦਿਖਾਏ।

ਉਰ ਹੰਕਾਰ ਕੇ ਹੈਤੇਯ ਗਿਰਗਾ,
ਲਗੀ ਚੋਟ ਕਿ ਰਹਿਓ ਲਜਾਏ।
ਕਾਰਨ ਘਨੇ ਬਿਚਾਰ ਕਰੇ,
ਇਮ, ਤਬ ਸਤਿਗੁਰੂ ਪਠਾਇਓ ਦਾਸ।
ਸੁਧ ਸਗਰੀ ਨੀਕੈ ਅਬ ਲੀਜੇ,
ਗਮਨੋ ਪੈਂਦੇ ਖ਼ਾਂ ਕੇ ਪਾਸ।"
(ਗੁ: ਪ੍ਰ: ਗ: ੮ ਅੰ. ੧੦)

ਇਧਰ ਤਾਂ ਸਤਿਗੁਰਾਂ ਦਾ ਘੱਲਿਆ ਹੋਇਆ ਦਾਸ ਪੈਂਦੇ ਖ਼ਾਂ ਦੀ ਖ਼ਬਰ ਲੈਣ ਹਿਤ ਛੋਟ ਪੀਰ ਪਿੰਡ ਨੂੰ ਤੁਰ ਗਿਆ, ਤੇ ਓਧਰੋਂ ਟਿੱਕੇ ਗੁਰਦਿਤੇ ਜੀ ਨੇ ਆਣ ਕੇ ਸ ਤਗੁਰਾਂ ਦੀ ਸੇਵਾ ਵਿਚ ਕਿਹਾ, "ਮੈਂ ਅਜ ਸ਼ਿਕਾਰ ਗਿਆ ਹੋਇਆ ਸਾਂ ਕਿ ਜੰਗਲ ਵਿਚ ਪੈਂਦੇ ਖ਼ਾਂ ਦਾ ਜੁਆਈ ਅਸਮਾਨ ਖਾਂ ਭੀ ਸ਼ਿਕਾਰ ਕਰਦਾ ਹੋਇਆ ਮਿਲ ਪਿਆ। ਉਸ ਨੇ ਓਹੀ ਲਿਬਾਸ ਪਹਿਨਿਆਂ ਹੋਇਆਂ ਸੀ, ਜੋ ਹਜ਼ੂਰ ਨੇ ਪੈਂਦੇ ਖ਼ਾਂ ਦੀ ਦਰਬਾਰੀ ਪੁਸ਼ਾਕ ਕਰਾਰ ਦਿਤੀ ਸੀ। ਮੈਂ ਉਸ ਨੂੰ ਪੁਛਿਆ ਭੀ ਕਿ ਤੂੰ ਅਜੇਹਾ ਕਿਉਂ ਕੀਤਾ ਹੈ, ਜੋ ਸੱਚੀ ਸ ਕਾਰ ਦੇ ਹੁਕਮ ਦੇ ਵਿਰੁਧ ਹੈ, ਤਾਂ ਓਹ ਬੜੀ ਗ਼ੁਸਤਾਖ਼ੀ ਨਾਲ ਅਗੋਂ ਬੋਲਿਆ, "ਇਸ ਤੋਂ ਬਿਨਾ ਤੁਹਾਡਾ ਮੈਨੂੰ ਬਖ਼ਸ਼ਿਆ ਹੋਇਆ ਚਿਟਾ ਬਾਜ਼ ਭੀ ਗੁਮ ਹੈ ਤੇ ਮੀਰ ਸ਼ਿਕਾਰ ਦਾ ਖਿਆਲ ਹੈ ਕਿ ਜਨੌਰ ਛੋਟੇ ਮੀਰ ਪਿੰਡ ਨੂੰ ਗਿਆ ਹੈ ਤੇ ਅਸਮਾਨ ਖ਼ਾਂ ਨੇ ਕਬਜ਼ੇ ਵਿਚ ਕਰ ਲਿਆ ਹੈ।"

ਗ਼ਰੀਬ-ਨਿਵਾਜ਼ ਸਾਹਿਬਜ਼ਾਦੇ ਦੀ ਗਲ ਸੁਣ ਖ਼ਾਮੋਸ਼ ਰਹੇ। ਇਤਨੇ ਵਿਚ ਪੈਂਦੇ ਖ਼ਾਂ ਭੀ ਦਾਸ ਦੇ ਨਾਲ ਹਜ਼ੂਰੀ ਵਿਚ

ਆਣ ਪੁੱਜਾ। ਉਹ ਪੈਦਲ ਹੀ ਆਇਆ ਤੇ ਉਸ ਨੇ ਬਸਤਰ ਭੀ ਮੈਲੇ ਜਹੇ ਹੀ ਪਹਿਨੇ ਹੋਏ ਸਨ। ਜਦ ਨਿਮਸਕਾਰ ਕਰ ਆਪਣੀ ਜਗ੍ਹਾ ਤੇ ਬੈਠ ਗਿਆ, ਤਾਂ ਸਤਿਗੁਰਾਂ ਨੇ ਫਰਮਾਇਆ, "ਤੁਹਾਨੂੰ ਹੁਕਮ ਦਿਤਾ ਗਿਆ ਸੀ ਕਿ ਓਹੀ ਜ਼ਰੀ-ਜੜ ਲਿਬਾਸ ਤੇ ਤਲਵਾਰ ਢਾਲ ਸੱਜਾ, ਘੋੜੇ ਤੇ ਚੜ੍ਹ ਕੇ ਦੀਵਾਨ ਵਿਚ ਆਇਆ ਕਰੋ। ਫਿਰ ਹੁਕਮ ਅਦੂਲੀ ਕਿਉਂ ?"

"ਸ੍ਰੀ ਮੁਖ ਬੂਝਿਓ ਪੋਸ਼ਸ਼ ਚੀਰਾ,
ਪਹਿਰ ਭਲੇ ਤਨ ਕਿਉਂ ਨਹਿ ਆਇ।
ਖੜਗ ਸਿਖਰ ਜੁਤ ਚੜ੍ਹਿਓ ਤੁਰੰਗ ਨੈਹ,
ਕਿਮ ਆਇਓ ਅਧ ਹੁਕਮ ਮਿਟਾਇ।
(ਗੁ: ਪ੍ਰ: ਸੂ)

ਪੈਂਦੇ ਖ਼ਾਂ ਦੀ ਸੁਰਤ ਮੋਹ ਵੱਸ ਹੋ ਡਿਗ ਚੁਕੀ ਸੀ। ਚਿਰਾਂ ਦੇ ਪਠਾਣਾਂ ਦੇ ਕੁਸੰਗ ਅਤੇ ਇਸਤ੍ਰੀ ਦੀ ਦਿਤੀ ਹੋਈ ਮਨਮੱਤੀ ਨੇ ਉਸ ਦੇ ਸਿਦਕ ਦੀ ਚਟਾਨ ਨੂੰ ਚੂਰ ਕਰ ਦਿਤਾ ਹੋਇਆ ਸੀ। ਆਪਣੇ ਬਲੀ ਹੋਣ ਦਾ ਅਭਿਮਾਨ ਤੇ ਉਸ ਨੂੰ ਪਹਿਲੇ ਹੀ ਸੀ, ਜਿਹੜਾ ਕਿ ਸੰਗਤ ਵਿਚ ਭੀ ਉਸ ਦੇ ਬਚਨਾਂ ਤੋਂ ਪ੍ਰਗਟ ਹੋ ਚੁਕਾ ਸੀ, ਪਰ ਹੁਣ ਤਾਂ ਬਿਲਕੁਲ ਹੀ ਗਿਰ ਗਿਆ ਤੇ ਜਦੋਂ ਸਤਿਗੁਰਾਂ ਨੇ ਕਿਹਾ, "ਤੂੰ ਪੰਜ ਦਿਨ ਕਿਉਂ ਗ਼ੈਰ ਹਾਜ਼ਰ ਰਿਹਾ ਹੈਂ ? ਤੈਨੂੰ ਕੀ ਭਾਰੀ ਕੰਮ ਪੈ ਗਿਆ ਸੀ ? ਸੱਚ ਸੱਚ ਕਹੋ।" ਤਾਂ ਉਸ ਨੇ ਅਗੋਂ ਸਾਫ ਝੂਠ ਬੋਲਿਆ ਅਤੇ ਕਿਹਾ, "ਕੋਈ ਖਾਸ ਗੱਲ ਨਹੀਂ ਸੀ। ਮੈਂ ਸਹਿਜੇ ਹੀ ਨਹੀਂ ਆਇਆ ਤੇ ਜਿਸ ਵੇਲੇ ਆਪ ਦਾ ਭੇਜਿਆ ਹੋਇਆ ਦਾਸ

ਪੁੱਜਾ, ਤਾਂ ਮੈਂ ਇਸ ਸਧਾਰਨ ਲਿਬਾਸ ਵਿਚ ਬੈਠਾ ਸਾਂ। ਏਦਾਂ ਹੀ ਚਲਾ ਆਇਆ ਤੇ ਨਾਲੇ ਮੇਰੇ ਇਸ ਤਰ੍ਹਾਂ ਆਉਣ ਨਾਲ ਕੇਹੜਾ ਕੋਈ ਖਾਸ ਹਰਜ ਹੋਇਆ ਹੈ।"

ਪੈਂਦੇ ਖਾਂ ਦੀ ਲਾਪ੍ਰਵਾਹੀ ਭਰੀ ਗੁਫਤਗੂ ਨੂੰ ਸੁਣ ਅੰਤ੍ਰਜਾਮੀ ਸੱਤਿਗੁਰੂ ਨੇ ਉਸ ਦਾ ਪਾਜ ਉਘਾੜਨ ਲਈ ਆਪਣੇ ਦਾਸ ਨੂੰ ਹੁਕਮ ਦਿਤਾ—"ਜਲਦੀ ਜਾ ਤੇ ਇਹਨਾਂ ਦੇ ਘਰੋਂ ਦਰਬਾਰੀ ਲਿਬਾਸ, ਸ਼ਸਤਰ ਤੇ ਘੋੜਾ ਲੈ ਆਓ, ਤਾਂਕਿ ਇਹਨਾਂ ਨੂੰ ਪਹਿਨਾਇਆ ਜਾਏ।" ਪੈਂਦੇ ਖ਼ਾਂ ਤਾਂ ਅੰਦਰੋਂ ਅੰਦਰੀ ਜਲਦਾ ਬਲਦਾ ਓਥੇ ਹੀ ਬੈਠਾ ਰਿਹਾ, ਪਰ ਜਾਂ ਗੁਰੂ ਕੇ ਭੇਜੇ ਹੋਏ ਸਿਪਾਹੀ ਪੈਂਦੇ ਖਾਂ ਦੇ ਘਰ ਗਏ, ਤਾਂ ਉਹਨਾਂ ਨੂੰ ਟਿੱਕੇ ਗੁਰਦਿਤੇ ਜੀ ਦੀ ਦਿਤੀ ਹੋਈ ਰੀਪੋਰਟ ਦੀ ਤਸਦੀਕ ਹੋ ਗਈ ਅਤੇ ਨਾਲ ਹੀ ਗੁਰੂ ਕੇ ਖ਼ਜ਼ਾਨੇ ਵਿਚੋਂ ਗੁਆਚੀਆਂ ਹੋਈਆਂ ਕੁਝ ਕੀਮਤੀ ਚੀਜ਼ਾਂ ਭੀ ਤਲਾਸ਼ੀ ਵਿਚੋਂ ਹੱਥ ਆਈਆਂ। ਤਲਾਸ਼ੀ ਇਸ ਵਾਸਤੇ ਲੈਣੀ ਪਈ, ਕਿਉਂ ਜੋ ਅਸਮਾਨ ਖਾਂ ਦਰਬਾਰੀ ਪੋਸ਼ਾਕ ਤੇ ਘੋੜਾ ਪਹਿਣ ਸ਼ਿਕਾਰ ਨੂੰ ਗਿਆ ਹੋਇਆ ਸੀ ਤੇ ਪੈਂਦੇ ਦੀ ਘਰ ਵਾਲੀ ਨੇ ਸਿੱਖਾਂ ਨੂੰ ਕਹਿ ਦਿੱਤਾ ਸੀ, "ਮੈਨੂੰ ਲਿਬਾਸ ਦਾ ਕੋਈ ਪਤਾ ਨਹੀਂ; ਅੰਦਰ ਦੇਖ ਲਓ।" ਜਦ ਸਿੱਖਾਂ ਨੇ ਸਤਿਗੁਰਾਂ ਦੇ ਹਜ਼ੂਰ ਆ ਕੇ ਸਾਰੀ ਰੀਪੋਰਟ ਕਰ ਦਿੱਤੀ ਅਤੇ ਟਿੱਕੇ ਗੁਰਦਿੱਤੇ ਜੀ ਦੀ ਦਿੱਤੀ ਹੋਈ ਖ਼ਬਰ ਦੀ ਤਸਦੀਕ ਹੋ ਗਈ, ਤਾਂ ਸਤਿਗੁਰਾਂ ਨੇ ਪੈਂਦੇ ਦੀ ਕਰਤੂਤ ਉੱਤੇ ਬੜਾ ਅਫਸੋਸ ਕੀਤਾ ਅਤੇ ਉਸ ਨੂੰ ਸਮਝਾਂਦਿਆਂ ਹੋਇਆਂ ਕਿਹਾ, "ਜੇ ਤੂੰ ਆਪਣੇ ਅਪਰਾਧ ਦਾ ਇਕਰਾਰ ਕਰੇਂ ਅਤੇ ਮੁਆਫ਼ੀ

ਮੰਗੇਂ, ਤਾਂ ਤੈਨੂੰ ਬਖ਼ਸ਼ਿਆ ਜਾ ਸਕਦਾ ਹੈ।"

"ਪੁਨ ਸਤਿਗੁਰ ਕੁਝ ਨਿਠੁਰ ਗਿਰਾਹ ਜੁਤ,
ਸਮਝਾਵਤ ਹਿਤ ਕੀ ਤਹਿ ਬਾਤੇ।
ਕਰ ਬਿਚਾਰ ਕੋ ਸਾਚ ਉਚਾਰੋ,
ਗੁਰ ਅਪਰਾਧ ਛਿਮਾ ਤੇ ਛਾਤੇ।"

ਗੁ: ਪ੍ਰ: ਸੂ:

ਪਰ ਪੈਂਦੇ ਖ਼ਾਂ ਦੀ ਬੁੱਧ ਬਿਗੜ ਚੁਕੀ ਸੀ। ਉਸ ਨੂੰ ਕੁਝ ਸਮਝ ਨਾ ਆਈ ਅਤੇ ਆਪਣਾ ਕਸੂਰ ਮੰਨਣ ਅਤੇ ਮੁਆਫ਼ੀ ਮੰਗਣ ਦੀ ਥਾਂ ਸਗੋਂ ਅੱਗੋਂ ਗੁਸਤਾਖ਼ ਹੁੰਦਾ ਗਿਆ ਅਤੇ ਟੇਢੇ ਟੇਢੇ ਜੁਆਬ ਦੇਣ ਲੱਗ ਪਿਆ। ਜਦ ਸਤਿਗੁਰਾਂ ਦੇ ਬਹੁਤ ਗੰਭੀਰਤਾ ਅਤੇ ਸ਼ਾਂਤ ਵਖਾਣ ਤੇ ਭੀ ਉਹ ਮੰਦ-ਭਾਗੀ ਕਿ ਜਿਸ ਨੂੰ ਕੁਸੰਗਤ ਨੇ ਆਪਣੇ ਕਰਤੱਵ ਤੋਂ ਗਿਰਾ ਦਿਤਾ ਸੀ, ਸਿੱਧੇ ਰਾਹ ਤੇ ਨਾ ਆਇਆ, ਤਾਂ ਸਤਿਗੁਰਾਂ ਨੇ ਉਸ ਨੂੰ ਸੈਨਾਪਤੀ ਦੇ ਪਦ ਤੋਂ ਬਰਖ਼ਾਸਤ ਕਰ ਫ਼ੌਜ ਵਿਚੋਂ ਕੱਢ ਦੇਣ ਦਾ *ਹੁਕਮ ਦੇ ਦਿੱਤਾ। ਜਦ ਪੈਂਦੇ ਖ਼ਾਂ ਆਪਣੀ ਕੀਤੀ ਦਾ

---

†ਸੂ: ਪ੍ਰ: ਤੇ ਹੋਰ ਬਹੁਤ ਸਾਰੇ ਇਤਿਹਾਸਕਾਰਾਂ ਨੇ ਪੈਂਦੇ ਖਾਂ ਦੇ ਕਢੇ ਜਾਣ ਵਿਚ ਉਸ ਦੇ ਜੁਆਈ ਦੇ ਬਾਬੇ ਗੁਰਦਿਤੇ ਜੀ ਦੇ ਸੁਫੇਦ ਬਾਜ਼ ਪਕੜ ਲੈਣ ਨੂੰ ਬੜੀ ਅਹਿਮੀਅਤ ਦਿਤੀ ਹੈ ਪਰ ਅਸੀਂ ਇਸ ਨੂੰ ਇਸ ਮੁਆਮਲੇ ਵਿਚ ਕੋਈ ਖ਼ਾਸ ਜਗ੍ਹਾ ਨਹੀਂ ਦੇਂਦੇ, ਕਿਉਂਕਿ ਇਕ ਤਾਂ ਸਾਡਾ ਖ਼ਿਆਲ ਹੈ ਕਿ ਇਹ ਬਾਜ ਦੀ ਕਥਾ ਮੁਖਲਸ ਖਾਂ ਵਾਲੇ ਬਾਜ਼ ਦੇ ਵਾਕੇ ਦੇ ਅਸਰ ਹੇਠ ਬਹੁਤ ਅਹਿਮ ਸਮਝੀ ਗਈ ਹੈ ਅਤੇ ਦੂਜੇ ਇਹ ਭੀ ਲਿਖਿਆ ਹੈ ਕਿ ਜਦ ਟਿੱਕਾ ਗੁਰਦਿਤਾ ਜੀ ਨੇ ਬਾਜ਼ ਦੇ ਮੁਤਅੱਲਕ

(ਬਾਕੀ ਦੇਖੋ ਫੁਟ ਨੋਟ ਸਫ਼ਾ ੨੬੬)

ਫਲ ਪਾ ਬੇਇਜ਼ਤ ਹੋ, ਗੁਰੂ ਦਰਬਾਰ ਵਿਚੋਂ ਨਿਕਲ ਘਰ ਆਇਆ, ਤਾਂ ਉਸ ਦੀ ਇਸਤ੍ਰੀ, ਜਵਾਈ ਅਤੇ ਸ਼ਰੀਕਾਂ ਨੇ ਉਸ ਦੀ ਬਲਦੀ ਤੇ ਹੋਰ ਭੀ ਤੇਲ ਪਾਇਆ, ਤੇ ਉਹਨਾਂ

---

(ਸਫਾ ੨੬੫ ਦੇ ਫੁਟ ਨੋਟ ਦੀ ਬਾਕੀ)

ਸ਼ਕਾਇਤ ਕੀਤੀ, ਤਾਂ ਸਤਿਗੁਰਾਂ ਕੁਝ ਧਿਆਨ ਨਹੀਂ ਦਿਤਾ।

"ਤੁਛ ਨ ਕਰੀ ਛਿਮਾ ਉਰਧਾਰੀ।
ਮਹਾਂ ਗੰਭੀਰ ਧੀਰ ਮਨ ਭੋਇ।"

(ਗੁਃ ਪ੍ਰਃ ਸੂਃ)

ਮਹਾਂ ਗੰਭੀਰ ਮਨ ਧੀਰ ਸਤਿਗੁਰੂ ਛਿਮਾਂ ਧਾਰ ਕੇ ਚੁਪ ਰਹੇ। ਹਾਂ, ਪਰ ਜਦੋਂ ਇਹ ਪਤਾ ਲਗਾ ਕਿ ਪੈਂਦੇ ਨੇ ਹੁਕਮਅਦੂਲੀ ਕਰਦਿਆਂ ਹੋਇਆਂ ਦਰਬਾਰੀ ਲਿਬਾਸ ਤੋਂ ਬਿਨਾਂ ਹੀ ਦਰਬਾਰ ਵਿਚ ਆਉਣ ਦੀ ਗੁਸਤਾਖੀ ਕੀਤੀ ਹੈ, ਤਦ ਸਤਿਗੁਰਾਂ ਨੇ ਓਹਦੇ ਕੋਲੋਂ ਬਾਕਾਇਦਾ ਪੁਛ ਗਿਛ ਕੀਤੀ ਅਤੇ ਉਸ ਦੇ ਦੋਸ਼ੀ ਨਿਕਲਣ ਅਤੇ ਦੋਸ਼ ਦੀ ਮੁਆਫ਼ੀ ਨਾ ਮੰਗਣ ਤੇ ਉਸ ਨੂੰ ਡੰਨ ਦਿਤਾ, ਜੋ ਦੇਣਾ ਜ਼ਰੂਰੀ ਸੀ, ਕਿਉਂਕਿ ਉਹ ਸਤਿਗੁਰਾਂ ਦਾ ਸੈਨਾਪਤੀ ਸੀ ਤੇ ਜੇ ਸੈਨਾਪਤੀ ਹੀ ਹੁਕਮ ਦੀ ਪ੍ਰਵਾਹ ਨਾ ਕਰੇ, ਇਥੋਂ ਤਕ ਕਿ ਉਹ ਆਪਣੀ ਵਰਦੀ ਹੀ ਕਿਸੇ ਅਜ਼ੀਜ਼ ਨੂੰ ਦੇ ਦੇਵੇ ਅਤੇ ਹੁਕਮ ਵਿਰੁਧ ਬਿਨਾਂ ਵਰਦੀਓਂ ਹੀ ਫ਼ੌਜੀ ਦਰਬਾਰ ਵਿਚ ਚਲਾ ਆਵੇ, ਤਾਂ ਫਿਰ ਇੰਤਜ਼ਾਮ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਸੀ। ਸਤਿਗੁਰਾਂ ਨੇ ਉਸ ਨੂੰ ਪਿਛਲੀ ਸੇਵਾ ਦੇ ਬਦਲੇ ਮੁਆਫ਼ੀ ਮੰਗਣ ਦਾ ਅਵਸਰ ਦਿਤਾ, ਪਰ ਉਸ ਨੇ ਅਗੋਂ ਉਲਟੀ ਗੁਸਤਾਖੀ ਕੀਤੀ, ਜਿਸ ਕਰਕੇ ਸਤਿਗੁਰਾਂ ਉਸ ਨੂੰ ਡੰਨ ਦੇਣਾ ਅਤੇ ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਕਿ ਉਸ ਦੇ ਚਲੇ ਜਾਣ ਨਾਲ ਕਿਤਨਾ ਨੁਕਸਾਨ ਹੋਵੇਗਾ, ਉਸ ਨੂੰ ਫ਼ੌਜ ਵਿਚੋਂ ਕਢ ਦੇਣਾ ਮਰਯਾਦਾ ਕਾਇਮ ਰੱਖਣ ਦੀ ਇਕ ਅਦੁਤੀ ਮਿਸਾਲ ਹੈ। ਸਤਿਗੁਰਾਂ ਦੀਆਂ ਅਜੇਹੀਆਂ ਮਿਸਾਲਾਂ ਹੀ ਸਿਖ ਫ਼ੌਜ ਵਿਚ ਪੂਰਨ ਜਥੇਬੰਦੀ ਅਤੇ ਇੰਤਜ਼ਾਮ ਦੇ ਕਾਇਮ ਰਹਿਣ ਦੀਆਂ ਕਾਰਨ ਹੋਈਆਂ ਹਨ।

ਸਾਰਿਆਂ ਮਿਲ ਕੇ ਸਲਾਹ ਕੀਤੀ ਕਿ ਸਤਿਗੁਰਾਂ ਤੇ ਕਿਸੇ ਨਾ ਕਿਸੇ ਤਰ੍ਹਾਂ ਸ਼ਾਹੀ ਫ਼ੌਜ ਚੜ੍ਹਵਾਈ ਜਾਏ। ਇਹ ਮੰਦਾ ਮਨਸੂਬਾ ਪਕਾ ਪੈਂਦੇ ਖ਼ਾਂ ਜਾਲੰਧਰ ਪੁੱਜਾ ਅਤੇ ਉਥੋਂ ਦੇ ਸੂਬੇਦਾਰ ਕੁਤਬ ਖ਼ਾਂ ਨੂੰ ਪ੍ਰੇਰਨ ਲੱਗਾ ਕਿ ਉਹ ਸਤਿਗੁਰਾਂ ਤੇ ਫ਼ੌਜ ਲੈ ਕੇ ਚੜ੍ਹੇ। ਪੈਂਦੇ ਖ਼ਾਂ ਨੇ ਕੁਤਬ ਖ਼ਾਂ ਨੂੰ ਇਹ ਭੀ ਕਿਹਾ, "ਮੇਰੇ ਨਾਲ ਬੱਜੀ ਦੇ ਤੇ ਹੋਰ ਦੁਆਬੀਏ ਪਠਾਣ ਭੀ ਸਾਥ ਦੇਣਗੇ ਤੇ ਮੈਂ ਘੱਟ ਤੋਂ ਘੱਟ ਪੰਜ ਸੌ ਸਵਾਰ ਲੈ ਕੇ ਤੇਰੇ ਨਾਲ ਹੋਵਾਂਗਾ।" ਕੁਤਬ ਖ਼ਾਂ ਨੇ ਪੈਂਦੇ ਦੀ ਗੱਲ ਸੁਣ ਕੇ ਕਿਹਾ, "ਤੂੰ ਪਠਾਣ-ਜ਼ਾਦਾ ਹੋ ਕੇ ਨਿਮਕ-ਹਰਾਮੀ ਕਰਨ ਲੱਗਾ ਹੈਂ। ਤੈਨੂੰ ਕੁਝ ਸ਼ਰਮ ਨਹੀਂ ਆਉਂਦੀ ? ਤੂੰ ਜਿਸ ਗੁਰੂ ਦਾ ਨਿਮਕ ਸਾਰੀ ਉਮਰ ਖਾਧਾ ਹੈ, ਅੱਜ ਉਸ ਦੀ ਤਬਾਹੀ ਲੋੜਦਾ ਹੈਂ। ਤੂੰ ਪਠਾਣਾਂ ਦੇ ਨਾਮ ਨੂੰ ਲਾਜ ਲਾ ਰਿਹਾ ਹੈਂ।" ਪੈਂਦੇ ਖਾਂ ਨੇ ਗੱਲ ਨੂੰ ਉਲਟਾਂਦਿਆਂ ਹੋਇਆਂ ਕਿਹਾ, "ਨਹੀਂ, ਇਹ ਗੱਲ ਤੇ ਨਹੀਂ। ਮੈਂ ਤਾਂ ਅੱਜ ਤਕ ਗੁਰੂ ਦੇ ਨਾਲ ਰਿਹਾ ਹਾਂ ਤੇ ਉਸ ਨੂੰ ਬੜੇ ਬੜੇ ਲਸ਼ਕਰਾਂ ਤੇ ਜਿੱਤਾਂ ਮੇਰੇ ਹੀ ਸਿਰ ਤੇ ਪ੍ਰਾਪਤ ਹੁੰਦੀਆਂ ਰਹੀਆਂ ਹਨ, ਪਰ ਹੁਣ ਮੈਨੂੰ ਸਮਝ ਆ ਗਈ ਹੈ ਕਿ ਮੈਂ ਗ਼ਲਤੀ ਕਰਦਾ ਅਤੇ ਕਾਫ਼ਰਾਂ ਦੀ ਮਦਦ ਕਰ, ਇਸਲਾਮੀ ਰਾਜ ਨੂੰ ਕਮਜ਼ੋਰ ਕਰਦਾ ਰਿਹਾ ਹਾਂ, ਜਿਸ ਕਰ ਕੇ ਗੁਨਾਹਾਂ ਦਾ ਕਫ਼ਾਰਾ ਪ੍ਰਾਸਚਿਤ ਕਰਦਾ ਹਾਂ।"

ਕੁਤਬ ਖ਼ਾਂ ਨੇ, ਜੋ ਸਾਰੀ ਗੱਲ ਨੂੰ ਵਿਚੋਂ ਸਮਝਦਾ ਸੀ, ਕਿਹਾ—"ਜੇ ਤੂੰ ਸੱਚੀ-ਮੁਚੀ ਹੀ ਸ਼ਾਹੀ ਬਾਗ਼ੀ ਨੂੰ ਖ਼ਤਮ ਕਰਨ ਦਾ ਇਰਾਦਾ ਕਰ ਲਿਆ ਹੈ, ਤਾਂ ਬਹੁਤ ਅੱਛਾ। ਮੈਂ ਤੇਰੇ ਨਾਲ ਹਾਂ। ਪਰ ਇਹ ਕੰਮ ਸ਼ਾਹੀ ਮੱਦਤ ਤੋਂ ਬਿਨਾਂ ਸਿਰੇ ਨਹੀਂ

ਚੜ੍ਹ ਸਕਦਾ। ਬੇਹਤਰ ਹੈ ਕਿ ਤੂੰ ਲਾਹੌਰ ਜਾ ਅਤੇ ਸ਼ਹਿਨਸ਼ਾਹ ਤੋਂ, ਜੋ ਕਿ ਅੱਜ ਕਲ ਓਥੇ ਟਿਕੇ ਹੋਏ ਹਨ, ਮਦਦ ਮੰਗ। ਮੈਂ ਵੀ ਤੇਰੇ ਮਗਰੇ ਆਉਂਦਾ ਹਾਂ।"

ਪੈਂਦੇ ਖ਼ਾਂ ਲਾਹੌਰ ਪੁਜਾ ਅਤੇ ਬਾਦਸ਼ਾਹ ਦੀ ਮੁਲਾਕਾਤ ਲਈ ਬੜੀ ਕੋਸ਼ਸ਼ ਕੀਤੀ, ਪਰ ਸਾਰੀ ਗੱਲ ਦਾ ਪਤਾ ਲੱਗ ਜਾਣ ਕਰ ਕੇ ਵਜ਼ੀਰ ਖ਼ਾਂ ਤੇ ਹੋਰ ਨੇਕ ਅਹਿਲਕਾਰਾਂ ਨੇ ਉਸ ਦੀ ਕੁਝ ਪੇਸ਼ ਨਾ ਜਾਣ ਦਿੱਤੀ, ਜਿਸ ਕਰ ਕੇ ਉਸ ਨੂੰ ਬਾਦਸ਼ਾਹ ਦੀ ਮੁਲਾਕਾਤ ਦਾ ਕੋਈ ਅਵਸਰ ਨਾ ਮਿਲ ਸਕਿਆ। ਪਰ ਇਸ ਸਮੇਂ ਵਿਚ ਹੀ ਵਜ਼ੀਰ ਖ਼ਾਂ ਤਾਂ ਸਿੰਧ ਤੇ ਸ਼ਾਹੀ ਮੁਹਿੰਮ ਨਾਲ ਭੇਜਿਆ ਗਿਆ ਤੇ ਏਨੇ ਨੂੰ ਕੁਤਬ ਖ਼ਾਂ ਭੀ ਜਲੰਧਰੋਂ ਲਾਹੌਰ ਪਹੁੰਚ ਪਿਆ। ਜਾਂ ਪੈਂਦੇ ਖ਼ਾਂ ਨੇ ਆਪਣੀ ਨਾ-ਕਾਮਯਾਬੀ ਦੀ ਗੱਲ ਦੱਸੀ ਕਿ ਮੇਰੀ ਬਾਦਸ਼ਾਹ ਤਕ ਰਸਾਈ ਹੀ ਨਹੀਂ ਹੋ ਸਕੀ, ਤਾਂ ਕੁਤਬ ਖ਼ਾਂ ਨੇ ਉਸ ਨੂੰ ਇਕ ਚਾਲ ਦੱਸੀ ਤੇ ਕਿਹਾ, "ਤੂੰ ਚਾਰ ਪੰਜ ਸੌ ਪਠਾਣ ਹੋਰ ਨਾਲ ਰਲਾ ਸੰਮਨ ਬੁਰਜ ਦੇ ਥੱਲੇ ਸ਼ਾਹੀ ਝਰੋਖੇ ਦੇ ਸਾਹਮਣੇ ਜਾ ਕੇ ਫਰਿਆਦ ਕਰ। ਜਹਾਂ ਪਨਾਹ ਤੁਹਾਡੀ ਡੰਡ ਰੌਲੀ ਸੁਣ ਕੇ ਆਪ ਹੀ ਬਾਹਰ ਆ ਜਾਣਗੇ, ਤੇ ਫਿਰ ਪੁੱਛਣ ਤੇ ਤੂੰ ਸਾਰੀ ਗੱਲ ਸਰਕਾਰ ਦੇ ਸਾਹਮਣੇ ਰੱਖ ਦੇਵੀਂ।" ਚੁਨਾਂਚਿ ਕੁਤਬ ਖ਼ਾਂ ਦੀ ਦੱਸੀ ਹੋਈ ਤਜਵੀਜ਼ ਕਾਮਯਾਬ ਹੋ ਗਈ ਅਤੇ ਬਾਦਸ਼ਾਹ ਨੇ ਪੈਂਦੇ ਖ਼ਾਂ ਤੇ ਉਸ ਦੇ ਸਾਥੀ ਪਠਾਣਾਂ ਦੀ ਅਰਜ਼ ਸੁਣ ਕੇ ਹੁਕਮ ਦਿਤਾ ਕਿ (ਸਤਿ' ਗੁਰੂ (ਜੀ) ਤੇ ਲਸ਼ਕਰ-ਕਸ਼ੀ ਕੀਤੀ ਜਾਵੇ। ਚੁਨਾਂਚਿ ਬਾਦਸ਼ਾਹੀ ਹੁਕਮ ਨਾਲ ਮੁਖ਼ਲਸ ਖ਼ਾਂ ਦਾ ਛੋਟਾ ਭਰਾ ਕਾਲੇ ਖ਼ਾਂ ਸੂਬੇਦਾਰ ਪਿਸ਼ਾਵਰ, ਜੋ ਭਰਾ ਦਾ

ਬਦਲਾ ਭੀ ਸਤਿਗੁਰਾਂ ਕੋਲੋਂ ਲੈਣਾ ਚਾਹੁੰਦਾ ਸੀ, ਸ਼ਾਹੀ ਫ਼ੌਜ ਲੈ ਸਿੱਖਾਂ ਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ। ਕਾਲੇ ਖ਼ਾਂ ਦੇ ਨਾਲ ਹੀ ਅਨਵਰ ਖ਼ਾਂ ਖੋਜਾ, ਜਾਫਰ ਬੇਗ ਅਤੇ ਲਲਾ ਬੇਗ ਦਾ ਪੁੱਤ੍ਰ ਮਲਕ ਅਨਵਰ ਖਾਂ ਤੇ ਮਿਰਜ਼ਾ ਹਸਨ ਬੇਗ ਵੀ ਆਪਣੀ ਆਪਣੀ ਸੈਨਾ ਲੈ ਸ਼ਾਮਲ ਹੋ ਗਏ। ਬਾਦਸ਼ਾਹ ਨੇ ਕੁਤਬ ਖ਼ਾਂ ਹਾਕਮ ਜਲੰਧਰ ਨੂੰ ਭੀ ਨਾਲ ਕੀਤਾ ਅਤੇ ਪੈਂਦੇ ਖ਼ਾਂ ਤੇ ਉਸ ਦੇ ਜੁਆਈ ਅਸਮਾਨ ਖ਼ਾਂ ਨੂੰ ਭੀ ਸ਼ਾਹੀ ਖ਼ਿਲਤ ਦੇ, ਆਪਣੇ ਮੁਲਾਜ਼ਮ ਰੱਖ, ਨਾਲ ਤੋਰਿਆ। ਇਹ ਲਸ਼ਕਰ ਬਿਆਸ ਲੰਘ ਜਾਲੰਧਰ ਆ ਅਟਕਿਆ।

ਏਧਰ ਸਤਿਗੁਰਾਂ ਨੂੰ ਭੀ ਖ਼ਬਰਾਂ ਮਿਲ ਰਹੀਆਂ ਸਨ ਤੇ ਉਹਨਾਂ ਭੀ ਸਭ ਪਾਸੇ ਆਪਣੇ ਮਸੰਦਾਂ ਦੇ ਰਾਹੀਂ ਧਰਮ-ਯੁੱਧ ਵਿਚ ਸ਼ਾਮਿਲ ਹੋਣ ਵਾਲੇ ਬੀਰਾਂ ਨੂੰ ਨਮੰਤ੍ਰਨ ਭੇਜ ਦਿਤਾ ਸੀ। ਸਿੱਖ ਜੋ ਸ਼ਹੀਦੀਆਂ ਦੇ ਸ਼ੈਦਾਈ ਸਨ, ਸੋਆਂ ਸੁਣਦਿਆਂ ਹੀ ਦੁਆਬੇ ਮਾਲਵੇ ਅਤੇ ਮਾਝੇ ਤੋਂ ਜਥੇ ਬੰਨ੍ਹ ਬੰਨ੍ਹ ਕਰਤਾਰ ਪੁਰ ਸਾਹਿਬ ਪੁੱਜਣ ਲਗੇ। ਸਤਿਗੁਰਾਂ ਨੇ ਭੀ ਖੂਬ ਤਿਆਰੀਆਂ ਕਰਵਾਈਆਂ ਅਤੇ ਫੌਜਾਂ ਵਿਚ ਨਵੇਂ ਨਵੇਂ ਸ਼ਸਤਰ ਤੇ ਬਸਤਰ ਵੰਡੇ। ਸਤਿਗੁਰਾਂ ਨੇ ਖੁਦ ਭੀ ਇਸ ਸਮੇਂ ਇਕ ਬੜਾ ਸੁੰਦਰ ਸੁਫੇਦ ਪੁਸ਼ਾਕਾ ਪਹਿਨਿਆ, ਜਿਸ ਦੀ ਤਸਵੀਰ ਇਕ ਮੁਸੱਵਰ ਸਿੱਖ ਨੇ ਖਿਚੀ, ਜੋ ਸਾਹਿਬਾਂ ਨੇ ਭਾਈ ਬਿਧੀ ਚੰਦ ਜੀ ਨੂੰ ਬਖਸ਼ੀ। ਗੱਲ ਕੀ, ਗੁਰੂ ਕੀ ਫੌਜ ਭੀ ਸਭ ਤਰ੍ਹਾਂ ਨਾਲ ਤ੍ਰਿਆਰ ਹੋ ਕੇ ਸ਼ਾਹੀ ਸੈਨਾ ਦੀ ਉਡੀਕ ਕਰਨ ਲੱਗੀ।

ਸ਼ਾਹੀ ਫੌਜ ਕਰਤਾਰ ਪੁਰ ਦੇ ਨਜ਼ਦੀਕ ਆਣ ਢੁਕੀ, ਤਾਂ ਸੈਨਾਪਤੀ ਕਾਲੇ ਖ਼ਾਂ ਨੇ ਅਨਵਰ ਖ਼ਾਂ ਖੋਜੇ ਨੂੰ ਵਕੀਲ

ਬਣਾ ਸਤਿਗੁਰਾਂ ਕੋਲ ਭੇਜਿਆ, ਜਿਸ ਨੇ ਸਦਾ ਵਾਂਗ ਸ਼ਾਹੀ ਸੈਨਾ ਦਾ ਰੋਹਬ ਦਿਖਾ ਅਧੀਨਗੀ ਕਬੂਲ ਕਰਨ ਲਈ ਸਤਿਗੁਰਾਂ ਨੂੰ ਪ੍ਰੇਰਿਆ ਤੇ ਸਤਿਗੁਰਾਂ ਨੇ ਭੀ ਅਗੋਂ ਯੋਗ ਉਤਰ ਦੇ ਦਿਤਾ। ਵਕੀਲ ਵਾਪਸ ਆ ਗਿਆ ਤੇ ਸੈਨਾਪਤੀ ਨੇ ਸਭ ਗਲ ਸੁਣ ਲਸ਼ਕਰ ਨੂੰ ਚੜ੍ਹਾਈ ਦਾ ਹੁਕਮ ਦੇ ਦਿਤਾ। ਹੁਣ ਦੋਹਾਂ ਤਰਫ਼ਾਂ ਤੋਂ ਫ਼ੌਜਾਂ ਅਗੇ ਵਧ ਕੇ ਜੁਟ ਪਈਆਂ; ਘਮਸਾਨ ਦਾ ਰਣ ਪਿਆ; ਜੋਧੇ ਵਧ ਵਧ ਕੇ ਹੱਥ ਮਾਰਨ ਲੱਗੇ। ਇਕ ਬੰਨੇ ਪਠਾਣ ਸਨ, ਜਿਨ੍ਹਾਂ ਨੂੰ ਕੁਲ ਤੇ ਨਾਜ਼ ਤੇ ਦੂਜੇ ਬੰਨੇ ਸਿੱਖ ਸਨ, ਜਿਨ੍ਹਾਂ ਨੂੰ ਸਿਦਕ ਤੇ ਮਾਣ ਸੀ।

"ਬੇ-ਅੰਤ ਜੰਗ ਥੇ ਜਿਤੇ, ਜਿਨੋ ਬਦੇਸ ਦੇਸ ਮੇਂ।
ਲੌਟੇ ਨ ਥੱਕ ਕੇ ਕਭੀ, ਹਟੇ ਨਾ ਜੰਗ ਕੇ ਸਮੇਂ।
ਪਠਾਣ, ਸ਼ੇਖ਼, ਸੱਯਦ, ਮੁਗ਼ਲ ਗਲ ਵਾਰ ਜੇ।
ਬਲੀ ਸੁਬੀਨ ਬੀਨ ਕੇ, ਕੁਲੀਨ ਮੀਨ ਮਾਰ ਜੇ।
ਪਠੰ ਬਟੇਕ ਸ਼ਾਹ ਕੇ, ਸਮਾਨ ਦੇ ਅਪਾਰ ਸੇ।
ਲੜਾਕ ਧਾਕ ਬਾਜ ਜੇ, ਬਿਬਾਕ ਖ਼ੂ ਸਵਾਰ ਸੇ।
ਇਤੇ ਗ਼ਰੀਬ ਜੱਟ ਸਿਖ, ਸਾਂਈ ਕੀ ਬਕਾਲ ਸੇ।
ਤਖਾਣ ਬਿਪ ਖੱਤ੍ਰੀ, ਕਹਾਰ ਤੇ ਕਲਾਲ ਸੇ।
ਜਿਨੇ ਸੁ ਜੰਗ ਥਾਕ ਭੀ, ਨਿਹਾਰਿਓ ਨਾ ਜੰਮ ਕੇ।
ਆਏ ਅਚੇਤ ਖੇਤ ਮੇਂ, ਸਹਿਤ ਗੁਰੂ ਕੰਮ ਕੇ।
ਅਨੰਤ ਸੂਰਬੀਰ ਧੀਰ ਥੇ, ਤਿਂਨੇ ਮਝਾਰ ਜੋ।
ਸੁਨਾਦ ਭਏ ਸਭ ਕੋ, ਬਖਿਆਦ ਬਾਦ ਸਾਰ ਸੋ।
ਮਜ਼ਹਬ ਦੀਨ ਕੋ ਅਹਿ, ਧਰਮ ਹੇਤ ਜੰਗ ਹੈ।
ਘਰਿਓ ਸੋ ਆ ਅਚਾਨ ਕਹਿ, ਕਰੋ ਨਿਸੰਗ ਚੰਗ ਹੈ।

ਗਿਆਨ, ਧਿਆਨ, ਜਾਪ, ਤਾਪ, ਜੋਗ ਜੇ ਕਮਾਇ ਹੈ।
ਅਰਾਧ ਈਸ ਜੁਗ ਲੋ, ਬੈਕੁੰਠ ਮੁਖ ਪਾਇ ਹੈ।
ਸਮਛ ਅਛ ਸੂਝ ਕੇ ਤਜੰਤ ਜੋ ਸਰੀਰ ਕੋ।
ਮਿਲੰਤ ਸੋ ਮੁਰਾਤਬਾ, ਛਿਨੇਕ ਮਾਹਿ ਬੀਰ ਕੋ।
ਮਰੇ ਤੋ ਮੋਖ ਕੋ ਲਹਿ, ਜੀਏ ਤੋ ਜਸ ਪਾਇ ਹੈ।
ਉਭੈ ਸੋ ਹਾਥ ਮੋਦ ਕੇ, ਅਨੰਦ ਸਾਥ ਖਾਇ ਹੈ।
ਇਹੈ ਵਿਚਾਰ ਧਾਰ ਕੇ, ਨਸੰਗ ਜੰਗ ਕੋ ਉਠੇ।
ਫਲੰਗ ਦੈਉ ਮੰਗ ਮੈਂ, ਗੁਰੂ ਕੀ ਬੋਰ ਜੈ ਜੁਟੇ।"

(ਤਵਾਰੀਖ਼ ਖ਼ਾਲਸਾ)

ਦੋਹਵੇਂ ਧਿਰਾਂ ਆਪਣੇ ਆਪਣੇ ਨਸ਼ੇ ਵਿਚ ਮਸਤ ਹੋ ਅਗੇ ਵਧੀਆਂ; ਮਾਰੋ ਮਾਰ ਦਾ ਸ਼ੋਰ ਉਠਿਆ; ਘੋੜ ਸੁੰਮਾਂ ਦੀਆਂ ਧੂੜਾਂ ਨੇ ਹਨੇਰੀ ਤੇ ਤੀਰਾਂ ਦੀ ਸਾਂ ਸਾਂ ਨੇ ਸਾਵਣ ਦੀਆਂ ਝੜੀਆਂ ਨੂੰ ਮਾਤ ਕਰ ਦਿਤਾ। ਤਲਵਾਰਾਂ ਤੇ ਤਲਵਾਰਾਂ ਵੱਜ ਵੱਜ ਤੜਾ ਤੜ ਬਿਜਲੀਆਂ ਕੜਕਣ ਲੱਗੀਆਂ। ਘੱਟੇ ਨਾਲ ਹਨੇਰਾ ਛਾ ਗਿਆ। ਆਪਣਾ ਪਰਾਇਆ ਕਿਸੇ ਨੂੰ ਦਿਸੇ ਨਾ।

"ਬਿੰਦ ਕੋਪ ਧਾਰ ਹੀ ਉਚਾਰ ਮਾਰ ਮਾਰ ਹੀ।
ਲਗੇ ਤੁਫੰਗ ਤੀਰ ਹੀ ਗਿਰੰਤ ਧੀਰ ਬੀਰ ਹੀ।
ਮਰੇ ਤੁਰੰਗ ਸੂਰਮਾ ਮਿਲੰਤ ਜਾਤ ਧੂਰ ਮੈਂ।
ਦਿਖੰਤ ਨ ਅੰਧੇਰ ਮੈਂ ਦਿਵਾਇ ਜਾ ਦਰੇਰੇ ਮੈਂ।"

(ਗੁ: ਪ੍ਰ: ਸੂ:)

ਇਸ ਤਰ੍ਹਾਂ ਭਿਆਨਕ ਯੁੱਧ ਹੁੰਦਾ ਰਿਹਾ ਤੇ ਅੱਠ ਪਹਿਰ ਬੀਤ ਗਏ, ਤਾਂ ਅਨਵਰ ਖਾਂ ਧਾ ਕੇ ਅੱਗੇ ਵਧਿਆ ਤੇ

ਉਸ ਨੇ ਲਲਕਾਰ ਕੇ ਕਿਹਾ, "ਖ਼ਲਕਤ ਨੂੰ ਕਟਵਾਉਣ ਦਾ ਕੀ ਫਾਇਦਾ ਹੈ। ਕੋਈ ਸੂਰਮਾ ਹੈ ਤਾਂ ਮੇਰੇ ਮੁਕਾਬਲੇ ਵਿਚ ਨਿਕਲੇ!" ਇਹ ਲਲਕਾਰਾ ਸੁਣਦਿਆਂ ਹੀ ਭਾਈ ਬਿਧੀ ਚੰਦ ਅਗੇ ਵਧਿਆ ਅਤੇ ਅਨਵਰ ਖ਼ਾਂ ਨੂੰ ਲਲਕਾਰਿਆ ਖ਼ਾਨ ਨੇ ਤੱਕ ਕੇ ਤੀਰ ਚਲਾਇਆ। ਬਿਧੀ ਚੰਦ ਜੀ ਨੇ ਪੈਂਤੜਾ ਤੇ ਬਦਲਿਆ, ਪਰ ਫਿਰ ਭੀ ਤੀਰ ਮੱਥੇ ਨੂੰ ਚੀਰ ਲਗਾ ਹੀ ਗਿਆ। ਬਿਧੀ ਚੰਦ ਜੀ ਦੇ ਮੱਥੇ ਤੇ ਖ਼ੂਨ ਦੀ ਧਾਰਾ ਇਉਂ ਦਿਸ ਆਈ ਕਿ ਮਾਨੋ ਕੁਦਰਤ ਨੇ ਉਸ ਨੂੰ ਵਿਜੈ ਦਾ ਤਿਲਕ ਦੇ ਦਿਤਾ ਹੈ, ਤਦ ਰੋਹ ਖਾ ਸੂਰਮੇ ਨੇ ਅਜੇਹਾ ਤੁਲਵਾਂ ਵਾਰ ਕੀਤਾ ਕਿ ਅਨਵਰ ਖ਼ਾਂ ਹਮੇਸ਼ਾਂ ਦੀ ਨੀਂਦ ਜ਼ਮੀਨ ਤੇ ਸੌਂ ਗਿਆ। ਅਨਵਰ ਖ਼ਾਂ ਨੂੰ ਡਿਗਿਆਂ ਦੇਖ ਚਾਰੇ ਤਰਫ਼ ਤੋਂ ਸ਼ਾਹੀ ਸੈਨਾ ਹੱਲਾ ਕਰ ਕੇ ਅਗੇ ਵਧੀ। ਬਹੁਤ ਮਾਰ ਮਾਰ ਹੋਣ ਲਗੀ ਤੇ ਘਮਸਾਨ ਦਾ ਜੰਗ ਹੋਣ ਲਗਾ। ਇਸ ਸਮੇਂ ਭਾਵੇਂ ਸਾਰੇ ਹੀ ਬੀਰ ਆਪਣੀ ਆਪਣੀ ਥਾਂ ਸ਼ਸਤਰਾਂ ਦੇ ਜੌਹਰ ਦਿਖਾ ਰਹੇ ਸਨ, ਪਰ ਸਤਿਗੁਰਾਂ ਦੀ ਬਾਣ ਬਰਖਾ ਦੀ ਸ਼ਾਨ ਨਿਰਾਲੀ ਸੀ।

"ਸ੍ਰੀ ਹਰ ਗੋਬਿੰਦ ਬੀਰ ਬਹਾਦੁਰ,
ਪੰਨਗ ਕੇ ਸਮ ਬਾਨ ਚਲਾਵੈਂ।
ਬਿਰਿੰਨ ਪ੍ਰਾਹਾਰਤ ਸ਼ਤਰਨ ਡਾਰਤ,
ਸ਼ੂਸ ਨਿਖੰਗ ਹੋ ਔਰ ਮੰਗਾਵੈਂ।
ਲਾਗਿਓ ਤਾ ਕਰ ਛੋਰਤ ਹੈ,
ਇਕ ਸਾਰ ਹੀ ਸਾਰ ਮਹਾਂ ਬਰਖਾਵੈਂ।
ਦੇਵ ਕੋ ਬੇਦਤਿ ਦੇਆਦਿ ਪੁਨ ਤੀਨੋ,

ਚਾਰ ਕੇ ਪਾਂਚ ਛਟੇ ਸੋ ਗਿਰਾਵੈਂ।

ਗਰੀਬ ਨਿਵਾਜ਼ ਦੇ ਬਾਣ ਜੋ ਪੰਜ ਪੰਜ, ਛੇ ਛੇ ਜਵਾਨਾਂ ਦੇ ਸੀਨੇ ਚੀਰਦੇ ਜਾ ਰਹੇ ਸਨ, ਛੁੱਟਣ ਤੇ ਜੰਗ ਵਿਚ ਹਾਹਾਕਾਰ ਮੱਚ ਗਈ। ਹੁਣ ਦੋਹਾਂ ਤਰਫ਼ਾਂ ਤੋਂ ਸੂਰਮੇ ਮਰਨ ਮੰਡ ਇਕ ਦੂਜੇ ਦੇ ਗਲ ਪਏ ਹੋਏ ਸਨ। ਅਨਵਰ ਖ਼ਾਂ ਦੇ ਮਰਨ ਤੇ ਤੁਰਕ ਦਲ ਵਿਚ ਕੁਝ ਘਬਰਾਹਟ ਤੇ ਹੋਈ, ਪਰ ਏਨੇ ਵਿਚ ਕੁਤਬ ਖ਼ਾਂ ਕੁਝ ਅਗਾਂਹ ਵਧਿਆ ਤੇ ਜਾਂ ਲਖੂ ਜੀ ਉਸ ਦੇ ਮੁਕਾਬਲੇ ਤੇ ਆਏ, ਤਾਂ ਥੋੜ੍ਹੇ ਜਹੇ ਵਾਰ ਵਟਾਣ ਦੇ ਬਾਅਦ ਕੁਤਬ ਖ਼ਾਂ ਨੇ ਭਾਈ ਲਖੂ ਦਾ ਸੀਸ ਤਲਵਾਰ ਦੇ ਨਾਲ ਉਡਾ ਦਿਤਾ। ਭਾਈ ਲਖੂ ਜੀ ਤਾਂ ਸੱਚ ਖੰਡ ਸੁਧਾਰ ਗਏ, ਪਰ ਤੁਰਕ ਸੈਨਾ ਨੂੰ ਕੁਝ ਸਹਾਰਾ ਹੋ ਗਿਆ। ਹੁਣ ਦੋਹਾਂ ਧਿਰਾਂ ਦਾ ਇਕ ਇਕ ਸਰਦਾਰ ਮਾਰਿਆ ਗਿਆ ਤੇ ਜੰਗ ਦਾ ਰੰਗ ਸਾਵਾਂ ਹੋ ਗਿਆ। ਫ਼ੌਜਾਂ ਹੋਮਲੇ ਵਿਚ ਆ ਵੱਧ ਵੱਧ ਹੱਥ ਦਿਖਾਣ ਲੱਗੀਆਂ।

ਸਤਿਗੁਰੂ ਗ਼ਰੀਬ-ਨਿਵਾਜ਼ ਇਕ ਪਾਸਿਉਂ ਉੱਚੀ ਥਾਂ ਖੜੋਤੇ ਜੰਗ ਦਾ ਹਾਲ ਦੇਖ ਰਹੇ ਸਨ। ਜਾਂ ਪੈਂਦੇ ਖ਼ਾਂ ਨੇ ਉਹਨਾਂ ਨੂੰ ਦੂਰੋਂ ਤੱਕ ਪਾਇਆ, ਉਹ ਘੋੜਾ ਦੁੜਾ ਕੇ ਵਧਿਆ ਤੇ ਖੰਡਾ ਖਿਚ ਕੇ ਸਤਿਗੁਰਾਂ ਦੇ ਸਾਹਮਣੇ ਜਾ ਲਲਕਾਰਿਆ। ਜਦੋਂ ਸਤਿਗੁਰਾਂ ਨੇ ਇਸ ਹੱਥੀਂ ਪਾਲੇ ਨਾ-ਸ਼ੁਕਰੇ ਬਦਕਿਸਮਤ ਨੂੰ ਦੇਖਿਆ, ਤਾਂ ਕਰੁਨਾ ਕਰ ਬੋਲੇ, "ਬਰਖੁਰਦਾਰ, ਸ਼ੁਕਰ! ਮੇਰਾ ਹੀ ਬਣਾਇਆ ਹੋਇਆ ਮੇਰੇ ਮੁਕਾਬਲੇ ਤੇ ਆਇਆ ਹੈਂ। ਹੁਣ ਵਾਰ ਭੀ ਕਰ ਲੈ, ਤਾਕਿ ਤੇਰੇ ਦਿਲ ਵਿਚ ਹਸਰਤ ਨਾ ਰਹੇ। ਤੇ ਬਦੀ ਦਾ ਭੀ ਓੜਕ ਹੋ ਜਾਵੇ।"

"ਇਸ ਤੇ ਅਬ ਪੂਰਬ ਵਾਰ ਕਰੋ,
ਬਲ ਉਹ ਬੁੱਧ ਜੋ ਬੁਪ ਬੀਚ ਧਰੋ।
ਚਿਤ ਹੌਂਸ ਨਾ ਰਾਖੋ ਆਪਨ ਕੀ,
ਕਰ ਲਿਹੋ ਇਧੀ ਸਭ ਪਾਪਨ ਕੀ।"

ਸਤਿਗੁਰ ਦੇ ਇਸ ਬਚਨ ਤੇ ਵੀ ਪੈਂਦੇ ਖ਼ਾਂ ਕੁਝ ਸ਼ਰਮਿੰਦਾ ਨਾ ਹੋਇਆ ਤੇ ਮੰਦਭਾਗ ਨਮਕਹਰਾਮ ਨੇ ਬਦੀ ਦੀ ਇੰਤਹਾ ਦੀ ਮਿਸਾਲ ਜਗਤ ਵਿਚ ਕਾਇਮ ਕਰਨ ਲਈ ਅਗੇ ਵਧ ਕੇ ਕਿਹਾ, "ਤੁਹਾਨੂੰ ਤੀਰ ਤੇ ਮਾਣ ਹੈ। ਸੁਆਦ ਹੈ, ਜੇ ਤੀਰ ਕਮਾਨ ਛੱਡ ਕੇ ਮੇਰਾ ਮੁਕਾਬਲਾ ਕਰੋ।"

"ਪੈਂਦੇ ਖ਼ਾਂ ਨੇ ਤਬ ਕਿਓ ਗੁਰੂ ਤੱਜ ਕੇ ਧਨਖੀ।
ਦੁੰਦ ਯੁੱਧ ਕਰ ਖੜਗ ਕਾ ਜੇ ਹੈ ਕੁਝ ਅਨਖੀ।"

ਸਤਿਗੁਰਾਂ ਨੇ ਇਹ ਸੁਣਦਿਆਂ ਹੀ ਕਮਾਨ ਮੋਢੇ ਤੇ ਪਾ ਲਈ ਅਤੇ ਤਲਵਾਰ ਖਿੱਚ ਅਗੇ ਵਧੇ। ਪੈਂਦੇ ਖ਼ਾਂ ਨੇ ਖੰਡੇ ਦਾ ਵਾਰ ਕੀਤਾ, ਜੋ ਸਤਿਗੁਰਾਂ ਨੇ ਰਕਾਬ ਤੇ ਲਿਆ। ਦੂਜੀ ਵਾਰ ਗੀਦੀ ਨੇ ਫਿਰ ਵਾਰ ਕੀਤਾ, ਜੋ ਢਾਲ ਤੇ ਲਿਆ ਗਿਆ। ਐਤਕੀ ਦੇ ਵਾਰ ਨਾਲ ਪੈਂਦੇ ਖ਼ਾਂ ਦੇ ਖੰਡੇ ਦਾ ਫਲ ਟੁੱਟ ਕੇ ਥੱਲੇ ਜਾ ਪਿਆ ਅਤੇ ਮੁੱਠੀ ਉਸ ਦੇ ਹੱਥ ਵਿਚ ਰਹਿ ਗਈ। ਪੈਂਦੇ ਖ਼ਾਂ ਦੌੜ ਕੇ ਸਤਿਗੁਰਾਂ ਦੇ ਘੋੜੇ ਹੇਠਾਂ ਵੜ ਗਿਆ। ਉਸ ਨੂੰ ਆਪਣੇ ਬਲ ਤੇ ਬੜਾ ਨਾਜ਼ ਸੀ, ਤੇ ਉਸ ਨੂੰ ਖਿਆਲ ਸੀ ਕਿ ਮੈਂ ਘੋੜੇ ਸਮੇਤ ਸਤਿਗੁਰਾਂ ਨੂੰ ਚੁਕ ਕੇ ਜ਼ਮੀਨ ਤੇ ਡੇਗ ਦਿਆਂਗਾ, ਪਰ ਸਤਿਗੁਰਾਂ ਨੇ ਇਕ ਰਕਾਬ ਤੇ ਹੋ ਅਜੇਹਾ ਜ਼ਬਰਦਸਤ ਢਾਲਾ ਉਸ ਦੇ ਸਿਰ ਤੇ ਮਾਰਿਆ ਕਿ ਉਹ ਬੇਹੋਸ਼ ਹੋ ਕੇ ਜ਼ਮੀਨ ਤੇ ਜਾ ਪਿਆ।

"ਬਾਂਹੇ ਕਰਸਿਓਂ ਗੁਰੂ ਨੇ ਤਬ ਢਾਲਾ ਮਾਰਿਓ।
ਪੈਂਦਾ ਮੂਰਛਿਤ ਹੋਇ ਗਿਰਿਓ ਅਸ੍ਵਰਰ ਪਧਾਰਿਓ।"
(ਖ਼ਾਲਸਾ ਤਵਾਰੀਖ਼)

ਜਦ ਪੈਂਦੇ ਖ਼ਾਂ ਬੇਹੋਸ਼ ਜ਼ਮੀਨ ਤੇ ਲੇਟ ਗਿਆ, ਤਾਂ ਸਤਿਗੁਰਾਂ ਦਾ ਮਨ ਮੇਹਰ ਤੇ ਪਿਆਰ ਨਾਲ ਉਛਲ ਆਇਆ ਤੇ ਗਰੀਬ-ਨਿਵਾਜ਼ ਘੋੜੇ ਤੋਂ ਉਤਰ ਉਸ ਦੇ ਸਿਰਹਾਣੇ ਆ ਖੜੋਤੇ। ਏਨੇ ਨੂੰ ਪੈਂਦੇ ਖ਼ਾਂ ਦੀਆਂ ਅੱਖਾਂ ਖੁਲ੍ਹ ਆਈਆਂ। ਜਦ ਸਤਿਗੁਰਾਂ ਵੱਲ ਤੱਕਿਓ ਸੂ, ਤਾਂ ਹਜ਼ੂਰ ਨੇ ਫਰਮਾਇਆ, "ਤੇਰਾ ਆਖ਼ਰੀ ਵਕਤ ਹੈ। ਕਲਮਾ ਪੜ੍ਹ, ਤੇ ਸਫਲ ਕਰ ਲੈ।"

"ਜਬ ਗਿਰਨ ਲਾਗ ਕਹਿ ਗੁਰ ਉਧਾਰ।
ਤਬ ਤੁਰਕ ਜਨਮ ਕਲਮਾ ਉਚਾਰ।"

ਇਤਨੇ ਵਿਚ ਹੀ ਪੈਂਦੇ ਖ਼ਾਂ ਬਦੀ ਦਾ ਓੜਕ ਕਰ ਕੇ ਸਤਿਗੁਰੂ ਗ਼ਰੀਬ-ਨਿਵਾਜ਼ ਦੀ ਮੇਹਰ ਭਰੀ ਨੇਕੀ ਦੀ ਆਹੁਦੀ ਤੱਕ ਸਦਾ ਦੀ ਨੀਂਦ ਸੌਂ ਗਿਆ ਤੇ ਸਤਿਗੁਰਾਂ ਨੇ ਉਸ ਦੇ ਚੇਹਰੇ ਨੂੰ ਧੁਪ ਪੈਂਦੀ ਦੇਖ ਪ੍ਰੇਮ ਮੇਹਰ ਪੂਰਤ ਹੋ ਆਪਣੀ ਢਾਲ ਨਾਲ ਢੱਕ ਦਿਤਾ। ਜਦ ਪੈਂਦੇ ਖ਼ਾਂ ਖ਼ਤਮ ਹੋ ਗਿਆ, ਤਾਂ ਕੁਤਬ ਖ਼ਾਂ ਨੇ ਸੈਨਾਪਤੀ ਕਾਲੇ ਖ਼ਾਂ ਨੂੰ ਕਿਹਾ, "ਜਿਸ ਦੀ ਮੱਦਤ ਲਈ ਅਸੀਂ ਚੜ੍ਹ ਕੇ ਆਏ ਸਾਂ, ਜਦ ਓਹੀ ਜਹਾਨ ਤੋਂ ਚਲਾ ਗਿਆ, ਤਾਂ ਹੁਣ ਲੜਾਈ ਦਾ ਕੀ ਲਾਭ ਹੈ।" ਪਰ ਕਾਲੇ ਖ਼ਾਂ ਨੇ ਕਿਹਾ, "ਹੁਣ ਰਣ ਵਿਚੋਂ ਮੂੰਹ ਫੇਰਨਾ ਗੀਦੀ-ਪੁਣਾ ਹੈ। ਪਠਾਣ ਪੁੱਤ੍ਰ ਹਾਂ, ਕੁਝ ਕਰ ਕੇ ਹੀ ਜਾਵਾਂਗੇ।" ਸਲਾਹਾਂ ਹੋ ਹੀ ਰਹੀਆਂ ਸਨ, ਜਾਂ ਏਨੇ ਨੂੰ ਖ਼ਬਰ ਪੁੱਜੀ ਕਿ

ਕਲਾ ਦਾ ਮੂਲ ਅਸਮਾਨ ਖ਼ਾਂ ਭੀ ਬਾਬੇ ਗੁਰਦਿੱਤੇ ਜੀ ਦੇ ਹਥੋਂ ਮਾਰਿਆ ਗਿਆ ਹੈ। ਪੈਂਦੇ ਤੇ ਅਸਮਾਨ ਦੀ ਮੌਤ ਤੇ ਫ਼ੌਜ ਦੇ ਪੈਰ ਉੱਖੜਦੇ ਦੇਖ ਕਾਲੇ ਖ਼ਾਂ ਨੇ ਕੁਤਬ ਖ਼ਾਂ ਨੂੰ ਵੰਗਾਰਿਆ ਤੇ ਕਿਹਾ, "ਅਗੇ ਵੱਧ!"

ਉਹ ਰੋਹ ਖਾ ਕੇ ਵਧਿਆ ਤੇ ਸਤਿਗੁਰਾਂ ਦੇ ਅੱਗੇ ਜਾ ਪੁੱਜਾ। ਸਤਿਗੁਰਾਂ ਦੇ ਸਾਹਮਣੇ ਜਾ ਲਲਕਾਰੇ ਮਾਰਨ ਲੱਗਾ।

"ਖ਼ਾਂ ਕੁਤਬੇ ਤਦ ਕਰੋਧ ਕਰਿਓ,
ਪਿਖ ਪ੍ਰੇਰ ਤੁਰੰਗ ਭਇਓ ਸੁਮਹਾਈ।
ਸ੍ਰੀ ਗੁਰੂ ਹੈ ਜਿਸ ਥਾਨ ਬਿਕੇ,
ਬਹੁ ਬਾਨ ਪ੍ਰਹਾਰਿਤ ਸੂਰਨ ਆਈ।
ਘਨ ਘਰਿਓ ਲਲਕਾਰ ਪਰਿਓ,
ਉਚਰਿਓ ਹੁਣ ਠਾਂਡ ਰਹੋ ਆਗਵਾਈ।
ਯਹੁ ਕਹਿ ਤੀਰ ਨਿਕਾਲਤ ਬੀਰ,
ਅਧੀਰਜ ਚਾਂਪ ਕੋ ਐਂਚ ਚਲਾਈ।"

ਜਦ ਕੁਤਬ ਖ਼ਾਂ ਨੇ ਤੋਲ ਕੇ ਤੀਰ ਮਾਰਿਆ, ਤਾਂ ਸਤਿਗੁਰਾਂ ਨੇ ਢਾਲ ਤੇ ਲੈ ਅਗੋਂ ਜੁਆਬੀ ਤੀਰ ਦਿਤਾ, ਜੋ ਖ਼ਾਨ ਦੇ ਘੋੜੇ ਦਾ ਕੰਮ ਕਰ ਗਿਆ। ਖ਼ਾਨ ਨੂੰ ਪੈਦਲ ਹੋਇਆ ਦੇਖ ਸਤਿਗੁਰੂ ਭੀ ਪੈਦਲ ਹੋ ਗਏ ਅਤੇ ਥੋੜ੍ਹੇ ਜਹੇ ਵਾਰਾਂ ਦੇ ਵਟਾਂਦਰੇ ਦੇ ਬਾਅਦ ਕੁਤਬ ਖ਼ਾਂ ਸਿਰ ਸਤਿਗੁਰਾਂ ਦੀ ਤਲਵਾਰ ਦੀ ਭੇਟ ਕਰ ਸੁਵਰਗ ਸੁਧਾਰ ਗਿਆ। ਕੁਤਬ ਖ਼ਾਂ ਨੂੰ ਡਿਗਦਿਆਂ ਦੇਖ ਕਾਲੇ ਖ਼ਾਂ ਨੇ ਫ਼ੌਜ ਨੂੰ ਲਲਕਾਰ ਕੇ ਕਿਹਾ, "ਜਵਾਂਮਰਦੋ, ਇਹ ਜੰਗ ਇਸਲਾਮੀ ਸਲਤਨਤ ਦੀ ਰੱਖਿਆ ਲਈ ਹੈ। ਕੁਫਰ ਦਾ ਕਿਲ੍ਹਾ ਤੋੜਨਾ ਹੈ। ਅਸੀਂ ਕਿਤਨੇ ਬਹਾਦਰ ਮਰਵਾ ਬੈਠੇ

ਹਾਂ। ਗ਼ਾਜ਼ੀਓ, ਹੁਣ ਆਖ਼ਰੀ ਮੌਕਾ ਹੈ। ਵਧੋ ਤੇ ਤੇਗ਼ ਦੇ ਜੌਹਰ ਦਿਖਾਉ।" ਸ਼ਾਹੀ ਸੈਨਾ, ਸੈਨਾਪਤੀ ਦੇ ਲਲਕਾਰਨ ਤੇ ਜੋਸ਼ ਖਾ ਚੌਹਾਂ ਪਾਸਿਆਂ ਤੋਂ ਟੁੱਟ ਕੇ ਪੈ ਗਈ, ਪਰ ਅਗੋਂ ਭੀ ਸਿਖ ਸੈਨਾ ਸੀ। ਇਕ ਪਾਸੇ ਮੁਸਲਮਾਨੀ ਤੇ ਮਾਣ ਤੇ ਦੂਜੇ ਬੰਨੇ ਸਿੱਖੀ ਦਾ ਸਰੂਰ ਸੀ। ਪਰ ਜਿਥੇ ਸਿੱਖ ਸੱਚ ਮੁਚ ਧਰਮ-ਯੁੱਧ ਲਈ ਆਏ ਸਨ, ਉਥੇ ਅਭੋਲ ਸ਼ਾਹੀ ਸਿਪਾਹੀਆਂ ਨੂੰ ਮੁਸਲਮਾਨੀ ਦਾ ਝੂਠਾ ਵਾਸਤਾ ਪਾਇਆ ਜਾ ਰਿਹਾ ਸੀ, ਕਿਉਂਕਿ ਹਾਕਮ ਦਰਅਸਲ ਆਪਣੀ ਜ਼ੋਰ ਜਬਰ ਭਰੀ ਹਕੂਮਤ ਦਾ ਰੋਅਬ ਜਮਾਣਾ ਚਾਹੁੰਦੇ ਸਨ ਤੇ ਇਸ ਗੱਲ ਨਾਲ ਦੀਨ ਦਾ ਕੋਈ ਦੂਰ ਦਾ ਵਾਸਤਾ ਵੀ ਨਹੀਂ ਸੀ। ਕੁਝ ਚਿਰ ਘੋਰ ਕਟਾ-ਕੱਟ ਹੁੰਦੀ ਰਹੀ ਤੇ ਏਨੇ ਵਿੱਚ ਕਾਲੇ ਖ਼ਾਂ ਘੋੜਾ ਦੁੜਾ ਸਤਿਗੁਰਾਂ ਦੇ ਮੁਕਾਬਲੇ ਤੇ ਜਾ ਪੁੱਜਾ ਤੇ ਕਹਿਣ ਲੱਗਾ, "ਸੰਭਲੋ! ਮੇਰਾ ਤੀਰ ਤੁਹਾਡੀ ਮੌਤ ਦਾ ਪੈਗ਼ਾਮ ਲਿਆ ਰਿਹਾ ਹੈ।" ਸਤਿਗੁਰੂ ਸੁਣ ਕੇ ਮੁਸਕ੍ਰਾ ਪਏ ਤੇ ਬੋਲੇ, "ਕਾਲੇ ਖ਼ਾਂ, ਕਾਹਲਾ ਨਾ ਪਉ। ਤੇਰਾ ਬਲ਼ ਹੁਣੇ ਦੇਖਿਆ ਜਾਂਦਾ ਹੈ। ਪਹਿਲਾਂ ਆਪਣਾ ਵਾਰ ਕਰ ਲੈ ਅਤੇ ਪਿਛੋਂ ਸਾਡਾ ਸਹਾਰੀਂ।" ਕਾਲੇ ਖ਼ਾਂ ਦੇ ਬਾਣ ਮਾਰਿਆ ਜੋ ਸਤਿਗੁਰਾਂ ਦੇ ਮਸਤਿਕ ਨੂੰ ਛੋਹ ਕੇ ਨਿਕਲ ਗਿਆ। ਸਤਿਗੁਰਾਂ ਨੇ ਜੁਆਬੀ ਤੀਰ ਦਿਤਾ। ਕਾਲੇ ਖ਼ਾਂ ਤੇ ਬਚ ਗਿਆ, ਪਰ ਘੋੜਾ ਥਾਂ ਰਿਹਾ। ਕਾਲੇ ਖ਼ਾਂ ਨੇ ਘੋੜੇ ਤੋਂ ਉੱਠ ਲਲਕਾਰ ਕੇ ਕਿਹਾ, "ਮੈਂ ਪਿਆਦਾ ਹਾਂ।" ਇਹ ਸੁਣ ਸਤਿਗੁਰੂ ਭੀ ਘੋੜੇ ਤੋਂ ਛਾਲ ਮਾਰ ਉਸ ਦੇ ਸਾਹਮਣੇ ਪੈਦਲ ਹੋ ਆ ਡਟੇ ਤੇ ਫਰਮਾਇਓ ਨੇ, "ਹੁਣ ਦਸੋ।" ਖ਼ਾਨ ਕਹਿੰਦਾ, "ਤਲਵਾਰ ਦੀ ਲੜਾਈ

ਕਲਾ ਦਾ ਮੂਲ ਅਸਮਾਨ ਖ਼ਾਂ ਭੀ ਬਾਬੇ ਗੁਰਦਿਤੇ ਜੀ ਦੇ ਹਥੋਂ ਮਾਰਿਆ ਗਿਆ ਹੈ। ਪੈਂਦੇ ਤੇ ਅਸਮਾਨ ਦੀ ਮੌਤ ਤੇ ਫ਼ੌਜ ਦੇ ਪੈਰ ਉੱਖੜਦੇ ਦੇਖ ਕਾਲੇ ਖ਼ਾਂ ਨੇ ਕੁਤਬ ਖ਼ਾਂ ਨੂੰ ਵੰਗਾਰਿਆ ਤੇ ਕਿਹਾ, "ਅਗੇ ਵੱਧ !"

ਉਹ ਰੋਹ ਖਾ ਕੇ ਵਧਿਆ ਤੇ ਸਤਿਗੁਰਾਂ ਦੇ ਅੱਗੇ ਜਾ ਪੁੱਜਾ। ਸਤਿਗੁਰਾਂ ਦੇ ਸਾਹਮਣੇ ਜਾ ਲਲਕਾਰੇ ਮਾਰਨ ਲੱਗਾ।

"ਖ਼ਾਂ ਕੁਤਬੇ ਤਦ ਕਰੋਧ ਕਰਿਓ,
ਪਿਖ ਪ੍ਰੇਰ ਤੁਰੰਗ ਭਇਓ ਸੁਮਹਾਈ।
ਸ੍ਰੀ ਗੁਰੂ ਹੈ ਜਿਸ ਥਾਨ ਥਿਕੇ,
ਬਹੁ ਬਾਨ ਪ੍ਰਹਾਰਿਤ ਸੂਰਨ ਆਈ।
ਘਨ ਘਰਿਓ ਲਲਕਾਰ ਪਰਿਓ,
ਉਚਰਿਓ ਹੁਣ ਠਾਂਡ ਰਹੋ ਆਗਵਾਈ।
ਯਹੁ ਕਹਿ ਤੀਰ ਨਿਕਾਲਤ ਬੀਰ,
ਅਧੀਰਜ ਚਾਂਪ ਕੋ ਐਂਚ ਚਲਾਈ।"

ਜਦ ਕੁਤਬ ਖ਼ਾਂ ਨੇ ਤੋਲ ਕੇ ਤੀਰ ਮਾਰਿਆ, ਤਾਂ ਸਤਿਗੁਰਾਂ ਨੇ ਢਾਲ ਤੇ ਲੈ ਅਗੋਂ ਜੁਆਬੀ ਤੀਰ ਦਿਤਾ, ਜੋ ਖ਼ਾਨ ਦੇ ਘੋੜੇ ਦਾ ਕੰਮ ਕਰ ਗਿਆ। ਖ਼ਾਨ ਨੂੰ ਪੈਦਲ ਹੋਇਆ ਦੇਖ ਸਤਿਗੁਰੂ ਭੀ ਪੈਦਲ ਹੋ ਗਏ ਅਤੇ ਥੋੜ੍ਹੇ ਜਹੇ ਵਾਰਾਂ ਦੇ ਵਟਾਂਦਰੇ ਦੇ ਬਾਅਦ ਕੁਤਬ ਖ਼ਾਂ ਸਿਰ ਸਤਿਗੁਰਾਂ ਦੀ ਤਲਵਾਰ ਦੀ ਭੇਟ ਕਰ ਸੁਵਰਗ ਸੁਧਾਰ ਗਿਆ। ਕੁਤਬ ਖ਼ਾਂ ਨੂੰ ਡਿਗਦਿਆਂ ਦੇਖ ਕਾਲੇ ਖ਼ਾਂ ਨੇ ਫ਼ੌਜ ਨੂੰ ਲਲਕਾਰ ਕੇ ਕਿਹਾ, "ਜਵਾਂਮਰਦੋ, ਇਹ ਜੰਗ ਇਸਲਾਮੀ ਸਲਤਨਤ ਦੀ ਰੱਖਿਆ ਲਈ ਹੈ। ਕੁਫਰ ਦਾ ਕਿਲ੍ਹਾ ਤੋੜਨਾ ਹੈ। ਅਸੀਂ ਕਿਤਨੇ ਬਹਾਦਰ ਮਰਵਾ ਬੈਠੇ

ਹਾਂ। ਗ਼ਾਜ਼ੀਓ, ਹੁਣ ਆਖ਼ਰੀ ਮੌਕਾ ਹੈ। ਵਧੋ ਤੇ ਤੇਗ ਦੇ ਜੌਹਰ ਵਿਖਾਉ।" ਸ਼ਾਹੀ ਸੈਨਾ, ਸੈਨਾਪਤੀ ਦੇ ਲਲਕਾਰਨ ਤੇ ਜੋਸ਼ ਖਾ ਚੌਹਾਂ ਪਾਸਿਆਂ ਤੋਂ ਟੁੱਟ ਕੇ ਪੈ ਗਈ, ਪਰ ਅਗੋਂ ਭੀ ਸਿਖ ਸੈਨਾ ਸੀ। ਇਕ ਪਾਸੇ ਮੁਸਲਮਾਨੀ ਤੇ ਮਾਣ ਤੇ ਦੂਜੇ ਬੰਨੇ ਸਿੱਖੀ ਦਾ ਸਰੂਰ ਸੀ। ਪਰ ਜਿਥੇ ਸਿਖ ਸੱਚ ਮੁਚ ਧਰਮ-ਯੁੱਧ ਲਈ ਆਏ ਸਨ, ਓਥੇ ਅਭੋਲ ਸ਼ਾਹੀ ਸਿਪਾਹੀਆਂ ਨੂੰ ਮੁਸਲਮਾਨੀ ਦਾ ਝੂਠਾ ਵਾਸਤਾ ਪਾਇਆ ਜਾ ਰਿਹਾ ਸ, ਕਿਉਂਕਿ ਹਾਕਮ ਦਰਅਸਲ ਆਪਣੀ ਜ਼ੋਰ ਜਬਰ ਭਰੀ ਹਕੂਮਤ ਦਾ ਰੋਅਬ ਜਮਾਣਾ ਚਾਹੁੰਦੇ ਸਨ ਤੇ ਇਸ ਗੱਲ ਨਾਲ ਦੀਨ ਦਾ ਕੋਈ ਦੂਰ ਦਾ ਵਾਸਤਾ ਵੀ ਨਹੀਂ ਸੀ। ਕੁਝ ਚਿਰ ਘੋਰ ਕਟਾ-ਕੱਟ ਹੁੰਦੀ ਰਹੀ ਤੇ ਇਨੇ ਵਿੱਚ ਕਾਲੇ ਖ਼ਾਂ ਘੋੜਾ ਦੁੜਾ ਸਤਿਗੁਰਾਂ ਦੇ ਮੁਕਾਬਲੇ ਤੇ ਜਾ ਪੁੱਜਾ ਤੇ ਕਹਿਣ ਲੱਗਾ, "ਸੰਭਲੋ! ਮੇਰਾ ਤੀਰ ਤੁਹਾਡੀ ਮੌਤ ਦਾ ਪੈਗ਼ਾਮ ਲਿਆ ਰਿਹਾ ਹੈ।" ਸਤਿਗੁਰੂ ਸੁਣ ਕੇ ਮੁਸਕ੍ਰਾ ਪਏ ਤੇ ਬੋਲੇ, "ਕਾਲੇ ਖ਼ਾਂ, ਕਾਹਲਾ ਨਾ ਪਉ। ਤੇਰਾ ਬਲ ਹੁਣੇ ਦੇਖਿਆ ਜਾਂਦਾ ਹੈ। ਪਹਿਲਾਂ ਆਪਣਾ ਵਾਰ ਕਰ ਲੈ ਅਤੇ ਪਿਛੋਂ ਸਾਡਾ ਸਹਾਰੀਂ।" ਕਾਲੇ ਖ਼ਾਂ ਦੇ ਬਾਣ ਮਾਰਿਆ ਜੋ ਸਤਿਗੁਰਾਂ ਦੇ ਮਸਤਿਕ ਨੂੰ ਛੋਹ ਕੇ ਨਿਕਲ ਗਿਆ। ਸਤਿਗੁਰਾਂ ਨੇ ਜੁਆਬੀ ਤੀਰ ਦਿਤਾ। ਕਾਲੇ ਖ਼ਾਂ ਤੇ ਬੱਚ ਗਿਆ, ਪਰ ਘੋੜਾ ਥਾਂ ਰਿਹਾ। ਕਾਲੇ ਖ਼ਾਂ ਨੇ ਘੋੜੇ ਤੋਂ ਉੱਠ ਲਲਕਾਰ ਕੇ ਕਿਹਾ, "ਮੈਂ ਪਿਆਦਾ ਹਾਂ।" ਇਹ ਸੁਣ ਸਤਿਗੁਰੂ ਭੀ ਘੋੜੇ ਤੋਂ ਛਾਲ ਮਾਰ ਉਸ ਦੇ ਸਾਹਮਣੇ ਪੈਦਲ ਹੋ ਆ ਡਟੇ ਤੇ ਫਰਮਾਇਓ ਨੇ, "ਹੁਣ ਦਸੋ।" ਖ਼ਾਨ ਕਹਿੰਦਾ, "ਤਲਵਾਰ ਦੀ ਲੜਾਈ

ਕਰਾਂਗਾ, ਤੀਰ ਦੀ ਨਹੀਂ ।" ਇਹ ਸੁਣ ਸਤਿਗੁਰਾਂ ਭੀ ਤਲਵਾਰ ਕੱਢ ਲਈ। ਸੈਨਾਪਤੀਆਂ ਨੂੰ ਜੁਟਿਆਂ ਦੇਖ ਦੋਵੇਂ ਦਲ ਖੜੋ ਗਏ। ਕਾਲੇ ਖ਼ਾਂ ਨੇ ਪਹਿਲੀ ਤਲਵਾਰ ਮਾਰੀ, ਤਾਂ ਸਤਿਗੁਰਾਂ ਨੇ ਢਾਲ ਤੇ ਲਈ। ਸਤਿਗੁਰਾਂ ਵਾਰ ਕੀਤਾ, ਤਾਂ ਕਾਲੇ ਖ਼ਾਂ ਤਲਵਾਰ ਤਲਵਾਰ ਤੇ ਰੋਕੀ। ਇਸੇ ਤਰ੍ਹਾਂ ਬਹੁਤ ਦੇਰ ਤੱਕ ਦੋਵੇਂ ਸੂਰਮੇਂ ਵਾਰ ਵਟਾਉਂਦੇ ਰਹੇ ਤੇ ਜਦ ਆਖ਼ਰੀ ਵਾਰ ਕਾਲੇ ਖ਼ਾਂ ਨੇ ਮਾਰਿਆ ਤਾਂ ਸਤਿਗੁਰਾਂ ਨੇ ਕਿਹਾ, *"ਖ਼ਾਨ ਤਲਵਾਰ ਇਉਂ ਨਹੀਂ, ਇਉਂ ਮਾਰੀ ਦੀ ਹੈ।" ਇਤਨਾ ਆਖ ਉਹ ਤੁਲਵਾਂ ਵਾਰ ਕੀਤਾ ਕਿ ਕਾਲੇ ਖ਼ਾਂ ਦਾ ਸਿਰ ਧੜ ਤੋਂ ਅੱਡ ਹੋ ਜ਼ਮੀਨ ਤੇ ਜਾ ਪਿਆ। ਸਿੱਖ ਸੈਨਾ ਨੇ ਜੈ ਜੈ ਕਾਰ ਕੀਤੀ ਅਤੇ ਫਤ੍ਹੇ ਦੇ ਧੌਂਸੇ ਵਜਾ ਦਿਤੇ। ਇਸ ਭੀੜ ਭੜੱਕੇ ਵਿਚ ਕਾਸਮ ਖ਼ਾ ਸਤਿਗੁਰਾਂ ਤੇ ਅਡੋਲ ਖੜੋਤਿਆਂ ਵਾਰ ਕਰਨ ਲਈ ਚੁਪ ਕੀਤਿਆਂ ਭੀੜ ਵਿਚੋਂ ਵਧਿਆ, ਪਰ

---

*ਮੋਹਸਨਫਾਨੀ ਨੇ ਦਬਿਸਤਾਨੇ ਮਜ਼ਾਹਿਬ ਵਿਚ ਇਉਂ ਲਿਖਿਆ ਹੈ, "ਸ਼ਕਸੇ ਦੌਰਾਨੇ ਜੰਗ ਤੇਗ਼ ਬਰ ਗੁਰੂ ਅੰਦਾਖਤ ਗੁਰੂ ਰਦ ਕਰਦਾ ਸ਼ਮਸ਼ੀਰਜ਼ਨ ਰਾ ਗੁਫਤ ਚੁਨੀ ਨਮੇਂ ਜ਼ਦੰਦ, ਜ਼ਦਨ ਈਂ ਅਸਤ ਬਦੋ ਜ਼ਰਬਤ ਕਾਰੇ ਗਨੀਮ ਬਸਾਖਤ।"

"ਗੁਰੂ ਤੇ ਲੜਾਈ ਵਿਚ ਇਕ ਆਦਮੀ ਨੇ ਤਲਵਾਰ ਦਾ ਵਾਰ ਕੀਤਾ। ਗੁਰੂ ਨੇ ਵਾਰ ਨੂੰ ਰੱਦ ਕਰਦਿਆਂ ਹੋਇਆਂ ਤਲਵਾਰ ਚਲਾਉਣ ਵਾਲੇ ਨੂੰ ਕਿਹਾ, "ਇਦਾਂ ਨਹੀਂ ਮਾਰੀ ਦੀ, ਮਾਰਨ ਇਹ ਹੈ।" ਤੇ ਉਸ ਵਾਰ ਦੇ ਨਾਲ ਹੀ ਦੁਸ਼ਮਨ ਦਾ ਕੰਮ ਭੀ ਕਰ ਦਿਤਾ।"

ਕੀਤੀ ਦਾ ਫਲ ਪਾ ਖ਼ਤਮ ਹੋ ਗਿਆ। ਤੁਰਕ ਸੈਨਾ ਨੂੰ †ਭਾਂਜ ਪੈ ਗਈ ਤੇ ਸਿਖ ਸੈਨਾ ੨੪ ਹਾੜ ਸੰ: ੧੬੯੧ ਨੂੰ ਜਿਤ ਦੇ ਨਗਾਰੇ ਵਜਾਂਦੀ ਹੋਈ ਅੱਧੀ ਰਾਤ ਤੋਂ ਪਹਿਲਾਂ ਹੀ ਡੇਰੇ ਆ ਪੁੱਜੀ। ਇਸ ਜੰਗ ਸਮੇਂ ਇਕ ਖਾਸ ਗੱਲ ਇਹ ਵੀ ਲਿਖਣ ਯੋਗ ਹੈ ਕਿ ਸ੍ਰੀ ਮਾਤ ਨਾਨਕੀ ਜੀ ਅਤੇ ਉਹਨਾਂ ਦੇ ਨਾਲ ਹੋਰ ਸਿਖ ਦੇਵੀਆਂ ਭੀ ਚੁਬਾਰਿਆਂ ਤੇ ਖੜੋ ਯੁੱਧ ਦਾ ਦ੍ਰਿਸ਼ ਦੇਖਦੀਆਂ ਰਹੀਆਂ।

## ਧੀਰ ਮੱਲ ਦਾ ਧ੍ਰੋਹ

ਕਰਤਾਰ ਪੁਰ ਦਾ ਇਹ ਯੁੱਧ ਜਿਤ ਜਾਣਾ ਸਿੱਖ ਸੈਨਾ ਦੀ ਕਰਾਮਾਤ ਸੀ। ਕਿਉਂਕਿ ਜਿਥੇ ਸ਼ਾਹੀ ਸੈਨਾਂ ਕਈ ਹਜ਼ਾਰ ਦੀ ਗਿਣਤੀ ਵਿੱਚ ਸੀ, ਓਥੇ ਸਤਿਗੁਰਾਂ ਕੋਲ ਸਿਰਫ ਕੁਝ ਸੌ

---

†ਇਸ ਲੜਾਈ ਦਾ ਜ਼ਿਕਰ ਭੀ ਮੋਹਸਨ ਫਾਨੀ ਨੇ ਆਪਣੇ ਇਤਿਹਾਸ ਵਿਚ ਕੀਤਾ ਹੈ। ਉਹ ਲਿਖਦਾ ਹੈ, "ਅਜ਼ਾਂ ਮਕਾਂ ਬਾ ਕਰਤਾਰ ਪੁਰ ਸ਼ਤਾਫਤ ਦਰ ਆਂਜਾ ਨੀਜ਼ ਮਹਾਰਬਾ ਦਸਤ ਦਾਦ ਦੌਰਾਨੇ ਜੰਗ ਪੀਰ ਬਦੇਹਰਾ ਵਾ ਪੈਂਦਾ ਖਾਂ ਕਿ ਪਿਸਰੇ ਫਤੇ ਖਾਂ ਕੁਨੀਦ ਬੂਦ ਬਕਤਲ ਰਸੀਦ ਵਾ ਪੇਸ਼ ਅਜ਼ਾਂ ਵਾ ਪਸ ਅਜ਼ਾਂ ਬਸਾ ਲਸ਼ਕਰੇ ਗਿਰਾਂ ਸੰਗ ਬਰ ਸਰੇ ਊ ਅੰਦਾਖ਼ਤ ਬਾਤਾਈਦੇ ਏਜ਼ਦੀ ਸਾਲਮ ਬਰੂ ਰਫਤ।"

"ਉਹ ਉਸ ਥਾਂ ਤੋਂ ਕਰਤਾਰਪੁਰ ਨੂੰ ਚਲਾ ਗਿਆ। ਓਥੇ ਭੀ ਲੜਾਈ ਹੋਈ ਅਤੇ ਲੜਾਈ ਵਿਚ ਪੀਰ ਬਦੇਹਰਾ ਤੇ ਫਤੇ ਖਾਂ ਦਾ ਪੁੱਤ੍ਰ ਪੈਂਦਾ ਖਾਂ ਮਾਰੇ ਗਏ। ਇਸ ਤੋਂ ਪਹਿਲਾਂ ਤੇ ਪਿਛੋਂ ਕਈ ਵਾਰੀ ਬੜੇ ਬੜੇ ਭਾਰੇ ਲਸ਼ਕਰਾਂ ਨੇ ਉਸ ਤੇ ਚੜ੍ਹਾਈ ਕੀਤੀ, ਪਰ ਉਹ ਰਬ ਦੀ ਮੇਹਰਬਾਨੀ ਨਾਲ ਸਹੀ ਸਲਾਮਤ ਹੀ ਬਚ ਗਿਆ।"

ਜਵਾਨ ਹੀ, ਜੋ ਹਮੇਸ਼ਾਂ ਉਹਨਾਂ ਦੀ †ਅਰਦਲ ਵਿਚ ਰਹਿੰਦੇ ਸੀ, ਬਾਕਾਇਦਾ ਫ਼ੌਜ ਦਾ ਸੀ। ਪਰ ਫਿਰ ਭੀ ਸਤਿਗੁਰਾਂ ਦੀ ਮੇਹਰ ਨਾਲ ਫਤਹ ਸਚਾਈ ਦੀ ਹੀ ਹੋਈ ਅਤੇ ਸਿਖ ਸੈਨਾਂ ਕਾਮਯਾਬ ਰਹੀ।

ਸਤਿਗੁਰਾਂ ਨੇ ਹੁਣ ਕਰਤਾਰ ਪੁਰ ਵਧੇਰੇ ਠਹਿਰਨਾ ਯੋਗ ਨਾ ਸਮਿਝਆ, ਕਿਉਂਕਿ ਭਾਵੇਂ ਸ਼ਾਹੀ ਸੈਨਾ ਨੂੰ ਸ਼ਿਕਸਤ ਹੋ ਗਈ ਸੀ, ਪਰ ਲਾਹੌਰੋਂ ਹੋਰ ਲਸ਼ਕਰ ਦੇ ਆ ਜਾਣ ਦੀ ਸੰਭਾਵਨਾ ਸੀ, ਇਸ ਲਈ ਸਾਹਿਬਾਂ ਨੇ ਛੇਤੀ ਹੀ ਜ਼ਖ਼ਮੀਆਂ ਤੇ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਸੰਭਾਲ ਕੀਰਤ ਪੁਰ ਸਾਹਿਬ ਵਲ ਚਾਲੇ ਪਾਉਣ ਦਾ ਹੁਕਮ ਦੇ ਦਿਤਾ ਤੇ ਸਭ ਸਿਖ ਸੈਨਾ ਤੇ ਗੁਰੂ ਕੇ ਪ੍ਰਵਾਰ ਆਪਣੀ ਆਪਣੀ ਥਾਂ ਸਫ਼ਰ ਦੀ ਤਿਆਰੀ ਕਰਨ

---

†ਦਬਿਸਤਾਨੇ ਮਜ਼ਾਹਿਬ ਵਿਚ ਮੋਹਸਨਫਾਨੀ ਲਿਖਦਾ ਹੈ, "ਗੁਰੂ ਹਫ਼ਤ ਸਦ ਅਸਪ ਦਰ ਤਬੇਲਾ ਦਾਸ਼ਤ ਵਾ ਸਿਹ ਸਦ ਸਵਾਰੇ ਸ਼ਸਤ ਤੋਪਚੀ ਹਮੇਸ਼ਾਂ ਦਰ ਬੰਦਗੀ ਓ ਬੂਦੰਦ ਦਰਾਂ ਜਮਈ ਬਾ ਸੁਦਾਗਰੀਓ ਖਿਦਮਾਓ ਵਾਓ ਕਾਰਗੁਜ਼ਾਰੀ ਬਸਰ ਮੇਂ ਬੁਰਦੰਦ।" "ਗੁਰੂ ਪਾਸ ਤਬੇਲੇ ਵਿਚ ੭੦੦ ਘੋੜੇ, ੩੦੦ ਸਵਾਰ ਤੇ ੬੦ ਤੋਪਚੀ ਹਰ ਵੇਲੇ ਉਸ ਦੀ ਸੇਵਾ ਵਿਚ ਰਹਿੰਦੇ ਸਨ। ਇਹਨਾਂ ਵਿਚੋਂ ਬਹੁਤ ਸਾਰੇ ਸੁਦਾਗਰੀ, ਨੌਕਰੀ ਅਤੇ ਹੋਰ ਕੰਮ ਕਰਦੇ ਸਨ।" ਮਾਲੂਮ ਹੁੰਦਾ ਹੈ ਕਿ ਕਈ ਇਕ ਇਤਿਹਾਸਕਾਰਾਂ ਨੇ ਸਤਿਗੁਰਾਂ ਦੀ ਇਸ ਹਜ਼ੂਰੀ ਫੌਜ ਨੂੰ ਹੀ ਗਲਤੀ ਨਾਲ ਬਾਦਸ਼ਾਹ ਵਲੋਂ ਦਿਤੀ ਹੋਈ ਅਰਦਲ ਸਮਝ ਲਿਆ ਹੈ। ਪਰ ਜੇ ਗੁਰੂ ਸਾਹਿਬ ਕੋਲ ਸੱਚ ਮੁਚ ਹੀ ਕੋਈ ਸ਼ਾਹੀ ਲਸ਼ਕਰ ਦਾ ਦਸਤਾ ਰਹਿੰਦਾ ਹੁੰਦਾ, ਤਾਂ ਉਸਦਾ ਜ਼ਿਕਰ ਮੋਹਸਨ ਫਾਨੀ ਜ਼ਰੂਰ ਕਰਦਾ। ਅਸਲ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਇਹੋ ਹੀ ਸਿਦਕੀ ਜਾਨਬਾਜ਼ਾਂ ਦਾ ਜਥਾ ਰਹਿੰਦਾ ਸੀ।

ਲੱਗੇ, ਪਰ ਧੀਰ ਮੱਲ ਨੇ ਕੁਝ ਗਹੁ ਨਾ ਕੀਤਾ।

ਕੁਦਰਤ ਦਾ ਨਜ਼ਾਮ ਭੀ ਅਜੀਬ ਹੈ, ਜਿਸ ਵਿੱਚ ਕੋਈ ਵੀ ਚੰਦ ਬਗੈਰ ਦਾਗ਼ ਤੋਂ ਨਹੀਂ। ਗੁਲਾਬ ਦੇ ਸੁੰਦਰ ਫ਼ੁਲਾਂ ਨਾਲ ਕੰਡੇ ਸਦਾ ਤੋਂ ਚਲੇ ਆਉਂਦੇ ਹਨ। ਪ੍ਰਤੀਤ ਇਉਂ ਹੁੰਦਾ ਹੈ ਕਿ ਇਹਨਾਂ ਦਾਗ਼ਾਂ ਤੋਂ ਬਗੈਰ ਚਮਕਾਂ ਤੇ ਕੰਡਿਆਂ ਦੀਆਂ ਚੋਭਾਂ ਤੋਂ ਬਿਨਾਂ ਫ਼ੁੱਲਾਂ ਦੀ ਮੁਲਾਇਮੀ ਤੇ ਖ਼ੁਸ਼ਬੂ ਸੱਚੀ ਕਦਰ ਨਹੀਂ ਪਾ ਸਕਦੀ। ਜੇ ਮਾਰੂ ਥਲਾਂ ਦੀ ਤਪਤ ਨਾ ਹੋਵੇ, ਤਾਂ ਪਾਣੀ ਦੀ ਅਸਲੀ ਕੀਮਤ ਨਾ ਪੈ ਸਕੇ। ਸੱਚ ਮੁੱਚ ਹੀ ਵਿਧਾਤਾ ਨੇ ਨੇਕੀ ਦੇ ਨਾਲ ਬਦੀ, ਸੁਖ ਦੇ ਨਾਲ ਦੁੱਖ, ਸੱਚ ਦੇ ਨਾਲ ਝੂਠ ਤੇ ਵਫ਼ਾ ਦੇ ਨਾਲ ਦਗ਼ੇ ਨੂੰ ਇਸ ਲਈ ਹੀ ਜੋੜ ਬਿਠਾਇਆ ਹੈ ਕਿ ਸੱਚੇ ਗੁਣਾਂ ਦੀ ਸਹੀ ਵਡਿਆਈ ਮਾਲੂਮ ਹੋ ਸਕੇ। ਸੋ ਗੁਰੂ ਘਰ ਦੀ ਮਹਾਨ ਉੱਚੀ, ਸੁੱਚੀ ਤੇ ਜੀਵਨ ਮਨੋਰਥ-ਭਰੀ ਫੁਲਵਾੜੀ ਵਿਚ ਭੀ ਕੁਦਰਤ ਕਦੀ ਕਦੀ ਕੋਈ ਕੰਡਾ ਦਿਖਾ ਦੇਂਦੀ ਰਹੀ। ਗੁਰੂ ਅੰਸ ਦੇ ਪੂਰਨ ਚੰਦ ਵਿਚ ਕੋਈ ਕੋਈ ਦਾਗ਼ ਦਿਸ ਹੀ ਆਉਂਦਾ ਰਿਹਾ। ਮਾਲੂਮ ਹੁੰਦਾ ਹੈ ਕਿ ਇਹ ਸਤਿਗੁਰਾਂ ਦੀ ਆਪਣੀ ਹੀ ਲੀਲ੍ਹਾ ਸੀ, ਜਿਸ ਦੁਆਰਾ ਉਹ ਆਪਣੇ ਪੰਥ ਨੂੰ ਦਰਸਾਣਾ ਚਾਹੁੰਦੇ ਸਨ ਕਿ ਮਨੁੱਖ ਵਿਚ ਕਮਜ਼ੋਰੀ ਦੀ ਸੰਭਾਵਨਾ ਉੱਚੀ ਤੋਂ ਉੱਚੀ ਕੁਲ ਵਿਚ ਜਨਮ ਲੈਣ ਤੇ ਭੀ ਰਹਿ ਸਕਦੀ ਹੈ। ਚੁਨਾਂਚਿ ਧੀਰ ਮੱਲ ਭੀ ਇਸ ਮਨੁੱਖ ਕਮਜ਼ੋਰੀ ਦਾ ਇਕ ਨਮੂਨਾ ਸੀ। ਸਤਿਗੁਰਾਂ ਦਾ ਪੋਤਰਾ ਤੇ ਟਿੱਕੇ ਗੁਰਦਿੱਤੇ ਜੀ ਜੈਸੇ ਮਹਾਂ ਬਲੀ ਸੂਰਮੇਂ ਦਾ ਜੇਠਾ ਪੁਤਰ ਹੋ ਕੇ ਭੀ ਉਹ ਡਰਾਕਲ ਸੁਭਾਵ ਦਾ ਸੀ। ਡਰ ਤੇ ਹਕੂਮਤ

ਵੱਲੋਂ ਕੰਬ ਗੁਰੂ ਘਰ ਦਾ ਧ੍ਰੋਹੀ ਬਣਾ ਦਿਤਾ ਸੀ। ਚੁਨਾਂਚਿ ਜਦੋਂ ਪੈਂਦੇ ਖ਼ਾਂ ਨਮਕ-ਹਰਾਮ ਹੋ ਹਕੂਮਤ ਨਾਲ ਜਾ ਰਲਿਆ, ਤਾਂ ਉਸ ਨੇ ਵਿਰੋਧੀਆਂ ਨੂੰ ਸਿੱਖ ਸੈਨਾ ਦੇ ਕਮਜ਼ੋਰ ਪਹਿਲੂ ਦਸਦਿਆਂ ਹੋਇਆਂ ਇਸ ਗ਼ੱਦਾਰ ਦਾ ਭੀ ਜ਼ਿਕਰ ਕੀਤਾ ਤੇ ਦੱਸਿਆ ਕਿ ਉਸ ਦੇ ਰਾਹੀਂ, ਜੇ ਉਸ ਨੂੰ ਹਕੂਮਤ ਵੱਲੋਂ ਗੁਰ-ਗੱਦੀ ਮਿਲਣ ਦਾ ਨਿਸਚਾ ਹੋ ਜਾਵੇ, ਬਹੁਤ ਸਾਰ ਜੰਗੀ ਭੇਦ ਸ਼ਾਹੀ ਸੈਨਾਪਤੀ ਨੂੰ ਮਿਲ ਸਕਦੇ ਹਨ। ਚੁਨਾਂਚਿ ਇਸ ਖ਼ਿਆਲ ਨਾਲ ਹੀ ਕਾਲੇ ਖ਼ਾਂ ਨੇ *ਕਰਮੇ ਨਾਮ ਦੇ ਖੱਤ੍ਰੀ ਮੁੰਡੇ ਨੂੰ, ਜੋ ਧੀਰ ਮੱਲ ਦਾ ਹਮਜੋਲੀ ਸੀ, ਆਪਣੀ ਤਰਫੋਂ ਪੈਗ਼ਾਮ ਦ ਕੇ ਭੇਜਿਆ ਤੇ ਉਸ ਨੂੰ ਆਪਣੇ ਨਾਲ ਗੰਢਿਆ। ਚੁਨਾਂਚਿ ਧੀਰ ਮੱਲ ਗੁਰਿਆਈ ਦਾ ਹਕੂਮਤ ਵਲੋਂ ਦਿਤੇ ਜਾਣ ਦਾ ਭਰੋਸਾ ਲੈ ਦੁਸ਼ਮਨ ਨਾਲ ਬਕਾਇਦਾ ਪੱਤ੍ਰ ਵਿਓਹਾਰ ਕਰਦਾ ਰਿਹਾ, ਜਿਸ ਸਾਜ਼ਿਸ਼ ਨੂੰ ਭਾਈ ਬਿਧੀ ਚੰਦ ਜੀ ਨੇ ਪਕੜ ਵੀ ਲਿਆ ਅਤੇ ਧੀਰ ਮੱਲ ਦਾ ਦੁਸ਼ਮਨ ਵੱਲ ਭੇਜਿਆ ਜਾ ਰਿਹਾ ਖ਼ਤ ਕਰਮੇ ਨੂੰ ਗਰਿਫ਼ਤਾਰ ਕਰ ਕੇ ਸਤਿਗੁਰਾਂ ਦੇ ਪੇਸ਼ ਭੀ ਕਰ ਦਿਤਾ। ਸਤਿਗੁਰਾਂ ਨੇ ਇਹ ਸਭ ਹਾਲ ਮਾਲੂਮ ਹੋਣ ਤੇ ਫਰਮਾਇਆ, "ਧੀਰ ਮੱਲ ਪ੍ਰਿਥੀਏ ਦਾ ਅਵਤਾਰ ਹੈ।" ਪਰ

---

*ਤਵਾਰੀਖ ਖ਼ਾਲਸਾ ਨੇ ਦੋ ਖੱਤ੍ਰੀਆਂ ਦਾ ਜ਼ਿਕਰ ਕੀਤਾ ਹੈ ਤੇ ਇਕ ਦਾ ਨਾਮ ਕਰਮਾਂ ਤੇ ਦੂਜੇ ਦਾ ਦੁਫੇੜਾ ਲਿਖਿਆ ਹੈ। ਪਰ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਇਕੋ ਹੀ ਸੀ, ਨਾਮ ਕਰਮਾ ਸੀ, ਪਰ ਗੁਰੂ ਘਰ ਵਿਚ ਦੁਫੇੜ ਪਾਉਣ ਦੇ ਕੰਮ ਉਤੇ ਲਾਏ ਜਾਣ ਕਰਕੇ ਉਸੇ ਦਾ ਨਾਂ ਹੀ ਦੁਫੇੜਾ ਕਿਹਾ ਗਿਆ ਹੈ।

ਆਪ ਨੇ ਗੰਭੀਰ ਸੁਭਾਵ ਅਨੁਸਾਰ ਹੋਰ ਕੋਈ ਕਾਰਵਾਈ ਨਾ ਕੀਤੀ।

ਹੁਣ ਜਦ ਸਾਰੀ ਫ਼ੌਜ ਤੇ ਵਹੀਰ ਨੂੰ ਕੀਰਤ ਪੁਰ ਸਾਹਿਬ ਵੱਲ ਚਾਲੇ ਪਾਣ ਦਾ ਹੁਕਮ ਹੋਇਆ, ਤਾਂ ਧੀਰ ਮੱਲ ਨੇ ਕੋਈ ਤਿਆਰੀ ਨਾ ਕੀਤੀ। ਜਾਂ ਭਾਈ ਬਿਧੀ ਚੰਦ ਜੀ ਨੇ ਉਹਨੂੰ ਜਾ ਕੇ ਉਚੇਚਾ ਤੁਰਨ ਲਈ ਕਿਹਾ, ਤਾਂ ਉਸ ਨੇ ਕਿਹਾ, "ਮੈਂ ਕਰਤਾਰ ਪੁਰ ਹੀ ਰਹਾਂਗਾ। ਇਥੇ ਦਾ ਇੰਤਜ਼ਾਮ ਭੀ ਆਖ਼ਿਰ ਕਿਸੇ ਨੇ ਕਰਨਾ ਹੀ ਹੈ।" ਭਾਈ ਬਿਧੀ ਚੰਦ ਜੀ ਨੇ ਬਹੁਤ ਕਿਹਾ ਸੁਣਿਆ, ਪਰ ਧੀਰ ਮੱਲ ਨਾ ਹੀ ਤਿਆਰ ਹੋਇਆ। ਸਤਿਗੁਰਾਂ ਧੀਰ ਮੱਲ ਦੀ ਇਹ ਸਾਰੀ ਬੇਰੁਖੀ ਜਹੀ ਗੱਲ ਸੁਣ ਕੇ ਫਰਮਾਇਆ, "ਉਸ ਨੂੰ ਇਥੇ ਹੀ ਟਿਕਿਆ ਰਹਿਣ ਦਿਓ।"

ਭਾਵੇਂ ਸਤਿਗੁਰਾਂ ਨੇ ਧੀਰਜ ਤੋਂ ਕੰਮ ਲਿਆ ਅਤੇ ਧੀਰ ਮੱਲ ਦੀਆਂ ਭੁੱਲਾਂ ਤੇ ਖਿਮਾ ਹੀ ਕਰਦੇ ਰਹੇ, ਪਰ ਉਸ ਨੇ ਆਪਣਾ ਸੁਭਾਵ ਨਾ ਛੱਡਿਆ ਅਤੇ ਜਦ ਵਹੀਰ ਕੀਰਤ ਪੁਰ ਨੂੰ ਤਿਆਰ ਹੋਇਆ, ਤਾਂ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕਿਧਰੇ ਲੁਕਾ ਦਿਤੀ। ਮਹਾਰਾਜ ਉਸ ਦੀ ਇਹ ਕਰਤੂਤ ਸੁਣ ਕੇ ਭੀ ਚੁਪ ਹੀ ਰਹੇ।

ਸਤਿਗੁਰੂ ਹੁਣ ਫ਼ੌਜ ਤੇ ਪ੍ਰਵਾਰ ਸਮੇਤ ਕੀਰਤਪੁਰ ਨੂੰ ਚੱਲ ਪਏ। ਅਜੇ ਫਗਵਾੜੇ ਦੇ ਕੋਲ ਪਲਾਹੀ ਪਿੰਡ ਦੇ ਲਾਗੇ ਹੀ ਪੁੱਜੇ ਸਨ ਤੇ ਡੇਰਾ ਕੀਤਾ ਹੀ ਸੀ ਕਿ ਪਿੱਛੋਂ ਸ਼ਾਹੀ ਸੈਨਾ ਦੀ ਨਵੀਂ ਕੁਮਕ, ਜੇਹੜੀ ਕਿ ਕਰਤਾਰ ਪੁਰ ਨੂੰ ਆ ਰਹੀ ਸੀ, ਰਸਤੇ ਵਿਚੋਂ ਹੀ ਸਾਰਾ ਹਾਲ ਮਾਲੂਮ ਕਰ ਸਤਿਗੁਰਾਂ ਦੇ

ਮਗਰ ਫਗਵਾੜੇ ਵੱਲ ਹੋ ਤੁਰੀ ਸੀ, †ਅਚਨਚੇਤ ਹੀ ਆ ਪਈ। ਇਹ ਫੌਜ ਅਬਦੁੱਲਾ ਖ਼ਾਂ ਦੇ ਪੁੱਤਰ ਅਹਿਮਦ ਖ਼ਾਂ ਦੇ ਮਾਤਹਿਤ ਸੀ ਤੇ ਇਸਨਾਲ ਬੱਸੀ ਸ਼ੇਖ਼ਾਂ ਵਾਲੀ ਦੇ ਰਈਸ ਜਮਾਲ ਖ਼ਾਂ ਤੇ ਫਤੇ ਖ਼ਾਂ ਤੇ ਅਲੌਲ ਪੁਰੀਏ ਜ਼ਾਫ਼ਤਾ ਖ਼ਾਂ ਤੇ ਹੋਰ ਕਈ ਇਲਾਕੇ ਦੇ ਸਿਰਕੱਢਵੇਂ ਪਠਾਣ ਸਰਦਾਰ ਸ਼ਾਮਲ ਸਨ। ਇਹ ਸਾਰੀ ਫ਼ੌਜ ਮਿਲ ਜੁਲ ਕੇ ਕੋਈ ਪੰਜਾਹ ਹਜ਼ਾਰ ਦੇ ਕਰੀਬ ਸੀ। ਹੱਲਾ ਅਚਨਚੇਤ ਹੀ ਹੋਇਆ ਸੀ, ਜਿਸ ਕਰ ਕੇ ਬੰਦੂਕਾਂ ਚਲਾਉਣ ਦਾ ਤੇ ਕਿਸੇ ਨੂੰ ਸਮਾਂ ਹੀ ਨਾ ਮਿਲਿਆ। ਦੋਵੇਂ ਧਿਰਾਂ ਤਲਵਾਰੀਂ ਉਤਰ ਪਈਆਂ। ਸੋ ਤਲਵਾਰ, ਨੇਜ਼ਾ, ਜਈਲਾ, ਸੈਹੀ, ਖੰਜਰ, ਜਮਦਾੜ, ਸਫ਼ਾ-ਜੰਗ, ਜੋ ਜਿਸ ਦੇ ਹੱਥ ਆਇਆ, ਲੈਕੇ ਦੁਸ਼ਮਨ ਤੇ ਟੁੱਟ ਪਿਆ। ਭਾਵੇਂ ਤਿਆਰੀ ਲਈ ਤੇ ਕੋਈ ਸਮਾਂ ਨਾ ਮਿਲਿਆ, ਪਰ ਫਿਰ ਭੀ ਭਾਈ ਬਿਧੀ ਚੰਦ, ਪ੍ਰਤਾਪ ਸਿੰਘ ਤੇ ਮਲਕ ਜਤੀ ਜਹੇ ਗੁਰੂ ਮਹਾਰਾਜ ਦੇ ਤਜਰਬੇਕਾਰ ਸੂਰਮਿਆਂ ਦੇ ਸਾਹਮਣੇ ਗਾਂਡੂ ਧਾੜ ਨੇ ਕੀ ਮੁਕਾਬਲਾ ਕਰਨਾ ਸੀ। ਛੇਤੀ ਹੀ ਭੱਜ ਖੜੋਤੇ। ਫਤੇ ਗੁਰੂ ਦੇ ਹੀ ਹੱਥ ਰਹੀ, ਪਰ ਡੇਰਾ ਲੁੱਟਿਆ ਜਾਣ ਕਰਕੇ ਧੰਨ ਮਾਲ ਦਾ ਨੁਕਸਾਨ ਬਹੁਤ ਹੋਇਆ। ਤੁਰਕ ਦਲ ਤਾਂ ਮੂੰਹ ਦੀ

---

**†ਦੁਸ਼ਮਨ ਦੇ ਇਸ ਤਰ੍ਹਾਂ ਅਚਾਨਕ ਆ ਪੈਣ ਵਿਚ ਭੀ ਧੀਰ ਮੱਲ ਦਾ ਹੱਥ ਪ੍ਰਤੀਤ ਹੁੰਦਾ ਹੈ, ਕਿਉਂਕਿ ਸਤਿਗੁਰਾਂ ਦੇ ਕਰਤਾਰਪੁਰੋਂ ਤੁਰਨ ਸਮੇਂ ਤੇ ਧੀਰ ਮੱਲ ਨੇ ਲਾਹੌਰ ਬਾਦਸ਼ਾਹ ਨੂੰ ਚਿਠੀ ਲਿਖੀ ਸੀ, ਜਿਸ ਵਿਚ ਆਪਣੀ ਵਫ਼ਾਦਾਰੀ ਦਾ ਯਕੀਨ ਦਿਲਾਇਆ ਸੀ। ਮਾਲੂਮ ਹੁੰਦਾ ਹੈ ਕਿ ਉਸ ਪੱਤ੍ਰਕਾ ਦੇ ਰਾਹੀਂ ਹੀ ਸਤਿਗੁਰਾਂ ਦੇ ਕੂਚ ਤੇ ਟਿਕਾਣੇ ਦਾ ਪਤਾ ਭੀ ਦੁਸ਼ਮਨ ਨੂੰ ਲੱਗਾ।**

ਖਾ ਕੇ ਨੱਸ ਭੱਜ ਗਿਆ ਤੇ ਸਤਿਗੁਰਾਂ ਨੇ ਆਪਣਾ ਵਹੀਰ ਅਗਾਂਹ ਚਲਾਇਆ ਅਤੇ ਬੰਗੇ ਦੇ ਪਾਸ ਜੀਂਦ ਪਿੰਡ ਜਾ ਉਤਰੇ। ਇਥੋਂ ਦਰਗਾ ਪੁਰ ਥਾਣੀਂ ਹੁੰਦੇ ਹੋਏ ਨੰਗਲ ਦੇ ਘਾਟ ਲੰਘ, ਪਾਇਲ ਥਾਣੀਂ ਹੋ, ਸਾਵਣ ਵਦੀ ਤ੍ਰੌਦਸ਼ੀ ਨੂੰ ਕੀਰਤ ਪੁਰ ਜਾ ਪੁੱਜੇ।

## ਕੀਰਤ ਪੁਰ ਨਿਵਾਸ

ਜਦ ਸਤਿਗੁਰਾਂ ਦੇ ਕੀਰਤ ਪੁਰ ਵਾਪਸ ਆਉਣ ਦੀ ਖ਼ਬਰ ਸੰਗਤਾਂ ਵਿਚ ਪੁੱਜੀ, ਤਾਂ ਪਹਾੜੀ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਹੋਇਆ। ਰਾਜਾ ਤਾਰਾ ਚੰਦ ਭੀ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਭੇਟ ਵਜੋਂ ਕੁਝ ਕੁ ਹੋਰ ਪਿੰਡਾਂ ਦਾ ਗੁਰੂ ਕੇ ਘੋੜਿਆਂ ਦੇ ਘਾਹ ਲਈ ਸਤਿਗੁਰਾਂ ਦੇ ਨਾਮ ਪਟਾ ਲਿਖ ਦਿਤਾ। ਬੜੇ ਬੜੇ ਦੀਵਾਨ ਲੱਗਣ ਲੱਗ ਪਏ ਤੇ ਪਹਾੜੀ ਇਲਾਕੇ ਵਿਚ ਗੁਰਮਤ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਿਆ ਅਤੇ ਅਗਲੀ ਵਿਸਾਖੀ ਨੂੰ ਜੋਧ ਸ਼ਾਹ, ਉਸ ਦਾ ਭਾਈ ਅਤੇ ਭਾਈ ਰੂਪਾ ਸਾਹਿਬ ਤੇ ਹੋਰ ਮੁਖੀ ਮਸੰਦ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤੇ ਪ੍ਰਸਪਰ ਦਰਸ਼ਨ ਮੇਲਾ ਕਰ ਕੁਝ ਚਿਰ ਲਈ ਏਥੇ ਹੀ ਟਿਕ ਗਏ।

ਇਸ ਸਮੇਂ ਸਤਿਗੁਰਾਂ ਦੇ ਇਸ ਦੇਸ ਵਿਚ ਆਜ਼ਾਦ ਕਰ ਕੇ ਜਰਵਾਨਿਆਂ ਅਤੇ ਧੱਕੇ-ਖੋਰਾਂ ਨੂੰ ਕੰਨ ਹੋ ਗਏ ਤੇ ਪਹਾੜ ਦੀ ਗਰੀਬ, ਦੁਖੀ ਪਰਜਾ ਸੁਖ ਦਾ ਸਾਹ ਲੈਣ ਲੱਗੀ। ਸਤਿਗੁਰਾਂ ਨੇ ਤਾਰਾ ਚੰਦ ਘਹਿਲੂਰੀਏ ਦੇ ਖੋਹੇ ਹੋਏ ਕੁਝ

ਪਿੰਡ ਰੋਪੜੀਏ ਪਠਾਣਾਂ ਕੋਲੋਂ ਵਾਪਸ ਕਰਾ ਦਿਤੇ, ਜਿਸ ਕਰ ਕੇ ਪਠਾਣਾਂ ਨਾਲ ਕੁਝ ਛੋਟੀਆਂ ਛੋਟੀਆਂ ਝੜਪਾਂ ਹੁੰਦੀਆਂ ਰਹੀਆਂ। ਅਗਲੇ ਸਾਲ ਸਤਿਗੁਰਾਂ ਨੇ ਰਾਜਾ ਤਾਰਾ ਚੰਦ ਵੱਲੋਂ ਭੇਟ ਹੋਏ ਪਿੰਡਾਂ ਵਿਚ ਖੂਹ ਲੁਆਏ, ਜਿਨ੍ਹਾਂ ਵਿਚੋਂ ਇਕ ਤਾਂ ਕਲਿਆਨ ਪੁਰ ਪਿੰਡ ਸਮੇਤ ਲੋਹੜ ਨਦੀ ਵਿਚ ਰੁੜ੍ਹ ਗਿਆ ਤੇ ਦੂਜਾ ਪਾਇਲ ਪਿੰਡ, ਤੀਜਾ ਕੋਟਲੇ ਤੇ ਚੌਥਾ ਅਨੰਦ ਪੁਰ ਤੇ ਕੀਰਤ ਪੁਰ ਦਰਮਿਆਨ ਹੁਣ ਤਕ ਮੌਜੂਦ ਹਨ। ਇਸੇ ਸਾਲ ਹੀ ਟਿੱਕਾ ਗੁਰਦਿਤਾ ਜੀ ਨੇ ਮੱਚ-ਖੰਡ ਚਲਾਣਾ ਕੀਤਾ। ਸਤਿਗੁਰਾਂ ਨੇ ਉਹਨਾਂ ਦੀ ਵਿਧਵਾ ਨੂੰ, ਜਿਸ ਦਾ ਵਿਆਹ ਟਿੱਕਾ ਜੀ ਨਾਲ ਉਹਨਾਂ ਦੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਹੀ ਉਸ ਦੇ ਪਿਤਾ ਨਾਗੋ ਰਾਓ ਕਲਾਨੌਰ ਨਿਵਾਸੀ ਦੇ ਹੱਠ ਕਰਨ ਤੇ ਹੋਇਆ ਸੀ, ਕਿਉਂ ਜੋ ਨਾਗੋ ਰਾਓ ਨੇ ਅਜੇਹਾ ਕਰਨ ਦਾ ਅਰਦਾਸਾ ਸੋਧਿਆ ਹੋਇਆ ਸੀ, ਬਾਲ ਵਿਧਵਾ ਸਮਝ ਕੇ ਉਸ ਦਾ ਦੂਸਰੀ ਜਗ੍ਹਾ ਅਨੰਦ ਕਾਰਜ ਕਰ ਦੇਣ ਦਾ ਹੁਕਮ ਦਿੱਤਾ ਅਤੇ ਇਸ ਤਰ੍ਹਾਂ ਵਿਧਵਾ ਵਿਆਹ ਦੀ ਮਰਯਾਦਾ ਕਾਇਮ ਕੀਤੀ।

ਟਿੱਕੇ ਗੁਰਦਿੱਤੇ ਜੀ ਦੇ ਸਮਾ ਜਾਣ ਤੇ ਪਾਠ ਕਰਨ ਹਿਤ ਸਤਿਗੁਰਾਂ ਨੇ ਮਲਕ ਜਾਤੀ ਜੀ ਨੂੰ ਕਰਤਾਰ ਪੁਰ ਸਾਹਿਬ, ਧੀਰ ਮੱਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਆਉਣ ਲਈ ਭੇਜਿਆ। ਪਰ ਧੀਰ ਮੱਲ ਨੇ ਗੁਰੂ ਗ੍ਰੰਥ ਸਾਹਿਬ ਜੀ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਨਾ ਹੀ ਉਹ ਆਪ ਆਪਣੇ ਪਿਤਾ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਕੀਰਤ ਪੁਰ ਆਇਆ। ਮਲਕ ਜਾਤੀ ਦੇ ਖਾਲੀ ਹੱਥੀਂ ਕੀਰਤ ਪੁਰ

ਮੁੜ ਆਉਣ ਤੇ ਧੀਰ ਮੱਲ ਦੀ ਪੱਥਰ-ਦਿਲੀ ਦੀ ਗੱਲ ਸੁਣਾਉਣ ਤੇ ਸਤਿਗੁਰਾਂ ਫਰਮਾਇਆ—"ਧੀਰ ਮੱਲ ਨੇ ਧ੍ਰੋਹ ਦਾ ਅੰਤ ਕਰ ਦਿਤਾ ਹੈ। ਅਜਿਹੇ ਧ੍ਰੋਹੀ ਦੀ ਸੰਗਤ ਨਾਲ ਭੀ ਦੂਸਰੇ ਮਨੁੱਖਾਂ ਦੇ ਗਿਰ ਜਾਣ ਦੀ ਸੰਭਾਵਨਾ ਹੈ। ਇਸ ਕਰ ਕੇ ਅੱਜ ਤੋਂ ਸਾਡਾ ਕੋਈ ਸਿੱਖ ਧੀਰ ਮੱਲ ਨਾਲ ਮੇਲ-ਜੋਲ ਨਾ ਰੱਖੇ ਅਤੇ ਟਿੱਕੇ ਜੀ ਦੇ ਨਮਿੱਤ ਪੰਜ ਗ੍ਰੰਥੀ ਪੋਥੀ ਦਾ ਪਾਠ ਹੀ ਕਰ ਲੈਣ ਦੀ ਆਗਿਆ ਕੀਤੀ ਅਤੇ ਫਰਮਾਇਆ—"ਉਹ ਦਿਨ ਆਵੇਗਾ, ਜਦੋਂ ਸਿੱਖਾਂ ਦੇ ਘਰ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ।" ਇਸੇ ਸਾਲ ਹੀ ਦੀਪ ਮਾਲਾ ਦੇ ਮੇਲੇ ਤੇ ਬੁੱਢਣ ਸ਼ਾਹ ਦਰਵੇਸ਼ ਦਾ ਚੇਲਾ ਸੁੰਦਰ ਸ਼ਾਹ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਨਾਮਦਾਨ ਪਾ ਨਿਹਾਲ ਹੋਇਆ।

## ਲਹਿਣੇ ਦੇ ਦੇਣੇ

ਸੱਚੇ ਪਾਤਸ਼ਾਹ ਹੁਣ ਕੀਰਤਪੁਰ ਹੀ ਟਿਕ ਗਏ ਸਨ। ਯੁੱਧ ਜੰਗ ਦਾ ਕੰਮ ਘੱਟ ਗਿਆ ਸੀ, ਜਿਸ ਕਰ ਕੇ ਗੁਰਮਤ ਪ੍ਰਚਾਰ ਦਾ ਬਹੁਤ ਜ਼ੋਰ ਸੀ। ਚੁਨਾਂਚਿ ੧੬੯੫ ਸੰ: ਵਿਚ ਕੁਰਕਸ਼ੇਤ੍ਰ ਸੂਰਜ ਗ੍ਰਹਿਣ ਦਾ ਮੇਲਾ ਭਰਨਾ ਸੀ, ਜਿਸ ਤੇ ਬੇਅੰਤ ਦੁਨੀਆ ਹਿੰਦੁਸਤਾਨ ਦੇ ਚੌਹਾਂ ਪਾਸਿਆਂ ਤੋਂ ਇਕੱਠੀ ਹੋਣੀ ਸੀ। ਸਤਿਗੁਰਾਂ ਨੇ ਇਹ ਸਮਾਂ ਪ੍ਰਚਾਰ ਹਿਤ ਸੋਹਣਾ ਸਮਝਿਆ ਅਤੇ ਸੰਗਤ ਨੂੰ ਨਾਲ ਲੈ ਕੁਰਕਸ਼ੇਤ੍ਰ ਪੁੱਜੇ। ਭਾਵੇਂ ਇਸ ਸਮਾਗਮ ਤੇ ਬੇਅੰਤ ਬੈਰਾਗੀਆਂ, ਸਨਿਆਸੀਆਂ, ਜੋਗੀਆਂ ਤੇ ਵੈਸ਼ਨੂਆਂ ਦੇ ਅਖਾੜੇ ਉੱਤਰੇ ਹੋਏ ਸਨ ਤੇ ਬੜੇ

ਬੜੇ ਪ੍ਰਤਿਸ਼ਟ ਸਾਧੂ ਆਏ ਹੋਏ ਸਨ, ਪਰ ਜੋ ਰੌਣਕਾਂ ਸਤਿਗੁਰਾਂ ਦੇ ਡੇਰੇ ਸਨ, ਉਹਨਾਂ ਦਾ ਮੁਕਾਬਲਾ ਕੋਈ ਨਹੀਂ ਸੀ ਕਰ ਸਕਦਾ, ਕਿਉਂ ਜੋ ਇਥੇ ਸਤਿਗੁਰਾਂ ਦੇ ਦੇਵ-ਦਰਸ਼ਨ ਤੋਂ ਬਿਨਾਂ, ਹਰ ਵਕਤ ਕੀਰਤਨ ਦਾ ਪ੍ਰਵਾਹ ਤੇ ਲੰਗਰ ਜਾਰੀ ਰਹਿੰਦੇ ਸਨ । ਗਿਆਨ-ਗੋਸ਼ਟਾਂ ਹੁੰਦੀਆਂ ਰਹਿੰਦੀਆਂ ਤੇ ਅਧਿਕਾਰੀਆਂ ਨੂੰ ਨਾਮਦਾਨ ਮਿਲਦਾ ਰਹਿੰਦਾ ਸੀ । ਹਰ ਇਕ ਗ਼ਰੀਬ-ਗ਼ੁਰਬੇ ਤੇ ਅਭਿਆਗਤ ਨੂੰ ਬਿਨਾਂ ਜਾਤੀ ਯਾ ਵਤਨ ਦੇ ਵਿਤਕਰੇ ਦੇ ਲੰਗਰ ਵਿਚੋਂ ਪ੍ਰਸ਼ਾਦਾ ਮਿਲਣਾ ਤੇ ਸੇਵਾ ਹੋਣੀ ਇਕ ਅਜੇਹਾ ਦ੍ਰਿਸ਼ ਸੀ ਕਿ ਜੋ ਭਾਰਤ ਵਰਸ਼ ਵਿਚ ਹੋਰ ਕਿਧਰੇ ਕਦੀ ਕਿਸੇ ਨੇ ਨਹੀਂ ਸੀ ਦੇਖਿਆ। ਭਾਵੇਂ ਬਹੁਤ ਸਾਰੇ ਕੁਲ ਅਭਿਮਾਨੀ ਬ੍ਰਾਹਮਣਾਂ ਤੇ ਖ਼ੁਦਪਸੰਦ ਤਪੱਸੀਆਂ ਨੇ ਸਤਿਗੁਰਾਂ ਨਾਲ ਬਹੁਤ ਪ੍ਰਸ਼ਨ ਉੱਤਰ ਕੀਤੇ, ਪਰ ਓੜਕ ਸਭ ਨੂੰ ਲਾ-ਜਵਾਬ ਹੋ ਚਰਨੀ ਹੀ ਲਗਣਾ ਪਿਆ। ਇਸ ਮੇਲੇ ਤੇ ਬੇਅੰਤ ਲੋਗਾਂ ਨੂੰ ਸਿਖੀ ਸੰਦੇਸ਼ ਮਿਲਿਆ ਤੇ ਬਹੁਤ ਸਾਰੇ ਉਸ ਨੂੰ ਧਾਰਨ ਕਰ ਜੀਵਨ ਜੁਗਤੀ ਪ੍ਰਾਪਤ ਕਰ ਘਰੀਂ ਗਏ ।

ਸਤਿਗੁਰੂ ਜੀ ਜਦ ਕੁਰਕਛੇਤਰੋਂ ਮੁੜਦੇ ਹੋਏ ਪੜਾ ਕਰਦੇ ਕਰਦੇ ਬਾਗਾਂ ਵਾਲੇ ਆਣ ਉਤਰੇ, ਤਾਂ ਰੋਪੜੀਏ ਪਠਾਣਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਥੋੜਾ ਜਿਹਾ ਵਹੀਰ ਨਾਲ ਹੀ ਬਾਗਾਂਵਾਲੇ ਉਤਰੇ ਹੋਏ ਹਨ, ਤਾਂ ਉਹਨਾਂ ਨੇ ਬਹਲੋਲਪੁਰ, ਦਿੜੀ, ਬਸੀ ਤੇ ਕੋਟਲੇ ਆਦਿ ਪਿੰਡਾਂ ਵਿਚੋਂ ਆਪਣੇ ਭਾਈਚਾਰੇ ਦੀਆਂ ਧਾੜਾਂ ਇਕੱਠੀਆਂ ਕਰ ਸਤਿਗੁਰਾਂ ਦਾ ਰਾਹ ਰੋਕ ਖੜੋਤੇ। ਜਦ ਸਤਿਗੁਰੂ ਬਾਹਮਣ ਮਾਜਰੇ ਪਾਧ

ਆਏ, ਤਾਂ ਇਸ ਧਾੜ ਨਾਲ, ਜੋ ਢੋਲ ਵਜਾਉਂਦੀ ਆ ਰਹੀ ਸੀ, ਟਾਕਰਾ ਹੋ ਪਿਆ। ਸਿੱਖਾਂ ਭੀ ਭਾਵੇਂ ਕਰਾਰੇ ਹੱਥ ਦਿਖਾਏ, ਪਰ ਓੜਕ ਉਹ ਥੋੜੇ ਸਨ, ਜਿਸ ਕਰ ਕੇ ਸਤਿਗੁਰੂ ਯੁੱਧ ਨੀਤੀ ਨੂੰ ਮੁਖ ਰਖਦਿਆਂ ਹੋਇਆਂ ਬਾਹਮਣ ਮਾਜਰੇ ਦੀ ਗੜ੍ਹੀ ਦੇ ਅੰਦਰ ਲੰਘ ਦਰਵਾਜ਼ੇ ਬੰਦ ਕਰ ਮਾਫ਼ੂਜ਼ ਹੋ ਬੈਠੇ।

ਏਧਰੋਂ ਤੇ ਸਤਿਗੁਰਾਂ ਨੇ ਆਪ ਤੇ ਉਹਨਾਂ ਦੇ ਸਾਥੀਆਂ ਨੇ ਗੜ੍ਹੀ ਦੇ ਅੰਦਰੋਂ ਤੀਰਾਂ ਦੀ ਵਰਖਾ ਸ਼ੁਰੂ ਕਰ ਦਿਤੀ ਤੇ ਦੁਗਾੜੇ ਚਲਾਣੇ ਅਰੰਭੇ ਤੇ ਓਧਰੋਂ ਕਾਸਦ ਭੇਜ ਕੀਰਤ ਪੁਰ ਸਾਹਿਬ ਖ਼ਬਰ ਕਰ ਦਿਤੀ। ਦਿਹਾੜੀ ਇਸ ਤਰ੍ਹਾਂ ਹੀ ਮੁਕਾਬਲਾ ਕਰਦਿਆਂ ਲੰਘਗਈ। ਹੁਣ ਸ਼ਾਮਾਂ ਪੈ ਗਈਆਂ ਤੇ ਪਠਾਣ ਪਿਛਾਂਹ ਹਟ ਡੇਰੇ ਲਾ ਉਤਰ ਪਏ। ਅਜੇ ਰਾਤ ਪਹਿਰ ਰਹਿੰਦੀ ਸੀ ਕਿ ਕੀਰਤਪੁਰੋਂ ਖ਼ਬਰ ਸੁਣਦਿਆਂ ਹੀ ਗੁਰੂ ਕੀ ਘੋੜ ਅਸਵਾਰ ਫ਼ੌਜ ਇਕ-ਦਮ ਇਹਨਾਂ ਤੇ ਆ ਪਈ। ਹੁਣ ਇਕ ਤਾਂ ਕੀਰਤ ਪੁਰੋਂ ਆਈ ਹੋਈ ਗੁਰੂ ਕੀ ਫ਼ੌਜ ਬੇ-ਖ਼ਬਰ ਪਠਾਣਾਂ ਤੇ ਆ ਪਈ ਅਤੇ ਦੂਸਰੇ ਗੜ੍ਹੀ ਵਾਲੇ ਸਿੱਖ ਭੀ ਆਪਣੀ ਮੱਦਦ ਆਈ ਦੇਖ ਗੜ੍ਹੀਉਂ ਬਾਹਰ ਨਿਕਲ ਪਿਛਲੇ ਬੰਨ੍ਹਿਉਂ ਪਠਾਣਾਂ ਤੇ ਟੁੱਟ ਪਏ, ਜਿਸ ਕਰ ਕੇ ਪਠਾਣਾਂ ਦਾ ਬਹੁਤ ਬੁਰਾ ਹਾਲ ਹੋਇਆ। ਜਿਧਰ ਕਿਸੇ ਦਾ ਮੂੰਹ ਆਇਆ, ਉੱਠ ਭੱਜਾ ਤੇ ਸਤਿਗੁਰੂ ਜੀ ਫਤੇ ਦੇ ਨਗਾਰੇ ਵਜਾਂਦੇ ਹੋਏ ਸ੍ਰੀ ਕੀਰਤ ਪੁਰ ਸਾਹਿਬ ਆ ਪੁਜੇ।

## ਗੱਦੀ ਦੀ ਚਰਚਾ

ਜਿਸ ਦਿਨ ਤੋਂ ਟਿੱਕਾ ਗੁਰਦਿੱਤਾ ਜੀ ਸਮਾ ਗਏ ਅਤੇ

ਧੀਰਮੱਲ ਧ੍ਰੋਹੀ ਸਮਝ ਗੁਰੂ ਘਰ ਤੋਂ ਕੱਢ ਦਿਤਾ ਗਿਆ, ਤਾਂ ਸੰਗਤਾਂ ਵਿਚ ਆਇੰਦਾ ਗੁਰ-ਗੱਦੀ ਦੇ ਮੁਤੱਲਕ ਚਰਚਾ ਢੇਰ ਚਲ ਪਈ। ਕੋਈ ਤਾਂ ਇਹ ਕਹਿੰਦਾ ਸੀ ਕਿ ਹੁਣ ਗੁਰਿਆਈ ਸੂਰਜ ਮੱਲ ਜੀ ਨੂੰ ਮਿਲੇਗੀ ਤੇ ਕੋਈ ਕਹਿੰਦਾ ਸੀ ਅਨਿਰ ਏ ਜੀ ਤਖ਼ਤ ਤੇ ਬੈਠਣਗੇ। ਕਈਆਂ ਦਾ ਖ਼ਿਆਲ ਤੇਗ਼ ਬਹਾਦਰ ਜੀ ਦੇ ਜਾਨਸ਼ੀਨ ਹੋਣ ਦਾ ਸੀ। ਗੱਲ ਕੀ, ਜੋ ਕਿਸੇ ਦੀ ਸਮਝ ਵਿਚ ਆਉਂਦਾ ਸੀ, ਉਹ ਪ੍ਰਸਪਰ ਸਿੱਖਾਂ ਨਾਲ ਵਿਚਾਰ ਕਰਦਾ ਸੀ। ਪਰ ਸਤਿਗੁਰੂ ਜੀ ਵਧੇਰੇ ਆਪਣੇ ਪੋਤਰੇ ਸ੍ਰੀ ਹਰਿਰਾਏ ਜੀ ਨੂੰ ਹੁਣ ਹਜ਼ੂਰੀ ਵਿਚ ਵਧੇਰੇ ਰੱਖਣ ਲਗ ਪਏ, ਜਿਸ ਕਰ ਕੇ ਸਿਆਣੇ ਸਿੱਖ ਸਮਝਣ ਲਗ ਪਏ ਕਿ ਗੱਦੀ ਹਰਰਾਇ ਜੀ ਨੂੰ ਹੀ ਮਿਲੇਗੀ। ਚੁਨਾਂਚਿ ਇਕ ਦਿਨ ਕੁਝ ਇਕ ਮਸੰਦਾਂ ਦੇ ਕਹਿਣ ਸੁਣਨ ਤੇ ਸੂਰਜ ਮੱਲ ਦੀ ਮਾਤਾ ਨੇ ਸਤਿਗੁਰਾਂ ਅਗੇ ਬੇਨਤੀ ਕੀਤੀ, "ਸੰਗਤਾਂ ਵਿਚ ਇਹ ਆਮ ਚਰਚਾ ਹੋ ਰਹੀ ਹੈ ਕਿ ਆਪ ਗੱਦੀ ਹਰਿ ਰਾਇ ਜੀ ਨੂੰ ਦੇਣ ਵਾਲੇ ਹੋ। ਕੀ ਗੁਰਦਿੱਤਾ ਜੀ ਦੇ ਬਾਅਦ ਸੂਰਜ ਮੱਲ ਜੀ ਵੱਡੇ ਪੁੱਤਰ ਹੋਣ ਕਰ ਕੇ ਅਧਿਕਾਰੀ ਨਹੀਂ ਹਨ? ਉਹਨਾਂ ਵਿਚ ਆਪ ਕੀ ਕਮੀ ਦੇਖਦੇ ਹੋ?" ਸਤਿਗੁਰਾਂ ਫਰਮਾਇਆ, "ਕਮੀ ਕੋਈ ਨਹੀਂ। ਸੂਰਜ ਮੱਲ ਜੀ ਬੜੇ ਯੋਗ ਹਨ, ਪਰ ਗੁਰ ਗੱਦੀ ਦੀ ਮਰਯਾਦਾ ਅਕਾਲ ਆਗਿਆ ਦੇ ਆਸਰੇ ਚਲਦੀ ਹੈ। ਇਸ ਦੇ ਲਈ ਭਾਰੀ ਜਪ ਤਪ ਵਾਲੀ ਰੂਹ ਅਧਿਕਾਰੀ ਹੁੰਦੀ ਹੈ। ਵਡੇ ਛੋਟੇ ਦਾ ਕੋਈ ਖ਼ਿਆਲ ਨਹੀਂ। ਪ੍ਰਿਥੀ ਚੰਦ ਵੀ ਤਾਂ ਸ਼ਹੀਦ ਸਤਿਗੁਰਾਂ ਨਾਲੋਂ ਵੱਡਾ ਹੀ ਸੀ। ਇਸ ਕੰਮ ਵਿਚ ਮਨੁੱਖ ਸੋਚ ਨਹੀਂ ਚਲ ਸਕਦੀ। ਜੋ ਕਰਤਾ ਪੁਰਖ

ਕਰਾਇਗਾ, ਓਹੀ ਹੋਵੇਗਾ।" ਸਤਿਗੁਰਾਂ ਦੇ ਇਹ ਬਚਨ ਸੁਣ ਮਰਵਾਹੀ ਜੀ ਚੁਪ ਕਰ ਰਹੇ। ਇਸੇ ਤਰ੍ਹਾਂ ਹੀ ਕੁਝ ਦਿਨਾਂ ਬਾਅਦ ਸ੍ਰੀ ਨਾਨਕੀ ਜੀ ਨੇ ਭੀ ਤੇਗ਼ ਬਹਾਦਰ ਜੀ ਦੀ ਸਫ਼ਾਰਿਸ਼ ਕਰਦਿਆਂ ਹੋਇਆਂ ਕਿਹਾ, "ਮੇਰਾ ਬੱਚਾ ਭੋਲਾ ਭਾਲਾ ਸਾਧੂ ਸੁਭਾ ਦਾ ਹੈ। ਗੁਰਗੱਦੀ ਤਾਂ ਇਹੋ ਜੇਹੀਆਂ ਵਿਯਕਤੀਆਂ ਦਾ ਹੀ ਹੱਕ ਹੁੰਦਾ ਹੈ। ਕੀ ਆਪ ਇਸ ਸੰਤ ਵੱਲ ਕੋਈ ਖ਼ਿਆਲ ਨਹੀਂ ਦਿਓਗੇ?" ਸਤਿਗੁਰਾਂ ਨੇ ਫਰਮਾਇਆ, "ਹੌਸਲਾ ਰਖੋ। ਤੇਗ਼ ਬਹਾਦਰ ਗੁਰੂਆਂ ਦਾ ਗੁਰੂ ਹੋਵੇਗਾ। ਇਹ ਦੁਖੀ ਦੀਨ ਦੇਸ਼ ਦੀ ਚਾਦਰ ਅਖਵਾਵੇਗਾ। ਤੁਸੀਂ ਇਸ ਦਾ ਵਡਾ ਪ੍ਰਤਾਪ ਵੇਖੋਗੇ।" ਇਹ ਫਰਮਾ ਆਪ ਨੇ ਇਕ ਕਟਾਰ ਤੇ ਰੁਮਾਲ ਸ੍ਰੀ ਨਾਨਕੀ ਜੀ ਨੂੰ ਦੇਂਦਿਆਂ ਹੋਇਆਂ ਕਿਹਾ, "ਇਹ ਚੀਜ਼ਾਂ ਆਪਣੇ ਕੋਲ ਰਖੋ। ਸਮਾਂ ਪਾ ਜਦ ਤੇਗ਼ ਬਹਾਦਰ ਜੀ ਨੂੰ ਗੱਦੀ ਮਿਲੇਗੀ, ਤਾਂ ਸਾਡਾ ਇਹ ਸਿਰੋਪਾਲ ਇਹਨਾਂ ਦੀ ਝੋਲੀ ਪਾਉਣਾ।"

ਇਹਨਾਂ ਦਿਨਾਂ ਵਿਚ ਹੀ ਗੋਇੰਦਵਾਲ ਤੋਂ ਖ਼ਬਰ ਆਈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤ੍ਰ ਬਾਬਾ ਮੋਹਰੀ ਤੇ ਮੋਹਨ ਜੀ ਮੱਚ ਖੰਡ ਚਲਾਣਾ ਕਰ ਗਏ ਹਨ। ਸਤਿਗੁਰਾਂ ਨੇ ਭਾਈ ਗੜ੍ਹੀਏ ਕਸ਼ਮੀਰੀ ਨੂੰ ਗੋਇੰਦਵਾਲ ਸਾਹਿਬ ਉਨ੍ਹਾਂ ਦੇ ਪ੍ਰਵਾਰ ਨੂੰ ਧੀਰਜ ਦੇਣ ਹਿਤ ਘੱਲਿਆ, ਜਿਨ੍ਹਾਂ ਦੇ ਨਾਲ ਹੀ ਮੋਹਰੀ ਜੀ ਦੇ ਪੋਤ੍ਰੇ ਬਾਬਾ ਅਨੰਦ ਸਾਹਿਬ ਸ੍ਰੀ ਕੀਰਤ ਪੁਰ ਸਾਹਿਬ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਦੋ ਮਹੀਨੇ ਸੰਗਤ ਵਿਚ ਟਿਕ ਸਤਸੰਗ ਦਾ ਆਨੰਦ ਲੈਂਦੇ ਰਹੇ।

# ਪਿਆਰਿਆਂ ਦੇ ਵਿਯੋਗ

ਹੁਣ ਸਦਾ ਵਾਂਗ ਸਤਸੰਗ ਦਾ ਪ੍ਰਵਾਹ ਜਾਰੀ ਸੀ। ਸੰਗਤਾਂ ਦੂਰੋਂ ਦੂਰੋਂ ਆ ਰਹੀਆਂ ਸਨ ਕਿ ਸਾਈਂ ਬੁੱਢਣ ਸ਼ਾਹ ਦੇ ਸ਼ਾਗਿਰਦ ਸੁੰਦਰ ਸ਼ਾਹ ਵਲੋਂ ਉਸ ਦਾ ਭੇਜਿਆ ਹੋਇਆ ਮੁਰੀਦ ਬਾਰੇ ਸ਼ਾਹ ਸਤਿਗੁਰਾਂ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ, "ਪੂਰਬ ਦੇਸ਼ ਵਿਚ ਪ੍ਰਚਾਰ ਹਿਤ ਕਿਸੇ ਪ੍ਰੇਮੀ ਨੂੰ ਭਜਿਆ ਜਾਵੇ।" ਬਾਰੇ ਸ਼ਾਹ ਨੇ ਇਹ ਭੀ ਕਿਹਾ ਕਿ ਸਾਈਂ ਲੋਕਾਂ ਤਾਕੀਦ ਕੀਤੀ ਸੀ ਕਿ ਕੋਈ ਵੱਡਾ ਕਹਿਣੀ ਤੇ ਕਰਨੀ ਦਾ ਸੂਰਮਾ ਹੀ ਏਧਰ ਆਵੇ ਤੇ ਜੇ ਸਤਿਗੁਰੂ ਮੇਹਰ ਕਰ ਭਾਈ ਬਿਧੀ ਚੰਦ ਜੀ ਨੂੰ ਘੱਲ ਦੇਣ, ਤਾਂ ਬਹੁਤ ਚੰਗਾ ਹੋਵੇ। ਸਤਿਗੁਰਾਂ ਨੇ ਸਾਈਂ ਸੁੰਦਰ ਸ਼ਾਹ ਦਾ ਸੰਦੇਸ਼ ਸੁਣਦਿਆਂ ਹੀ ਭਾਈ ਬਿਧੀ ਚੰਦ ਜੀ ਨੂੰ ਹੁਕਮ ਦਿਤਾ, ਤਾਂ ਉਹ ਪ੍ਰਚਾਰ ਹਿਤ ਬਾਰੇ ਸ਼ਾਹ ਦੇ ਨਾਲ ਪੂਰਬ ਨੂੰ ਤਿਆਰ ਹੋ ਪਏ। ਸੁੰਦਰ ਸ਼ਾਹ ਦਾ ਟਿਕਾਣਾ ਅਯੁੱਧਯਾ ਤੋਂ ਅਠਾਰਾਂ ਕੋਹ ਗੋਮਤੀ ਕਿਨਾਰੇ ਦੇਓ ਨਗਰ ਨਾਮੀ ਕਸਬੇ ਵਿਚ ਸੀ। ਜਦ ਭਾਈ ਬਿਧੀ ਚੰਦ ਜੀ ਇਸ ਲੰਬੇ ਸਫਰ ਲਈ ਤਿਆਰ ਹੋਏ, ਤਾਂ ਆਪਣਾ ਅੰਤ ਉਸ ਦੇਸ ਵਿਚ ਹੀ ਹੁੰਦਾ ਅਨੁਭਵ ਕਰ ਸਤਿਗੁਰਾਂ ਦੇ ਚਰਨਾਂ ਵਿਚ ਨਿਮਸਕਾਰ ਕੀਤੀ ਤੇ ਆਪਣੇ ਪੁਤਰ ਲਾਲ ਚੰਦ ਨੂੰ ਸਤਿਗੁਰਾਂ ਦੇ ਹਵਾਲੇ ਕਰਦਿਆਂ ਹੋਇਆਂ ਬੇਨਤੀ ਕੀਤੀ, "ਸਚੇ ਪਾਤਸ਼ਾਹ, ਇਹਦੇ ਸਿਰ ਤੇ ਮਿਹਰ ਦਾ ਹੱਥ ਰਖਣਾ।" ਜਾਣੀ ਜਾਣ ਸਤਿਗੁਰੂ, ਜੋ ਇਹ ਸਾਰੀ ਲੀਲ੍ਹਾ ਵਰਤਾ ਰਹੇ ਸਨ, ਬਿਧੀ ਚੰਦ ਦਾ ਮਤਲਿਬ ਸਮਝ ਗਏ ਤੇ ਫਰਮਾਇਓ ਨੇ, "ਤੇਰੇ ਘਰ ਤੇ ਸਦਾ ਹੀ ਗੁਰੂ

ਦੀਆਂ ਮੇਹਰਾਂ ਹਨ।" ਤੇ ਫਿਰ ਭਾਈ ਬਿਧੀ ਚੰਦ ਨੂੰ ਜੱਫੀ ਵਿਚ ਲੈ ਕੇ ਕਿਹਾ, "ਤੂੰ ਮੇਰੇ ਵਿਚ ਤੇ ਮੈਂ ਤੇਰੇ ਵਿਚ ਹਾਂ। ਗੁਰੂ ਤੇ ਸਿੱਖ ਸਦਾ ਇਕ ਜੋਤ ਹਨ। ਜੋ ਮੇਰੇ ਤੇਰੇ ਵਿਚ ਭੇਤ ਮੰਨੇਗਾ, ਉਹ ਸਿਦਕੋਂ ਰਹਿਤ ਹੋਵੇਗਾ।" ਇਸ ਤਰ੍ਹਾਂ ਦੇ ਹੋਰ ਕਈ ਪ੍ਰੇਮ ਭਰੇ ਬਚਨ ਕਹਿ ਸਤਿਗੁਰਾਂ ਨੇ ਬਿਧੀ ਚੰਦ ਜੀ ਨੂੰ ਵਿਦਿਆ ਕੀਤਾ। ਇਸ ਸਮੇਂ ਜੋਧ ਸ਼ਾਹ, ਮਲਕ ਜਤੀ, ਭੁੱਲਣ, ਚੂਹੜ ਤੇ ਹੋਰ ਕਈ ਪ੍ਰੇਮੀ ਭੀ ਭਾਈ ਸਾਹਿਬ ਨੂੰ ਵਿਦਿਆ ਕਰਨ ਲਈ ਇਕਠੇ ਹੋਏ ਸਨ ਤੇ ਇਸ ਪ੍ਰੇਮ ਲੀਲ੍ਹਾ ਸਮੇਂ ਸਭ ਨੈਣ ਸੱਜਲ ਹੋ ਰਹੇ ਸਨ।

ਭਾਈ ਬਿਧੀ ਚੰਦ ਜੀ ਥਾਂ ਥਾਂ ਤੇ ਰਹਿੰਦੇ ਅਤੇ ਗੁਰਮਤਪ੍ਰਚਾਰ ਕਰਦੇ। ਜਾਂ ਉਹ ਦੇਓ ਨਗਰ ਪਹੁੰਚੇ ਤਾਂ ਸੁੰਦਰ ਸ਼ਾਹ ਜੀ ਦਾ ਅੰਤਮ ਸਮਾਂ ਨਜ਼ਦੀਕ ਆਇਆ ਹੋਇਆ ਸੀ। ਉਹ ਭਾਈ ਸਾਹਿਬ ਨੂੰ ਮਿਲ ਕੇ ਬੜੇ ਪ੍ਰਸੰਨ ਹੋਏ ਅਤੇ ਉਹਨਾਂ ਦੇ ਆਪਣੇ ਸਤਿਸੰਗੀਆਂ ਨੂੰ ਬੁਲਾ ਭਾਈ ਸਾਹਿਬ ਦਾ ਦਰਸ਼ਨ ਮੇਲਾ ਕਰਾਇਆ। ਸੁੰਦਰ ਸ਼ਾਹ ਜੀ ਪੰਦਰਾਂ ਦਿਨ ਤੱਕ ਭਾਈ ਸਾਹਿਬ ਨਾਲ ਸਤਸੰਗ ਕਰਨ ਦੇ ਬਾਅਦ ਨਿਜ ਆਨੰਦ ਵਿਚ ਸਮਾ ਗਏ ਅਤੇ ਓਥੇ ਹੀ ਭਾਈ ਬਿਧੀ ਚੰਦ ਜੀ ਦੀ ਭਾਦ੍ਰੋਂ ਸੰ: ੧੬੯੭ ਬਿ: ਨੂੰ ਗੁਰ ਚਰਨਾਂ ਵਿਚ *ਦੈਮਵੀ ਸਮਾਧੀ ਇਸਥਿਤ ਹੋ ਗਏ।

---

*ਤਵਾਰੀਖ ਗੁਰੂ ਖ਼ਾਲਸਾ ਵਿਚ ਲਿਖਿਆ ਹੈ ਕਿ ਸੁੰਦਰ ਸ਼ਾਹ ਜੀ ਦੀ ਅਤੇ ਭਾਈ ਬਿਧੀ ਚੰਦ ਜੀ ਦੀ ਸਮਾਧ ਦੇਵ ਨਗਰ ਵਿਚ ਇਕ ਥਾਂ ਕੋਲ ਕੋਲ ਹੀ ਬਣੀਆਂ ਹੋਈਆਂ ਹਨ ਅਤੇ ਭਾਈ ਬਿਧੀ ਚੰਦ ਦੇ ਵਾਰਸਾਂ ਨੇ ਓਥੋਂ ਹੀ ਥੋੜੀ ਜਿਹੀ ਖਾਕ ਲਿਆ ਕੇ ਸੁਰ ਸਿੰਘ ਵਿਚ ਭਾਈ ਬਿਧੀ ਚੰਦ ਜੀ ਦੀ ਸਮਾਧ ਬਣਾਈ ਸੀ।

ਓਧਰ ਤਾਂ ਗੁਰੂ ਜੀ ਦਾ ਤਲਵਾਰ ਦਾ ਧਨੀ ਸਿਖ ਪ੍ਰਚਾਰ ਹਿਤ ਪ੍ਰਦੇਸ ਗਿਆ ਹੋਇਆ ਹੀ ਚੋਲਾ ਤਿਆਗ ਗਿਆ ਤੇ ਏਧਰ ਰਬਾਬ ਦਾ ਮਾਹਿਰ ਭਾਈ ਬਾਬਕ, ਜੋ ਸਤਿਗੁਰਾਂ ਦੇ ਮੁਖੀ ਸਾਦਕਾਂ ਵਿਚੋਂ ਸੀ, ਕੀਰਤਪੁਰ ਅੰਤਮ ਦਰਸ਼ਨ ਕਰ ਸਮਾ ਗਿਆ। ਇਸ ਸਮੇਂ ਹੀ ਸਿਖ ਸੈਨਾ ਦੇ ਜੋਧਿਆਂ ਵਿਚੋਂ ਮਲਕ ਜਾਤੀ ਜੀ ਨੇ ਭੀ ਆਪਣਾ ਅੰਤਮ ਸਮਾਂ ਜਾਣ ਸਤਿਗੁਰਾਂ ਕੋਲ ਬੇਨਤੀ ਕੀਤੀ, "ਮੈਨੂੰ ਵੀ ਹੁਣ ਖੁਸ਼ੀਆਂ ਬਖਸ਼ੋ। ਸਮਾਂ ਨੇੜੇ ਆਣ ਢੁੱਕਾ ਹੈ। ਮੈਂ ਭੀ ਦੇਹ ਦੀ ਉਪਾਧੀ ਤਿਆਗ ਤੁਹਾਡੀ ਚਰਨ ਸਰਨ ਵਿਚ ਸਦਾ ਲਈ ਸਮਾ ਜਾਵਾਂ।" ਸਤਿਗੁਰਾਂ ਨੇ ਮਲਕ ਜੀ ਨੂੰ ਭੀ ਦੂਪਰੇ ਪਿਆਰਿਆਂ ਵਾਂਗ ਬੜਾ ਸਤਿਕਾਰਿਆ ਅਤੇ ਭਾਈ ਬਾਬਕ ਦੇ ਪੁਤਰ ਚਤਰੇ ਵਾਂਗ ਹੀ ਇਹਨਾਂ ਦੇ ਬੇਟੇ ਭਾਈ ਦਯਾ ਰਾਮ ਦੇ ਸਿਰ ਤੇ ਭੀ ਕਿਰਪਾ ਦਾ ਹੱਥ ਰਖਿਆ। ਇਹ ਸਮਾਂ ਭੀ ਬੜਾ ਅਜੀਬ ਸੀ, ਜਦ ਕਿ ਇਕ ਇਕ ਕਰ ਕੇ ਸਤਿਗੁਰਾਂ ਦੀ ਕੰਠ ਮਾਲਾ ਦੇ ਕੀਮਤੀ ਲਾਲ ਕਾਲ ਦੇ ਪਰਦੇ ਓਹਲੇ ਛਪਦੇ ਜਾਂਦੇ ਸਨ, ਪਰ ਰਜ਼ਾ ਵਿਚ ਟਿਕੇ ਰਹਿਣ ਵਾਲੇ ਸਤਿਗੁਰੂ ਤੇ ਉਹਨਾਂ ਦੀ ਸੰਗਤ ਨੇ ਭਾਣੇ ਨੂੰ ਮਿੱਠਾ ਕਰ ਜਾਤਾ। ਨਾਲੇ ਚੜ੍ਹਨ ਵਾਲੇ ਭੀ ਸੰਤ ਸਨ। ਸੰਤਾਂ ਦੇ ਮਰਨ ਤੇ ਰੋਣਾ ਤੇ ਕਿਸ ਨੇ ਸੀ, ਕਿਉਂਕਿ ਉਹ ਆਪਣੇ ਘਰ ਜਾ ਰਹੇ ਸਨ। ਜਾਂ ਸਤਿਗੁਰਾਂ ਦੇ ਹੁਕਮ ਕਰਨ ਤੇ ਅਬਦੁੱਲੇ ਢਾਢੀ ਨੇ ਇਹਨਾਂ ਸੂਰਮਿਆਂ ਦੀ ਉਸਤਤ ਵਿਚ ਇਕ ਵਾਰ ਲਿਖੀ, ਜਿਸ ਦੀਆਂ ਪੰਤਾਲੀ ਪਾਉੜੀਆਂ ਵਿਸਾਖੀ ਦੇ ਦੀਵਾਨ ਵਿਚ ਨੱਥ ਮੱਲ ਤੇ ਮੌਜ ਦਰਿਆ ਨਾਲ ਮਿਲ ਕੇ ਸੰਗਤ ਦੇ ਸਾਹਮਣੇ

ਗਾਵੀਆਂ, ਜਿਸ ਤੇ ਪ੍ਰਸੰਨ ਹੋ ਸਤਿਗੁਰਾਂ ਨੇ ਇਹਨਾਂ ਢਾਢੀਆਂ ਨੂੰ ਪੁਸ਼ਾਕੇ, ਸੋਨੇ ਦੇ ਕੜੇ ਅਤੇ ਘੋੜੇ ਬਖਸ਼ੇ।

## ਸ੍ਰੀ ਗੁਰੂ ਹਰਰਾਏ ਜੀ ਨੂੰ ਗੱਦੀ

ਹੁਣ ਪਿਆਰ ਇਕ ਇਕ ਕਰ ਪ੍ਰਲੋਕ ਗਮਨ ਕਰ ਰਹੇ ਸਨ। ਭਾਵੇਂ ਆਤਮ ਮਿਲਾਪ ਤੇ ਮਨਾਂ ਦੀ ਇਕ ਮਿਕ ਅਵਸਥਾ ਕਰ ਕੇ ਕੋਈ ਖਾਸ ਜੁਦਾਈ ਤੇ ਨਹੀਂ ਸੀ ਹੋ ਰਹੀ, ਪਰ ਫਿਰ ਭੀ ਸ਼ਖਸੀਅਤਾਂ ਨਾਲ ਪੁਰਾਣੇ ਪਿਆਰ ਤੇ ਤਨਾਂ ਨਾਲ ਜੁੜੀਆਂ ਹੋਈਆਂ ਤਾਂਘਾਂ ਉਦਾਸੀਆਂ ਜ਼ਰੂਰ ਫੈਲਾਉਂਦੀਆਂ ਸਨ। ਸਤਿਗੁਰਾਂ ਨੇ ਭੀ ਚੋਲਾ ਬਦਲਣ ਦਾ ਵਕਤ ਕੁਝ ਨੇੜੇ ਆਉਂਦਾ ਤਕਿਆ, ਜਿਸ ਕਰ ਕੇ ਆਪ ਨੇ ਅਕਾਲ ਆਗਿਆ ਅਨੁਸਾਰ ਭਾਣੇ ਵਿਚ ਰੂਪ ਪਲਟਾਉਣ ਦੀ ਤਿਆਰੀ ਕਰ ਲਈ।

ਸਤਿਗੁਰਾਂ ਨੇ ਮਸੰਦਾਂ ਨੂੰ ਹੁਕਮ-ਨਾਮੇ ਭੇਜ ਕੇ ਦੇਸ਼ ਦੇਸ਼ਾਂਤ੍ਰਾਂ ਵਿਚੋਂ ਸੰਗਤ ਇਕੱਠੀ ਕਰ ਲਈ ਤੇ ਜਦ ਬਹੁਤ ਸਾਰੀ ਸੰਗਤ ਇਕੱਤ੍ਰ ਹੋ ਗਈ ਤੇ ਮਸ਼ਾਹੂਰ ਮਸ਼ਾਹੂਰ ਸਿਦਕੀ ਸਿਖ ਮਸੰਦ ਤੇ ਹੋਰ ਮੁਖੀ ਕੀਰਤ ਪੁਰ ਆ ਪੁਜੇ, ਤਾਂ ਇਕ ਦਿਨ ਸਵੇਰੇ ਹੀ ਸਤਿਗੁਰਾਂ ਨੇ ਮੇਵੜਿਆਂ ਦੇ ਰਾਹੀਂ ਸਭ ਸੰਗਤ ਵਿਚ ਖ਼ਬਰ ਕਰ ਦਿਤੀ ਕਿ ਅਜ ਖਾਸ ਦੀਵਾਨ ਲਗੇਗਾ ਤੇ ਸੱਚੇ ਪਾਤਸ਼ਾਹ ਸੰਗਤਾਂ ਨੂੰ ਦਰਸ਼ਨ ਦੇ ਨਿਹਾਲ ਕਰਨਗੇ। ਸੰਗਤਾਂ ਕਰੀਬ ਦੀ ਡੌਂਡੀ ਸੁਣ ਅੰਮ੍ਰਿਤ ਵੇਲੇ ਤੋਂ ਹੀ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਰਬਾਬੀਆਂ ਨੇ ਕੀਰਤਨ ਆਰੰਭ ਦਿਤਾ ਅਤੇ ਜਦ ਸੂਰਜ ਦੀ ਕਿਰਨ

ਫੁਟਦਿਆਂ ਹੀ ਕੀਰਤਨ ਦਾ ਭੋਗ ਪਿਆ ਅਤੇ ਕੀਰਤਨ ਰਸ ਵਿਚ ਗੁਟ ਹੋਏ ਮਤਵਾਲਿਆਂ ਨੇ ਨੈਣ ਖੋਲ੍ਹੇ, ਤਦ ਸਤਿਗੁਰੂ ਗਰੀਬ-ਨਿਵਾਜ਼ ਆਪਣੇ ਤਖ਼ਤ ਤੋਂ ਉਠ ਬੈਠੇ ਅਤੇ ਆਪਣੇ ਪੋਤਰੇ ਸ੍ਰੀ ਹਰਿਰਾਏ ਜੀ ਨੂੰ ਬਾਹੋਂ ਪਕੜ ਕੇ ਆਪਣੇ ਤਖਤ ਤੇ ਬਿਠਾ ਦਿਤਾ। ਉਸੀ ਵਕਤ ਹੀ ਬਾਬੇ ਬੁੱਢੇ ਸਾਹਿਬ ਜੀ ਦੇ ਸਪੁੱਤ੍ਰ ਭਾਨਾ ਸਾਹਿਬ ਦੇ, ਜਿਨ੍ਹਾਂ ਸਤਿਗੁਰਾਂ ਦੇ ਹੁਕਮ ਅਨੁਸਾਰ ਪਹਿਲਾਂ ਹੀ ਤਿਆਰੀ ਕੀਤੀ ਹੋਈ ਸੀ, ਹਰਰਾਏ ਜੀ ਨੂੰ ਗੁਰਗੱਦੀ ਦਾ ਤਿਲਕ ਦੇ ਦਿਤਾ ਅਤੇ ਕਲਗੀ ਜਿਗਾ ਸਜਾ ਦਿਤੀ। ਭਾਨੇ ਜੀ ਦੇ ਬੈਠਦਿਆਂ ਹੀ ਸਤਿਗੁਰਾਂ ਨੇ ਪੰਜ ਪੈਸੇ ਤੇ ਨਾਰੀਅਲ ਅਗੇ ਰੱਖ ਮੱਥਾ ਟੇਕ ਦਿਤਾ ਅਤੇ ਤਿੰਨ ਪ੍ਰਦੱਖਣਾਂ ਕੀਤੀਆਂ। ਇਸ ਦੇ ਬਾਅਦ ਸਾਹਿਬਾਂ ਨੇ ਆਪਣੇ ਤਿੰਨੇ ਹੀ ਪੁਤਰਾਂ, ਸਾਹਿਬ ਸੂਰਜ ਮੱਲ, ਸਾਹਿਬ ਅਨੀਰਾਇ, ਅਤੇ ਸਾਹਿਬ ਤੇਗ ਬਹਾਦਰ ਜੀ ਤੇ ਹੋਰ ਰਾਇ ਜੋਧ, ਭਾਈ ਰੂਪਾ ਆਦਿ ਮੁਖੀ ਸਿਖਾਂ ਅਤੇ ਮਸੰਦਾਂ ਕੋਲੋਂ ਮੱਥਾ ਟਿਕਵਾਇਆ ਅਤੇ ਹੁਕਮ ਕੀਤਾ :

"ਪੁਨ ਸਭ ਕੋ ਗੁਰ ਕਹੀ ਸੁਨਾਏ।
ਮਮ ਸਭ ਅਬ ਜਾਨੋ ਹਰੀ ਰਾਇ।"
(ਗੁ: ਪ੍ਰ: ਸੁ: ਰ: ੮, ਅੰ: ਪ੩)

ਸਭ ਨੂੰ ਸਤਿਗੁਰਾਂ ਨੇ ਸੁਣਾ ਕੇ ਕਹਿ ਦਿਤਾ, "ਹੁਣ ਮੇਰੇ ਸਮਾਨ ਹਰੀ ਰਾਏ ਨੂੰ ਜਾਣਨਾ।" ਸਤਿਗੁਰਾਂ ਦੇ ਇਹ ਬਚਨ ਸੁਣਦਿਆਂ ਹੀ ਸਭ ਸੰਗਤਾਂ ਨੇ ਹਰਿ ਰਾਏ ਜੀ ਅਗੇ, ਜੋ ਹੁਣ ਸ੍ਰੀ ਗੁਰੂ ਹਰਿ ਰਾਏ ਜੀ ਹੋ ਚੁਕੇ ਸਨ, ਨਿਮਸਕਾਰ ਕਰ ਦਿਤੀ। ਭੱਟਾਂ ਨੇ ਸੱਤਵੀਂ ਗੱਦੀ ਨਾਲ ਮਿਲਾ ਗੁਰੂ ਜਸ ਸ਼ੁਰੂ

ਕੀਤਾ, ਰਬਾਬੀਆਂ ਨੇ ਉਤਸ਼ਾਹ ਹਿਤ ਆਨੰਦ ਸਾਹਿਬ ਦਾ ਕੀਰਤਨ ਗਾਇਆ ਅਤੇ ਭਾਰੀ ਮੰਗਲਾਚਾਰ ਤੇ ਉਤਸ਼ਾਹ ਹੋਇਆ।

ਇਸ ਤਰ੍ਹਾਂ ਅੱਧੂ ਮਿਤੀ ੧੩ ਸੰ: ੧੭੦੧ ਬਿ: ਨੂੰ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਆਪਣੇ ਸਾਹਮਣੇ ਗੁਰਗੱਦੀ ਤੇ ਬਿਰਾਜਮਾਨ ਕਰਾਇਆ।

ਭਾਵੇਂ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਗੱਦੀ ਮਿਲਣ ਦੇ ਉਤਸ਼ਾਹ ਭਰੇ ਦੀਵਾਨ ਦਾ ਸੰਗਤ ਅਨੰਦ ਲੈ ਰਹੀ ਸੀ, ਪਰ ਇਸ ਪ੍ਰਸੰਨਤਾ ਵਿਚ ਉਦਾਸੀਨਤਾ ਭੀ ਝਲਕ ਰਹੀ ਸੀ, ਕਿਉਂ ਜੋ ਸਿਆਣੇ ਸਿੱਖ ਸਮਝ ਰਹੇ ਸਨ ਕਿ ਛੇਵੇਂ ਸਤਿਗੁਰਾਂ ਦਾ ਇਹ ਕੌਤਕ ਉਹਨਾਂ ਦੇ ਜਾਮਾ ਤਿਆਗਣ ਦੇ ਸਮੇਂ ਦਾ ਸੂਚਕ ਹੈ, ਜਿਸ ਕਰ ਕੇ ਪਿਆਰ ਭਰੇ ਹਿਰਦੇ ਉਛਲ ਉਛਲ ਨੈਣਾਂ ਰਾਹੀਂ ਬੇ-ਵੱਸ ਬਹਿ ਬਹਿ ਤੁਰਦੇ ਸਨ। ਇਸ ਵਿਚਾਰ ਦੇ ਅਸਰ ਥੱਲੇ ਹੀ ਸ੍ਰੀ ਮ੍ਰਵਾਈ ਜੀ ਨੇ ਬੇਨਤੀ ਕੀਤੀ, "ਸੂਰਜ ਮੱਲ ਜੀ ਨੂੰ ਕੀ ਹੁਕਮ ਹੈ?" ਤਾਂ ਮਹਾਰਾਜ ਜੀ ਨੇ ਫਰਮਾਇਆ ਕਿ ਉਹਨਾਂ ਨੂੰ ਬੁਲਾਓ। ਜਦ ਸੂਰਜ ਮੱਲ ਜੀ ਹਾਜ਼ਰ ਹੋਏ, ਤਾਂ ਸਤਿਗੁਰਾਂ ਕਿਹਾ, "ਕਹੋ ਸੂਰਜ ਮੱਲ, ਕਿਆ ਚਿੱਤ ਅਹੇ?" ਤਾਂ ਸੂਰਜ ਮੱਲ ਜੀ ਨੇ ਨਿਮ੍ਰਤਾ ਨਾਲ ਜੁਆਬ ਦਿਤਾ—

"ਜੇ ਪ੍ਰਸੰਨਤਾ ਆਪਣੀ ਠਾਨੋ।
ਮੁਝ ਕੋ ਦੇਨੋ ਉਚਤ ਜਾਨੋ।
ਤੋ ਸਿੱਖੀ ਆਪਣੀ ਮੁਝ ਦੀਜੈ।
ਗੁਰਤਾ ਭਾਰ ਨਾ ਮੋਹ ਲਖੀਜੈ।"

ਸੂਰਜ ਮੱਲ ਜੀ ਦੇ ਇਸ ਕਹਿਣ ਤੇ "ਗਰੀਬ

ਨਿਵਾਜ਼ ਮੈਂ ਗੁਰਿਆਈ ਦਾ ਭਾਰ ਚੁੱਕਣ ਦੇ ਯੋਗ ਨਹੀਂ ਹਾਂ। ਮੈਨੂੰ ਸਿੱਖੀ ਹੀ ਬਖਸ਼ੋ।" ਤਾਂ ਸਾਹਿਬਾਂ ਨੇ ਪ੍ਰਸੰਨ ਹੋ ਕੇ ਕਿਹਾ, "ਤੁਹਾਨੂੰ ਬਹੁਤ ਭਾਗ ਲਗਣਗੇ। ਸਿੱਖੀ ਕਮਾਓ ਤੇ ਸਤਿਗੁਰਾਂ ਦੇ ਕੋਲ ਹੀ ਰਹੋ।" ਸੂਰਜ ਮੱਲ ਜੀ ਨੂੰ ਸਤਿਗੁਰਾਂ ਦੀਆਂ ਖੁਸ਼ੀਆਂ ਮਿਲਦੀਆਂ ਦੇਖ ਸ੍ਰੀ ਮਰਵਾਹੀ ਜੀ ਭੀ ਗੱਦ ਗੱਦ ਹੋ ਗਏ। ਇਸੇ ਤਰ੍ਹਾਂ ਹੀ ਜਦ ਸ੍ਰੀ ਨਾਨਕੀ ਜੀ ਨੇ ਬੇਨਤੀ ਕੀਤੀ, "ਆਪ ਨੇ ਤੇਗ ਬਹਾਦਰ ਜੀ ਦੀ ਗੁਰਿਆਈ ਦੇ ਸਬੰਧ ਵਿਚ ਬਚਨ ਕੀਤਾ ਸੀ। ਉਹ ਕਦੋਂ ਪੂਰਾ ਹੋਵੇਗਾ?" ਤਾਂ ਸਾਹਿਬਾਂ ਨੇ ਕਿਹਾ, "ਸਿਦਕ ਰਖੋ। ਸਮੇਂ ਦੀ ਉਡੀਕ ਕਰੋ। ਇਹ ਸਭ ਵਿਹਾਰ ਅਕਾਲ ਆਗਿਆ ਅਨੁਸਾਰ ਹੀ ਹੋਣੇ ਹਨ। ਤੁਸੀਂ ਮਾਝੇ ਵਿਚ ਬਕਾਲੇ ਪਿੰਡ ਜਾ ਪ੍ਰਵੇਸ਼ ਕਰੋ ਅਤੇ ਜਦ ਤੱਕ ਗੁਰੂ ਆਗਿਆ ਅਨੁਸਾਰ ਤੇਗ ਬਹਾਦਰ ਜੀ ਨੂੰ ਗੁਰਗੱਦੀ ਨਾ ਮਿਲੇ, ਓਥੇ ਹੀ ਰਹੋ।" ਇਸੇ ਤਰ੍ਹਾਂ ਹੀ ਸਤਿਗੁਰਾਂ ਨੇ ਹੋਰ ਤਮਾਮ ਸਬੰਧੀਆਂ ਤੇ ਹਜ਼ੂਰੀ ਸਿੱਖਾਂ ਨੂੰ ਆਪਣੀ ਆਪਣੀ ਥਾਂ ਅਗਾਂਹ ਦੀ ਕਿਰਤ ਸਮਝਾਈ। ਇਸ ਸਮੇਂ ਭਾਈ ਭਾਨਾ ਜੀ ਭੀ ਆਪਣੇ ਪੁਤਰ ਭਾਈ ਸਰਵਨ ਨੂੰ ਸਤਿਗੁਰਾਂ ਦੀ ਸੇਵਾ ਵਿਚ ਲਗਾ ਆਪ ਆਪਣੇ ਨਗਰ ਰਾਮਦਾਸ ਨੂੰ ਆਗਿਆ ਲੈ ਕੇ ਆ ਗਏ ਅਤੇ ਉਥੇ ਹੀ ਸੱਚ ਖੰਡ ਪ੍ਰਵੇਸ਼ ਕੀਤਾ।

## ਜੋਤੀ ਜੋਤ ਸਮਾਉਣਾ

ਸ੍ਰੀ ਗੁਰੂ ਹਰਿ ਰਾਏ ਜੀ ਨੂੰ ਗੁਰਗੱਦੀ ਦਿਤੀ ਜਾ ਚੁਕੀ ਸੀ ਤੇ ਹੋਰ ਗੁਰੂ ਘਰ ਦੇ ਸਭ ਕਾਰ ਵਿਹਾਰ ਭੀ ਥਾਂ ਥਾਂ ਸਿਰ ਮੁਖੀ ਸਿੱਖਾਂ ਤੇ ਮਸੰਦਾਂ ਨੂੰ ਸਮਝਾਏ ਜਾ ਚੁਕੇ ਸਨ ਤੇ

ਇਹ ਖ਼ਬਰਾਂ ਦੂਰ ਦੂਰ ਤਕ ਸੰਗਤਾਂ ਨੂੰ ਪੁੱਜ ਗਈਆਂ ਸਨ ਕਿ ਸ੍ਰੀ ਗੁਰੂ ਜੀ ਹੁਣ ਭਾਣਾ ਵਰਤਾਣ ਵਾਲੇ ਹਨ ਤੇ ਛੇਵੇਂ ਜਾਮੇਂ ਦੇ ਦਰਸ਼ਨ ਆਖ਼ਰੀ ਵਾਰ ਹੀ ਹੋ ਸਕਦੇ ਹਨ, ਜਿਸ ਕਰ ਕੇ ਦੂਰੋਂ ਦੂਰੋਂ ਲੋਕ ਗੁਰ ਦਰਸ਼ਨਾਂ ਲਈ ਇਕਠੇ ਹੋਣ ਲਗੇ। ਉਸ ਸਮੇਂ ਸਿੱਖੀ ਭਾਰਤ ਵਰਸ਼ ਦੀਆਂ ਸੀਖਾਂ ਟਪ ਈਰਾਨ ਤੱਕ ਪੁੱਜੀ ਹੋਈ ਸੀ, ਜਿਸ ਕਰ ਕੇ ਗੁਰੂ ਦਰਸ਼ਨਾਂ ਲਈ ਚਾਹਵਾਨ ਭੀ ਈਰਾਨ ਤੱਕ ਤੋਂ ਪੁੱਜੇ ਹੋਏ ਸਨ। ਇਹਨਾ ਵਿਚੋਂ *ਪਰਾਹ ਕੈਵਾਨੀ, ਪੀਰ ਫਾਜ਼ਲ ਈਰਾਨੀ ਤੇ

---

*ਦਬਿਸਤਾਨੇ ਮਜ਼ਾਹਿਬ ਵਿਚ ਮੋਹਸਨ ਫ਼ਾਨੀ ਨੇ ਇਉਂ ਲਿਖਿਆ ਹੈ, "ਪਰਾਹ ਕੇਵਾਨ ਯਜ਼ਦਾਨੀ ਔਸਾਫੇ ਗੁਰੂ ਸ਼ੁਨੀਦਾ ਬਾ ਦੀਦਨੇ ਗੁਰੂ ਆਮਦ। ਗੁਰੂ ਊਰਾ ਬਾ ਸ਼ਨਾਖਤਾ ਤਾਜ਼ੀਮੇ ਊ ਪਰਦਾਖਤ ਲਾਜ਼ਰਮ ਪਰਾਹ ਕੇਵਾਂਨ ਬਰ ਰਫਤ ਹਨੂਜ਼ ਅਜ਼ ਰਫਤਨੇ ਪਰਾਹ ਕੇਵਾਨ ਹਫਤਾ ਬਾਤਮਾਮ ਨਾ ਰਸੀਦਾ ਬੂਦ ਕਿ ਰੋਜ਼ੇ ਯਕ-ਸ਼ੰਬਾ ਸ੍ਵਿਮ ਮੁਹੱਰਮੁੱਲ ਹਰਾਮ ਸੰਨ ੧੦੫੫ ਹਿਜਰੀ ਗੁਰੂ ਸਫਰੇ ਆਖਰਤ ਅਖ਼ਤਿਆਰ ਕਰਦ।" "ਪਰਾਹ ਕੇਵਾਨ ਯਜ਼ਦਾਨੀ ਨੇ ਗੁਰੂ ਜੀ ਦੀਆਂ ਸਿਫਤਾਂ ਸੁਣੀਆਂ ਅਤੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਮਹਾਰਾਜ ਨੇ ਉਸ ਨੂੰ ਪਛਾਣ ਲਿਆ ਪਕ ਪ੍ਰਮਾਰਥ ਦਾ ਖੋਜੀ ਹੈ) ਤੇ ਉਸ ਦਾ ਬੜਾ ਸਤਿਕਾਰ ਕੀਤਾ। ਓੜਕ ਪੈਰਾਹ ਕੇਵਾਨ ਵਿਦਿਆ ਹੋਇਆ ਅਤੇ ਅਜੇ ਉਸ ਨੂੰ ਗਿਆਂ ਹਫਤਾ ਭੀ ਪੂਰਾ ਨਹੀਂ ਸੀ ਹੋਇਆ ਕਿ ਗੁਰੂ ਸਾਹਿਬ ਨੇ ਮੁਹੱਰਮ ਦੀ ਤਿੰਨ ਤਾਰੀਖ਼ ੧੦੫੫ ਹਿਜਰੀ ਐਤਵਾਰ ਵਾਲੇ ਦਿਨ ਸੱਚ-ਖੰਡ ਚਾਲੇ ਪਾ ਦਿਤੇ।"

ਤਵਾਰੀਖ਼ ਖ਼ਾਲਸਾ ਦੇ ਕਰਤਾ ਜੀ ਨੇ ਇਹ ਭੀ ਲਿਖਿਆ ਹੈ ਕਿ ਸੰ: ੧੭੦੦ ਬਿ: ਵਿਚ ਬਾਦਸ਼ਾਹ ਦਾ ਵੱਡਾ ਪੁਤਰ ਦਾਰਾ ਸ਼ਕੋਹ ਭੀ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਕੀਰਤ ਪੁਰ ਸਾਹਿਬ ਆਇਆ ਸੀ। ਪਰ ਦਬਿਸਤਾਨੇ ਮਜ਼ਾਹਿਬ ਤੇ ਹੋਰ ਇਤਿਹਾਸਾਂ ਵਿਚ ਇਹ ਜ਼ਿਕਰ ਨਹੀਂ ਆਇਆ।

ਪੀਰ ਹਸਨ ਅਲੀ ਅਰਬੀ, ਜੋ ਕਿ ਬ੍ਰਹਮ ਗਿਆਨ ਵਿਚ ਬਹੁਤ ਉਚੇਰੇ ਉੱਡਦੇ ਸਨ, ਖ਼ਾਸ ਤੌਰ ਤੇ ਕਥਨ ਯੋਗ ਹਨ। ਇਸ ਤਰ੍ਹਾਂ ਦਰਸ਼ਨਾਂ ਹਿਤ ਆਇਆਂ ਹੋਇਆਂ ਪਿਆਰਿਆਂ ਦੇ ਸਤਸੰਗ ਕਈ ਦਿਨ ਹੁੰਦੇ ਰਹੇ ਅਤੇ ਸਤਿਗੁਰਾਂ ਨੇ ਸਾਰਿਆਂ ਨੂੰ ਨਾਮ ਦਾਨ ਦੇ ਨਿਵਾਜਿਆ ਤੇ ਵਾਰੀ ਵਾਰੀ ਵਿਦਾ ਕੀਤਾ। ਹੁਣ ਸਮਾਂ ਬਿਲਕਲ ਨੇੜ ਢੁੱਕਾ ਸਮਝ ਸਤਿਗੁਰਾਂ ਨੇ ਹੁਕਮ ਕੀਤਾ, "ਦੀਵਾਨ ਪਤਾਲ ਪੁਰੀ ਸਾਹਿਬ ਲਗਿਆ ਕਰਨ।" ਇਹ ਜਗ੍ਹਾ ਸਤਲੁਜ ਦਰਿਆ ਦੇ ਐਨ ਕਿਨਾਰੇ ਤੇ ਹੋਣ ਕਰ ਕੇ ਬੜੀ ਰਮਣੀਕ ਤੇ ਸਤਿਗੁਰਾਂ ਨੂੰ ਪਿਆਰੀ ਸੀ। ਸਤਿਗੁਰਾਂ ਦੇ ਦਰਿਆ ਦੀਆਂ ਲਹਿਰਾਂ ਦੇ ਦ੍ਰਿਸ਼ ਦਾ ਆਨੰਦ ਲੈਣ ਲਈ ਓਥੇ ਧੁੱਪ ਤੇ ਵਰਖਾ ਦੇ ਬਚਾ ਲਈ ਇਕ ਅਸਥਾਨ ਵੀ ਬਣਵਾਇਆ ਹੋਇਆ ਸੀ। ਚੁਨਾਂਚਿ ਗ਼ਰੀਬ-ਨਿਵਾਜ਼ ਨੇ ਹੁਣ ਓਥੇ ਹੀ ਦੀਵਾਨ ਲਗਵਾਉਣੇ ਸ਼ੁਰੂ ਕਰ ਦਿਤੇ। ਇਹਨਾਂ ਦੀਵਾਨਾਂ ਦੀ ਸੋਭਾ ਬੜੀ ਅਦੁਤੀ ਸੀ। ਸਾਹਮਣੇ ਸਤਿਗੁਰਾਂ ਦੇ ਦਰਸ਼ਨ ਤੇ ਛੇਵੇਂ ਜਾਮੇਂ ਦੀ ਵਦਾਇਗੀ ਦੇ ਖ਼ਿਆਲ ਨਾਲ ਗੁਰ ਸਿੱਖਾਂ ਦੀਆਂ ਸੁਰਤਾਂ ਬਿਲਾਸ ਤੇ ਵੈਰਾਗ ਦਾ ਗੰਗਾ ਜਮਨੀ ਰਸ ਮਾਣ ਰਹੀਆਂ ਸਨ। ਇਕ ਪਾਸੇ ਕੀਰਤਨ ਦੀਆਂ ਧੁਨਾਂ ਤੇ ਦੂਜੇ ਬੰਨੇ ਦਰਿਆ ਦੀਆਂ ਲਹਿਰਾਂ ਦੇ ਨਗ਼ਮੇਂ ਮਿਲ ਮਿਲ ਜਾਦੂ ਦਾ ਅਸਰ ਕਰ ਰਹੇ ਸਨ, ਤਾਂ ਇਕ ਦਿਨ ਸਤਿਗੁਰਾਂ ਨੇ ਸੁੰਦਰ ਪੁਸ਼ਾਕਾ ਪਹਿਣ ਖੁਸ਼ਬੂਆਂ ਲਗਾ ਪਤੀ ਮਿਲਾਪ ਦੀ ਤਿਆਰੀ ਕਰ ਕੀਰਤਨ ਸੁਣਨ ਲਈ ਸਮਾਧੀ ਲਗਾ ਲਈ। ਰਬਾਬੀ ਹੁਣ ਕੀਰਤਨ ਕਰ ਰਹੇ ਸਨ, ਸੰਗਤਾਂ ਰਸ ਭਰੀਆਂ ਸੁਣ ਰਹੀਆਂ

ਸਨ ਤੇ ਇਕ ਦਮ ਸਤਿਗੁਰਾਂ ਦੀ ਢੋਹ ਦੀਵਾਰ ਨਾਲ ਲਗ ਗਈ। ਜਾਂ ਸੱਤਵੇਂ ਸਾਹਿਬਾਂ ਨੇ ਅਗੇ ਹੋ ਕੇ ਦੇਖਿਆ, ਤਾਂ ਮਹਾਰਾਜ ਨਿਜ ਆਨੰਦ ਵਿਚ *ਸਮਾ ਚੁਕੇ ਸਨ।

# ਪ੍ਰੇਮ ਪ੍ਰਵਾਨੇ

ਪ੍ਰੇਮ ਵਿਚ ਉਛਾਲਾ ਹੈ, ਤੜਪ ਹੈ, ਬੇ-ਕਰਾਰੀ ਹੈ, ਰੂਪ ਵਾਸਤੇ। ਅਜੇਹਾ ਧੁਰਾਂ ਤੋਂ ਚਲਿਆ ਆਉਂਦਾ ਹੈ। ਇਹ ਕਾਦਰ ਦੀ ਸਾਜੀ ਕੁਦਰਤ ਹੈ—ਨਿਰੀ ਕੁਦਰਤ ਨਹੀਂ, ਕੁਦਰਤ ਦਾ ਸਭ ਤੋਂ ਉਚੇਰਾ ਚਮਤਕਾਰ ਹੈ। ਇਹ ਨਿਰਾ ਮਨੁੱਖਾਂ ਵਿਚ ਨਹੀਂ ਵਾਪਰਦਾ, ਵਣ-ਤ੍ਰਿਣ ਵਿਚ ਸਮਾ ਰਿਹਾ ਹੈ। ਇਨ੍ਹਾਂ ਪ੍ਰੇਮ-ਖਿੱਚਾਂ ਦੇ ਆਸਰੇ ਹੀ ਖਾਕ ਦੇ ਜ਼ੱਰੇ ਇਕ ਦੂਜੇ ਨਾਲ ਜੁੜ ਧਰਤੀ ਤੇ ਪਰਬਤ ਸਾਜਦੇ ਹਨ। ਇਹ ਪਿਆਰ-ਤੜਪਾਂ ਹੀ ਕਤਰਿਆਂ ਨੂੰ ਬੱਦਲਾਂ ਵਿਚੋਂ ਖਿੱਚ ਵਹਿਣਾਂ ਵਿਚ ਰੋਹੜ ਇਕੱਠਿਆਂ ਕਰ ਸਾਗਰ ਬਣਾਂਦੀਆਂ ਹਨ। ਇਹ ਬੇ-ਕਰਾਰੀਆਂ ਹੀ ਚੱਕਵੀ ਨੂੰ ਚਿਕਾਦੀਆਂ, ਕੋਇਲਾਂ ਨੂੰ ਕੂਕਾਂਦੀਆਂ ਤੇ ਬੁਲਬੁਲਾਂ ਨੂੰ ਬਿਹਬਲ ਕਰਾਂਦੀਆਂ

---

*ਗੁ: ਪ੍ਰ: ਸੂ: ਤੇ ਉਸ ਦੇ ਮਗਰ ਲੱਗ ਕਈ ਇਤਿਹਾਸਕਾਰਾਂ ਨੇ ਇਹ ਭੀ ਲਿਖਿਆ ਹੈ ਕਿ ਸਤਿਗੁਰੂ ਕੋਠੇ ਵਿਚ ਸਮਾਧੀ ਲਗਾ ਬੈਠੇ ਤੇ ਬਾਹਰੋਂ ਜੰਦਰਾ ਲਗਵਾ ਲਿਆ ਅਤੇ ਪੰਜਵੇਂ ਦਿਨ ਦਸਵਾਂ ਦੁਆਰ ਫਾੜ ਸੱਚ-ਖੰਡ ਜਾ ਬਿਰਾਜੇ। ਪਰ ਇਹ ਸਾਰੀ ਗੱਲ ਗੁਰਮਤ ਤੇ ਗੁਰੂ ਮਰਯਾਦਾ ਦੇ ਅਨੁਸਾਰ ਨਹੀਂ। ਮਾਲੂਮ ਹੁੰਦਾ ਹੈ ਕਿ ਬ੍ਰਾਹਮਣਕ ਮੱਤ ਦੇ ਅਸਰਾਂ ਹੇਠ ਪੋਥੀਆਂ ਵਿਚ ਮੰਨੇ ਹੋਏ ਮੌਤ ਦੇ ਸਮੇਂ ਦਾ ਖਿਆਲ ਹੀ ਉਹਨਾਂ ਲਿਖਾਰੀਆਂ ਨੇ ਲਿਖ ਦਿਤਾ ਹੈ।

ਹਨ। ਭੌਂਵਰ ਇਸ ਪ੍ਰੇਮ ਦੇ ਵੱਸ ਹੀ ਹੋ, ਕੰਵਲ ਵਿਚ ਲਿਪਟ ਆਪਾ ਖ਼ਤਮ ਕਰ ਦਿੰਦਾ ਹੈ। ਮੱਛੀਆਂ ਪਾਣੀ ਦੇ ਫ਼ਿਰਾਕ ਵਿਚ ਇਹਦੇ ਅਸਰ ਹੇਠ ਹੀ ਤੜਪਦੀਆਂ ਹਨ ਤੇ ਪ੍ਰਵਾਨੇ ਸ਼ਮ੍ਹਾਂ ਤੇ ਇਸ ਇਸ਼ਕ ਦੇ ਨਸ਼ੇ ਵਿਚ ਹੀ ਸੜ ਮਰਦੇ ਹਨ। ਕਿਤਨਾ ਮਾਣ ਹੁੰਦਾ ਹੋਵੇਗਾ ਉਹਨਾਂ ਕੰਵਲਾਂ ਨੂੰ ਆਪਣੀ ਸੁਗੰਧੀ ਤੇ, ਜਿਸ ਉੱਤੇ ਭੌਰ ਜਾਨ ਵਾਰ ਦਿੰਦੇ ਹਨ। ਤੇ ਕੀ ਨਾਜ਼ ਕਰਦੀ ਹੋਵੇਗੀ ਸ਼ਮ੍ਹਾਂ ਆਪਣ ਨੂਰ ਤੇ ਕਿ ਜਿਸ ਉਤੋਂ ਪ੍ਰਵਾਨੇ ਜਿੰਦ ਘੋਲ ਘੁਮਾਂਦੇ ਹਨ। ਇਹ ਨਾਜ਼ ਤੇ ਮਾਣ ਕਿਉਂ ਨਾ ਹੋਣ, ਰੂਪ ਨੂੰ ਕਰਨੇ ਬਣ ਆਏ ਨੇ। ਪਰ ਅਜੇਹਾ ਤੇ ਕਦੀ ਨਹੀਂ ਹੋਇਆ ਕਿ ਕੰਵਲ ਮੁਰਝਾ ਗਿਆ ਹੋਵੇ, ਰਸ ਸੁੱਕ ਗਿਆ ਹੋਵੇ ਤੇ ਭੌਂਵਰ ਫਿਰ ਭੀ ਕੁਰਬਾਨ ਹੋਈ ਜਾਣ। ਸ਼ਮ੍ਹਾਂ ਬੁਝ ਗਈ ਹੋਵੇ, ਨੂਰ ਸਮਾ ਚੁਕਾ ਹੋਵੇ ਤੇ ਪ੍ਰਵਾਨੇ ਫਿਰ ਭੀ ਵਾਰਨੇ ਹੋਣ। ਹਾਂ ਅਜੇਹਾ ਸੱਚ ਮੁਚ ਕਦੀ ਨਹਾਂ ਹੋਇਆ ਸੁਣਿਆ। ਪਰ ਜੇ ਕਦੀ ਅਜੇਹਾ ਹੋ ਭੀ ਜਾਵੇ, ਕਿਸੇ ਮੁਰਝਾਏ ਹੋਏ ਕੰਵਲ ਤੇ ਭੌਂਵਰ ਸਦਕੇ ਹੁੰਦੇ ਦਿਸਦੇ ਹੋਣ, ਕਿਸੇ ਬੁੱਝੀ ਹੋਈ ਸ਼ਮ੍ਹਾਂ ਤੇ ਪ੍ਰਵਾਨੇ ਆਪਾ ਵਾਰਦੇ ਹੋਣ, ਤਾਂ ਉਥੇ ਮਹਬੂਬ ਦਾ ਮਰਤਬਾ ਕਿੱਡਾ ਕੁ ਬਲੰਦ ਹੁੰਦਾ ਹੋਵੇਗਾ। ਚੁਨਾਂਚਿ ੧੫ ਚੇਤਰ ਸੰ: ੧੭੦੧ ਬਿ: ਨੂੰ ਜਗਤ ਨੇ ਇਹ ਨਿਰਾਲੀ ਪ੍ਰੇਮ-ਲੀਲ੍ਹਾ ਦੇਖੀ, ਜੋ ਪਹਿਲਾਂ ਕਦੀ ਨਹੀਂ ਸੀ ਹੋਈ। ਬਾਗ਼ ਸੀ, ਹਵਾਵਾਂ ਚੱਲ ਰਹੀਆਂ ਸਨ, ਪਰ ਕੰਵਲ ਮੁਰਝਾਇਆ ਹੋਇਆ ਸੀ, ਰੰਗ ਫਿੱਕਾ ਪਿਆ ਹੋਇਆ ਤੇ ਰਸ ਸੁੱਕ ਚੁਕਾ ਸੀ, ਪਰ ਭੌਂਵਰ ਆਪਾ ਵਾਰ ਰਹੇ ਸਨ। ਸ਼ਮ੍ਹਾਂ ਬੁਝ ਚੁਕੀ, ਰੌਸ਼ਨੀ ਰੂਪੋਸ਼ ਹੋ ਚੁਕੀ ਸੀ, ਪਰ

ਪ੍ਰਵਾਨੇ ਤਨ ਵਾਰ ਰਹੇ ਸਨ। ਕੀਰਤ ਪੁਰ ਦੇ ਬਾਹਰ ਸਤਲੁਜ ਦੇ ਕਿਨਾਰੇ ਉਸ ਥਾਂ ਤੇ, ਜਿਸ ਨੂੰ ਅੱਜ ਪਤਾਲ-ਪੁਰੀ ਕਹਿੰਦੇ ਹਨ, ਇਹ ਚੋਜ ਹੋ ਰਹੇ ਸਨ। ਚੰਦਨ ਦੀ ਚਿਤਾ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੇਹ ਟਿਕਾਈ ਗਈ, ਉੱਤੇ ਅਤੇ ਪਾਸਿਆਂ ਤੇ ਲਕੜੀਆਂ ਟਿਕਾ ਦਿੱਤੀਆਂ ਗਈਆਂ, ਖ਼ੁਸ਼ਬੂਆਂ ਛਿੜਕੀਆਂ ਗਈਆਂ ਤੇ ਲਾਂਬੂ ਲਗਾ ਦਿਤਾ ਗਿਆ। ਅੱਖ ਦੇ ਪਲਕਾਰੇ ਵਿਚ ਅੱਗ ਦੇ ਸ਼ੋਹਲੇ ਅਸਮਾਨ ਨਾਲ ਗੱਲਾਂ ਕਰਨ ਲੱਗੇ। ਇਹ ਉਪਕਾਰ ਸੁੰਦਰ ਦੇਹ ਅੱਗ ਦੇ ਹਵਾਲੇ ਕਿਉਂ ਕਰ ਦਿੱਤੀ ਗਈ ? ਇਸ ਦਾ ਇਕੋ ਜਵਾਬ ਸੀ—ਸ਼ਮ੍ਹਾਂ ਬੁਝ ਚੁਕੀ ਹੈ, ਰੌਸ਼ਨੀ ਮੱਧਮ ਹੋ ਚੁਕੀ ਹੈ, ਮੜੌਲੀ ਇਸ ਤਰ੍ਹਾਂ ਹੀ ਟਿਕਾ ਕੇ ਲਗਾਈਦੀ ਹੈ। ਪਰ ਇਹ ਤੇ ਸਨ ਗੱਲਾਂ ਗਿਆਨੀਆਂ ਦੀਆਂ; ਇਹ ਸਨ ਸੰਦੇਸ਼ ਸਮਝਾਂ ਵਾਲਿਆਂ ਨੂੰ; ਇਹ ਸੀ ਚਾਲ ਚਾਤਰਾਂ ਦੀ। ਭੋਲੇ ਪ੍ਰਵਾਨੇ ਇਨ੍ਹਾਂ ਗੱਲਾਂ ਨੂੰ ਕੀ ਜਾਣਨ; ਇਸ਼ਕ-ਬਾਜ਼ ਇਨ੍ਹਾਂ ਇਸ਼ਾਰਿਆਂ ਨੂੰ ਕੀ ਬੁੱਝਣ; ਓਹ ਤਾਂ ਆਪਾ ਵਾਰਨਾ ਹੀ ਜਾਣਦੇ ਹਨ। ਚੁਨਾਂਚਿ ਲਾਂਬੂ ਲੱਗਦਿਆਂ ਤੇ ਅੱਗ ਦੇ ਸ਼ੋਹਲੇ ਉੱਚੇ ਹੁੰਦਿਆਂ ਹੀ ਰਾਜਾ ਰਾਮ ਪ੍ਰਤਾਪ ਸਿੰਘ ਨੇ ਭੱਜ *ਚਿਤਾ ਵਿਚ ਛਾਲ

---

*ਦਬਿਸਤਾਨੇ ਮਜ਼ਾਹਿਬ ਵਿਚ ਲਿਖਿਆ ਹੈ—"ਜ਼ਬਾਨਹਾਏ ਆਤਸ਼ ਬੁਲੰਦ ਸ਼ੁਦ ਰਾਜਾ ਰਾਮ ਨਾਮ ਰਜਪੂਤੇ ਕਿ ਮੁਲਾਜ਼ਮੇ ਊ ਬੂਦ ਖ਼ੁਦ ਰਾ ਦਰ ਆਤਿਸ਼ ਅਫ਼ਗੰਦ।" ਜਦ ਅੱਗ ਦੇ ਸ਼ੋਹਲੇ ਬੁਲੰਦ ਹੋਏ ਤਾਂ ਰਾਜਾ ਰਾਮ ਨਾਮੀ ਰਾਜਪੂਤ ਨੇ, ਜੋ ਉਹਨਾਂ ਦਾ ਸੇਵਕ ਸੀ, ਅੱਗ ਵਿਚ ਛਾਲ ਚੁੱਕ ਮਾਰੀ।" ਅੱਗੇ ਜਾ ਕੇ ਲਿਖਿਆ ਹੈ—"ਬਾਦ ਅਜ਼ਾਂ ਜਮੀਏ ਕਸੀਰ

(ਬਾਕੀ ਦੇਖੋ ਫੁਟ ਨੋਟ ਸਫਾ ੩੦੬)

ਹਨ। ਭੌਂਵਰ ਇਸ ਪ੍ਰੇਮ ਦੇ ਵੱਸ ਹੀ ਹੋ, ਕੰਵਲ ਵਿਚ ਲਿਪਟ ਆਪਾ ਖ਼ਤਮ ਕਰ ਦਿੰਦਾ ਹੈ। ਮੱਛੀਆਂ ਪਾਣੀ ਦੇ ਫ਼ਿਰਾਕ ਵਿਚ ਇਹਦੇ ਅਸਰ ਹੇਠ ਹੀ ਤੜਪਦੀਆਂ ਹਨ ਤੇ ਪ੍ਰਵਾਨੇ ਸ਼ਮ੍ਹਾਂ ਤੇ ਇਸ ਇਸ਼ਕ ਦੇ ਨਸ਼ੇ ਵਿਚ ਹੀ ਸੜ ਮਰਦੇ ਹਨ। ਕਿਤਨਾ ਮਾਣ ਹੁੰਦਾ ਹੋਵੇਗਾ ਉਹਨਾਂ ਕੰਵਲਾਂ ਨੂੰ ਆਪਣੀ ਸੁਗੰਧੀ ਤੇ, ਜਿਸ ਉੱਤੇ ਭੌਰ ਜਾਨ ਵਾਰ ਦਿੰਦੇ ਹਨ। ਤੇ ਕੀ ਨਾਜ਼ ਕਰਦੀ ਹੋਵੇਗੀ ਸ਼ਮ੍ਹਾਂ ਆਪਣ ਨੂਰ ਤੇ ਕਿ ਜਿਸ ਉਤੋਂ ਪ੍ਰਵਾਨੇ ਜਿੰਦ ਘੋਲ ਘੁਮਾਂਦੇ ਹਨ। ਇਹ ਨਾਜ਼ ਤੇ ਮਾਣ ਕਿਉਂ ਨਾ ਹੋਣ, ਰੂਪ ਨੂੰ ਕਰਨੇ ਬਣ ਆਏ ਨੇ। ਪਰ ਅਜੇਹਾ ਤੇ ਕਦੀ ਨਹੀਂ ਹੋਇਆ ਕਿ ਕੰਵਲ ਮੁਰਝਾ ਗਿਆ ਹੋਵੇ, ਰਸ ਸੁੱਕ ਗਿਆ ਹੋਵੇ ਤੇ ਭੌਂਵਰ ਫਿਰ ਭੀ ਕੁਰਬਾਨ ਹੋਈ ਜਾਣ। ਸ਼ਮ੍ਹਾਂ ਬੁਝ ਗਈ ਹੋਵੇ, ਨੂਰ ਸਮਾ ਚੁਕਾ ਹੋਵੇ ਤੇ ਪ੍ਰਵਾਨੇ ਫਿਰ ਭੀ ਵਾਰਨੇ ਹੋਣ। ਹਾਂ ਅਜੇਹਾ ਸੱਚ ਮੁਚ ਕਦੀ ਨਹਾਂ ਹੋਇਆ ਸੁਣਿਆ। ਪਰ ਜੇ ਕਦੀ ਅਜੇਹਾ ਹੋ ਭੀ ਜਾਵੇ, ਕਿਸੇ ਮੁਰਝਾਏ ਹੋਏ ਕੰਵਲ ਤੇ ਭੌਂਵਰ ਸਦਕੇ ਹੁੰਦੇ ਦਿਸਦੇ ਹੋਣ, ਕਿਸੇ ਬੁੱਝੀ ਹੋਈ ਸ਼ਮ੍ਹਾਂ ਤੇ ਪ੍ਰਵਾਨੇ ਆਪਾ ਵਾਰਦੇ ਹੋਣ, ਤਾਂ ਉਥੇ ਮਹਬੂਬ ਦਾ ਮਰਤਬਾ ਕਿੱਡਾ ਕੁ ਬਲੰਦ ਹੁੰਦਾ ਹੋਵੇਗਾ। ਚੁਨਾਂਚਿ ੧੫ ਚੇਤਰ ਸੰ: ੧੭੦੧ ਬਿ: ਨੂੰ ਜਗਤ ਨੇ ਇਹ ਨਿਰਾਲੀ ਪ੍ਰੇਮ-ਲੀਲ੍ਹਾ ਦੇਖੀ, ਜੋ ਪਹਿਲਾਂ ਕਦੀ ਨਹੀਂ ਸੀ ਹੋਈ। ਬਾਗ਼ ਸੀ, ਹਵਾਵਾਂ ਚੱਲ ਰਹੀਆਂ ਸਨ, ਪਰ ਕੰਵਲ ਮੁਰਝਾਇਆ ਹੋਇਆ ਸੀ, ਰੰਗ ਫਿੱਕਾ ਪਿਆ ਹੋਇਆ ਤੇ ਰਸ ਸੁੱਕ ਚੁਕਾ ਸੀ, ਪਰ ਭੌਂਵਰ ਆਪਾ ਵਾਰ ਰਹੇ ਸਨ। ਸ਼ਮ੍ਹਾਂ ਬੁਝ ਚੁਕੀ, ਰੌਸ਼ਨੀ ਰੂਪੋਸ਼ ਹੋ ਚੁਕੀ ਸੀ, ਪਰ

ਪ੍ਰਵਾਨੇ ਤਨ ਵਾਰ ਰਹੇ ਸਨ। ਕੀਰਤ ਪੁਰ ਦੇ ਬਾਹਰ ਸਤਲੁਜ ਦੇ ਕਿਨਾਰੇ ਉਸ ਥਾਂ ਤੇ, ਜਿਸ ਨੂੰ ਅੱਜ ਪਤਾਲ-ਪੁਰੀ ਕਹਿੰਦੇ ਹਨ, ਇਹ ਚੋਜ ਹੋ ਰਹੇ ਸਨ। ਚੰਦਨ ਦੀ ਚਿਤਾ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੇਹ ਟਿਕਾਈ ਗਈ, ਉੱਤੇ ਅਤੇ ਪਾਸਿਆਂ ਤੇ ਲਕੜੀਆਂ ਟਿਕਾ ਦਿੱਤੀਆਂ ਗਈਆਂ, ਖ਼ੁਸ਼ਬੂਆਂ ਛਿੜਕੀਆਂ ਗਈਆਂ ਤੇ ਲੰਬੂ ਲਗਾ ਦਿਤਾ ਗਿਆ। ਅੱਖ ਦੇ ਪਲਕਾਰੇ ਵਿਚ ਅੱਗ ਦੇ ਸ਼ੋਹਲੇ ਅਸਮਾਨ ਨਾਲ ਗੱਲਾਂ ਕਰਨ ਲੱਗੇ। ਇਹ ਉਪਕਾਰ ਸੁੰਦਰ ਦੇਹ ਅੱਗ ਦੇ ਹਵਾਲੇ ਕਿਉਂ ਕਰ ਦਿੱਤੀ ਗਈ? ਇਸ ਦਾ ਇਕੋ ਜਵਾਬ ਸੀ—ਸ਼ਮ੍ਹਾਂ ਬੁਝ ਚੁਕੀ ਹੈ, ਰੌਸ਼ਨੀ ਮੱਧਮ ਹੋ ਚੁਕੀ ਹੈ, ਮੜ੍ਹੌਲੀ ਇਸ ਤਰ੍ਹਾਂ ਹੀ ਟਿਕਾ ਕੇ ਲਗਾਈ ਦੀ ਹੈ। ਪਰ ਇਹ ਤੇ ਸਨ ਗੱਲਾਂ ਗਿਆਨੀਆਂ ਦੀਆਂ; ਇਹ ਸਨ ਸੰਦੇਸ਼ ਸਮਝਾਂ ਵਾਲਿਆਂ ਨੂੰ; ਇਹ ਸੀ ਚਾਲ ਚਾਤਰਾਂ ਦੀ। ਭੋਲੇ ਪ੍ਰਵਾਨੇ ਇਨ੍ਹਾਂ ਗੱਲਾਂ ਨੂੰ ਕੀ ਜਾਣਨ; ਇਸ਼ਕ-ਬਾਜ਼ ਇਨ੍ਹਾਂ ਇਸ਼ਾਰਿਆਂ ਨੂੰ ਕੀ ਬੁੱਝਣ; ਉਹ ਤਾਂ ਆਪਾ ਵਾਰਨਾ ਹੀ ਜਾਣਦੇ ਹਨ। ਚੁਨਾਂਚਿ ਲੰਬੂ ਲੱਗਦਿਆਂ ਤੇ ਅੱਗ ਦੇ ਸ਼ੋਹਲੇ ਉੱਚੇ ਹੁੰਦਿਆਂ ਹੀ ਰਾਜਾ ਰਾਮ ਪ੍ਰਤਾਪ ਸਿੰਘ ਨੇ ਭੱਜ *ਚਿਤਾ ਵਿਚ ਛਾਲ

---

*ਦਬਿਸਤਾਨੇ ਮਜ਼ਾਹਿਬ ਵਿਚ ਲਿਖਿਆ ਹੈ—"ਜ਼ਬਾਨਹਾਏ ਆਤਸ਼ ਬੁਲੰਦ ਸ਼ੁਦ ਰਾਜਾ ਰਾਮ ਨਾਮ ਰਜਪੂਤੇ ਕਿ ਮੁਲਾਜ਼ਮੇ ਊ ਬੂਦ ਖ਼ੁਦ ਰਾ ਦਰ ਆਤਿਸ਼ ਅਫ਼ਗੰਦ।" ਜਦ ਅੱਗ ਦੇ ਸ਼ੋਹਲੇ ਬੁਲੰਦ ਹੋਏ ਤਾਂ ਰਾਜਾ ਰਾਮ ਨਾਮੀ ਰਾਜਪੂਤ ਨੇ, ਜੋ ਉਹਨਾਂ ਦਾ ਸੇਵਕ ਸੀ, ਅੱਗ ਵਿਚ ਛਾਲ ਚੁੱਕ ਮਾਰੀ।" ਅੱਗੇ ਜਾ ਕੇ ਲਿਖਿਆ ਹੈ—"ਬਾਦ ਅਜ਼ਾਂ ਜਮੀਏ ਕਸੀਰ

(ਬਾਕੀ ਦੇਖੋ ਫੁਟ ਨੋਟ ਸਫਾ ੩੦੬)

ਮਾਰੀ ਅਤੇ ਬਲਦੀਆਂ ਲਾਟਾਂ ਵਿਚ ਆਪਣਾ ਸਿਰ ਸਤਿਗੁਰਾਂ ਦੇ ਚਰਨਾਂ ਤੇ ਜਾ ਟਿਕਾਇਆ। ਇਹ ਪ੍ਰਵਾਨਾ ਸ਼ਮ੍ਹਾਂ ਤੇ ਨਿਸਾਰ ਹੋਇਆ ਹੀ ਸੀ, ਜਾਂ ਡਾਰਾਂ ਦੀਆਂ ਡਾਰਾਂ ਤਿਆਰ ਹੋ ਪਈਆਂ ਅਤੇ ਅਜੇ ਇਕ ਦੂਸਰੇ ਨੇ ਅੱਗ ਵਿਚ ਛਾਲ ਮਾਰੀ ਹੀ ਸੀ ਕਿ ਸ੍ਰੀ ਗੁਰੂ ਹਰਿ ਰਾਇ ਜੀ ਸਾਮ੍ਹਣੇ ਆ ਖੜ੍ਹੋਤੇ ਅਤੇ ਜਦ ਸਤਿਗੁਰਾਂ ਨੇ ਮਿਹਰ ਦੀ ਨਿਗਾਹ ਮਾਰ ਮਸਤਾਨਿਆਂ ਨੂੰ ਮੋਹ ਤੋਂ ਉਤਾਂਹ ਚੁੱਕ, ਆਤਮ ਲਖਤਾ ਕਰਾਇ, ਤਾਂ ਉਹ ਪ੍ਰੀਤਮ ਦੇ ਨੂਰ ਨੂੰ ਨਵੇਂ ਜਾਮੇਂ ਵਿਚ ਤਕ ਅੱਖਾਂ ਨੀਂਵੀਆਂ ਕਰ ਆਪਣੀ ਆਪਣੀ ਥਾਂ ਟਿਕ ਗਏ।

---

(ਸਫ਼ਾ ੩੦੪ ਦੇ ਫੁਟ ਨੋਟ ਦੀ ਬਾਕੀ)

ਆਹੰਗੇ ਜਸਤਨ ਕਰਦੰਦ ਗੁਰੂ ਹਰ ਰਾਏ ਮਾਨੇ ਸ਼ੁੱਦ। ਦੌਲਤ ਖ਼ਾਂ ਕਾਕਸਾਲ ਗੋਇਦ—

ਰੁਬਾਈ

ਅਜ਼ ਸਦ ਸੁਖ਼ਨੇ ਮਹਿਰਮ ਯਕ ਮਰਾ ਯਾਦ ਅਸਤ।
ਆਲਮ ਨ ਸ਼ਵਦ ਵੀਰਾਂ ਤਾ ਮੈਕਦਾ ਆਬਾਦ ਅਸਤ।
ਤਾ ਜਾਂ ਕਿਹ ਤਵਾਨਦ ਦਾਦ ਤਾ ਦਿਲ ਕਿ ਤਵਾਨਦ ਬੁਰਦ,
ਜਾਂ ਦਾਦਨੋ-ਦਿਲ ਬੁਰਦਨ ਈਂ ਹਰ ਦੋ ਖ਼ੁਦਾਦਾਦ ਅਸਤ।"

ਉਸ ਦੇ ਪਿਛੋਂ ਬਹੁਤ ਸਾਰਿਆਂ ਨੇ ਅੱਗ ਵਿਚ ਛਾਲ ਮਾਰਨ ਦੀ ਕੋਸ਼ਸ਼ ਕੀਤੀ, ਪਰ ਗੁਰੂ ਹਰਿਰਾਇ ਜੀ ਨੇ ਮਨ੍ਹਾਂ ਕਰ ਦਿੱਤਾ। ਦੌਲਤ ਖ਼ਾਂ ਕਾਕਸਾਲ ਨੇ ਠੀਕ ਕਿਹਾ ਹੈ—

"ਮੁਰਸ਼ਦ ਦੇ ਸੌ ਸੁਖਨਾਂ ਵਿਚੋਂ ਇਕੋ ਮੈਨੂੰ ਯਾਦ ਰਿਹਾ।
ਜਹਾਨ ਵਿਰਾਨ ਨਾ ਹੋਵੇ ਜੇਕਰ ਮੈ-ਖਾਨਾ ਆਬਾਦ ਰਿਹਾ।
ਜੇਕਰ ਜਿੰਦ ਦੇ ਸੱਕੇ ਕੋਈ ਦਿਲ ਕੋਈ ਲੈ ਸੱਕਣ ਨੂੰ।
ਜਿੰਦ ਦੇਣਾ ਤੇ ਦਿਲ ਲੈ ਲੈਣਾ, ਦੋਵੇਂ ਰੱਬ ਦੀ ਦਾਤ ਰਿਹਾ।

# ਦੇਵ ਦਰਸ਼ਨ

ਗ਼ਰੀਬ-ਨਿਵਾਜ਼ ਸਤਿਗੁਰੂ ਦੇ ਦੇਵ ਦਰਸ਼ਨ ਦੀਆਂ ਵਡਿਆਈਆਂ ਵੱਲ ਜਦ ਅਸੀਂ ਨਿਗ੍ਹਾ ਮਾਰਦੇ ਹਾਂ, ਤਾਂ ਖ਼ੂਬੀਆਂ ਦਾ ਇਕ ਸਾਗਰ ਉਛਾਲੇ ਮਾਰਦਾ ਦਿਸ ਆਉਂਦਾ ਹੈ, ਜਿਸ ਦਾ ਅੰਤ ਪਾਉਣਾ ਤੇ ਲਿਖਤ ਵਿਚ ਲਿਆਉਣਾ ਕੇਵਲ ਕਠਨ ਹੀ ਨਹੀਂ, ਸਗੋਂ ਅਸੰਭਵ ਹੈ। ਪਰ ਤਾਂ ਭੀ ਉਸ ਸਾਗਰ ਦੀਆਂ ਚੰਦ ਇਕ ਲਹਿਰਾਂ ਦਾ, ਜੋ ਸਾਡੀ ਕਮਜ਼ੋਰ ਨਿਗਾਹ ਦੇ ਗਮਨ ਵਿਚ ਆ ਸਕਦੀਆਂ ਹਨ, ਜ਼ਿਕਰ ਕਰਦੇ ਹਾਂ—

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਆਪਣੇ ਸਮੇਂ ਵਿਚ ਲਾਸਾਨੀ ਸੁੰਦਰ, ਅਦੁੱਤੀ ਜੋਧੇ ਅਤੇ ਸਰਬ ਸ਼੍ਰੋਮਣੀ, ਬ੍ਰਹਮ-ਗਿਆਨੀ, ਜਗਤ-ਉਧਾਰਕ ਸਤਿਗੁਰੂ ਹੋਏ ਹਨ। ਇਹਨਾਂ ਦੇ ਤਨ ਅਤੇ ਮਨ ਦੀ ਸੁੰਦਰਤਾ ਵਿਚ ਫਰਕ ਨਹੀਂ ਕੀਤਾ ਜਾ ਸਕਦਾ। ਜੇ ਉਹ ਸਰੀਰ ਕਰ ਕੇ ਉਸ ਸਮੇਂ ਸਾਰੇ ਭਾਰਤ-ਵਰਸ਼ ਵਿਚ ਚੁਣਵੇਂ ਸੁੰਦਰ ਜਵਾਨ ਸਨ, ਤਾਂ ਉਨ੍ਹਾਂ ਦਾ ਮਨ ਵੀ ਉੱਚੀਆਂ ਪ੍ਰਮਾਰਥਿਕ ਖ਼ੂਬੀਆਂ ਕਰ ਕੇ ਆਪਣਾ ਸਾਨੀ ਨਹੀਂ ਸੀ ਰੱਖਦਾ। ਸਤਿਗੁਰਾਂ ਦੀ ਸ੍ਰੀਰਕ ਸੁੰਦਰਤਾ ਦਾ ਸਭ ਤੋਂ ਬੜਾ ਪ੍ਰਮਾਣ ਉਹਨਾਂ ਦੇ ਜੀਵਨ ਵਿਚ ਇਹ ਮਿਲਦਾ ਹੈ ਕਿ ਨੂਰ ਜਹਾਨ ਜੈਸੀ ਸੁੰਦਰੀ ਤੇ ਉਹਦੀ ਸਾਥੀ ਬੇਗ਼ਮਾਂ ਨੇ ਭੀ ਸਤਿਗੁਰਾਂ ਦਾ ਸੁੰਦਰ ਸਰੂਪ ਤੱਕ ਬਾਦਸ਼ਾਹ ਜਹਾਂਗੀਰ ਨਾਲ ਉਹਨਾਂ ਦੀ ਸੁੰਦਰਤਾ ਦਾ ਜ਼ਿਕਰ ਇਸ ਢੰਗ ਵਿਚ ਕੀਤਾ ਕਿ ਉਸ ਨੂੰ ਸਤਿਗੁਰਾਂ ਤੇ ਇਹ ਪ੍ਰਸ਼ਨ ਕਰਨਾ ਪਿਆ,

"ਤੁਸੀਂ ਇਤਨੇ ਸੁੰਦਰ ਅਤੇ ਹੁਸੀਨ ਹੋ ਤੇ ਫਿਰ ਸਾਰੇ ਐਸ਼ ਦੇ ਸਾਮਾਨਾਂ ਵਿਚ ਰਹਿ ਕੇ ਆਪਣੇ ਮਨ ਨੂੰ ਕਾਬੂ ਵਿਚ ਕਿਸ ਤਰ੍ਹਾਂ ਰੱਖ ਸਕਦੇ ਹੋ ?" ਸਤਿਗੁਰਾਂ ਦਾ ਸਰੂ ਵਰਗਾ ਕੱਦ, ਚੌੜੀ ਛਾਤੀ, ਲੰਮੀਆਂ ਭਰਵੀਆਂ ਬਾਹਵਾਂ, ਮੋਟੇ ਨੈਣ ਤੇ ਚੌੜੇ ਮਸਤਕ ਨੂੰ ਤੱਕ ਮੁਸੱਵਰ ਹੈਰਾਨ ਰਹਿ ਜਾਂਦੇ ਸਨ। ਆਪ ਦੇ ਬਲੀ ਸਰੀਰ ਕਰ ਕੇ ਹੀ ਆਪ ਨੂੰ ਇਤਨੇ ਭਾਰੇ ਭਾਰੇ ਸ਼ਸਤ੍ਰ ਚਲਾਉਣ ਦਾ ਅਭਿਆਸ ਸੀ ਕਿ ਜਿਨ੍ਹਾਂ ਨੂੰ ਅੱਜ ਵੱਡੇ ਤੋਂ ਵੱਡਾ ਜਵਾਨ ਭੀ ਚੁੱਕ ਕੇ ਫੇਰਨ ਦਾ ਹੀਆ ਨਹੀਂ ਕਰ ਸਕਦਾ। ਸਤਿਗੁਰਾਂ ਦੇ ਭਾਰੀ ਭਾਰੀ ਖੰਡੇ, ਜੋ ਅੱਜ ਤਕ ਕਰਤਾਰ ਪੁਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਚ ਮੌਜੂਦ ਹਨ, ਦੇਖ ਕੇ ਬੜੇ ਬੜੇ ਬਲੀ ਭੀ ਹੈਰਾਨ ਰਹਿ ਜਾਂਦੇ ਹਨ ਕਿ ਉਹ ਕਿਤਨੇ ਭਾਰੇ ਜਵਾਨ ਹੋਣਗੇ, ਜੋ ਇਨ੍ਹਾਂ ਸ਼ਸਤ੍ਰਾਂ ਨੂੰ ਰਣ ਵਿਚ ਵਾਹੁੰਦੇ ਸਨ।

ਸੁੰਦਰ ਸਰੂਪ ਵਾਲੇ ਮਹਾਂ ਬਲੀ ਜਵਾਨ ਹੋਣ ਦੇ ਨਾਲ ਹੀ ਸਤਿਗੁਰੂ ਅਦੁਤੀ ਸ਼ਸਤ੍ਰ-ਅੰਦਾਜ਼ ਸਨ। ਉਹਨਾਂ ਦੇ ਤੀਰਾਂ ਦੀ ਤਾਬ ਤਾਂ ਕੋਈ ਲਿਆ ਹੀ ਨਹੀਂ ਸੀ ਸਕਦਾ। ਇਹੀ ਕਾਰਨ ਸੀ ਕਿ ਰਣ ਸਮੇਂ ਕਾਲੇ ਖ਼ਾਂ ਕਾਬਲੀ ਅਤੇ ਪੈਂਦੇ ਖ਼ਾਂ ਵਰਗੇ ਸਮੇਂ ਦੇ ਮਸ਼ਹੂਰ ਬਲੀ ਪਹਿਲਵਾਨਾਂ ਨੇ ਭੀ ਰਣ ਸਮੇਂ ਸਤਿਗੁਰਾਂ ਕੋਲੋਂ ਇਹ ਮੰਗ ਕੀਤੀ ਕਿ ਉਹ ਤੀਰ ਕਮਾਨ ਛੱਡ ਕੇ ਉਹਨਾਂ ਨਾਲ ਤਲਵਾਰ ਦੀ ਲੜਾਈ ਕਰਨ ਅਤੇ ਜਦੋਂ ਜਹਾਂਗੀਰ ਦੇ ਸਮੇਂ ਆਗਰੇ ਦੇ ਮੈਦਾਨ ਵਿਚ ਹਿੰਦੁਸਤਾਨ ਭਰ ਦੇ ਚੁਣਵੇਂ ਜੋਧਿਆਂ ਨੇ ਤੀਰ-ਅੰਦਾਜ਼ੀ ਕੀਤੀ, ਤਾਂ ਸਤਿਗੁਰਾਂ ਦੇ ਬਰਾਬਰ ਕੋਈ ਭੀ ਦੂਰ ਦਾ ਨਿਸ਼ਾਨਾ ਨ,

ਫ਼ੁੰਡ ਸਕਿਆ। ਤੀਰ-ਅੰਦਾਜ਼ੀ ਤੋਂ ਬਿਨਾਂ, ਕਿ ਜਿਸ ਦਾ ਸਾਨੀ ਉਸ ਸਮੇਂ ਕੋਈ ਹੈਸੀ ਹੀ ਨਹੀਂ, ਸਤਿਗੁਰੂ ਤਲਵਾਰ ਢਾਲ ਦੀ ਲੜਾਈ ਵਿਚ ਭੀ ਕਮਾਲ ਰੱਖਦੇ ਸਨ। ਚੁਨਾਂਚਿ ਜ਼ਿੰਦਗੀ ਵਿਚ ਕਈ ਵੇਰ ਉਹਨਾਂ ਨੂੰ ਬੜੇ ਬੜੇ ਮੰਨੇ-ਪ੍ਰਮੰਨੇ ਸੂਰਮਿਆਂ ਨਾਲ ਆਮ੍ਹੋ-ਸਾਮ੍ਹਣੀ ਲੜਾਈ ਕਰਨੀ ਪਈ, ਜਿਸ ਵਿਚ ਸਤਿਗੁਰਾਂ ਨੇ ਸਦਾ ਹੀ ਮੁਖ਼ਾਲਫ਼ ਨੂੰ ਨਿਵਾਇਆ।

ਸ਼ਸਤ੍ਰ-ਵਿਦਿਆ ਤੋਂ ਬਿਨਾਂ ਆਪ ਨੂੰ ਸ਼ਾਹ-ਸਵਾਰੀ ਤੇ ਸ਼ਿਕਾਰ ਵਿਚ ਭੀ ਕਮਾਲ ਹਾਸਲ ਸੀ। ਆਪ ਨੇ ਸਾਰੀ ਉਮਰ ਹੀ ਏਸ਼ੀਆ ਭਰ ਵਿਚੋਂ ਚੁਣੇ ਹੋਏ ਵੱਡ-ਮੁੱਲੇ ਘੋੜਿਆਂ ਦੀ ਸਵਾਰੀ ਕੀਤੀ ਤੇ ਇਹ ਕਹਿਣਾ ਕੋਈ ਮੁਬਾਲਗ਼ਾ ਨਹੀਂ ਕਿ ਉਹਨਾਂ ਦੀ ਬਰਾਬਰ ਅੱਛੀ ਨਸਲ ਦੇ ਤੇਜ਼-ਰਫ਼ਤਾਰ ਘੋੜੇ ਦਿੱਲੀ ਦੇ ਸ਼ਹਿਨਸ਼ਾਹ ਨੂੰ ਭੀ ਪ੍ਰਾਪਤ ਨਹੀਂ ਹੋ ਸਕੇ। ਸ਼ਿਕਾਰ ਵਿਚ ਆਪ ਨੇ ਉਹ ਕਮਾਲ ਦਿਖਾਏ ਕਿ ਜਿਨ੍ਹਾਂ ਵਿਚੋਂ ਕਈਆਂ ਦੀਆਂ ਯਾਦਗਾਰਾਂ ਅੱਜ ਤਕ ਕਾਇਮ ਚਲੀਆਂ ਆਉਂਦੀਆਂ ਹਨ। ਚਿਤ੍ਰੇ ਅਤੇ ਸ਼ੇਰਾਂ ਨੂੰ ਪੈਦਲ ਹੋ ਕੇਵਲ ਤਲਵਾਰ ਨਾਲ ਹੀ ਸ਼ਿਕਾਰ ਕਰਨਾ ਆਪ ਲਈ ਇਕ ਮਰਦ-ਸਾਧਾਰਨ ਗੱਲ ਸੀ।

ਜਾਨਵਰਾਂ ਦੇ ਸ਼ਿਕਾਰ ਤੋਂ ਬਿਨਾਂ ਪਿਆਰ, ਮੇਹਰ ਅਤੇ ਸਤਿਕਾਰ ਦੇ ਸ਼ਸਤ੍ਰ ਨਾਲ ਇਨਸਾਨੀ ਦਿਲਾਂ ਦਾ ਸ਼ਿਕਾਰ ਕਰਨਾ ਆਪ ਦਾ ਰੋਜ਼ਾਨਾ ਸ਼ੁਗਲ ਸੀ। ਸਿਖ ਤਾਂ ਆਪ ਦੇ ਮੁਰੀਦ ਹੈਗੇ ਹੀ ਸਨ, ਪਰ ਆਪ ਜੀ ਨੇ ਆਪਣੀ ਜ਼ਿੰਦਗੀ ਵਿਚ ਬੇਅੰਤ ਦੌਲਤ ਦ ਦਿਲਦਾਦਿਆਂ, ਹਕੂਮਤ ਦੇ ਅਭਿਮਾਨੀਆਂ, ਫ਼ਕੀਰੀ ਤੇ ਫੁੱਲਿਆਂ ਹੋਇਆਂ, ਤਪ ਦੇ ਤਾਨ

ਤੇ ਤਿੜਿਆਂ ਹੋਇਆਂ ਤੇ ਬਾਹੂ-ਬਲ ਤੇ ਬਲਕਾਰ ਦਿਖਾਣ ਵਾਲਿਆਂ ਨੂੰ ਆਪ ਨੇ ਜਲਾਲ ਨਾਲ ਝੁਕਾ ਕੇ ਛੱਡਿਆ। ਭਾਵੇਂ ਆਪ ਸਮੇਂ ਸਿਰ ਲੋੜ ਪੈਣ ਤੇ ਸ਼ਸਤ੍ਰ ਭੀ ਵਰਤਦੇ ਸਨ, ਪਰ ਆਪ ਦਾ ਬਾਹਲਾ ਜ਼ੋਰ ਪਿਆਰ, ਮਿਹਰ ਤੇ ਰੂਹਾਨੀ ਕਮਾਲ ਦੀ ਵਰਤੋਂ ਤੇ ਸੀ, ਜਿਸ ਕਰ ਕੇ ਉਹਨਾਂ ਅੱਗੇ ਕਦੇ ਕੋਈ ਆਕੀ ਨਾ ਟਿਕ ਸਕਿਆ।

ਸਤਿਗੁਰੂ ਜੀ ਖ਼ੁਦ ਗੁਣੀ ਸਨ ਤੇ ਗੁਣਾਂ ਦੀ ਕਦਰ ਕਰਦੇ ਸਨ। ਜੋ ਭੀ ਮਦਦ ਦਾ ਪਾਤਰ ਆਪ ਦੇ ਦਰਵਾਜ਼ੇ ਤੇ ਆਇਆ, ਨਿਹਾਲ ਹੋ ਕੇ ਗਿਆ। ਆਪ ਦੀ ਮੇਹਰ ਤੇ ਮਦਦ ਨੇ ਪਾਤ੍ਰੀ ਵਿਚ ਕਦੀ ਵਤਨ, ਜਾਤੀ ਤੇ ਮਜ਼ਹਬ ਦਾ ਵਿਤਕਰਾ ਨਹੀਂ ਕੀਤਾ। ਜੇ ਪੁਰਾਣਕ ਪੰਡਤਾਂ ਦੀ ਵਿਦਿਆ ਤੇ ਪ੍ਰਸੰਨ ਹੋ, ਉਹਨਾਂ ਨੂੰ ਦਾਨ ਦਿੱਤੇ, ਤਾਂ ਢਾਡੀਆਂ ਨੂੰ ਵਾਰਾਂ ਲਿਖਣ ਬਦਲੇ ਭੀ ਬਖ਼ਸ਼ੀਸ਼ਾਂ ਹੋਈਆਂ। ਜੇ ਭਾਈ ਬਿਧੀ ਚੰਦ ਤੇ ਮਲਕ ਜਾਤੀ ਨੂੰ ਨਿਵਾਜਿਆ ਗਿਆ, ਤਾਂ ਪੈਂਦੇ ਖ਼ਾਂ ਦੀ ਪ੍ਰਵਰਸ਼ ਭੀ ਕੁਝ ਘੱਟ ਨਾ ਕੀਤੀ ਗਈ। ਕਿਸੇ ਕਵੀ ਨੇ ਸਤਿਗੁਰਾਂ ਦੀ ਸ਼ਾਨ ਵਿਚ ਖ਼ੂਬ ਕਿਹਾ ਹੈ—

"ਲੱਖ ਲੁੱਟ ਥੀ ਹਮੇਸ਼ਾ ਹੀ ਸੇ ਸਰਕਾਰ ਤੁਮ੍ਹਾਰੀ।
ਖਾਲੀ ਨਹੀਂ ਜਾਤਾ ਥਾ ਜੋ ਆਤਾ ਥਾ ਭਿਖਾਰੀ।
ਸਿੱਖ ਜਾਨ ਸੇ ਪਿਆਰੇ ਤੁਮ੍ਹੇਂ ਬੱਚੋਂ ਕੇ ਸਿਵਾ ਥੇ।
ਤੋ ਹਿੰਦੂ ਔਰ ਮੁਸਲਮ ਪੇ ਭੀ ਦਰ ਫ਼ੈਜ਼ ਕੇ ਵਾ ਥੇ।"

ਜਗਤ-ਤਾਰਕ ਸਤਿਗੁਰੂ ਜੀਵਾਂ ਦੀ ਕਲਿਆਣ ਲਈ ਆਪਣੇ ਜੀਵਨ ਤੋਂ ਜੋ ਉੱਚੇ ਉੱਚੇ ਸਬਕ ਦੇਂਦੇ ਸਨ, ਉਨ੍ਹਾਂ ਵਿਚ ਮਾਇਆ ਵਿਚ ਵੱਸ ਉਪਰਾਮ ਰਹਿਣਾ ਭੀ ਇਕ ਖਾਸ

ਗੱਲ ਸੀ। ਜੀਵਨ ਭਰ ਸਤਿਗੁਰਾਂ ਦੀ ਹਜ਼ੂਰੀ ਵਿਚ ਬੇਅੰਤ ਮਾਇਆ, ਕੀਮਤੀ ਤੋਹਫੇ ਤੇ ਵਡਮੁੱਲੇ ਸ਼ਸਤਰ ਬਸਤਰ ਤੇ ਘੋੜ ਚੜ੍ਹਦੇ ਰਹੇ, ਪਰ ਆਪ ਦਾ ਰਵਈਆ ਸਦਾ ਹੀ ਇਹ ਰਿਹਾ ਕਿ ਜਦੋਂ ਭੀ ਕੋਈ ਭੇਟਾ ਆਈ, ਓਸੇ ਸਮੇਂ ਹੀ ਅਧਿ-ਕਾਰੀਆਂ ਵਿਚ ਵੰਡ ਦਿਤੀ ਗਈ। ਆਪ ਬਹੁਤ ਵਾਰੀ ਸੋਹਣੇ ਸੋਹਣੇ ਸ਼ਸਤਰ ਬਸਤਰ ਤੇ ਘੋੜੇ ਸੇਵਕਾਂ ਨੂੰ ਵੰਡ ਦੇਂਦੇ ਤੇ ਫਿਰ ਉਹਨਾਂ ਪੁਸ਼ਾਕਾਂ ਨੂੰ ਪਹਿਣ ਤੇ ਘੋੜਿਆਂ ਤੇ ਸਵਾਰ ਹੋਏ ਉਹਨਾਂ ਨੂੰ ਤੱਕ ਆਪ ਪ੍ਰਸੰਨ ਹੁੰਦੇ।

ਮਾਇਆ ਦੇ ਪੰਜੇ ਮਹਾਂ ਬਲੀ ਸੂਰਬੀਰ ਪੁਤਰਾਂ ਨੂੰ ਜਿੱਤਣ ਵਾਲੇ ਸਤਿਗੁਰੂ ਜਿਥੇ ਜੜ ਮਾਇਆ ਦੇ ਉਤੇ ਪ੍ਰਬਲ ਰਹੇ ਤੇ ਲੋਭ ਨੂੰ ਪੈਰਾਂ ਹੇਠਾਂ ਲਤਾੜ ਕੇ ਦਿਖਾਇਆ, ਉਥੇ ਮੋਹ ਨੂੰ ਭੀ ਮਾਰ ਕੇ ਚੂਰ ਕਰ ਗਏ। ਚੁਨਾਂਚਿ ਆਪ ਨੇ ਆਪਣੇ ਪੁਤਰਾਂ ਨਾਲ ਪਿਆਰ ਤਾਂ ਕੀਤਾ, ਜੋ ਕਰਨਾ ਪਿਤਾ ਦਾ ਕਰਤਵ ਹੈ, ਪਰ ਮੋਹ ਕਦੀ ਨਹੀਂ ਕੀਤਾ। ਏਥੋਂ ਤਕ ਕਿ ਆਪ ਨੇ ਆਪਣੇ ਪਿਆਰੇ ਪੁੱਤਰ ਅਟੱਲ ਰਾਇ ਜੀ ਨੂੰ ਭੀ ਉਹਨਾਂ ਦੇ ਭਾਣੇ ਵਿਚ ਦਖਲ ਦੇਣ ਤੇ ਮੁਆਫ ਨਾ ਕੀਤਾ ਅਤੇ ਉਹਨਾਂ ਦੀ ਅੰਤਮ ਘੜੀ ਤਾਂ ਅੱਖਾਂ ਨਾਲ ਦੇਖ ਲਈ, ਪਰ ਗੁਰਮਤ ਮਰਯਾਦਾ ਨੂੰ ਖੰਡਣ ਹੁੰਦਾ ਨਾ ਦੇਖ ਸੱਕੇ। ਇਸੇ ਤਰ੍ਹਾਂ ਹੀ ਜਦ ਆਪ ਦੇ ਪੋਤਰੇ ਧੀਰ ਮਲ ਨੇ ਕਾਇਰਤਾ ਦਿਖਾਈ, ਤਾਂ ਆਪ ਨੇ ਉਸ ਨੂੰ ਸਿੱਖ ਸੰਗਤਾਂ ਵਿਚੋਂ ਖਾਰਜ ਕਰ ਦਿਤਾ।

ਨਿਰਮੋਹਤਾ ਤੋਂ ਅਗਾਂਹ ਨਿਰਭੈਤਾ ਵਲ ਆਈਏ, ਤਾਂ ਇਉਂ ਜਾਪਦਾ ਹੈ ਕਿ ਆਪ ਸ਼ਾਇਦ ਮੁਜੱਸਮਾ ਹੀ ਉਸ ਦਾ

ਸਨ। ਮੁੱਠੀ ਭਰ ਸਿਖਾਂ ਨੂੰ ਨਾਲ ਲੈ ਜਿਨ੍ਹਾਂ ਕਰੀਬਨ ਸਾਰੀ ਗਿਣਤੀ ਹੀ ਅਜੇਹੀਆਂ ਕੌਮਾਂ ਵਿਚੋਂ ਸੀ, ਜਿਨ੍ਹਾਂ ਕਦੀ ਰਣ ਦਾ ਮੂੰਹ ਨਹੀਂ ਸੀ ਦੇਖਿਆ, ਆਪ ਨੇ ਸਮੇਂ ਦੀ ਜਗਤ ਪ੍ਰਸਿੱਧ ਹਕੂਮਤ ਨਾਲ ਟੱਕਰ ਲਈ। ਉਸ ਸਮੇਂ ਮੁਗ਼ਲਾਂ, ਪਠਾਣਾਂ 'ਤੇ ਸੱਯਦਾਂ ਦੇ ਮੁਕਾਬਲੇ ਤੇ ਪੰਜਾਬ ਦੇ ਗ਼ਰੀਬ ਕਿਸਾਨਾਂ, ਦਸਤਕਾਰਾਂ ਤੇ ਹਟਵਾਣੀਆਂ ਨੂੰ ਖੜਾ ਕਰਨਾ ਇਕ ਜ਼ਿੰਦਾ ਕਰਾਮਾਤ ਸੀ, ਜੋ ਸਤਿਗੁਰਾਂ ਨੇ ਕਰ ਦਿਖਾਈ। ਆਪਦੇ ਕੋਲ ਸਦਾ ਹੀ ਨਵਾਂ ਨਵਾਂ ਕੰਮ ਚਲਾਉਣ ਕਰਕੇ ਫੌਜੀ ਬਲ ਸ਼ਤਰੂਆਂ ਦੇ ਮੁਕਾਬਲੇ ਤੇ ਥੋੜਾ ਰਿਹਾ। ਪਰ ਆਪ ਨੇ ਆਪਣੀ ਸੈਨਾ ਦੀ ਘਟ ਗਿਣਤੀ ਤੇ ਜੰਗੀ ਸਾਮਾਨ ਦੀ ਥੁੜ ਦਾ ਦੁਸ਼ਮਨ ਦੇ ਮੁਕਾਬਲੇ ਸਮੇਂ ਕਦੀ ਖਿਆਲ ਤੱਕ ਭੀ ਨਾ ਕੀਤਾ ਤੇ ਹਮੇਸ਼ਾਂ ਨਿਰਭੈ ਹੋ ਭਾਰੇ ਭਾਰੇ ਦਲਾਂ ਦਾ ਮੁਕਾਬਲਾ ਕਰਦੇ ਰਹੇ।

ਸੂਰਮਿਆਂ ਦੇ ਸਦਾ ਦੇ ਸੁਭਾ ਵਾਂਗ ਆਪ ਸ਼ਰਨ-ਪਾਲਕ ਹੋਣ ਵਿਚ ਭੀ ਆਪਣਾ ਸਾਨੀ ਨਹੀਂ ਸਨ ਰਖਦੇ। ਜੋ ਭੀ ਦੁਖੀਆ, ਦਰਦਵੰਦ ਆਪ ਦੀ ਸ਼ਰਨ ਆਇਆ, ਨਿਵਾਜਿਆ ਗਿਆ। ਉਸ ਸਮੇਂ ਵਿਚ ਹੋਰ ਦੁਖਿਆਰਿਆਂ ਨੂੰ ਤਾਂ ਕਿਤੇ ਹੋਰ ਥਾਂ ਭੀ ਸ਼ਰਨ ਮਿਲ ਸਕਦੀ ਹੋਵੇ, ਪਰ ਮੁਗ਼ਲ ਹਕੂਮਤ ਦੇ ਹੱਥੋਂ ਸਤਾਇਆਂ ਹੋਇਆਂ ਨੂੰ ਕੋਈ ਪਨਾਹ ਨਹੀਂ ਸੀ ਦੇ ਸਕਦਾ, ਕਿਉਂਕਿ ਮੁਗ਼ਲਾਂ ਦਾ ਮੁਕਾਬਲਾ ਕਰਨ ਦੀ ਕਿਸੇ ਵਿਚ ਤਾਬ ਨਹੀਂ ਸੀ। ਪਰ ਸਤਿਗੁਰਾਂ ਦੇ ਦਰ ਤੇ ਮੁਗ਼ਲਾਂ ਦੇ ਅਨਿਆਇ ਤੋਂ ਆਕੀ ਹੋਇਆਂ ਨੂੰ ਭੀ ਆਸਰਾ ਮਿਲਦਾ ਸੀ। ਚੁਨਾਂਚਿ ਉਹਨਾਂ ਬਵੰਜਾ ਰਾਜਿਆਂ

ਤੋਂ ਬਿਨ੍ਹਾਂ, ਕਿ ਜਿਨ੍ਹਾਂ ਨੂੰ ਸਤਿਗੁਰਾਂ ਨੇ ਮੇਹਰ ਕਰ ਗੁਵਾ-ਲੀਆਰ ਦੇ ਪੁਲੀਟੀਕਲ ਜੇਹਲ ਵਿਚੋਂ ਰਿਹਾ ਕਰਾਇਆ ਸੀ, ਮੁਗ਼ਲ ਹਕੂਮਤ ਦੇ ਜ਼ੁਲਮੀ ਪੰਜੇ ਤੋਂ ਭੱਜੇ ਹੋਏ ਕਈ ਦੁਖੀਏ ਸਾਰੀ ਉਮਰ ਸਤਿਗੁਰਾਂ ਦੀ ਪਨਾਹ ਵਿਚ ਸੁਖ ਦਾ ਜੀਵਨ ਬਸਰ ਕਰਦੇ ਰਹੇ, ਜਿਨ੍ਹਾਂ ਵਿਚ ਰਾਨਾ ਰਾਮ ਪ੍ਰਤਾਪ ਸਿੰਘ ਜੈਸਲਮੇਰ ਅਤੇ ਉਸ ਦਾ ਬੇਟਾ ਰਾਮ ਸਿੰਘ ਸਾਂਗਾ ਰਾਣਾ, ਮੰਗਲ ਸ਼ਾਹ ਹੇਮ ਸ਼ਾਹ ਦਾ ਪੋਤਰਾ, ਯਾਰ ਖਾਂ, ਬੀਬੀ ਕਲਾਂ ਤੇ ਹੋਰ ਕਈ ਉੱਘੇ ਉੱਘੇ ਅਨਆਇ ਆਕੀ ਸੂਰਮੇਂ ਉਮਰ ਭਰ ਸਤਿਗੁਰਾਂ ਦੇ ਸਾਏ ਹੇਠਾਂ ਮੁਗ਼ਲ ਹਕੂਮਤ ਤੋਂ ਬੇਫ਼ਿਕਰ ਹੋ ਦਿਨ ਗੁਜ਼ਾਰਦੇ ਰਹੇ।

ਨਿਰਭੈ ਸਤਿਗੁਰ ਨਿਰਵੈਰਤਾ ਵਿਚ ਭੀ ਉਤਨੇ ਹੀ ਨਪੁੰਨ ਸਨ। ਜੇ ਇਉਂ ਕਿਹਾ ਜਾਏ ਕਿ ਵੈਰ ਰਹਿਤ ਹੋ ਦਯਾ ਪੂਰਤ ਹਿਰਦੇ ਨਾਲ ਤਲਵਾਰ ਚਲਾਣਾ ਸਤਿਗੁਰਾਂ ਹੀ ਪਹਿਲਾਂ ਜਗਤ ਨੂੰ ਸਿਖਾਇਆ, ਤਾਂ ਕੋਈ ਗ਼ਲਤ ਨਹੀਂ। ਜਗਤ ਵਿਚ ਤਲਵਾਰ ਸਦਾ ਕ੍ਰੋਧ ਆਤਰ ਹੋ ਕੇ ਹੀ ਚਲਾਈ ਜਾਂਦੀ ਸੀ, ਪਰ ਸਤਿਗੁਰਾਂ ਨੇ ਪਹਿਲੀ ਵੇਰ ਕ੍ਰੋਧ ਰਹਿਤ ਹੋ *ਤਲਵਾਰ ਚਲਾਣੀ ਜਗਤ ਨੂੰ ਸਿਖਾਈ,

---

*ਮੋਹਸਨ ਫ਼ਨੀ ਨੇ ਸਤਿਗੁਰਾਂ ਦੇ ਇਸ ਗੁਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ—"ਅਜ਼ ਸਾਦਾ ਨਾਮੀ ਸ਼ਨੀਦਾ ਸ਼ੁਦ ਕਿ ਸ਼ਖਸੇ ਦਰਾਂ ਜੰਗ ਤੇਗ਼ ਬਰ ਗੁਰੂ ਅੰਦਾਖਤ ਗੁਰੂ ਰੱਦ ਕਰਦਾ ਸ਼ਮਸ਼ੇਰਜ਼ਨ ਰਾ ਗੁਫਤ ਚੁਨੀਂ ਨਮੇਂ ਜ਼ਨੰਦ, ਜ਼ਦਨ ਈਨ ਅਸਤ। ਬਦਾਂ ਜ਼ਰਬਤ ਕਾਰੇ ਗ਼ਨੀਮ ਬਸਾਖ਼ਤ।"

(ਬਾਕੀ ਦੇਖੋ ਫੁਟ ਨੋਟ ਸਫਾ ३१२)

ਜਿਸ ਕਰਕੇ ਉਹਨਾਂ ਸਾਰੀ ਉਮਰ ਵਿਚ ਕਦੀ ਭੀ ਕਿਸੇ ਉੱਤੇ ਪਹਿਲਾ ਵਾਰ ਨਹੀਂ ਕੀਤਾ ਅਤੇ ਨਾ ਹੀ ਪਹਿਲਾਂ ਕਿਸੇ ਤੇ ਚੜ੍ਹਾਈ ਕੀਤੀ। ਸਤਿਗੁਰੂ ਜੀ ਦੇ ਸਾਰੇ ਯੁੱਧਾਂ ਵਿਚ ਇਹ ਗੱਲ ਸਾਫ ਦਿਸ ਆਉਂਦੀ ਹੈ ਕਿ ਉਹਨਾਂ ਕੋਈ ਭੀ ਯੁੱਧ ਕਿਸੇ ਤੇ ਪਹਿਲਾ ਚੜ੍ਹਾਈ ਨਹੀਂ ਕੀਤੀ, ਬਲਕਿ ਉਹ ਸ਼ਤਰੂ ਸੈਨਾ ਦੇ ਆਉਣ ਦੀਆਂ ਖਬਰਾਂ ਸੁਣ ਕੇ ਭੀ ਗੰਭੀਰਤਾ ਨਾਲ ਆਪਣੇ ਜਗਤ-ਉਧਾਰ ਦੇ ਕੰਮ ਵਿਚ ਮਸਤ ਰਹੇ ਤੇ ਜਦੋਂ ਦੁਸ਼ਮਨ ਸਿਰ ਤੇ ਹੀ ਚੜ੍ਹ ਆਇਆ, ਤਾਂ ਉਸ ਨੂੰ ਕਰਨੀ ਦਾ ਫਲ ਭੁਗਾ, ਪਿਛਾਂਹ ਮੋੜ ਦਿਤਾ। ਸੈਨਾਂ ਦੇ ਯੁੱਧ ਤੋਂ ਬਿਨਾਂ, ਜਦੋਂ ਭੀ ਆਪ ਨੂੰ ਕਿਸੇ ਸੂਰਮੇ ਨਾਲ ਇਕੱਲਿਆਂ (ਜਿਹਾ ਕਿ ਉਦੋਂ ਰਿਵਾਜ ਸੀ) ਯੁੱਧ ਕਰਨਾ ਪਿਆ, ਤਾਂ ਆਪ ਨੇ ਕਦੀ ਭੀ ਪਹਿਲਾ ਵਾਰ ਨਹੀਂ ਕੀਤਾ, ਬਲਕਿ ਹਮੇਸ਼ਾਂ ਹੀ ਦੂਸਰੇ ਨੂੰ ਪਹਿਲੇ ਦੋ ਵਾਰ ਕਰਨ ਦਾ ਅਵਸਰ ਦਿਤਾ। ਇਸੇ ਤਰ੍ਹਾਂ ਹੀ ਜੇ ਲੜਾਈ ਸਮੇਂ ਮੁਖਾਲਫ਼ ਦਾ ਘੋੜਾ ਮਾਰਿਆ ਗਿਆ, ਤਾਂ ਆਪ ਭੀ ਪੈਦਲ ਹੋ ਗਏ। ਜੇ ਵਿਰੋਧੀ ਦੀ ਤਲਵਾਰ ਟੁੱਟ ਗਈ, ਤਾਂ ਆਪ ਨੇ ਭੀ ਆਪਣੀ ਵਗਾਹ ਮਾਰੀ। ਗੱਲ ਕੀ, ਉਮਰ ਭਰ ਨਾ ਕਦੀ ਕਿਸੇ ਤੇ

---

(ਸਫ਼ਾ ੩੧੧ ਦੇ ਫੁਟ ਨੋਟ ਦੀ ਬਾਕੀ)

"ਮੈਂ ਸਾਦਾ ਨਾਮੀ ਇਕ ਆਦਮੀ ਤੋਂ ਸੁਣਿਆ ਹੈ ਕਿ ਉਸ ਲੜਾਈ ਵਿਚ ਇਕ ਆਦਮੀ ਨੇ ਗੁਰੂ ਤੇ ਵਾਰ ਕੀਤਾ। ਗੁਰੂ ਨੇ ਵਾਰ ਰੱਦ ਕਰਦਿਆਂ ਹੋਇਆਂ ਤਲਵਾਰ ਮਾਰਨ ਵਾਲੇ ਨੂੰ ਕਿਹਾ—"ਇਸ ਤਰ੍ਹਾਂ ਨਹੀਂ ਮਾਰੀਦੀ, ਮਾਰ ਇਸ ਨੂੰ ਕਹਿੰਦੇ ਹਨ।" ਅਤੇ ਵਾਰ ਨਾਲ ਦੁਸ਼ਮਨ ਦਾ ਕੰਮ ਕਰ ਸੁੱਟਿਆ।

ਚੜ੍ਹੋਖਤ ਕੀਤੀ ਤੇ ਨਾ ਕਿਸੇ ਦੀ ਕਮਜ਼ੋਰੀ ਤੋਂ ਫ਼ਾਇਦਾ ਉਠਾਇਆ। ਸਦਾ ਹੀ ਆਪ ਨੇ ਬਾਹੂਬਲ ਦੇ ਆਸਰੇ ਤੇ ਤੇ ਆਤਮ ਸੱਤਾ ਦੇ ਸਹਾਰੇ ਸ਼ਤਰੂ ਨੂੰ ਕੁਰਾਹਿਉਂ ਸਿਧੇ ਰਾਹ ਪਾਇਆ। ਆਪ ਨੇ ਕਦੀ ਆਪਣੀ ਫੌਜ ਨੂੰ ਭੇਜੀ ਜਾਂਦੀ ਸ਼ਤਰੂ ਸੈਨਾ ਦਾ ਪਿੱਛਾ ਕਰਨ ਦੀ ਇਜਾਜ਼ਤ ਨਹੀਂ ਦਿਤੀ ਅਤੇ ਰਣ ਮਗਰੋਂ ਆਪਣੇ ਅਤੇ ਬਿਗਾਨੇ ਜ਼ਖ਼ਮੀਆਂ ਦੀ ਤੇ ਜੂਝਿਆਂ ਹੋਇਆਂ ਦੀ ਸੰਭਾਲ ਇਕੋ ਜੇਹੀ ਕੀਤੀ। ਦੁਸ਼ਮਨ ਦੇ ਜ਼ਖ਼ਮੀ ਸਪਾਹੀਆਂ ਦੀ ਦਾਰੀ ਆਪ ਨੇ ਹੀ ਸੇਵਕਾਂ ਵਾਂਗ ਕਰਵਾਈ ਤੇ ਰਾਜ਼ੀ ਹੋਣ ਸਮੇਂ ਉਹਨਾਂ ਨੂੰ ਰਾਹ ਦਾ ਖਰਚ ਦੇ ਘਰ ਤੋਰਿਆ। ਰਣ ਜੂਝਿਆਂ ਵਿਚੋਂ ਹਿੰਦੂਆਂ ਦੇ ਸਸਕਾਰ ਕੀਤੇ ਅਤੇ ਮੁਸਲਮਾਨਾਂ ਨੂੰ ਕਬਰਾਂ ਵਿਚ ਦਫਨ ਕਰਾਇਆ।

ਹੋਰ ਗੁਣਾਂ ਤੋਂ ਬਿਨ੍ਹਾਂ ਜਦੋਂ ਅਸੀਂ ਸਤਿਗੁਰਾਂ ਦੀ ਧਾਰਮਕ ਰਵਾਦਾਰੀ ਵੱਲ ਨਿਗਾਹ ਮਾਰਦੇ ਹਾਂ, ਤਾਂ ਉਹ ਭੀ ਲਾਸਾਨੀ ਦਿਸ ਆਏ ਸਨ। ਆਪ ਨੇ ਜਗਤ ਦਾ ਉਧਾਰ ਕਰਨ ਲਈ ਜਨਤਾ ਦੇ ਸਾਹਮਣੇ ਆਪਣਾ ਗਾਡੀ ਰਾਹ ਚਲਾਇਆ ਸੀ। ਆਪ ਗੁਰਮਤ ਦਾ ਰਾਹ ਦਸਦੇ ਸਨ ਅਤੇ ਜੋ ਭੀ ਮਨੁੱਖ ਕਿਸੇ ਵੀ ਜਾਤੀ ਯਾ ਮਜ਼ਹਬ ਦਾ ਪੈਰੋਕਾਰ ਆਪ ਦੇ ਦਰਵਾਜ਼ੇ ਤੇ ਜੀਵਨ ਜੁਗਤੀ ਸਿੱਖਣ ਆਇਆ, ਆਪ ਨੇ ਉਸ ਨੂੰ ਹੀ ਨਰੰਕਾਰੀ ਮਤ ਦਾ ਪੈਰਾਓ ਬਣਾਇਆ। ਪਰ ਇਸ ਦੇ ਬਾਵਜੂਦ ਜੋ ਭੀ ਮਨੁੱਖ ਆਪ ਦੇ ਕੋਲ ਰਿਹਾ ਪਰ ਸਿਖ ਨਾ ਬਣਿਆ, ਉਸ ਨੂੰ ਆਪ ਨੇ ਹਮੇਸ਼ਾਂ ਹੀ ਉਸਦੇ ਮੰਨੇ ਹੋਏ ਮਤ ਅਨੁਸਾਰ ਚੱਲਣ ਦੀ

ਤਾਕੀਦ ਕੀਤੀ ਤੇ ਉਸ ਦੇ ਅਜੇਹਾ ਕਰਨ ਦੇ ਸਾਧਨਾਂ ਦੀ ਪ੍ਰਾਪਤੀ ਵਿਚ ਭੀ ਸਹਾਈ ਹੋਏ। ਚੁਨਾਂਚਿ ਆਪ ਨੇ ਜਦ ਹਰਗੋਬਿੰਦ ਪੁਰ ਆਬਾਦ ਕੀਤਾ, ਤਾਂ ਉਥੇ ਗੁਰਦੁਆਰੇ ਤੋਂ ਬਿਨਾਂ, ਹਿੰਦੂ ਵਸਨੀਕਾਂ ਲਈ ਮੰਦਰ ਅਤੇ ਮੁਸਲਮਾਨਾਂ ਲਈ ਮਸਜਦ ਬਣਵਾਈ। ਆਪ ਨੇ ਯੁੱਧ ਹੀ ਸਮੇਂ ਜ਼ਖ਼ਮੀਂ ਹੋ ਡਿੱਗੇ, ਜਾਨ ਤੋੜ ਰਹੇ ਪੈਂਦੇ ਖ਼ਾਂ ਨੂੰ ਪ੍ਰੇਰਿਆ ਕਿ ਉਹ ਅੰਤ ਸਮੇਂ ਕਲਮਾ ਪੜ੍ਹੇ, ਤਾ ਕਿ ਉਸ ਦੇ ਅਕੀਦੇ ਮੂਜਬ ਉਸ ਦੀ ਕਲਿਆਣ ਹੋ ਸਕੇ। ਆਪ ਨੇ ਜੰਗ ਸਮੇਂ ਕਤਲ ਹੋਏ ਮੁਸਲਮਾਨਾਂ ਦੀਆਂ ਲਾਸ਼ਾਂ ਨੂੰ ਹਮੇਸ਼ਾ ਹੀ ਸਤਿਕਾਰ ਨਾਲ ਦਫ਼ਨਾ ਦਿਤਾ। ਆਪ ਦੀ ਇਸ ਧਾਰਮਕ ਰਵਾਦਾਰੀ ਦਾ ਹੀ ਅਸਰ ਸੀ ਕਿ ਸਾਈਂ ਮੀਆਂ ਮੀਰ ਸਾਹਿਬ ਵਰਗੇ ਉੱਚ-ਕੋਟੀ ਦੇ ਮੁਸਲਮਾਨ ਫ਼ਕੀਰ ਹਮੇਸ਼ਾ ਹੀ ਸ਼ਾਹੀ ਦਰਬਾਰ ਵਿਚ ਗੱਲ ਚੱਲਣ ਸਮੇਂ ਆਪ ਦਾ ਪੱਖ ਲੈਂਦੇ ਰਹੇ।

ਬਗਾਨਿਆਂ ਨਾਲ ਪਿਆਰ ਕਰਨ, ਸ਼ੱਤਰੂਆਂ ਨੂੰ ਛਾਤੀ ਨਾਲ ਲਾਉਣ ਤੇ ਨਾ-ਸ਼ੁਕਰਿਆਂ ਨਾਲ ਗੁਣ ਕਰਨ ਤੋਂ ਬਿਨਾਂ ਸਤਿਗੁਰੂ ਜੋ ਵਡਿਆਈ ਆਪਣੇ ਸਿੱਖਾਂ ਨੂੰ ਬਖ਼ਸ਼ਦੇ ਸਨ, ਉਹ ਪਿਛਲੇ ਪੰਜਾਂ ਜਾਮਿਆਂ ਵਾਂਗ ਹੀ ਇਕ-ਰਸ ਚਲ ਰਹੀ ਸੀ। ਆਪ ਨੇ ਸਿੱਖਾਂ ਵਿਚੋਂ ਗ਼ਰੀਬ-ਤਬਕੇ ਨੂੰ ਹੋਰ ਭੀ ਵਡਿਆਈ ਬਖ਼ਸ਼ੀ। ਗੁਰ-ਸਿੱਖਾਂ ਦੇ ਮੁਕਾਬਲੇ ਤੇ ਕਿਸੇ ਵਡੇ ਤੋਂ ਬੜੇ ਦੁਨੀਆਦਾਰ ਯਾ ਆਪਣੇ ਰਿਸ਼ਤੇਦਾਰ ਨੂੰ ਭੀ ਵਧੇਰੇ ਨਹੀਂ ਦਿੱਤਾ। ਇਥੋਂ ਤੱਕ ਕਿ ਜਦ ਸ੍ਰੀ ਦਮੋਦਰੀ ਜੀ ਨੇ ਕੰਨਿਆ ਦੇ ਵਿਆਹ ਸਮੇਂ ਜੰਵ ਨੂੰ ਖੁਆਉਣ ਹਿਤ ਬਣਾਈ ਹੋਈ ਮਠਿਆਈ ਲੋੜ-ਵੰਦ ਸਿੱਖਾਂ ਨੂੰ ਦੇਣ ਤੋਂ ਟਾਲਾ ਵਾਲਾ

ਕੀਤਾ, ਤਾਂ ਆਪ ਨੇ ਫਰਮਾਇਆ, "ਜੇਹੜੀ ਮਠਿਆਈ ਸੰਗਤ ਦੇ ਮੂੰਹ ਨਹੀਂ ਲੱਗੀ, ਉਹ ਧਰਮ ਸ਼ੱਤਰੂਆਂ ਦੇ ਮੂੰਹ ਪਵੇਗੀ।" ਸੇਵਕਾਂ ਦੇ ਸਤਿਕਾਰ ਦਾ ਖ਼ਿਆਲ ਆਪ ਦੇ ਦਿਲ ਵਿਚ ਠਾਠਾਂ ਮਾਰਦਾ ਤੇ ਜਿੰਨਾਂ ਭੀ ਕੋਈ ਸੇਵਕ ਨਿੰਮ੍ਰਤਾ ਵਿਚ ਦੇਖਿਆ, ਉਤਨਾ ਹੀ ਉਸ ਨੂੰ ਨਿਵਾਜਿਆ। ਕਿਤਨੀ ਬੇ-ਮਿਸਾਲ ਗਲ ਹੈ ਕਿ ਆਪਣੀ ਪੁੱਤ੍ਰੀ ਲਈ ਵਰ ਚੁਣਨ ਸਮੇਂ ਆਪ ਦੇ ਸਿਖਾਂ ਦੀ ਭੀੜ ਵਿਚੋਂ ਇਕ ਪਾਟੇ ਹੋਏ ਲੀੜਿਆਂ ਵਾਲੇ ਗ਼ਰੀਬ ਕਿਰਤੀ ਦੇ ਪੁੱਤ੍ਰ ਨੂੰ ਪਸੰਦ ਕੀਤਾ ਅਤੇ ਆਪਣੀ ਗ਼ੁਰਬਤ ਤੇ ਸਤਿਗੁਰਾਂ ਦੀ ਵਡਿਆਈ ਨੂੰ ਅਨੁਭਵ ਕਰ ਕੰਬ ਰਹੇ ਸਿੱਖ ਨੂੰ ਆਖਿਆ, "ਤੇਰੇ ਕੋਲ ਗ਼ਰੀਬੀ ਹੈ ਤੇ ਗੁਰੂ ਘਰ ਵਿਚ ਗ਼ਰੀਬੀ ਹੀ ਸਤਿਕਾਰੀ ਜਾਂਦੀ ਹੈ।" ਇਸ ਪਵਿੱਤ੍ਰ ਜਜ਼ਬੇ ਦੇ ਵੱਸ ਹੀ ਆਪ ਮਾਈ ਭਾਗ-ਭਰੀ ਦੀ ਨਿਮਾਣੀ ਭੇਟ ਕਬੂਲਣ ਲਈ ਕਸ਼ਮੀਰ ਭੱਜੇ ਗਏ। ਏਸੇ ਹੀ ਮੇਹਰਾਂ ਵਾਲੇ ਮਨ ਕਰ ਕੇ ਹੀ ਕੂਨੇ ਦਾ ਠੰਡਾ ਪਾਣੀ ਪੀਣ ਲਈ ਆਪ ਮਾਲਵੇ ਦੇ ਮਾਰੂ ਥਲ ਵਿਚ ਤ੍ਰਿਖੜ ਦੁਪਹਿਰ ਸਮੇਂ ਘੋੜਾ ਦੁੜਾ ਪੁੱਜੇ। ਕਿਤਨਾ ਕੁ ਲਿਖਿਆ ਜਾਏ ਇਹ ਅਧਿਆਇ ਆਪਣੇ ਆਪ ਵਿਚ ਹੀ ਲਿਖਤ ਤੋਂ ਪਰ੍ਹੇ ਹੈ।

ਸਤਿਗੁਰਾਂ ਦੇ ਦੇਵ-ਦਰਸ਼ਨ ਦੀ ਤਸਵੀਰ ਖਿੱਚਣੀ, ਜਿਹਾ ਕਿ ਅਸੀਂ ਪਹਿਲਾਂ ਲਿਖਿਆ ਹੈ, ਕਠਨ ਹੀ ਨਹੀਂ, ਸਗੋਂ ਅਸੰਭਵ ਹੈ। ਫਿਰ ਵੀ ਇਹ ਕੁਝ ਨਿਮਾਣਾ ਜਿਹਾ ਯਤਨ ਪਾਠਕਾਂ ਨੂੰ ਦਰਸਾਣ ਲਈ ਕੀਤਾ ਹੈ। ਪਰ ਸਹੀ ਦਰਸ਼ਨ ਸਾਦਕ ਗੁਰੂ ਮੇਹਰ ਨਾਲ ਆਪ ਹੀ ਕਰ ਸਕਦੇ

ਹਨ। ਕੋਈ ਲਿਖਤ ਅਜੇਹਾ ਕਰਾਉਣ ਦੇ ਸਮਰੱਥ ਨਹੀ ਹੋ ਸਕਦੀ। ਕਿਤਨਾ ਸੋਹਣਾ ਕਿਹਾ ਹੈ—

"ਇਕ ਆਂਖ ਸੇ ਕਿਆ ਬੁਲਬਲਾ ਕੁਲ ਬਹਿਰ ਕੋ ਦੇਖੇ,
ਸਾਹਿਲ ਕੋ ਯਾ, ਮੰਝਧਾਰ ਕੋ ਯਾ ਲਹਿਰ ਕੋ ਦੇਖੇ।"

'ਜੋਗੀ'